# ਸੰਤ ਰਾਮ ਉਦਾਸੀ

## ਸਮੁੱਚੀ ਰਚਨਾ ਅਤੇ ਜੀਵਨ

# ਸੰਤ ਰਾਮ ਉਦਾਸੀ

## ਸਮੁੱਚੀ ਰਚਨਾ ਅਤੇ ਜੀਵਨ

ਸੰਪਾਦਕ

**ਅਜਮੇਰ ਸਿੱਧੂ**

**ਇਕਬਾਲ ਕੌਰ ਉਦਾਸੀ**

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

***Sant Ram Udasi***

***by***

**Ajmer Sidhu**
ਮਾਰਫ਼ਤ ਜੰਡੇ ਹੇਅਰ ਡਰੈਸਰਜ਼
ਚੰਡੀਗੜ੍ਹ ਰੋਡ, ਨਵਾਂ ਸ਼ਹਿਰ-144514
ਫੋਨ : 94630-63990
ajmersidhu2007@yahoo.co.in
**Iqbal Kaur Udasi**
ਸਪੁੱਤਰੀ ਸੰਤ ਰਾਮ ਉਦਾਸੀ
ਬਾਬਾ ਫ਼ਰੀਦ ਬਰਨਾਲਾ, ਕਚਹਿਰੀ ਚੌਕ ਬਰਨਾਲਾ
ਫੋਨ : 98157-23525

© ਸੰਤ ਰਾਮ ਉਦਾਸੀ ਯਾਦਗਾਰੀ, ਕੌਮਾਂਤਰੀ ਟਰੱਸਟ

**ISBN : 978-81-7883-.....-...**

**Rs. ......../-**

**2014**

*Printing and Bound In India*

*Published by*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 01635-222651

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

**ਸਮਰਪਣ**

ਉਨ੍ਹਾਂ ਇਨਕਲਾਬੀ ਜੰਗਜੂਆਂ
ਨੂੰ
ਜੋ ਸੰਤ ਰਾਮ ਉਦਾਸੀ
ਅਤੇ
ਉਸਦੇ ਸਾਥੀ
ਲੇਖਕਾਂ ਦੀਆਂ ਰਚਨਾਵਾਂ
ਦੇ ਨਾਇਕ
ਹਨ
ਅਤੇ ਯੁਗ ਪਲਟਾਉਣ
ਵਿਚ ਯਕੀਨ ਰੱਖਦੇ ਹਨ

## ਤਰਤੀਬ


ਸੰਪਾਦਕੀ : ਪੰਜਾਬੀ ਸ਼ਾਇਰੀ ਦਾ ਇਨਕਲਾਬੀ ਸੰਤ 13
ਭੂਮਿਕਾ : ਕਿਰਤੀਆਂ ਦੀ ਆਵਾਜ਼ : -ਡਾ. ਰਾਜਿੰਦਰਪਾਲ ਸਿੰਘ, ਅਜਮੇਰ ਸਿੱਧੂ 20

**ਲਹੂ ਭਿੱਜੇ ਬੋਲ (1971)**

1. ਹੇ ਜਨਤਾ 42
2. ਮਿੱਟੀ ਦਾ ਰੰਗ 43
3. ਬੁਰਜੂਆ ਤਾਣੇ ਬਾਣੇ 44
4. ਅਜੇ 46
5. ਤੇਰੀ ਮੌਤ ਸੁਣਾਉਣੀ 48
6. ਹਾੜ੍ਹੀਆਂ ਦੇ ਹਾਣੀਉਂ 50
7. ਗੀਤ (ਦੇਸ਼ ਹੈ ਪਿਆਰਾ) 51
8. ਪੰਦਰ੍ਹਾਂ ਅਗਸਤ ਦੇ ਨਾਂ 53
9. ਲੈਨਿਨ ਦੇ ਨਾਂ 55
10. ਕਾਲੀ ਕੁੜੀ ਦਾ ਗੀਤ 56
11. ਕੈਦੀ ਦੀ ਪਤਨੀ ਦਾ ਗੀਤ 57
12. ਮਜ਼ਦੂਰ ਕੁੜੀ ਦੀ ਪਹਿਲੀ ਰਾਤ 58
13. ਅੰਬੜੀ ਨੂੰ ਤਰਲਾ 59
14. ਹਾਲੀਆਂ ਪਾਲ਼ੀਆਂ ਦਾ ਗੀਤ 61
15. ਪੂੰਜੀਪਤੀ ਰਾਖਸ਼ਾਂ ਦੀ ਧਾੜ 63
16. ਨਵੇਂ ਅਹਿਦਨਾਮੇ 65
17. ਭਾਵ (ਸੂਰਜ ਦੀ ਲਾਲੀ) 66
18. ਮੇਰਾ ਪਿਆਰ - ਮੇਰੇ ਲੋਕ 67
19. ਮਜ਼ਦੂਰ ਦੀ ਦੇਸ਼ ਸੇਵਾ (ਮੇਰੀ ਕਿਰਤ ਨੂੰ ਲੁੱਟਣ ਵਾਲਿਓ) 68
20. ਕਿਰਨਾਂ ਦਾ ਜਨਮ (ਤੂੰ ਬੇਦਰਦੀ ਹੈ) 70
21. ਲਲਕਾਰ- ਮਜ਼ਦੂਰ ਦੇ ਨਾਂ (ਲੋਕੋ ਬਾਜ਼ ਆ ਜਾਓ! ਝੂਠੇ ਲੀਡਰਾਂ ਤੋਂ) 71
22. ਵੀਅਤਕਾਂਗੀ- ਕੁੜੀ ਦਾ ਪਿਆਰ 73
23. ਸੂਰਮੇ- ਵੀਅਤਕਾਂਗੀ ਬੱਚੇ 74

24. ਵੀਅਤਨਾਮ (ਦੁਨੀਆਂ ਦੇ ਲੋਕੋ ਵੇ) 76
25. ਅਹਿਦ (ਤੋੜੇ ਦਿਆਂਗੇ ਲਹੂ ਪੀਣੀਆਂ ਜੋਕਾਂ ਨੂੰ) 78
26. ਅਜ਼ਾਦੀ (ਭੁੱਖੇ ਤੇ ਨੰਗੇ ਨੇ ਕਿਸਾਨ, ਮਜ਼ਦੂਰ ਲੋਕੋ) 89
27. ਹਨੇਰੀਆਂ ਦੇ ਨਾਂ 81
28. ਰਾਖਿਓ 82
29. ਲੋੜ 83
30. ਪੂਜਾ 84
31. ਲੋਕ ਰੰਗ 85
32. ਦੁਨੀਆਂ ਭਰ ਦੇ ਕਾਮਿਓ 86
33. ਸਾਡੀਆਂ ਮੰਜ਼ਲਾਂ 88
34. ਲਲਕਾਰ 89
35. ਸਰਕਾਰੀ ਸਾਹਿਤਕਾਰਾਂ ਦੇ ਨਾਂ 90
36. ਇਕ ਸ਼ਰਧਾਂਜਲੀ- ਇਕ ਲਲਕਾਰ 92
37. ਗ਼ਜ਼ਲ (ਜ਼ਾਲਮ ਹੈ ਜਦ ਮਾਸੂਮ ਨੂੰ ਨੇਜ਼ੇ ਤੇ ਟੰਗਦਾ) 93
38. ਹੋਇਆ ਕੀ (ਰੁਬਾਈ) 94
39. ਗੀਤ (ਲੋਕਤਾ ਤੇ ਸਾਡੀਆਂ ਹੀ ਹਿੰਮਤਾਂ ਦਾ ਜੋੜ ਹੈ) 95
40. ਸਾਧ ਬੂਥਨਾ 96
41. ਦੁਸਹਿਰਾ 97
42. ਮਰਦਾਨੇ ਨੂੰ ਮਰਦਾਨਣ ਦਾ ਖ਼ਤ 98
43. ਗੁਰੂ ਨਾਨਕ ਤੇ ਅੱਜ 100
44. ਗੁਰੂ ਗੋਬਿੰਦ ਸਿੰਘ ਜੀ ਦਾ ਲੋਕਾਂ ਦੇ ਨਾਂ ਅੰਤਿਮ ਸੁਨੇਹਾ 103
45. ਔਰੰਗਜ਼ੇਬ ਦਾ ਖ਼ਤ-ਦਸ਼ਮੇਸ਼ ਦਾ ਜਵਾਬ 105
46. ਅਮਾਨਤ (ਰੁਬਾਈ) 107
47. ਮਾਤ ਭਾਸ਼ਾ (ਰੁਬਾਈ) 107

**ਸੈਨਤਾਂ (1976)**

1. ਆਰਤੀ 109
2. ਗੀਤ (ਪੰਛੀਆਂ ! ਨਵੀਂ ਉਡਾਰੀ ਮਾਰ) 110
3. ਗੀਤ (ਕਾਗ਼ਜ਼ਾਂ ਵਿਚ ਜਾਮ ਹੋਇਆ) 111
4. ਡੋਲੀ 112
5. ਵਰ ਕਿ ਸਰਾਪ? 113
6. ਗੀਤ (ਮੇਰਿਉ ਲੋਕੋ) 116
7. ਮਾਂ ਵਰਗੀ ਭਰਜਾਈ 117
8. ਗੀਤ (ਹੁਣ ਤੁਹਾਡੀ ਯਾਦ ਵਿਚ) 119
9. ਭਿਖਾਰਨ 120
10. ਗ਼ਜ਼ਲ (ਮਨ ਅਸਾਡਾ ਖੜ੍ਹਨ ਤੋਂ ਮਜ਼ਬੂਰ ਹੈ) 121
11. ਗ਼ਜ਼ਲ (ਜ਼ਖ਼ਮ ਤਾਂ ਹਰ ਸਾਲ ਰਸਦੇ) 122
12. ਗ਼ਜ਼ਲ (ਤੁਸੀਂ ਉਨਾ ਚਿਰ ਰਹੋ ਜਰਵਾਣਿਆਂ ਦੇ ਵਾਂਗ) 123
13. ਗ਼ਜ਼ਲ (ਨਹੀਂ ਚਿਹਰੇ ਉਦਾਸ ਵੇਖਾਂਗੇ) 124
14. ਗ਼ਜ਼ਲ (ਜਦ ਵੀ ਸਾਡਾ ਖਿਆਲ ਆਇਆ ਹੈ) 125
15. ਗ਼ਜ਼ਲ (ਜ਼ਜ਼ਬੇ ਉਨ੍ਹਾਂ ਦੇ ਸੁੱਕਣਗੇ ਕੰਢਿਆਂ ਦੀ ਝਾੜ) 126
16. ਗ਼ਜ਼ਲ (ਸਮਿਆਂ ਦੀ ਹੈ ਲੋੜ ਜੁਆਨੀ ਨਾ ਮਦਹੋਸ਼ ਰਹੇ) 127
17. ਤੇਗ ਬਹਾਦਰ ਦੇ ਚਲਤ (ਦਿੱਲੀਏ ਦਿਆਲਾ ਵੇਖ) 128
18. ਬੇ-ਰੌਣਕ ਚਿਹਰੇ ਦੇ ਨਾਂ 130
19. ਮਲੰਗ ਲੱਖੇ ਦੇ ਨਾਂ 131
20. ਗੀਤ (ਉੱਠ ਕਿਰਤੀਆਂ ਉੱਠ ਵੇ) 132
21. ਗੀਤ (ਹਾੜੀਆਂ ਵੀ ਖਾਧੀਆਂ) 133
22. ਖ਼ੈਰ ਸੁੱਖ 134
23. ਗੀਤ (ਤੱਤੀ ਤਵੀ) 136
24. ਗ਼ਜ਼ਲ (ਝੁੱਗੀਆਂ ਦਾ ਜਦ ਸੂਰਜ ਮੂਹਰੀ ਹੋਇਆ ਹੈ) 137
25. ਮਜ਼ਦੂਰ ਦੀ ਕਲੀ 138
26. ਚੂੜੀਆਂ ਦਾ ਹੋਕਾ 139
27. ਵਾਰਸਾਂ ਦੇ ਨਾਂ 141
28. ਚਮਕੌਰ ਦੀ ਗੜ੍ਹੀ ਵਿਚ ਸਿੰਘਾਂ ਦਾ ਜੇਰਾ 142
29. ਗੀਤ (ਜ਼ਿੰਦਗੀ ਦੇ ਰਾਹਾਂ ਵਿਚ ਹੱਕਾਂ ਦੀਆਂ ਮੰਜ਼ਿਲਾਂ) 144
30. ਗੀਤ (ਗੱਲ ਲਗ ਕੇ ਸੀਰੀ ਦੇ ਜੱਟ ਰੋਵੇ) 146
31. ਗੀਤ (ਦਾਦੀਏ ! ਅੰਮੀਏ ! ਅਸੀਂ ਅੱਜ ਤੇਰੇ ਮਹਿਮਾਨ ਹਾਂ) 148

**ਚੌਨੁੱਕਰੀਆਂ ਸੀਖਾਂ (ਫਰਵਰੀ 1978)**

1. ਬੰਦਨਾ 151
2. ਬੇਦਾਵਾ 154
3. ਹਮਦਰਦ 157
4. ਵਿਹਲੜਾਂ 'ਤੇ ਈਰਖਾ 159
5. ਜਨਮਅਸ਼ਟਮੀ 162
6. ਸ਼ੁਗਲ 167
7. ਅਸੀਂ ਤਰਸ ਨਹੀਂ ਕਰਨਾ 169

8. ਐਮਰਜੈਂਸੀ ਹਵਾਲਾਤੀ 172
9. ਜਦੋਂ ਵਰਖਾ ਹੁੰਦੀ ਹੈ 176
10. ਮਹਿਮਾਨ ਵਰ੍ਹੇ ਦੇ ਨਾਂ 179
11. ਸਭ ਅੱਛਾ 182
12. ਜੇਲ੍ਹ ਵਿਚ ਦੁਸਹਿਰਾ 185
13. ਕਿਵੇਂ ਸ਼ੁਰੂ ਕਰਾਂ 188
14. ਸੁਰਖੀਆਂ 190
15. ਅਜ਼ਾਦੀ ਦਾ ਦਿਨ 193
16. ਵਸੀਅਤ (ਮੈਂ ਕੋਈ ਵੱਡਾ ਆਦਮੀ ਨਹੀਂ) 195

**1971 ਤੋਂ ਪਹਿਲੀ ਕਵਿਤਾ**

1. ਸਤਿਗੁਰ ਪ੍ਰਤਾਪ ਸਿੰਘ ਨੂੰ 198
2. ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੇ 200
3. ਪ੍ਰੀਤਮ ਦਾ ਵਿਛੋੜਾ 202
4. ਗੁਰੂ ਅਰਜਨ ਦੇਵ ਜੀ ਦੀ ਉਦਾਰਤਾ 203
5. ਪ੍ਰੀਤਮ ਪਿਆਰਾ 205
6. ਬਸੰਤ 207
7. ਫੁੱਲਾ ਵੇ ਬਹਾਰ ਦਿਆ 208
8. ਚੰਨ ਜਿਵੇਂ ਬੱਦਲਾਂ 'ਚੋਂ 209
9. ਚਿੱਠੀਆਂ ਵੰਡਣ ਵਾਲਿਆ ਵੇ 210
10. ਕੂ-ਕੂ ਕਰਦੀਏ ਕੋਇਲੇ 211
11. ਛੱਲੀਆਂ 212
12. ਕਾਲਿਆਂ ਕਾਵਾਂ ਵੇ 213
13. ਮਾਵਾਂ ਠੰਢੀਆਂ ਛਾਵਾਂ 214
14. ਬਾਜਰੇ ਦਾ ਸਿੱਟਾ 215
15. ਖੂਹ ਹੱਕਣ ਵਾਲੇ ਨੂੰ ਅਸੀਸ 216
16. ਪੱਤਰ ਹਰੇ ਹਰੇ 218
17. ਜਵਾਹਰ ਦਾ ਘਾਟਾ 219
18. ਭਾਰਤ ਦੀ ਆਜ਼ਾਦੀ 220

**1978 ਤੋਂ 1986 ਦਰਮਿਆਨ ਰਚੀਆਂ ਰਚਨਾਵਾਂ**

1. ਚਿੱਤ ਨਾ ਭੁਲਾਈਂ ਬਾਬਲਾ 222
2. ਵਸੀਅਤ (ਮੇਰੀ ਮੌਤ 'ਤੇ ਨਾ ਰੋਇਓ) 223
3. ਕੰਮੀਆਂ ਦਾ ਵਿਹੜਾ 224
4. ਗੀਤਾਂ ਦੇ ਵਾਰਸ 226
5. ਮਾਂ ਧਰਤੀਏ 228
6. ਮੈਂ ਹਾਂ ਪੰਜਾਬ ਬੋਲਦਾ 230
7. ਕਿਸਨੂੰ ਵਤਨ ਕਹਾਂ! 231
8. ਧਰਤੀ ਮਾਂ 232
9. ਮੀਂਹ ਵਰਸਾ ਜ਼ੋਰੋ ਜ਼ੋਰ 234
10. ਮੇਰੇ ਲਾਡਲੇ 236
11. ਬਸਰੇ ਦੀ ਲਾਮ ਟੁੱਟ ਜੇ 237
12. ਅਮਨ ਦੀ ਹੂਕ 239
13. ਸਮਾਜਵਾਦੀ ਜੰਗ 241
14. ਮੇਰਾ ਵਤਨ 242
15. ਇਕ ਤਾਅਨਾ 243
16. ਗੀਤ (ਕੀ ਉਹ ਸਾਨੂੰ ਯਾਦ ਰਹਿਣਗੇ) 244
17. ਬੁਝਾਰਤ 246
18. ਸਾਥੀ ਮਾਓ ਦੇ ਨਾਂ 247
19. ਸੂਰਜ ਕਦੇ ਮਰਿਆ ਨਹੀਂ 248
20. ਜੋਗੀ ਉੱਤਰ ਪਹਾੜੋਂ ਆਏ 249
21. ਵੇਦਨਾ 250
22. ਕਲੀ 251
23. ਪਰਵਾਸੀ ਨੂੰ 254
24. ਸ਼ਿਕਵਾ 256
25. ਵਿਦੇਸ਼ੀ ਹਵਾਵਾਂ ਦੇ ਨਾਂ 259
26. ਸਾਡਾ ਸ਼ਹਿਰ 261
27. ਉਹਨਾਂ ਦੀ ਜਿੱਤ 262
28. ਸ਼ਹੀਦ ਊਧਮ ਸਿੰਘ 264
29. ਸਾਥੀ ਜਗਮੋਹਣ ਜੋਸ਼ੀ 'ਲਾਲ ਸਲਾਮ' 266
30. ਦੀਵਾਲੀ 268
31. ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮਾਧੋ ਦਾਸ ਬੈਰਾਗੀ ਨੂੰ ਬੰਦਾ ਬਹਾਦਰ ਬਣਾ ਕੇ ਪੰਜਾਬ ਵੱਲ ਭੇਜਣਾ 270
32. ਮਾਤਾ ਗੁਜਰੀ ਦੇ ਗੁਰੂ ਗੋਬਿੰਦ ਸਿੰਘ ਜੀ ਦੀ ਪੇਸ਼ੀ 272
33. ਆਪਣੇ ਪੋਤਿਆਂ ਨਾਲ ਕੈਦ ਮਾਤਾ ਗੁਜਰੀ 275
34. ਹਰਿਮੰਦਰ ਦੀ ਨੀਂਹ 276

35. ਰੰਘਰੇਟਾ ਗੁਰੂ ਕਾ ਬੇਟਾ 279
36. ਭਾਈ ਘਨੱਈਏ ਦੀ ਪੇਸ਼ੀ 282
37. ਭਗਤ ਰਵੀਦਾਸ ਨੂੰ 284
38. ਦੋ ਰਾਹ 286
39. ਗ਼ਜ਼ਲ (ਆਦਮੀ ਜੋ ਹੋ ਗਿਆ ਸ਼ੈਤਾਨ ਹੈ) 288
40. ਗ਼ਜ਼ਲ (ਸਾਧੂ ਸਿੰਘ ਹਮਦਰਦ ਦੇ ਨਾਂ) 289
41. ਬੋਲੀਆਂ 290
42. ਲੋਕ ਬੋਲੇ– ਖੇਤ ਬੋਲੇ 296
43. ਵਿਦਾਇਗੀ 298
44. ਪੱਕਾ ਘਰ ਟੋਲੀਂ ਬਾਬਲਾ 300
45. ਕਲੀ (ਪੂਰਨ ਦਾ ਜੋਗੀ ਬਣਕੇ ਬਾਗ 'ਚ ਆਉਣਾ) 301
46. ਭਗਤ ਰਵਿਦਾਸ ਨੂੰ ਸ਼ਰਧਾਂਜਲੀ 302
47. ਮੁਲਾਕਾਤ 303
48. ਅਧੂਰੀ ਸਵੈ–ਗਾਥਾ 304
49. ਹੇ ਜਨ ਸ਼ਕਤੀ! 305
50. ਲੋਕ 307
51. ਗੀਤ (ਡਰਾਕਲ ਹਾਕਮਾਂ ਦੇ ਨਾਂ) 308
(ਨਿੱਕੀ ਨਿੱਕੀ ਗੱਲ ਤੇ ਪਹਾੜ ਜਿੱਡੇ ਪਾਹਰੂ)
52. ਗ਼ਜ਼ਲ (ਸਾਨੂੰ ਜਿਵੇਂ ਹੈ ਪਰਖ਼ਿਆ ਸੋਚਾਂ ਦੇ ਵੇਗ ਨੇ) 309
53. ਜ਼ਾਲਮ ਸਰਕਾਰਾਂ ਦੇ ਨਾਂ 310
54. ਦੋਸ਼ 312
55. ਰੁਬਾਈ (ਸਿਦਕ) 313
56. ਸ਼ਿਕਾਇਤ 314
57. ਕਾਹਤੋਂ? 315
58. ਹਿੰਦੁਸਤਾਨ ਸਾਂਝਾ 316
59. ਪਰਖ 317
60. ਪੂੰਜੀਪਤੀ ਅਮਨ 320
61. ਮਮਤਾ ਦੀ ਬੋਲੀ 321
62. ਆਵਾਜ਼ 322
63. ਫੁਟਕਲ 326
64. ਔਰਤ 328
65. ਗੀਤ (ਮੇਰੇ ਵੀਰ ਨੂੰ ਸੁੱਕੀ ਖੰਡ ਪਾਈ) 329
66. ਗ਼ਜ਼ਲ (ਮੇਰੀ ਬੜੀ ਹਵਾ ਸੀ ਤੇਰੇ ਮਿਲਣ ਤੋਂ ਪਹਿਲਾਂ) 331
67. ਗੀਤ (ਰੱਬ ਜਿੰਨਾ ਜੀਹਦਾ ਆਸਰਾ) 332
68. ਅਧੂਰਾ ਗੀਤ 334
69. ਨਖਸ਼ਿਖ 335
70. ਯਾਦ 337
71. ਗੀਤ (ਇਕ ਤੇਰਾ ਖ਼ਤ ਆਉਣ ਦਾ) 338
72. ਰੋਣੇ–ਧੋਣੇ 339
73. ਜਿਉਂਦੀ ਲਾਸ਼ 340
74. ਗੀਤ (ਵਾਏ ਨੀ ਤੂੰ ਸਿੱਧੀ ਲੰਘ ਜੀਂ) 341
75. ਗੀਤ (ਵਧੀ ਸਾਡੇ ਕੱਦ ਵਾਂਗੂੰ ਰੇਤੇ ਦੀ ਜੁਆਰ ਹੋ) 343
76. ਗੀਤ (ਤੇਰੇ ਜਿਗਰੇ ਦਾ ਮੈਂ ਕੁਛ ਤਾਂ ਇਹਤਰਾਮ ਕਰਾਂ) 344
77. ਤੇਰੀ ਵਿਦਾਇਗੀ 345
78. ਗੀਤ (ਸਾਡੇ ਮਨਾਂ 'ਚ ਸਮਾਇਆ ਸੱਤੇ ਦੀਪਾ ਦਾ ਪਿਆਰ) 346
ਸੰਤ ਰਾਮ ਉਦਾਸੀ ਕਿਰਤੀ ਲੋਕਾਂ ਦਾ ਸ਼ਾਇਰ ਸੀ *-ਬੀਬੀ ਨਸੀਬ ਕੌਰ* 347
ਇਨਕਲਾਬੀ ਵਿਚਾਰਧਾਰਾ ਦੇ ਮੁਦਈ ਮੇਰੇ ਪਾਪਾ ਜੀ *-ਇਕਬਾਲ ਕੌਰ ਉਦਾਸੀ* 369
ਮੈਂ ਕਵਿਤਾ ਕਿਉਂ ਲਿਖਦਾ ਹਾਂ–ਸੰਤ ਰਾਮ ਉਦਾਸੀ 377
ਸੰਤ ਰਾਮ ਉਦਾਸੀ: ਜੀਵਨ, ਕਵਿਤਾ, ਵਿਚਾਰਧਾਰਾ ਅਤੇ ਅੱਜ ਦੇ
ਯੁਗ ਵਿਚ ਪ੍ਰਸੰਗਿਕਤਾ *-ਨਰਭਿੰਦਰ* 381
ਕ੍ਰਾਂਤੀਕਾਰੀ ਕਵਿਤਾ ਦਾ ਸਿਖ਼ਰ– ਸੰਤ ਰਾਮ ਉਦਾਸੀ *-ਪ੍ਰੋ. ਜੇ.ਬੀ. ਸੇਖੋਂ* 399
ਸੰਤ ਰਾਮ ਉਦਾਸੀ ਦੀ ਕਵਿਤਾ ਨੂੰ ਸਮਝਦਿਆਂ... *-ਪਰਮਜੀਤ ਸਿੰਘ ਕੱਟੂ* 406
ਇਨਕਲਾਬੀ ਸ਼ਾਇਰੀ ਦਾ ਥੰਮ *-ਡਾ. ਲਕਸ਼ਮੀ ਨਰਾਇਣ ਭੀਖੀ* 423
ਸੰਤ ਰਾਮ ਉਦਾਸੀ ਦੀ ਯਾਦ ਵਿਚ *-ਪ੍ਰੋ. ਹਰਭਜਨ ਸਿੰਘ* 431
ਉਦਾਸੀ ਤੇ ਉਸ ਦੀ ਕਵਿਤਾ *-ਟਰੱਸਟ ਵਲੋਂ* 436

**ਸੰਪਾਦਕੀ**

# ਪੰਜਾਬੀ ਸ਼ਾਇਰੀ ਦਾ ਇਨਕਲਾਬੀ ਸੰਤ

(20 ਅਪਰੈਲ 1939– 6 ਨਵੰਬਰ 1986)

ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਸ੍ਰੀ ਰਜਿੰਦਰ ਰਾਹੀ ਦੀ ਸੰਪਾਦਨਾ ਵਾਲੀ 'ਸੰਤ ਰਾਮ ਉਦਾਸੀ (ਸਮੁੱਚੀ ਰਚਨਾ ਅਤੇ ਜੀਵਨ)' ਪੁਸਤਕ 1995 ਵਿਚ ਛਾਪੀ ਸੀ, ਜੋ ਲਗਾਤਾਰ ਵੱਖ-ਵੱਖ ਜਿਲਦਾਂ ਵਿਚ ਛਪਦੀ ਰਹੀ ਹੈ। ਹੁਣ ਅਸੀਂ ਕੁਝ ਤਬਦੀਲੀਆਂ ਕਰਕੇ ਇਸਨੂੰ ਪਾਠਕਾਂ ਦੇ ਹੱਥਾਂ ਵਿਚ ਪਹੁੰਚਾ ਰਹੇ ਹਾਂ। ਪਹਿਲੀਆਂ ਪੁਸਤਕਾਂ ਵਿਚ 10 ਬੋਲੀਆਂ ਸਨ। ਹੁਣ 6 ਨਵੀਆਂ ਸ਼ਾਮਿਲ ਕਰਕੇ 16 ਬੋਲੀਆਂ ਹੋ ਗਈਆਂ ਹਨ। 36 ਨਵੀਆਂ ਨਜ਼ਮਾਂ, ਗੀਤ ਅਤੇ ਗ਼ਜ਼ਲਾਂ ਸ਼ਾਮਿਲ ਕੀਤੇ ਗਏ ਹਨ। ਇਹ ਅਤੇ ਹੋਰ ਰਚਨਾਵਾਂ ਪੁਸਤਕਾਂ 'ਸੂਹੇ ਬੋਲ ਉਦਾਸੀ ਦੇ,' 'ਕੰਮੀਆਂ ਦਾ ਵਿਹੜਾ', 'ਸੰਤ ਰਾਮ ਉਦਾਸੀ ਦੇ ਗੀਤ', 'ਲਹੂ ਭਿੱਜੇ ਬੋਲ', ਅਤੇ 'ਸੰਤ ਰਾਮ ਉਦਾਸੀ (ਸਮੁੱਚੀ ਰਚਨਾ ਅਤੇ ਜੀਵਨ) ਦੀ ਮਦਦ ਨਾਲ ਇਕ ਥਾਂ ਇਕੱਠੇ ਕੀਤੇ ਹਨ। ਸਾਨੂੰ ਇੰਨੀਆਂ ਹੀ ਰਚਨਾਵਾਂ ਪ੍ਰਾਪਤ ਹੋਈਆਂ ਹਨ। ਅਸੀਂ ਪੁਸਤਕਾਂ 'ਲਹੂ ਭਿੱਜੇ ਬੋਲ', (1971)', 'ਸੈਨਤਾਂ (1976)', 'ਚੌਨੁੱਕਰੀਆਂ ਸੀਖਾਂ (1977)', '1971 ਤੋਂ ਪਹਿਲੀ ਕਵਿਤਾ' (ਇਹ ਕਵਿਤਾਵਾਂ ਉਦਾਸੀ ਜੀ ਨੇ ਖ਼ੁਦ ਰੱਦ ਕਰ ਦਿੱਤੀਆਂ ਸਨ। ਇਨ੍ਹਾਂ ਨੂੰ ਛਪਵਾਇਆ ਨਹੀਂ ਸੀ। ਕਿਉਂਕਿ ਇਹ ਕਵਿਤਾਵਾਂ ਉਨ੍ਹਾਂ ਦੀ ਵਿਚਾਰਧਾਰਾ ਦੇ ਮੇਚ ਨਹੀਂ ਆਉਂਦੀਆਂ ਸਨ।) ਅਤੇ '1978 ਤੋਂ 1986 ਦਰਮਿਆਨ ਰਚੀਆਂ ਰਚਨਾਵਾਂ', ਦੀ ਤਰਤੀਬ ਦਿੱਤੀ ਹੈ। ਅਜਿਹਾ ਅਸੀਂ ਇਸ ਕਰਕੇ ਕੀਤਾ ਹੈ ਤਾਂ ਕਿ ਉਦਾਸੀ ਕਾਵਿ ਦੇ ਕਾਲ ਖੰਡ ਦਾ ਪਤਾ ਲੱਗ ਸਕੇ। ਇਸ ਮੁਤਾਬਕ ਉਦਾਸੀ ਦੇ ਜੀਵਨ ਅਤੇ ਵਿਚਾਰਧਾਰਾ ਨੂੰ ਸਮਝਿਆ ਜਾਵੇ।

ਸੰਤ ਰਾਮ ਉਦਾਸੀ 1970 ਵਿਆਂ ਵਿਚ ਨਕਸਲਵਾਦੀਆਂ ਵਲੋਂ ਇਨਕਲਾਬ ਲਈ ਮਾਰੇ ਹੰਭਲੇ ਦੇ ਸਮੇਂ ਚੋਟੀ ਦੇ ਕਵੀਆਂ ਵਿਚੋਂ ਇਕ ਹਨ। ਸੰਨ 2014 ਵਿਚ ਉਹ 75 ਸਾਲਾਂ ਦੇ ਹੋ ਜਾਣੇ ਸਨ। ਇਨਕਲਾਬੀਆਂ ਦੇ ਕਾਫ਼ਲੇ ਨਾਲੋਂ ਵਿਛੜਿਆਂ ਭਾਵੇਂ ਉਹਨੂੰ ਨਵੰਬਰ ਵਿਚ 28 ਸਾਲ ਹੋ ਜਾਣੇ ਹਨ ਪਰ ਉਹਦੀ ਕਵਿਤਾ ਦਾ ਕਿਰਤੀ ਲੋਕਾਂ ਲਈ ਸੁਨੇਹਾ ਸਾਡੇ ਅੰਗ-ਸੰਗ ਹੈ। ਉਸ ਨੇ ਜ਼ੁਲਮ ਅਤੇ ਜਬਰ ਦੇ ਖ਼ਿਲਾਫ਼ ਆਪਣੀ ਕਲਮ ਤਲਵਾਰ ਵਾਂਗ ਚਲਾਈ ਅਤੇ ਆਪਣੀ ਸੋਚ ਉਤੇ ਡਟ ਕੇ ਪਹਿਰਾ ਦਿੱਤਾ।

ਸੰਤ ਰਾਮ ਉਦਾਸੀ ਭਾਵੇਂ 1960 ਦੇ ਨੇੜੇ-ਤੇੜੇ ਕਵਿਤਾ ਲਿਖਣ ਲੱਗ ਪਿਆ ਸੀ ਪਰ ਪ੍ਰਵਾਨ ਉਹ ਨਕਸਲੀ ਲਹਿਰ ਦੇ ਉਭਾਰ ਦੌਰਾਨ ਹੀ ਚੜ੍ਹਿਆ। ਵਿਆਹਾਂ ਮੌਕੇ



ਸਿਹਰਿਆਂ ਤੋਂ ਬਾਅਦ ਜਦ ਉਸ ਨੇ 'ਕਰ ਲਵੋ ਦਾਤੀਆਂ ਤਿਆਰ' ਦਾ ਹੋਕਾ ਦਿੱਤਾ ਅਤੇ 'ਧੀ ਵਲੋਂ ਦਾਜ ਵਿਚ ਤਲਵਾਰ' ਦੇਣ ਦੀ ਗੱਲ ਕੀਤੀ ਤਾਂ ਉਸ ਦੀ ਕਵਿਤਾ ਦਾ ਜਾਦੂ ਸਾਹਿਤਕ-ਸਿਆਸੀ ਹਲਕਿਆਂ ਵਿਚ ਸਿਰ ਚੜ੍ਹ ਬੋਲਣ ਲੱਗ ਪਿਆ। ਉਹਦੀ ਕਵਿਤਾ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਜੂਝਣ ਵਾਲੇ ਲੋਕਾਂ ਵਿਚ ਨਵੀਂ ਰੂਹ ਭਰ ਦਿੱਤੀ। ਉਦਾਸੀ ਦੇ ਇਹ ਦਰਦ ਵਿੰਨ੍ਹੇ ਅਤੇ ਰੋਹ ਦੇ ਚੰਗਿਆੜੇ ਛੱਡਦੇ ਸ਼ਬਦ ਵਕਤ ਦੇ ਹਾਕਮਾਂ ਲਈ ਵੰਗਾਰ ਬਣ ਗਏ। ਇਸ ਵੰਗਾਰ ਲਈ ਉਹਨੇ ਅੰਤਾਂ ਦਾ ਤਸ਼ੱਦਦ ਝੱਲਿਆ ਪਰ 'ਆਓ ਨੀ ਹਨੇਰੀਓ, ਜਾਓ ਨੀ ਹਨੇਰੀਓ' ਦਾ ਹੋਕਾ ਬੁਲੰਦ ਰੱਖਿਆ। ਉਹਨੇ ਆਪਣੀ ਕਵਿਤਾ ਵਿਚ ਸਮੇਂ ਦੇ ਹਾਕਮਾਂ ਦਾ ਪਰਦਾ ਚੁੱਕਦਿਆਂ ਨਾਲ ਹੀ 'ਮੱਘਦਾ ਰਹੀਂ ਵੇ ਸੂਰਜਾ' ਅਤੇ 'ਉੱਠਣ ਦਾ ਵੇਲਾ' ਦਾ ਹੋਕਾ ਦਿੱਤਾ। ਉਸ ਦੀ ਕਵਿਤਾ ਅਤੇ ਇਸ ਦੇ ਸਰੋਕਾਰ ਲੋਕਾਂ ਦੀਆਂ ਲੋੜਾਂ-ਥੁੜ੍ਹਾਂ ਨਾਲ ਜੁੜੇ ਹੋਏ ਸਨ। ਇਨ੍ਹਾਂ ਲੋੜਾਂ-ਥੁੜ੍ਹਾਂ ਦਾ ਦਰਦ ਉਹਨੇ ਆਪਣੇ ਤਨ-ਮਨ 'ਤੇ ਹੰਢਾਇਆ। ਗੁਰਬਤ ਮਾਰੇ, ਤੰਗੀਆਂ ਨਾਲ ਬੇਹਾਲ ਅਤੇ ਔਕੜਾਂ ਝੱਲ ਰਹੇ ਲੋਕਾਂ ਨੂੰ ਉਸ ਨੇ ਜੋ ਆਵਾਜ਼ ਦਿੱਤੀ, ਉਸ ਦਾ ਤਿੱਖਾ ਰੂਪ ਉਦਾਸੀ ਦੀ ਕਵਿਤਾ ਵਿਚ ਪੇਸ਼ ਹੋਇਆ ਹੈ।

ਉਦਾਸੀ ਨੂੰ ਇਸ ਲੜਾਈ ਦੇ ਨਾਲ-ਨਾਲ ਸਮਾਜੀ ਲਾਹਨਤ ਜਾਤ-ਪਾਤ ਦੇ ਵਿਤਕਰੇ ਨਾਲ ਵੀ ਜੂਝਣਾ ਪਿਆ ਪਰ ਇਨ੍ਹਾਂ ਸਮਾਜਿਕ-ਆਰਥਿਕ ਪਾੜਿਆਂ ਨਾਲ ਘੁਲਦਿਆਂ ਉਦਾਸੀ ਨੇ ਆਪਣੀ ਗੱਲ ਇਸ ਢੰਗ ਨਾਲ ਜਮਾਤੀ ਨਜ਼ਰੀਏ ਤੋਂ ਲੋਕਾਂ ਅੱਗੇ ਲਿਆ ਕੇ ਰੱਖੀ, ਉਸ ਕਰਕੇ ਵੀ ਉਸ ਦੀ ਨਿਵੇਕਲੀ ਪਛਾਣ ਉੱਭਰਦੀ ਹੈ। ਕੁਝ ਲੋਕਾਂ ਨੇ ਭਾਵੇਂ ਉਸ ਨੂੰ ਦਲਿਤ ਲੋਕਾਂ ਦੇ ਕਵੀ ਤਕ ਘਟਾਉਣ ਦਾ ਯਤਨ ਕੀਤਾ ਹੈ ਪਰ ਉਸ ਦੀ ਕਵਿਤਾ ਦੇ ਜਮਾਤੀ ਪੈਂਤੜੇ ਅੱਗੇ ਇਹ ਨੁਕਤਾ ਟਿਕ ਨਹੀਂ ਸਕਿਆ।

ਸੰਤ ਰਾਮ ਉਦਾਸੀ ਬਾਰੇ ਇਹ ਕਿਹਾ ਜਾਂਦਾ ਰਿਹਾ ਹੈ ਕਿ ਉਹ ਲਾਲ ਕਿਲ੍ਹੇ 'ਤੇ ਕਵਿਤਾ ਬੋਲ ਆਇਆ ਤੇ ਕਦੇ ਉਹ ਗੁਰਪੁਰਬ ਉਤੇ ਕਵਿਤਾ ਬੋਲ ਆਉਂਦਾ ਸੀ। ਅਸਲ ਵਿਚ ਇਸ ਸਬੰਧੀ ਸਪਸ਼ਟ ਹੋਣ ਦੀ ਜ਼ਰੂਰਤ ਹੈ ਕਿ ਜਦੋਂ ਲਹਿਰ ਚੜ੍ਹਾਈ ਵਿਚ ਹੋਵੇ ਤਾਂ ਉਸ ਸਮੇਂ ਲਹਿਰ ਨਾਲ ਜੁੜੇ ਹਰ ਵਿਅਕਤੀ ਦੀ ਹਰ ਘਟਨਾ ਦਾ ਚਿਹਨਾਤਮਿਕ ਅਰਥ ਹੁੰਦਾ ਹੈ ਅਤੇ ਉਸ ਦੀ ਵਿਚਾਰਧਾਰਕ ਮਹੱਤਤਾ ਹੁੰਦੀ ਹੈ। ਲਹਿਰ ਦੇ ਕਾਰਕੁਨ ਅਤੇ ਆਗੂ ਅਨੁਸ਼ਾਸਨ ਵਿਚ ਰਹਿੰਦੇ ਹਨ। ਪਰ ਜਦੋਂ ਲਹਿਰ ਮੱਠੀ ਪੈ ਜਾਵੇ ਤਾਂ ਉਸ ਸਮੇਂ ਵਿਅਕਤੀ ਸਮੂਹਿਕ ਵਿਵੇਕ ਤੋਂ ਟੁੱਟ ਕੇ ਵਿਅਕਤੀਗਤ ਪੱਧਰ 'ਤੇ ਫ਼ੈਸਲੇ ਲੈਂਦੇ ਹਨ। ਅਜਿਹੇ ਫ਼ੈਸਲੇ ਹੋ ਸਕਦਾ ਹੈ ਕੁਝ ਮਿੱਤਰਾਂ ਨੂੰ ਪਸੰਦ ਨਾ ਹੋਣ ਜਾਂ ਉਹ ਲਹਿਰ ਦੇ ਉਚ ਆਦਰਸ਼ਾਂ ਦੇ ਮੇਚ ਦੇ ਨਾ ਹੋਣ।

ਸਰਕਾਰੀ ਸਮਾਗਮਾਂ ਜਾਂ ਸਰਕਾਰੀ ਮੀਡੀਏ ਜਾਂ ਵਿਰੋਧੀ ਵਿਚਾਰਧਾਰਾ ਵਾਲਿਆਂ ਦੀਆਂ ਸਟੇਜਾਂ ਉੱਪਰ ਬੋਲਣ ਸਬੰਧੀ ਇਨਕਲਾਬੀ ਧਿਰਾਂ ਵਿਚ ਹਮੇਸ਼ਾ ਹੀ ਵਿਵਾਦ ਰਿਹਾ ਹੈ। ਇਕ ਧਿਰ ਦੀ ਸਮਝ ਅਨੁਸਾਰ ਵਿਰੋਧੀ ਬੁਰਜੁਵਾ ਜਨ ਸੰਚਾਰ ਤੰਤਰ ਦਾ

ਪੂਰੀ ਤਰ੍ਹਾਂ ਵਿਰੋਧ ਕਰਨਾ ਚਾਹੀਦਾ ਹੈ। ਉੱਥੇ ਸਾਡੀ ਆਵਾਜ਼ ਠੀਕ ਢੰਗ ਨਾਲ ਪੇਸ਼ ਨਹੀਂ ਹੋ ਸਕਦੀ। ਵਿਅਕਤੀ ਸ਼ੁਹਰਤ ਜਾਂ ਪੈਸੇ ਦੇ ਲਾਲਚ ਵਿਚ ਇਨਕਲਾਬੀ ਰਾਹ ਤੋਂ ਥਿੜਕ ਸਕਦਾ ਹੈ। ਦੂਜੇ ਪਾਸੇ ਇਕ ਧਿਰ ਦੀ ਸਮਝ ਹੈ ਕਿ ਸਾਨੂੰ ਆਪਣੀ ਗੱਲ ਕਹਿਣ ਲਈ ਹਰ ਪਲੇਟਫ਼ਾਰਮ ਨੂੰ ਵਰਤਣਾ ਚਾਹੀਦਾ ਹੈ। ਇਉਂ ਸਾਡੀ ਗੱਲ ਵਧੇਰੇ ਲੋਕਾਂ ਤਕ ਪੁੱਜਦੀ ਹੈ।

ਇੱਥੇ ਸਪੱਸ਼ਟ ਹੋਣ ਦੀ ਜ਼ਰੂਰਤ ਹੈ ਕਿ ਮਸਲਾ ਦਾਅਪੇਚਕ ਹੈ। ਐਮਰਜੈਂਸੀ ਸਮੇਂ ਉੱਘੇ ਰੰਗਕਰਮੀ ਗੁਰਸ਼ਰਨ ਸਿੰਘ ਆਪਣੇ ਨਾਟਕ ਗੁਰਦੁਆਰਿਆਂ ਵਿਚ ਖੇਡ ਕੇ ਆਪਣੀ ਗੱਲ ਲੋਕਾਂ ਤਕ ਪਹੁੰਚਾਉਂਦੇ ਰਹੇ ਹਨ। ਉਹ ਪੰਜਾਬ ਸੰਕਟ ਸਮੇਂ ਸਰਕਾਰੀ ਮਾਧਿਅਮਾਂ ਨੂੰ ਵਰਤਦੇ ਰਹੇ ਅਤੇ ਪੰਜਾਬ ਸੰਕਟ ਸਮੇਂ ਆਪਣੇ ਸਿੱਖ ਇਤਿਹਾਸ ਨਾਲ ਸਬੰਧਤ ਨਾਟਕ ਖੇਡਣੇ ਸੁਚੇਤ ਤੌਰ ’ਤੇ ਬੰਦ ਕਰ ਦਿੱਤੇ ਸਨ ਕਿਉਂਕਿ ਉਨ੍ਹਾਂ ਨੂੰ ਜਾਪਦਾ ਸੀ ਕਿ ਸਮਕਾਲੀ ਪ੍ਰਸੰਗਾਂ ਵਿਚ ਉਨ੍ਹਾਂ ਦੇ ਨਾਟਕਾਂ ਦਾ ਫ਼ਿਰਕਾਪ੍ਰਸਤ ਤਾਕਤਾਂ ਫ਼ਾਇਦਾ ਉਠਾ ਸਕਦੀਆਂ ਹਨ। ਸੋ ਇਸ ਮਸਲੇ ਬਾਰੇ ਕੋਈ ਕੱਟੜ ਪਹੁੰਚ ਦੀ ਥਾਵੇਂ ਸਮਕਾਲੀਨ ਪ੍ਰਸਥਿਤੀਆਂ ਵਿਚ ਸੁਹਿਰਦ ਇਮਾਨਦਾਰੀ ਅਤੇ ਵਿਚਾਰਧਾਰਕ ਚੇਤਨਾ ਨਾਲ ਫ਼ੈਸਲਾ ਲੈਣਾ ਪੈਂਦਾ ਹੈ। ਸਿਰਫ਼ ਗੁਰਪੁਰਬ ਉੱਪਰ ਜਾਂ ਲਾਲ ਕਿਲ੍ਹੇ ਤੋਂ ਕਵਿਤਾ ਬੋਲ ਦੇਣ ਨਾਲ ਕੋਈ ਫ਼ਿਰਕਾਪ੍ਰਸਤ ਜਾਂ ਸਰਕਾਰੀਆ ਨਹੀਂ ਹੋ ਜਾਂਦਾ ਸਗੋਂ ਉਸਦੀ ਸਮੁੱਚੀ ਵਿਚਾਰਧਾਰਾ ਅਤੇ ਜੀਵਨ ਅਮਲ ਵੇਖਣ ਦੀ ਲੋੜ ਹੁੰਦੀ ਹੈ। ਇਸ ਸਬੰਧ ਵਿਚ ਸੰਤ ਰਾਮ ਉਦਾਸੀ ਵਿਚਾਰਧਾਰਕ ਤੌਰ ’ਤੇ ਖਰਾ ਸੋਨਾ ਸੀ। ਉਸ ਵਿਚ ਓਨਾ ਕੁ ਖੋਟ ਹੋ ਸਕਦਾ ਹੈ ਜਿੰਨਾ ਕੁ ਸੋਨੇ ਨੂੰ ਜ਼ਿੰਦਗੀ ਦਾ ਗਹਿਣਾ ਬਣਨ ਲਈ ਖੋਟਾ ਹੋਣਾ ਪੈਂਦਾ ਹੈ। ਸੰਤ ਰਾਮ ਉਦਾਸੀ ਦੀ ਭਾਸ਼ਾ ਬੜੀ ਕਮਾਲ ਦੀ ਸੀ ਉਸ ਨੂੰ ਮੜਕਵੀਂ ਪੇਂਡੂ ਮਲਵੱਈ ਭਾਸ਼ਾ ਤੇ ਆਬੂਰ ਹਾਸਲ ਸੀ। ਉਸ ਦੀ ਸ਼ਬਦ ਚੋਣ ਵਿਚ ਸੁਹਜ ਦੇ ਨਾਲੋਂ-ਨਾਲ ਵਿਚਾਰਧਾਰਕ ਸਪੱਸ਼ਟਤਾ ਸੀ।

ਸੰਤ ਰਾਮ ਉਦਾਸੀ ਦੇ ਸਮਕਾਲੀ ਕਵੀ ਪਾਸ਼, ਲਾਲ ਸਿੰਘ ਦਿਲ, ਦਰਸ਼ਨ ਸਿੰਘ ਖਟਕੜ, ਹਰਭਜਨ ਹਲਵਾਰਵੀ, ਜੈਮਲ ਸਿੰਘ ਪੱਡਾ, ਦਰਸ਼ਨ ਦੁਸਾਂਝ ਅਤੇ ਓਮ ਪ੍ਰਕਾਸ਼ ਸ਼ਰਮਾ ਦੀ ਕਵਿਤਾ ਦੇ ਸਰੋਕਾਰ ਸਾਂਝੇ ਹਨ। ਇਹ ਸਾਰੇ ਕਵੀ ਮਜ਼ਦੂਰ (ਦਲਿਤ) ਦੀ ਵੇਦਨਾ ਪ੍ਰਗਟ ਕਰ ਰਹੇ ਸਨ ਤੇ ਕਿਸਾਨ ਦੇ ਵੀ ਦੁੱਖਾਂ ਮਾਰੇ ਜੀਵਨ ਨੂੰ ਬਿਆਨ ਕਰ ਰਹੇ ਸਨ। ਆਮ ਬੰਦੇ ਦੇ ਦੁੱਖਾਂ ਦਲਿੱਦਰਾਂ ਦੇ ਛੁਟਕਾਰੇ ਦੀ ਗੱਲ ਕਰ ਰਹੇ ਸਨ। ਨਕਸਲਬਾੜੀ ਦੀ ਕਵਿਤਾ ਦੇ ਆਪਣੇ ਸੁਭਾਅ ਮੁਤਾਬਕ ਸਿੱਖ ਪ੍ਰਸੰਗਾਂ ਦੀ ਵਰਤੋਂ ਵੀ ਕਰ ਰਹੇ ਸਨ। ਇਨ੍ਹਾਂ ਦੀ ਸ਼ਾਇਰੀ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਇਹਨਾਂ ਦੀਆਂ ਆਪਸ ਵਿਚ ਕੋਈ ਵੀ ਵਿਰੋਧਤਾਈਆਂ ਨਹੀਂ ਸਨ। ਇਨ੍ਹਾਂ ਦੀ ਕਵਿਤਾ ਇਕ ਦੂਜੀ ਦੀ ਪੂਰਕ ਹੈ। ਜੇਕਰ ਉਦਾਸੀ, ਜੈਮਲ ਸਿੰਘ ਪੱਡਾ ਅਤੇ ਦਰਸ਼ਨ ਦੁਸਾਂਝ ਥੁੜ੍ਹਾਂ ਮਾਰੇ ਲੋਕਾਂ ਨੂੰ ਸੰਬੋਧਨ ਹੋ ਕੇ ਹਕੂਮਤ ਖਿਲਾਫ਼ ਉੱਠਣ ਲਈ ਪ੍ਰੇਰਦੇ ਹਨ ਤਾਂ ਪਾਸ਼, ਦਰਸ਼ਨ



ਸਿੰਘ ਖਟਕੜ, ਲਾਲ ਸਿੰਘ ਦਿਲ ਅਤੇ ਹਰਭਜਨ ਹਲਵਾਰਵੀ ਆਪਣੇ ਦੌਰ ਦੇ ਬੌਧਿਕ ਹਲਕਿਆਂ ਨੂੰ ਹਲੂਣਦੇ ਹਨ। ਇਸ ਪੱਖ ਤੋਂ ਇਨ੍ਹਾਂ ਸਾਰਿਆਂ ਦੀ ਭੂਮਿਕਾ ਇਤਿਹਾਸਿਕ ਹੈ ਅਤੇ ਪੰਜਾਬ ਦੇ ਇਤਿਹਾਸ ਵਿਚ ਇਹਨਾਂ ਕਵੀਆਂ ਦੀਆਂ ਯਾਦਾਂ ਇਸੇ ਰੂਪ ਵਿਚ ਸਾਂਭੀਆਂ ਪਈਆਂ ਹਨ।

ਨਕਸਲਬਾੜੀ ਲਹਿਰ ਵਿਚ ਇਹ ਸਾਰੇ ਕਵੀ ਇਕ ਸਾਂਝੀ ਇਨਕਲਾਬੀ ਸੋਚ ਨੂੰ ਪ੍ਰਣਾਏ ਹੋਏ ਸਨ ਪਰ ਵਿਅਕਤੀਗਤ ਅਨੁਭਵਾਂ, ਪਰਿਵਾਰਕ ਪਿਛੋਕੜਾਂ ਅਤੇ ਜਥੇਬੰਦਕ ਵਖਰੇਵਿਆਂ ਕਾਰਨ ਉਹਨਾਂ ਦੀ ਆਪੋ-ਆਪਣੀ ਕਾਵਿ ਪਛਾਣ ਵੀ ਸੀ। ਕੁਝ ਕਵੀ ਬੌਧਿਕ ਹਲਕਿਆਂ ਵਿਚ ਵਧੇਰੇ ਪ੍ਰਵਾਨ ਸਨ ਤੇ ਕੁਝ ਆਮ ਲੋਕਾਂ ਦੇ ਚਹੇਤੇ ਅਤੇ ਹਰਮਨ ਪਿਆਰੇ ਸਨ। ਦਰਸ਼ਨ ਸਿੰਘ ਖਟਕੜ, ਜੈਮਲ ਸਿੰਘ ਪੱਡਾ ਅਤੇ ਦਰਸ਼ਨ ਦੁਸਾਂਝ ਪਾਰਟੀ ਅਨੁਸ਼ਾਸਨ ਵਿਚ ਬੱਝੇ ਹੋਏ ਸਨ ਅਤੇ ਪਾਰਟੀ ਦੇ ਰੁਤਬੇ ਕਾਰਨ ਵਧੇਰੇ ਸਤਿਕਾਰੇ ਜਾਂਦੇ ਸਨ ਪਰ ਪਾਰਟੀ ਅਨੁਸ਼ਾਸਨ ਅਤੇ ਜਥੇਬੰਦਕ ਕਾਰਜਾਂ ਨੇ ਉਹਨਾਂ ਦੀ ਸ਼ਾਇਰੀ ਨੂੰ ਪ੍ਰਭਾਵਿਤ ਕੀਤਾ। ਇਸ ਦੇ ਉਲਟ ਸੰਤ ਰਾਮ ਉਦਾਸੀ, ਪਾਸ਼ ਅਤੇ ਲਾਲ ਸਿੰਘ ਦਿਲ ਦੀ ਪਾਰਟੀ ਅੰਦਰ ਅਤੇ ਬਾਹਰ ਸਾਹਿਤਕ ਹਲਕਿਆਂ ਵਿਚ ਵਧੇਰੇ ਪੈਂਠ ਸੀ। ਇਹ ਨਿਰੰਤਰ ਲਿਖਣ ਵੱਲ ਤਵੱਜੋ ਦਿੰਦੇ ਸਨ। ਇਨ੍ਹਾਂ ਵੱਖਰਤਾਵਾਂ ਦੇ ਆਧਾਰ ’ਤੇ ਕਵੀਆਂ ਨੂੰ ਊਚ-ਨੀਚ ਦੀ ਦਰਜਾਬੰਦੀ ਵਿਚ ਵੰਡ ਕੇ ਦੇਖਣਾ ਜਾਂ ਇਕ ਦੂਸਰੇ ਦੇ ਮੁਕਾਬਲੇ ਵੱਡੇ ਛੋਟੇ ਗਰਦਾਨਣਾ ਉਨ੍ਹਾਂ ਮਹਾਨ ਕਵੀਆਂ ਦੇ ਜੀਵਨ ਆਦਰਸ਼ਾਂ ਅਤੇ ਲਹਿਰ ਨਾਲ ਧ੍ਰੋਹ ਕਮਾਉਣ ਦੇ ਤੁਲ ਹੈ।

ਸੰਤ ਰਾਮ ਉਦਾਸੀ ਨੇ ਜਿਉਂਦੇ ਜੀਅ ਜੋ ਰਚਨਾਵਾਂ ਖੁਦ ਛਪਵਾਈਆਂ, ਉਨ੍ਹਾਂ ਵਿਚੋਂ ਉਹ ਪ੍ਰਤੀਬੱਧ ਇਨਕਲਾਬੀ ਸ਼ਾਇਰ ਦੇ ਤੌਰ ’ਤੇ ਹੀ ਉਭਰਦਾ ਹੈ। ਲਹੂ ਭਿੱਜੇ ਬੋਲ (1971), ਸੈਨਤਾਂ (1976) ਅਤੇ ਚੌਨੁੱਕਰੀਆਂ ਸੀਖਾਂ (ਫਰਵਰੀ 1978) ਤੋਂ ਬਾਅਦ ਉਸਦੀ ਮੌਤ ਤੱਕ (6 ਨਵੰਬਰ 1986) ਜਿੰਨੀਆਂ ਵੀ ਰਚਨਾਵਾਂ ਸਾਹਮਣੇ ਆਈਆਂ ਸਨ, ਉਹ ਜਬਰ ਜ਼ੁਲਮ ਦੇ ਖਿਲਾਫ਼ ਹਨ। ਮਜ਼ਦੂਰ ਤੇ ਕਿਸਾਨ ਨੂੰ ਉੱਠਣ ਦਾ ਸੱਦਾ ਦਿੰਦੀਆਂ ਹਨ। ਦੁਨੀਆਂ ਭਰ ਦੇ ਮਜ਼ਦੂਰਾਂ ਦੇ ਏਕੇ ਲਈ ਪੁਕਾਰ ਕਰਦੀਆਂ ਹਨ। ਉਸ ਦੀ ਸ਼ਾਇਰੀ ਕਿਸੇ ਇਕ ਫ਼ਿਰਕੇ ਲਈ ਨਹੀਂ ਹੈ। ਉਹ ਦੱਬੇ ਕੁਚਲੇ ਲੋਕਾਂ ਲਈ ਲਿਖਦਾ ਹੈ। ਉਹ ਸੰਘਰਸ਼ ਕਰਨ ਵਾਲੇ ਯੋਧਿਆਂ ਨੂੰ ਹਲੂਣਾ ਦਿੰਦਾ ਹੈ। ਉਨ੍ਹਾਂ ਵਿਚ ਜੋਸ਼ ਭਰਦਾ ਹੈ। ਉਹ ਉਨ੍ਹਾਂ ਨੂੰ ਇਨਕਲਾਬ ਕਰਨ ਲਈ ਹੰਭਲਾ ਮਾਰਨ ਲਈ ਉਤਸ਼ਾਹਿਤ ਕਰਦਾ ਹੈ। ਉਹ ਆਪਣੇ ਨਾਇਕਾਂ ਨੂੰ ਅੱਗੇ ਵਧਦੇ ਦੇਖਣਾ ਚਾਹੁੰਦਾ ਹੈ। ਉਸਦੀ ਸਾਰੀ ਦੀ ਸਾਰੀ ਸ਼ਾਇਰੀ ਭਾਰਤ ਦੇ ਮਿਹਨਤਕਸ਼ ਲੋਕਾਂ ਲਈ ਹੈ। ਉਹ ਸਮਾਜ ਨਾਲ ਜੁੜਿਆ ਹੋਇਆ ਸ਼ਾਇਰ ਹੈ। ਉਹ ਸਮਾਜ ਵਿਚੋਂ ਹੀ ਵਿਸ਼ੇ ਲੈਂਦਾ ਹੈ। ਉਨ੍ਹਾਂ ਦੀ ਭਾਸ਼ਾ ਵਿਚ ਹੀ ਗੱਲ ਕਰਦਾ ਹੈ। ਉਸ ਦੇ ਲਈ ਸਮਾਜ ਅਹਿਮ ਹੈ। ਸਮਾਜ ਦੀਆਂ ਸਮੱਸਿਆਵਾਂ, ਦੁੱਖ ਤਕਲੀਫ਼ ਉਹ ਆਪਣੀਆਂ ਸਮਝਦਾ ਹੈ। ਸਮਾਜ ਦੇ ਪੀੜਤ ਲੋਕ ਉਸ ਦੀ ਕਲਮ ਹੇਠ

ਆਉਂਦੇ ਹਨ।

ਸੰਤ ਰਾਮ ਉਦਾਸੀ ਸਭ ਦਾ ਭਲਾ ਚਾਹੁਣ ਵਾਲਾ ਸ਼ਾਇਰ ਨਹੀਂ ਹੈ। ਉਹ ਸਮਾਜ ਵਿਚੋਂ ਲੋਕਾਂ ਦੀ ਵੰਡ ਕਰਦਾ ਹੈ। ਲੁੱਟਣ ਵਾਲੇ ਅਤੇ ਲੁੱਟੇ ਜਾਣ ਵਾਲੇ। ਉਸਦੀ ਹਮਦਰਦੀ ਲੁੱਟੇ ਜਾਣ ਵਾਲਿਆਂ ਨਾਲ ਹੈ। ਉਹ ਆਪ ਵੀ ਇਸ ਧਿਰ ਵਿਚ ਸ਼ਾਮਿਲ ਹੈ। ਉਸਨੇ ਖ਼ੁਦ ਦਰਦ ਹੰਢਾਇਆ ਹੈ। ਉਹ ਮਜ਼ਦੂਰਾਂ ਦੀਆਂ ਦੁੱਖ ਤਕਲੀਫ਼ਾਂ ਤੋਂ ਚੰਗੀ ਤਰ੍ਹਾਂ ਵਾਕਫ਼ ਹੈ। ਖਾਸ ਤੌਰ 'ਤੇ ਵਿਹੜੇ ਦਾ ਸੱਭਿਆਚਾਰ, ਉਨ੍ਹਾਂ ਦੀਆਂ ਸੋਚਾਂ, ਉਨ੍ਹਾਂ ਦਾ ਰਹਿਣ-ਸਹਿਣ, ਖਾਣ-ਪੀਣ ਤੇ ਉਨ੍ਹਾਂ ਦੀਆਂ ਅਲਾਮਤਾਂ ਤੋਂ ਭਲੀ-ਭਾਂਤ ਜਾਣੂ ਹੈ। ਇਸੇ ਕਾਰਨ ਉਹ ਇਸ ਵਰਗ ਨੂੰ ਸੰਬੋਧਤ ਹੋ ਕੇ ਕਵਿਤਾ ਕਹਿੰਦਾ ਹੈ। ਉਨ੍ਹਾਂ ਦੇ ਵਿਚਾਰਾਂ ਨੂੰ ਸਾਣ ਲਾਉਂਦਾ ਹੈ। ਆਪਣੇ ਅਤੇ ਪਰਾਏ ਦੀ ਪਰਖ ਦੱਸਦਾ ਹੈ। ਉਨ੍ਹਾਂ ਦੇ ਸਿਰਾਂ ਵਿਚ ਇਨਕਲਾਬ ਦੀ ਚਿਣਗ ਪੈਦਾ ਕਰਦਾ ਹੈ। ਉਹ ਨਾਲ ਦੁਸ਼ਮਣ ਦੀ ਪਛਾਣ ਵੀ ਦੱਸਦਾ ਹੈ। ਝੂਠੇ ਲੀਡਰਾਂ ਤੋਂ ਸਾਵਧਾਨ ਵੀ ਕਰਦਾ ਹੈ। ਉਹ ਆਪਣੇ ਜੀਵਨ ਦੇ ਅੰਤ ਤੱਕ ਪ੍ਰਤੀਬੱਧ ਇਨਕਲਾਬੀ ਸ਼ਾਇਰ ਵਾਲੀ ਦਿੱਖ ਬਣਾਈ ਰੱਖਦਾ ਹੈ। ਅਜਿਹੀ ਧਾਰਨਾ ਉਸਦੀਆਂ ਰਚਨਾਵਾਂ ਦੇ ਆਧਾਰ 'ਤੇ ਬਣਾਈ ਜਾ ਸਕਦੀ ਹੈ। ਉਸਨੇ ਜਨਤਕ ਤੌਰ 'ਤੇ ਅਜਿਹੀ ਕੋਈ ਗੱਲ ਨਹੀਂ ਕੀਤੀ ਜਿਸ ਤੋਂ ਇਹ ਲੇਖਣ ਲਾਇਆ ਜਾ ਸਕਦਾ ਹੋਵੇ ਕਿ ਉਹ ਇਨਕਲਾਬੀ ਸੋਚ ਤੋਂ ਰੱਤੀ ਭਰ ਵੀ ਥਿੜਕਿਆ ਸੀ। ਉਦਾਸੀ ਆਪਣੀ ਸਾਰੀ ਉਮਰ ਇਮਾਨਦਾਰ ਸਿਦਕੀ ਇਨਕਲਾਬੀ ਕਲਾਕਾਰ ਵਾਂਗ ਜੀਵਿਆ ਅਤੇ ਅੱਜ ਉਸ ਦੀਆਂ ਲਿਖਤਾਂ ਆਪ ਉਸਦੀ ਵਿਚਾਰਧਾਰਾ ਬਾਰੇ ਬੋਲਦੀਆਂ ਹਨ।

ਉਦਾਸੀ ਦਾ ਸੁਪਨਾ ਦੇਸ਼ ਵਿਚ ਇਨਕਲਾਬ ਨੂੰ ਨੇਪਰੇ ਚੜ੍ਹਿਆ ਦੇਖਣ ਦਾ ਸੀ ਪਰ 1980ਵਿਆਂ ਵਿਚ ਸਟੇਟ ਨੇ ਪੰਜਾਬ ਦੇ ਲੋਕਾਂ ਨਾਲ ਬਹੁਤ ਵੱਡੀ ਖੇਡ ਖੇਡੀ। ਉਸਨੇ ਪੰਜਾਬ ਵਿਚ ਧਰਮ ਦਾ ਪੱਤਾ ਵਰਤ ਕੇ ਗੜਬੜ ਕਰਵਾਉਣੀ ਸ਼ੁਰੂ ਕਰ ਦਿੱਤੀ। ਉਦਾਸੀ ਪੰਜਾਬੀਆਂ ਦੀਆਂ ਮੰਗਾਂ ਦੇ ਹੱਕ ਵਿਚ ਖੜ੍ਹਾ ਸੀ। ਉਹ ਕੇਂਦਰ ਸਰਕਾਰ ਦੀ ਖੇਡ ਨੂੰ ਸਮਝਦਾ ਸੀ ਕਿ ਕਿਵੇਂ ਪੰਜਾਬ ਦੀ ਆਮ ਜਨਤਾ, ਸਿੱਖ ਨੌਜਵਾਨਾਂ ਅਤੇ ਇਨਕਲਾਬੀ ਜੁਝਾਰੂਆਂ ਦੇ ਕਤਲ ਕਰਵਾਏ ਜਾ ਰਹੇ ਸਨ। ਹਰਿਮੰਦਰ ਸਾਹਿਬ 'ਤੇ ਹਮਲਾ ਅਤੇ ਚੌਰਾਸੀ ਦੇ ਸਿੱਖਾਂ ਦੇ ਕਤਲੇਆਮ ਨਾਲ ਉਹ ਪੂਰੀ ਤਰ੍ਹਾਂ ਹਿੱਲ ਗਿਆ ਸੀ। ਉਸਨੂੰ ਬੇਦੋਸ਼ੇ ਹਿੰਦੂਆਂ ਦੇ ਕਤਲ ਵੀ ਸਤਾਉਂਦੇ ਸਨ। ਉਸਦੀ ਬਹੁਤ ਮਸ਼ਹੂਰ ਨਜ਼ਮ 'ਅਵਾਜ਼' ਪੰਜਾਬ ਵਿਚ ਨਿਰਦੋਸ਼ ਹਿੰਦੂਆਂ ਨੂੰ ਬੱਸਾਂ ਵਿਚੋਂ ਕੱਢ ਕੇ ਮਾਰਨ ਦੀ ਜਿਥੇ ਨਿਖੇਧ ਕਰਦੀ ਹੈ ਉਥੇ ਸਰਕਾਰੀ ਤੇ ਗ਼ੈਰ ਸਰਕਾਰੀ ਅੱਤਵਾਦ 'ਤੇ ਵਾਰ ਵੀ ਕਰਦੀ ਹੈ। ਉਹ ਪੰਜਾਬ ਪ੍ਰਤੀ ਚਿੰਤਤ ਸੀ। ਉਹਨੂੰ ਪੰਜਾਬ ਨਾਲ ਹੋ ਰਹੇ ਧੱਕੇ ਦਾ ਦੁੱਖ ਸੀ। ਉਹ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਖ਼ਤਮ ਕੀਤੇ ਜਾਣ 'ਤੇ ਹੀ ਫ਼ਿਕਰਮੰਦ ਨਹੀਂ ਸੀ ਸਗੋਂ ਪੰਜਾਬੀਆਂ ਦੀ ਮਾਰੀ ਜਾ ਰਹੀ ਮੱਚ ਦਾ ਵੀ ਦਰਦ ਚੁੱਕੀ ਫ਼ਿਰਦਾ ਸੀ। ਉਸਦੇ ਨਕਸਲੀ ਸਾਥੀ ਤੇ ਆਗੂ ਕਾਮਰੇਡ ਬਲਦੇਵ ਸਿੰਘ ਮਾਨ ਦਾ ਜਦੋਂ ਕਤਲ ਕੀਤਾ ਗਿਆ ਤਾਂ ਉਹ



ਕੁਰਲਾ ਉਠਿਆ। ਉਹਨੂੰ ਰਾਤਾਂ ਨੂੰ ਨੀਂਦ ਨਹੀਂ ਸੀ ਆਉਂਦੀ। ਉਹਨੂੰ ਪੰਜਾਬ ਦੇ ਮਿਹਨਤਕਸ਼ ਲੋਕਾਂ ਦਾ ਫ਼ਿਕਰ ਵੱਢ-ਵੱਢ ਖਾਂਦਾ ਸੀ। ਪੰਜਾਬ ਸਮੱਸਿਆ ਦਿਨ ਪਰ ਦਿਨ ਉਲਝਾਈ ਜਾ ਰਹੀ ਸੀ। ਇਹ ਕੇਂਦਰ ਸਰਕਾਰ ਦੀ ਬਹੁਤ ਵੱਡੀ ਖੇਡ ਸੀ। ਉਹ ਨਾਨਕ ਦੀਆਂ ਬਾਹਵਾਂ ਭੰਨਣ ਅਤੇ ਸ਼ਿਵ ਦੀਆਂ ਜਟਾਵਾਂ ਪੁੱਟਣ ਤੋਂ ਫ਼ਿਕਰਮੰਦ ਸੀ। ਉਦਾਸੀ ਦੀ ਇਹ ਆਵਾਜ਼ ਪੰਜਾਬ ਦੀ ਆਵਾਜ਼, ਲੋਕਾਂ ਦੀ ਆਵਾਜ਼ ਹੀ ਤਾਂ ਹੈ।

ਰੋਣ ਵਾਲਿਓ! ਲੋਥ ਮੇਰੀ 'ਤੇ, ਬੰਨੋ ਕੁਝ ਤਲਵਾਰਾਂ
ਜਿਸ ਦੇ ਵਰ ਤੋਂ ਰਾਜੇ ਜੰਮਦੇ, ਉਸ ਰੱਬ ਨੂੰ ਲਲਕਾਰਾਂ।

ਸੰਤ ਰਾਮ ਉਦਾਸੀ ਇਕ ਅਜਿਹਾ ਸ਼ਾਇਰ ਹੈ ਜਿਸਨੂੰ ਪੰਜਾਬ ਦੇ ਲੋਕਾਂ ਨੇ ਬਹੁਤ ਮਾਣ ਇੱਜ਼ਤ ਦਿੱਤਾ ਹੈ। ਉਸ ਨੂੰ ਸਭ ਤੋਂ ਵੱਧ ਪੜ੍ਹਿਆ ਜਾ ਰਿਹਾ ਹੈ। ਉਸ ਨੂੰ ਸਭ ਤੋਂ ਵੱਧ ਸਟੇਜਾਂ ਤੇ ਗਾਇਆ ਜਾ ਰਿਹਾ ਹੈ। ਇਸਦਾ ਕਾਰਨ ਉਸ ਦੀ ਸ਼ਾਇਰੀ ਆਮ ਬੰਦੇ ਦੇ ਸਮਝ ਵਿਚ ਆਉਂਦੀ ਹੈ। ਜਦੋਂ ਉਦਾਸੀ ਜੀ ਦੀ ਮੌਤ ਹੁੰਦੀ ਹੈ, ਉਸ ਵੇਲੇ ਪੰਜਾਬ ਕਤਲਾਂ ਦੀ ਰਾਜਨੀਤੀ ਵਿਚ ਡੁੱਬਿਆ ਹੋਇਆ ਸੀ। ਸਟੇਟ ਵੱਲੋਂ ਉਦਾਸੀ ਦੀ ਵਿਚਾਰਧਾਰਾ ਵਾਲੇ ਲੋਕਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਉਦੋਂ ਵੀ ਮਜ਼ਦੂਰ ਤਬਕਾ ਆਪਣੇ ਹੱਕਾਂ ਲਈ ਸੜਕਾਂ 'ਤੇ ਨਿਤਰਦਾ ਰਿਹਾ ਹੈ। ਉਦੋਂ ਵੀ ਉਦਾਸੀ ਉਨ੍ਹਾਂ ਦੇ ਇਕੱਠਾਂ ਵਿਚ ਗੂੰਜਦਾ ਸੀ। ਉਨ੍ਹਾਂ ਨੂੰ ਉੱਠਣ ਦਾ ਸੱਦਾ ਦਿੰਦਾ ਸੀ। ਜਦੋਂ 1990 ਤੋਂ ਬਾਅਦ ਸੋਵੀਅਤ ਸੰਘ ਢੇਰੀ ਹੋ ਜਾਂਦਾ ਹੈ। ਸਾਮਰਾਜੀਏ ਵਿਸ਼ਵ ਨੂੰ ਇਕ ਪਿੰਡ ਬਣਾਉਣ ਦਾ ਯਤਨ ਕਰਦੇ ਹਨ। ਆਪਣੇ ਮੁਨਾਫ਼ੇ ਲਈ ਭਾਰਤ ਵਰਗੇ ਦੇਸ਼ਾਂ ਦੇ ਹਾਕਮਾਂ ਨਾਲ ਗੰਢ ਤੁਪ ਕਰਕੇ ਇੱਥੋਂ ਦੇ ਕੁਦਰਤੀ ਸਾਧਨਾਂ 'ਤੇ ਆਪਣਾ ਕਬਜ਼ਾ ਜਮਾਉਂਦੇ ਹਨ। ਦੇਸ਼ ਦੀ ਰਾਜਨੀਤੀ ਨੂੰ ਆਪਣੇ ਅਨੁਸਾਰ ਚਲਾਉਂਦੇ ਹਨ। ਪੰਜਾਬ ਦੇ ਦੱਬੇ ਕੁਚਲੇ ਲੋਕ ਉਨ੍ਹਾਂ ਦੇ ਵਿਰੁੱਧ ਜਥੇਬੰਦ ਹੁੰਦੇ ਹਨ। ਵਿਦਿਆਰਥੀਆਂ, ਨੌਜਵਾਨਾਂ, ਮਜ਼ਦੂਰਾਂ ਤੇ ਕਿਸਾਨਾਂ ਦੇ ਵੱਡੇ-ਵੱਡੇ ਇਕੱਠ ਹੁੰਦੇ ਹਨ। ਉਦੋਂ ਫਿਰ ਸੰਤ ਰਾਮ ਉਦਾਸੀ ਦੇ ਗੀਤਾਂ ਦੀ ਲੋੜ ਪੈਂਦੀ ਹੈ। ਲੋਕ ਸਮੂਹਾਂ ਨੂੰ ਲਗਦਾ ਹੈ ਕਿ ਅਜੇ ਉਹਨਾਂ ਦੀ ਮੰਜ਼ਲ ਨਹੀਂ ਆਈ। ਸੂਰਜਾਂ (ਇਨਕਲਾਬੀਆਂ) ਨੂੰ ਕੰਮੀਆਂ ਦੇ ਵਿਹੜਿਆਂ ਵਿਚ ਮੱਘਣ ਦੀ ਲੋੜ ਹੈ। ਉਦਾਸੀ ਆਪਣੀ ਮੌਤ ਦੇ 28 ਸਾਲ ਬਾਅਦ ਵੀ 1970 ਤੋਂ 1986 ਤੱਕ ਵਾਂਗ ਹੀ ਸਟੇਜਾਂ ਤੇ ਵੱਜ ਰਿਹਾ ਹੈ। ਉਸਦੇ ਗੀਤਾਂ ਦੀ ਹੁਣ ਜ਼ਿਆਦਾ ਲੋੜ ਪੈ ਗਈ ਹੈ। ਉਦਾਸੀ ਬਾਰੇ ਬਹੁਤ ਸਾਰੀਆਂ ਕਿਤਾਬਾਂ ਛਪ ਰਹੀਆਂ ਹਨ। ਅਸੀਂ ਵੀ ਉਸ ਦੀ ਕਵਿਤਾ ਨੂੰ ਮੁੜ ਲੋਕਾਂ ਦੀ ਸੱਥ ਵਿਚ ਲਿਜਾਉਣ ਦਾ ਯਤਨ ਕੀਤਾ ਹੈ। ਅਸੀਂ ਇਸ ਕਿਤਾਬ ਨੂੰ ਤੁਹਾਡੇ ਹੱਥਾਂ ਵਿਚ ਲਿਜਾਉਣ ਵਾਲੇ ਚੇਤਨਾ ਪ੍ਰਕਾਸ਼ਨ ਲੁਧਿਆਣਾ ਦੇ ਧੰਨਵਾਦੀ ਹਾਂ। ਉਦਾਸੀ ਨੂੰ ਮੁੜ-ਮੁੜ ਕੇ ਛਾਪਣ ਦਾ ਵੱਖਰਾ ਅਨੁਭਵ ਹੈ। ਜਿੰਨੀ ਵਾਰ ਉਸਨੂੰ

ਪੜ੍ਹਦੇ ਹਾਂ, ਉਸਦੀ ਕਵਿਤਾ ਦੇ ਅਰਥ ਹੋਰ ਗਹਿਰੇ ਹੋਈ ਜਾਂਦੇ ਹਨ। ਉਹ ਲੋਕ ਮਨਾਂ ਦੇ ਹੋਰ ਨੇੜੇ ਹੋਈ ਜਾਂਦਾ ਹੈ। ਇਹ ਗੁਣ ਸੰਸਾਰ ਪ੍ਰਸਿੱਧ ਲੇਖਕਾਂ ਵਿਚ ਹੁੰਦਾ ਹੈ। ਇਹ ਗੁਣ ਉਦਾਸੀ ਵਿਚ ਵੀ ਹੈ। ਇਹ ਗੁਣ ਇਨਕਲਾਬ ਦੇ ਤੋੜ ਤੱਕ ਰਹੇਗਾ ਹੀ।

ਸੰਤ ਰਾਮ ਉਦਾਸੀ ਨਕਸਲਬਾੜੀ ਲਹਿਰ ਦੀ ਕਵਿਤਾ ਦਾ ਉਹ ਹੀਰਾ ਸੀ ਜਿਸ ਕੋਲ ਸਿਧਾਂਤਕ ਚੇਤਨਾ ਅਤੇ ਲੋਕ ਮੁਹਾਵਰੇ ਵਿਚ ਕਾਵਿ ਸਿਰਜਣ ਦੀ ਸਮਰੱਥਾ ਦੇ ਨਾਲ-ਨਾਲ ਖ਼ੂਬਸੂਰਤ ਦਮਦਾਰ ਆਵਾਜ਼ ਸੀ। ਉਹ ਜਦੋਂ ਤਰੰਨੁਮ ਵਿਚ ਗਾਉਂਦਾ ਸੀ ਤਾਂ ਸਰੋਤਿਆਂ ਦੇ ਦਿਲਾਂ ਅਤੇ ਦਿਮਾਗ ਦੀਆਂ ਤਰਬਾਂ ਨੂੰ ਇਕੋ ਵੇਲੇ ਛੇੜਦਾ ਸੀ। ਸੰਤ ਰਾਮ ਉਦਾਸੀ ਜਮਾਤੀ ਚੇਤਨਾ ਦਾ ਕਵੀ ਸੀ, ਉਹ ਜਾਤੀ, ਧਾਰਮਿਕ ਤੇ ਇਲਾਕਾਈ ਵੰਡੀਆਂ ਤੋਂ ਉੱਪਰ ਉੱਠ ਕੇ ਦੁਨੀਆਂ ਭਰ ਦੇ ਕਾਮਿਆਂ ਨੂੰ ਸੰਬੋਧਤ ਸੀ। ਉਸਦੀ ਕਵਿਤਾ ਵਿਚ ਜੋਸ਼ ਅਤੇ ਹੋਸ਼ ਇਕ ਸੁਰ ਹਨ। ਉਸ ਨੇ ਕੱਚੇ ਕੋਠਿਆਂ ਵਾਲੇ, ਕੰਮੀਆ ਦੇ ਵਿਹੜੇ ਵਾਲਿਆਂ, ਹਾਲੀਆਂ, ਪਾਲੀਆਂ ਤੇ ਮਾਨਵਤਾ ਦੀ ਮੁਕਤੀ ਲਈ ਜੂਝਣ ਵਾਲੇ ਸ਼ਹੀਦਾਂ ਦੇ ਗੀਤ ਗਾਏ। ਉਦਾਸੀ ਦੀ ਕਵਿਤਾ ਵਿਚ ਸਿੱਖ ਵਿਰਸਾ ਅਤੇ ਸਮਕਾਲੀ ਯਥਾਰਥ ਠੋਸ ਰੂਪ ਵਿਚ ਪੇਸ਼ ਹੋਇਆ ਹੈ। ਉਸ ਨੇ ਔਰਤਾਂ ਖ਼ਾਸ ਕਰਕੇ ਮਜ਼ਦੂਰ ਕੁੜੀਆਂ ਦੇ ਅਰਮਾਨਾਂ ਨੂੰ ਹੀ ਨਹੀਂ ਚਿਤਰਿਆ ਸਗੋਂ ਅਰਮਾਨਾਂ ਨੂੰ ਪੂਰਾ ਕਰਨ ਲਈ ਸੰਘਰਸ਼ਸ਼ੀਲ ਹੋਣ ਦੀ ਪ੍ਰੇਰਨਾ ਦਿੱਤੀ ਹੈ। ਉਸ ਨੇ ਪਾਖੰਡੀ ਬੂਬਨੇ ਸਾਧਾਂ ਨੂੰ ਲਲਕਾਰਦਿਆਂ ਲੋਕਾਈ ਨੂੰ ਭਰਮ ਭੁਲੇਖਿਆਂ ਵਿਚੋਂ ਕੱਢਣ ਦਾ ਯਤਨ ਕੀਤਾ। ਉਸ ਨੇ ਇਨਕਲਾਬ ਦੇ ਸੂਹੇ ਮਾਰਗ ’ਤੇ ਚੱਲਣ ਦਾ ਹੋਕਾ ਦਿੱਤਾ ਸੀ। ਉਸ ਦੀ ਕਵਿਤਾ ਉਸ ਸਮੇਂ ਤਕ ਪੰਜਾਬੀ ਜਨਮਾਨਸ ਦੇ ਚੇਤਿਆਂ ਵਿਚ ਰਹੇਗੀ। ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੋ ਜਾਂਦੀ ਅਤੇ ਧਰਤੀ ’ਤੇ ਬੇਗ਼ਮਪੁਰਾ ਨਹੀਂ ਵੱਸ ਜਾਂਦਾ।

23 ਮਾਰਚ, 2014

**-ਅਜਮੇਰ ਸਿੱਧੂ**
**-ਇਕਬਾਲ ਕੌਰ ਉਦਾਸੀ**
(**ਸੰਤ ਰਾਮ ਉਦਾਸੀ ਯਾਦਗਾਰੀ ਕੌਮਾਂਤਰੀ ਟਰੱਸਟ**)



**ਭੂਮਿਕਾ**

# ਕਿਰਤੀਆਂ ਦੀ ਆਵਾਜ਼: ਸੰਤ ਰਾਮ ਉਦਾਸੀ

***-ਡਾ. ਰਾਜਿੰਦਰਪਾਲ ਸਿੰਘ, ਅਜਮੇਰ ਸਿੱਧੂ***

ਸੰਤ ਰਾਮ ਉਦਾਸੀ ਉਸ ਦੌਰ ਦਾ ਕਵੀ ਹੈ ਜਦੋਂ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿਚ ਉੱਠੀਆਂ ਲਹਿਰਾਂ ਨੇ ਵਕਤ ਦੀਆਂ ਸਰਕਾਰਾਂ ਅਤੇ ਸਥਾਪਤੀ ਨੂੰ ਵਖ਼ਤ ਪਾਇਆ ਹੋਇਆ ਸੀ। ਉਹ ਦੌਰ ਢਾਈ-ਤਿੰਨ ਦਹਾਕਿਆਂ ਦੀ ਸਥਿਲਤਾ ਨੂੰ ਤੋੜ ਰਿਹਾ ਸੀ ਅਤੇ ਉਸ ਦੌਰ ਵਿਚ ਖ਼ਾਸ ਕਰਕੇ ਨੌਜਵਾਨ ਤਬਕਾ ਸਥਾਪਤੀ ਤੋਂ ਨਾਬਰ ਹੋ ਰਿਹਾ ਸੀ। ਭਾਰਤ ਦੀ ਆਜ਼ਾਦੀ ਤੋਂ ਦੋ ਦਹਾਕੇ ਬਾਅਦ ਵੀ ਆਮ ਲੋਕਾਂ ਲਈ ਆਜ਼ਾਦੀ ਸੁਪਨਾ ਹੀ ਬਣੀ ਹੋਈ ਸੀ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਭਾਰਤ ਵਿਚ ਜਿਹੜੇ ਨੌਜਵਾਨਾਂ ਦਾ ਇਕ ਹਿੱਸਾ ਸਾਹਮਣੇ ਮੈਦਾਨ ਵਿਚ ਡਟਿਆ, ਉਦਾਸੀ ਉਨ੍ਹਾਂ ਵਿਚੋਂ ਇਕ ਸੀ।

ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਦੇਸ਼ਵਾਸੀਆਂ ਦਾ ਸੁਪਨਾ ਸੀ ਕਿ ਦੇਸ਼ ਆਜ਼ਾਦ ਹੋਣ ਨਾਲ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਜਦੋਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਨਾ ਹੋਇਆ ਤਾਂ ਇਉਂ ਜਾਪਣ ਲੱਗਾ ਜਿਵੇਂ ਉਨ੍ਹਾਂ ਨਾਲ ਕੋਈ ਧੋਖਾ ਹੋਇਆ ਹੋਵੇ। ਇਕ ਤਰ੍ਹਾਂ ਆਜ਼ਾਦੀ ਤੋਂ ਪਹਿਲਾਂ ਦੀ ਕਵਿਤਾ ਸੁਪਨੇ ਦੀ ਸਿਰਜਣਾ ਸੀ ਅਤੇ ਆਜ਼ਾਦੀ ਤੋਂ ਪਿਛੋਂ ਉਸ ਸੁਪਨੇ ਦੇ ਤਿੜਕਣ ਦੀ ਗਾਥਾ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਅੰਦਰ ਜੋ ਜਮਹੂਰੀਅਤ ਦਾ ਪ੍ਰਬੰਧ ਚੱਲਿਆ, ਉਸ ਨਾਲ ਰਾਜ ਤਾਂ ਬਦਲਦਾ ਰਿਹਾ ਹੈ ਪਰ ਰਾਜ ਪ੍ਰਬੰਧ ਨਹੀਂ ਬਦਲਿਆ। ਸਾਰੀਆਂ ਹੀ ਸਮੱਸਿਆਵਾਂ ਭ੍ਰਿਸ਼ਟਾਚਾਰ, ਕੁਨਬਾਪਰਵਰੀ, ਸੰਪਰਦਾਇਕਤਾ, ਜਾਤੀ ਭੇਦ ਭਾਵ ਅਤੇ ਅਮੀਰੀ-ਗ਼ਰੀਬੀ ਦਾ ਪਾੜਾ ਪਹਿਲਾਂ ਨਾਲੋਂ ਵੀ ਵਧ ਗਿਆ। ਸਿੱਟੇ ਵਜੋਂ ਸਮਾਜ ਦੇ ਚੇਤੰਨ ਹਿੱਸੇ ਵਿਚ ਤਥਾ-ਕਥਿਤ ਜਮਹੂਰੀਅਤ ਦਾ ਪਾਜ ਉੱਘੜਨਾ ਸ਼ੁਰੂ ਹੋ ਗਿਆ। ਆਜ਼ਾਦੀ ਤੋਂ ਬਾਅਦ ਦੇਸ਼ ਦੇ ਪਾਰਲੀਮਾਨੀ ਪ੍ਰਬੰਧ ਵਿਚ ਕਮਿਊਨਿਸਟ ਪਾਰਟੀਆਂ ਨੇ ਵੀ ਹਿੱਸਾ ਲਿਆ। ਕੁਝ ਰਾਜਾਂ ਵਿਚ ਇਨ੍ਹਾਂ ਨੇ ਸਰਕਾਰਾਂ ਬਣਾਈਆਂ ਪਰ ਜਦੋਂ ਇਨ੍ਹਾਂ ਰਾਜਾਂ ਵਿਚ ਵੀ ਬੁਨਿਆਦੀ ਤਬਦੀਲੀ ਨਾ ਵਾਪਰੀ, ਮੁੱਢਲੇ ਜ਼ਮੀਨੀ ਸੁਧਾਰ, ਜਿਨ੍ਹਾਂ ਵਿਚ ਮੁੱਖ ਨਾਅਰਾ ਜ਼ਮੀਨ ਹਲ਼ਵਾਹਕ ਨੂੰ ਦੇਣਾ ਸੀ, ਨਾ ਪੂਰਾ ਹੋਇਆ ਤਾਂ ਹਥਿਆਰਬੰਦ ਇਨਕਲਾਬ ਦੀ ਗੱਲ ਉੱਠੀ। ਇਸ ਵਿਚਾਰ ਨੂੰ ਗੁਆਂਢੀ ਦੇਸ਼ ਚੀਨ ਦੇ ਇਨਕਲਾਬ ਨੇ ਵੀ ਪ੍ਰੇਰਿਤ ਕੀਤਾ। ਚੀਨ ਨੇ ਭਾਰਤ ਤੋਂ ਪਿੱਛੋਂ ਆਜ਼ਾਦੀ ਪ੍ਰਾਪਤ ਕੀਤੀ ਸੀ ਪਰ ਕਮਿਊਨਿਸਟ ਪ੍ਰਬੰਧ ਅਧੀਨ ਤਰੱਕੀ ਦੀਆਂ ਮੰਜ਼ਿਲਾਂ

ਮਾਰੀਆਂ ਤਾਂ ਕਮਿਊਨਿਸਟਾਂ ਦੇ ਇਕ ਹਿੱਸੇ ਵਿਚ 'ਚੀਨ ਦਾ ਚੇਅਰਮੈਨ ਸਾਡਾ ਚੇਅਰਮੈਨ' ਦਾ ਵਿਚਾਰ ਪ੍ਰਬਲ ਹੋਇਆ ਅਤੇ 'ਚੀਨ ਦਾ ਰਾਹ ਸਾਡਾ ਰਾਹ' ਦਾ ਪੈਂਤੜਾ ਮੱਲਿਆ। ਇਸ ਪ੍ਰਸੰਗ ਵਿਚ ਦੇਸ਼ ਦੀ ਆਜ਼ਾਦੀ ਬਾਰੇ ਇਹ ਵਿਚਾਰ ਪ੍ਰਚੱਲਿਤ ਹੋਇਆ ਕਿ ਸਿਰਫ਼ ਗੋਰੇ ਅੰਗਰੇਜ਼ਾਂ ਦੀ ਥਾਂ ਕਾਲੇ ਅੰਗਰੇਜ਼ ਆਏ ਹਨ ਅਤੇ ਜਮਹੂਰੀਅਤ ਸਰਾਸਰ ਧੋਖਾ ਹੈ। ਇਸ ਸਮਝ ਦੇ ਪਿਛੋਕੜ ਵਿਚੋਂ ਸੰਤ ਰਾਮ ਉਦਾਸੀ ਨੇ ਆਪਣੇ ਪ੍ਰਸਿੱਧ ਗੀਤ 'ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ' ਵਿਚ ਸਪਸ਼ਟ ਰੂਪ ਵਿਚ ਕਹਿ ਦਿੱਤਾ:

*ਵਿਹਲੜਾਂ ਨੇ ਮਾਣਿਆ ਸਵਾਦ ਹੈ ਆਜ਼ਾਦੀਆਂ ਦਾ,*
*ਕਾਮਿਆਂ ਦੀ ਜਾਨ ਲੀਰੋ-ਲੀਰ ਹੋਈ ਏ।*
*ਤੇਰੇ ਜ਼ੁਲਮਾਂ ਦੀ,*
*ਤੇਰੇ ਜ਼ੁਲਮਾਂ ਦੀ, ਜ਼ਾਲਮਾ ਅਖ਼ੀਰ ਹੋਈ ਏ।*
*ਸੁਣ ਲਵੋ ਕਾਗੋ ਅਸੀਂ ਕਰ ਦੇਣਾ ਥੋਨੂੰ ਪੁੱਠੇ,*
*ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ।*
*ਰੋਟੀ ਬੱਚਿਆਂ ਦੇ,*
*ਰੋਟੀ ਬੱਚਿਆਂ ਦੇ ਹੱਥਾਂ ਵਿਚੋਂ ਖੋਹਣ ਵਾਲਿਓ।*

ਇਹੀ ਰੰਗ ਉਸਦੀ 'ਪੰਦਰਾਂ ਅਗਸਤ ਦੇ ਨਾਂ' ਕਵਿਤਾ ਵਿਚ ਮਿਲਦਾ ਹੈ। ਜਦੋਂ ਉਹ ਲਿਖਦਾ ਹੈ:

*ਅਸੀਂ ਤੋੜੀਆਂ ਗ਼ੁਲਾਮੀ ਦੀਆਂ ਕੜੀਆਂ,*
*ਬੜੇ ਹੀ ਅਸੀਂ ਦੁੱਖੜੇ ਜਰੇ।*
*ਆਖਣਾ ਸਮੇਂ ਦੀ ਸਰਕਾਰ ਨੂੰ,*
*ਉਹ ਗਹਿਣੇ ਸਾਡਾ ਦੇਸ਼ ਨਾ ਧਰੇ।*

*ਉੱਚੀ ਕਰ ਕੇ ਆਵਾਜ਼, ਮਜ਼ਦੂਰ ਨੇ ਹੈ ਕਹਿਣਾ।*
*ਹਿੱਸਾ ਦੇਸ਼ ਦੀ ਆਜ਼ਾਦੀ ਵਿਚੋਂ, ਅਸੀਂ ਵੀ ਹੈ ਲੈਣਾ।*
*ਅੱਜ ਸਾਡੇ ਰਾਹਾਂ ਵਿਚ ਕੋਈ ਠੇਸ ਨਾ ਧਰੇ।*
*ਆਖਣਾ ਸਮੇਂ ਦੀ ਸਰਕਾਰ ਨੂੰ,*
*ਉਹ ਗਹਿਣੇ ਸਾਡਾ ਦੇਸ਼ ਨਾ ਧਰੇ।*

'ਆਜ਼ਾਦੀ ਦਾ ਦਿਨ' ਕਵਿਤਾ ਵਿਚ ਉਹ ਪੂੰਜੀਪਤੀਆਂ ਵਲੋਂ ਲੋਕਾਂ ਨੂੰ ਆਪਸ ਵਿਚ ਪਾੜਨ ਦੇ ਸਾਰੇ ਢੰਗ ਤਰੀਕਿਆਂ ਨੂੰ ਨੰਗਾ ਕਰਦਾ ਹੈ। 14 ਅਗਸਤ 1975 ਨੂੰ ਐਮਰਜੈਂਸੀ ਸਮੇਂ ਹਵਾਲਾਤ ਸ਼ਹਿਣਾ ਥਾਣੇ ਅੰਦਰ ਲਿਖੀ ਕਵਿਤਾ ਨੇ ਤਾਂ



ਆਜ਼ਾਦੀ ਦਾ ਸਾਰਾ ਹੀਜ਼-ਪਿਆਜ਼ ਨੰਗਾ ਕਰ ਦਿੱਤਾ। ਜਦੋਂ ਉਸ ਨੇ ਸਪੱਸ਼ਟ ਲਿਖ ਦਿੱਤਾ:

*ਐਤਕੀਂ ਤਾਂ ਬਹੁਤ ਲੰਮੀ ਹੋ ਜਾਏਗੀ*
*ਰਾਸ਼ਟਰਪਤੀ ਅਵਾਰਡਾਂ ਦੀ ਲਿਸਟ*
*ਤੇ ਉਂਞ ਵੀ ਬਹੁਤ ਲੰਮੇ ਹੋ ਜਾਣਗੇ*
*ਵੱਢੀਆਂ ਲੈਣ ਲਈ ਅਫ਼ਸਰਾਂ ਦੇ ਹੱਥ*
*ਤੇ ਏਦੂੰ ਵੀ ਸੈਂਕੜੇ ਗੁਣਾਂ ਵੱਧ ਜਾਏਗੀ*
*ਜੇਲ੍ਹ ਸੁਪਰਡੈਂਟਾਂ ਨੂੰ ਸਿਆਸੀ ਕੈਦੀਆਂ ਦੇ ਸਾਂਭਣ ਦੀ ਸਿਰਦਰਦੀ*
*ਪਰ ਬਹੁਤ ਛੋਟੇ ਹੋ ਜਾਣਗੇ ਥਾਣਿਆਂ ਦੇ ਰੋਜ਼ਨਾਮਚੇ*
*ਕਿਉਂਕਿ ਪੁਲਿਸ ਨੂੰ ਬਹੁਤ ਕਾਹਲ ਹੋਏਗੀ*
*'ਰੋਟੀ ਮੰਗਦੇ ਸਮਾਜ ਵਿਰੋਧੀ ਅਨਸਰ' ਨਾਲ*
*ਨਹਿਰ ਦੇ ਪੁਲ 'ਤੇ ਮੁਕਾਬਲਾ ਦਿਖਾਉਣ ਲਈ*
*ਮਨਾਇਆ ਤਾਂ ਐਤਕੀਂ ਵੀ ਜਾਏਗਾ ਆਜ਼ਾਦੀ ਦਾ ਦਿਨ।*

*ਲਾਏ ਜਾਣਗੇ ਵਿਧਾਨ ਦੀ ਰੱਖਿਆ ਦੇ ਨਾਹਰੇ*
*ਪਰ ਹਰ ਵੱਡੇ ਨੂੰ ਹੱਕ ਹੋਏਗਾ ਵਿਧਾਨ ਦੀ ਨਾੜ ਮਰੋੜਨ ਦਾ*
*ਕਿਉਂਕਿ ਇਹ ਕਿਹੜਾ ਗੁਰੂ ਗੋਬਿੰਦ ਸਿੰਘ ਜੀ ਦਾ ਸਿਧਾਂਤ ਹੈ*
*ਜਾਂ ਇੰਨਟੈਰੋਗੇਸ਼ਨ ਵਿਚ ਨਿਭਾਇਆ ਗਿਆ 'ਕਾਮਰੇਡਾਂ ਦਾ ਸਿਦਕ'*
*ਵਿਧਾਨ ਦੇ ਕਿਸੇ ਵੀ ਅੰਗ ਦੀ ਭੰਨ ਤੋੜ*
*ਅੱਤ ਜ਼ਰੂਰੀ ਹੈ ਸਾਡੇ 'ਅੱਵਲ ਨੰਬਰ ਦੇ ਲੋਕਰਾਜ' ਦੀ*
*'ਸਿਹਤ' ਅਤੇ 'ਸੇਧ' ਲਈ*
*ਮਨਾਇਆ ਤਾਂ ਐਤਕੀਂ ਵੀ ਜਾਏਗਾ ਆਜ਼ਾਦੀ ਦਾ ਦਿਨ।*

ਸੰਤ ਰਾਮ ਉਦਾਸੀ ਕਾਵਿ ਵਿਚ ਦੇਸ਼ ਦੀ ਆਜ਼ਾਦੀ ਨੂੰ ਸੱਤਾ ਤਬਦੀਲੀ ਪਿਛੋਂ ਬਸਤੀਆਂ ਰਹੇ ਦੇਸ਼ਾਂ ਵਿਚ ਪੈਦਾ ਹੋਈ ਦਲਾਲ ਸਰਮਾਏਦਾਰੀ ਦੇ ਕਿਰਦਾਰ ਨੂੰ, ਇਸੇ ਦਲਾਲ ਸਰਮਾਏਦਾਰਾਂ ਵਲੋਂ ਪੇਂਡੂ ਖੇਤਰ ਵਿਚ ਜਾਣ-ਬੁਝ ਕੇ ਰੱਖੀ ਜਗੀਰਦਾਰੀ ਰਹਿੰਦ-ਖੂੰਹਦ ਨੂੰ ਅਤੇ ਉਨ੍ਹਾਂ ਦੇ ਗੱਠਜੋੜ ਨੂੰ ਚੰਗੀ ਤਰ੍ਹਾਂ ਨੰਗਾ ਕੀਤਾ ਹੈ। ਵਾਰ-ਵਾਰ ਸਿੱਧ ਕੀਤਾ ਹੈ ਕਿ ਮੌਜੂਦਾ ਪ੍ਰਬੰਧ ਵਿਚ ਰਾਜਸੀ ਪਾਰਟੀਆਂ ਅਤੇ ਪੁਲਿਸ ਦਾ ਗੱਠਜੋੜ ਬੜਾ ਗੂੜ੍ਹਾ ਹੈ ਜਿਸ ਵਿਚ ਹਰ ਕਿਸਮ ਦੇ ਮਿਹਨਤ ਕਰਨ ਵਾਲੇ ਕਿਰਤੀ, ਕਿਸਾਨ ਅਤੇ ਛੋਟੇ ਨੌਕਰੀਪੇਸ਼ਾ ਦਾ ਖ਼ੂਨ ਚੂਸਿਆ ਜਾ ਰਿਹਾ ਹੈ। ਉਦਾਸੀ ਇਸ ਦਾ ਹੱਲ ਕਿਸੇ ਪਾਰਲੀਮਾਨੀ ਪ੍ਰਬੰਧ ਜਾਂ ਕਿਸੇ ਸੁਧਾਰ ਵਿਚ ਨਹੀਂ ਦੇਖਦਾ ਸਗੋਂ ਇਨਕਲਾਬ ਵਿਚ ਹੀ ਦੇਖਦਾ ਸੀ:

*ਮੈਂ ਥੱਕ ਗਿਆ ਹਾਂ ਸੁਣ ਸੁਣ ਕੇ, ਅੱਜ ਕਹਿਣ ਦੀ ਹਿੰਮਤ ਕਰਦਾ ਹਾਂ।*
*ਲਹਿਰਾ ਝੰਡਾ ਸੰਗਰਾਮਾਂ ਦਾ, ਅੱਜ ਫੇਰ ਬਗ਼ਾਵਤ ਕਰਦਾ ਹਾਂ।*

*ਫਿਰ ਕਿਉਂ ਨਾ ਅੱਜ ਮਜ਼ਦੂਰ ਕਹੇ, ਜੋ ਧਰਤੀ 'ਤੇ ਉਹ ਮੇਰਾ ਏ।*
*ਜਿਸ ਨੂੰ ਤੂੰ ਆਪਣਾ ਦੇਸ਼ ਕਹੇ, ਉਹ ਤੇਰਾ ਨਹੀਂ ਉਹ ਮੇਰਾ ਏ।*

*(ਮਜ਼ਦੂਰ ਦੀ ਦੇਸ਼-ਸੇਵਾ)*

*ਕੁੱਤੇ ਜਿਹੀ ਇਨਸਾਨ ਦੀ ਕਦਰ ਹੈ ਨਾ,*
*ਅੱਗੋਂ ਮੰਗਦੇ ਨੇ ਸਾਥੋਂ ਵਫ਼ਾਦਾਰੀ।*
*ਜਾਂ ਤਾਂ ਅਸੀਂ ਹੀ ਰਹਾਂਗੇ ਦੇਸ਼ ਅੰਦਰ,*
*ਜਾਂ ਫਿਰ ਰਹੇਗੀ ਇਥੇ ਸਰਮਾਏਦਾਰੀ।*

*(ਲਲਕਾਰ: ਮਜ਼ਦੂਰ ਦੇ ਨਾਂ)*

*ਜਿਹੜੀ ਖ਼ੂਨ ਹੈ ਕਿਰਤ ਦਾ ਪੀਂਦੀ, ਤੋੜ ਦੇਣੀ ਤਨ ਦੇ ਉੱਤੋਂ,*
*ਜੋਕ ਵੇ! ਲੋਕੀਂ ਅੱਜ ਨਿਕਲ ਪਏ ਹਿੱਕਾਂ ਠੋਕ ਵੇ।*

*(ਲੋਕ ਰੰਗ)*

*ਫੇਰ ਸਾਡੇ ਪਿੰਡਾਂ 'ਚੋਂ ਨਿਰਾਸ਼ਾ ਨਾ ਤੂੰ ਜਾਏਂਗਾ।*
*ਚੂੜੀਆਂ ਦੇ ਨਾਲ ਜਦੋਂ ਚਾਕੂ ਵੀ ਲਿਆਏਂਗਾ।*
*ਅਸੀਂ ਪਾੜ੍ਹਨਾ ਕਾਨੂੰਨ ਦਾ ਵੇ ਖੋਖਾ।*
*ਖੋਖਾ- ਵੇ ਵੀਰਾ ਵਣਜਾਰਿਆ।*

*(ਚੂੜੀਆਂ ਦਾ ਹੋਕਾ)*

ਜਿਵੇਂ-ਜਿਵੇਂ ਮਨੁੱਖ ਨੂੰ ਗਿਆਨ ਵਿਗਿਆਨ ਦੀ ਤਰੱਕੀ ਨਾਲ ਧਰਤੀ ਦੀ ਸ਼ਕਲ ਅਤੇ ਆਕਾਰ ਦਾ ਪਤਾ ਲੱਗਿਆ। ਉਵੇਂ-ਉਵੇਂ ਹੀ ਸ਼ਕਤੀਸ਼ਾਲੀ ਕੌਮਾਂ ਨੇ ਆਪਣੇ-ਆਪਣੇ ਦੇਸ਼ ਦੀਆਂ ਸਰਹੱਦਾਂ ਤੋਂ ਬਾਹਰਲੇ ਦੇਸ਼ਾਂ ਦੀਆਂ ਸਰਹੱਦਾਂ 'ਤੇ ਕਬਜ਼ੇ ਕਰਨੇ ਸ਼ੁਰੂ ਕੀਤੇ। ਉਦਯੋਗਿਕ ਵਿਕਾਸ ਤੋਂ ਪਹਿਲਾਂ ਦੂਜੇ ਦੇਸ਼ਾਂ ਨੂੰ ਜਿੱਤਣ ਦਾ ਮਤਲਬ ਸਿਰਫ਼ ਆਪਣੇ ਦੇਸ਼ ਵਿਚ ਮਿਲਾ ਲੈਣ ਜਾਂ ਉਥੋਂ ਦੇ ਹਾਕਮਾਂ ਤੋਂ ਈਨ ਮਨਾ ਲੈਣ ਤਕ ਸੀ। ਉਦਯੋਗਿਕ ਵਿਕਾਸ ਨਾਲ ਮੰਡੀ ਅਰਥਚਾਰੇ ਨੇ ਦੂਜੇ ਦੇਸ਼ਾਂ ਦਾ ਕੱਚਾ ਮਾਲ ਲੁੱਟਣ ਅਤੇ ਮੁੜ ਆਪਣਾ ਤਿਆਰ ਮਾਲ ਉਨ੍ਹਾਂ ਮੰਡੀਆਂ ਵਿਚ ਵੇਚਣ ਦੀ ਪ੍ਰਥਾ ਪਈ। ਇਸ ਨਾਲ ਹੀ ਆਧੁਨਿਕ ਸਾਮਰਾਜਾਂ ਦਾ ਜਨਮ ਹੋਇਆ। ਇਹ ਸਾਮਰਾਜੀ ਜਾਲ਼ ਇਕ ਸਮੇਂ ਪੂਰੀ ਦੁਨੀਆਂ ਵਿਚ ਫ਼ੈਲ ਗਿਆ ਸੀ। ਇਸ ਸਾਮਰਾਜ ਦਾ ਵਿਰੋਧ ਕੌਮੀ ਲਹਿਰਾਂ ਨੇ ਕੀਤਾ। ਕੌਮੀ ਲਹਿਰਾਂ ਦੀ ਅਗਵਾਈ ਧਰਤੀ ਦੇ ਵੱਖ-ਵੱਖ ਖਿੱਤਿਆਂ ਵਿਚ ਵੱਖ-ਵੱਖ ਵਿਚਾਰਧਾਰਾਵਾਂ ਦੇ ਲੋਕਾਂ ਦੇ ਹੱਥਾਂ ਵਿਚ ਸੀ। ਕਿਤੇ ਕਮਿਊਨਿਸਟ ਅਗਵਾਈ ਕਰ ਰਹੇ ਸਨ। ਕਿਤੇ ਕੌਮੀ ਸਰਮਾਏਦਾਰੀ ਅਗਵਾਈ ਕਰਦੀ ਸੀ। ਕਿਤੇ ਇਸ ਦਾ ਰੂਪ ਜਨਤਕ ਵਿਰੋਧਤਾਈ ਦਾ ਸੀ ਤੇ ਕਿਤੇ ਗੁਪਤ ਹਥਿਆਰਬੰਦ ਵਿਰੋਧਤਾ ਦਾ। ਇਸੇ ਸਮੇਂ ਹੀ



ਅੰਤਰਰਾਸ਼ਟਰੀਵਾਦ ਦਾ ਜਨਮ ਹੋਇਆ। ਇਕ ਤਰ੍ਹਾਂ ਨਾਲ ਅੰਤਰਰਾਸ਼ਟਰੀਵਾਦ ਸਾਮਰਾਜੀ ਸਰਮਾਏਦਾਰੀ ਦੀ ਵਿਰੋਧੀ ਵਿਚਾਰਧਾਰਾ ਹੈ। ਜਿਸ ਵਿਚ ਆਜ਼ਾਦੀ ਲਈ ਤਾਂਘਦੀਆਂ ਕੌਮਾਂ ਇਕ ਦੂਸਰੇ ਦੀ ਸਹਾਇਤਾ ਕਰਨਾ ਲੋਚਦੀਆਂ ਹਨ ਅਤੇ ਇਕ ਦੂਸਰੇ ਨਾਲ ਬਰਾਬਰੀ ਦੇ ਆਧਾਰ 'ਤੇ ਸਬੰਧ ਸਥਾਪਿਤ ਕਰਦੀਆਂ ਹਨ। ਰੂਸ ਦੇ ਅਕਤੂਬਰ 1917 ਦੇ ਇਨਕਲਾਬ ਤੋਂ ਬਾਅਦ ਹੀ ਅੰਤਰਰਾਸ਼ਟਰੀਵਾਦ ਫੈਲਣਾ ਸ਼ੁਰੂ ਹੋਇਆ ਸੀ ਪਰ ਦੂਜੀ ਸੰਸਾਰ ਜੰਗ ਤੋਂ ਬਾਅਦ ਇਹ ਵਿਚਾਰ ਬਹੁਤ ਤੇਜ਼ੀ ਨਾਲ ਫੈਲਿਆ ਕਿ ਸਾਰੀਆਂ ਦਬਾਈਆਂ ਕੌਮਾਂ ਇੱਕਠੀਆਂ ਹੋਣ ਅਤੇ ਇਕ ਦੂਜੇ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਨ। ਸੰਤ ਰਾਮ ਉਦਾਸੀ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਇਸ ਪ੍ਰਸੰਗ ਵਿਚ ਵਿਚਾਰੀਆਂ ਜਾ ਸਕਦੀਆਂ ਹਨ। 'ਲੈਨਿਨ ਦੇ ਨਾਂ', 'ਵੀਅਤਕਾਂਗੀ ਕੁੜੀ ਦਾ ਪਿਆਰ', 'ਸੂਰਮੇ', 'ਵੀਅਤਕਾਂਗੀ ਬੱਚੇ', 'ਵੀਅਤਨਾਮ', 'ਦੁਨੀਆਂ ਭਰ ਦੇ ਕਾਮਿਓ', 'ਸਾਥੀ ਮਾਓ ਦੇ ਨਾਂ' ਆਦਿ ਕਵਿਤਾਵਾਂ ਉਸਦੇ ਅੰਤਰਰਾਸ਼ਟਰੀ ਸਰੋਕਾਰਾਂ ਨੂੰ ਦਰਸਾਉਂਦੀਆਂ ਹਨ। ਉਹ ਰੂਸ, ਚੀਨ, ਵੀਅਤਨਾਮ ਵਰਗੇ ਇਨਕਲਾਬ ਕਰ ਚੁੱਕੇ ਜਾਂ ਇਨਕਲਾਬ ਦੇ ਰਾਹ ਪਏ ਹੋਏ ਲੋਕਾਂ ਨਾਲ ਸਾਂਝ ਵਧਾਉਂਦਾ ਹੈ। ਅਸਲ ਵਿਚ ਤਾਂ ਸੰਤ ਰਾਮ ਉਦਾਸੀ ਦੀ ਮੁੱਖ ਖ਼ਾਸੀਅਤ ਹੀ ਇਹ ਸੀ ਕਿ ਉਹ ਅੰਤਰਰਾਸ਼ਟਰੀ ਪੱਧਰ ਦੇ ਗੰਭੀਰ ਰਾਜਨੀਤਕ ਮੁੱਦਿਆਂ ਨੂੰ ਲੋਕ ਭਾਸ਼ਾ ਵਿਚ ਸੌਖਿਆਂ ਕਰਕੇ ਸਮਝਾਉਣ ਦੀ ਸਮਰੱਥਾ ਰੱਖਦਾ ਸੀ। ਇਹਦੇ ਲਈ 'ਵੀਅਤਨਾਮ' ਕਵਿਤਾ ਦੇਖੀ ਜਾ ਸਕਦੀ ਹੈ।

*ਦੁਨੀਆਂ ਦੇ ਲੋਕੋ ਵੇ, ਧਰਤੀ ਦੇ ਜਾਇਓ ਵੇ।*
*ਇਕ ਗੀਤ ਸੁਣਾਵਾਂ ਮੈਂ, ਇਕ ਬਾਤ ਸੁਣਾਵਾਂ ਮੈਂ।*
*ਜੋ ਦਰਦ ਕਹਾਣੀ ਏ, ਪਰ ਸਭ ਦੀ ਸਾਂਝੀ ਏ।*
*ਦੁਨੀਆਂ ਦੇ ਲੋਕੋ ਵੇ, ਧਰਤੀ ਦੇ ਜਾਇਓ ਵੇ।*

*ਉਸ ਪਾਰ ਸਮੁੰਦਰ ਵਿਚ, ਇਕ ਨਾਗ ਵਸੇਂਦਾ ਏ।*
*ਜੋ ਬੜਾ ਜ਼ਹਿਰੀਲਾ ਏ, ਜਨਤਾ ਦਾ ਵੈਰੀ ਏ।*
*ਉਹ ਪੱਛਮ ਵਿਚ ਰਹਿੰਦਾ, ਅਸੀਂ ਪੂਰਬ ਵਿਚ ਰਹਿੰਦੇ।*
*ਉਹ ਉਸ ਕਿਨਾਰੇ 'ਤੇ, ਅਸੀਂ ਇਸ ਕਿਨਾਰੇ 'ਤੇ ਹਾਂ।*
*ਪਰ ਫਿਰ ਵੀ ਡਰ ਉਸਦਾ, ਪੂਰਬ ਦੀ ਧਰਤੀ ਨੂੰ।*
*ਦੁਨੀਆਂ ਦੇ ਲੋਕੋ ਵੇ...*

*ਉਹ ਉਸ ਕਿਨਾਰੇ 'ਤੇ ਹੈ ਜ਼ਹਿਰਾਂ ਘੋਲ ਰਿਹਾ।*
*ਇਸ ਦੁਧੀਏ ਪਾਣੀ ਵਿਚ, ਅਮਨਾਂ ਦੇ ਸਾਗਰ ਵਿਚ।*
*ਤੇ ਘੋਲ-ਘੋਲ ਜ਼ਹਿਰਾਂ ਸਾਡੇ ਵੱਲ ਘੱਲ ਰਿਹਾ।*
*ਦੁਨੀਆਂ ਦੇ ਲੋਕੋ ਵੇ, ਜਾਗੋ ਵੇ ਸੰਭਲੋ ਵੇ।*
*ਦੁਨੀਆਂ ਦੇ ਲੋਕੋ ਵੇ...*

*ਤੁਹਾਨੂੰ ਸਹੁੰ ਖੇਤਾਂ ਦੀ, ਤੁਹਾਨੂੰ ਸਹੁੰ ਬੱਚਿਆਂ ਦੀ।*
*ਤੇ ਸਹੁੰ ਏਸ਼ੀਆ ਦੀ, ਪੂਰਬ ਦੀ ਧਰਤੀ ਦੀ।*
*ਇਕ ਸੋਟਾ ਏਕੇ ਦਾ, ਆਪਣੇ ਹੱਥ ਫੜੀਏ ਵੇ।*
*ਤੇ ਉਸ ਕਿਨਾਰੇ ਜਾ, ਫ਼ਨੀਅਰ ਦੇ ਜੜੀਏ ਵੇ।*
*ਦੁਨੀਆਂ ਦੇ ਲੋਕੋ ਵੇ...*

*ਉਸ ਏਸ ਸਮੁੰਦਰ ਵਿਚ ਜੋ ਜ਼ਹਿਰ ਮਿਲਾਈ ਏ।*
*ਜੋ ਕਹਿਰ ਮਚਾਇਆ ਏ, ਜੋ ਮੌਤ ਰਲਾਈ ਏ।*
*ਪੀ ਅੰਮ੍ਰਿਤ ਏਕੇ ਦਾ, ਜ਼ਹਿਰਾਂ ਸਭ ਚੂਸ ਲਈਏ।*
*ਜ਼ਹਿਰਾਂ ਸਭ ਚੂਸ ਲਈਏ, ਪਾਣੀ ਨੂੰ ਧੋ ਸੁੱਟੀਏ।*
*ਦੁਨੀਆਂ ਦੇ ਲੋਕੋ ਵੇ, ਧਰਤੀ ਦੇ ਜਾਇਓ ਵੇ।*

ਸਾਮਰਾਜੀ ਜਾਲ਼ ਫੈਲਣ ਤੋਂ ਬਾਅਦ ਧਰਤੀ ਉਪਰ ਦੋ ਕਿਸਮ ਦੀਆਂ ਲੜਾਈਆਂ ਚੱਲਦੀਆਂ ਰਹੀਆਂ ਹਨ। ਇਕ ਲੜਾਈ ਸਾਮਰਾਜੀਆਂ ਦੀ ਧਰਤੀ ਨੂੰ ਆਪਸ ਵਿਚ ਮੁੜ ਵੰਡਣ ਦੀ ਸੀ ਅਤੇ ਦੂਸਰੀ ਸਾਮਰਾਜੀਆਂ ਤੋਂ ਮੁਕਤ ਹੋਣ ਦੀ ਕੌਮੀ ਮੁਕਤੀ ਦੀ ਸੀ। ਦੋ ਸੰਸਾਰ ਜੰਗਾਂ ਸਾਮਰਾਜੀਆਂ ਦੀ ਆਪਸੀ ਖਹਿਬਾਜ਼ੀ ਦਾ ਸਿੱਟਾ ਸਨ, ਜਿਸ ਵਿਚ ਬੇਦੋਸ਼ੇ ਲੋਕਾਂ ਨੂੰ ਭਾੜੇ 'ਤੇ ਆਪਸ ਵਿਚ ਲੜਾਇਆ ਜਾਂਦਾ ਸੀ। ਇਨ੍ਹਾਂ ਸਾਮਰਾਜੀ ਜੰਗਾਂ ਦਾ ਅਸਲ ਖ਼ਾਤਮਾ ਤਾਂ ਸਾਮਰਾਜ ਤੋਂ ਮੁਕਤੀ ਹੀ ਸੀ ਪਰ ਇਕ ਸੰਸਾਰ ਪੱਧਰ 'ਤੇ ਅਮਨ ਦੀ ਲਹਿਰ ਚੱਲੀ ਜੋ ਸਾਮਰਾਜੀ ਵਿਰੋਧੀ ਤਾਕਤਾਂ ਲਈ ਇਕ ਪੈਂਤੜੇਬਾਜ਼ੀ ਵਜੋਂ ਹਥਿਆਰ ਸੀ। ਇਸ ਅਮਨ ਲਹਿਰ ਦਾ ਜ਼ੋਰ ਦੂਜੀ ਸੰਸਾਰ ਜੰਗ ਤੋਂ ਬਾਅਦ ਪੂਰੀ ਦੁਨੀਆਂ ਵਿਚ ਚੱਲਿਆ ਸੀ। ਇਹੀ ਕਿਤੇ ਨਾ ਕਿਤੇ ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਵਿੱਚੋਂ ਮਿਲਦਾ ਹੈ। ਇਸ ਪ੍ਰਸੰਗ ਵਿਚ ਉਸ ਦੀਆਂ ਕਵਿਤਾਵਾਂ 'ਅਮਨ ਦੀ ਹੂਕ' ਅਤੇ 'ਸਮਾਜਵਾਦੀ ਜੰਗ' ਪੜ੍ਹੀਆਂ ਜਾ ਸਕਦੀਆਂ ਹਨ। ਖ਼ੂਬਸੂਰਤ ਗੱਲ ਇਹ ਹੈ ਕਿ ਉਦਾਸੀ ਇਨ੍ਹਾਂ ਕਵਿਤਾਵਾਂ ਵਿਚ ਅਮਨ ਦੀ ਸਾਮਰਾਜੀ ਪਰਿਭਾਸ਼ਾ ਤੋਂ ਮੁਕਤ ਹੈ। ਉਹ ਤਾਂ ਅਮਨ ਨੂੰ ਇਨਕਲਾਬੀਆਂ ਦੀ ਨਜ਼ਰ ਤੋਂ ਦੇਖਦਾ ਹੈ। ਇਸੇ ਲਈ ਉਹ ਦੋਹਾਂ ਜੰਗਾਂ ਦੇ ਦਰਮਿਆਨ ਫ਼ਰਕ ਕਰਦਾ ਹੈ।

*ਸੱਚ ਦੱਸੀਂ ਕੀਤੀ ਜਦੋਂ ਸੂਟ 'ਤੇ ਲਵਾਈ ਸੀ।*
*ਮਾਰੇ ਮੇਰੇ ਵੀਰ ਜਾਂ ਤੇਰੇ ਬਾਪ ਦੇ ਜਵਾਈ ਸੀ।*
*ਤਾਹੀਓਂ ਪਿੰਡਾਂ 'ਚ ਖੁਲੇ ਨਾ ਅੱਖ ਤੇਰੀ...।*

*ਮੈਨੂੰ ਚੰਗਾ ਲੱਗੇ ਨਾ ਦਿਹਾੜੀਦਾਰ ਯੋਧਾ ਵੇ।*
*ਜਾਣੇ ਨਾ ਬਰੂਦ ਕੀ ਅਰਥ ਹੁੰਦਾ ਮੋਹ ਦਾ ਵੇ।*
*ਬਾਲ ਵੇਖ ਸਾਰੀ ਭੁੱਖ ਲਹਿ ਜਾਊ ਤੇਰੀ...।*



*ਆਉਣ ਦੀ ਚਿੱਠੀ ਨਾ ਪਾਈ ਇਕ ਵੀ ਨਾ ਜਾ ਕੇ ਨੀ।*
*ਖ਼ਬਰੇ ਕੀ ਤੋਰਿਆ ਏ ਪਿਪੜੀ ਪੜ੍ਹਾ ਕੇ ਨੀ।*
*ਗੱਲ ਉਤਲੇ ਪਤੇ ਦੀ ਹੁੰਦੀ ਤੇਰੀ...*

*(ਅਮਨ ਦੀ ਹੂਕ)*

ਦੂਸਰੇ ਪਾਸੇ ਉਹ ਸਮਾਜਵਾਦੀ ਜੰਗ ਨੂੰ ਭਾਵ ਕੌਮੀ ਮੁਕਤੀ ਲਹਿਰ ਦੀ ਜੰਗ ਨੂੰ ਰੋਟੀ ਜਿੰਨੀ ਮੰਗ ਦੱਸਦਾ ਹੈ। ਉਹ ਲਿਖਦਾ ਹੈ:

*ਤੂੰ ਕਾਮਿਆਂ ਦੀ ਜਿੱਤ ਦਾ ਨਿਸ਼ਾਨ ਹੈਂ, ਜੋ ਮੱਥੇ ਲਾਇਆ ਚਾਰੇ ਕੂਟਾਂ ਦੇ।*
*ਜੰਗ ਵੇ! ਜੰਗ ਵੇ!! ਦੁਨੀਆਂ ਦੇ ਕਾਮਿਆਂ ਲਈ, ਤੂੰ ਰੋਟੀ ਜਿੰਨੀ ਮੰਗ ਵੇ।*

*(ਸਮਾਜਵਾਦੀ ਜੰਗ)*

ਇਸ ਕਵਿਤਾ ਨੂੰ ਜੇ ਅਸੀਂ ਨਕਲਸਬਾੜੀ ਲਹਿਰ ਦੇ ਹੋਰ ਕਵੀਆਂ ਜਿਵੇਂ ਪਾਸ਼ ਦੀ 'ਯੁੱਧ ਅਤੇ ਸ਼ਾਂਤੀ', 'ਤੀਸਰਾ ਮਹਾਂਯੁੱਧ' ਅਤੇ ਓਮ ਪ੍ਰਕਾਸ਼ ਸ਼ਰਮਾ ਦੀ 'ਜੰਗ ਅਜੇ ਮੁੱਕੀ ਨਹੀਂ' ਨਾਲ ਜੋੜ ਕੇ ਪੜ੍ਹੀਏ ਤਾਂ ਇਸ ਲਹਿਰ ਦੇ ਕਵੀ ਸਾਮਰਾਜੀ ਭਰਾ ਮਾਰੂ ਜੰਗਾਂ ਦਾ ਵਿਰੋਧ ਅਮਨ ਦੇ ਪੈਂਤੜੇ ਤੋਂ ਕਰਦੇ ਸਨ ਪਰ ਸਾਮਰਾਜ ਖ਼ਿਲਾਫ਼ ਉੱਠ ਰਹੀਆਂ ਹਥਿਆਰਬੰਦ ਕੌਮੀ ਲਹਿਰਾਂ ਨੂੰ ਜੀ ਆਇਆਂ ਆਖਦੇ ਸਨ। ਜੰਗਾਂ ਦਰਮਿਆਨ ਅਜਿਹਾ ਸੂਖ਼ਮ ਨਿਖੇੜਾ ਰਾਜਸੀ ਦਸਤਾਵੇਜ਼ਾਂ ਵਿਚ ਕਰਨਾ ਤਾਂ ਸੰਭਵ ਹੁੰਦਾ ਹੈ ਪਰ ਕਵਿਤਾ ਵਰਗੀ ਵਿਧਾ ਵਿਚ ਇਸ ਨੂੰ ਲੋਕ ਪੱਧਰ 'ਤੇ ਸਮਝਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਮਾਣ ਵਾਲੀ ਗੱਲ ਇਹ ਹੈ ਕਿ ਉਦਾਸੀ ਦੇ ਹਿੱਸੇ ਇਹ ਕਾਰਨਾਮਾ ਕਰਨਾ ਆਇਆ ਹੈ।

ਸੰਤ ਰਾਮ ਉਦਾਸੀ ਬੁਨਿਆਦੀ ਤੌਰ 'ਤੇ ਰਾਜਸੀ ਚੇਤਨਾ ਦਾ ਕਵੀ ਹੈ ਅਤੇ ਉਹ ਰਾਜਸੀ ਸਰੋਕਾਰਾਂ ਨੂੰ ਪ੍ਰਮੁੱਖਤਾ ਦਿੰਦਾ ਸੀ ਪਰ ਇਸਦੇ ਬਾਵਜੂਦ ਉਸਦੀ ਕਵਿਤਾ ਵਿਚ ਸਮਾਜਿਕ ਅਤੇ ਸਭਿਆਚਾਰਕ ਸਰੋਕਾਰਾਂ ਨੂੰ ਵੀ ਥਾਂ ਮਿਲੀ ਹੋਈ ਹੈ। ਉਸਦਾ ਇਨ੍ਹਾਂ ਮਸਲਿਆਂ ਪ੍ਰਤੀ ਦ੍ਰਿਸ਼ਟੀਕੋਣ ਰਾਜਸੀ ਹੀ ਸੀ। ਭਾਰਤੀ ਸਮਾਜ ਵਿਚ ਔਰਤ ਦੀ ਹਾਲਤ ਮੁੱਢ ਤੋਂ ਹੀ ਮਾੜੀ ਰਹੀ ਹੈ। ਆਧੁਨਿਕਤਾ ਨਾਲ ਇਸ ਵਿਚ ਕੁਝ ਫ਼ਰਕ ਪਿਆ ਹੈ ਪਰ ਅਕਸਰ ਕੁਝ ਕਵੀ ਔਰਤ ਪ੍ਰਤੀ ਜ਼ਿਆਦਾਤਰ ਤਰਸ ਭਾਵਨਾ ਤਾਂ ਪੈਦਾ ਕਰਦੇ ਸਨ ਪਰ ਉਸ ਦੀ ਹਾਲਤ ਨੂੰ ਗੌਰਵਮਈ ਢੰਗ ਨਾਲ ਬਹੁਤ ਘਟ ਚਿਤਰਦੇ ਸਨ। ਸੰਤ ਰਾਮ ਉਦਾਸੀ ਬਹੁਤ ਸਾਰੀਆਂ ਕਵਿਤਾਵਾਂ ਵਿਚ ਕੁੜੀ ਦੇ ਜਜ਼ਬਾਤ ਨੂੰ ਜ਼ੁਬਾਨ ਦਿੰਦਾ ਹੈ। ਖ਼ੂਬਸੂਰਤ ਗੱਲ ਇਹ ਹੈ ਕਿ ਕੁੜੀ ਇਸ ਵਿਚ ਬਹੁਤੀ ਵਿਚਾਰੀ ਨਹੀਂ ਹੈ ਸਗੋਂ ਸਵੈ-ਮਾਣ ਨਾਲ ਭਰੀ ਹੋਈ ਹੈ।

*ਪੁੱਤ ਬਣ ਕੇ ਕਮਾਊਂ ਘਰ ਤੇਰੇ*
*ਚਿੱਤ ਨਾ ਡੁਲਾਈਂ ਬਾਬਲਾ*

*ਮੇਰੇ ਬੰਦਿਆਂ ਤੋਂ ਵੱਧ ਵੇਖੀਂ ਜੇਰੇ*
*ਚਿੱਤ ਨਾ ਡੁਲਾਈਂ ਬਾਬਲਾ...*

*ਲੋਕੀਂ ਕਹਿੰਦੇ ਪੁੱਤ ਬਿਨਾਂ ਜੱਗ 'ਚ ਮਿਲਾਪ ਨੀਂ*
*ਮੈਂ ਤਾਂ ਕਹਾਂ ਜੀਹਦੇ ਧੀ ਨਾ, ਉਹ ਤਾਂ ਸਹੀ ਬਾਪ ਨੀਂ*
*ਪੁੱਤ ਹੁੰਦੇ ਨੇ ਕੁਲੱਛਣੇ ਵਥੇਰੇ*
*ਚਿੱਤ ਨਾ ਡੁਲਾਈਂ ਬਾਬਲਾ...* *(ਚਿੱਤ ਨਾ ਡੁਲਾਈਂ ਬਾਬਲਾ)*

'ਕਾਲੀ ਕੁੜੀ ਦਾ ਗੀਤ' ਕੇਵਲ ਕੁੜੀ ਦੀਆਂ ਭਾਵਨਾਵਾਂ ਨੂੰ ਨਹੀਂ ਦਰਸਾਉਂਦਾ, ਸਗੋਂ ਉਸ ਵਿਚ ਸੁੰਦਰਤਾ ਦੇ ਬੁਰਜੂਆ ਸੁਹਜ ਮਿਆਰਾਂ ਨੂੰ ਇਨਕਲਾਬੀ ਪੱਖ ਤੋਂ ਰੱਦਿਆ ਗਿਆ ਹੈ ਜਿਨ੍ਹਾਂ ਵਿਚ ਗੋਰੇ ਰੰਗ ਨੂੰ ਤਰਜੀਹ ਦਿੱਤੀ ਜਾਂਦੀ ਹੈ। ਲੇਖਕ ਨੇ ਕਾਲੇ ਰੰਗ ਨੂੰ ਮਿਹਨਤ ਨਾਲ ਜੋੜ ਕੇ ਕਾਲੇ ਰੰਗ ਦਾ ਗੌਰਵ ਸਥਾਪਤ ਕੀਤਾ ਹੈ।

*ਚਿੱਟੇ ਚੰਮ ਵਿਚ ਭਾਵੇਂ ਕਾਲਖ਼ਾਂ, ਲਕੋਈ ਰੱਖੋ,*
*ਹਰ ਕੋਈ ਉਹਨੂੰ ਹੈ ਪਿਆਰਦਾ।*
*ਕਿਉਂ ਸਰਮਾਏਦਾਰੀ ਦੌਰ ਵਿਚ ਜੋੜ ਗੂਹੜਾ,*
*ਪੈਸਿਆਂ ਦਾ ਰੂਪ ਤੇ ਸ਼ਿੰਗਾਰਦਾ।*
*ਮਿਹਨਤਾਂ ਦੇ ਅੰਗ ਸੰਗ, ਜੋਬਨੇ ਦਾ ਕਾਲਾ ਰੰਗ,*
*ਧੁੱਪਾਂ ਵਿਚ ਬੈਠ ਮੈਂ ਰੰਗਾਇਆ।*

*(ਕਾਲੀ ਕੁੜੀ ਦਾ ਗੀਤ)*

'ਮਜ਼ਦੂਰ ਕੁੜੀ ਦੀ ਪਹਿਲੀ ਰਾਤ' ਵਿਚ ਉਸ ਨੇ ਨਾ ਕੇਵਲ ਮਜ਼ਦੂਰ ਕੁੜੀ ਦੀਆਂ ਸੱਧਰਾਂ ਅਤੇ ਦੁਸ਼ਵਾਰੀਆਂ ਨੂੰ ਹੀ ਪੇਸ਼ ਕੀਤਾ ਹੈ ਸਗੋਂ ਉਸ ਨੇ ਇਕ ਪਾਸੇ ਤਾਂ ਪੈਸੇ ਵਾਲਿਆਂ ਦੀ ਹਵਸ ਨੂੰ ਨੰਗਾ ਕੀਤਾ ਹੈ, ਦੂਜੇ ਪਾਸੇ ਤਥਾਕਥਿਤ ਬੁਰਜੂਆ ਨੈਤਿਕਤਾ ਦਾ ਪਰਦਾ ਵੀ ਚਾਕ ਕੀਤਾ ਹੈ। ਦਾਜ ਦੀ ਲਾਹਨਤ ਦੇ ਖ਼ਿਲਾਫ਼ ਉਸ ਦਾ ਬਹੁਤ ਪ੍ਰਸਿੱਧ ਹੋਇਆ ਗੀਤ 'ਡੋਲੀ' ਪ੍ਰਚੱਲਿਤ ਸਭਿਆਚਾਰਕ ਮਰਿਯਾਦਾ ਦੇ ਉਲਟ ਇਨਕਲਾਬੀ ਮਰਿਯਾਦਾ ਨੂੰ ਸਥਾਪਤ ਕਰਦਾ ਹੈ।

*ਹੱਸ ਹੱਸ ਤੋਰ ਦੇ ਤੂੰ ਡੋਲੀ ਮੇਰੀ ਬਾਬਲਾ ਵੇ, ਕਿਹੜੀ ਗੱਲੋਂ ਰਿਹਾ ਏਂ ਝੂਰ।*
*ਧਰਤੀ ਤਿਹਾਈ ਜਿਉਂ ਪਸੀਨਾ ਮੰਗੇ ਕਾਮਿਆਂ ਦਾ, ਮਾਂਗ ਮੇਰੀ ਮੰਗਦੀ ਸੰਧੂਰ।*
*ਸੁੱਤੇ ਸੁੱਤੇ ਪਏ ਦੀ ਤਾਂ ਨੀਂਦ ਤੇਰੀ ਟੁੱਟ ਜਾਂਦੀ, ਹੋਈ ਸੀ ਮੈਂ ਜਿੱਦੇਂ ਦੀ ਜੁਆਨ।*
*ਕਿਉਂ ਜੋ ਸਰਮਾਏਦਾਰੀ ਦੌਰ ਵਿਚ ਬੜਾ ਔਖਾ, ਸਾਂਭਣਾ ਵੇ ਧੀਆਂ ਨੂੰ ਈਮਾਨ।*
*ਡੱਕ ਨਾ ਨੀ ਮਾਏ ਸਾਨੂੰ ਸੁੱਚੀਆਂ ਸੁਗੰਠੀਆਂ ਨੂੰ, ਆਇਆ ਮੇਰੀ ਆਸਾਂ ਉਤੇ ਬੂਰ।*
*ਜਿਵੇਂ ਸਾਡਾ ਸਾਰਿਆ ਦਾ ਢਿੱਡ ਰੋਟੀ ਮੰਗਦਾ ਹੈ, ਮਾਂਗ ਮੇਰੀ ਮੰਗਦੀ ਸੰਧੂਰ।*

*(ਡੋਲੀ)*



ਸੰਤ ਰਾਮ ਉਦਾਸੀ ਦੀ ਇਕ ਹੋਰ ਖ਼ਾਸੀਅਤ ਉਸਦਾ ਕਾਵਿਕ ਵਿਧਾ ਵਜੋਂ ਗੀਤ ਕਾਵਿ ਰੂਪ ਨੂੰ ਚੁਣਨਾ ਅਤੇ ਖ਼ੁਦ ਗਾਉਣਾ ਵੀ ਸੀ। ਗੀਤ ਪੰਜਾਬੀ ਦਾ ਮੌਲਿਕ ਕਾਵਿ ਰੂਪ ਹੈ ਅਤੇ ਇਸੇ ਕਰਕੇ ਇਹ ਪੰਜਾਬੀ ਮਨ ਦੇ ਸਭ ਤੋਂ ਵਧ ਨੇੜੇ ਹੈ। ਸੰਤ ਰਾਮ ਉਦਾਸੀ ਨੇ ਗੀਤਾਂ ਨੂੰ ਇਨਕਲਾਬੀ ਭਾਵਾਂ ਦੇ ਪ੍ਰਚਾਰ ਲਈ ਵਾਹਨ ਬਣਾਇਆ। ਉਸ ਦੀ ਆਪਣੀ ਗਾਉਣ ਕਲਾ ਸੋਨੇ 'ਤੇ ਸੁਹਾਗਾ ਸੀ। ਉਹ ਆਪਣੇ ਗੀਤਾਂ ਨੂੰ ਆਪਣੀਆਂ ਬਣਾਈਆਂ ਤਰਜ਼ਾਂ ਵਿਚ ਆਪ ਹੀ ਗਾਉਂਦਾ ਸੀ ਤਾਂ ਹਜ਼ਾਰਾਂ ਲੋਕ ਕੇਵਲ ਝੂਮਣ ਹੀ ਨਹੀਂ ਲੱਗ ਪੈਂਦੇ ਸਨ ਸਗੋਂ ਸੋਚਣ ਵੀ ਲੱਗ ਪੈਂਦੇ ਸਨ। ਗੀਤਾਂ ਤੋਂ ਇਲਾਵਾ ਉਸ ਨੇ ਬੋਲੀਆਂ, ਟੱਪੇ, ਕਲੀਆਂ ਆਦਿ ਲੋਕ ਕਾਵਿ ਰੂਪਾਂ 'ਤੇ ਵੀ ਕਲਮ ਚਲਾਈ। ਭਾਵੇਂ ਉਸ ਨੇ ਗ਼ਜ਼ਲ, ਰੁਬਾਈ ਅਤੇ ਖੁੱਲ੍ਹੀ ਕਵਿਤਾ ਵਰਗੇ ਕਾਵਿ-ਰੂਪ ਵੀ ਵਰਤੇ ਹਨ ਪਰ ਉਸ ਦੀ ਪ੍ਰਤਿਭਾ ਦਾ ਅਸਲ ਜਲੌਅ ਗੀਤਾਂ ਵਿਚ ਹੀ ਪ੍ਰਗਟ ਹੁੰਦਾ ਹੈ।

ਭਾਰਤੀ ਸਮਾਜ ਜਮਾਤਾਂ ਦੇ ਨਾਲ-ਨਾਲ ਜਾਤਾਂ ਵਿਚ ਵੀ ਵੰਡਿਆ ਹੋਇਆ ਹੈ। ਮੱਧ ਕਾਲ ਵਿਚ ਭਗਤੀ ਲਹਿਰ ਅਧੀਨ ਕਵੀਆਂ ਨੇ ਇਸ ਦਾ ਵਿਰੋਧ ਵੀ ਕੀਤਾ। ਕਿਸੇ ਸਮੇਂ ਇਹ ਵਿਰੋਧ ਮਹਾਤਮਾ ਬੁੱਧ ਨੇ ਵੀ ਕੀਤਾ ਸੀ ਪਰ ਜਾਤੀ-ਪਾਤੀ ਬ੍ਰਾਹਮਣਵਾਦ ਦੀ ਜਕੜ ਬਹੁਤ ਪੀਡੀ ਸੀ ਅਤੇ ਪੀਡੀ ਰਹੀ ਹੈ। ਮੱਧ ਕਾਲ ਵਿਚ ਦਲਿਤ ਗੁਰੂ ਕਵੀਆਂ ਨੇ ਇਸਦੇ ਵਿਰੁੱਧ ਆਵਾਜ਼ ਉਠਾਈ, ਉਥੇ ਤਥਾਕਥਿਤ ਸਵਰਨ ਸ਼੍ਰੇਣੀਆਂ ਵਿਚੋਂ ਸਮਝੇ ਜਾਂਦੇ ਬਾਣੀਕਾਰਾਂ ਨੇ ਇਸ ਕੁਰੀਤੀ ਨੂੰ ਨਿੰਦਿਆ। ਮੱਧ ਕਾਲੀ ਧਰਮ ਅਧਾਰਿਤ ਕਾਵਿ ਚਿੰਤਨ ਦਾ ਮੁੱਖ ਆਧਾਰ ਇਹ ਸੀ ਕਿ ਜੇ ਸਾਰੇ ਮਨੁੱਖ ਪ੍ਰਮਾਤਮਾ ਦੇ ਪੈਦਾ ਕੀਤੇ ਹਨ ਤਾਂ ਉਨ੍ਹਾਂ ਦਰਮਿਆਨ ਬਰਾਬਰੀ ਵੀ ਹੋਣੀ ਚਾਹੀਦੀ ਹੈ ਅਤੇ ਇਸ ਨੂੰ ਊਚ-ਨੀਚ ਦੀ ਦਰਜਾਬੰਦੀ ਵਿਚ ਵੰਡਣਾ ਗੁਨਾਹ ਹੈ। ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਇਹ ਵਿਚਾਰ ਪ੍ਰਮੁੱਖ ਤੌਰ 'ਤੇ ਉਭਰਿਆ ਸੀ। ਸਤਿਗੁਰੂ ਕਬੀਰ ਜੀ ਦੀ ਸੁਰ ਤਾਂ ਗੁਰੂ ਰਵਿਦਾਸ ਮਹਾਰਾਜ ਜੀ ਨਾਲੋਂ ਵੀ ਤਿੱਖੀ ਹੈ। ਬ੍ਰਾਹਮਣਵਾਦ ਦੇ ਖ਼ਿਲਾਫ਼ ਸਾਫ਼ ਤੇ ਸਪੱਸ਼ਟ ਸਟੈਂਡ ਉਨ੍ਹਾਂ ਦੀ ਕਵਿਤਾ ਦਾ ਕੇਂਦਰੀ ਨੁਕਤਾ ਹੈ। ਗੁਰੂ ਨਾਨਕ ਦੇਵ ਜੀ ਨੇ ਇਸੇ ਨੂੰ ਵੱਖਰੇ ਪ੍ਰਸੰਗ ਵਿਚ ਪੇਸ਼ ਕੀਤਾ ਸੀ। ਆਧੁਨਿਕ ਕਾਲ ਵਿਚ ਆ ਕੇ ਸਮਾਜ ਸੁਧਾਰਕਾਂ ਨੇ ਜਾਤ-ਪਾਤ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਉਹ ਇਸ ਨੂੰ ਮੁੱਖ ਤੌਰ 'ਤੇ ਪੱਛਮ ਦੇ ਮਾਨਵਵਾਦੀ ਨਜ਼ਰੀਏ ਤੋਂ ਵੇਖਦੇ ਸਨ। ਜਿਸ ਅਨੁਸਾਰ ਸਾਰੇ ਮਨੁੱਖ ਕੁਦਰਤ ਦੀ ਗੋਦ 'ਚ ਪੈਦਾ ਹੋਏ ਹਨ ਅਤੇ ਕੁਦਰਤੀ ਸਮਾਜਿਕ ਨਿਆਂ ਦੇ ਕਾਨੂੰਨ ਅਨੁਸਾਰ ਸਾਰੇ ਲੋਕ ਬਰਾਬਰ ਹਨ।

ਮੁੱਢਲੀ ਆਧੁਨਿਕ ਪੰਜਾਬੀ ਕਵਿਤਾ ਵਿਚ ਜਾਤ-ਪਾਤ ਦਾ ਮਸਲਾ ਉੱਠਿਆ ਹੀ ਨਹੀਂ। ਮਗਰੋਂ ਮਾਰਕਸਵਾਦ ਦੇ ਪ੍ਰਭਾਵ ਅਧੀਨ ਇਹ ਵੀ ਸਮਝਿਆ ਜਾਂਦਾ ਰਿਹਾ ਕਿ ਮੁੱਖ ਮਸਲਾ ਜਮਾਤ ਦਾ ਹੈ। ਸਮਾਜਵਾਦ ਆ ਜਾਣ ਨਾਲ ਜਮਾਤਾਂ ਖ਼ਤਮ ਹੋ ਜਾਣਗੀਆਂ ਤਾਂ ਜਾਤ-ਪਾਤ ਦਾ ਕੁਹਜ ਆਪੇ ਹੀ ਖ਼ਤਮ ਹੋ ਜਾਏਗਾ। ਦੇਸ਼ ਦੀ

ਆਜ਼ਾਦੀ ਤੋਂ ਬਾਅਦ (ਭਾਵੇਂ ਇਸ ਦਾ ਆਰੰਭ ਤਾਂ ਪੂਨਾ ਐਕਟ ਨਾਲ ਹੀ ਲਾਗੂ ਹੋ ਗਿਆ ਸੀ) ਹਰ ਪੱਧਰ 'ਤੇ ਰਾਖਵਾਂਕਾਰਨ ਪਾਲਸੀ ਲਾਗੂ ਹੋ ਜਾਣ ਨਾਲ ਇਕ ਪਾਸੇ ਤਾਂ ਦਲਿਤ ਭਾਈਚਾਰੇ ਨੂੰ ਰਾਹਤ ਮਿਲਣੀ ਸ਼ੁਰੂ ਹੋ ਗਈ, ਉਥੇ ਦੂਸਰੇ ਪਾਸੇ ਦਲਿਤ ਪਛਾਣ ਦਾ ਮਸਲਾ ਵੀ ਉਭਰਨ ਲੱਗਿਆ। ਕਮਿਊਨਿਸਟ ਲਹਿਰ ਦੇ ਧੀਮੇ ਪੈ ਜਾਣ ਨਾਲ ਇਸ ਮਸਲੇ ਨੇ ਵਧੇਰੇ ਜ਼ੋਰ ਪਕੜਿਆ। ਇਕ ਤਰ੍ਹਾਂ ਬਸਪਾ ਨੇ ਭਾਰਤ ਦੀ ਰਾਜਨੀਤੀ ਵਿਚ ਇਹ ਵਿਚਾਰ ਸੁੱਟਿਆ ਕਿ ਆਰਥਿਕ ਪੱਧਰ ਉਪਰ ਉੱਠ ਜਾਣ ਨਾਲ ਦਲਿਤ ਭਾਈਚਾਰੇ ਦੀਆਂ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ। ਇਸ ਨੂੰ ਮੁੱਦਾ ਬਣਾਉਣ ਦੀ ਜ਼ਰੂਰਤ ਹੈ।

ਇਸੇ ਸੋਚ ਅਧੀਨ ਨਾ ਕੇਵਲ ਸਮਕਾਲੀਨ ਸਮੇਂ ਵਿਚ ਹੀ ਦਲਿਤ ਸਾਹਿਤ ਨੂੰ ਪਛਾਣਿਆ ਗਿਆ ਸਗੋਂ ਇਤਿਹਾਸ ਵਿਚ ਵੀ ਦਲਿਤ ਭਾਈਚਾਰੇ ਵਲੋਂ ਰਚੀਆਂ ਰਚਨਾਵਾਂ ਨੂੰ ਦਲਿਤ ਪ੍ਰਸੰਗਾਂ ਵਿਚ ਉਭਾਰਿਆ ਜਾਣ ਲੱਗਿਆ। ਇੰਝ ਜਾਪਦਾ ਹੈ ਕਿ ਦਲਿਤ ਭਾਈਚਾਰੇ ਵਿਚ ਪੈਦਾ ਹੋਈ ਸੱਤਾਧਾਰੀ ਉੱਚ ਵਰਗ ਨੂੰ ਇਹ ਨੀਤੀ ਰਾਸ ਆਉਂਦੀ ਹੈ। ਸਿੱਟੇ ਵਜੋਂ ਨਕਸਲਬਾੜੀ ਲਹਿਰ ਦੇ ਇਨਕਲਾਬੀ ਕਵੀਆਂ ਜਿਨ੍ਹਾਂ ਦਾ ਪਿਛੋਕੜ ਦਲਿਤ ਭਾਈਚਾਰੇ ਨਾਲ ਜੁੜਦਾ ਸੀ, ਉਨ੍ਹਾਂ ਦੀਆਂ ਰਚਨਾਵਾਂ ਨੂੰ ਰਾਜਸੀ ਲਹਿਰ ਦੇ ਇਨਕਲਾਬੀ ਪ੍ਰਸੰਗਾਂ ਅਤੇ ਮਾਰਕਸਵਾਦ ਦੇ ਵਿਚਾਰਧਾਰਕ ਚੌਖਟੇ ਤੋਂ ਤੋੜ ਕੇ ਵਿਚਾਰਿਆ ਜਾਣਾ ਸ਼ੁਰੂ ਹੋਇਆ। ਸੰਤ ਰਾਮ ਉਦਾਸੀ ਦਲਿਤ ਭਾਈਚਾਰੇ ਨਾਲ ਸਬੰਧ ਰੱਖਦਾ ਸੀ ਅਤੇ ਉਸ ਦਾ ਇਹ ਜੀਵਨ ਅਨੁਭਵ ਉਸਦੀਆਂ ਰਚਨਾਵਾਂ ਵਿਚ ਵੀ ਠੋਸ ਯਥਾਰਥਕ ਜਮਾਤੀ ਸੱਚ ਵਜੋਂ ਮੌਜੂਦ ਹੈ। ਇਸ ਵਿਚ ਪੰਜਾਬੀ ਸਮਾਜ ਦਾ ਜਮਾਤੀ ਪੱਖ ਤਾਂ ਹਾਜ਼ਰ ਹੈ ਪਰ ਇਹ ਸਮੁੱਚੇ ਸਮਾਜਿਕ ਸੱਚ ਨੂੰ ਸਿਰਫ਼ ਜਾਤ ਤਕ ਸੀਮਤ ਨਹੀਂ ਕਰਦਾ ਸਗੋਂ ਉਹ ਜਾਤ ਦਾ ਖ਼ਾਤਮਾ ਜਮਾਤ ਦੇ ਖ਼ਾਤਮੇ ਨਾਲ ਅਤੇ ਜਮਾਤ ਦੇ ਖ਼ਾਤਮੇ ਲਈ ਮਾਰਕਸਵਾਦ 'ਤੇ ਟੇਕ ਰੱਖਦਾ ਹੈ ਅਤੇ ਮਾਰਕਸਵਾਦ ਲਈ ਵੀ ਉਸ ਸਮੇਂ ਦੇ ਰਾਜਸੀ ਪੈਂਤੜੇ ਹਥਿਆਰਬੰਦ ਇਨਕਲਾਬ ਨੂੰ ਅਹਿਮ ਮੰਨਦਾ ਹੈ। ਉਸ ਦੇ ਕਿਸੇ ਵੀ ਗੀਤ ਵਿਚ ਜਮਾਤ ਉਤੇ ਜਾਤ ਨੂੰ ਅਹਿਮੀਅਤ ਨਹੀਂ ਮਿਲੀ ਸਗੋਂ ਪੇਂਡੂ ਕਿਸਾਨੀ ਸਮਾਜ ਵਿਚ ਜੱਟ ਅਤੇ ਸੀਰੀ ਦੇ ਰਿਸ਼ਤੇ ਨੂੰ ਆਪਸੀ ਵਿਰੋਧ ਦੀ ਥਾਂ ਆਪਸੀ ਭਾਈਚਾਰੇ ਦੇ ਰਿਸ਼ਤੇ ਵਜੋਂ ਚਿਤਰਿਆ ਹੈ। ਉਦਾਹਰਨ ਵਜੋਂ ਉਸ ਦਾ ਗੀਤ 'ਹਾਲੀਆਂ ਪਾਲੀਆਂ ਦਾ ਗੀਤ' ਦੇਖਿਆ ਜਾ ਸਕਦਾ ਹੈ:

*ਸਿੰਗਾਂ ਦੀਆਂ ਤਿੱਖੀਆਂ ਸੰਗੀਨਾਂ ਕਰ ਲਵੀਂ ਤੂੰ ਵੀ,*
*ਥੰਮ੍ਹ ਜਾਣ ਨ੍ਹੇਰੀਆਂ ਦੇ ਵੇਗ ਨੀ।*
*ਸੀਰੀਆਂ ਦੇ ਹੌਸਲੇ ਨੂੰ ਉਜੜਿਆਂ ਟਾਂਡਿਆਂ ਦਾ,*
*ਪੁੱਤ ਜਿੰਨਾ ਹੁੰਦਾ ਏ ਦਰੇਗ ਨੀ।*



*ਹੱਥਾਂ ਦੀਆਂ ਰੇਖਾ ਵਾਂਗੂੰ ਯੁੱਗ-ਪਲਟਾਊ ਹੁੰਦੇ,*
*ਜੱਟਾਂ ਲਈ ਖੇਤਾਂ ਦੇ ਸਿਆੜ।*
*ਨੀ ਜੋੜੀਏ ਬੀਜਣੇ ਨੇ ਅਸੀਂ ਹਥਿਆਰ।*

ਇਸੇ ਪ੍ਰਕਾਰ ਹੀ ਉਸਦਾ ਗੀਤ 'ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ...' ਵੀ ਵਾਚਿਆ ਜਾ ਸਕਦਾ ਹੈ।

*ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,*
*ਬੋਹਲ੍ਹਾਂ ਵਿਚੋਂ ਨੀਰ ਵਗਿਆ*
*ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,*
*ਤੂੜੀ ਵਿਚੋਂ ਪੁੱਤ 'ਜੱਗਿਆ'।*

ਹਰ ਕਵੀ/ਲੇਖਕ ਦਾ ਵਿਅਕਤੀਗਤ ਅਨੁਭਵ ਹੁੰਦਾ ਹੈ ਜੋ ਉਸਦੀਆਂ ਰਚਨਾਵਾਂ ਵਿਚ ਢਲਦਾ ਹੈ। ਇਕ ਆਲ਼ੇ ਦੁਆਲ਼ੇ ਤੋਂ ਗ੍ਰਹਿਣ ਕੀਤੀ ਵਿਚਾਰਧਾਰਕ ਚੇਤਨਾ ਹੁੰਦੀ ਹੈ ਜੋ ਉਸਦੀਆਂ ਰਚਨਾਵਾਂ ਨੂੰ ਦਿਸ਼ਾ-ਨਿਰਦੇਸ਼ ਦਿੰਦੀ ਹੈ। ਸੰਤ ਰਾਮ ਉਦਾਸੀ ਦੇ ਕਾਵਿ ਵਿਚ ਉਸਦਾ ਮੁੱਖ ਅਨੁਭਵ ਖੇਤਰ ਪੇਂਡੂ ਜੀਵਨ ਸੀ ਜਿਸ ਵਿਚ ਭਾਵੇਂ ਵੱਖ-ਵੱਖ ਜਾਤਾਂ ਹਾਜ਼ਰ ਸਨ ਅਤੇ ਉਨ੍ਹਾਂ ਦੀਆਂ ਆਪਸੀ ਵਿਰੋਧਤਾਈਆਂ ਵੀ ਹੋਣਗੀਆਂ ਪਰ ਉਸਦੀ ਵਿਚਾਰਧਾਰਕ ਚੇਤਨਾ ਉਸ ਨੂੰ ਸੁਝਾਉਂਦੀ ਸੀ ਕਿ ਮੁੱਖ ਵਿਰੋਧਤਾਈ ਜਾਤਾਂ ਅੰਦਰ ਨਹੀਂ ਸਗੋਂ ਜਮਾਤਾਂ ਅੰਦਰ ਹੈ। ਇਸੇ ਲਈ ਉਹ ਆਪਣੇ ਕਾਵਿ ਵਿਚ ਜਾਤਾਂ ਅੰਦਰ ਮੌਜੂਦ ਕੰਮ ਸਾਂਝ ਕਾਰਨ ਪੈਦਾ ਹੋਈ ਭਾਈਚਾਰਕ ਰਵਾਂਦਾਰੀ ਨੂੰ ਪ੍ਰੋਤਸਾਹਨ ਦਿੰਦਾ ਸੀ ਅਤੇ ਜਮਾਤੀ ਵਿਰੋਧਤਾਈ ਨੂੰ ਮੁੱਖ ਰੂਪ ਵਿਚ ਪੇਸ਼ ਕਰਦਾ ਸੀ। ਇਸ ਦਾ ਕਾਰਨ ਉਸਦੀ ਚੇਤਨਾ ਵਿਚ ਕਮਿਊਨਿਸਟ ਵਿਚਾਰਧਾਰਾ ਦਾ ਤੀਖਣ ਪ੍ਰਭਾਵ ਸੀ। ਇਸੇ ਕਰਕੇ ਉਹ ਲਿਖਦਾ ਹੈ:

*ਵਰ੍ਹਿਆ ਏ ਸੌਣ ਉਨ੍ਹਾਂ ਬੱਚਿਆਂ ਦੇ ਨਾਂ 'ਤੇ,*
*ਜਿਨ੍ਹਾਂ ਖੀਰ ਦਾ ਨਾ ਚੱਖਿਆ ਸੁਆਦ।*
*ਕੰਮੀਆਂ ਦੀ ਜੀਤੋ ਦੇ ਨਾਂ ਲੱਗੀਆਂ ਨੇ ਤੀਆਂ,*
*ਜੀਹਦਾ ਰਸ ਪੀ ਗੇ ਸੰਘਣੇ ਕਮਾਦ।*
*ਕਰੇਂ ਛੇੜਖਾਨੀਆਂ ਤੂੰ ਰੂਪ ਨਾਲ, ਤੇਰੇ ਉੱਤੇ*
*ਦੰਦ ਪੀਹੇ ਤੀਆਂ ਵਾਲਾ ਬੋਹੜ।*
*ਤੇਰੀ ਨੀਂਦ ਉੱਤੇ ਪਹਿਰਾ...*
*ਕੱਲ੍ਹ, 'ਜੈਲੂ' ਚੌਂਕੀਦਾਰ ਦਿੰਦਾ ਫਿਰੇ ਹੋਕਾ,*
*ਅਖੇ 'ਖੇਤਾਂ ਵਿਚ ਬੀਜੋ ਹਥਿਆਰ।'*

*ਕੱਠੇ ਹੋ 'ਵਲਾਇਤੀ ਸੰਗਲਾਂ' ਦੀ ਵਾੜ ਤੋੜਨੀ ਜੁ*
*ਬੁਥ ਰਹੀ ਦੋਧਿਆਂ ਨੂੰ ਮਾਰ।*
*ਤੁਸੀਂ ਰਾਜੇ ਸ਼ੀਸ਼ੇ ਦੀ ਪੁਸ਼ਾਕ ਪਾ ਕੇ ਰੱਖੋ,*
*ਦੇਣੀ ਉੱਭਰੇ ਹਥੌੜਿਆਂ ਨੇ ਤੋੜ।*
*ਇਕ ਤੂੰ ਕਸਾਈ ਮੇਰੇ ਪਿੰਡ ਦਿਆ ਰਾਜਿਆ ਓਏ,*
*ਦੂਜੇ ਤੇਰਾ ਸਾਹਾਂ ਨਾਲ ਜੋੜ।*
*ਤੇਰੀ ਨੀਂਦ ਉੱਤੇ ਪਹਿਰਾ ਤੇਰਿਆਂ ਮੁਕੱਦਮਾਂ ਦਾ,*
*ਕੁੱਤੇ ਰੱਖਣ ਦੀ ਨਹੀਂ ਲੋੜ।*

*(ਬੁਰਜੂਆ ਤਾਣੇ ਬਾਣੇ)*

ਉਸ ਲਈ ਦੁਨੀਆਂ ਭਰ ਦੇ ਕਾਮੇ ਇਕ ਸਨ। ਇਸੇ ਲਈ ਉਹ ਸਪੱਸ਼ਟ ਰੂਪ ਵਿਚ ਲਿਖਦਾ ਹੈ:

*ਕਿਰਤ ਲੁਟਾਵਣ ਵਾਲਿਓ ਸਾਰੇ ਇਕ ਹੋ ਜਾਓ, ਇਕ ਹੋ ਜਾਓ।*
*ਜਿਸਮ ਤੁੜਾਵਣ ਵਾਲਿਓ ਸਾਰੇ ਇਕ ਹੋ ਜਾਓ, ਇਕ ਹੋ ਜਾਓ।*

*(ਦੁਨੀਆਂ ਭਰ ਦੇ ਕਾਮਿਓ)*

ਇਸੇ ਕਵਿਤਾ ਵਿਚ ਉਸ ਨੇ ਕੋਈ ਸ਼ੱਕ ਨਹੀਂ ਰਹਿਣ ਦਿੱਤਾ ਕਿ ਦੁਨੀਆਂ ਭਰ ਦੇ ਕਾਮਿਆਂ ਦੇ ਸੰਘਰਸ਼ ਅੱਗੇ ਜਾਤ ਅਤੇ ਧਰਮ ਮਹੱਤਵਪੂਰਨ ਨਹੀਂ ਹਨ:

*ਪੂੰਜੀਪਤੀ ਦੀ ਮਰਜ਼ੀ ਹੈ ਕਿ, ਤੂੰ ਲੜਦਾ ਰਹੇਂ, ਤੂੰ ਮਰਦਾ ਰਹੇਂ।*
*ਧਰਮ, ਕਾਨੂੰਨ, ਜਾਤ ਦਾ ਡੰਡਾ, ਤੂੰ ਚੁੱਕਦਾ ਰਹੇਂ, ਤੂੰ ਧਰਦਾ ਰਹੇਂ।*
*.ਫ਼ੌਜ ਪੁਲਿਸ ਦੇ ਸਾਏ ਹੇਠਾਂ, ਰਹਿਣ ਉਸਰਦੇ ਮਹਿਲ ਮੁਨਾਰੇ।*
*ਰਹੇ ਕੜਕਦੀ ਬਿਜਲੀ ਬੇਸ਼ੱਕ, ਪਰ ਨਾ ਕੁਸਕਣ ਕੁੱਲੀਆਂ ਢਾਰੇ।*
*ਸਾਂਝਾ ਕਰੋ ਲਹੂ ਤੇ ਮੁੜ੍ਹਕਾ, ਤੇ ਲੋਹੇ ਦਾ ਪਹਿਰਾ ਲਾਓ।*
*ਇਕ ਹੋ ਜਾਓ! ਇਕ ਹੋ ਜਾਓ!!*

ਸਪੱਸ਼ਟ ਹੈ ਕਿ ਸੰਤ ਰਾਮ ਉਦਾਸੀ ਦੀ ਕਾਵਿ ਚੇਤਨਾ ਵਿਚ ਦੋ ਹੀ ਜਾਤਾਂ ਹਨ ਇਕ ਲੁੱਟਣ ਵਾਲੀ ਤੇ ਦੂਜੀ ਲੁੱਟੇ ਜਾਣ ਵਾਲੀ। ਉਹ ਕਿਸੇ ਵੀ ਹੋਰ ਜਾਤ ਨੂੰ ਨਹੀਂ ਪਛਾਣਦਾ। ਇਸ ਪੱਖ ਤੋਂ ਉਹ ਜਮਾਤੀ ਚੇਤਨਾ ਦਾ ਸ਼ਾਇਰ ਸੀ। ਉਸ ਨੂੰ ਦਲਿਤ ਸਾਹਿਤਕਾਰ ਵਜੋਂ ਪ੍ਰਭਾਸ਼ਿਤ ਕਰਨਾ ਅਸਲ ਵਿਚ ਮਨੂੰਵਾਦੀ ਸੋਚ ਹੀ ਹੈ ਜੋ ਵਿਅਕਤੀ ਨੂੰ ਕਰਮ ਜਾਂ ਵਿਚਾਰ ਦੀ ਥਾਵੇਂ ਉਸਦੇ ਜਨਮ ਤੋਂ ਪਛਾਣਦੀ ਹੈ। ਸੰਤ ਰਾਮ ਉਦਾਸੀ ਦੀਆਂ ਬਹੁਤ ਸਾਰੀਆਂ ਕਵਿਤਾਵਾਂ 'ਖੂਹ ਹੱਕਣ ਵਾਲੇ ਨੂੰ ਅਸੀਸ', 'ਹਾੜ੍ਹੀਆਂ ਦੇ



ਹਾਣੀਓ', 'ਹਾਲੀਆਂ ਪਾਲੀਆਂ ਦਾ ਗੀਤ', 'ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ', 'ਮਜ਼ਦੂਰ ਦੀ ਕਲੀ', 'ਕੰਮੀਆਂ ਦਾ ਵਿਹੜਾ' ਆਦਿ ਕਵਿਤਾਵਾਂ ਵਿਚ ਕੋਈ ਵੀ ਜਾਤੀ-ਗਤ ਅਨੁਭਵ ਨਹੀਂ ਹੈ ਸਗੋਂ ਕਿਸੇ ਵੀ ਜਾਤ ਦੇ ਕਿਰਤੀ ਦਾ ਅਨੁਭਵ ਹੈ। ਇੰਞ ਹੀ 'ਰੰਗਰੇਟਾ ਗੁਰੂ ਕਾ ਬੇਟਾ', 'ਭਗਤ ਰਵਿਦਾਸ ਨੂੰ' ਜਾਂ 'ਭਗਤ ਰਵਿਦਾਸ ਨੂੰ ਸ਼ਰਧਾਂਜਲੀ' ਕਵਿਤਾਵਾਂ ਵਿਚੋਂ ਵੀ ਕਿਸੇ ਜਾਤੀਗਤ ਅਨੁਭਵ ਨੂੰ ਤਲਾਸ਼ਣਾ ਕਵੀ ਨਾਲ ਬੇਇਨਸਾਫ਼ੀ ਹੈ। ਜਦੋਂ ਕਿ ਸ਼ਾਇਰ 'ਭਗਤ ਰਵਿਦਾਸ ਨੂੰ' ਕਵਿਤਾ ਵਿਚ ਖ਼ੁਦ ਲਿਖਦਾ ਹੈ:

*ਕਿਰਤੀ ਇਕ ਜਮਾਤ ਹੈ ਜਾਤ ਨਹੀਓਂ,*
*ਜਾਤੀ ਭੇਦ ਹੈ ਹੇਜ ਜਨੂੰਨੀਆਂ ਦਾ।*
*ਕੂੰਨਾਂ ਵਿਚ ਘੁਚੱਲ ਕੇ ਸਾਫ਼ ਕੀਤਾ,*
*ਕਾਲਾ ਚਿੱਤ ਤੂੰ ਮਜ਼੍ਹਬੀ ਕਾਨੂੰਨੀਆਂ ਦਾ।*
*ਤੇਰੇ ਗੀਤਾਂ 'ਚੋਂ ਸਮਿਆਂ ਨੇ ਸੇਧ ਲੈ ਕੇ,*
*ਸਮਾਂ ਸੋਚਣਾ ਕਿਰਤ ਆਜ਼ਾਦੀਆਂ ਦਾ।*
*ਕਦੇ ਹੋਏਗਾ ਹਿੰਦ ਦੀ ਹਿੱਕ ਉਤੇ,*
*ਬੇਗਮਪੁਰਾ ਇਕ ਪਿੰਡ ਅਬਾਦੀਆਂ ਦਾ।*

ਨਕਸਲਬਾੜੀ ਲਹਿਰ ਦੀ ਕਵਿਤਾ ਤੋਂ ਪਹਿਲਾਂ ਮੌਜੂਦ ਪੰਜਾਬੀ ਮਾਰਕਸਵਾਦ ਤੋਂ ਪ੍ਰਭਾਵਿਤ ਪ੍ਰਗਤੀਵਾਦੀ ਪੰਜਾਬੀ ਕਵਿਤਾ ਵਿਚ ਧਰਮ ਖ਼ਾਸ ਕਰਕੇ ਸਿੱਖ ਧਰਮ ਨਾਲ ਸਬੰਧਿਤ ਹਵਾਲਿਆਂ ਨੂੰ ਘੱਟ ਵਰਤਿਆ ਗਿਆ ਸੀ। ਇਸ ਦਾ ਇਕ ਕਾਰਨ ਤਾਂ ਇਹ ਸੀ, ਮੱਧਕਾਲੀ ਪੰਜਾਬੀ ਕਵਿਤਾ ਕਿੱਸਿਆਂ ਅਤੇ ਵਾਰਾਂ ਦੀ ਲੌਕਿਕ ਧਾਰਾ ਨੂੰ ਛੱਡ ਕੇ ਬਾਕੀ ਧਾਰਮਿਕ ਕਵਿਤਾ ਸੀ ਅਤੇ ਉਸਦੇ ਪਿੱਛੇ ਕੰਮ ਕਰਦਾ ਬੁਨਿਆਦੀ ਦਰਸ਼ਨ ਅਧਿਆਤਮਿਕ-ਰਹੱਸਵਾਦ ਸੀ। ਆਧੁਨਿਕ ਪੰਜਾਬੀ ਕਵਿਤਾ ਆਪਣੇ ਲੱਛਣ ਵਜੋਂ ਹੀ 'ਰੱਬ' ਦੀ ਥਾਵੇਂ 'ਮਨੁੱਖ' ਨੂੰ ਕੇਂਦਰ ਵਿਚ ਰੱਖਦੀ ਹੈ। ਯਥਾਰਥਵਾਦੀ ਵਿਧੀ ਨੂੰ ਅਹਿਮੀਅਤ ਦਿੰਦੀ ਹੈ। ਇਸਦੀ ਮੁੱਖ ਟੇਕ ਧਰਮ-ਨਿਰਪੱਖਤਾ ਉਪਰ ਸੀ। ਇਸ ਨਾਲ ਕਵਿਤਾ ਵਿਸ਼ੇ ਪੱਖੋਂ ਧਾਰਮਿਕਤਾ ਦੇ ਸੀਮਤ ਦਾਇਰੇ ਵਿਚੋਂ ਨਿਕਲ ਗਈ ਅਤੇ ਰਾਜਸੀ ਤੌਰ 'ਤੇ ਧਰਮ ਨਿਰਪੱਖ ਹੋ ਗਈ ਸੀ। ਇਸ ਦੇ ਵਿਸ਼ਿਆਂ ਵਿਚ ਵੰਨ-ਸੁਵੰਨਤਾ ਆਈ ਅਤੇ ਰੂਪ ਕਾਰਾਂ ਤੋਂ ਲੈ ਕੇ ਸ਼ੈਲੀ ਦੇ ਪੱਧਰ 'ਤੇ ਨਵੇਂ ਪ੍ਰਯੋਗ ਹੋਣ ਲੱਗੇ। ਇਸਦੀ ਵਿਸ਼ਾਲਤਾ ਦੇ ਬਾਵਜੂਦ ਇਹ ਆਪਣੇ ਇਤਿਹਾਸਕ ਵਿਰਸੇ ਤੋਂ ਟੁਟ ਗਈ ਸੀ। ਅਜਿਹੀ ਸਥਿਤੀ ਵਿਚ ਸਾਰੇ ਹੀ ਨਕਸਲਬਾੜੀ ਲਹਿਰ ਦੇ ਕਵੀਆਂ ਨੇ ਸਿੱਖ ਗੌਰਵਸ਼ਾਲੀ ਇਤਿਹਾਸ ਨੂੰ ਨਾ ਕੇਵਲ ਆਪਣੇ ਵਿਰਸੇ ਵਜੋਂ ਮੁੜ ਪਛਾਣਨਾ ਸ਼ੁਰੂ ਕਰ ਦਿੱਤਾ ਸਗੋਂ ਇਸਦੇ ਹਵਾਲੇ ਵੀ ਕਵਿਤਾ ਵਿਚ ਆਉਣੇ ਸ਼ੁਰੂ ਹੋਏ। ਇਥੇ ਇਕ ਹੋਰ ਧਿਆਨ ਦੇਣ

ਵਾਲਾ ਨੁਕਤਾ ਹੈ ਕਿ ਮਾਰਕਸਵਾਦ ਦੀ ਪੰਜਾਬੀ ਵਿਚ ਹੋਈ ਸੰਤ ਸਿੰਘ ਸੇਖੋਂ ਵਾਲੀ ਵਿਆਖਿਆ ਅਨੁਸਾਰ ਗੁਰਬਾਣੀ ਅਧਿਆਤਮਿਕ ਵਿਸ਼ਿਆਂ 'ਤੇ ਲਿਖਿਆ ਕਾਵਿ ਹੈ, ਜਿਸ ਵਿਚ ਕਿਤੇ-ਕਿਤੇ ਸਮਾਜਿਕ ਸਰੋਕਾਰ ਮਿਲ ਜਾਂਦੇ ਹਨ। ਇਸਦੇ ਉਲਟ ਪ੍ਰੋ. ਕਿਸ਼ਨ ਸਿੰਘ ਦੀ ਵਿਆਖਿਆ ਅਨੁਸਾਰ ਗੁਰਬਾਣੀ ਦਾ ਮੁਹਾਵਰਾ ਧਾਰਮਿਕ ਹੈ ਪਰ ਇਸ ਵਿਚ ਪੇਸ਼ ਸਮਾਜਿਕ ਚਿੱਤਰ ਉਸ ਸਮੇਂ ਦੀ ਸਮਾਜਿਕ ਹਕੀਕਤਾਂ ਨੂੰ ਪੇਸ਼ ਕਰਦਾ ਹੈ, ਜਿਸ ਵਿਚ ਨਾ ਕੇਵਲ ਠੋਸ ਵਿਰੋਧਤਾਈਆਂ ਪੇਸ਼ ਹਨ ਸਗੋਂ ਬਾਣੀਕਾਰ ਇਕ ਵਿਸ਼ੇਸ਼ ਵਿਚਾਰਧਾਰਕ ਪੈਂਤੜੇ ਤੋਂ ਮਾਇਆ ਅਤੇ ਮਾਇਆ ਦੇ ਰੱਖਿਅਕਾਂ ਰਾਜਸੀ ਅਤੇ ਧਾਰਮਿਕ ਆਗੂਆਂ ਦਾ ਵਿਰੋਧ ਕਰ ਰਹੇ ਸਨ। ਇਸ ਪ੍ਰਸੰਗ ਵਿਚ ਗੁਰਬਾਣੀ ਇਨਕਲਾਬੀ ਹੈ। ਗੁਰਬਾਣੀ ਦੀ ਇਸ ਵਿਚਾਰਧਾਰਕ ਵਿਆਖਿਆ ਕਰਕੇ ਨਕਸਲੀ ਕਵਿਤਾ ਵਿਚ ਸਿੱਖ ਇਤਿਹਾਸ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨਾ ਸ਼ੁਰੂ ਕੀਤਾ। ਪੂਰਵਲੀ ਕਵਿਤਾ ਮੁੱਖ ਤੌਰ 'ਤੇ ਗੁਰਪੁਰਬਾਂ ਤੇ ਗੁਰੂ ਸਾਹਿਬਾਨ ਦੇ ਜੀਵਨ ਪ੍ਰਸੰਗਾਂ ਨੂੰ ਕਵਿਤਾਉਣ ਤਕ ਸੀਮਤ ਸੀ। ਇਸ ਵਿਚ ਗੁਰੂ ਸਾਹਿਬਾਨ ਦਾ ਜੱਸ ਗਾਇਨ ਤਾਂ ਹੁੰਦਾ ਸੀ, ਨਾਲ ਇਸ ਵਿਚ ਅਲੌਕਕਿਤਾ ਭਾਰੂ ਸੀ ਪਰ ਇਹ ਮਿੱਥ ਸਿਮਰਨ ਸੀ। ਸੰਤ ਰਾਮ ਉਦਾਸੀ ਦੇ ਪਿਛੋਕੜ ਵਿਚ ਇਹ ਧਾਰਮਿਕ ਕਵੀ ਦਰਬਾਰਾਂ ਦੀ ਪਰੰਪਰਾ ਸੀ ਪਰ ਉਸ ਨੇ ਇਸ ਨੂੰ ਮਾਰਕਸਵਾਦੀ ਚੇਤਨਾ ਨਾਲ ਰੂਪਾਂਤਰਨ ਕਰ ਦਿੱਤਾ। ਇਉਂ ਇਹ ਮਿੱਥ ਸਿਮਰਨਾਂ ਦੀ ਥਾਵੇਂ ਮਿੱਥ ਵਿਸਫੋਟ ਹੋ ਗਿਆ। ਸੰਤ ਰਾਮ ਉਦਾਸੀ ਦੀ ਖ਼ੁਦ ਦੀ ਕਵਿਤਾ ਵਿਚ ਇਹ ਵਿਕਾਸ ਵੇਖਣ ਨੂੰ ਮਿਲਦਾ ਹੈ। ਇਕ ਪਾਸੇ ਉਸ ਦੀ 'ਗੁਰੂ ਅਰਜਨ ਦੇਵ ਜੀ ਦੀ ਉਦਾਰਤਾ' ਵਰਗੀਆਂ ਕਵਿਤਾਵਾਂ ਹਨ ਜਿਨ੍ਹਾਂ ਵਿਚ ਸਿੱਧਾ ਘਟਨਾਵੀ ਬਿਰਤਾਂਤ ਹੈ। ਦੂਜੇ ਪਾਸੇ 'ਮਰਦਾਨੇ ਦਾ ਮਰਦਾਨਣ ਨੂੰ ਖ਼ਤ' ਅਤੇ 'ਗੁਰੂ ਨਾਨਕ ਹੈ- ਅੱਜ' ਕਵਿਤਾਵਾਂ ਪੜ੍ਹੀਆਂ ਜਾ ਸਕਦੀਆਂ ਹਨ। ਜਿਸ ਵਿਚ ਸੰਤ ਰਾਮ ਉਦਾਸੀ ਨੇ ਗੁਰੂ ਇਤਿਹਾਸ ਨੂੰ ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਪੇਸ਼ ਕੀਤਾ ਹੈ।

*ਜਦੋਂ ਹੈ ਦੌਰ ਚੱਲਦਾ ਦੀਨ ਤੇ ਫ਼ਿਰਕਾਪ੍ਰਸਤੀ ਦਾ,*
*ਜਦੋਂ ਵੀ ਲੋਕ-ਹਿੱਤ ਮਜ਼ਬਾਂ ਦੇ ਨਾਪੇ ਨਾਪਿਆ ਜਾਂਦਾ।*
*ਜਦੋਂ ਮਜ਼ਦੂਰ ਦੇ ਮੁੜ੍ਹਕੇ ਦਾ ਕੋਈ ਮੁੱਲ ਨਾ ਤਾਰੇ,*
*ਵਤਨ ਹੈ ਕੀਲਿਆ ਜਾਂਦਾ ਅਤੇ ਸਰਾਪਿਆ ਜਾਂਦਾ।*
*ਮੈਂ ਜਨਤਾ ਦੇ ਸਮੁੰਦਰ ਵਿਚ ਆਪਾ ਖ਼ੋਰ ਦਿੱਤਾ,*
*ਜ਼ੁਲਮ ਦੇ ਬਾਜ਼ ਜਾ ਲੋਕਾਂ ਨੂੰ ਚਿੜੀਆਂ ਵਾਂਗ ਸੀ ਫੜਦੇ।*

*ਲਹਿਜ਼ਾ ਹੋਰ ਹੁੰਦਾ ਏ ਨਿਰੇ ਮਿਸਰੀ ਦੇ ਪਾਣੀ ਵਿਚ,*
*ਤੇ ਮਕਸਦ ਹੋਰ ਹੁੰਦਾ ਸੀ ਮੇਰੇ ਅੰਮ੍ਰਿਤ ਛਕਾਵਣ ਦਾ।*
*ਰੰਗਰੇਟੇ ਆਖ ਕੇ ਕਿਰਤੀ ਦਾ ਮੈਂ ਸਤਿਕਾਰ ਕਰਦਾ ਹਾਂ,*
*ਇਨ੍ਹਾਂ ਨੇ ਦਰਸ਼ ਅੰਤਿਮ ਬਾਪ ਦਾ ਮੈਨੂੰ ਕਰਾਇਆ ਸੀ।*



*ਮੈਂ ਨਾਈਆਂ, ਛੀਂਬਿਆਂ, ਝੀਊਰਾਂ ਤੋਂ ਜ਼ੁਲਮੀ ਛੱਟ ਲਾਹੁਣੀ ਸੀ*
*ਮੈਂ ਸਾਂਝਾ ਪੰਥ ਸਾਜਣ ਦਾ ਤਾਹੀਓਂ ਕੌਤਕ ਰਚਾਇਆ ਸੀ।*
*ਜੇ ਮੈਨੂੰ ਪਿਆਰ ਕਰਨਾ ਏਂ, ਮੇਰੇ ਲੋਕਾਂ ਦਾ ਦਿਲ ਫੋਲੋ।*
*ਮੇਰੇ ਏਕੇ ਦਾ ਸੁਪਨਾ ਵੀ ਤਾਂ ਫਿਰ ਸਾਕਾਰ ਹੋ ਜਾਵੇ।*
*ਮੈਂ ਜਿਸ ਦੇ ਨਾਲ ਲਿਖਿਆ ਏ, ਖ਼ੂਨੀ ਇਤਿਹਾਸ ਦਾ ਵਰਕਾ,*
*ਮੇਰੀ ਕਲਮ, ਮੇਰੀ ਕਵਿਤਾ ਦਾ ਬੇੜਾ ਪਾਰ ਹੋ ਜਾਏ।*

ਇਸ ਦਾ ਇਹ ਅਰਥ ਹੈ ਕਿ ਗੁਰੂ ਇਤਿਹਾਸ ਵਿਚ ਗ਼ਰੀਬ, ਮਜ਼ਲੂਮ, ਨਿਆਂ, ਬਰਾਬਰੀ ਅਤੇ ਸਮਤਾ ਦੀ ਗੱਲ ਸੀ। ਮਤਲਬ ਇਹ ਕਿ ਉਦਾਸੀ ਨੇ ਇਸ ਪੱਖ ਨੂੰ ਉਭਾਰ ਕੇ ਪੇਸ਼ ਕੀਤਾ ਹੈ। ਇਕ ਤਰ੍ਹਾਂ ਨਾਲ ਕਵਿਤਾ ਵਿਚ ਮੌਜੂਦ ਅਲੌਕਿਕ ਕੌਤਕਾਂ ਨੂੰ ਲੋਕਿਕਤਾ ਵਿਚ ਬਦਲ ਦਿੱਤਾ ਅਤੇ ਇਤਿਹਾਸ ਨੂੰ ਸਮਕਲੀਨਤਾ ਨਾਲ ਜੋੜ ਦਿੱਤਾ। ਇਥੋਂ ਤਕ ਕਿ 'ਗੁਰੂ ਨਾਨਕ ਹੈ-ਅੱਜ' ਸੰਬੋਧਨ ਕਵਿਤਾ ਵਿਚ ਇਕ ਤਰ੍ਹਾਂ ਨਾਲ ਇਸੇ ਇਤਿਹਾਸ ਨੂੰ ਸਮਕਲੀਨਤਾ ਵਿਚ ਪਲਟਣ ਦਾ ਯਤਨ ਹੈ। ਸਿੱਖ ਇਤਿਹਾਸ ਦੇ ਮੌਜੂਦ ਚਿੰਨ੍ਹਾਂ ਨੂੰ ਖ਼ਾਲੀ ਕਰਕੇ ਨਵੇਂ ਅਰਥ ਭਰੇ ਹਨ। ਖ਼ਾਸ ਕਰਕੇ ਲਾਲੋ ਦੇ ਚਿੰਨ੍ਹ ਨੂੰ ਕਿਰਤੀ ਨਾਲ ਭਰ ਦਿੱਤਾ ਹੈ।

ਨਕਸਲਬਾੜੀ ਦੌਰ ਦੀ ਸਾਰੀ ਕਵਿਤਾ ਵਿਚ ਨਾਬਰੀ ਦਾ ਨੁਕਤਾ ਬਹੁਤ ਪ੍ਰਚੰਡ ਸੀ। ਇਹ ਨਾਬਰੀ ਸਥਾਪਿਤ ਮੁੱਲ ਪ੍ਰਬੰਧ ਤੋਂ ਸੀ ਅਤੇ ਇਸਦਾ ਮੁੱਖ ਨਿਸ਼ਾਨਾ ਧਾਰਮਿਕ ਆਗੂ ਅਤੇ ਰਾਜਸੀ ਸੱਤਾਧਾਰੀ ਬਣਦੇ ਸਨ। ਇਤਿਹਾਸ ਵਿਚ ਜਿੱਥੇ ਕਿਤੇ ਵੀ ਨਾਬਰੀ ਦੀ ਗੱਲ ਆਉਂਦੀ ਸੀ, ਉਸ ਨੂੰ ਨਕਸਲਬਾੜੀ ਦੀ ਲਹਿਰ ਨੇ ਆਪਣੇ ਵਿਚਾਰਧਾਰਕ ਵਿਰਸੇ ਵਜੋਂ ਪਛਾਣਿਆ ਸੀ। ਪੰਜਾਬ ਅੰਦਰ ਸਿੱਖ ਲਹਿਰ ਇਤਿਹਾਸਕ ਤੌਰ 'ਤੇ ਰਜਵਾੜਾ-ਸ਼ਾਹੀ ਦੇ ਖ਼ਿਲਾਫ਼ ਨਾਬਰੀ ਦੀ ਲਹਿਰ ਸੀ ਜੋ ਸਮੰਤਵਾਦ ਦੀ ਇਕ ਵਿਚਾਰਧਾਰਕ ਬੁਨਿਆਦ ਜਾਤ-ਪਾਤ 'ਤੇ ਵੀ ਚੋਟ ਕਰਦੀ ਸੀ। ਸੰਤ ਰਾਮ ਉਦਾਸੀ ਨੇ ਸਿੱਖ ਇਤਿਹਾਸ ਵਿਚ ਮੌਜੂਦ ਇਸ ਨਾਬਰੀ ਨੂੰ ਆਪਣੀ ਕਵਿਤਾ ਵਿਚ ਰੱਜ ਕੇ ਪੇਸ਼ ਕੀਤਾ ਹੈ। ਉਦਾਹਰਣ ਵਜੋਂ ਉਸਦੀ ਕਵਿਤਾ 'ਗੁਰੂ ਗੋਬਿੰਦ ਸਿੰਘ ਜੀ ਦਾ ਲੋਕਾਂ ਦੇ ਨਾਂ ਅੰਤਿਮ ਸੁਨੇਹਾ' ਦੀਆਂ ਪੰਕਤੀਆਂ ਦੇਖੀਆਂ ਜਾ ਸਕਦੀਆਂ ਹਨ:

*ਮੈਂ ਇਸੇ ਲਈ ਗੜ੍ਹੀ ਚਮਕੌਰ ਦੀ ਵਿਚ ਜੰਗ ਲੜਿਆ ਸੀ,*
*ਕਿ ਕੱਚੇ ਕੋਠੜੇ ਮੋਹਰੇ ਮਹਿਲ ਮੁਨਾਰ ਝੁਕ ਜਾਏ।*

ਇਸੇ ਪ੍ਰਕਾਰ ਹੀ 'ਔਰੰਗਜ਼ੇਬ ਦਾ ਖ਼ਤ- ਦਸਮੇਸ਼ ਦਾ ਜਵਾਬ' ਕਵਿਤਾ ਵਿਚ ਫਿਰ ਨਾਬਰੀ ਦੀ ਗੱਲ ਹੈ:

*ਮੇਰੇ ਆਦਰਸ਼ ਤੋਂ ਮੈਨੂੰ ਜ਼ਰਾ ਥਿੜਕਾ ਨਹੀਂ ਸਕਦਾ,*
*ਵਿਛੋੜਾ ਬਾਪ, ਮਾਤਾ ਦਾ ਅਤੇ ਪੁੱਤਰਾਂ ਹਜ਼ਾਰਾਂ ਦਾ।*
*ਜੇ ਦੀਵਾ ਰਹਿ ਸਕੇ ਬਲਦਾ ਮਸੂਮਾਂ ਤੇ ਅਨਾਥਾਂ ਦਾ,*
*ਮੈਂ ਰੀਝਾਂ ਨਾਲ ਪਾਇਆ ਖ਼ੂਨ ਹੈ ਵਿਚ ਲਾਲ ਚਾਰਾਂ ਦਾ।*

'ਦਿੱਲੀਏ ਦਿਆਲਾ ਵੇਖ' ਕਵਿਤਾ ਸਾਰੀ ਦੀ ਸਾਰੀ ਹੀ ਨਾਬਰੀ ਦਾ ਖੁੱਲ੍ਹਾ ਬਿਆਨ ਹੈ। ਦਿੱਲੀ ਰਾਜ ਸੱਤਾ ਦੀ ਪ੍ਰਤੀਕ ਵਜੋਂ ਮੱਧਕਾਲ ਤੋਂ ਹੀ ਵਿਦਮਾਨ ਰਹੀ ਹੈ। ਇਸ ਦਿੱਲੀ ਨਾਲ ਰਾਜਪੂਤਾਨੇ ਦੇ ਹਿੰਦੂ ਜੈਮਲ ਫੱਤੇ ਵੀ ਟਕਰਾਉਂਦੇ ਰਹੇ ਹਨ। ਇਸੇ ਦਿੱਲੀ ਨਾਲ ਸੰਦਲਬਾਰ ਦਾ ਮੁਸਲਮਾਨ ਦੁੱਲਾ ਵੀ ਟਕਰਾਉਂਦਾ ਰਿਹਾ ਹੈ। ਇਸੇ ਨਾਲ ਸਿੱਖ ਯੋਧੇ ਵੀ ਲੋਹਾ ਲੈਂਦੇ ਰਹੇ ਹਨ। ਇਹ ਸਾਰੇ ਬਾਗ਼ੀ ਧਰਮ ਕਰਕੇ ਦਿੱਲੀ ਨਾਲ ਨਹੀਂ ਟਕਰਾਉਂਦੇ ਸਨ। ਇਹ ਜਾਬਰਾਂ ਅਤੇ ਮਜ਼ਲੂਮਾਂ ਦੀ ਲੜਾਈ ਸੀ। ਜ਼ੁਲਮੀ ਹਾਕਮਾਂ ਦੇ ਹੱਕ-ਸੱਚ ਲਈ ਜੂਝ ਰਹੇ ਪਰਜਾ ਜਾਂ ਰਿਆਈ ਦੀ ਲੜਾਈ ਸੀ। ਇਹ ਦਿੱਲੀ ਇਕ ਚੇਨ ਵਜੋਂ ਸਾਰੀ ਹੀ ਇਨਕਲਾਬੀ ਕਵਿਤਾ ਵਿਚ ਸਮਾਈ ਹੋਈ ਹੈ। ਪਾਸ਼ ਵੀ ਇਸ ਤੱਥ ਨੂੰ ਤਸਲੀਮ ਕਰਦਾ ਹੈ ਕਿ ਕੋਹਜ ਦੀ ਨਦੀ, ਦਿੱਲੀ ਦੇ ਗੋਲ ਪਰਬਤ ਵਿਚੋਂ ਸਿੰਮਦੀ ਹੈ। ਪੈਰੋਂ ਨੰਗੀ ਪਿੰਡ ਦੀ ਕੁੜੀ ਦੀ ਦਿੱਲੀ ਦੀ ਹੁਕਮਰਾਨ ਔਰਤ ਨਾਲ ਦੁਸ਼ਮਣੀ ਹੈ। ਇਹੀ ਭਾਵ ਦਰਸ਼ਨ ਖਟਕੜ ਦੀਆਂ ਕਵਿਤਾਵਾਂ ਦਾ ਵੀ ਨਿਕਲਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਜਾਗੀਰਦਾਰੀ-ਸਰਮਾਏਦਾਰੀ ਪ੍ਰਬੰਧ ਨਾਲ ਟਕਰਾਉਣ ਵਾਲੇ ਸਾਰੇ ਇਨਕਲਾਬੀ ਨਾਇਕ ਨਕਸਲਬਾੜੀ ਲਹਿਰ ਦੇ ਪ੍ਰੇਰਨਾ ਸਰੋਤ ਬਣੇ ਹਨ। ਪੰਜਾਬ ਵਿਚ ਸਿੱਖ ਲਹਿਰ ਦਾ ਜੁਝਾਰੂ ਪਿਛੋਕੜ ਸੀ। ਜਿਸ ਨੇ ਆਪਣੇ ਸਮੇਂ ਵਿਚ ਜਾਗੀਰਦਾਰੀ ਪ੍ਰਬੰਧ ਦੇ ਪਾਲਕ ਅਤੇ ਸੰਸਥਾਪਕ ਮੁਗਲ ਸਾਮਰਾਜ ਨਾਲ ਟੱਕਰ ਲਈ ਸੀ। ਇਸੇ ਕਾਰਨ ਕਰਕੇ ਨਕਸਲਬਾੜੀ ਯੋਧਿਆਂ ਲਈ ਗੁਰੂ ਸਾਹਿਬਾਨ ਅਤੇ ਸਿੱਖ ਯੋਧੇ ਪ੍ਰੇਰਨਾ ਸਰੋਤ ਬਣ ਗਏ ਹਨ। ਉਦਾਸੀ ਦੀ ਕਵਿਤਾ ਵਿਚ ਇਹ ਚਿੰਨ੍ਹ ਵਾਰ-ਵਾਰ ਆਉਂਦੇ ਹਨ। ਪਰ ਧਿਆਨ ਦੇਣ ਵਾਲਾ ਨੁਕਤਾ ਇਹ ਹੈ ਕਿ ਉਦਾਸੀ ਉਨ੍ਹਾਂ ਨੂੰ ਸਮਕਾਲੀਨ ਪ੍ਰਸੰਗ ਵਿਚ ਪੇਸ਼ ਕਰ ਰਿਹਾ ਹੈ ਅਤੇ ਉਹ ਇਸ ਨੂੰ ਕਿਸੇ ਵੀ ਧਾਰਮਿਕ ਕੱਟੜਤਾ ਤੋਂ ਮੁਕਤ ਕਰਕੇ ਅਮੀਰ-ਗ਼ਰੀਬ ਦੀ ਲੜਾਈ ਵਿਚ ਪਰਿਵਰਤਿਤ ਕਰ ਰਿਹਾ ਹੈ। ਉਦਾਹਰਣ ਵਜੋਂ 'ਗੁਰੂ ਗੋਬਿੰਦ ਸਿੰਘ ਜੀ ਵਲੋਂ ਮਾਧੋ ਦਾਸ ਵੈਰਾਗੀ ਨੂੰ ਬੰਦਾ ਬਹਾਦਰ ਬਣਾ ਕੇ ਪੰਜਾਬ ਵੱਲ ਭੇਜਣਾ' ਕਵਿਤਾ ਦਾ ਪਹਿਲਾ ਬੰਦ ਅਤੇ ਖ਼ਾਸ ਕਰਕੇ ਆਖ਼ਰੀ ਦੋ ਬੰਦ ਦੇਖੇ ਜਾ ਸਕਦੇ ਹਨ:

*ਜੇ ਤੂੰ ਬੰਦੇਂ ਤਾਂ ਕਰ ਬੰਦ ਖਲਾਸ ਸਭ ਦੀ,*
*ਕਰਾਮਾਤਾਂ ਨਹੀਂ ਕੰਮ ਬਹਾਦਰਾਂ ਦੇ।*
*ਆਪਣਾ ਬਾਪ ਬਣਿਆ ਚਾਦਰ ਹਿੰਦ ਦੀ ਸੀ,*
*ਤੂੰ ਵੀ ਤੰਦ ਬਣਜੀਂ ਉਨ੍ਹਾਂ ਚਾਦਰਾਂ ਦੇ।*



*ਸਾਡਾ ਯੁੱਧ ਜੇਕਰ ਫ਼ਿਰਕੂ ਯੁੱਧ ਹੁੰਦਾ,*
*ਮਾਛੀਵਾੜੇ ਨਾ ਮੈਨੂੰ ਪਨਾਹ ਮਿਲਦੀ।*
*ਤੈਨੂੰ ਕਿਰਤੀ ਕਿਸਾਨਾਂ ਦੀ ਰੱਖ ਸਿੰਘਾ,*
*ਦੇਖੀਂ ਲੋਕਾਂ ਦੀ ਸ਼ਕਤੀ ਅਥਾਹ ਮਿਲਦੀ।*

*ਬੀਜ ਬੀਜਣ ਤੋਂ ਰੋਟੀ ਦੇ ਸਫ਼ਰ ਤਾਈਂ,*
*ਕਿਰਤ ਕਰਨ ਦਾ ਪੂਰਾ ਅਧਿਕਾਰ ਜਿੱਥੇ।*
*ਰੋਟੀ ਹੱਥ 'ਤੇ ਟਿਕੇ ਜਾ ਕਾਮਿਆਂ ਦੇ,*
*ਗਿਰਝਾਂ ਲੈਂਦੀਆਂ ਨੇ ਝਪਟ ਮਾਰ ਜਿੱਥੇ।*

ਬਿਲਕੁਲ ਸਪੱਸ਼ਟ ਰੂਪ ਵਿਚ ਕਵੀ ਲਿਖਦਾ ਹੈ ਕਿ ਇਹ ਲੜਾਈ ਧਾਰਮਿਕ ਨਹੀਂ, ਕਿਰਤ ਦੀ ਲੁੱਟ ਵਿਰੁੱਧ ਲੜਾਈ ਸੀ। ਸੰਤ ਰਾਮ ਉਦਾਸੀ 'ਮਾਤਾ ਗੁਜਰੀ ਦੇ ਗੁਰੂ ਗੋਬਿੰਦ ਸਿੰਘ ਜੀ ਦੀ ਪੇਸ਼ੀ' ਕਵਿਤਾ ਵਿਚ ਜੋ ਸਿੱਖ ਰਾਜ ਦਾ ਚਿੱਤਰ ਖਿਚਦਾ ਹੈ ਉਹ ਨਾ ਕੇਵਲ ਧਰਮ ਨਿਰਪੱਖ ਹੀ ਹੈ, ਸਗੋਂ ਉਹ ਕਿਰਤੀ ਦੀ ਚੜ੍ਹਾਈ ਵਾਲਾ ਸਮਾਜਵਾਦੀ ਸਮਾਜ ਹੈ:

*ਜਿਹੜੇ ਲੋਕਾਂ ਦੀ ਕਿਰਤ ਨੂੰ ਪੈਣ ਗਿਰਝਾਂ,*
*ਮੇਰੇ ਲੋਕ ਉਹ ਮੇਰਾ ਖ਼ੁਆਬ ਹੈਗਾ।*
*ਮੇਰੇ ਮੁਸਲਮਾਨਾਂ, ਸਿੱਖਾਂ, ਹਿੰਦੂਆਂ ਨੇ,*
*ਕਰਨਾ ਸਰਬਹਾਰਾ ਇਨਕਲਾਬ ਹੈਗਾ।*
*ਤੈਨੂੰ ਕਿਹਾ ਮਸੰਦਾਂ ਜ਼ਰੂਰ ਹੋਣਾ,*
*ਕਿਹਾ ਹੋਣੈ ਗੋਬਿੰਦ ਨੂੰ ਹੋੜ ਮਾਏਂ।*
*ਪੈਰ-ਪੈਰ 'ਤੇ ਉਨ੍ਹੇ ਕਿਉਂ ਪੈਰ ਬੱਧੇ,*
*ਲੈਣਾ ਲੋਕਾਂ ਤੋਂ ਕੀ ਉਹਨੂੰ ਲੋੜ ਮਾਏਂ।*

ਅਸਲ ਵਿਚ ਤਾਂ ਕਵਿਤਾ ਚਿੰਨ੍ਹਾਂ ਅਤੇ ਪ੍ਰਤੀਕਾਂ ਰਾਹੀਂ ਬਿੰਬਾਂ ਦੀ ਭਾਸ਼ਾ ਵਿਚ ਗੱਲ ਕਰਦੀ ਹੈ। ਇਸ ਕਾਰਨ ਉਸ ਵਿਚ ਅਰਥ ਸਿਰਜਣ ਦੀਆਂ ਅਸੀਮ ਸੰਭਾਵਨਾਵਾਂ ਹੁੰਦੀਆਂ ਹਨ। ਹਰ ਪਾਠਕ ਆਪਣੀ ਮਾਨਸਿਕ ਅਵਸਥਾ ਅਨੁਸਾਰ ਉਸ ਵਿਚੋਂ ਅਰਥ ਉਤਪਾਦਨ ਕਰਨ ਦੀ ਸਮਰੱਥਾ ਰੱਖਦਾ ਹੁੰਦਾ ਹੈ। ਉਦਾਸੀ ਦੀ ਕਵਿਤਾ ਵਿਚਾਰਧਾਰਕ ਤੌਰ 'ਤੇ ਸਪੱਸ਼ਟ ਰੂਪ ਵਿਚ ਇਨਕਲਾਬੀ ਲਹਿਰ ਨਾਲ ਖੜ੍ਹੀ ਸੀ। ਇਸ ਦੇ ਬਾਵਜੂਦ ਕੁਝ ਲੋਕ ਉਸ ਦੀਆਂ ਕਵਿਤਾਵਾਂ ਦੇ ਹਵਾਲਿਆਂ ਨੂੰ ਮਨਮਰਜ਼ੀ ਦੇ ਅਰਥ ਦਿੰਦਿਆਂ ਬਾਅਦ ਦੇ ਪ੍ਰਸੰਗਾਂ ਵਿਚ ਉਲਟੇ ਰੂਪ ਫਿੱਟ ਕਰਕੇ ਆਪਣੇ ਹਿੱਤ ਅਨੁਸਾਰ ਸੰਤ ਰਾਮ ਉਦਾਸੀ ਨੂੰ ਭੁਗਤਾਉਣ ਦਾ ਯਤਨ ਕਰਦੇ ਹਨ। ਪਾਸ਼ ਦੀ ਇਕ ਕਵਿਤਾ ਵਿਚ ਜ਼ਿਕਰ

ਆਉਂਦਾ ਹੈ ਕਿ ਤੇਰਾ ਖ਼ਤ ਬਹੁਤ ਤੜਫੇਗਾ। ਜ਼ਹਾਲਤ ਦੀ ਤਲੀ ਉਤੇ ਜਦ ਅਰਥਾਂ ਦੇ ਹੋਣਗੇ ਅਨਰਥ।

ਸੰਤ ਰਾਮ ਉਦਾਸੀ ਨੇ ਨਕਸਲਬਾੜੀ ਲਹਿਰ ਦੇ ਪ੍ਰਭਾਵ ਹੇਠ ਆਉਣ ਤੋਂ ਪਹਿਲਾਂ ਕੁਝ ਕਵਿਤਾਵਾਂ ਧਾਰਮਿਕ ਸ਼ਖ਼ਸ਼ੀਅਤਾਂ ਬਾਰੇ ਜ਼ਰੂਰ ਲਿਖੀਆਂ ਸਨ ਪਰ ਉਨ੍ਹਾਂ ਨੇ ਬਾਅਦ ਵਿਚ ਕਿਸੇ ਸੰਗ੍ਰਹਿ ਵਿਚ ਆਪ ਸ਼ਾਮਿਲ ਨਹੀਂ ਕੀਤੀਆਂ। ਬਹੁਤ ਸਾਰੇ ਕਵੀ ਮੁੱਢਲੇ ਦੌਰ ਵਿਚ ਅਜਿਹੀਆਂ ਕਵਿਤਾਵਾਂ ਲਿਖਦੇ ਰਹੇ ਹਨ, ਪਰ ਬਾਅਦ ਵਿਚ ਉਨ੍ਹਾਂ ਆਪਣਾ ਵਿਸ਼ਾ ਖੇਤਰ ਬਦਲ ਲਿਆ ਸੀ। ਉਦਾਹਰਣ ਵਜੋਂ: ਅੰਮ੍ਰਿਤਾ ਪ੍ਰੀਤਮ ਦੀਆਂ ਮੁੱਢਲੀਆਂ ਕਵਿਤਾਵਾਂ ਧਾਰਮਿਕ ਹਨ। ਪਰ ਬਾਅਦ ਵਿਚ ਉਹ ਰੁਮਾਂਸਵਾਦੀ ਪ੍ਰਗਤੀਸ਼ੀਲ ਕਵਿਤਾਵਾਂ ਲਿਖਣ ਲੱਗ ਪਈ। ਹਰ ਲੇਖਕ ਵਿਚ ਇਕ ਵਿਕਾਸ ਆਉਂਦਾ ਹੈ। ਨਿਸ਼ਚੇ ਹੀ ਉਦਾਸੀ ਦੀ ਕਵਿਤਾ ਵਿਚ ਵੀ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਬੁਨਿਆਦੀ ਤਬਦੀਲੀ ਵਾਪਰੀ। 1964 ਵਿਚ ਜਵਾਹਰ ਲਾਲ ਨਹਿਰੂ ਦੀ ਮੌਤ ਉਤੇ ਮਰਸੀਆਨੁਮਾ ਕਵਿਤਾਵਾਂ ਲਿਖਣ ਵਾਲਾ ਬਾਅਦ ਦੀਆਂ ਕਵਿਤਾਵਾਂ ਵਿਚ ਇਹ ਸਮਝਦਾ ਹੈ ਕਿ ਜਵਾਹਰ ਲਾਲ/ਗਾਂਧੀ ਬਨਾਮ ਕਾਂਗਰਸ ਦੀ ਲਿਆਂਦੀ ਆਜ਼ਾਦੀ ਤਾਂ ਝੂਠੀ ਆਜ਼ਾਦੀ ਸੀ।

1964 ਤੋਂ 1975 ਤਕ ਗਿਆਰਾਂ ਸਾਲਾਂ ਵਿਚ ਉਸਦੀ ਰਾਜਸੀ ਚੇਤਨਾ ਵਿਚ ਵਿਕਾਸ ਆਇਆ ਹੈ। ਜਿਸ ਨਾਲ ਉਸ ਨੇ ਭਾਰਤੀ ਸਰਮਾਏਦਾਰੀ ਦੇ ਆਗੂਆਂ ਦੇ ਚਰਿੱਤਰ ਨੂੰ ਨਵੇਂ ਸਿਰਿਆਂ ਤੋਂ ਪ੍ਰਭਾਸ਼ਿਤ ਕੀਤਾ। ਇਸੇ ਪ੍ਰਕਾਰ ਧਾਰਮਿਕ ਸ਼ਖ਼ਸ਼ੀਅਤਾਂ ਦੇ ਗੁਣ-ਗਾਨ ਕਰਨ ਵਾਲਾ ਬਾਅਦ ਵਿਚ ਇਸ ਕਿਸਮ ਦੇ ਵਿਚਾਰ ਕਵਿਤਾ ਵਿਚ ਪੇਸ਼ ਨਹੀਂ ਕਰਦਾ। ਸੰਤ ਰਾਮ ਉਦਾਸੀ ਆਪਣੀ ਸਾਰੀ ਮਹੱਤਵਪੂਰਨ ਕਵਿਤਾ 1979 ਤਕ ਲਿਖ ਚੁੱਕਿਆ ਸੀ। ਉਸ ਤੋਂ ਬਾਅਦ ਉਸ ਨੇ ਜਿਹੜੀਆਂ ਕਵਿਤਾਵਾਂ ਲਿਖੀਆਂ ਉਹ ਪੂਰਬਲੇ ਕਾਵਿ ਪੈਰਾਡਾਈਮ ਤੋਂ ਬਾਹਰ ਨਹੀਂ ਜਾਂਦੀਆਂ। ਉਸਦੀ ਕਵਿਤਾ ਦੀ ਵਿਚਾਰਧਾਰਕ ਸੁਰ 1971 ਤੋਂ ਲੈ ਕੇ ਅੰਤ ਤਕ ਇਕੋ ਹੀ ਰਹਿੰਦੀ ਹੈ। 1979 ਤੋਂ ਬਾਅਦ ਲਿਖੀਆਂ ਕਵਿਤਾਵਾਂ ਦੀ ਸੁਰ ਕੋਈ ਵੱਖਰੀ ਨਹੀਂ ਹੈ। ਕੁਝ ਲੋਕ ਇਨ੍ਹਾਂ ਕਵਿਤਾਵਾਂ ਨੂੰ ਪੰਜਾਬ ਸੰਕਟ ਤੋਂ ਬਾਅਦ ਦੀਆਂ ਕਵਿਤਾਵਾਂ ਵਜੋਂ ਪੜ੍ਹਦੇ ਅਤੇ ਪ੍ਰਚਾਰਦੇ ਹਨ, ਜੋ ਉਦਾਸੀ ਨਾਲ ਸਰਾਸਰ ਜ਼ਿਆਦਤੀ ਤਾਂ ਹੈ ਹੀ- ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਵੱਡਾ ਧ੍ਰੋਹ ਹੈ। ਕਵਿਤਾ ਵਿਧਾ ਵਜੋਂ ਹੀ ਬਹੁ-ਆਰਥਕ ਹੁੰਦੀ ਹੈ ਅਤੇ ਉਸ ਵਿਚ ਨਵੇਂ ਪ੍ਰਸੰਗ ਜੋੜੇ ਜਾਣ ਦੀ ਨਿਰੰਤਰ ਸੰਭਾਵਨਾ ਬਣੀ ਰਹਿੰਦੀ ਹੈ। ਸੰਤ ਰਾਮ ਉਦਾਸੀ ਦੀਆਂ ਨਕਸਲਬਾੜੀ ਦੌਰ ਦੀਆਂ ਸਿੱਖ ਯੋਧਿਆਂ ਨੂੰ ਪ੍ਰੇਰਨਾ ਪ੍ਰਤੀਕ ਬਣਾ ਕੇ ਲਿਖੀਆਂ ਕਵਿਤਾਵਾਂ ਨੂੰ ਕੁਝ 'ਵਿਦਵਾਨਾਂ' ਨੇ ਕੱਟੜ ਸਿੱਖ ਧਾਰਮਿਕ ਲਹਿਰ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ। ਸੰਤ ਰਾਮ ਉਦਾਸੀ ਮਾਰਕਸਵਾਦੀ ਵਿਚਾਰਧਾਰਾ ਨੂੰ ਅਪਣਾਇਆ ਕਵੀ ਸੀ ਅਤੇ ਉਸਦਾ ਧਰਮ ਜਾਂ ਜਾਤੀਗਤ ਵੰਡੀਆਂ ਦੀ ਥਾਵੇਂ ਜਮਾਤੀ ਸੰਘਰਸ਼ ਵਿਚ ਅਟੁੱਟ ਵਿਸ਼ਵਾਸ ਸੀ। ਉਸ ਦੀਆਂ ਸਾਰੀਆਂ ਕਵਿਤਾਵਾਂ ਜਮਾਤੀ ਸੰਘਰਸ਼ ਨੂੰ ਪ੍ਰਚਾਰਦੀਆਂ



ਹਨ। ਇਸ ਦੀ ਪੁਸ਼ਟੀ ਲਈ ਮੱਧਕਾਲੀ ਸਿੱਖ ਲਹਿਰ ਦੇ ਨਾਇਕਾਂ ਨੂੰ ਪ੍ਰੇਰਨਾ ਸਰੋਤ ਮੰਨਦਾ ਹੈ। ਕਿਉਂਕਿ ਸਿੱਖ ਲਹਿਰ ਦੇ ਨਾਇਕ ਵੀ ਅਸਲ ਵਿਚ ਤਾਂ ਜਾਗੀਰਦਾਰੀ ਮੁਗਲ ਸਾਮਰਾਜ ਦੇ ਖ਼ਿਲਾਫ਼ ਲੋਕ ਲਹਿਰ ਹੀ ਜਥੇਬੰਦ ਕਰ ਰਹੇ ਸਨ। ਉਦਾਹਰਣ ਵਜੋਂ 'ਭਾਈ ਘਨੱਈਏ ਦੀ ਪੇਸ਼ੀ' ਕਵਿਤਾ ਦੇਖੀ ਜਾ ਸਕਦੀ ਹੈ:

*ਔਹ ਕੋਈ ਅੱਲਾ! ਅੱਲਾ!! ਕਰੇ,*
*ਜਿਦੀ ਜ਼ਰ, ਜ਼ੋਰੂ ਉਤੇ ਨੀਤ ਹੈ ਕਰੋੜੀਏ ਕਰਾੜ ਦੀ।*
*ਨਾਲ ਹੀ ਪਰੇ ਹੈ ਕੋਈ ਵਾਹਿਗੁਰੂ ਬੋਲੇ,*
*ਜਿਦੀ ਸ਼ਾਦੀ ਸਿਗੀ ਪਿਛਲੇ ਹੀ ਹਾੜ ਦੀ।*
*ਜਾਤ ਪਾਤ ਨਾਲੋਂ ਜ਼ਿਆਦਾ ਮਾਣਦਾ ਜਮਾਤ,*
*ਤੇਰੇ ਖੰਜਰ ਪਿਆਲੇ ਦਾ ਸਰੂ।*
*ਪਿੱਛੇ ਵੇਖ ਕਿੰਨੇ ਹੱਥ ਕੱਢਦੇ ਨੇ ਹਾੜੇ...*
*ਇਨ੍ਹਾਂ ਨੂੰ ਜਮਾਤੀ ਯੁੱਧ ਦੀ ਜੇ ਜ਼ਰਾ ਸੂਝ ਹੁੰਦੀ,*
*ਕਾਹਨੂੰ ਇਹ ਸ਼ਰੀਕਾਂ ਨਾਲ ਖੜ੍ਹਦੇ।*
*ਬੁਧੂ ਸ਼ਾਹ ਦੇ ਪੀਰਾ! ਪੀਰ ਜੱਗ ਦਾ ਬਣਾ ਕੇ,*
*ਤੈਨੂੰ ਵੈਰੀਆਂ ਦੇ ਘੇਰਿਆਂ 'ਚੋਂ ਕੱਢਦੇ।*
*ਤੇਰੀ ਹਾਜ਼ਰੀ 'ਚ ਪਾਣੀ ਪਿਆਸੜੇ ਨੂੰ ਦੇਣਾ,*
*ਮੈਨੂੰ ਏਦੂੰ ਵੱਡਾ ਹੋਣਾ ਕੀ ਗਰੂਰ।*
*ਪਿੱਛੇ ਵੇਖ ਕਿੰਨੇ ਹੱਥ ਕੱਢਦੇ ਨੇ ਹਾੜੇ...*

*ਕਣਕਾਂ ਨੂੰ ਆਊਗਾ ਪਸੀਨਾ ਡੁੱਲੇ ਖ਼ੂਨ ਦਾ ਜਾ,*
*ਜੋਰੀ ਜਰਵਾਣੇ ਰਹਿ ਨੀ ਸਕਣੇ।*
*ਭਾਈ, ਮੁੱਲਾਂ, ਪਾਦਰੀ, ਦੇ ਫੇਰ ਰਾਜ ਮਹਿਲਾਂ ਵਿਚ,*
*ਫਿਰਕੂ ਠਿਕਾਣੇ ਰਹਿ ਨੀ ਸਕਣੇ।*
*ਤੇਰੀ ਦਿੱਤੀ ਅਜੇ ਭਰੀ ਦੀ ਭਰਾਈ,*
*ਇਹ ਨਾ ਉਣੇ ਅਜੇ, ਨੱਕੋ ਨੱਕ ਨੂਰ,*
*ਪਿੱਛੇ ਵੇਖ ਕਿੰਨੇ ਹੱਥ ਕੱਢਦੇ ਨੇ ਹਾੜੇ...*

*ਅੱਜ ਫ਼ਿਰਕੇਦਾਰੀ ਮਾਣਸ ਖਾਣੀ, ਪਾੜੇ ਵੀਰੋ ਵੀਰ।*
*ਵਿਹੜਾ ਲਛਮਣ ਮਾਰੇ ਰਾਮ ਨੂੰ, ਸਰੂਪ ਨਖਾ ਦੇ ਤੀਰ।*
*ਧਰਮ ਅਤੇ ਸਰਮਾਇਆ ਇਕੋ, ਸੁਣ ਲੋ! ਸ਼ਰਧਾ ਵਾਲਿਓ।*
*ਓ ਖੇਤਾਂ ਵਾਲਿਓ...* *(ਰਾਖਿਓ)*

ਸੰਤ ਰਾਮ ਉਦਾਸੀ ਨੇ ਜਦੋਂ ਆਪਣੀ ਕਵਿਤਾ ਵਿਚ ਸਿੱਖੀ ਨਾਲ ਸਬੰਧਿਤ ਬਿੰਬ ਪੇਸ਼ ਕੀਤੇ ਤਾਂ ਉਸਦਾ ਆਧਾਰ ਸੀ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੀ

ਸਾਂਝੀਵਾਲਤਾ, ਗੁਰੂ ਗੋਬਿੰਦ ਸਿੰਘ ਦੀ ਅੰਮ੍ਰਿਤ ਦੀ ਦਾਤ ਅਤੇ ਭਾਈ ਘਨੱਈਆ ਦਾ ਅਦਵੈਤਵਾਦ। ਪਿਛਲੇ 7-8 ਸਾਲਾਂ ਵਿਚ ਉਦਾਸੀ ਨੂੰ ਕਦੇ ਕਿਸੇ ਖ਼ਾਸ ਜਾਤ ਅਤੇ ਕਦੇ ਕਿਸੇ ਵਿਸ਼ੇਸ਼ ਧਰਮ ਤਕ ਸੀਮਤ ਕਰਨ ਦੇ ਯਤਨ ਹੋਏ ਹਨ। ਕੁਝ ਵਿਅਕਤੀ ਸਾਹਿਤਕਾਰਾਂ ਤੇ ਸ਼ਹੀਦਾਂ ਨੂੰ ਜਾਤਾਂ, ਧਰਮਾਂ ਅਤੇ ਇਲਾਕਿਆਂ ਵਿਚ ਵੰਡ ਰਹੇ ਹਨ ਅਤੇ ਸੰਤ ਰਾਮ ਉਦਾਸੀ ਵਰਗੇ ਸ਼ਾਇਰ ਨੂੰ ਵੀ ਆਪਣੀ ਸੌੜੀ ਰਾਜਨੀਤੀ ਦਾ ਜਰੱਈਆ ਅਪਣਾਉਣਾ ਚਾਹੁੰਦੇ ਹਨ। ਪਰ ਉਸਦੀ ਸਮੁੱਚੀ ਕਵਿਤਾ ਇਸ ਗੱਲ ਦਾ ਪੁਖਤਾ ਸਬੂਤ ਹੈ ਕਿ ਉਹ ਦੁਨੀਆਂ ਭਰ ਦੇ ਕਿਰਤੀਆਂ ਨਾਲ ਸਾਂਝ ਰੱਖਦਾ ਸੀ। ਕਿਰਤੀ ਹੋਣਾ ਹੀ ਉਸਦੀ ਜਾਤ ਸੀ, ਕਿਰਤੀ ਹੋਣਾ ਹੀ ਉਸਦਾ ਧਰਮ ਸੀ। ਕਿਰਤੀ ਵਜੋਂ ਹੀ ਉਹ ਵਿਚਰਿਆ, ਕਿਰਤੀ ਵਜੋਂ ਹੀ ਪ੍ਰਵਾਨ ਚੜ੍ਹਿਆ ਅਤੇ ਉਸਦਾ ਅੰਤ ਵੀ ਉਸੇ ਤਰ੍ਹਾਂ ਹੋਇਆ ਜਿਵੇਂ ਕਿਰਤੀ ਅਣਆਈ ਮੌਤੇ ਮਰਦੇ ਹਨ।

*ਕਿਰਤ ਲੁਟਾਵਣ ਵਾਲਿਓ ਸਾਰੇ ਇਕ ਹੋ ਜਾਓ, ਇਕ ਹੋ ਜਾਓ!*
*ਜਿਸਮ ਤੁੜਾਵਣ ਵਾਲਿਓ ਸਾਰੇ ਇਕ ਹੋ ਜਾਓ, ਇਕ ਹੋ ਜਾਓ!!*
*ਅੱਗ ਧੁਖੇ ਜਦ ਕਾਂਗੋ ਵਿਚ ਤਾਂ, ਭਾਂਬੜ ਵੀਅਤਨਾਮ ਵਿਚ ਨਿਕਲੇ।*
*ਹੱਡ ਸੜਨ ਜਦ ਫ਼ਲਸਤੀਨਾਂ ਦੇ, ਰੋਹ ਕੰਬੋਡੀਆ ਅੰਦਰ ਬਿਫ਼ਰੇ।*
*ਮਰੇ ਜਦੋਂ ਅਮਰੀਕੀ ਕਾਮਾ, ਚੀਨੀ ਮਾਂ ਦੇ ਆਵਣ ਹੰਝੂ।*
*ਪਾਕਿਸਤਾਨੀ ਪੜ੍ਹੇ ਨਮਾਜ਼ਾਂ, ਸੜਦੇ ਕਰੇ ਤਿਲਕ ਤੇ ਜੰਞੂ।*
*ਪੂੰਜੀਪਤੀ ਦੀ ਪੂੰਜੀ ਅੰਦਰ, ਆਪਣਾ ਮਹਿੰਗਾ ਲਹੂ ਨਾ ਪਾਓ।*
*ਇਕ ਹੋ ਜਾਓ, ਇਕ ਹੋ ਜਾਓ!!*

*(ਦੁਨੀਆਂ ਭਰ ਦੇ ਕਾਮਿਓਂ)*

*ਜਦ ਵੀ ਉਪਰਾਲਾ ਕਰਕੇ ਮੈਂ, ਜ਼ੰਜੀਰ ਤੋੜਨੀ ਚਾਹੀ ਏ।*
*ਟੁੱਟੀ ਨੂੰ ਟਾਂਕੇ ਲਾ ਲਾ ਕੇ, ਤਕਦੀਰ ਜੋੜਨੀ ਚਾਹੀ ਏ।*
*ਧਰਮਾਂ 'ਤੇ ਖ਼ਤਰਾ ਬਣ ਜਾਵੇ, ਕਾਨੂੰਨ 'ਤੇ ਖ਼ਤਰਾ ਆ ਜਾਵੇ।*
*ਮਜ਼ਹਬਾਂ ਦੇ ਠੇਕੇਦਾਰਾਂ ਦੇ, ਜਨੂੰਨ 'ਤੇ ਖ਼ਤਰਾ ਆ ਜਾਵੇ।*
*ਦੇ ਫ਼ਤਵਾ ਦੇਸ਼-ਧਰੋਹੀ ਦਾ, ਜੇਲ੍ਹਾਂ ਦੇ ਬੂਹੇ ਖੁੱਲ੍ਹ ਜਾਂਦੇ।*
*ਅੰਨ੍ਹੇ ਹੋ ਵਿਚ ਤਸ਼ੱਦਦ ਦੇ, ਬੰਦੇ ਨੂੰ ਬੰਦਾ ਭੁੱਲ ਜਾਂਦੇ।*

*(ਮਜ਼ਦੂਰ ਦੀ ਦੇਸ਼-ਸੇਵਾ)*

*ਫਿਰਨ ਕਾਨੂੰਨ ਅਤੇ ਕੌਮ ਦਾ ਜਨੂੰਨ,*
*ਸਾਡੇ ਰਾਹਾਂ ਵਿਚ ਕੰਡੇ ਅਟਕਾਂਵਦਾ।*
*ਪੂੰਜੀਪਤੀ ਢਾਂਚਾ ਦੋਵਾਂ ਨਾਗਾਂ ਤਾਈਂ ਪਾਲ,*
*ਸਾਡੇ ਲੋਕਾਂ ਵਿਚ ਜ਼ਹਿਰ ਉਗਾਂਵਦਾ।*
*ਐਨਾਂ ਚਿਰ ਰਾਜ 'ਤੇ ਬਹਾਇਆ ਏਸ ਤੱਤੜੇ ਨੂੰ,*



*ਇਹਨੇ ਕੀ ਕਦਰ ਸਾਡੀ ਜਾਨਣੀ।*
*ਕਾਹਦੀ ਏ ਆਜ਼ਾਦੀ ਅਸੀਂ ਮਾਨਣੀ।*

*(ਆਜ਼ਾਦੀ)*

ਹੁਣ ਜਦੋਂ ਗਲੋਬਲੀ-ਸਾਮਰਾਜੀ ਨੀਤੀਆਂ ਕਾਰਨ ਕਿਰਤੀਆਂ ਦੀ ਲੁੱਟ ਬਹੁਤ ਸੂਖ਼ਮ ਢੰਗ ਨਾਲ ਹੋਣੀ ਸ਼ੁਰੂ ਹੋ ਗਈ ਹੈ ਤਾਂ ਉਦਾਸੀ ਦੀ ਕਵਿਤਾ ਇਸ ਸੰਕਟ ਨਾਲ ਨਜਿੱਠਣ ਲਈ ਰਾਹ ਖੋਲ੍ਹਦੀ ਪ੍ਰਤੀਤ ਹੁੰਦੀ ਹੈ। ਉਸ ਨੇ ਜਿਸ ਤਰ੍ਹਾਂ ਆਪਣੇ ਦੌਰ ਵਿਚ ਸਥਾਪਤੀ ਨੂੰ ਵੰਗਾਰਿਆ, ਉਸ ਤਰ੍ਹਾਂ ਦੀ ਸੁਰ ਹੁਣ ਦਰਕਾਰ ਹੈ। ਹੁਣ ਮਸਲਾ ਉਦਾਸੀ ਦੀ ਕਵਿਤਾ ਵਿਚ ਪਈਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਦਾ ਹੈ। ਉਦਾਸੀ ਦੀ ਕਵਿਤਾ ਜਾਤ, ਧਰਮ, ਨਸਲ, ਖੇਤਰ, ਭਾਸ਼ਾਈ ਵਖਰੇਵਿਆਂ ਨੂੰ ਉਲੰਘ ਕੇ ਕਿਰਤੀਆਂ ਨੂੰ ਇਕ ਮਾਲਾ ਦੇ ਮਣਕੇ ਬਣਾਉਣ ਲਈ ਪ੍ਰੇਰਦੀ ਹੈ। ਇਉਂ ਆਧੁਨਿਕ ਦੌਰ ਵਿਚ ਉਦਾਸੀ ਦੀ ਕਵਿਤਾ ਦਾ ਮੁੱਲ ਹੋਰ ਵੀ ਵਧ ਗਿਆ ਹੈ। ਉਸ ਦੀ ਕਵਿਤਾ ਹਰ ਧਰਮ, ਹਰ ਜਾਤ, ਹਰ ਨਸਲ ਅਤੇ ਹਰ ਭਾਈਚਾਰੇ ਨੂੰ ਜੋੜਦੀ ਹੈ ਅਤੇ ਉਨ੍ਹਾਂ ਦੀ ਲੜਾਈ ਦਾ ਰੁਖ਼ ਸਥਾਪਤੀ ਵੱਲ ਮੋੜਦੀ ਹੈ ਜੋ ਯੁਗਾਂ ਤੋਂ ਕਿਰਤੀ ਵਰਗ ਦੀ ਲੁੱਟ-ਖਸੁੱਟ ਕਰ ਰਹੀ ਹੈ।

1 ਮਈ 2011

# ਲਹੂ ਭਿੱਜੇ ਬੋਲ (1971)

## ਹੇ ਜਨਤਾ

ਤੇਰੇ ਅਰਦਾਸ ਕਰਦਾ ਹਾਂ,
ਨਸ਼ਾ ਉਠਦੀ ਜੁਆਨੀ ਦਾ।
ਕਿ ਸੂਹਾ ਰੰਗ ਹੋ ਜਾਏ,
ਤੇਰੀ ਸਰਘੀ ਦੀ ਰਾਣੀ ਦਾ।
ਉਰੇ ਆ! ਹਾਰ ਗੀਤਾਂ ਦਾ,
ਮੈਂ ਤੇਰੇ ਗਲ 'ਚ ਪਹਿਨਾਵਾਂ,
ਕਿ ਮੁੱਢ ਤੁਰ ਪਏ ਨਵੇਂ ਸਿਰਿਓਂ,
ਮੇਰੀ ਮੁਕਦੀ ਕਹਾਣੀ ਦਾ।
ਹੈ ਤੇਰੇ ਵਿਚ ਵੀ ਮੁੜ੍ਹਕਾ,
ਖ਼ੂਨ, ਖ਼ੰਜਰ, ਬਗ਼ਾਵਤ ਵੀ,
ਪੈਗ਼ੰਬਰ ਤੂੰ ਬਣਾ ਦੇਵੇਂ,
ਹੋਵੇ ਬੰਦਾ ਦੁਆਨੀ ਦਾ।
ਭਾਵੇਂ ਜੀਵਨ ਦੀ ਸਾਰੀ ਸਲਤਨੱਤ
ਕੁਰਬਾਨ ਹੋ ਜਾਏ,
ਅਸਾਨੂੰ ਤਾਂ ਨਸ਼ਾ ਕਾਫੀ,
ਤੇਰੇ ਗੀਤਾਂ ਦੀ ਨਿਸ਼ਾਨੀ ਦਾ।
ਸੁਨੇਹਾ ਹੱਕ-ਬੁੱਢੜੇ ਦਾ,
ਧਰਤ ਨੂੰ ਦੇਣ ਆਇਆ ਹਾਂ,
ਹੁੰਗਾਰਾ ਜੇ ਮਿਲੇ ਤੈਥੋਂ,
ਮੇਰੀ ਵਿਥਿਆ ਪੁਰਾਣੀ ਦਾ।
ਤੇਰੇ ਅਰਦਾਸ ਕਰਦਾ ਹਾਂ,
ਨਸ਼ਾ ਉਠਦੀ ਜੁਆਨੀ ਦਾ।
ਕਿ ਸੂਹਾ ਰੰਗ ਹੋ ਜਾਏ,
ਤੇਰੀ ਸਰਘੀ ਰਾਣੀ ਦਾ।

•



## ਮਿੱਟੀ ਦਾ ਰੰਗ

ਇਸ ਮਿੱਟੀ ਨੇ ਇਕ ਮੁਰਦੇ ਦੀ, ਭੁੱਖ ਦਾ ਕੱਜਿਆ ਨੰਗ ਹੋ।
ਲਹੂ ਅਸਾਡੇ ਨਾਲ ਹੈ ਮਿਲਦਾ, ਇਸ ਮਿੱਟੀ ਦਾ ਰੰਗ ਹੋ।

ਇਹ ਮਿੱਟੀ ਇਕ ਝੀਲ 'ਚੋਂ ਆਈ, ਚੀਰ ਕੇ ਹਿੱਕ ਕੁਹਸਾਰਾਂ ਦੀ।
ਬਿਫ਼ਰ ਬਰਾਨੇ ਬਣ ਗਈ ਹੈ ਜੁ, ਬੋਲੀ ਲੱਖ ਹਜ਼ਾਰਾਂ ਦੀ।
ਇਹ ਮਿੱਟੀ ਬੁੱਢੜੇ ਕਿਰਤੀ ਦੀ, ਕਰਦੀ ਹਰਾ ਕਰੰਗ ਹੋ।
ਲਹੂ ਅਸਾਡੇ ਨਾਲ ਹੈ ਮਿਲਦਾ, ਇਸ ਮਿੱਟੀ ਦਾ ਰੰਗ ਹੋ।

ਲਾ ਕੇ ਕੰਨ ਸੁਣੋ! ਧਰਤੀ 'ਚੋਂ ਬੋਲਣ ਵੱਡ ਵਡੇਰੇ।
ਭਾਰੇ ਬੂਟ ਲਤਾੜ ਕੇ ਲੰਘੇ, ਹੱਕ ਤੇਰੇ ਤੇ ਮੇਰੇ।
ਇਸ ਮਿੱਟੀ ਵਿਚ ਪੁੰਗਿਆ ਬਰਛਾ, ਲਿਖਦਾ ਇਕ ਪ੍ਰਸੰਗ ਹੋ।
ਲਹੂ ਅਸਾਡੇ ਨਾਲ ਹੈ ਮਿਲਦਾ, ਇਸ ਮਿੱਟੀ ਦੇ ਰੰਗ ਹੋ।

ਇਸ ਮਿੱਟੀ ਵਿਚ ਜਦ ਚਰ੍ਹੀਆਂ ਤੇ ਮੱਕੀਆਂ ਨੂੰ ਗੁਲ ਲੱਗੇ।
ਧਾੜਵੀਆਂ ਨੂੰ ਜਾਪਣ ਇਹ ਤਾਂ, ਖੇਤਾਂ ਨੂੰ ਬੁੱਲ੍ਹ ਲੱਗੇ।
ਦੱਭ, ਸਰਕੜੇ, ਕਾਹੀ ਅੰਦਰ ਬੁਕਿਆ ਇਕ 'ਮਰਗਿੰਦ' ਹੋ।
ਲਹੂ ਅਸਾਡੇ ਨਾਲ ਹੈ ਮਿਲਦਾ, ਇਸ ਮਿੱਟੀ ਦਾ ਰੰਗ ਹੋ।

•

## ਬੁਰਜੁਆ ਤਾਣੇ ਬਾਣੇ

ਇਕ ਤੂੰ ਕਸਾਈ ਮੇਰੇ ਪਿੰਡ ਦਿਆ ਰਾਜਿਆ ਓਏ,
ਦੂਜੇ ਤੇਰਾ ਸ਼ਾਹਾਂ ਦਾ ਜੋੜ।
ਤੇਰੀ ਨੀਂਦ ਉੱਤੇ ਪਹਿਰਾ ਤੇਰਿਆਂ ਮੁਕੱਦਮਾਂ ਦਾ,
ਕੁੱਤੇ ਰੱਖਣ ਦੀ ਨਹੀਂ ਲੋੜ।
ਤੇਰੇ ਬੂਹੇ ’ਤੇ ਸਮਾਜਵਾਦ ਦਿਆਂ ਚੂਰਨਾਂ ਦੇ,
ਲੱਗੇ ਹੋਏ ਸੁਣੀਂਦੇ ਅੰਬਾਰ।
ਜੀਹਦਾ ਗਾਹਕ ਲੋਹੇ, ਇੱਟਾਂ, ਖੰਡ ਤੇ ਸੀਮਿੰਟ ਤਾਈਂ,
ਹੱਕਾਂ ਵਾਂਗੂੰ ਜਾਂਦਾ ਏ ਡਕਾਰ।
ਜ਼ਿੰਦਗੀ ਦੀ ਬਲੀ ਬਾਝੋਂ, ਤੇਰਿਆਂ ਪੈਗੰਬਰਾਂ ਦਾ,
ਸਕੇ ਨਾ ਉਧਾਰ ਕੋਈ ਮੋੜ।
ਤੇਰੀ ਨੀਂਦ ਉੱਤੇ ਪਹਿਰਾ...।
ਤੈਨੂੰ ਰੱਖਾਂ ਰੱਬ ਦੀਆਂ ਜਦੋਂ ਤੀਕ ਵੀਰ ਮੇਰਾ,
ਸਕਦਾ ਨਾ ਤੈਨੂੰ ਵੇ ਪਛਾਣ।
ਉਸੇ ਹੀ ਸਿਪਾਹੀ ਦੇ ਨਾਂ ਸਿਰਾਂ ਦੀ ਵਸੀਅਤ ਸਾਡੀ,
ਜੀਹਦੀ ਰੰਡੀ ਹੀਰ ਵੇ ਜੁਆਨ।
ਤੇਰੀਆਂ ਬੰਦੂਕਾਂ ਪਿੱਛੋਂ ਹੱਥ ਮੇਰੇ ਵੀਰਨੇ ਦੇ,
ਆਪੇ ਵੀਰੇ ਲੈਣਗੇ ਤਰੋੜ।
ਤੇਰੀ ਨੀਂਦ ਉੱਤੇ ਪਹਿਰਾ...।
ਵਰ੍ਹਿਆ ਏ ਸੌਣ ਉਨ੍ਹਾਂ ਬੱਚਿਆਂ ਦੇ ਨਾਂ ’ਤੇ,
ਜਿਨ੍ਹਾਂ ਖੀਰ ਦਾ ਨਾ ਚੱਖਿਆ ਸੁਆਦ।
ਕੰਮੀਆਂ ਦੀ ‘ਜੀਤੋ’ ਦੇ ਨਾਂ ਲੱਗੀਆਂ ਨੇ ਤੀਆਂ,
ਜੀਹਦੇ ਰਸ ਪੀਗੇ ਸੰਗਣੇ ਕਮਾਦ।
ਕਰੇਂ ਛੇੜਖਾਨੀਆਂ ਤੂੰ ਰੂਪ ਨਾਲ ਤੇਰੇ ਉੱਤੇ,
ਦੰਦ ਪੀਹੇ ਤੀਆਂ ਵਾਲਾ ਬੋਹੜ।
ਤੇਰੀ ਨੀਂਦ ਉੱਤੇ ਪਹਿਰਾ...।



ਕੱਲ੍ਹ, ‘ਜੈਲੂ’ ਚੌਕੀਦਾਰ ਦਿੰਦਾ ਫਿਰੇ ਹੋਕਾ,
ਅਖੇ ‘ਖੇਤਾਂ ਵਿਚ ਬੀਜੋ ਹਥਿਆਰ।’
’ਕੱਠੇ ਹੋ ‘ਵਲਾਇਤੀ ਸੰਗਲਾਂ’ ਦੀ ਵਾੜ ਤੋੜਨੀ ਜੁ,
ਬੂਥ ਰਹੀ ਦੋਧਿਆਂ, ਨੂੰ ਮਾਰ।
ਤੁਸੀਂ ਰਾਜੇ ਸ਼ੀਸ਼ੇ ਦੀ ਪੁਸ਼ਾਕ ਪਾ ਕੇ ਰੱਖੇ,
ਦੇਣੀ ਉੱਘਰੇ ਹਥੌੜਿਆਂ ਨੇ ਤੋੜ।
ਇਕ ਤੂੰ ਕਸਾਈ ਮੇਰੇ ਪਿੰਡ ਦਿਆ ਰਾਜਿਆ ਓਏ,
ਦੂਜੇ ਤੇਰਾ ਸ਼ਾਹਾਂ ਨਾਲ ਜੋੜ।
ਤੇਰੀ ਨੀਂਦ ਉੱਤੇ ਪਹਿਰਾ ਤੇਰਿਆ ਮੁਕੱਦਮਾਂ ਦਾ,
ਕੁੱਤੇ ਰੱਖਣ ਦੀ ਨਹੀਂ ਲੋੜ।

•

## ਅਜੇ

ਅਜੇ ਨਾ ਆਈ ਮੰਜ਼ਿਲ ਤੇਰੀ, ਅਜੇ ਵਡੇਰਾ ਪਾੜਾ ਏ।
ਹਿੰਮਤ ਕਰ ਅਲਬੇਲੇ ਰਾਹੀ, ਅਜੇ ਹਨੇਰਾ ਗਾੜ੍ਹਾ ਏ।

ਅਜੇ ਮੁਸੱਵਰ ਛਾਪ ਨਾ ਸਕਿਆ, ਦਰਦ ਦੀਆਂ ਤਸਵੀਰਾਂ ਨੂੰ।
ਅਜੇ ਮਿਸਤਰੀ ਤੋੜ ਨਾ ਸਕਿਆ, ਇਹ ਮਜ਼੍ਹਬੀ ਜ਼ੰਜੀਰਾਂ ਨੂੰ।
ਅਜੇ ਇਸ਼ਕ ਦਾ ਕਾਸਾ ਖਾਲੀ, ਖ਼ੈਰ ਹੁਸਨ ਨੇ ਪਾਇਆ ਨਾ।
ਮਾਨਵਤਾ ਦੇ ਬੂਹੇ 'ਤੇ ਕੋਈ, ਰਾਂਝਾ ਮੰਗਣ ਆਇਆ ਨਾ।

ਹਰ ਦਿਲ ਦੇ ਵਿਚ ਸ਼ਿਕਵੇ, ਝੋਰੇ, ਹਰ ਦਿਲ ਦੇ ਵਿਚ ਸਾੜਾ ਏ।
ਅਜੇ ਬਹਾਰਾਂ ਨਹੀਂ ਚਹਿਕੀਆਂ, ਅਜੇ ਹਨੇਰਾ ਗਾੜ੍ਹਾ ਏ।

ਅਜੇ ਕਿਰਤ ਦੀ ਚੁੰਝ ਹੈ ਖਾਲੀ, ਵਿਹਲੜ ਰੱਜ ਕੇ ਖਾਂਦੇ ਨੇ।
ਮੁੱਲਾਂ, ਪੰਡਤਾਂ, ਭਾਈ, ਧਰਮ ਦੇ ਠੇਕੇਦਾਰ ਕਹਾਂਦੇ ਨੇ।
ਅਜੇ ਮਨੁੱਖ ਦੀ ਕਾਇਆ ਉੱਤੇ, ਸਾਇਆ ਹੈ ਜਾਗੀਰਾਂ ਦਾ।
ਅਜੇ ਮਨੁੱਖ ਨਾ ਮਾਲਿਕ ਬਣਿਆ, ਆਪਣੀਆਂ ਤਕਦੀਰਾਂ ਦਾ।

ਅਜੇ ਕਿਸੇ ਬੇਵਸ ਜਿਸਮ ਦਾ, ਮਿਲਦਾ ਏਥੇ ਭਾੜਾ ਏ।
ਅਜੇ ਨਾ ਸੁੱਤੀ ਜਨਤਾ ਜਾਗੀ, ਅਜੇ ਹਨੇਰਾ ਗਾੜ੍ਹਾ ਏ।

ਅਜੇ ਤਾਂ ਇਥੇ ਲੋਕਾਂ ਦੇ, ਅਰਮਾਨ ਵੀ ਵੇਚੇ ਜਾਂਦੇ ਨੇ।
ਅਜੇ ਤਾਂ ਪੈਸੇ ਪੈਸੇ ਤੋਂ, ਈਮਾਨ ਵੀ ਵੇਚੇ ਜਾਂਦੇ ਨੇ।



ਅਜੇ ਹੈ ਪਰਬਤ ਓਡਾ ਕੌਡਾ, ਅਜੇ ਨਾ ਤੇਜ਼ ਕੁਹਾੜਾ ਏ।
ਅਜੇ ਨਾ ਸੀਰੀ, ਹੱਥ ਵਟਾਇਆ, ਅਜੇ ਹਨੇਰਾ ਗਾੜ੍ਹਾ ਏ।
ਅਜੇ ਤੇ ਹਿੰਸਾ ਖੁੱਲ੍ਹੀ ਚਰਦੀ, ਅਮਨ ਅਮਨ ਦੇ ਨਾਅਰੇ ਥੱਲੇ।
ਅਜੇ ਹੈ ਦੁਨੀਆਂ ਨਰਕ ਭੋਗਦੀ, ਜੰਨਤ ਦੇ ਇਕ ਲਾਰੇ ਥੱਲੇ।
ਅਜੇ ਨਾ ਕਾਲੇ ਬੱਦਲਾਂ ਵਿਚੋਂ, ਚਮਕੀ ਕੋਈ ਕਿਰਨ ਸੁਨਹਿਰੀ।
ਭਾਵੇਂ ਮੰਤਰ ਯਾਦ ਅਸਾਡੇ, ਅਜੇ ਕੀਲਣੀ ਸੱਪਣੀ ਜ਼ਹਿਰੀ।

ਅਜੇ ਅਸੀਂ ਹੈ ਰੱਬ ਨੂੰ ਦੱਸਣਾ, ਉਹ ਜਨਤਾ ਤੋਂ ਮਾੜਾ ਏ।
ਅਜੇ ਨਾ 'ਹੂਟਰ ਵੱਜਿਆ, ਸਾਥੀਓ, ਅਜੇ ਹਨੇਰਾ ਗਾੜ੍ਹਾ ਏ।

•

## ਤੇਰੀ ਮੌਤ ਸੁਣਾਉਣੀ

**(ਸ਼ਹੀਦ ਬਾਬਾ ਬੂਝਾ ਸਿੰਘ ਨੂੰ ਸਮਰਪਤ)**

ਅੱਜ ਵਰਗਾ ਦਿਨ ਕਿਤੇ ਨਾ ਚੜ੍ਹਨਾ,
ਅੱਜ ਜਹੀ ਰਾਤ ਨਾ ਆਉਣੀ।

ਤੇਰੀ ਥਾਂ ਜਦ ਮਿਲ ਗਈ ਸਾਨੂੰ,
ਤੇਰੀ ਮੌਤ ਸੁਣਾਉਣੀ।
ਹੁਣੇ ਹੁਣੇ ਮੈਂ ਚੰਨ ਨੂੰ ਤੱਕਿਆ,
ਅੰਬਰਾਂ ਵਿਚ ਰੁਸ਼ਨਾਉਂਦੇ।
ਆਹ ਚਾਤ੍ਰਿਕ ! ਜੁ ਪਿਆ ਹੈ ਮਰਿਆ,
ਹੁਣ ਤੱਕਿਆ ਮੈਂ ਗਾਉਂਦੇ।
ਲੋਕੋ ਥੋਡੀ ਸੰਵਰ ਨਾ ਸੱਕਣੀ,
ਬਘਿਆੜਾਂ ਤੋਂ ਹੋਣੀ।
ਅੱਜ ਵਰਗਾ ਦਿਨ ਕਿਤੇ ਨਾ ਚੜ੍ਹਨਾ,
ਅੱਜ ਜਹੀ ਰਾਤ ਨਾ ਆਉਣੀ।

ਹੁਣੇ ਹੁਣੇ ਮੈਂ ਸੂਰਜ ਤੱਕਿਆ,
ਧੁੰਦਾਂ ਪਾੜੀ ਜਾਵੇ।
ਪੌਣਾਂ ਵਿਚ ਜ਼ਹਿਰੀਲਾ ਕੀੜਾ,
ਜੁ ਆਵੇ ਸੁ ਖਾਵੇ।
ਚਾਨਣ ਦਾ ਦੇ ਰਹੀ ਸੁਨੇਹਾ,
ਅੱਜ ਖਿੱਤੀਆਂ ਦੀ ਭਾਉਣੀ।
ਅੱਜ ਵਰਗਾ ਦਿਨ ਕਿਤੇ ਨਾ ਚੜ੍ਹਨਾ,
ਅੱਜ ਜਹੀ ਰਾਤ ਨਾ ਆਉਣੀ।



ਰੋਣ ਵਾਲਿਓ ! ਲੋਥ ਮੇਰੀ 'ਤੇ
ਬੰਨ੍ਹੋ ਕੁਝ ਤਲਵਾਰਾਂ।
ਜਿਸ ਦੇ ਵਰ ਤੋਂ ਰਾਜ ਜੰਮਦੇ,
ਉਸ ਰੱਬ ਨੂੰ ਲਲਕਾਰਾਂ।
ਅੱਜ ਹੋਣੀ ਦੀ ਹਾਨਣ ਕਰਕੇ,
ਜ਼ਿੰਦਗੀ ਪਈ ਹੰਢਾਉਣੀ।
ਅੱਜ ਵਰਗਾ ਦਿਨ ਕਿਤੇ ਨਾ ਚੜ੍ਹਨਾ,
ਅੱਜ ਜਹੀ ਰਾਤ ਨਾ ਆਉਣੀ।
ਤੇਰੀ ਥਾਂ ਜਦ ਮਿਲ ਗਈ ਸਾਨੂੰ,
ਤੇਰੀ ਮੌਤ ਸੁਣਾਉਣੀ।

•

## ਹਾੜੀਆਂ ਦੇ ਹਾਣੀਓਂ

ਹਾੜੀਆਂ ਦੇ ਹਾਣੀਓਂ ਵੇ ਸੌਣੀਆਂ ਦੇ ਸਾਥੀਓ ਵੇ,
ਕਰ ਲਵੋ ਦਾਤੀਆਂ ਤਿਆਰ।
ਚੁੱਕੋ ਵੇ ਹਥੌੜਿਆਂ ਨੂੰ, ਤੋੜੋ ਹਿੱਕ ਪੱਥਰਾਂ ਦੀ,
ਅੱਜ ਸਾਨੂੰ ਲੋੜੀਂਦੇ ਅੰਗਾਰ।
ਕਿਹੜੀ ਗੱਲੋਂ ਕਣਕਾਂ ਦੇ, ਸੋਨ ਰੰਗੇ ਲਹਿੰਗਿਆਂ ’ਤੇ,
ਕਾਲੀ ਕਾਂਗਿਆਰੀਆਂ ਦੀ ਲੀਰ।
ਕੁੰਗੀਆਂ ਦੇ ਕੀੜਿਆਂ ਦੀ, ਵਿੰਨ੍ਹ ਦੇਣ ਹਿੱਕ ਅੱਜ,
ਬੱਲੀਆਂ ਦੇ ਤਿੱਖੜੇ ਕਸੀਰ।
ਆਇਆ ਜੁਗ ਚੇਤਨਾ ਦਾ ਬੋਹਲਾਂ ਦੀ ਬਿਠਾਓ ਰਾਖੀ,
ਵਿਹਲੜਾਂ ਦਾ ਕਾਹਦਾ ਇਤਬਾਰ।
ਵਿਦਾ ਕਰੋ ਹੱਕਾਂ ਦੀਆਂ ਵੰਡ ਕੇ ਮਜੂਰੀਆਂ ਵੇ,
ਆਈ ਏ ਮਜੂਰਨਾਂ ਦੀ ਕਾਂਗ।
ਸਾਡਿਆਂ ਦਿਲਾਂ ਦੇ ਕੋਲੋਂ, ਜਰੀ ਨਹੀਂ ਜਾਂਦੀ,
ਭੁੱਖਾਂ ਅਤੇ ਹਾਉਕਿਆਂ ਦੀ ਸਾਂਗ।
ਅੱਡੋ ਨਾ ਝੋਲੀਆਂ ਵੇ, ਰਿਸ਼ੀਆਂ ਮੂਹਰੇ ਜਾ ਕੇ,
ਹਾਸੇ ਨਹੀਓਂ ਮਿਲਦੇ ਉਧਾਰ।
ਚੁੱਕੋ ਵੇ ਹਥੌੜਿਆਂ ਨੂੰ...
ਕਿਰਤਾਂ ਦੇ ‘ਬੋਲ’ ਦਾ ਜੇ ਟੁੱਟ ਜੇ ਹਰਾਸ,
ਜੱਗ ਕੀਹਦੇ ਸਿਰ ਥੰਮ੍ਹਿਆ ਰਹੇ।
ਮਰੇ ਹੋਏ ਚੰਨ ਤੋਂ, ਜੇ ਚਾਨਣੀ ਮੰਗਣ ਜਾਈਏ,
ਕਿਹੜਾ ਸਾਨੂੰ ਚੰਗਿਆਂ ਕਹੇ।
ਆਓ! ਨਵੇਂ ਸੂਰਜਾਂ ਨੂੰ ਚਲ ਕੇ ਵਿਖਾਈਏ,
ਹੋਇਆ ਕਿਵੇਂ ਸਾਡੀ ਧੁੱਪ ਉੱਤੇ ਵਾਰ।
ਚੁੱਕੋ ਵੇ ਹਥੌੜਿਆਂ ਨੂੰ, ਤੋੜੋ ਹਿੱਕ ਪੱਥਰਾਂ ਦੀ,
ਅੱਜ ਸਾਨੂੰ ਲੋੜੀਂਦੇ ਅੰਗਾਰ।

•



## ਗੀਤ

ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ,
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆ।
ਅਸਾਂ ਤੋੜ ਦੇਣੀ,
ਅਸਾਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆ।

ਸਾਡੀ ਪੈਲੀਆਂ ਦਾ ਨੂਰ, ਚੜ੍ਹੇ ਵੇਖ ਕੇ ਸਰੂਰ
ਤੋੜ ਦਿਆਂਗੇ ਗ਼ਰੂਰ, ਤੇਰਾ ਜ਼ੋਰ ਵੇਹਲੜਾ।
ਹੁਣ ਚਲਣਾ ਨ੍ਹੀਂ,
ਹੁਣ ਚਲਣਾ ਨਹੀਂ, ਤੇਰਾ ਕੋਈ ਜ਼ੋਰ ਵੇਹਲੜਾ।

ਗੱਜਣਗੇ ਸ਼ੇਰ ਜਦੋਂ, ਭੱਜਣਗੇ ਕਾਇਰ ਸਭੇ
ਰੱਜਣਗੇ ਕਿਰਤੀ ਕਿਸਾਨ ਮੁੜ ਕੇ।
ਜ਼ਰਾ ਹੱਲਾ ਮਾਰੋ,
ਜ਼ਰਾ ਹੱਲਾ ਮਾਰੋ, ਕਿਰਤੀ ਕਿਸਾਨ ਜੁੜ ਕੇ।

ਰੁੱਸੀਆਂ ਬਹਾਰਾਂ ਅਸੀਂ ਮੋੜ ਕੇ ਲਿਆਉਣੀਆਂ ਨੇ,
ਆਖਦੇ ਨੇ ਲੋਕ ਹਿੱਕਾਂ ਠੋਕ ਹਾਣੀਆਂ।
ਹੜ੍ਹ ਲੋਕਤਾ ਦਾ,
ਹੜ੍ਹ ਲੋਕਤਾ ਦਾ ਕਿਹੜਾ ਸਕੇ ਰੋਕ ਹਾਣੀਆ।

ਬਣ ਕੇ ਘਟਾਵਾਂ ਅਸੀਂ ਧਰਤੀ ’ਤੇ ਵਸਣਾ ਏ,
ਧੋਆਂਗੇ ਗੁਬਾਰ ਜਿਹੜੇ ਵਿਚ ਪੌਣ ਦੇ।
ਸਿਰ ਵੱਢਣੇ ਨੇ,
ਸਿਰ ਵੱਢਣੇ ਨੇ ਵੀਹਵੀਂ ਸਦੀ ਦੇ ਰੋਣ ਦੇ।

ਵਿਹਲੜਾਂ ਨੇ ਮਾਣਿਆ ਸਵਾਦ ਹੈ ਆਜ਼ਾਦੀਆਂ ਦਾ,
ਕਾਮਿਆਂ ਦੀ ਜਾਨ ਲੀਰੋ-ਲੀਰ ਹੋਈ ਏ।
ਤੇਰੇ ਜ਼ੁਲਮਾਂ ਦੀ,
ਤੇਰੇ ਜ਼ੁਲਮਾਂ ਦੀ, ਜ਼ਾਲਮਾਂ ਅਖੀਰ ਹੋਈ ਏ।

ਸੁਣ ਲਵੋ ਕਾਗੋ ਅਸੀਂ ਕਰ ਦੇਣਾ ਥੋਨੂੰ ਪ_ੱਠੇ,
ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ।
ਰੋਟੀ ਬੱਚਿਆਂ ਦੇ,
ਰੋਟੀ ਬੱਚਿਆਂ ਦੇ ਹੱਥਾਂ ਵਿਚੋਂ ਖੋਹਣ ਵਾਲਿਓ।

ਕਿਰਨਾਂ ਦਾ ਆਲ੍ਹਣਾ ਤਾਂ ਬਣੇਗਾ ਆਕਾਸ਼ ਵਿਚ,
ਭੌਰ ਵੀ ਵਸੇਗਾ ਵਿਚ ਨਵੇਂ ਯੁੱਗ ਦਾ।
ਸਾਨੂੰ ਸੁਰਗਾਂ ਦਾ,
ਸਾਨੂੰ ਸੁਰਗਾਂ ਦਾ ਲਾਰਾ ਅੱਜ ਨਹੀਂ ਪੁੱਗਦਾ।

ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ,
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆ।
ਅਸਾਂ ਤੋੜ ਦੇਣੀ,
ਅਸਾਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆ।



## ਪੰਦਰਾਂ ਅਗਸਤ ਦੇ ਨਾਂ

ਅਸੀਂ ਤੋੜੀਆਂ ਗ਼ੁਲਾਮੀ ਦੀਆਂ ਕੜੀਆਂ,
ਬੜੇ ਹੀ ਅਸੀਂ ਦੁਖੜੇ ਜਰੇ।
ਆਖਣਾ ਸਮੇਂ ਦੀ ਸਰਕਾਰ ਨੂੰ,
ਉਹ ਗਹਿਣੇ ਸਾਡਾ ਦੇਸ਼ ਨਾ ਧਰੇ।

ਅੱਜ ਘਾਤ ਲਾਈ ਬੈਠੇ, ਸਾਮਰਾਜੀਏ ਵਪਾਰੀ।
ਸਿਰੇ ਚੜ੍ਹਦੀ ਨ੍ਹੀਂ ਹੁੰਦੀ, ਜਿਹੜੀ ਪੈਸਿਆਂ ਦੀ ਯਾਰੀ।
ਸਾਡੀ ਧੁੱਪ ਨਾਲ ਮੱਸਿਆ ਕਲੇਸ਼ ਨਾ ਕਰੇ।
ਆਖਣਾ ਸਮੇਂ ਦੀ ਸਰਕਾਰ ਨੂੰ,
ਉਹ ਗਹਿਣੇ ਸਾਡਾ ਦੇਸ਼ ਨਾ ਧਰੇ।

ਜਿੰਨਾ ਕੀਤਾ ਇਤਬਾਰ, ਓਨਾ ਹੋਏ ਹਾਂ ਖ਼ੁਆਰ।
ਜਿੰਨਾ ਸੋਚਿਆ ਇਲਾਜ, ਓਨਾ ਹੋਏ ਹਾਂ ਬਿਮਾਰ।
ਅੱਗੋਂ ਇਹੋ ਜਿਹੀ 'ਦਾਰੂ' ਕੋਈ ਪੇਸ਼ ਨਾ ਕਰੇ।
ਆਖਣਾ ਸਮੇਂ ਦੀ ਸਰਕਾਰ ਨੂੰ,
ਉਹ ਗਹਿਣੇ ਸਾਡਾ ਦੇਸ਼ ਨਾ ਧਰੇ।

ਉੱਤੋਂ ਬੁੱਧ ਦੀ ਏ ਚੇਲੀ, ਵਿਚੋਂ ਅੱਗ ਦੀ ਮਸ਼ੀਨ।
ਕਰੇ ਹੱਕਾਂ ਨੂੰ ਕਤਲ, ਮਹਿੰਦੀ ਲਾਉਣ ਦੀ ਸ਼ੌਕੀਨ।
ਸਾਡੇ ਲਹੂ ਵਿਚ ਆ ਕੇ ਪ੍ਰਵੇਸ਼ ਨਾ ਕਰੇ।
ਆਖਣਾ ਸਮੇਂ ਦੀ ਸਰਕਾਰ ਨੂੰ,
ਉਹ ਗਹਿਣੇ ਸਾਡਾ ਦੇਸ਼ ਨਾ ਧਰੇ।

ਜਾਗ ਉਠਿਆ ਮਜ਼ੂਰ, ਜਾਗ ਉਠਿਆ ਕਿਸਾਨ।
ਤੋੜ ਦਿਆਂਗੇ ਫਰੇਬ, ਹੋਇਆ ਸਮੇਂ ਦਾ ਐਲਾਨ।

ਕੋਈ ਹੱਕਾਂ ਦਿਆਂ ਅੱਖਰਾਂ ਨੂੰ ਮੇਸ ਨਾ ਧਰੇ।
ਆਖਣਾ ਸਮੇਂ ਦੀ ਸਰਕਾਰ ਨੂੰ,
ਉਹ ਗਹਿਣੇ ਸਾਡਾ ਦੇਸ਼ ਨਾ ਧਰੇ।

ਉੱਚੀ ਕਰ ਕੇ ਆਵਾਜ਼, ਮਜ਼ਦੂਰ ਨੇ ਕਹਿਣਾ।
ਹਿੱਸਾ ਦੇਸ਼ ਦੀ ਆਜ਼ਾਦੀ ਵਿਚੋਂ ਅਸੀਂ ਵੀ ਹੈ ਲੈਣਾ।
ਅੱਜ ਸਾਡੇ ਰਾਹਾਂ ਵਿਚ ਕੋਈ ਠੇਸ ਨਾ ਧਰੇ।
ਆਖਣਾ ਸਮੇਂ ਦੀ ਸਰਕਾਰ ਨੂੰ,
ਉਹ ਗਹਿਣੇ ਸਾਡਾ ਦੇਸ਼ ਨਾ ਧਰੇ।

•

## ਵੰਗਾਂ (ਰੁਬਾਈ)

ਚਾਵਾਂ ਨਾਲ ਚੜ੍ਹਾਈਆਂ ਲੈ ਕੇ, ਦਿਲ ਵਿਚ ਕਈ ਉਮੰਗਾਂ।
ਨਾ ਛਣਕਾਈਆਂ, ਨਾ ਚਾਅ ਲੱਥੇ, ਨਾ ਹੀ ਲੱਥੀਆਂ ਸੰਗਾਂ।
ਸਿਖਰ ਦੁਪਹਿਰੇ ਸੜਕ ਕਿਨਾਰੇ ਤਿੜ ਤਿੜ ਕਰਕੇ ਟੁੱਟੀਆਂ,
ਰੋੜੀ ਕੁੱਟਦੀ ਹੋਈ ਕਿਸੇ ਮਜ਼ਦੂਰ ਕੁੜੀ ਦੀਆਂ ਵੰਗਾਂ।

•



## ਲੈਨਿਨ ਦੇ ਨਾਂ

ਸੱਜਣਾ! ਸੂਹਾ ਸੂਹਾ ਤੇਰਾ ਵੇ ਗਰਾਂ।

ਤੇਰੇ ਪਿੰਡ ਵਿਚ ਭੁੱਖੀ ਮਰਦੀ ਨਾ ਵੇਖੀ ਵੇ ਮੈਂ,
ਕਿਸੇ ਬੱਚੜੂ ਦੀ ਅੰਨ੍ਹੀ ਮਾਂ।
ਮੇਰੇ ਪਿੰਡ ਵਿਚ ਕੋਈ ਕਾਮਿਆਂ ਦੇ ਪਿੰਡਿਆਂ ਤੋਂ,
ਆਰਾਂ ਦਾ ਵੀ ਲਹੂ ਪੂੰਝੇ ਨਾ।
ਤੇਰੇ ਪਿੰਡ ਬਾਜ ਵੀ ਬਟੇਰਿਆਂ ਦੀ ਡਾਰ ਮੂਹਰੇ,
ਹਾਰ ਗੋਡੇ ਟੇਕਿਆ ਕਰੇ।
ਮੇਰੇ ਪਿੰਡ ਅੱਗ ਵੇ ਮਚਾ ਕੇ ਸੁਹਲ ਕਲੀਆਂ ਦੀ,
ਸੱਥ ਸਾਰੀ ਸੇਕਿਆ ਕਰੇ।
ਮੇਰੇ ਪਿੰਡ ਸਾਰੇ ਹੀ ਕਸਾਈ ਰਾਜੇ ਵਸਦੇ ਤੇ,
ਕੁੱਤੇ ਹੈ ਮੁਕੱਦਮਾਂ ਦਾ ਨਾਂ।
ਸੱਜਣਾ! ਸੂਹਾ ਸੂਹਾ ਤੇਰਾ ਵੇ ਗਰਾਂ।

ਤੇਰੇ ਪਿੰਡ ਵਿਚ ਰੱਬ, ਖੇਤਾਂ ਦਿਆਂ ਬੱਚਿਆਂ ’ਤੇ,
ਪਾਹਰੂ ਬਣ ਭੌਂ ਜਾਇਆ ਕਰੇ।
ਮੇਰੇ ਪਿੰਡ ਬੋਹਲਾਂ ਦੇ ਵਿਚਾਲੇ ਟੋਲਾ ਕਾਮਿਆਂ ਦਾ,
ਭੁੱਖਿਆਂ ਹੀ ਸੌਂ ਜਾਇਆ ਕਰੇ।
ਮੇਰੇ ਪਿੰਡ ਕਲਾ ਦਿਆਂ ਬੁਲ੍ਹਾਂ ’ਤੇ ਮਲ੍ਹਾਰ ਭਾਵੇਂ,
ਢਿੱਡ ਵਿਚੋਂ ਰੋਟੀ ਤੇ ਸੁਰਾਂ।
ਸੱਜਣਾ! ਸੂਹਾ ਸੂਹਾ ਤੇਰਾ ਵੇ ਗਰਾਂ।
ਤੇਰੇ ਪਿੰਡ ਇਕ ਦੇ ਜੇ ਸੂਲ ਚੁੱਭੇ, ਸਾਰਾ ਪਿੰਡ
ਡਾਹਢਾ ਚਮਲਾਇਆ ਵੇ ਕਰੇ।
ਮੇਰੇ ਪਿੰਡ ਪਿੰਡਿਆਂ ’ਤੇ ਲਾਸਾਂ ਵੇਖ ਰੱਬ ਨੂੰ ਵੀ,
ਭੋਰਾ ਚੀਸ ਜਾਇਆ ਨਾ ਕਰੇ।
ਤਾਹੀਓਂ ਮੇਰੇ ਪਿੰਡ ਛਿੜੇ ਖ਼ੂਨ ਦਿਆਂ ਸ਼ੁਹਲਿਆਂ ’ਚ,
ਰੱਤ ਦਾ ਮੈਂ ਕੁੰਗੂੰ ਵੇ ਰਲਾਂ।
ਸੱਜਣਾ! ਸੂਹਾ ਸੂਹਾ ਤੇਰਾ ਵੇ ਗਰਾਂ।

•

## ਕਾਲੀ ਕੁੜੀ ਦਾ ਗੀਤ

ਛੇਤੀ ਛੇਤੀ ਉਗ, ਲਾਲ ਸਰਘੀ ਦੇ ਸੂਰਜਾ ਵੇ,
ਰੂਪ ਮੇਰਾ ਰੰਗ ਦਾ ਤਿਹਾਇਆ।
ਅਸੀਂ ਢੋਲਣੇ ਨੂੰ ਦਿਲ ਪਾੜ ਕੇ ਵਿਖਾਇਆ,
ਉਹਨੂੰ ਅਜੇ ਨਾ ਪਿਆਰ ਸਾਡਾ ਆਇਆ।
ਸੁਹਣਾ ਜਾਂ ਕਸੁਹਣਾ ਹੋਵੇ ਜੱਗ ਦੀ ਕਚਹਿਰੀ ਵਿਚ,
ਰਿਹਾ ਏ ਮਨੁੱਖ ਪ੍ਰਧਾਨ ਵੇ।
ਕਾਲਾ ਭੂੰਡ ਕਲੀਆਂ ਨੂੰ ਸਕਦਾ ਮਰੋੜ,
ਰੰਗ ਆਪਣੇ ਦੀ ਉਹਨੂੰ ਨਾ ਪਛਾਣ ਵੇ।
ਪੁੱਛੇ ਕੋਈ ਬਾਬਲੇ ਤੋਂ,
ਸੱਧਰਾਂ ਦਾ ਹਾਣੀ ਉਹਨੂੰ ਹੋਰ ਕੋਈ ਵਰ ਨਾ ਥਿਆਇਆ?
ਰੂਪ ਮੇਰਾ ਰੰਗ ਦਾ ਤਿਹਾਇਆ।
ਚਿੱਟੇ ਚੰਮ ਵਿਚ ਭਾਵੇਂ ਕਾਲਖ਼ਾਂ, ਲਕੋਈ ਰੱਖੇ,
ਹਰ ਕੋਈ ਉਹਨੂੰ ਹੈ ਪਿਆਰਦਾ।
ਕਿਉਂ ਸਰਮਾਏਦਾਰੀ ਦੌਰ ਵਿਚ ਜੋੜ ਗੂੜ੍ਹਾ,
ਪੈਸਿਆਂ ਦਾ ਰੂਪ ਤੇ ਸ਼ਿੰਗਾਰਦਾ।
ਮਿਹਨਤਾਂ ਦੇ ਅੰਗ ਸੰਗ, ਜੋਬਨੇ ਦਾ ਕਾਲਾ ਰੰਗ,
ਧੁੱਪਾਂ ਵਿਚ ਬੈਠ ਮੈਂ ਰੰਗਾਇਆ।
ਰੂਪ ਮੇਰਾ ਰੰਗ ਦਾ ਤਿਹਾਇਆ।
ਧੀਆਂ ਦਿਆ ਬਾਬਲਾ ਵੇ, ਪੱਤ ਦੀ ਜਾਗੀਰ ਨਾਲ,
ਖਾਲੀ ਪੱਲੇ ਹੁੰਦਾ ਨ੍ਹੀਂ ਵਪਾਰ ਵੇ।
ਪੂੰਜੀਪਤੀ ਯੁੱਗ ਵਿਚ ਮੂੰਹ 'ਚ ਹੱਡ ਦਿੱਤੇ ਬਿਨਾਂ,
ਦੁਨੀਆਂ ਨੂੰ ਆਉਂਦਾ ਨ੍ਹੀਂ ਡਕਾਰ ਵੇ।
ਦਾਜ ਦੀ ਹੀ ਭੁੱਖ ਨੇ ਵੇ ਸ਼ਗਨਾਂ ਦੀ ਰਾਤ ਨੂੰ ਹੀ,
ਮੇਰੇ ਨਾਲ ਬਿਰਹਾ ਸੁਆਇਆ।
ਰੂਪ ਮੇਰਾ ਰੰਗ ਦਾ ਤਿਹਾਇਆ।

•



## ਕੈਦੀ ਦੀ ਪਤਨੀ ਦਾ ਗੀਤ

ਮਾਏ! ਮੇਰੇ ਚੰਨ ਦੀਏ ਮਾਏ ਨੀ।
ਭਰੇ ਨੀ ਚੰਗੇਰ ਸਾਡੀ ਨਾਲ ਸੂਹੇ ਕੇਸਰਾਂ ਦੇ,
ਉਹਦੇ ਵੱਲੋਂ ਪੌਣ ਜਦ ਆਏ ਨੀ।
ਹਵਾਲਾਤ ਵਿਚ ਆਈਆਂ, ਰੋਟੀਆਂ ਦੇ ਨਾਲ ਜਦੋਂ,
ਮਘਦਾ ਅੰਗਾਰ ਕੋਈ ਆਏ ਨੀ।
ਨਾਲ ਅੰਗਿਆਰੇ ਉਹ ਤਾਂ 'ਕਾਲੀਆਂ ਕੰਧਾਂ' ਦੇ ਉੱਤੇ,
'ਸੂਰਜਾਂ' ਦੀ ਅੱਗ ਨੂੰ ਜਗਾਏ ਨੀ।
ਮਾਏ! ਮੇਰੇ ਚੰਨ ਦੀਏ ਮਾਏ ਨੀ।
ਲਹੂ 'ਚ ਗੜੁੱਚ ਹੋ ਕੇ, ਪਿੰਡ ਦਿਆਂ ਰਾਜਿਆਂ ਤੋਂ,
ਜਿਹੜੇ ਅਸੀਂ ਟੁੱਕੜ ਬਚਾਏ ਨੀ।
ਲੱਗ ਜੇ ਮੁਆਤਾ ਇਨ੍ਹਾਂ ਕੁੱਤਿਆਂ ਮੁਕੱਦਮਾਂ ਨੂੰ,
ਉਹ ਵੀ ਅੱਜ ਹੋਏ ਨੀ ਪਰਾਏ ਨੀ।
ਮਾਏ! ਮੇਰੇ ਚੰਨ ਦੀਏ ਮਾਏ ਨੀ।
ਅੱਖੀਆਂ ਨੂੰ ਲੱਗਦਾ ਏ ਨੀਂਦ ਦਾ ਵਿਯੋਗ ਭੁੱਖਾ,
ਬਾਲ ਜਦੋਂ ਢਿੱਡ ਖੜਕਾਏ ਨੀ।
ਜ਼ਿੰਦਗੀ ਦੇ ਗੀਤ ਤਾਈਂ ਸਮਝ ਕੇ ਬਾਗ਼ੀ,
ਕੋਈ ਪੈਸਿਆਂ ਦਾ ਪੁੱਤ ਹੱਸੀ ਜਾਏ ਨੀ।
ਮਾਏ! ਮੇਰੇ ਚੰਨ ਦੀਏ ਮਾਏ ਨੀ।
ਹੋਇਆ ਕਿ ਜੇ ਕਿਸੇ ਬੇੜੀ ਕੱਚ ਦੀ 'ਚ ਬੈਠ,
ਸਾਡੇ ਲਹੂ ਨਾਲ ਛੱਪੜ ਭਰਾਏ ਨੀ।
ਅਸੀਂ ਵੀ ਕਿਨਾਰੇ, ਜੇਰਾ ਸਾਡਾ ਵੀ ਚੱਟਾਨ,
ਸਾਡੇ ਕੋਲੋਂ ਕੱਚ ਕਿਵੇਂ ਬਚ ਜਾਏ ਨੀ।
ਮਾਏ! ਮੇਰੇ ਚੰਨ ਦੀਏ ਮਾਏ ਨੀ।

•

## ਮਜ਼ਦੂਰ ਕੁੜੀ ਦੀ ਪਹਿਲੀ ਰਾਤ

ਉਮਰਾਂ ਦੇ ਪਿਛਵਾੜੇ ਅੰਦਰ, ਧੁੱਪ ਸਾਡੀ ਹੈ ਮੋਈ,
ਰੂਪ ਦੀਆਂ ਨੇ ਵੈਰੀ ਹੋਈਆਂ, ਆਦਮਖੋਰ ਬਲਾਈਆਂ।

ਇਕ ਸੜਕਾਂ 'ਤੇ ਲੁੱਕ ਪੰਘਰਦੀ, ਦੂਜੇ ਜਿੰਦ ਅਸਾਡੀ,
ਤੀਜੇ ਡਾਲਰ ਦੀਆਂ ਨਿਗਾਹਾਂ, ਹਨ ਲਾਟਾਂ ਬਰਸਾਈਆਂ।

ਮੇਰਾ ਚੁਟਕੀ ਚੁਟਕੀ ਵਿਕਿਆ, ਮਾਸ ਕਿਰਤ ਦੀ ਮੰਡੀ,
ਹੁਣ ਬਾਲਣ 'ਚੋਂ ਕੀ ਟੋਲੇਂਗਾ, ਮੇਰੀ ਅੱਗ ਦਿਆ ਸਾਈਆਂ।

ਜਿਸ ਧਰਤੀ 'ਤੇ ਬਾਪ ਮੇਰੇ ਨੇ, ਰਾਠਾਂ ਨੂੰ ਹੱਥ ਜੋੜ,
ਉਸ ਧਰਤੀ 'ਚੋਂ ਵੀਰ ਉਗਾਈਆਂ, ਲੱਖ ਮੂੰਹ-ਜ਼ੋਰ ਕਲਾਈਆਂ।

ਉੱਗੀਆਂ ਬਾਹਾਂ ਦੀ ਬੋਲੀ ਜਦ, ਸੀਸ ਮਹਿਲ 'ਤੇ ਕੜਕੀ,
ਮਹਿਲਾਂ ਵਿਚਲੇ ਵੈਣ ਅਸਾਨੂੰ, ਤਾਰਨ ਲੱਗੇ ਦਾਈਆਂ।

ਜਦ ਬੇਲੇ 'ਚ ਚੋਰੀ ਹੋਈ, ਚੂਰੀ ਅਸੀਂ ਛੁਡਾਲੀ,
ਫੇਰ ਰਾਂਝਿਆਂ ਮਹਿਬੂਬਾਂ ਤੋਂ, ਹੱਸ ਹੱਸ ਲਈ ਚੁਰਾਈਆਂ।

ਜਿਸ ਰੋੜੀ ਨੇ ਸੜਕ ਕਿਨਾਰੇ ਵੰਗ ਮੇਰੀ ਹੈ ਤੋੜੀ,
ਉਸ ਰੋੜੀ 'ਚੋਂ ਅੱਜ ਹਥੌੜੇ, ਕੱਢਣੀਆਂ ਮਨ ਆਈਆਂ।

ਫੇਰ ਨਾ ਕੋਈ ਪੁੱਤ ਲੰਬੜਾਂ ਦਾ, ਰੂਪ ਕਿਰਤ ਦਾ ਚੂਸੇ,
ਬੱਲੀਆਂ ਚੁਗਣ ਵਾਲੀਆਂ ਬੱਲੀਆਂ, ਬਿਫਰ ਬਰਾਨੇ ਆਈਆਂ।
•



## ਅੰਮੜੀ ਨੂੰ ਤਰਲਾ

ਜੰਮੀ ਨਾ ਨੀ ਮਾਏ ਸਾਨੂੰ ਇਹੋ ਜਿਹੇ ਪਿੰਡ ਜਿਥੇ ਸੱਧਰਾਂ 'ਤੇ ਸੰਗਲ ਰਵੇ।
ਜਿਥੇ ਮੇਰੇ ਵੀਰ ਦੀਆਂ ਤੱਤੀਆਂ ਤਰੇਲੀਆਂ ਦਾ ਚੱਪਾ ਟੁਕ ਮੁੱਲ ਨਾ ਪਵੇ।

ਜਿਹੜੇ ਪਿੰਡ ਲਾਵਾਂ ਦੀਆਂ ਅੱਖੀਆਂ 'ਚ ਅੱਥਰੂ,
ਤੇ ਸਿਹਰਿਆਂ ਦੇ ਅੱਖਾਂ ਵਿਚ ਅੱਗ ਨੀ।
ਜੰਮਦੀਆਂ ਕੁੜੀਆਂ ਨੂੰ ਰੋਗ ਜਿਥੇ ਦਾਜ ਦਾ ਹੈ,
ਜਾਂਦਾ ਅਠਰਾਹੇ ਵਾਂਗੂੰ ਲੱਗ ਨੀ।
ਜਿਹੜੇ ਪਿੰਡ ਸੋਨੇ ਦਿਆਂ ਬੁੰਦਿਆਂ ਦੀ,
ਥਾਵੇਂ ਕੰਨੀ ਭੁੱਖਿਆਂ ਦਾ ਹੌਕਾ ਹੀ ਪਵੇ।
ਜੰਮੀ ਨਾ ਨੀ ਮਾਏ...
ਹੱਕਾਂ ਦਿਆ ਪੈਰਾਂ ਨਾਲ ਚੰਬੜੇ ਪਹਾੜ ਜਿਥੇ,
ਅਕਲਾਂ ਨੂੰ ਪੈ ਗਿਆ ਏ ਜੰਗ ਨੀ।
ਲਹੂ ਦੇ ਨਿਸ਼ਾਨਾਂ ਵਾਲੇ ਹੱਥਾਂ ਵਿਚ ਟੁੱਟੀ ਜਾਪੇ,
ਔਹ ਜਿਹੜੀ ਰੁਲਦੀ ਐ ਵੰਗ ਨੀ।
ਪਿੰਡਾ ਕਿਸੇ 'ਚੋਗੀ' ਦਾ ਨੀ ਨਰਮੇ ਦੇ ਫੁਟ ਜਿਹਾ,
ਖਿੜ ਕੇ ਵੀ ਰੋਂਦਿਆਂ ਰਵੇ।
ਜੰਮੀ ਨਾ ਨੀ ਮਾਏ...
ਲਾਲ ਫੀਤੇ ਵਾਲੀ ਕਿਸੇ ਮੋਟੀ ਸਾਰੀ ਬਹੀ ਵਿਚ,
ਕੈਦ ਸਾਡੇ ਹੱਕਾਂ ਦੀ ਏ ਅੱਗ ਨੀ।
ਰਾਠਾਂ ਦਿਆ ਕਿੱਲਾਂ ਵਾਲੇ ਬੂਟਾਂ ਦੇ ਨੀ ਠੁੱਡੇ ਖਾ ਕੇ,
ਪਾਟੀ ਮੇਰੇ ਬਾਪੂ ਦੀ ਏ ਪੱਗ ਨੀ।
ਰੋਜ਼ੀ ਤੋਂ ਨਿਰਾਸ਼ ਕਿਸੇ ਅਬਲਾ ਦਾ ਹੌਕਾ ਆਖੇ,
"ਕੋਈ ਸਾਡੀ ਚਾਨਣੀ ਲਵੇ।"
ਜੰਮੀ ਨਾ ਨੀ ਮਾਏ...

ਰੋਟੀ ਲੈਣ ਗਿਆ ਵੀਰਾ ਪੂੰਝਦਾ ਹੈ ਆਉਂਦਾ ਮਾਏ,
ਮੱਥੇ ਉੱਤੋਂ ਡਾਂਗਾਂ ਦਾ ਲਹੂ।
ਰਾਠਾਂ ਦੀ ਹਵੇਲੀ ਵਿਚੋਂ ਖੁਸਿਆ ਸਰੀਰ ਲੈ ਕੇ,
ਮੁੜੀ ਮੇਰੇ ਵੀਰ ਦੀ ਬਹੂ।
ਪੱਥਰਾਂ ਨੂੰ ਤੋੜੇ ਬਿਨਾਂ ਅੱਗ ਨਾ ਈਜਾਦ ਹੋਣੀ,
ਕਿਹੜਾ ਭੋਲੇ ਬਾਪੂ ਨੂੰ ਕਵੇ।
ਜੰਮੀ ਨਾ ਨੀ ਮਾਏ...

•



## ਹਾਲੀਆਂ ਪਾਲੀਆਂ ਦਾ ਗੀਤ

ਦਬਾ ਦਬ ਚਲ ਮੇਰੇ ਬੈਲਾਂ ਦੀਏ ਜੋੜੀਏ ਨੀ,
ਬੀਜਣੇ ਨੇ ਅਸੀਂ ਹਥਿਆਰ।
ਮੁੜ੍ਹਕੇ ਦਾ ਵੱਤਰ ਮੈਂ ਮਸਾਂ ਹੈ ਸੰਭਾਲਿਆ ਨੀ,
ਪਵੇ ਨਾ ਚੁਮਾਸਿਆਂ ਦੀ ਮਾਰ।

ਦੱਬੇ ਪੈਰੀਂ ਲੰਘ ਚੱਲ ਢਾਰਿਆਂ ਦਾ ਮੋੜ,
ਖੜਕਾਈਂ ਨਾ ਤੂੰ ਟੱਲੀਆਂ ਦੇ ਰੋਣ ਨੀ।
ਰੋਟੀ ਦੀ ਰਿਹਾੜ ਕਰ ਸੁੱਤੀ ਏ 'ਪਿਆਰੋ',
ਜੀਹਦੀ ਹੌਕੇ 'ਜੰਗੂ' ਪਾਲੀ ਨੂੰ ਜਗੌਣ ਨੀ।
ਹਨੇਰਿਆਂ ਦੀ ਓਟ ਵਿਚ ਰੱਜੇ ਹੋਏ ਸਾਨ੍ਹ ਵੇਖ,
ਕਿੱਦਾਂ ਰਹੇ ਮੱਕੀਆਂ ਉਜਾੜ।
ਨੀ ਜੋੜੀਏ ਬੀਜਣੇ ਨੇ ਅਸੀਂ ਹਥਿਆਰ।

ਸਿੰਗਾਂ ਦੀਆਂ ਤਿੱਖੀਆਂ ਸੰਗੀਨਾਂ ਕਰ ਲਵੀਂ ਤੂੰ ਵੀ,
ਥੰਮ੍ਹ ਜਾਣ ਹਨੇਰੀਆਂ ਦੇ ਵੇਗ ਨੀ।
ਸੀਰੀਆਂ ਦੇ ਹੌਸਲੇ ਨੂੰ ਉਜੜਿਆਂ ਟਾਂਡਿਆਂ ਦਾ,
ਪੁੱਤਾਂ ਜਿੰਨਾ ਹੁੰਦਾ ਏ ਦਰੇਗ ਨੀ।
ਹੱਥਾਂ ਦੀਆਂ ਰੇਖਾਂ ਵਾਂਗੂੰ ਯੁੱਗ-ਪਲਟਾਊ ਹੁੰਦੇ,
ਜੱਟਾਂ ਲਈ ਖੇਤਾਂ ਦੇ ਸਿਆੜ।
ਨੀ ਜੋੜੀਏ ਬੀਜਣੇ ਨੇ ਅਸੀਂ ਹਥਿਆਰ।

'ਸੂਰਜ' ਤੇ 'ਧਰਤੀ' ਦੀ ਜੱਫੀ ਵਿਚ ਅੱਗ,
ਜਿਨ੍ਹਾਂ ਸੁਣਿਆ ਏ ਭੁੱਖਿਆਂ ਦਾ ਹਾੜ ਨੀ।
'ਪਸ਼ੂ' ਅਤੇ 'ਕਿਰਤੀ' ਦਾ ਇਕੋ ਇਤਿਹਾਸ,
ਜੀਹਨੂੰ ਲਿਖਦਾ ਤਾਂ ਆਇਆ ਏ 'ਕਰਾੜ' ਨੀ।

ਜੀਹਦੇ ਕੋਲ ਵੇਚ ਕੇ ਮੈਂ ਭੈਣਾਂ ਤੇਰੀ ਜੋੜੀਏ ਨੀ,
ਸਕਿਆ ਵਿਆਜ ਵੀ ਨਾ ਤਾਰ।
ਨੀ ਜੋੜੀਏ ਬੀਜਣੇ ਨੇ ਅਸੀਂ ਹਥਿਆਰ।

ਸਾਡੇ ਮੱਥਿਆਂ 'ਤੇ ਸਾਡੇ ਵੱਡਿਆਂ ਵਡੇਰਿਆਂ ਨੇ,
ਦਿੱਤੀ ਏ ਗ਼ਰੀਬੀ ਜਿਹੜੀ ਪੋਚ ਨੀ।
ਫਸਲਾਂ ਦੇ ਮੱਥੇ ਉੱਤੋਂ ਸਾੜ੍ਹਸਤੀ ਕੱਲਰਾਂ ਦੀ,
ਦੇਣੀ ਹੈ 'ਕਰਾਹਾ' ਨੇ ਖਰੋਚ ਨੀ।
ਤਾਹੀਓਂ ਅਸੀਂ ਘੁੱਟ ਕੇ ਮੰਡਾਸਾ ਸਿਰ ਬੰਨ੍ਹਿਆ ਏ,
ਚੁੱਕਣਾ ਮਨੁੱਖਤਾ ਦਾ ਭਾਰ।
ਨੀ ਜੋੜੀਏ ਬੀਜਣੇ ਨੇ ਅਸੀਂ ਹਥਿਆਰ।

•



## ਪੂੰਜੀਪਤੀ ਰਾਖਸ਼ਾਂ ਦੀ ਧਾੜ

ਚੂਰੀ ਕੁੱਟ ਕੇ ਮਾਵਾਂ ਨੇ ਪੜ੍ਹਨ ਤੋਰੇ,
ਕਿਸੇ 'ਹੁੱਦੇ ਤੇ ਪੁੱਤਰ ਪਹੁੰਚਾਣ ਖ਼ਾਤਰ।
ਕਦੀ ਜ਼ਰਾ ਨਾ ਝਿੜਕਿਆ ਬਾਪੂਆਂ ਨੇ,
ਬੁੱਢੇ ਬਾਰੇ ਡੰਗੋਰੀ ਫੜਾਉਣ ਖ਼ਾਤਰ।
ਭੈਣਾਂ ਹੁੱਬ ਕੇ ਰੱਬ ਤੋਂ ਮੰਗ ਮੰਗੀ,
ਨਾਲ ਭਾਈਆਂ ਦੇ ਸੱਜਦਾ ਜੱਗ ਸੋਚਣ।
ਪੜ੍ਹੇ ਵੀਰ ਤੋਂ ਸਾਊਆਂ ਦੀ ਸੱਥ ਅੰਦਰ,
ਉੱਚੀ ਹੋਵੇਗੀ ਬਾਪੂ ਦੀ ਪੱਗ ਸੋਚਣ।
(ਪਰ) ਮਮਤਾ ਵਿਚ ਸੜਿਆ ਸੀਨਾ ਸਾਰਿਆਂ ਦਾ,
ਮੁੜ ਕੇ ਖ਼ੂਨ ਦੀ ਜਦੋਂ ਹਵਾੜ ਆਈ।
ਅੱਜ ਫੇਰ ਅਹਿੰਸਾ ਦੇ ਨਾ ਹੇਠਾਂ,
ਹੋ ਕੇ ਲੈੱਸ ਬਰੂਦ ਦੀ ਧਾੜ ਆਈ।
ਏਸ ਧਾੜ ਨੇ ਖਾਧੀਆਂ ਕਈ ਜਿੰਦਾ,
ਹਲਕ ਏਸ ਦਾ ਜ਼ਰਾ ਵੀ ਝਿੰਮਿਆ ਨਾ।
ਦੂਏਂ ਵੇਲਾਂ ਦੇ ਨਾਲੋਂ ਤਰੋੜ ਕੇ ਵੀ,
ਏਸ ਪੱਥਰ ਵਿਚੋਂ ਪਾਣੀ ਸਿੰਮਿਆ ਨਾ।
ਪੂੰਜੀਪਤ 'ਤੇ ਕੋਈ ਜੇ ਹੱਥ ਚੁੱਕੇ,
ਗੂਠਾ ਆਪਣੀ ਘੰਡੀ 'ਤੇ ਸਮਝਦੀ ਇਹ।
ਫ਼ੌਜ ਪੁਲਸ ਕਾਨੂੰਨ ਤੇ ਧਰਮ ਤਾਈਂ,
ਮੁੱਲ ਲਿਆ ਜੁ ਮੰਡੀ 'ਤੇ ਸਮਝਦੀ ਇਹ।
ਅਸੀਂ ਮਾਲੀ ਅਨੋਖੀ ਪ੍ਰਕਾਰ ਦੇ ਹਾਂ,
ਨਹੀਂ ਜਾਣਦੇ ਫੁੱਲਾਂ ਦਾ ਸਵਾਦ ਕੀ ਏ।
ਏਨਾ ਸਮਾਂ ਹੀ ਕਿੱਥੇ ਹੈ ਕੋਲ ਇਹਦੇ,
ਸੁੰਨੇ ਹੱਕਾਂ ਦੀ ਹੁੰਦੀ ਫ਼ਰਿਆਦ ਕੀ ਏ।

ਪੂੰਜੀਪਤੀ ਸਟੇਟ 'ਚ ਕਾਨੂੰਨ ਜ਼ੁਲਮ,
ਪੂੰਜੀਪਤੀ ਦੇ ਏ ਨਾਲੋਂ ਨਾਲ ਰਹਿੰਦਾ।
ਘਾਟਾ ਦਿਸਦਾ ਨ੍ਹੀਂ ਕਾਮੇ ਦੀ ਜ਼ਿੰਦਗੀ ਦਾ,
ਸਦਾ ਆਪਣੇ ਨਫ਼ੇ ਦਾ ਖ਼ਿਆਲ ਰਹਿੰਦਾ।
ਵਿਚ ਦਫ਼ਤਰੀ ਸੋਨੇ ਦੇ ਪਟੇ ਵਾਲੇ,
ਕਈ ਕੁੱਤੇ ਵੀ ਡਾਢੇ ਹੀ ਹਲਕ ਜਾਂਦੇ।
ਲਿਸ਼ਕ ਮੁੜ੍ਹਕੇ ਦੀ ਵੇਖ ਕੇ ਢਾਰਿਆਂ 'ਤੇ,
ਠੂਠੇ ਇਨ੍ਹਾਂ ਦੀ ਹਵਸ ਤੇ ਛਲਕ ਜਾਂਦੇ।
ਸਿਰਫ਼ ਅੱਜ ਹੀ ਨਾ ਮੋਗੇ ਆਸਾਮ ਅੰਦਰ,
ਲਾਏ ਨੇ ਲੋਥਾਂ ਦੇ ਢੇਰ ਲੋਕੋ।
ਇਹ ਜੰਗ ਹਰ ਖੇਤ ਹਰ ਕਾਰਖ਼ਾਨੇ,
ਲੜੀ ਜਾਂਦੀ ਹੈ ਆਥਣ ਸਵੇਰ ਲੋਕੋ।
ਪੂੰਜੀਪਤੀ ਤੇ ਅੱਜ ਦਾ ਰਾਜ ਦੋਵੇਂ,
ਦਸਾਂ ਨੌਂਹਾਂ ਦੀ ਕਿਰਤ ਨੂੰ ਡੰਗਦਾ ਹੈ।
ਕਾਮਾ ਤੋੜ ਕੇ ਰਾਜੇ ਦਾ ਮੁਕਟ ਜਦ ਵੀ,
ਆਪਣੀ ਕਿਰਤ ਪੰਜਾਲੀ 'ਤੇ ਟੰਗਦਾ ਹੈ।
ਭਾਰਤ ਵਿਚ ਜੇ ਹੱਕਾਂ ਦੀ ਗੱਲ ਬਦਲੇ,
ਗੋਲੀ ਖਾਣ ਦਾ ਗਰਮ ਰਿਵਾਜ ਹੈ ਇਹ।
ਦਾਨਸ਼ਮੰਦ ਉਸ ਬੰਦੇ ਨੂੰ ਕਿਵੇਂ ਕਹੀਏ,
ਜਿਹੜਾ ਆਖਦੈ ਕਿ ਲੋਕਰਾਜ ਹੈ ਇਹ।
ਗੱਲ ਸਮੇਂ ਨੇ ਆਪਣੀ ਆਖ ਦਿੱਤੀ,
ਅਰਥ ਕੱਢਣੇ ਫ਼ਰਜ਼ ਜੁਆਨੀਆਂ ਦਾ।
ਉਸ ਜਨਤਾ ਨੂੰ ਸਮਾਂ ਨਾ ਮੁਆਫ਼ ਕਰਦਾ,
ਜਿਹੜੀ ਮੁੱਲ ਨਾ ਤਾਰੇ ਕੁਰਬਾਨੀਆਂ ਦਾ।

•



## ਨਵੇਂ ਅਹਿਦਨਾਮੇ

ਮੈਂ ਚਾਨਣ ਦਾ ਆਸ਼ਕ, ਜੱਗ ਤੋਂ 'ਨ੍ਹੇਰ ਮਿਟਾਉਂਦਾ ਹਾਂ।
ਹੋਣੀਆਂ ਅੰਦਰੋਂ ਹਾਨਣ ਲੱਭ ਕੇ, ਮੈਂ ਪ੍ਰਨਾਉਂਦਾ ਹਾਂ।

ਜਦ ਹੱਕਾਂ ਦੀ ਲਹਿਰ ਮੇਰੇ ਢਾਰੇ ਤਕ ਆਉਂਦੀ ਏ,
ਉਸ ਦੇ ਲਿਸ਼ਕਾਰੇ ਵਿਚ ਚੰਨ ਦੀ, ਚਮਕ ਰਲਾਉਂਦਾ ਹਾਂ।

ਜਦ ਮਜ਼ਦੂਰਾਂ ਨੂੰ ਲੂੰਹਦੀ ਹੈ ਧੁੱਪ ਖਲਵਾੜੇ ਦੀ,
ਮੈਂ ਤਲਵਾਰਾਂ ਦੀ ਛੱਤਰੀ ਦਾ ਚਵਰ ਝੁਲਾਉਂਦਾ ਹਾ।

ਜਦ ਰੋਟੀ ਤੋਂ ਸੱਖਣੀ ਸੌਂਦੀ ਮਮਤਾ 'ਪਿਆਰ' ਦੀ,
ਉਸ ਦੀ ਨੀਂਦਰ 'ਤੇ ਸੂਰਜ ਦਾ ਪਹਿਰਾ ਲਾਉਂਦਾ ਹਾਂ।

ਸੀਂਢਲ ਜਈ ਬੱਚੀ ਦੇ ਢਿੱਡ ਵਿਚ ਜਦ ਸੰਗੀਨ ਚੁੱਭੇ,
ਮੈਂ ਢੱਕੀਆਂ ਦੀ ਓਟ 'ਚ ਬਹਿ ਕੇ ਤੀਰ ਚਲਾਉਂਦਾ ਹਾਂ।

ਜਦ 'ਸ਼ਾਹਾਂ' ਦੀ ਨੀਤ ਦਾ ਕੋਰਾ, ਫ਼ਸਲਾਂ 'ਤੇ ਪੈਂਦਾ,
ਬੱਲੀਆਂ ਨੂੰ ਘੁੱਟ ਕੇ ਮੈਂ ਹਿੱਕ ਦੀ ਧੁੱਪ ਸੁਕਾਉਂਦਾ ਹਾਂ।

ਜਿਸ ਦਿਨ ਮੈਂ ਸੂਰਜ ਦੇ ਸੰਗ ਪੱਗ ਵਟਾਈ ਏ,
ਧਰਤੀ ਦੇ ਮਥੜੇ 'ਤੇ ਜਿੱਤ ਦਾ ਤਿਲਕ ਲਗਾਉਂਦਾ ਹਾਂ।

ਜਦ ਮੇਰੇ ਚਾਨਣ 'ਤੇ ਹੋਵੇ ਤੇਜ਼ ਘਟਾਵਾਂ ਦਾ,
ਮੈਂ ਜੁਗਨੂੰ ਚਾਨਣ ਤੋਂ ਖੰਭ ਦਾ ਘੁੰਡ ਉਠਾਉਂਦਾ ਹਾਂ।

•

## ਭਾਵ

ਸੂਰਜ ਦੀ ਲਾਲੀ 'ਚੋਂ ਮੇਰੇ,
ਭਾਵ ਉਗਮ ਕੇ ਆਏ।
ਕੌਣ ਇਨ੍ਹਾਂ ਦੀ ਧੁੱਪ ਨੂੰ ਰੋਕੇ,
ਕੌਣ ਹਨੇਰੇ ਪਾਏ?
ਡਾਂਗਾਂ ਅਤੇ ਗੋਲੀਆਂ ਖਾ ਕੇ,
ਇਹ ਅੱਥਰੂ ਨਾ ਸਮਝੋ,
ਅੱਖੀਆਂ ਦੇ ਵਿਚ ਸੁਫ਼ਨੇ ਇਹ ਤਾਂ,
ਹੋਰ ਨਿੱਖਰ ਕੇ ਆਏ।
ਹੁਣ ਹੱਕਾਂ ਦੇ ਗੀਤ ਗਾਈਏ,
ਤਾਂ ਜੁ ਜੀਵਨ ਮੌਲੇ,
ਪਹਿਲਾਂ ਜਿਤਨੇ ਅਸੀਂ ਨੇ ਗਾਏ,
ਸਭੋ ਗੀਤ ਪਰਾਏ।
ਜਿੰਦ ਅਸਾਡੀ ਦੂਣੀ ਹੋ ਕੇ,
ਨਾਂ ਉਸ ਦੇ ਲਗਦੀ,
ਜੁ ਜੀਵਨ ਦੀ ਪੂੰਜੀ ਤਾਈਂ,
ਨਾਂ ਲੋਕਾਂ ਦੇ ਲਾਏ।
ਜਦ ਸਾਡੀ ਵਿਥਿਆ ਨੂੰ ਮਿਲਿਆ,
ਭਰਵਾਂ ਲੋਕ-ਹੁੰਗਾਰਾ,
ਫਿਰ ਸਮਝਾਂਗੇ ਲੋਕ-ਰਾਜ ਦੇ,
ਕਾਗ ਬਨੇਰੇ ਆਏ।
ਧਰਮ ਅਤੇ ਸਰਮਾਏ ਤਾਈਂ,
ਪੈਣ ਲੱਗਣ ਕੜਵੱਲਾਂ।
ਜਦ ਮਿਹਨਤ ਦਾ ਸੱਖਣਾ ਪੰਜਾ,
ਤਾਜਾਂ ਨੂੰ ਹੱਥ ਪਾਏ।

•



## ਮੇਰਾ ਪਿਆਰ - ਮੇਰੇ ਲੋਕ

ਹੇ ਜੰਤਾ! ਤੇਰੇ ਦੁਖਾਂ ਦਾ ਕਿੱਸਾ ਹੀ ਨਿਰਾਲਾ ਏ।
ਜ਼ੁਲਮ ਦੇ ਨਾਲ ਹੋਇਆ ਤੇਰੇ ਹੱਕਾਂ ਦਾ ਉਧਾਲਾ ਏ।

ਤੇਰੇ ਵਿਚਕਾਰ ਆ ਕੇ ਅੱਜ ਇੰਜ ਮਹਿਸੂਸ ਹੋਇਆ ਏ,
ਕਿ ਸੂਰਜ ਨਿਕਲ ਆਇਆ, ਦਿਲਾਂ ਵਿਚ ਪਹੁ-ਫੁਟਾਲਾ ਏ।

ਤੇਰੇ ਖ਼ਾਮੋਸ਼ ਘੋਲਾਂ 'ਚੋਂ ਮੈਂ, ਅੱਖਰ ਭੁੱਖ ਦੇ ਪੜ੍ਹਿਆ,
ਤਾਹੀਓਂ ਤਾਂ ਹੈ ਖੋਲ੍ਹੀ ਲੋਹ-ਕਥਾ ਦੀ ਪਾਠਸ਼ਾਲਾ ਏ।

ਤੇ ਜੇਕਰ ਕਲਮ ਮੇਰੀ ਕੁਝ ਅੱਖਰ ਵਾਰ ਨਾ ਸਕਦੀ,
ਮੈਂ ਕਿੱਦਾਂ ਤਾਰ ਸਕਣਾ ਤੇਰਿਆਂ ਗੀਤਾਂ ਦਾ ਹਾਲਾ ਏ।

ਹੈ ਤੇਰੀ ਰੂਹ-ਭਰੀ ਬੋਲੀ ਤੇ ਮੇਰੀ ਕਲਮ ਦਾ ਪਹਿਰਾ,
ਮੈਂ ਦੇਣਾ ਹੱਸ ਕੇ ਤੇਰੀ ਵਫ਼ਾ ਦਾ ਮੂੰਹ-ਵਖਾਲਾ ਏ।

ਕੋਈ ਵੀ ਜ਼ੁਲਮ ਹੁਣ ਇਸ ਨੂੰ ਦਬਾ ਕੇ ਰੱਖ ਨਹੀਂ ਸਕਦਾ,
ਦਿਮਾਗ਼ਾਂ ਵਿਚ ਹਰਕਤ ਹੈ, ਤੇ ਹਿੱਕਾਂ 'ਚ ਉਬਾਲਾ ਏ।

ਮੇਰੀ ਜੰਤਾ! ਤੇਰੇ ਦੁੱਖਾਂ ਦਾ ਕਿੱਸਾ ਹੀ ਨਿਰਾਲਾ ਏ।
ਜ਼ੁਲਮ ਦੇ ਨਾਲ ਹੋਇਆ ਤੇਰੇ ਹੱਕਾਂ ਦਾ ਉਧਾਲਾ ਏ।

•

## ਮਜ਼ਦੂਰ ਦੀ ਦੇਸ਼-ਸੇਵਾ

ਮੇਰੀ ਕਿਰਤ ਨੂੰ ਲੁੱਟ ਵਾਲੜਿਓ, ਕਿਉਂ ਪੀਵੋ ਰੱਤ ਬਹਾਰਾਂ ਦੀ।
ਇਹ ਧਰਤੀ ਹੈ ਮਜ਼ਦੂਰਾਂ ਦੀ, ਇਹ ਨਹੀਂ ਸਰਮਾਏਦਾਰਾਂ ਦੀ।
ਮੇਰੇ ਤੇਸੇ ਅਤੇ ਹਥੌੜੇ ਨੇ, ਲੱਖ ਮੰਦਰ ਮਹਿਲ ਉਸਾਰੇ ਹੋ।
ਪਰ ਮੇਰੀ ਨੀਂਦ ਉਤਾਰਨ ਨੂੰ, ਕੱਖ ਕਾਨਿਆਂ ਦੇ ਹਨ ਢਾਰੇ ਹੋ।
ਅੱਜ ਮੇਰੀ ਮਿਹਨਤ ਦਾ ਸਦਕਾ, ਕਾਰਾਂ ਤੇ ਕਾਰਾਂ ਆ ਗਈਆਂ।
ਕਰ ਕਤਲ ਬਸੰਤ ਅਸਾਡੀ ਨੂੰ, ਕਈ ਮਸਤ ਬਹਾਰਾਂ ਆ ਗਈਆਂ।
ਹੈ ਦੂਣਾ ਠਾਠ ਅਮੀਰਾਂ ਦਾ, ਵਧਿਆ ਚੌਣਾ ਸਰਮਾਇਆ ਏ।
ਪਰ ਮੇਰੀ ਰੋਟੀ ਦਾ ਟੁਕੜਾ, ਹੁਣ ਖ਼ਤਮ ਹੋਣ ’ਤੇ ਆਇਆ ਏ।
ਜਦ ਵੀ ਉਪਰਾਲਾ ਕਰ ਕੇ ਮੈਂ, ਜ਼ੰਜੀਰ ਤੋੜਨੀ ਚਾਹੀ ਏ।
ਟੁੱਟੀ ਨੂੰ ਟਾਂਕੇ ਲਾ ਲਾ ਕੇ, ਤਕਦੀਰ ਜੋੜਨੀ ਚਾਹੀ ਏ।
ਧਰਮਾਂ ’ਤੇ ਖ਼ਤਰਾ ਬਣ ਜਾਵੇ, ਕਾਨੂੰਨ ’ਤੇ ਖ਼ਤਰਾ ਆ ਜਾਵੇ।
ਮਜ਼੍ਹਬਾਂ ਦੇ ਠੇਕੇਦਾਰਾਂ ਦੇ, ਜਨੂੰਨ ’ਤੇ ਖ਼ਤਰਾ ਆ ਜਾਵੇ।
ਦੇ ਫ਼ਤਵਾ ਦੇਸ਼-ਧਰੋਹੀ ਦਾ, ਜੇਲ੍ਹਾਂ ਦੇ ਬੂਹੇ ਖੁੱਲ੍ਹ ਜਾਂਦੇ।
ਅੰਨ੍ਹੇ ਹੋ ਵਿਚ ਤਸ਼ੱਦਦ ਦੇ, ਬੰਦੇ ਨੂੰ ਬੰਦਾ ਭੁੱਲ ਜਾਂਦੈ।
ਹਰ ਸ਼ੈ ਵਿਚ ਜ਼ਹਿਰ ਮਿਲਾਉਂਦੇ ਨੇ, ਤੇ ਬਣ-ਬਹਿੰਦੇ ਨੇ ਲੱਖਪਤੀ।
ਪਰ ਸਰਘੀ ਜੰਮਣੋਂ ਨਹੀਂ ਰਹਿੰਦੀ, ਜਦ ਧਰਤੀ ਹੋਵੇ ਗਰਭਵਤੀ।
ਫਿਰ ਸੀਖਾਂ ਤੋੜ ਮਜੂਰ ਕਹੇ, ਇਹ ਸਭੋ ਕੁਝ ਹੀ ਮੇਰਾ ਏ।
ਜਿਸ ਨੂੰ ਤੂੰ ਆਪਣਾ ਦੇਸ਼ ਕਹੇਂ, ਇਹ ਤੇਰਾ ਨਹੀਂ ਇਹ ਮੇਰਾ ਏ।
ਇਹ ਫ਼ਸਲਾਂ ਬੰਨੇ ਸੱਪਾਂ ਨੇ, ਮੇਰੇ ਦਾਦੇ ਨੂੰ ਡੰਗਿਆ ਏ।
ਮੇਰੇ ਵੀਰ ਦੇ ਭੁੱਖੇ ਢਿੱਡ ਵਿਚੋਂ, ਇਕ ਤਪਦਾ ਸਰੀਆ ਲੰਘਿਆ ਏ।
ਔਹ ਚੱਕਰ ਖਾ ਕੇ ਡਿੱਗਿਆ ਏ ਤੇ ਕਰਦਾ ਗੰਦ ਜੁ ਸਾਫ਼ ਤੇਰਾ।
ਨਹੀਂ ਤਾਕਤ ਪਾਉਂਦਾ ਵੈਦ ਕੋਈ, ਆਹ! ਤੜਫ਼ ਰਿਹਾ ਏ ਬਾਪ ਮੇਰਾ।
ਇਸ ਕਾਰਖ਼ਾਨੇ ਦੇ ਬਾਲਣ ਵਿਚ, ਮੇਰੀ ਮਾਂ ਦਾ ਜਿਸਮ ਹੀ ਬਲਦਾ ਏ।
ਤੇ ਜੋਬਨ ਮੇਰੀਆਂ ਭੈਣਾਂ ਦਾ, ਸੜਕਾਂ ਦੇ ਕਿਨਾਰੇ ਢਲਦਾ ਏ।



ਮੇਰੀ ਪਤਨੀ ਦੇ ਵਾਲਾਂ ਦਾ, ਬਿਜਲੀ ਨੇ ਤਾਣਾ ਤਣਿਆ ਏ।
ਮੇਰਾ ਹੀ ਮੁੜ੍ਹਕਾ ਚੋ ਚੋ ਕੇ, ਇਹ ਝੀਲ-ਭਾਖੜਾ ਬਣਿਆ ਏ।
ਜੁ ਤੇਰੇ ਬਾਗ਼ੀਂ ਫੁੱਲ ਖਿੜੇ, ਮੇਰੀ ਬੱਚੀ ਦੀਆਂ ਮੁਸਕਾਨਾਂ ਨੇ।
ਅਸੀਂ ਚੀਰ ਪਹਾੜਾਂ ਦੀ ਹਿੱਕੜੀ, ਵਿਚ ਭਰੀਆਂ ਆਪਣੀਆਂ ਜਾਨਾਂ ਨੇ।
ਜਦ ਵਿਹਲ ਮਿਲੇ ਰੈਸਤੋਰਾਂ ’ਚੋਂ, ਆ ਨਸ਼ਾ ਅਸਾਡੇ ’ਤੇ ਤਾਰੇ
ਝਟ ਬੁੱਲ੍ਹਾਂ ਦੇ ਸਿਰਹਾਣੇ ਤੂੰ, ਜੀਪਾਂ ਦੇ ਹਾਰਨ ਆ ਮਾਰੇ।
ਇਹ ਧਰਤੀ ਸਾਡੀ ਮਾਂ ਵਰਗੀ, ਨਾ ਇਸ ਨੂੰ ਕੁਝ ਵੀ ਭੁੱਲਿਆ ਏ।
ਇਹ ਸਭੇ ਜਾਣੇ ਖੇਤਾਂ ਵਿਚ, ਹੈ ਕਿਸ ਦਾ ਖ਼ੂਨ ਜੁ ਡੁੱਲ੍ਹਿਆ ਏ।
ਮੈਂ ਥੱਕ ਗਿਆ ਹਾਂ ਸੁਣ ਸੁਣ ਕੇ, ਅੱਜ ਕਹਿਣ ਦੀ ਹਿੰਮਤ ਕਰਦਾ ਹਾਂ।
ਲਹਿਰਾ ਝੰਡਾ ਸੰਗਰਾਮਾਂ ਦਾ, ਅੱਜ ਫੇਰ ਬਗ਼ਾਵਤ ਕਰਦਾ ਹਾਂ।
ਫਿਰ ਕਿਉਂ ਨਾ ਅੱਜ ਮਜ਼ਦੂਰ ਕਹੇ, ਜੋ ਧਰਤੀ ’ਤੇ ਉਹ ਮੇਰਾ ਏ।
ਜਿਸ ਨੂੰ ਤੂੰ ਆਪਣਾ ਦੇਸ਼ ਕਹੇਂ, ਉਹ ਤੇਰਾ ਨਹੀਂ ਉਹ ਮੇਰਾ ਏ।

•

## ਕਿਰਨਾਂ ਦਾ ਜਨਮ

ਤੂੰ ਬੇਦਰਦੀ ਹੋ!
ਤੂੰ ਬੇਦਰਦੀ, ਦੁੱਖ ਦਰਦਾਂ ਦਾ, ਕਿਸ ਦੇ ਕੋਲ ਸੁਣਾਵਾਂ।
ਮੇਰੇ ਮਗਰ ਚਿਰਾਂ ਤੋਂ ਲੱਗਿਆ, ਭੁੱਖ ਦਾ ਇਕ ਪ੍ਰਛਾਵਾਂ।
ਮੈਂ ਮਰ ਜਾਂ ਤਾਂ ਬੇਸ਼ੱਕ ਮਰ ਜਾਂ, ਨਾ ਮਰਦਾ ਪ੍ਰਛਾਵਾਂ।
ਤੂੰ ਬੇਦਰਦੀ ਹੋ!

ਤੇਰੇ ਝੂਠੇ ਵਾਅਦੇ ਦੀ ਮੁੱਠ, ਸੱਖਣੇ ਢਿੱਡ ਵਿਚ ਪਾਵਾਂ।
ਢਿੱਡ ਹੈ ਕਿ ਬਸ ਫਿਰ ਵੀ ਨਿਕਲਣ, ਇਸ ਤੋਂ ਹੋਕੇ ਹਾਵਾਂ।
ਤੂੰ ਬੇਦਰਦੀ ਹੋ!

ਕਰਚ ਲਤੜ ਲਤੜ ਕੇ ਲੰਘੇ, ਪੈਰ ਬਿਆਈਆਂ ਪਾਟੇ।
ਆ ਕਣਕਾਂ! ਦੇ ਮੱਥਿਆਂ ਵਿਚੋਂ, ਸਿੰਮਦਾ ਖ਼ੂਨ ਵਿਖਾਵਾਂ।
ਤੂੰ ਬੇਦਰਦੀ ਹੋ!

ਸ਼ੌਂਕ ਮੇਰੇ ਤੇ ਦੌਰ ਤੇਰੇ ਦਾ, ਕਦਮ ਕਦਮ ’ਤੇ ਪਹਿਰਾ।
ਫਿਰ ਬੁੱਕਲ ਵਿਚ ਉੱਗਿਆ ਸੂਰਜ ਕਿਹੜੀ ਕੂਟ ਛਿਪਾਵਾਂ।
ਤੂੰ ਬੇਦਰਦੀ ਹੋ!

ਅੱਟਣਾਂ ਵਾਲੇ ਮੁੱਕਿਆਂ ਦੀ ਜਦ, ਕੰਧ ਮਹਿਲ ’ਤੇ ਕੜਕੀ।
ਫਿਰ ਨਾ ਸੌਂ ਸਕਣ ਬੇ-ਗ਼ਮ ਹੋ, ਤੇਰੀਆਂ ਭੈਣਾਂ, ਮਾਵਾਂ।
ਤੂੰ ਬੇਦਰਦੀ ਹੋ!

ਹੁਣ ਮੁੜ੍ਹਕੇ ਦੀ ਧੁੱਪ ਮੁੜਗੀ, ਕਰ ਕੇ ਕਤਲ ਹਨੇਰੇ।
ਤਾਹੀਓਂ ਤਾਂ ਮੈਂ ਆਪਣੀ ਕੁਟੀਆ, ਆਦਰ ਲਈ ਸਜਾਵਾਂ।
ਤੂੰ ਬੇਦਰਦੀ ਹੋ!
•



## ਲਲਕਾਰ- ਮਜ਼ਦੂਰ ਦੇ ਨਾਂ!

ਲੋਕੋ ਬਾਜ ਆ ਜਾਓ! ਝੂਠੇ ਲੀਡਰਾਂ ਤੋਂ
ਇਨ੍ਹਾਂ ਦੇਸ਼ ਨੂੰ ਬਿਲੇ ਲਗਾ ਛੱਡਣੈਂ।
ਇਨ੍ਹਾਂ ਦੇਸ਼ ਦਾ ਕੁਝ ਵੀ ਛੱਡਿਆ ਨ੍ਹੀਂ,
ਇਨ੍ਹਾਂ ਥੋਨੂੰ ਵੀ ਵੇਚ ਕੇ ਖਾ ਛੱਡਣੈਂ।
ਕਾਰਖ਼ਾਨਿਆਂ ਦੀਆਂ ਕਾਲੀਆਂ ਚਿਮਨੀਆਂ ’ਚੋਂ,
ਸਾਡੇ ਵਲਵਲੇ ਨਿਕਲਦੇ ਧੂੰ ਬਣ ਕੇ।
ਅਫ਼ਸਰਸ਼ਾਹੀ ਦੀ ਕਾਰ ਦੇ ਵੇਗ ਮੂਹਰੇ,
ਸਾਡੇ ਉਡਦੇ ਅਰਮਾਨ ਨੇ ਰੂੰ ਬਣ ਕੇ।
ਅਸੀਂ ਆਪਣਾ ਸਮਝ ਕੇ ਵੋਟ ਪਾਈ,
ਇਨ੍ਹਾਂ ਵੋਟ ਦਾ ਸਿਲਾ ਵੀ ਤਾਰਿਆ ਨਾ।
ਸਾਨੂੰ ਮਹਿੰਗ ਉਬਾਲਿਆ ਦੁੱਧ ਵਾਂਗੂੰ,
ਇਨ੍ਹਾਂ ਪਾਣੀ ਦਾ ਛੱਟਾ ਵੀ ਮਾਰਿਆ ਨਾ।
ਇਹ ਦੇਸ਼ ਦੀ ਪੂੰਜੀ ਨੂੰ ਨਾਗ ਬਣ ਕੇ,
ਆਪੂੰ ਸਾਂਭ ਲੈਂਦੇ ਆਪੂੰ ਖੱਟ ਜਾਂਦੇ।
ਵਾਅਦੇ ਕਰਦੇ ਨੇ ਕੱਚੇ ਮਹਿਬੂਬ ਵਾਂਗੂੰ,
ਆਪੇ ਥੁੱਕ ਕੇ ਤੇ ਆਪੇ ਚੱਟ ਜਾਂਦੇ।
ਸੀਨਾ-ਜ਼ੋਰੀਆਂ ਨੇ ਇਹਦੇ ਸਾੜ ਸੁੱਟੇ,
ਸੜਿਆਂ ਹੋਇਆਂ ਦੀ ਆਓ ਸੰਭਾਲ ਕਰੀਏ।
ਜੀਹਨੂੰ ਰਾਠ ਉਧਾਲ ਕੇ ਲੈ ਗਏ ਨੇ,
ਆਪਣੀ ਕਿਸਮਤ ਦੀ ਮੁੱਢੋਂ ਪੜਤਾਲ ਕਰੀਏ।
ਕੁੱਤੇ ਜਿਹੀ ਇਨਸਾਨ ਦੀ ਕਦਰ ਹੈ ਨਾ,
ਅੱਗੋਂ ਮੰਗਦੇ ਨੇ ਸਾਥੋਂ ਵਫ਼ਾਦਾਰੀ।
ਜਾਂ ਤਾਂ ਅਸੀਂ ਹੀ ਰਹਾਂਗੇ ਦੇਸ਼ ਅੰਦਰ,
ਜਾਂ ਫਿਰ ਰਹੇਗੀ ਇਥੇ ਸਰਮਾਏਦਾਰੀ।

ਅਸੀਂ ਆਪਣਿਆਂ ਢਿੱਡਾਂ ਦੀ ਮੰਗ ਲੈ ਕੇ,
ਨਿੱਤਰ ਆਏ ਹਾਂ ਏਕੇ ਦੀ ਲਾਮ ਉੱਤੇ।
ਲਾਰੇ ਵੇਖ ਕੇ ਇਨ੍ਹਾਂ ਮੁਸਾਹਿਬਾਂ ਦੇ,
ਨੀਝ ਲੱਗੀ ਏ ਹੁਣ ਤਾਂ ਸੰਗਰਾਮ ਉੱਤੇ।
ਜੇਕਰ ਅੱਜ ਨਾ ਹੱਕਾਂ ਦੀ ਗੱਲ ਕੀਤੀ,
ਸਾਰੇ ਬੱਚਿਆਂ ਦੇ ਵਿਹਨੈਂ ਚੋਹਲ ਜਲਦੇ।
ਖੇਤਾਂ ਵਿਚ ਕਿਸਾਨ ਦੇ ਬੋਹਲ ਜਲਦੇ,
ਮੇਰੇ ਗੀਤ ਜਲਦੇ, ਮੇਰੇ ਘੋਲ ਜਲਦੇ।

•



## ਵੀਅਤਕਾਂਗੀ - ਕੁੜੀ ਦਾ ਪਿਆਰ

ਦਬਾ ਦਬ ਚੱਲ ਮੇਰੇ ਹੱਥਾਂ ਦੀਏ ਤੇਸੀਏ ਨੀ,
ਹਿੱਕ ਕਾਲੇ ਪੱਥਰਾਂ ਦੀ ਤੋੜ।
ਮਾਰ ਕੇ ਜਾਂ ਮੱਲਾਂ ਘਰੀਂ ਮੁੜਨਗੇ ਸਾਡੇ ਬੰਦੇ,
ਚੁੱਭੇ ਨਾ ਉਨ੍ਹਾਂ ਨੂੰ ਕੋਈ ਰੋੜ।
ਮੈਨੂੰ ਬੜੀ ਖੁਸ਼ੀ ਏ ਕਿ ਅਜੇ ਤਕ ਮੇਰੇ ਕੋਲ,
ਕਿੰਨਾ ਸਾਰਾ ਬਾਕੀ ਏ ਪਿਆਰ।
ਸਾਡੇ ਮੱਥੇ ਉੱਤੇ ਲੇਪ ਜਿੱਤਾਂ ਦੀਆਂ ਲਾਲੀਆਂ ਦੀ,
ਵੈਰੀਆਂ ਦੇ ਮੱਥੇ ’ਤੇ ਵਸਾਰ।
ਨਿਕਲ ਹੀ ਆਏ ਜਦ ਰੱਖ ਕੇ ਤਲੀ ’ਤੇ ਸਿਰ,
ਈਸਾ ਦੇ ਵਰਾਂ ਦੀ ਨਹੀਂ ਲੋੜ।
ਮਾਰ ਕੇ ਜਾਂ ਮੱਲਾਂ ਘਰੀਂ ਮੁੜਨਗੇ...
ਕੱਲ੍ਹ ਵੈਰੀ ਤਿੱਖੀਆਂ ਸੰਗੀਨਾਂ ਮੂਹਰੇ ਲਾਈ ਜਾਂਦੇ,
ਬੱਚਿਆਂ ਤੇ ਬੁੱਢਿਆਂ ਦੀ ਲਾਰ।
ਧਰਤੀ ਨੂੰ ਹੋ ਗਿਆ ਨਮੂਨੀਆ ਜ਼ੁਲਮ ਦੇਖ,
ਅੰਬਰਾਂ ਨੂੰ ਮੁਹਰਕਾ ਬੁਖ਼ਾਰ।
ਜੀਹਦੇ ਨਾਲ ਬੰਨ੍ਹ ਕੇ ਨੇ ਮਾਰੇ ਹਨ ਵੀਰ ਸਾਡੇ,
ਸਾਨੂੰ ਉਹ ਝੰਜੋੜ ਰਿਹਾ ਬੋਹੜ।
ਮਾਰ ਕੇ ਜਾਂ ਮੱਲਾਂ ਘਰੀਂ ਮੁੜਨਗੇ...
ਇਹ ਤਾਂ ਅਸੀਂ ਜਾਣਦੇ, ਜ਼ੁਲਮਾਂ ਦੇ ਸਾਗਰਾਂ ਨੂੰ,
ਲੰਘ ਜਾਂਦੇ ਚੁੱਕ ਕੇ ਪਹਾੜ।
ਪਰ ਆਏ ਸੱਜਣਾਂ ਨੂੰ ਅਸੀਂ ਨਾ ਚੁੱਭਣ ਦੇਣੀ,
ਭੋਰਾ ਜਿੰਨੀ ਹਉਕੇ ਦੀ ਹਵਾੜ।
ਜੱਗ ਦੇ ਮਾਸੂਮਾਂ ਦਾ ਏ ਪਹਿਰਾ ਥੋਡੀ ਨੀਂਦ ਉੱਤੇ,
ਜੱਗ ਦੇ ਨੇ ਸੂਰਜ ਕਰੋੜ।
ਮਾਰ ਕੇ ਜਾਂ ਮੱਲਾਂ ਘਰੀਂ ਮੁੜਨਗੇ...।

•

## ਸੂਰਮੇ- ਵੀਅਤਕਾਂਗੀ ਬੱਚੇ

ਸੁਣੋ ਸੁਣੋ ਧਰਤੀ ਦੇ ਲੋਕੋ, ਸਾਕਾ ਜ਼ੁਲਮ ਕਹਾਣੀ ਦਾ।
ਵੀਅਤਨਾਮ ਦੀ ਧਰਤੀ ਉੱਤੇ, ਖ਼ੂਨ ਹੋਇਆ ਜ਼ਿੰਦਗਾਨੀ ਦਾ।

ਸੱਤ ਸਮੁੰਦਰੋਂ ਪਾਰ ਲੰਘ ਕੇ, ਜ਼ਾਲਮ ਕੋਈ ਆਇਆ ਏ।
ਜਿਸ ਧਰਤੀ ਦਿਆਂ ਲਾਲਾਂ ਉੱਤੇ ਜ਼ੁਲਮੀ ਵਾਰ ਚਲਾਇਆ ਏ।

ਮਾਣ ਹੈ ਉਸ ਨੂੰ ਕੁਝ ਜਾਤੀ ਦਾ, ਮਾਣ ਹੈ ਕੁਝ ਸਰਮਾਏ ਦਾ।
ਮਾਣ ਹੈ ਉਸ ਨੂੰ ਜਾਗੀਰਾਂ ਦਾ, ਮਾਣ ਹੈ ਡੰਗ ਚਲਾਏ ਦਾ।

ਵੀਅਤਕਾਂਗ ਦੇ ਦੋ-ਤਿੰਨ ਬੱਚੇ, ਜ਼ਾਲਮ ਪਕੜ ਲਿਆਏ ਹੋ।
ਸੰਗੀਨਾਂ ਦੇ ਪਹਿਰੇ ਹੇਠਾਂ, ਤੰਬੂ ਵਿਚ ਠਹਿਰਾਏ ਹੋ।

ਬੱਚਾ ਸੀ ਇਕ ਛੇ ਸਾਲਾਂ ਦਾ, ਦੂਜਾ ਸੀ ਕੁਝ ਗਿਆਰਾਂ ਦਾ।
ਪਰ ਤੀਜਾ ਸੀ ਚੋਂਘੜ ਹਾਲੀ, ਫੁੱਲ ਜਿਵੇਂ ਅਨਾਰਾਂ ਦਾ।

ਵੇਖ ਵੇਖ ਕੇ ਸੰਗੀਨਾਂ ਨੂੰ, ਬਾਲਕ ਨਾ ਘਬਰਾਏ ਸੀ।
ਚਾਰ ਦਿਨਾਂ ਦੇ ਕੈਦੀ ਬੱਚੇ, ਭੁੱਖੇ ਤੇ ਤ੍ਰਿਹਾਏ ਸੀ।

ਪੰਜਵੇਂ ਦਿਨ ਜ਼ਾਲਮ ਦੀ ਪਲਟਨ ਦਾ ਸੀ ਜੁ ਸਰਦਾਰ ਬੜਾ।
ਗੋਰਾ ਕਾਲੇ ਦਿਲ ਵਾਲਾ ਸੀ, ਆ ਬੱਚਿਆਂ ਦੇ ਕੋਲ ਖੜ੍ਹਾ।

ਭੁੱਖੇ ਬੱਚਿਆਂ ਨੂੰ ਉਹ ਆਖੇ, ਥੋਨੂੰ ਕੇਕ ਖੁਆਵਾਂਗਾ।
ਅਮਰੀਕਾ ਵਿਚ ਬਣੇ ਖਿਡੌਉਣੇ, ਖੇਡਣ ਲਈ ਦੁਆਵਾਂਗਾ।



ਪਰ ਜੇ ਦਸੋ ਬਾਪ ਤੁਹਾਡੇ, ਰਾਤੀਂ ਕਿੱਥੇ ਰਹਿੰਦੇ ਹੋ।
ਥੋਡੇ ਵੀਰ ਤੁਹਾਡੀਆਂ ਭੈਣਾਂ, ਕਿੱਥੇ ਉਠਦੇ ਬਹਿੰਦੇ ਹੋ।

ਇਹ ਸੁਣ ਬੱਚੇ ਸਹਿਮ ਗਏ ਸੀ, ਮੂੰਹੋਂ ਕੁਝ ਨਾ ਦੱਸਦੇ ਹੋ।
ਵੇਖ ਵੇਖ ਕੇ ਸਹਿਮ ਉਨ੍ਹਾਂ ਦਾ, ਜ਼ਾਲਮ ਅੱਗੋਂ ਹੱਸਦੇ ਹੋ।

ਜਾਂ ਫਿਰ ਅੱਗੋਂ ਕੁਝ ਨਾ ਦੱਸਿਆ, ਵੀਅਤਨਾਮ ਦਿਆਂ ਲਾਲਾਂ ਨੇ।
ਗੋਰੇ ਮੌਤ ਦਾ ਹੁਕਮ ਸੁਣਾਇਆ, ਸੌ ਸੌ ਦਿੱਤੀਆਂ ਗਾਲ੍ਹਾਂ ਨੇ

ਹਾਕਮ ਦਾ ਝਟ ਹੁਕਮ ਸੁਣੇਂਦਾ, ਇਕ ਸਿਪਾਹੀ ਆਇਆ ਸੀ।
ਵੱਡੇ ਭਰਾ ਦੀ ਗੋਦੀ ਚੁੱਕਿਆ, ਨਿੱਕਾ ਬਾਲ ਛੁਡਾਇਆ ਸੀ।

ਲਾ ਸੰਗੀਨ ਸੀ ਭੁੱਖੇ ਢਿੱਡ ਨੂੰ, ਉਪਰ ਵਲ ਵਗਾ ਦਿੱਤਾ।
ਤੇ ਮੁੜਦੇ ਨੇ ਨੋਕ ਸਹਾਰੇ, ਉਪਰ ਹੀ ਅਟਕਾ ਦਿੱਤਾ।

ਏਦਾਂ ਵੱਡੇ ਬੱਚਿਆਂ ਨੂੰ ਵੀ, ਥਾਵੇਂ ਪਾਰ ਬੁਲਾ ਦਿੱਤਾ।
ਕਮਿਊਨਿਜ਼ਮ ਤੋਂ ਵੀਅਤਨਾਮ ਨੂੰ, ਏਦਾਂ ਮੁਕਤ ਕਰਾ ਦਿੱਤਾ।

ਜਾਗੋ ਵੇ ਧਰਤੀ ਦੇ ਲੋਕੋ, ਬੱਚਿਆਂ ਦੀ ਸਹੁੰ ਲੈ ਕੇ ਵੇ।
ਮਾਸੂਮਾਂ ਦੇ ਕਾਤਲ ਫੰਡੋ, ਬਰਛੀ ਹੱਕ ਦੀ ਲੈ ਕੇ ਵੇ।
•

## ਵੀਅਤਨਾਮ

ਦੁਨੀਆਂ ਦੇ ਲੋਕੋ ਵੇ, ਧਰਤੀ ਦੇ ਜਾਇਓ ਵੇ।
ਇਕ ਗੀਤ ਸੁਣਾਵਾਂ ਮੈਂ, ਇਕ ਬਾਤ ਸੁਣਾਵਾਂ ਮੈਂ।
ਜੋ ਦਰਦ ਕਹਾਣੀ ਏ ਪਰ ਸਭ ਦੀ ਸਾਂਝੀ ਏ।
ਦੁਨੀਆਂ ਦੇ ਲੋਕੋ ਵੇ, ਧਰਤੀ ਦੇ ਜਾਇਓ ਵੇ।
ਉਸ ਪਾਰ ਸਮੁੰਦਰ ਵਿਚ, ਇਕ ਨਾਗ ਵਸੇਂਦਾ ਏ।
ਜੋ ਬੜਾ ਜ਼ਹਿਰੀਲਾ ਏ, ਜਨਤਾ ਦਾ ਵੈਰੀ ਏ।
ਉਹ ਪੱਛਮ ਵਿਚ ਰਹਿੰਦਾ, ਅਸੀਂ ਪੂਰਬ ਵਿਚ ਰਹਿੰਦੇ।
ਉਹ ਉਸ ਕਿਨਾਰੇ ’ਤੇ, ਅਸੀਂ ਏਸ ਕਿਨਾਰੇ ਹਾਂ।
ਪਰ ਫਿਰ ਵੀ ਡਰ ਉਸ ਦਾ, ਪੂਰਬ ਦੀ ਧਰਤੀ ਨੂੰ।
ਦੁਨੀਆਂ ਦੇ ਲੋਕੋ ਵੇ...

ਉਹ ਉਸ ਕਿਨਾਰੇ ’ਤੇ ਹੈ ਜ਼ਹਿਰਾਂ ਘੋਲ ਰਿਹਾ।
ਇਸ ਦੂਧੀਏ ਪਾਣੀ ਵਿਚ, ਅਮਨਾਂ ਦੇ ਸਾਗਰ ਵਿਚ।
ਤੇ ਘੋਲ ਘੋਲ ਜ਼ਹਿਰਾਂ ਸਾਡੇ ਵੱਲ ਘੱਲ ਰਿਹਾ।
ਦੁਨੀਆਂ ਦੇ ਲੋਕੋ ਵੇ, ਜਾਗੋ ਵੇ ਸੰਭਲੋ ਵੇ।
ਦੁਨੀਆਂ ਦੇ ਲੋਕੋ ਵੇ...

ਤੁਹਾਨੂੰ ਸਹੁੰ ਖੇਤਾਂ ਦੀ, ਤੁਹਾਨੂੰ ਸਹੁੰ ਬੱਚਿਆਂ ਦੀ।
ਤੇ ਸਹੁੰ ਏਸ਼ੀਆ ਦੀ, ਪੂਰਬ ਦੀ ਧਰਤੀ ਦੀ।
ਇਕ ਸੋਟਾ ਏਕੇ ਦਾ, ਆਪਣੇ ਹੱਥ ਫੜੀਏ ਵੇ।
ਤੇ ਉਸ ਕਿਨਾਰੇ ਜਾ ਫ਼ਨੀਅਰ ਦੇ ਜੜੀਏ ਵੇ।
ਦੁਨੀਆਂ ਦੇ ਲੋਕੋ ਵੇ...



ਉਸ ਏਸ ਸਮੁੰਦਰ ਵਿਚ ਜੋ ਜ਼ਹਿਰ ਮਿਲਾਈ ਏ।
ਜੋ ਕਹਿਰ ਮਚਾਇਆ ਏ ਜੋ ਮੌਤ ਰਲਾਈ ਏ।
ਪੀ ਅੰਮ੍ਰਿਤ ਏਕੇ ਦਾ ਜ਼ਹਿਰਾਂ ਸਭ ਚੂਸ ਲਈਏ।
ਜ਼ਹਿਰਾਂ ਸਭ ਚੂਸ ਲਈਏ ਪਾਣੀ ਨੂੰ ਧੋ ਸੁਟੀਏ।
ਦੁਨੀਆਂ ਦੇ ਲੋਕੋ ਵੇ, ਧਰਤੀ ਦੇ ਜਾਇਓ ਵੇ।
ਇਕ ਗੀਤ ਸੁਣਾਵਾਂ ਮੈਂ, ਇਕ ਬਾਤ ਸੁਣਾਵਾਂ ਮੈਂ।

•

## ਅਹਿਦ

ਤੋੜ ਦਿਆਂਗੇ ਲਹੂ ਪੀਣੀਆਂ ਜੋਕਾਂ ਨੂੰ।
ਨਵੀਂ ਜ਼ਿੰਦਗੀ ਫੇਰ ਦਿਆਂਗੇ ਲੋਕਾਂ ਨੂੰ।

ਹਰ ਔਕੜ ਦੇ ਵਿਚ ਅਸੀਂ ਮੁਸਕਾਵਾਂਗੇ,
ਹੜ੍ਹ ਦੇ ਵਾਂਗ ਰੋੜ੍ਹ ਦਿਆਂਗੇ ਰੋਕਾਂ ਨੂੰ।

ਝੂਠੇ ਧਰਮ ਤੇ ਵਹਿਮ ਭਰਮ ਨੂੰ ਛੰਡਾਂਗੇ,
ਸਿਰ 'ਤੇ ਸਹਿ ਲਵਾਂਗੇ ਸਭਨਾਂ ਟੋਕਾਂ ਨੂੰ।

ਲਗਰਾਂ ਕਿਰਤ ਅਸਾਡੀ ਨੇ ਜੋ ਕੱਢੀਆਂ ਨੇ,
ਸੂਤਣ ਨਹੀਂ ਦਿਆਂਗੇ ਵਿਹਲੜ ਲੋਕਾਂ ਨੂੰ।

ਸਾਵਾਂ ਅਸੀਂ ਦੁਆਵਾਂਗੇ ਮੁੱਲ ਮੁੜ੍ਹਕੇ ਦਾ,
ਮੁੱਢੋਂ ਪੁੱਟ ਦਿਆਂਗੇ ਰੋਕਾਂ ਝੋਕਾਂ ਨੂੰ।

ਲੋਕਾਂ ਨੂੰ ਪਰਲੋਕਾਂ ਦੇ ਹਰ ਸੰਸੇ ਤੋਂ,
ਮੁਕਤ ਕਰਾ ਕੇ ਛੱਡਾਂਗੇ ਤ੍ਰੈ ਲੋਕਾਂ ਨੂੰ।

ਆਪੂੰ ਲੜ ਕੇ ਖ਼ੂਨੋ ਖ਼ੂਨ ਨਾ ਹੋਵਾਂਗੇ,
ਨਹੀਂ ਸਹਾਂਗੇ ਸਾਮਰਾਜ ਦੀਆਂ ਚੋਕਾਂ ਨੂੰ।
•



## ਆਜ਼ਾਦੀ

ਭੁੱਖੇ ਅਤੇ ਨੰਗੇ ਨੇ ਕਿਸਾਨ, ਮਜ਼ਦੂਰ ਲੋਕੋ,
ਕਾਹਦੀ ਏ ਆਜ਼ਾਦੀ ਅਸੀਂ ਮਾਨਣੀ।
ਲਾਠੀਆਂ ਤੇ ਗੋਲੀਆਂ ਦੀ ਆਈ ਏ ਬੁਛਾੜ,
ਫਿੱਕੀ ਲਗਦੀ ਏ ਰਾਤ ਚੰਨ-ਚਾਨਣੀ।
ਸਮਝ ਕੇ ਸਾਨੂੰ ਅਨਭੋਲ, ਅਨਜਾਣ,
ਐਵੇਂ ਲਾਰਿਆਂ 'ਤੇ ਲਾਈ ਸਾਨੂੰ ਰੱਖਿਆ।
ਸਾਡੇ ਸਿਰਾਂ ਉੱਤੇ ਬਣ ਰਾਖਸ਼ ਖਲੋਏ,
ਸਾਨੂੰ ਖ਼ੂਨ ਦਾ ਸੁਆਦ ਇਨ੍ਹਾਂ ਚਖਿਆ।
ਸਾਥੋਂ ਨ੍ਹੀਂ ਸਹਾਰੇ ਜਾਂਦੇ ਜ਼ਾਲਮਾਂ ਦੇ ਤੀਰ,

ਸਾਥੋਂ ਚਿੱਤ ਨ੍ਹੀਂ ਕਰਾਇਆ ਜਾਂਦਾ ਛਾਨਣੀ,
ਕਾਹਦੀ ਏ ਆਜ਼ਾਦੀ ਅਸੀਂ ਮਾਨਣੀ।
ਫਿਰਨ ਕਾਨੂੰਨ ਅਤੇ ਕੌਮ ਦਾ ਜਨੂੰਨ,
ਸਾਡੇ ਰਾਹਾਂ ਵਿਚ ਕੰਡੇ ਅਟਕਾਂਵਦਾ।
ਪੂੰਜੀਪਤ ਢਾਂਚਾ ਦੋਵਾਂ ਨਾਗਾਂ ਤਾਈਂ ਪਾਲ,
ਸਾਡੇ ਲੋਕਾਂ ਵਿਚ ਜ਼ਹਿਰ ਉਗਾਂਵਦਾ।
ਐਨਾ ਚਿਰ ਰਾਜ 'ਤੇ ਬਹਾਇਆ ਏਸ ਤੱਤੜੇ ਨੂੰ,
ਇਹਨੇ ਕੀ ਕਦਰ ਸਾਡੀ ਜਾਨਣੀ,
ਕਾਹਦੀ ਏ ਆਜ਼ਾਦੀ ਅਸੀਂ ਮਾਨਣੀ।

ਦਿੱਤਾ ਹੈ ਜਨਮ ਇਹਨੇ ਚੋਰਾਂ ਤੇ ਬਲੈਕੀਆਂ ਨੂੰ,
ਰਾਜੇ ਜਰਵਾਣੇ ਇਹਦੇ ਘਰ ਦੇ।
ਇਹ ਅਮਰੀਕਾ ਦਿਆਂ ਡਾਲਰਾਂ ਦੀ ਸੇਜ ਸੁੱਤੀ,
ਲਾ ਕੇ ਗਾਂਧੀ ਖੱਦਰ ਦੇ ਪਰਦੇ।

ਏਸ ਦੀ ਗ਼ਦਾਰੀ ਅਤੇ ਚਾਲ ਸਰਮਾਏਦਾਰੀ,
ਔਖੀ ਹੁਣ ਰਹੀ ਨਾ ਪਛਾਨਣੀ
ਕਾਹਦੀ ਏ ਆਜ਼ਾਦੀ ਅਸੀਂ ਮਾਨਣੀ।
ਕਿਰਤੀ, ਕਿਸਾਨ, ਸਾਰੇ ਬਣ ਕੇ ਚੱਟਾਨ ਖੜ੍ਹੋ,
ਹੁਣ ਬਹੁਤਾ ਸਮਾਂ ਨਹੀਓਂ ਗਾਲਣਾ।
ਕ੍ਰਿਤ-ਲੁਟੇਰਿਆਂ ਦੀ ਚਿੱਪ ਦਿਉ ਸਿਰੀ,
ਅਸੀਂ ਨਾਗ ਨ੍ਹੀਂ ਬੁੱਕਲ 'ਚ ਪਾਲਣਾ।
ਫੜ ਕੇ ਚੁਆਤਾ ਅਸੀਂ ਹੱਥ ਵਿਚ ਏਕਤਾ ਦਾ,
ਧਨੀਆਂ ਦੀ ਹਿੱਕੜੀ ਏ ਜਾਲਣੀ,
ਕਾਹਦੀ ਏ ਆਜ਼ਾਦੀ ਅਸੀਂ ਮਾਨਣੀ।
•



## ਹਨੇਰੀਆਂ ਦੇ ਨਾਂ

ਆਓ ਨੀ ਹਨੇਰੀਓ! ਜਾਓ ਨੀ ਹਨੇਰੀਓ,
ਲੈ ਜਾਓ ਉਡਾ ਕੇ ਮੇਰਾ ਪਿਆਰ।

ਏਸ ਨੂੰ ਲਿਜਾ ਕੇ ਝੋਲੀ ਪਾਉਣਾ ਓਸ ਅਬਲਾ ਦੀ,
ਜੀਹਦੀ ਲੁੱਟੀ ਗਈ ਏ ਬਹਾਰ।

ਸਮਿਆਂ ਦੇ ਗਲ ਜਿਥੇ, ਫੜੇ ਨੇ ਗਲੇਡੂਆਂ ਨੇ,
ਉੱਚੀ ਕੋਈ ਸਾਹ ਨਾ ਭਰੇ।

ਅੱਗ ਨੀ ਮਚਾ ਕੇ ਜਿਥੇ ਸੱਸੀ ਦਿਆਂ ਪੈਰਾਂ ਹੇਠਾਂ,
ਜੱਗ ਭੈੜਾ ਸੇਕਿਆ ਕਰੇ।

ਜਿਥੇ ਬਲੀਦਾਨ ਹੁੰਦਾ, ਕੋਇਲ ਨੀ, ਬਚਾਰੜੀ ਦਾ,
ਕਾਲਿਆਂ ਕਾਵਾਂ ਦੇ ਵਿਚਕਾਰ।
ਲੈ ਜਾਓ ਉਡਾ ਕੇ ਮੇਰਾ ਪਿਆਰ।

ਅੰਬਰਾਂ 'ਚ ਜਿਥੇ ਮਗਰੂਰ ਕੋਈ ਬੱਦਲੀ ਨੀ,
ਇਕੋ ਘੁੱਟ ਚੰਨ ਦੀ ਕਰੇ।

ਕਿਰਤਾਂ ਦੀ ਆ ਕੇ ਨੀ ਅੰਗੂਰੀ ਜਿਥੇ ਵਿਹਲੜਾਂ ਦਾ,
ਚੋਰੀ ਚੋਰੀ ਵੱਗ ਨੀ ਚਰੇ।

ਜ਼ਿੰਦਗੀ ਦੀ ਬਾਜ਼ੀ ਜਿਥੇ ਪੈਸਿਆਂ ਦੇ ਦੌਰ ਵਿਚ,
ਜਿੱਤ ਕੇ ਵੀ ਜਾਂਦਾ ਕੋਈ ਹਾਰ।
ਲੈ ਜਾਓ ਉਡਾ ਕੇ ਮੇਰਾ ਪਿਆਰ।
•

## ਰਾਖਿਓ

ਓ ਖੇਤਾਂ ਵਾਲਿਓ! ਓ ਦੇਸ਼ਾਂ ਵਾਲਿਓ!!
ਸੂਰ ਤੁਹਾਡੀ ਖੇਤੀ ਚਰ ਗਏ ਖੇਤਾਂ ਦੇ ਰਖਵਾਲਿਓ!!!
ਮੈਂ ਚੱਖਿਆ ਏ ਸਾਗ ਬਿਦਰ ਦਾ, ਲੂਣ ਖੁਣੋਂ ਵੀ ਫੋਕਾ ਏ।
ਪੁੱਤਰ ਲੈ ਲੈ ਭੁੱਖੀ ਮਾਂ ਦਾ ਦਰ ਦਰ ਉੱਤੇ ਹੋਕਾ ਏ।
ਜੀਵਨ ਦਾ ਮੁੱਲ ਕਿਹੜਾ ਤਾਰੇ, ਅੱਜ ਕੀਮਤਾਂ ਵਾਲਿਓ!
ਓ ਖੇਤਾਂ ਵਾਲਿਓ!

ਅੱਜ ਫ਼ਿਰਕੇਦਾਰੀ ਮਾਣਸ ਖਾਣੀ, ਪਾੜੇ ਵੀਰੋ ਵੀਰ।
ਕਿਹੜਾ ਲਛਮਣ ਮਾਰੇ ਆ ਕੇ, ਸਰੂਪਨਖਾ ਦੇ ਤੀਰ।
ਧਰਮ ਅਤੇ ਸਰਮਾਇਆ ਇਕੋ, ਸੁਣ ਲੋ! ਸ਼ਰਧਾ ਵਾਲਿਓ!!
ਓ ਖੇਤਾਂ ਵਾਲਿਓ!

ਆ ਮਿਹਨਤ ਦੇ ਸਰਵਰ ਉਪਰੋਂ ਮੁੜਦੇ ਹੰਸ ਪਿਆਸੇ ਨੇ।
ਦੋ ਪਲ ਵੀ ਕੋਈ ਮਾਣ ਨਾ ਰੱਖਦਾ ਸਖਣੇ ਦਿਲ ਦੇ ਕਾਸੇ ਨੇ।
ਮਿਹਨਤ ਦਾ ਫਲ ਵਿਹਲੜ ਖਾਂਦੇ, ਸੁਣੋ ਮਿਹਨਤਾਂ ਵਾਲਿਓ!
ਓ ਖੇਤਾਂ ਵਾਲਿਓ! ਓ ਦੇਸ਼ਾਂ ਵਾਲਿਓ!!
ਸੂਰ ਤੁਹਾਡੀ ਖੇਤੀ ਚਰ ਗਏ, ਖੇਤਾਂ ਦੇ ਰਖਵਾਲਿਓ!
•



## ਲੋੜ

ਖ਼ੂਨ ਨੂੰ ਲਲਕਾਰ ਦੀ ਬਸ ਲੋੜ ਹੈ।
ਧੁਖਣ ਨੂੰ ਅੰਗਿਆਰ ਦੀ ਬੱਸ ਲੋੜ ਹੈ।

ਹੋਵੇ ਜੁਆਨ ਅਕਲ ਤੇ ਜਜ਼ਬੇ ਜੁਆਨ,
ਤਲਵਾਰ ਹੱਥ ਤਲਵਾਰ ਦੀ ਬੱਸ ਲੋੜ ਹੈ।

ਹੱਕ ਲਈ ਮਰਦੇ ਨੂੰ ਕਫ਼ਨ ਨਾ ਦਿਓ,
ਲੋਥ ਨੂੰ 'ਦਸਤਾਰ' ਦੀ ਬੱਸ ਲੋੜ ਹੈ।

ਲੋੜ ਨਾ ਜੁ ਸਹਿ ਸਕੇ ਫੁੱਲਾਂ ਦੀ ਮਾਰ,
ਰੂਹ 'ਚ ਆਏ ਯਾਰ ਦੀ ਬੱਸ ਲੋੜ ਹੈ।

ਪਰਖ ਆਪੇ ਹੀ ਕਿਨਾਰੇ ਕਰਨਗੇ,
ਬੇੜੀ ਨੂੰ ਪਤਵਾਰ ਦੀ ਬੱਸ ਲੋੜ ਹੈ।

ਬੜਾ ਪੀਤਾ ਕੰਡਿਆਂ ਫੁੱਲਾਂ ਦਾ ਖ਼ੂਨ,
ਖ਼ਾਰ ਨੂੰ ਹੁਣ ਖ਼ਾਰ ਦੀ ਬੱਸ ਲੋੜ ਹੈ।
•

## ਪੂਜਾ

ਮੈਂ ਦੇਵੀ ਤੇ ਦਿਉਤੇ ਅਤੇ ਮੜ੍ਹੀਆਂ ਨਾ ਪੂਜਾਂ।
ਵਤਨ ਦੇ ਪਿਆਰੇ ਸ਼ਹੀਦਾਂ ਨੂੰ ਪੂਜਾਂ।

ਦੁਨੀਆਂ ਦੇ ਸਾਰੇ ਪਾਖੰਡਾਂ ਨੂੰ ਛੱਡ ਕੇ,
ਮੈਂ ਕਿਰਤੀ ਦੇ ਉਜੜੇ ਨਸੀਬਾਂ ਨੂੰ ਪੂਜਾਂ।

ਅੱਖੀਆਂ ਦੀ ਦੁਨੀਆਂ ਦੇ ਦੀਵੇ ਬਣਾ ਕੇ,
ਤੇ ਛਾਤੀ ਦੀ ਥਾਲੀ ਦੇ ਅੰਦਰ ਟਿਕਾ ਕੇ।

ਪਰੋ ਕੇ ਮੈਂ ਸਾਹਾਂ ਦੇ ਫੁੱਲਾਂ ਦੀ ਮਾਲਾ,
ਵਤਨ ਦੇ ਪਿਆਰੇ ਮੁਰੀਦਾਂ ਨੂੰ ਪੂਜਾਂ।

ਕਿਸੇ ਦੀ ਅਮੀਰੀ ਦੀ ਖਿੱਚ ਨਹੀਂ ਹੈ ਮੈਨੂੰ,
ਅਮੀਰਾਂ ਦੇ ਪੱਲੇ ਨੂੰ ਛੋਂਹਦਾ ਨਹੀਂ ਹਾਂ।

ਜਿਨ੍ਹਾਂ ਦੇ ਆਸਰੇ ਇਹ ਦੁਨੀਆਂ ਖਲੋਤੀ।
ਮੈਂ ਕਿਰਤੀ, ਕਿਸਾਨਾਂ, ਗ਼ਰੀਬਾਂ ਨੂੰ ਪੂਜਾਂ।

ਵਤਨ ਦੀ ਸੇਵਾ 'ਚ ਸਰਸ਼ਾਰ ਹੋ ਕੇ,
ਜਿਨ੍ਹਾਂ ਨੇ ਜੁਆਨੀ, ਜੁਆਨੀ ਨਾ ਸਮਝੀ।

ਜਿਥੇ ਦੇਸ਼ ਵਾਸੀ ਸ਼ਹਾਦਤ ਸੀ ਪਾ ਗਏ,
'ਉਦਾਸੀ' ਮੈਂ ਉਨ੍ਹਾਂ ਦਲ੍ਹੀਜ਼ਾਂ ਨੂੰ ਪੂਜਾਂ।
•



## ਲੋਕ ਰੰਗ

ਅਸੀਂ ਜੜ੍ਹ ਨਾ ਜ਼ੁਲਮ ਦੀ ਛੱਡਣੀ ਤੇ ਸਾਡੀ ਭਾਵੇਂ ਜੜ੍ਹ ਨਾ ਰਹੇ।
ਲੋਕ ਵੇ! ਅੱਗ ਵਿਚ ਜਿੰਦੜੀ ਨੂੰ ਦੇਖਣਾ ਸ਼ੌਕ ਵੇ।

ਮਰ ਜਾਣ ਉਹ ਚੰਦਰੀਆਂ ਮਾਵਾਂ, ਜੀਹਨੇ ਸਾਮਰਾਜ ਜੰਮਿਆ।
ਹਾਲ ਨੀ! ਹੱਕ ਸੱਚ ਦਾ ਇਨਸਾਫ਼ ਦਾ ਪਾਇਆ ਕਾਲ ਨੀ।

ਗੱਲ ਰੋਟੀਆਂ ਦੀ ਜਦੋਂ ਵੀ ਚਲਾਈਏ, ਖਾਣ ਨੂੰ ਬਾਰੂਦ ਮਿਲਦਾ।
ਵੀਰਨੇ! ਤਾਹੀਓਂ ਅੱਜ ਸਾਮਰਾਜ ਦੇ ਪੈਂਦੇ ਕੀਰਨੇ।

ਹੱਕ ਮੰਗਦੇ ਵੀਰ ਹਨ, ਮਾਰੇ ਵੈਰੀਆਂ ਨੂੰ ਸਬਰ ਪਵੇ।
ਹਾਲ ਨੀ! ਇਹੋ ਜਿਹੇ ਤੂੰ ਭੂਮੀਏ ਨਾ ਜੰਮੀ ਲਾਲ ਨੀ।

ਤੇਰੇ ਬੱਚਿਆਂ ਨੇ ਜੇ ਸੀ ਭੁੱਖੇ ਮਰਨਾ ਤਾਂ ਤੇਰੀ ਏ ਆਜ਼ਾਦੀ ਕਾਸਦੀ।
ਭਾਰਤੇ! ਬਿਰਲੇ ਤੇ ਟਾਟਿਆਂ ਨੇ ਕਿਹੜਾ ਤਾਰ ਤੇ।

ਜਿਹੜੀ ਖ਼ੂਨ ਹੈ ਕਿਰਤ ਦਾ ਪੀਂਦੀ, ਤੋੜ ਦੇਣੀ ਤਨ ਦੇ ਉੱਤੋਂ।
ਜੋਕ ਵੇ! ਲੋਕੀਂ ਅੱਜ ਨਿਕਲ ਪਏ ਹਿੱਕਾਂ ਠੋਕ ਵੇ।
•

## ਦੁਨੀਆਂ ਭਰ ਦੇ ਕਾਮਿਓ

ਕਿਰਤ ਲੁਟਾਵਣ ਵਾਲਿਓ ਸਾਰੇ ਇਕ ਹੋ ਜਾਓ, ਇਕ ਹੋ ਜਾਓ!
ਜਿਸਮ ਤੁੜਾਵਣ ਵਾਲਿਓ ਸਾਰੇ ਇਕ ਹੋ ਜਾਓ, ਇਕ ਹੋ ਜਾਓ!!
ਅੱਗ ਧੁਖੇ ਜਦ ਕਾਂਗੋ ਵਿਚ ਤਾਂ, ਭਾਂਬੜ ਵੀਅਤਨਾਮ ਵਿਚ ਨਿਕਲੇ।
ਹੱਡ ਸੜਨ ਜਦ ਫ਼ਲਸਤੀਨਾਂ ਦੇ, ਰੋਹ ਕੰਬੋਡੀਆ ਅੰਦਰ ਬਿਫ਼ਰੇ।
ਮਰੇ ਜਦੋਂ ਅਮਰੀਕੀ ਕਾਮਾ, ਚੀਨੀ ਮਾਂ ਦੇ ਆਵਣ ਹੰਝੂ।
ਪਾਕਿਸਤਾਨੀ ਪੜ੍ਹੇ ਨਿਮਾਜ਼ਾਂ, ਸਜਦੇ ਕਰੇ ਤਿਲਕ ਤੇ ਜੰਝੂ।
ਪੂੰਜੀਪਤੀ ਦੀ ਪੂੰਜੀ ਅੰਦਰ, ਆਪਣਾ ਮਹਿੰਗਾ ਲਹੂ ਨਾ ਪਾਓ।
ਇਕ ਹੋ ਜਾਓ! ਇਹ ਹੋ ਜਾਓ!!

ਇੰਗਲੈਂਡ ਜਾਂ ਅਮਰੀਕਾ ਹੈ, ਸਾਮਰਾਜ ਦਾ ਇਕ ਖਾਸਾ।
ਕਰੇ ਕੁਤਕੁਤੀ ਭਾਰਤ ਅੰਦਰ, ਬੰਗਲਾਦੇਸ਼ 'ਚ ਪੁੱਜਦਾ ਹਾਸਾ।
ਧਰਤੀ ਮਾਂ ਦੀ ਹਿੱਕੜੀ ਉੱਤੇ, ਕਿਹੜਾ ਵਾਹੇਗਾ ਅੱਜ ਲੀਕਾਂ।
ਹੱਦਾਂ ਦੀ ਗੱਲ ਪੱਲੇ ਨਾ ਬੰਨ੍ਹੋ, ਸੁਣੋ ਓਦਰੇ ਦਿਲ ਦੀਆਂ ਚੀਕਾਂ।
ਜੰਨਤ ਦੇ ਲਾਰੇ ਦੇ ਉੱਤੇ, ਜ਼ਿੰਦਗੀ ਨੂੰ ਲਾਰਾ ਨਾ ਲਾਓ।
ਇਕ ਹੋ ਜਾਓ! ਇਕ ਹੋ ਜਾਓ!!

ਸਰਹੱਦਾਂ ਦੇ ਖ਼ਤਰੇ ਦੇ ਨਾਂ, ਆਪਣੀ ਨੀਤ ਲੁਕਾਈ ਜਾਂਦੀ।
ਤੈਨੂੰ ਕੁੱਕੜਾਂ ਵਾਂਗ ਲੜਾ ਕੇ, ਤੇਰੀ ਰੱਤ ਵਗਾਈ ਜਾਂਦੀ।
ਕੌਮੀਅਤ ਦੇ ਸੌੜੇ ਹਿੱਤ ਦੀ, ਤੈਨੂੰ ਜ਼ਹਿਰ ਪਿਲਾਈ ਜਾਂਦੀ।
ਤੇਰੇ ਕੈਦ ਲਹੂ ਦੀ ਤੈਥੋਂ ਹੋਲੀ ਹੈ ਖਿਡਵਾਈ ਜਾਂਦੀ।
ਕੌਣ ਤੁਹਾਡਾ ਕੌਣ ਪਰਾਇਆ, ਲਛਮਣ ਵਾਂਗੂੰ ਕਾਰ ਲਗਾਓ।
ਇਕ ਹੋ ਜਾਓ! ਇਕ ਹੋ ਜਾਓ!!



ਪੂੰਜੀਪਤੀ ਦੀ ਮਰਜ਼ੀ ਹੈ ਕਿ, ਤੂੰ ਲੜਦਾ ਰਹੇਂ, ਤੂੰ ਮਰਦਾ ਰਹੇਂ।
ਧਰਮ, ਕਾਨੂੰਨ, ਜਾਤ ਦਾ ਡੰਡਾ, ਤੂੰ ਚੁੱਕਦਾ ਰਹੇਂ, ਤੂੰ ਧਰਦਾ ਰਹੇਂ।
ਫ਼ੌਜ ਪੁਲਿਸ ਦੇ ਸਾਏ ਹੇਠਾਂ, ਰਹਿਣ ਉਸਰਦੇ ਮਹਿਲ ਮੁਨਾਰੇ।
ਰਹੇ ਕੜਕਦੀ ਬਿਜਲੀ ਬੇਸ਼ਕ, ਪਰ ਨਾ ਕੁਸਕਣ ਕੁੱਲੀਆਂ ਢਾਰੇ।
ਸਾਂਝਾ ਕਰੋ ਲਹੂ ਤੇ ਮੁੜ੍ਹਕਾ, ਤੇ ਲੋਹੇ ਦਾ ਪਹਿਰਾ ਲਾਓ।
ਇਕ ਹੋ ਜਾਓ! ਇਕ ਹੋ ਜਾਓ!!

ਜਿਸ ਇੱਜ਼ਤ 'ਤੇ ਤੂੰ ਹੱਥ ਚੁੱਕੇਂ, ਉਹ ਤੇਰੇ ਹੀ ਵੀਰ ਜਿਹੀ ਏ।
ਤੂੰ ਜਿਸ ਦੇ ਰਾਂਝਣ ਨੂੰ ਮਾਰੇਂ, ਉਹ ਤੇਰੀ ਹੀ ਹੀਰ ਜਿਹੀ ਏ।
ਤੂੰ ਰੋਟੀ ਤੋਂ ਆਤੁਰ ਹੋ ਕੇ, ਜਿਸ ਵੀਰੇ 'ਤੇ ਕੱਸੀ ਦੁਨਾਲੀ।
ਢਿੱਡ ਫੋਲ ਕੇ ਵੇਖੀਂ ਉਹਦਾ, ਉਹ ਵੀ ਹੈ ਰੋਟੀ ਤੋਂ ਖਾਲੀ।
ਆਪਣੇ ਤੋਂ ਬੰਦੂਕ ਦੀ ਨਾਲੀ, ਛੁਪੇ ਡਾਕੂਆਂ ਵੱਲ ਭੁਆਓ।
ਇਕ ਹੋ ਜਾਓ! ਇਕ ਹੋ ਜਾਓ!!

•

## ਸਾਡੀਆਂ ਮੰਜ਼ਲਾਂ

ਕਿਵੇਂ ਸਾਡੀ ਨਿਭਦੀ ਏ ਨਿੱਕਿਆਂ ਪੜਾਵਾਂ ਨਾਲ,
ਮੰਜ਼ਲਾਂ ਦੇ ਅਸੀਂ ਹਾਂ ਵਰੇ।
ਮੰਜ਼ਲਾਂ 'ਤੇ ਖੜ੍ਹੀ ਸਾਨੂੰ ਜ਼ਿੰਦਗੀ ਉਡੀਕਦੀ ਏ,
ਤੁਰੇ ਬਿਨਾਂ ਕੰਮ ਨਾ ਕਰੇ।

ਇਹਦੀਆਂ ਬਹਾਰਾਂ ਲਈ ਤਨ ਮਨ ਵਾਰਨੇ,
ਜ਼ਿੰਦਗੀ ਦੇ ਨਾਲ ਸਾਡੇ ਪੱਕੇ ਇਕਰਾਰ ਨੇ।
ਪੈਰ ਪੈਰ ਉੱਤੇ ਸਾਡੇ ਖ਼ਤਰੇ ਦੇ ਚਿੰਨ੍ਹ ਲੱਗੇ,
ਸਾਡੇ ਕੋਈ ਨਾਲ ਨਾ ਮਰੇ।
ਮੰਜ਼ਲਾਂ ਦੇ ਅਸੀਂ ਹਾਂ ਵਰੇ।

ਚਿੱਤ ਨੂੰ ਬਗ਼ਾਵਤਾਂ ਦਾ ਜਾਗ ਗਿਆ ਲੱਗ ਨੀ।
ਹੰਝੂਆਂ ਦੇ ਨਾਲ ਸਾਡੀ ਬੁੱਝਦੀ ਨਾ ਅੱਗ ਨੀ।
ਅੱਗ ਬਾਲ ਦਿਲ ਦੀ ਸੁਕਾਉਂਦੇ ਰਹੇ ਪਿਆਰ ਤਾਈਂ,
ਇਹਦੇ ਖੰਭ ਠਰੇ ਦੇ ਠਰੇ।
ਮੰਜ਼ਲਾਂ ਦੇ ਅਸੀਂ ਹਾਂ ਵਰੇ।

ਢਾਲ ਸਾਡੀ ਰੋਕ ਦੇਣਾ, ਸੱਧਰਾਂ ਦਾ ਖ਼ੂਨ ਏਂ।
ਹੱਕਾਂ ਲਈ ਸਾਡੇ ਸਿਰੀਂ, ਮੌਤ ਦਾ ਜਨੂੰਨ ਏਂ।
ਪੈਂਡੇ ਵਿਚ ਬਸ ਸਾਨੂੰ ਏਨੀਓਂ ਹੀ ਲੋੜ ਹੈਸੀ,
ਜਿੰਨੇ ਹੰਝੂ ਪੂੰਨ ਸਾਨੂੰ ਤੂੰ ਕਰੇ।
ਮੰਜ਼ਲਾਂ ਦੇ ਅਸੀਂ ਹਾਂ ਵਰੇ।
•



## ਲਲਕਾਰ

ਐ ਕਿਸਾਨੋ! ਕਿਰਤੀਓ!! ਕਿਰਤਾਂ ਲੁਟਾਵਣ ਵਾਲਿਓ।
ਅਣਦਿਸਦੇ, ਡੁੱਲ੍ਹਦੇ ਲਹੂ ਨੂੰ, ਠੱਲ੍ਹਾਂ ਲਗਾਵਣ ਵਾਲਿਓ।

ਵਤਨ ਨੂੰ ਹੁਣ ਫੇਰ ਖ਼ੂਨੀ, ਰੰਗਤਾਂ ਦੀ ਲੋੜ ਹੈ।
ਦਸਮੇਸ਼ ਦੀ ਤਲਵਾਰ ਨੂੰ, ਹੁਣ ਸੰਗਤਾਂ ਦੀ ਲੋੜ ਹੈ।

ਐ ਵਤਨ ਦੇ ਆਸ਼ਕੋ, ਮੰਜ਼ਲ ਬੜੀ ਦੂਰਾਂ ਦੀ ਹੈ।
ਹਰ ਕਦਮ 'ਤੇ ਫ਼ਾਂਸੀਆਂ, ਹੁਣ ਲੋੜ ਮਨਸੂਰਾਂ ਦੀ ਹੈ।

ਫ਼ਿਰਕਿਆਂ ਦਾ ਮਾਂਦਰੀ, ਅੱਜ ਫੇਰ ਟੂਣੇ ਕਰ ਰਿਹਾ।
ਅੱਜ ਕਿਰਤ ਦਾ ਦੇਵਤਾ, ਆਪੋ 'ਚ ਲੜ ਕੇ ਮਰ ਰਿਹਾ।

ਵਿਹਲੜਾਂ ਦਾ ਵੱਗ ਆ, ਸਾਡੀ ਅੰਗੂਰੀ ਕਿਉਂ ਚਰੇ।
ਨਫ਼ਰਤਾਂ ਦੇ ਸੇਕ ਨਾਲ, ਸਾਡਾ ਮੁੜ੍ਹਕਾ ਕਿਉਂ ਸੜੇ।

'ਰੌਣ' ਦੇ ਹੱਥੀਂ ਹੈ 'ਸੀਤਾ', ਫੇਰ ਪਕੜਾਈ ਗਈ।
ਆਤਮਾ ਦੀ ਲਾਸ਼ ਹੁਣ ਤਾਂ, ਫੇਰ ਦਫ਼ਨਾਈ ਗਈ।

'ਦਰੋਪਤੀ' 'ਦਰਯੋਧਨਾ' ਦਾ ਚਿੱਤ ਹੈ ਪਰਚਾ ਰਹੀ।
ਪਰ ਦੇਖਦੀ ਅਰਜਨ ਦੀ ਅੱਖ, ਅਣਡਿੱਠ ਕਰਦੀ ਜਾ ਰਹੀ।

ਹਾੜੀਆਂ ਤੇ ਸੌਣੀਆਂ ਦੀ, ਸਹੁੰ ਕਿਸਾਨੋ, ਕਾਮਿਓ।
ਗੈਂਤੀਆਂ ਤੇ ਤੇਸਿਆਂ ਦੀ, ਸਹੁੰ ਹੱਕਾਂ ਦੇ ਹਾਮੀਓ।

ਜੁੱਸਿਆਂ ਵਿਚ ਅਣਖ ਦਾ ਸਾਹ, ਭਰਨ ਦੀ ਬੱਸ ਲੋੜ ਹੈ।
ਤੇ ਤਾਣ ਸੀਨਾ ਜ਼ੁਲਮ ਅੱਗੇ, ਖੜ੍ਹਨ ਦੀ ਬੱਸ ਲੋੜ ਹੈ।

ਜ਼ੁਲਮ ਨਾ ਸਹਿਣਾ ਇਹ, ਸੱਚੇ ਰੱਦ ਦੀ ਹੈ ਬੰਦਗੀ।
ਤੇ ਸੱਚ ਲਈ ਮਰ ਕੇ ਹੈ, ਮਿਟ ਜਾਣਾ ਹੀ ਅਸਲੀ ਜ਼ਿੰਦਗੀ।
•

## ਸਰਕਾਰੀ ਸਾਹਿਤਕਾਰਾਂ ਦੇ ਨਾਂ

ਮੇਰੀ ਪਤਨੀ! ਮੈਂ ਅੱਗੇ ਖ਼ਤ ਹਜ਼ਾਰਾਂ, ਲਿਖੇ ਨੇ ਤੈਨੂੰ,
ਨਵੇਂ ਅੰਦਾਜ਼ ਦਾ ਖ਼ਤ ਐਤਕੀਂ, ਪਰ ਪਾਉਣ ਲੱਗਿਆ ਹਾਂ।

ਮੇਰੇ ਪਹਿਲੇ ਖ਼ਤਾਂ ਵਿਚ ਕੀਰਨੇ ਰੋਟੀ ਦੇ ਹੁੰਦੇ ਸੀ,
ਤੇ ਅੱਜ ਮੈਂ ਇਸ਼ਕ ਤੇਰੇ ਵਿਚ ਸਤਰਾਂ ਵਾਹੁਣ ਲੱਗਿਆ ਹਾਂ।

ਮੇਰੇ ਕੂਚੇ 'ਚ ਬੱਚੇ ਜਦ ਵੀ ਭੁੱਖੇ ਢਿੱਡ ਵਜਾਉਂਦੇ ਨੇ,
ਉਨ੍ਹਾਂ ਨੂੰ ਮਸਤੀਆਂ ਦੇ ਵਿਚ ਕਰਦੇ ਚੁਹਲ ਲਿਖਿਆ ਏ।

ਗੁਆਚੇ ਮਿੱਲਾਂ ਦੇ ਧੂੰਏਂ 'ਚ ਜਦ ਮਜ਼ਦੂਰ ਦਾ ਮੁੜ੍ਹਕਾ,
ਮੈਂ ਇਹਨੂੰ ਜ਼ੁਲਫ ਦੇ ਸੰਗ ਇਸ਼ਕ ਦਾ ਇਕ ਘੋਲ ਲਿਖਿਆ ਏ।

ਤੇ ਜਾਂਦਾ ਸਿਖਰ ਨੂੰ ਮੁੱਲ ਵੇਖ ਕੇ, ਬੱਚਿਆਂ ਦੀ ਰੋਟੀ ਦਾ,
ਮੈਂ ਲਿਖਿਐ ਚੀਜ਼ ਦਾ ਮੁੱਲ ਪੈਣ ਦਾ ਵੇਲਾ ਹੁਣ ਆਇਐ।

ਮੈਂ ਲੱਚਰ ਗੀਤ ਲਿਖਣ ਵਾਲੇ ਗੀਤਕਾਰ ਨੂੰ ਲਿਖਿਐ,
ਓ ਯਾਰਾ! ਦਿਲ ਦੀਆਂ ਬੱਸ ਕਹਿਣ ਦਾ ਵੇਲਾ ਹੁਣੇ ਆਇਐ।

ਜੁ ਵਾਲਾਂ ਤੇਰਿਆਂ ਤੋਂ ਪਤਲਾ ਜੀਵਨ ਜੀ ਰਹੇ ਲੋਕੀਂ,
ਮੇਰੀ ਪਤਨੀ ਮੈਂ ਇਹਨੂੰ ਸੁਰਗ ਦੀ ਤਸਵੀਰ ਦੱਸਿਆ ਏ।

ਤੇ ਬੇਵਸ ਹੁਸਨਾਂ ਨੂੰ ਜਾਮਾਂ 'ਚ ਪਾ ਕੇ ਡੀਕ ਲਾਵਣ ਨੂੰ,
ਵੀਹਵੀਂ ਸਦੀ ਦੇ ਰਾਂਝੇ ਦੀ ਮੈਂ ਤਕਦੀਰ ਦੱਸਿਆ ਏ।



ਮੈਂ ਧਰਮਾਂ ਦੇ ਉੱਤੇ ਪੜਚੋਲ ਨੂੰ ਮੰਨਿਆ ਏ ਮਨੁੱਖਤਾ,
ਤੇ ਪੈਸੇ ਨੂੰ ਧਨਾਢਾਂ ਦੀ ਰੱਬੀ ਤਕਦੀਰ ਲਿਖਿਆ ਏ।

ਜਦੋਂ ਮਜ਼ਦੂਰ ਹੱਕਾਂ ਲਈ ਨੇ ਤੁਰਦੇ ਰਾਹ ਬਗ਼ਾਵਤ ਦੇ,
ਇਹਨੂੰ ਜਜ਼ਬਾਤ ਵਿਚ ਭੜਕੀ ਹੋਈ ਮੰਡ੍ਹੀਰ ਲਿਖਿਆ ਏ।

ਤੇ ਤੱਕ ਕੇ ਕਾਰਖ਼ਾਨੇ, ਐਟਮਾਂ, ਤੋਪਾਂ ਤੇ ਟੈਂਕਾਂ ਦੇ,
ਮੇਰੀ ਕਵਿਤਾ ਨੇ ਇਹਨੂੰ ਸਨਅਤੀ ਇਨਕਲਾਬ ਦੱਸਿਆ ਏ।

ਜੀਹਦੇ ਸੱਧਰਾਂ ਦੇ ਹਾਣੀ ਦੀ, ਹੱਦਾਂ ਤੇ ਲੋਥ ਹੈ ਸੜਦੀ,
ਉਹਦੇ ਵੈਣਾਂ ਨੂੰ ਮੈਂ ਕੁਰਬਾਨੀਆਂ ਦਾ ਬਾਬ ਲਿਖਿਆ ਏ।

ਬਿਨਾਂ ਡੰਗੋਰੀਓਂ ਜੁ ਰੁਲੇ ਮਾਂ ਮੋਏ ਸਿਪਾਹੀ ਦੀ,
ਉਹਦੇ ਗਲ ਕਲਮ ਮੇਰੀ ਅੱਖਰਾਂ ਦਾ ਹਾਰ ਪਾਇਆ ਏ।

ਮੈਂ ਜ਼ੁਲਮਾਂ ਦੇ ਵਿਰੁੱਧ ਉਠੀਆਂ ਹੋਈਆਂ ਹੱਕੀ ਆਵਾਜ਼ਾਂ ਨੂੰ,
ਸੁਨੇਹਾ ਅਮਨ ਦਾ ਦਿੱਤਾ ਤੇ ਪੁਰਸਕਾਰ ਪਾਇਆ ਏ।

ਮੈਂ ਕਰਨੀ ਤਰਜਮਾਨੀ ਅੱਜ ਤੋਂ ਸਾਊਆਂ ਦੀ ਮਹਿਫ਼ਲ ਦੀ,
ਮੈਂ ਤਾਂ ਲਿਖਾਂਗਾ ਹੁਣ ਕਿਸੇ ਦੇ ਹਬੀਬ ਦੀ ਕਵਿਤਾ।

ਛਿੜੀ ਏ ਵਾਰ ਜਦ ਤੋਂ ਹੱਕ ਦੇ ਗੁਸਤਾਖ਼ ਗੀਤਾਂ ਦੀ,
ਮੈਂ ਤਾਹੀਓਂ ਲਿਖੀ ਏ ਅੱਜ ਕਲਾ ਤੇ ਤਹਿਜ਼ੀਬ ਦੀ ਕਵਿਤਾ।

•

## ਇਕ ਸ਼ਰਧਾਂਜਲੀ - ਇਕ ਲਲਕਾਰ

ਚੜ੍ਹਨ ਵਾਲਿਓ ਹੱਕਾਂ ਦੀ ਭੇਟ ਉੱਤੇ,
ਥੋਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਿਆਂ।

ਥੋੜੀ ਯਾਦ ਵਿਚ ਬੈਠ ਕੇ ਦੋ ਘੜੀਆਂ,
ਇਕ ਦੋ ਪਿਆਰ ਦੇ ਹੰਝੂ ਬਹਾਉਣ ਲੱਗਿਆਂ।

ਥੋਨੂੰ ਮਿਲੂ ਹੁੰਗਾਰਾ ਸੰਸਾਰ ਵਿਚੋਂ,
ਮੁੱਢ ਬੰਨ੍ਹਿਐਂ ਤੁਸੀਂ ਕਹਾਣੀਆਂ ਦਾ।

ਸਹੁੰ ਖਾਂਦੇ ਹਾਂ ਅਸੀਂ ਜੁਆਨੀਆਂ ਦੀ,
ਮੁੱਲ ਤਾਰਾਂਗੇ ਅਸੀਂ ਕੁਰਬਾਨੀਆਂ ਦਾ।

ਜਿਥੇ ਗਏ ਹੋ ਅਸੀਂ ਵੀ ਆਏ ਜਾਣੋ,
ਬਲਦੀ ਚਿਖ਼ਾ ਹੁਣ ਠੰਢੀ ਨ੍ਹੀਂ ਹੋਣ ਦੇਣੀ।

ਗਰਮ ਰੱਖਾਂਗੇ ਦੌਰ ਕੁਰਬਾਨੀਆਂ ਦਾ,
ਲਹਿਰ ਹੱਕਾਂ ਦੀ ਰੰਡੀ ਨ੍ਹੀਂ ਹੋਣ ਦੇਣੀ।

ਖੇਡਣ ਜਾਣਦੇ ਹੜ੍ਹਾਂ ਦੀ ਹਿੱਕ ਅੰਦਰ,
ਸਿਰੀ ਜ਼ੁਲਮ ਦੀ ਝੰਡੀ ਨੀ ਹੋਣ ਦੇਣੀ।

ਸਾਮਰਾਜ ਦੀ ਮੰਡੀ ਜੇ ਹਿੰਦ ਹੋਇਆ,
ਹੁਣ ਇਹ ਲੋਥਾਂ ਦੀ ਮੰਡੀ ਨ੍ਹੀਂ ਹੋਣ ਦੇਣੀ।

•



## ਗ਼ਜ਼ਲ

ਜ਼ਾਲਿਮ ਹੈ ਜਦ ਮਾਸੂਮ ਨੂੰ ਨੇਜ਼ੇ 'ਤੇ ਟੰਗਦਾ।
ਬਰਛਾ ਲਹੂ 'ਚੋਂ ਉਗਿਆ, ਜ਼ਾਲਿਮ ਨੂੰ ਡੰਗਦਾ।

ਹੋ ਕੇ ਪਰ੍ਹਾਂ ਤੂੰ ਜੰਗੀਆ, ਅਮਨਾਂ ਦੀ ਗੱਲ ਛੇੜ,
ਲੋਕੀਂ ਕਰਨਗੇ ਫ਼ੈਸਲਾ, ਤੇਰੇ ਪਖੰਡ ਦਾ।

ਮਿਲਦੀ ਕਲਮ ਦੇ ਨਾਲ ਜਾ, ਲੋਹੇ ਦੀ 'ਵਾਜ਼ ਆ,
ਚੜ੍ਹਦਾ ਨਸ਼ਾ ਗੋਬਿੰਦ ਦੀ ਚੰਡੀ ਦੇ ਚੰਡ ਦਾ।

ਮੇਰੇ ਤਾਂ ਕੋਲ ਫੇਰ ਵੀ, ਗੀਤਾਂ ਦਾ ਸੇਕ ਹੈ,
ਆਓ ਇਲਾਜ ਸੋਚੀਏ, ਲੋਕਾਂ ਦੀ ਠੰਢ ਦਾ।

ਹੱਕਾਂ ਲਈ ਹਾਂ ਵਰ ਰਹੇ, ਹੋਣੀ ਦੀ ਨਾਰ ਨੂੰ,
ਔਖਾ ਬੜਾ ਲੰਘਣਾ, ਜੀਵਨ ਦੇ ਰੰਡ ਦਾ।

•

## ਰੁਬਾਈ

ਹੋਇਆ ਕੀ, ਜੇ ਭਾਵ ਨਾ ਮੇਰੇ ਮੌਲਦੇ।
ਇਹ ਸਾਰੇ ਹੀ ਕਾਰਨ ਮੇਰੀ ਘੌਲਦੇ।
ਮਰਨ ਤੋਂ ਪਹਿਲਾਂ ਹੀ ਮਰ ਜਾਵਾਂਗਾ ਮੈਂ,
ਕਰ ਲਾਂ ਜੋ ਸਮਝੌਤਾ ਨਾਲ ਮਾਹੌਲ ਦੇ।
•



## ਗੀਤ

ਲੋਕਤਾ ਤੇ ਸਾਡੀਆਂ ਹੀ ਹਿੰਮਤਾਂ ਦਾ ਜੋੜ ਹੈ।
ਲੋਕਤਾ ਦੇ ਸਾਂਭਣੇ ਨੂੰ ਏਕਤਾ ਦੀ ਲੋੜ ਹੈ।

ਦੇਸ਼ ਮਾਂ ਦੀ ਹਿੱਕ 'ਤੇ ਜੋ ਕੌਮੀ ਫ਼ਿਰਕੇਦਾਰੀਆਂ।
ਸੁਆਰਥਾਂ ਨੇ ਕੀਤੀਆਂ ਜੋ ਵਤਨ 'ਤੇ ਗ਼ਦਾਰੀਆਂ।
ਨੱਚ ਰਿਹਾ ਜੋ ਦੇਸ਼ 'ਚ ਇਹ ਭੂਤ ਕੌਮੀ ਫੁੱਟ ਦਾ,
ਉਹਨੂੰ ਖਾਰੇ ਸਾਗਰਾਂ 'ਚ ਪਾਵਣੇ ਦੀ ਲੋੜ ਹੈ।

ਦੁਸ਼ਮਣਾਂ ਦਾ ਵੱਗ ਆ ਸਾਡੀ ਅੰਗੂਰੀ ਕਿਉਂ ਚਰੇ।
ਦੁਸ਼ਮਣਾਂ ਦੀ ਧੁੱਪ ਨਾਲ ਸਾਡੀ ਚੰਡੂਰੀ ਕਿਉਂ ਸੜੇ।
ਗ਼ੈਰ ਕਿਉਂ ਦੇਖੇ ਤਮਾਸ਼ਾ ਸਾਡੀ ਆਪੋ ਧਾਪ ਦਾ,
ਮੁਆਮਲੇ ਘਰ ਬੈਠਿਆਂ ਸੁਲਝਾਵਣੇ ਦੀ ਲੋੜ ਹੈ।

ਹੋ ਚੌਕੰਨਾ ਹਿੰਦੀਆ ਇਹ ਜੁਗ ਹੈ ਵਿਗਿਆਨ ਦਾ।
ਵੈਰੀ ਬਣਾਇਆ ਏਸ ਨੇ ਇਨਸਾਨ ਨੂੰ ਇਨਸਾਨ ਦਾ।
ਚਾਹੋ ਜੋ ਇਨਸਾਨ 'ਤੇ ਵਿਗਿਆਨ ਭਾਰੂ ਨਾ ਬਣੇ,
ਵਿਗਿਆਨ ਨੂੰ ਵਿਗਿਆਨ ਨਾਲ ਸੁਲਝਾਵਣੇ ਦੀ ਲੋੜ ਹੈ।

ਵਤਨ ਦੀ ਸਰਹੱਦ 'ਤੇ ਕਿਹੜਾ ਪਿਆ ਲਲਕਾਰਦਾ।
ਸੁੱਤਿਆਂ ਸ਼ੇਰਾਂ ਦੀ ਕਿਹੜਾ ਅਣਖ ਨੂੰ ਵੰਗਾਰਦਾ।
ਜੇ ਨਾ ਕੋਈ ਸਮਝਦਾ ਸਾਡੇ ਅਮਨ-ਆਦਰਸ਼ ਨੂੰ,
ਤੇਗ਼ ਫਿਰ ਪਹਿਲੇ ਤਰ੍ਹਾਂ ਚਮਕਾਵਣੇ ਦੀ ਲੋੜ ਹੈ।
•

## ਸਾਧ ਬੂਬਨਾ

ਛੇੜ ਕੇ ਭਰਿੰਡ ਰੰਗੀਆਂ, ਕਿੱਥੇ ਜਾਏਂਗਾ ਬੂਬਨਿਆ ਸਾਧਾ।
ਰਤਾ ਨਾ ਸ਼ਰਮ ਖਾਂਵਦਾ, ਗੱਲਾਂ ਗੱਲਾਂ ਵਿਚ ਕਰੀ ਜਾਵੇਂ ਵਾਧਾ।

ਤੇਰੇ ਜਿਹੇ ਸਾਧ ਬਣਦੇ, ਜਦੋਂ ਮੁਕਦੇ ਘੜੇ 'ਚੋਂ ਦਾਣੇ।
ਉਪਰੋਂ ਅਤੀਤ ਜਾਪਦੇ, ਪਰ ਅੱਗੇ ਪਿੱਛੇ ਰੋਂਦੇ ਨੇ ਨਿਆਣੇ।

ਉਨ੍ਹਾਂ ਨੇ ਕੀ ਜੋਗ ਪਾਵਣਾ, ਜਿਨ੍ਹਾਂ ਮੰਗ ਕੇ ਬਿਗਾਨਿਆਂ ਦਾ ਖਾਧਾ।
ਛੇੜ ਕੇ ਭਰਿੰਡ ਰੰਗੀਆਂ, ਕਿੱਥੇ ਜਾਏਂਗਾ ਬੂਬਨਿਆ ਸਾਧਾ।

ਜਾਂ ਤਾਂ ਰੱਬ ਮਿਲੇ ਉਨ੍ਹਾਂ ਨੂੰ, ਜਿਹੜੇ ਯਾਦਾਂ 'ਚ ਜਿਉਂਦੇ ਮਰ ਜਾਂਦੇ।
ਉਨ੍ਹਾਂ ਨੂੰ ਤਾਂ ਝੱਟ ਮਿਲਦਾ, ਜਿਹੜੇ ਸੇਵਾ ਹਨ ਲੋਕਾਂ ਦੀ ਕਮਾਂਦੇ।

ਤੂੰ ਤਾਂ ਕੋਈ ਠੱਗ ਗਾਲੜੀ, ਹੁੰਦਾ ਸਾਧ ਬਚਨ ਅਟਲਾਧਾ।
ਛੇੜ ਕੇ ਭਰਿੰਡ ਰੰਗੀਆਂ, ਕਿੱਥੇ ਜਾਏਂਗਾ ਬੂਬਨਿਆ ਸਾਧਾ।

ਮਾਲਾ ਵਿਚ ਕਰਾਮਾਤ ਨਾ, ਨਵੇਂ ਯੁੱਗ ਦੇ ਲੋਕ ਇਹ ਆਂਹਦੇ।
ਕਰਾਮਾਤ ਕਾਮਿਆਂ ਦੀ, ਜਿਹੜੇ ਮਿੱਟੀ ਵਿਚੋਂ ਸੋਨਾ ਨੇ ਉਗਾਂਦੇ।

ਜਿਨ੍ਹਾਂ ਨੂੰ ਏ ਝਾਕ ਰੱਬ ਦੀ, ਉਨ੍ਹਾਂ ਵੇਖਣਾ ਪਰਾਇਆਂ ਵੱਲ ਕਾਹਦਾ।
ਛੇੜ ਕੇ ਭਰਿੰਡ ਰੰਗੀਆਂ, ਕਿੱਥੇ ਜਾਏਂਗਾ ਬੂਬਨਿਆ ਸਾਧਾ।

ਖ਼ਾਕ ਦਰ ਖ਼ਾਕ ਹੋਏ ਤੋਂ ਬਿਨਾਂ, ਤਨ ਉੱਤੇ ਖ਼ਾਕ ਨਹੀਂ ਫੱਬਦੀ।
ਤੇਰੀ ਤਾਂ 'ਉਦਾਸੀ' ਵਿਚ ਵੇ, ਮੈਨੂੰ ਡਾਹਢੀ ਏ ਸ਼ਰਾਰਤ ਲਗਦੀ।

ਕਾਸੇ ਨੂੰ ਕੀ ਭੱਠ ਪਾਵਣਾ, ਜੀਹਦੇ ਵਿਚ ਨਾ ਲੋਕ-ਮਰਯਾਦਾ।
ਛੇੜ ਕੇ ਭਰਿੰਡ ਰੰਗੀਆਂ, ਕਿੱਥੇ ਜਾਏਂਗਾ ਬੂਬਨਿਆ ਸਾਧਾ।
•



## ਦੁਸਹਿਰਾ

ਵਹਿਮਾਂ, ਰਸਮਾਂ ਤੋਂ ਬਚੋ! ਹੱਥੀਂ ਤੀਲੀਆਂ ਨੂੰ ਚੁੱਕੋ,
ਏਸ ਯੁੱਗ ਦਿਆਂ ਰਾਵਣਾਂ ਦੀ ਹਿੱਕ ਸਾੜੀਏ।

ਐਵੇਂ ਕਾਗ਼ਜ਼ਾਂ ਦੇ ਰਾਵਣਾਂ ਨੂੰ ਸਾੜ ਕੀ ਬਣੇ।
ਤੀਰ ਤੀਲਾਂ ਦੇ ਕਮਾਨ ਵਿਚ ਚਾੜ੍ਹ ਕੀ ਬਣੇ।
ਕੋਈ ਉਠੇ ਹਨੂਮਾਨ, ਕਰੇ ਯੁੱਧ ਦਾ ਐਲਾਨ।
ਮੂਹਰੇ ਆਉਣ ਵਾਲੇ ਸਾਗਰਾਂ ਦੀ ਹਿੱਕ ਪਾੜੀਏ।
ਏਸ ਯੁੱਗ ਦਿਆਂ ਰਾਵਣਾਂ ਦੀ ਹਿੱਕ ਸਾੜੀਏ।

ਅੱਜ ਸੈਂਕੜੇ ਹੀ ਰਾਖਸ਼ਾਂ ਦੀ ਧਾੜ ਆ ਗਈ।
ਅੱਗ-ਬਰਛੀ ਵੀ ਜਾਤੀਆਂ ਨੂੰ ਸਾੜ ਆ ਗਈ।
ਅੱਜ ਮੇਘਨਾਥ ਹੱਸੇ, ਕੁੰਭਕਰਨ ਵੀ ਵੱਸੇ।
ਕਿਉਂ ਨਾ ਜਿਊਂਦਿਆਂ ਦੇ ਧੌਲਰਾਂ 'ਚ ਤੀਰ ਮਾਰੀਏ।
ਏਸ ਯੁੱਗ ਦਿਆਂ ਰਾਵਣਾਂ ਦੀ ਹਿੱਕ ਸਾੜੀਏ।

ਫੇਰ 'ਭੀਲਣੀ' ਤੇ 'ਰਾਮ' ਦਾ ਪਿਆਰ ਨਾ ਮੁੜੇ।
ਵਾਂਗ 'ਬਾਨਰਾਂ' ਦੇ ਕਿਰਤੀ ਕਿਸਾਨ ਜੇ ਜੁੜੇ।
ਮੁਕ ਜਾਣ 'ਬਣਵਾਸ', 'ਸੀਤਾ' ਰਹੇ ਨਾ 'ਉਦਾਸ',
ਅਸੀਂ ਵਰਾਂ ਤੇ ਸਰਾਪਾਂ ਦਾ ਅਹਿਦ ਪਾੜੀਏ।
ਏਸ ਯੁੱਗ ਦਿਆਂ ਰਾਵਣਾਂ ਦੀ ਹਿੱਕ ਸਾੜੀਏ।
•

## ਮਰਦਾਨੇ ਨੂੰ ਮਰਦਾਨਣ ਦਾ ਖ਼ਤ

ਅਜੇ ਹੋਇਆ ਨਾ ਨਜ਼ਾਰਾ ਤੇਰੇ ਦੀਦ ਦਾ।
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।
ਵੇ! ਉਹ ਧਨੀਆਂ ਦਾ ਪੁੱਤ, ਪੁੱਟ ਦੇਵੇ ਮੇਰੀ ਗੁੱਤ,
ਜੇ ਮੈਂ ਆਖਾਂ ਨਾਨਕ ਨੇ ਸਾਨੂੰ ਹੈ ਉਜਾੜਿਆ।
ਬੇਬੇ ਨਾਨਕੀ ਕੀ ਜਾਣੇ, ਮੈਂ ਤਾਂ ਐਵੇਂ ਉਹਦੇ ਭਾਣੇ,
ਭੁੱਖ ਦੁੱਖ ਦਾ ਉਲਾਂਭਾ ਉਹਦੇ ਸਿਰ ਚਾੜ੍ਹਿਆ।
ਦਿਲ ਤ੍ਰਿਪਤਾ ਦਾ ਨਹੀਂ ਵੇ ਪਸੀਜਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।

ਮਿਲੇ ਆਟਾ ਨਾ ਉਧਾਰ, ਬਾਬੇ ਕਾਲੂ ਦੇ ਦੁਆਰ।
ਕੀ ਮੈਂ ਦੱਸਾਂ ਉਹ ਹੈ ਆਖਰਾਂ ਦਾ ਸੂਮ ਵੇ।
ਕੱਢਾਂ ਜਦੋਂ ਮੈਂ ਭੜਾਸ, ਜਾ ਸੁਲੱਖਣੀ ਦੇ ਪਾਸ,
ਕਹਿੰਦੀ ਕਿਧਰੇ ਨ੍ਹੀਂ ਜਾਂਦਾ ਤੇਰਾ ਡੂੰਮ ਵੇ।
ਸਾਡਾ ਲਾਰਿਆਂ 'ਤੇ ਚਿੱਤ ਨਾ ਪਤੀਜਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।

ਭੁੱਖੀ ਮਾਤਾ ਅਧਮੋਈ, ਅੰਨ੍ਹੀ ਅੱਖੀਆਂ ਤੋਂ ਹੋਈ,
ਤੇਰੇ ਬਾਪ ਦਿਆਂ ਗੋਡਿਆਂ 'ਚ ਪੀੜ ਵੇ।
ਤੇਰੀ ਚੰਨੋ ਜਿੱਡੀ ਭੈਣ, ਮਤੇ ਬਿੱਜਾਂ ਉਹਨੂੰ ਪੈਣ,
ਅਜੇ ਹੋਇਆ ਨਾ ਜੁਆਨ ਤੇਰਾ ਵੀਰ ਵੇ।
ਪੈਸਾ ਰੂਪ ਨੂੰ ਹੈ ਅੱਜ ਵੇ ਖ਼ਰੀਦਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।



ਚੜ੍ਹੇ ਵਿਹੜੇ ਵਿਚ ਚੰਦ, ਲਖਮੀ ਤੇ ਸ੍ਰੀਚੰਦ,
ਜਦੋਂ ਹੁੰਦੇ ਨੇ ਸੁਲੱਖਣੀ ਦੇ ਕੋਲ ਵੇ।
ਤੂੰ ਕੀ ਜਾਣੇ ਅਨਜਾਣਾ, ਕੀ ਹੈ ਸੋਚਦਾ ਜ਼ਮਾਨਾ,
ਸੁੰਨੀ ਹੋਵੇ ਬਾਲ ਬਾਝੋਂ ਜਦੋਂ ਝੋਲ ਵੇ।
ਕਾਸਾ ਭਰਨਾ ਹੈ ਕਦੋਂ ਮੇਰੀ ਰੀਝ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।

ਡਿੱਗੇ ਬਾਪ ਹੱਥੋਂ ਸੋਟੀ, ਮੂੰਹ 'ਚ ਫੁੱਲ ਜਾਵੇ ਰੋਟੀ,
ਜਦੋਂ ਸੁਣੀਂਦਾ ਤੂੰ ਭੁੱਖਾ ਤੇ ਤਿਹਾਇਆ ਵੇ।
ਮੇਰੇ ਖੁੱਲ੍ਹ ਗਏ ਵਾਲ, ਜਾਣੀ ਆ ਗਿਆ ਭੁਚਾਲ,
ਜਦੋਂ ਸੁਣਿਆ ਤੂੰ ਕੌਡੇ ਹੱਥ ਆਇਆ ਵੇ।
ਟੁੱਟ ਜਾਣਾ ਸੀ ਪਿਆਲਾ ਵੇ ਉਮੀਦ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।

ਵੇਖ ਮੇਰੀ ਕੁਰਬਾਨੀ, ਭਾਵੇਂ ਕਿੰਨੀ ਭੁੱਖੀ ਭਾਣੀ,
ਪਰ ਵੱਧ ਹੈ ਸੁਲੱਖਣੀ ਤੋਂ ਜੇਰਾ ਵੇ।
ਇਹ ਹੈ ਵੱਡਿਆਂ ਦਾ ਯੁੱਗ, ਤੇਰੀ ਸਕਣੀ ਨਾ ਪੁੱਗ,
ਨਾਉਂ ਲੈਣਾ ਨਹੀਂ ਸ਼ਤਾਬਦੀ 'ਚ ਤੇਰਾ ਵੇ।
ਵੇ ਤੂੰ ਰਹੇਂਗਾ ਮੁਥਾਜ ਹਰ ਚੀਜ਼ ਦਾ,
ਅਸੀਂ ਮਸਾਂ ਹੈ ਲੰਘਾਇਆ ਚੰਨ ਈਦ ਦਾ।
•

## ਗੁਰੂ ਨਾਨਕ ਤੇ - ਅੱਜ

ਕਿਰਤ ਕਰੋ ਤੇ ਆਪੋ 'ਚ ਵੰਡ ਖਾਓ,
ਸਾਰੀ ਧਰਤ ਦੇ ਉੱਤੇ ਪ੍ਰਚਾਰਿਆ ਸੀ।

ਭੱਜਾ ਆਇਓਂ ਮਰਦਾਨੇ ਦੀ ਰੱਖਿਆ ਨੂੰ,
ਸੱਚੇ ਇਸ਼ਕ ਦਾ ਸਿਲਾ ਤੂੰ ਤਾਰਿਆ ਸੀ।

ਜਿਹੜਾ ਕਰੇ ਸੇਵਾ ਉਹੀ ਖਾਵੇ ਮੇਵਾ,
ਦੈਵੀ ਹੱਕਾਂ ਨੂੰ ਤੂੰ ਲਲਕਾਰਿਆ ਸੀ।

ਰਾਜੇ ਅਫਸਰਾਂ ਤੋਂ ਕਦੇ ਭਲਾ ਨਾ ਹੀ,
ਫਿਰਕੂ ਧਰਮ ਦਾ ਨਸ਼ਾ ਉਤਾਰਿਆ ਸੀ।

**-ਅੱਜ-**

ਮਜ਼੍ਹਬੀ ਕਾਂਗ ਹੈ ਹੜ੍ਹਾਂ ਦੇ ਵਾਂਗ ਆਈ,
ਸੱਚੇ ਧਰਮ ਨੂੰ ਜੀਹਨੇ ਹੈ ਰੋੜ੍ਹ ਦਿੱਤਾ।

ਮੁਸਲਿਮ, ਹਿੰਦੂ ਦੀ ਪਿਆਰ-ਗਲਵਕੜੀ ਨੂੰ,
ਸਾਮਰਾਜ ਨੇ ਫੁੱਟ ਪਾ, ਤੋੜ ਦਿੱਤਾ।

ਏਨੇ ਵਧੇ ਨੇ ਭੂਮੀਏ, ਮਾਲਕ, ਸੱਜਣ,
ਤੈਥੋਂ ਇਨ੍ਹਾਂ ਦੀ ਗਿਣਤੀ ਨ੍ਹੀਂ ਕਰੀ ਜਾਣੀ।

ਰਾਖੀ ਲਾਲੋ, ਮਰਦਾਨੇ ਦੀ ਕਰੇਂਗਾ ਕੀ,
ਆਪਣੀ ਮਾਲਾ ਦੀ ਰਾਖੀ ਨ੍ਹੀਂ ਕਰੀ ਜਾਣੀ।



ਜੇ ਤੂੰ ਕਹੇਂ ਸੰਗੀਤ ਦਾ ਪਾ ਜਾਦੂ,
ਜਿੱਤ ਲਏਂਗਾ ਤਿੱਥੇ, ਪਾਖੰਡੀਆਂ ਨੂੰ।

ਮਿਲਖਾਂ ਵਾਲੜੇ ਇਸੇ ਸੰਗੀਤ ਅੱਗੇ,
ਸ਼ਾਮੀਂ ਰੋਜ਼ ਨਚਾਂਵਦੇ ਰੰਡੀਆਂ ਨੂੰ।

ਇਥੇ ਕਲਾ ਤੇ ਕਿਰਤ ਦੀ ਪਏ ਲੋਟੀ,
ਬਾਣੀ ਸੁਣਨ ਤੋਂ ਲੋਕਾਂ ਜਵਾਬ ਦੇਣੈਂ।

ਤੂੰ ਵੀ ਮਹਿੰਗ ਦੀ ਤੰਗੀ ਤੋਂ ਤੰਗ ਆ ਕੇ,
ਰੋਟੀ ਲਈ ਅੱਜ ਵੇਚ ਰਬਾਬ ਦੇਣੈਂ।

ਸਾਦਾ ਯੁੱਗ ਤੇਰਾ, ਗੁੰਝਲਦਾਰ ਸਾਡਾ,
ਨਿਰਾ ਸਰਨਾ ਨ੍ਹੀਂ ਸਤਿ ਕਰਤਾਰ ਕਹਿ ਕੇ।

ਜੇਕਰ ਫੇਰ ਤੂੰ ਆਉਣਾ ਏ ਜੱਗ ਉੱਤੇ,
ਤਾਂ ਫਿਰ ਆਈਂ ਹੁਣ ਕੋਲ ਤਲਵਾਰ ਲੈ ਕੇ।

ਕਾਜ਼ੀ, ਪਾਦਰੀ, ਭਿਖਸ਼ੂ, ਭਾਈ, ਜੈਨੀ,
ਸੱਚੇ ਧਰਮ ਉੱਤੇ ਕਰੀ ਚੋਟ ਬਾਬਾ।

ਵੇਖ! ਅੱਜ ਕਿੰਨੇ ਇੱਜੜ ਵਿਹਲੜਾਂ ਦੇ,
ਤੇਰੇ ਲਾਲੋ ਦੇ ਚਰ ਗਏ ਮੋਠ ਬਾਬਾ।

ਕੀਹਨੂੰ ਕੀਹਨੂੰ ਸੁਧਾਰੇਂਗਾ ਦੱਸ ਆ ਕੇ,
ਲੰਮੇ ਪੈਂਡੇ ਨੇ ਤੈਨੂੰ ਘੁਰਕਾ ਦੇਣੈਂ।

ਹੋਕਾ ਸੱਚ ਦਾ ਦਿੱਤਾ, ਤੇ ਪੁਲਿਸ ਹੱਥੋਂ,
'ਨਕਸਲਵਾੜੀਆ' ਕਹਿ ਕੇ ਮਰਵਾ ਦੇਣੈਂ।

ਨਰਕ ਸੁਰਗ ਦੇ ਨਾਅਰੇ 'ਤੇ ਲੁੱਟਦੇ ਨੇ,
ਤੇਰੇ ਨਾਂ ਚੜ੍ਹਾਵੇ ਵੀ ਵੰਡਦੇ ਨੇ।

ਪਰ ਤੇਰੇ ਵਾਂਗ ਜੁ ਸੱਚ ਦਾ ਦਏ ਹੋਕਾ,
ਉਹਨੂੰ ਨਾਸਤਿਕ ਆਖ ਕੇ ਭੰਡਦੇ ਨੇ।

ਤੇਰੇ ਨਾਂ ਥੱਲੇ ਲੱਖਾਂ ਜ਼ੁਲਮ ਹੁੰਦੇ,
ਡੰਕੇ ਚੋਟ ਲਾ ਕੇ ਤੈਨੂੰ ਕਹਾਂਗਾ ਮੈਂ।

ਜੇ ਤੂੰ ਰੀਝੇਂਗਾ ਐਵੇਂ ਅਡੰਬਰਾਂ 'ਤੇ,
ਬਾਗ਼ੀ ਤੇਰੀ ਖ਼ੁਦਾਈ ਤੋਂ ਰਹਾਂਗਾ ਮੈਂ।

ਨਿਰਾ ਝੂਠ ਨਹੀਂ ਇਥੇ ਕੁਝ ਸੱਚ ਵੀ ਏ,
ਜਾਈਂ ਝੂਠ ਤੋਂ ਨਾ ਘਬਰਾ ਬਾਬਾ।

ਜਿਹੜੇ ਜੂਝਦੇ ਲਾਲੋ ਹਨ ਸੱਚ ਖ਼ਾਤਰ,
ਤੈਨੂੰ ਹੱਥਾਂ 'ਤੇ ਲੈਣਗੇ ਚਾਅ ਬਾਬਾ।

ਤੰਗ ਆਏ ਮਜ਼ਦੂਰ ਨੇ ਲੋਟੂਆਂ ਤੋਂ,
ਤੇਰੇ ਵਰਗੇ ਦੀ ਅਗਵਾਈ ਉਡੀਕਦੇ ਨੇ।

ਜੇਰਾ ਕੱਢੀਂ 'ਉਦਾਸੀ' ਤੂੰ ਪੰਜਵੀਂ ਨੂੰ,
ਤੈਨੂੰ ਲਾਲੋ ਦੇ ਭਾਈ ਉਡੀਕਦੇ ਨੇ।
•



## ਗੁਰੂ ਗੋਬਿੰਦ ਸਿੰਘ ਜੀ ਦਾ ਲੋਕਾਂ ਦੇ ਨਾਂ ਅੰਤਿਮ ਸੁਨੇਹਾ

ਵਤਨ ਦੇ ਆਸ਼ਕੋ! ਤੇ ਯੋਧਿਓ! ਜਾਂਬਾਜ਼ ਸਰਦਾਰੋ।
ਅਣਖਾਂ ਵਾਲਿਓ! ਕੁਰਬਾਨੀਆਂ ਦੇ ਅਲੰਬਰਦਾਰੋ।

ਮੈਂ ਲਾਹ ਕੇ ਫਰਜ਼ ਆਪਣੇ, ਅੰਤ ਰੁਖ਼ਸਤ ਲੈਣ ਲੱਗਿਆ ਹਾਂ।
ਤੇ ਰੁਖ਼ਸਤ ਲੈਣ ਤੋਂ ਪਹਿਲਾਂ, ਸੁਣੋ! ਕੁਝ ਕਹਿਣ ਲੱਗਿਆ ਹਾਂ।

ਜਦੋਂ ਮਜ਼ਦੂਰ ਦੇ ਹੱਕਾਂ 'ਤੇ ਕੋਈ ਹੱਥ ਉਠਦਾ ਏ,
ਜਦੋਂ ਵੀ ਕਾਂਗ ਚੜ੍ਹਦੀ ਏ, ਮਾਸੂਮਾਂ ਦੀ ਕਿਆਮਤ ਦੀ।

ਜਦੋਂ ਜ਼ੁਲਮਾਂ ਦੀ ਭੱਠੀ ਦੀ ਹੈ ਅਗਨੀ ਤੇਜ਼ ਹੋ ਜਾਂਦੀ,
ਤਦੋਂ ਵਿਸ਼ਵਾਸ ਹੋ ਜਾਂਦੈ ਇਹ ਆਮਦ ਹੈ ਬਗ਼ਾਵਤ ਦੀ।

ਜਦੋਂ ਹੈ ਦੌਰ ਚੱਲਦਾ ਦੀਨ ਤੇ ਫ਼ਿਰਕਾਪ੍ਰਸਤੀ ਦਾ,
ਜਦੋਂ ਵੀ ਲੋਕ-ਹਿੱਤ ਮਜ਼੍ਹਬਾਂ ਦੇ ਨਾਪੇ ਨਾਪਿਆ ਜਾਂਦਾ।

ਜਦੋਂ ਮਜ਼ਦੂਰ ਦੇ ਮੁੜ੍ਹਕੇ ਦਾ ਕੋਈ ਮੁੱਲ ਨਾ ਤਾਰੇ,
ਵਤਨ ਹੈ ਕੀਲਿਆ ਜਾਂਦਾ ਅਤੇ ਸਰਾਪਿਆ ਜਾਂਦਾ।

ਮੈਂ ਜਨਤਾ ਦੇ ਸਮੁੰਦਰ ਵਿਚ ਆਪਾ ਖ਼ੋਰ ਦਿੱਤਾ,
ਜ਼ੁਲਮ ਦੇ ਬਾਜ ਜਾ ਲੋਕਾਂ ਨੂੰ ਚਿੜੀਆਂ ਵਾਂਗ ਸੀ ਫੜਦੇ।

ਬੜਾ ਪ੍ਰਸੰਨ ਹਾਂ ਮੈਂ ਦੇਖ ਕੇ ਸਾਹਵੇਂ ਨਜ਼ਾਰੇ ਨੂੰ,
ਗਿੱਦੜ ਨੂੰ ਜਦ ਦੇਖਦਾ ਹਾਂ ਸ਼ੇਰ ਦੀ ਹਿੱਕ 'ਤੇ ਚੜ੍ਹਦੇ।

ਮੈਂ ਏਸੇ ਲਈ ਹੀ ਆਪਣੇ ਆਪ ਨੂੰ ਮੰਨਿਆ ਹੈ ਗੁਰ-ਚੇਲਾ,
ਕਿ ਰਿਸ਼ਤਾ ਜੱਗ ਤੋਂ ਮਾਲਕ ਤੇ ਸੇਵਾਦਾਰ ਦਾ ਮੁੱਕ ਜਾਵੇ।

ਮੈਂ ਏਸੇ ਲਈ ਗੜ੍ਹੀ ਚਮਕੌਰ ਦੀ ਵਿਚ ਜੰਗ ਲੜਿਆ ਸੀ।
ਕਿ ਕੱਚੇ ਕੋਠੜੇ ਮੂਹਰੇ ਮਹਿਲ ਮੀਨਾਰ ਝੁਕ ਜਾਏ।

ਤੇ ਜੇਕਰ ਤੁਸੀਂ ਮੈਨੂੰ ਆਪਣਾ ਸਰਦਾਰ ਮੰਨਿਆ ਸੀ,
ਤਾਂ ਮੈਂ ਫਿਰ ਮੁੱਲ ਵੀ ਸਰਦਾਰੀਆਂ ਦਾ ਤਾਰ ਚਲਿਆ ਹਾਂ।

ਮੈਂ ਦੇਵਣ ਲਈ ਉਦਾਹਰਣ ਜੱਗ ਦੇ ਕੌਮੀ ਨੇਤਾਵਾਂ ਨੂੰ,
ਲੋਕਾਂ ਤੋਂ ਵਾਰ ਪਹਿਲਾਂ ਆਪਣਾ ਪਰਿਵਾਰ ਚਲਿਆ ਹਾਂ।

ਮੇਰਾ ਮਕਸਦ ਤਾਂ ਸ਼ਖ਼ਸੀ-ਪੂਜਣਾ ਦੇ ਉਲਟ ਲੜਨਾ ਸੀ,
ਤੇ ਮਕਸਦ ਹੋਰ ਸੀ ਮੇਰਾ ਕਦੇ ਚੰਡੀ-ਰੀਝਾਵਣ ਦਾ।

ਮੈਂ ਆਪਣੇ ਪੁੱਤ ਨੂੰ ਪਾਣੀ ਦੀ ਨਾ ਸੀ ਬੂੰਦ ਵੀ ਦਿੱਤੀ,
ਤੇ ਮਕਸਦ ਹੋਰ ਹੀ ਸੀ ਪੀਰ ਤਾਂ ਉੱਚ ਕਹਾਵਣ ਦਾ।

ਲਹਿਜਾ ਹੋਰ ਹੁੰਦਾ ਏ ਨਿਰੇ ਮਿਸਰੀ ਦੇ ਪਾਣੀ ਵਿਚ,
ਤੇ ਮਕਸਦ ਹੋਰ ਹੁੰਦਾ ਸੀ ਮੇਰੇ ਅੰਮ੍ਰਿਤ ਛਕਾਵਣ ਦਾ।

ਰੰਘਰੇਟੇ ਆਖ ਕੇ ਕਿਰਤੀ ਦਾ ਮੈਂ ਸਤਿਕਾਰ ਕਰਦਾ ਹਾਂ,
ਇਨ੍ਹਾਂ ਨੇ ਦਰਸ਼ ਅੰਤਿਮ ਬਾਪ ਦਾ ਮੈਨੂੰ ਕਰਾਇਆ ਸੀ।

ਮੈਂ ਨਾਈਆਂ, ਛੀਂਬਿਆਂ, ਝਿਉਰਾਂ ਤੋਂ ਜ਼ੁਲਮੀਂ ਛੱਟ ਲਾਉਣੀ ਸੀ,
ਮੈਂ ਸਾਂਝਾ ਪੰਥ ਸਾਜਣ ਦਾ ਤਾਹੀਓਂ ਕੌਤਕ ਰਚਾਇਆ ਸੀ।

ਜੇ ਮੈਨੂੰ ਪਿਆਰ ਕਰਨਾ ਏ ਮੇਰੇ ਲੋਕਾਂ ਦਾ ਦਿਲ ਫੋਲੋ!
ਮੇਰਾ ਏਕੇ ਦਾ ਸੁਫ਼ਨਾ ਵੀ ਤਾਂ ਫਿਰ ਸਾਕਾਰ ਹੋ ਜਾਏ।

ਮੈਂ ਜਿਸ ਦੇ ਨਾਲ ਲਿਖਿਆ ਏ, ਖ਼ੂਨੀ ਇਤਿਹਾਸ ਦਾ ਵਰਕਾ।
ਮੇਰੀ ਕਲਮ ਮੇਰੀ ਕਵਿਤਾ ਦਾ, ਬੇੜਾ ਪਾਰ ਹੋ ਜਾਏ।

•



## ਔਰੰਗਜ਼ੇਬ ਦਾ ਖ਼ਤ
## ਦਸਮੇਸ਼ ਦਾ ਜਵਾਬ

ਖ਼ਤ ਤੇਰੇ ਵਾਚੇ ਗਏ, ਸੁਫ਼ਨੇ ਤੇਰੇ ਪਰਖੇ ਗਏ,
ਬਾਦਸ਼ਾਹੀ ਦੇ ਨਸ਼ੇ ਵਿਚ ਖ਼ਬਰ ਕੁਝ ਤੈਨੂੰ ਨਹੀਂ।

ਤੈਨੂੰ ਜੇਕਰ ਰਾਜ ਦਾ ਤੇ ਜ਼ੁਲਮ ਦਾ ਅਭਿਮਾਨ ਹੈ,
ਤਾਂ ਫਿਰ ਤੇਰੇ ਅਭਿਮਾਨ ਦੀ ਪ੍ਰਵਾਹ ਵੀ ਮੈਨੂੰ ਨਹੀਂ।

ਜ਼ਿੰਦਗੀ ਦੀ ਦੱਸ ਤੂੰ ਸੱਧਰ ਵੀ ਪਰਖੀ ਏ ਕਦੀ,
ਤੇ ਕਦੀ ਰਖਿਆ ਵੀ ਏ ਤੂੰ ਖ਼ੌਫ਼ ਅੱਲਾ ਪਾਕ ਦਾ।

ਤੈਂ ਕਤਲ ਕੀਤੇ ਜਦੋਂ ਗੱਦੀ ਲਈ ਭਾਈ ਤੇ ਬਾਪ,
ਖੁੱਲ੍ਹ ਗਿਆ ਸੀ ਪਾਜ ਉਦੋਂ ਹੀ ਤੇਰੇ ਇਖ਼ਲਾਕ ਦਾ।

ਤੂੰ ਅਮੀਰਾਂ ਦਾ ਸ਼ਹਿਨਸ਼ਾਹ ਏਂ, ਗ਼ਰੀਬਾਂ ਦਾ ਨਹੀਂ,
ਤੇ ਗ਼ਰੀਬਾਂ ਨਾਲ ਖਾ ਕੇ ਖ਼ਾਰ ਤੂੰ ਪਛਤਾਵੇਂਗਾ।

ਲਹੂ ਬੇਦੋਸ਼ ਲੋਕਾਂ ਦਾ ਤੇਰੇ ਨਾਪਾਕ ਹੱਥਾਂ 'ਤੇ,
ਯਾਦ ਰੱਖ! ਤੂੰ ਏਸ ਦੇ ਸੇਕ ਵਿਚ ਸੜ ਜਾਏਂਗਾ।

ਮੇਰੇ ਆਦਰਸ਼ ਤੋਂ ਮੈਨੂੰ ਜ਼ਰਾ ਥਿੜਕਾ ਨਹੀਂ ਸਕਦਾ,
ਵਿਛੋੜਾ ਬਾਪ, ਮਾਤਾ ਦਾ ਅਤੇ ਪੁੱਤਰਾਂ ਹਜ਼ਾਰਾਂ ਦਾ।

ਜੇ ਦੀਵਾ ਰਹਿ ਸਕੇ ਬਲਦਾ ਮਾਸੂਮਾਂ ਤੇ ਅਨਾਥਾਂ ਦਾ,
ਮੈਂ ਰੀਝਾਂ ਨਾਲ ਪਾਇਆ ਖ਼ੂਨ ਹੈ ਵਿਚ ਲਾਲ ਚਾਰਾਂ ਦਾ।

ਮੇਰੇ ਬੱਚਿਆਂ ਦਾ ਸਿਰ ਟੰਗਿਆ ਹੋਇਆ ਨੇਜ਼ੇ 'ਤੇ ਤੱਕ ਕੇ ਵੀ,
ਕਦੇ ਸੁਲ੍ਹਾ ਦੇ ਰਾਹੇ ਪੈਣ ਦਾ ਸੁਫ਼ਨਾ ਨਹੀਂ ਆਇਆ।

ਮੈਨੂੰ ਸੂਲਾਂ ਦੇ ਸੱਥਰ 'ਤੇ ਵੀ ਰੱਜਵੀਂ ਨੀਂਦ ਆਉਂਦੀ ਏ,
ਕਦੀ ਮਹਿਲਾਂ 'ਚ ਮੈਨੂੰ ਰਹਿਣ ਦਾ ਸੁਫ਼ਨਾ ਨਹੀਂ ਆਇਆ।

ਮੇਰੇ ਅੰਮ੍ਰਿਤ ਨੇ ਲੋਕਾਂ ਨੂੰ ਅਮਰ ਜਜ਼ਬਾ ਛਕਾਇਆ ਏ,
ਕਿ ਤੇਰੇ ਜ਼ੁਲਮ ਦੇ ਅੱਗੇ, ਰਿਆਇਆ ਝੁਕ ਨਹੀਂ ਸਕਦੀ।

ਮੈਂ ਐਸੀ ਲਾਟ ਜ਼ੁਲਮੀ ਝੱਖੜਾਂ ਵਿਚ ਬਾਲ ਚਲਿਆ ਹਾਂ,
ਕਿ ਜਿਹੜੀ ਬੁਝ ਨਹੀਂ ਸਕਦੀ ਤੇ ਜਿਹੜੀ ਝੁਕ ਨਹੀਂ ਸਕਦੀ।

ਲੁਕੋਵਣ ਖੰਭੜੀਆਂ ਹੇਠਾਂ, ਜੁ ਦੀਨਾਂ ਤੇ ਅਨਾਥਾਂ ਨੂੰ,
ਮੈਂ ਕੀਤੀ ਸਿਰਜਣਾ ਪ੍ਰਵਾਨਿਆਂ ਲੱਖਾਂ ਹਜ਼ਾਰਾਂ ਦੀ।

ਤੇ ਫ਼ਾਂਸੀਆਂ 'ਤੇ ਵੀ ਇਹ ਚੜ੍ਹਦੀਆਂ ਕਲਾਂ 'ਚ ਰਹਿਣਗੇ,
ਤੇ ਮੁੜ ਕੇ ਕਰਨਗੇ ਇਹ ਸਿਰਜਣਾ ਲੁੱਟੀਆਂ ਬਹਾਰਾਂ ਦੀ।
•



## ਅਮਾਨਤ (ਰੁਬਾਈ)

ਅਸੀਂ ਜ਼ਰਾ ਵੀ ਝਾਕ ਨਾ ਰੱਖਦੇ ਹੂਰਾਂ ਦੀ।
ਕਰੀ ਖ਼ੁਸ਼ਾਮਦ ਜਾਂਦੀ ਨਾ ਮਗ਼ਰੂਰਾਂ ਦੀ।
ਜੀਵਨ ਨੂੰ ਮੈਂ ਸਾਂਭ ਸਾਂਭ ਕੇ ਰੱਖਦਾ ਹਾਂ,
ਮੇਰੇ ਕੋਲ ਅਮਾਨਤ ਇਹ ਮਜ਼ਦੂਰਾਂ ਦੀ।
•

## ਮਾਤ-ਭਾਸ਼ਾ (ਰੁਬਾਈ)

ਤੂੰ ਲੋਰੀ ਦੀ ਉਂਗਲੀ ਲਾਇਆ,ਬਣ ਕੇ ਮੇਰੀ ਗੋਲੀ।
ਵਿਚ ਜੁਆਨੀ ਪਿਆਰ ਸਿਖਾਇਆ, ਬਣ ਮੇਰੀ ਹਮਜੋਲੀ।
ਅੱਜ ਮੈਂ ਤੇਰੇ ਗਲ ਦੇ ਵਿਚੋਂ ਮਸਾਂ ਲੁਹਾਈਆਂ ਲੀਰਾਂ,
ਪਹਿਨ ਮੇਰੇ ਗੀਤਾਂ ਦਾ ਰੇਸ਼ਮ, ਤੂੰ ਮੇਰੀ ਮਾਂ ਬੋਲੀ।

# ਸੈਨਤਾਂ (1976)



## ਆਰਤੀ

ਜੀਵੇ ਮੇਰਾ ਦੇਸ਼ ਪਿਆਰਾ!

ਜੀਵੇ ਇਹ ਗੀਤਾਂ ਦੀ ਧਰਤੀ, ਜੀਵੇ ਇਹ ਪ੍ਰੀਤਾਂ ਦੀ ਧਰਤੀ।
ਇਹ ਮੇਰੇ ਗੀਤਾਂ ਦਾ ਤਰਕਸ਼, ਇਹ ਮੇਰਾ ਰਣਜੀਤ ਨਗਾਰਾ।
ਜੀਵੇ ਮੇਰਾ ਦੇਸ਼ ਪਿਆਰਾ।

ਕਣਕ, ਬਾਜਰੇ, ਮੱਕੀਆਂ, ਝੋਨਾ, ਕਿਰਤ ਮੇਰੀ ਨੇ ਪੋਰਿਆ ਸੋਨਾ।
ਮੌਲ ਪਵੇ ਜਦ 'ਬਾਗੜ' ਸਾਰੀ, ਅੰਨ ਧਨ ਦਾ ਭਰੇ ਭੰਡਾਰ।
ਜੀਵੇ ਮੇਰਾ ਦੇਸ਼ ਪਿਆਰਾ।
ਇਹ ਸਾਉਣਾਂ ਨੂੰ ਜਦ ਭਰਮਾਵੇ, 'ਸੱਸੀ' ਨਾ ਤ੍ਰਿਹਾਈ ਜਾਵੇ।
ਭੰਗੜੇ ਜਦੋਂ 'ਪੰਜਾਬੀ' ਪਾਉਂਦੇ, ਰੂਹ ਮਿਰਜ਼ੇ ਦੀ ਕਰੇ ਉਤਾਰਾ।
ਜੀਵੇ ਮੇਰਾ ਦੇਸ਼ ਪਿਆਰਾ।

ਜਦ ਵੀ ਗੀਤ ਇਹਦਾ ਮੈਂ ਗਾਇਆ, 'ਸਤਿਲੁਜ' ਦਾ ਪਾਣੀ ਥੱਰਾਇਆ।
ਕਲਮ ਅਤੇ ਤਲਵਾਰ ਦੀ ਸ਼ਕਤੀ, ਦੱਸਦਾ ਹੈ ਗੋਬਿੰਦ ਪਿਆਰਾ।
ਜੀਵੇ ਮੇਰਾ ਦੇਸ਼ ਪਿਆਰਾ।

ਇਹ ਹੋਣਾ ਸੀ ਧੁੱਪ ਦਾ ਹਾਣੀ, ਹੁੰਦੀ ਜੇ ਨਾ ਏਥੇ ਵੰਡ-ਕਾਣੀ।
ਤਾਹੀਓਂ ਤਾਂ ਅੱਜ ਅਸੀਂ ਤੁਰੇ ਹਾਂ, 'ਇਸ' ਢਾਰੇ ਨੂੰ ਕਰਨ 'ਮੁਨਾਰਾ'।
ਜੀਵੇ ਮੇਰਾ ਦੇਸ਼ ਪਿਆਰਾ।

•

## ਗੀਤ
## (ਪੰਛੀਆ! ਨਵੀਂ ਉਡਾਰੀ ਮਾਰ)

ਨਵੀਂ ਉਡਾਰੀ ਮਾਰ ਪੰਛੀਆ! ਨਵੀਂ ਉਡਾਰੀ ਮਾਰ।

ਜਿਤਨੇ ਛੋਟੇ ਖੰਭ ਨੇ ਤੇਰੇ
ਉਤਨੇ ਤੇਰੇ ਪੰਧ ਲੰਮੇਰੇ
ਤੇਰਿਆਂ ਰਾਹਾਂ ਵਿਚ 'ਫੰਦਕ' ਨੇ, ਕੀਤਾ ਗ਼ਰਦ ਗ਼ੁਬਾਰ।
ਪੰਛੀਆ! ਨਵੀਂ ਉਡਾਰੀ ਮਾਰ।

ਜਿਸ ਟਾਹਣੀ 'ਤੇ ਵਾਸ ਹੈ ਤੇਰਾ।
ਉਸ ਟਾਹਣੀ ਦਾ ਹਾਲ ਮੰਦੇਰਾ।
ਤੇਰੇ ਉਡਣ ਤੋਂ ਪਹਿਲਾਂ ਕਿਧਰੇ, ਉਡ ਨਾ ਜਾਏ ਬਹਾਰ।
ਪੰਛੀਆ! ਨਵੀਂ ਉਡਾਰੀ ਮਾਰ।

ਛਣਕ ਛਣਕ ਲੰਘੀਆਂ ਹੱਥਕੜੀਆਂ।
ਐਪਰ ਤੂੰ ਰਮਜ਼ਾਂ ਨਾ ਪੜ੍ਹੀਆਂ।
ਤੇਰਿਆਂ 'ਬੋਟਾਂ' ਤਕ ਪਸਰਿਆ, ਹੈ ਲਗੜਾਂ ਦਾ ਵਾਰ।
ਪੰਛੀਆ! ਨਵੀਂ ਉਡਾਰੀ ਮਾਰ।

ਤੂੰ ਲੋਹੇ ਦੀ ਚੁੰਝ ਮੜ੍ਹਾ ਕੇ।
ਲਗਰ ਲਗਰ 'ਤੇ ਪਹਿਰਾ ਲਾ ਕੇ।
ਵਾਹਣਾਂ ਵਿਚ ਖਿਲਰੇ ਚੋਗੇ ਦਾ, ਬਣ ਜਾਂ ਪਹਿਰੇਦਾਰ।
ਪੰਛੀਆ! ਨਵੀਂ ਉਡਾਰੀ ਮਾਰ।

•



## ਗੀਤ
## (ਵਤਨ ਕਿ ਕੈਦਖ਼ਾਨਾ)

ਕਾਗ਼ਜ਼ਾਂ ਵਿਚ ਜਾਮ ਹੋਇਆ, ਕਿਰਤੀਆਂ ਦਾ ਮਿਹਨਤਾਨਾ।
ਇਸ ਤਰ੍ਹਾਂ ਜੰਗਾਲਿਆ ਹੈ, ਦਫ਼ਤਰਾਂ ਦਾ ਕਾਰਖ਼ਾਨਾ।

ਕਿਸੇ ਨੂੰ ਮਜ਼ਹਬਾਂ ਦੀ ਮਸਤੀ, ਕਿਸੇ ਨੂੰ ਕੁਰਸੀ ਦੀ ਲੋਰ।
ਕਿਸੇ ਨੂੰ ਧਨ ਦਾ ਨਸ਼ਾ,
ਇਹ ਦੇਸ਼ ਕਿ ਜਾਂ ਸ਼ਰਾਬਖ਼ਾਨਾ।

ਆ ਬਹੋ ਛਾਵੇਂ ਕਿ ਬਣੀਏ ਜ਼ਿੰਦਗੀ ਦੇ ਤਰਜਮਾਨ,
ਬਰਛਿਆਂ 'ਤੇ ਟੰਗਿਆ ਦਿਲ,
ਬਣ ਗਿਆ ਏ ਸ਼ਾਮਿਆਨਾ।

ਤੇਰੀਆਂ ਸੀਖ਼ਾਂ ਤੋਂ ਬਖ਼ਸ਼ਤਾ ਸਿਰੜ ਸਾਡਾ ਹੈ ਕਿਤੇ,
ਭਾਵੇਂ ਤੇਰੇ ਜਾਲ ਅੰਦਰ,
ਘਿਰ ਗਿਆ ਹੈ ਆਸ਼ਿਆਨਾ।

ਜੀਭ ਖੋਹਲੇ ਗਲ 'ਚ ਫਾਹਾ, ਹੱਥ ਉਠਾਓ ਹੱਥਕੜੀ ਹੈ।
ਇਹ ਵਤਨ ਮੇਰਾ ਹੈ ਕਿ ਜਾਂ
ਇਹ ਹੈ ਕੋਈ ਕੈਦਖ਼ਾਨਾ।

•

## ਡੋਲੀ

ਹੱਸ ਹੱਸ ਤੋਰ ਦੇ ਤੂੰ ਡੋਲੀ ਮੇਰੀ ਬਾਬਲਾ ਵੇ, ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ।
ਧਰਤੀ ਤਿਹਾਈ ਜਿਉਂ ਪਸੀਨਾ ਮੰਗੇ ਕਾਮਿਆਂ ਦਾ, ਮਾਂਗ ਮੇਰੀ ਮੰਗਦੀ ਸੰਧੂਰ।

ਸੁੱਤੇ ਸੁੱਤੇ ਪਏ ਦੀ ਤਾਂ ਨੀਂਦ ਤੇਰੀ ਟੁੱਟ ਜਾਂਦੀ, ਹੋਈ ਸੀ ਮੈਂ ਜਿੱਦੇਂ ਦੀ ਜੁਆਨ।
ਕਿਉਂ ਜੋ ਸਰਮਾਏਦਾਰੀ ਦੌਰ ਵਿਚ ਬੜਾ ਔਖਾ, ਸਾਂਭਣਾ ਵੇ ਧੀਆਂ ਨੂੰ ਈਮਾਨ।
ਡੱਕ ਨਾ ਨੀ ਮਾਏ ਸਾਨੂੰ ਸੁੱਚੀਆਂ ਸੁਗੰਧੀਆਂ ਨੂੰ, ਆਇਆ ਮੇਰੀ ਆਸ ਉਤੇ ਬੂਰ।
ਜਿਵੇਂ ਸਾਡਾ ਸਾਰਿਆਂ ਦਾ ਢਿੱਡ ਰੋਟੀ ਮੰਗਦਾ ਹੈ, ਮਾਂਗ ਮੇਰੀ ਮੰਗਦੀ ਸੰਧੂਰ।

ਸੱਚੀ ਸੁੱਚੀ ਚੁੰਨੀ ਤੇਰੀ ਸੁਣ ਮੇਰੀ ਅੰਮੀਏਂ ਨੀ, ਸਾਡਾ ਹੈ ਸੀ ਆਲ੍ਹਣਾ ਬਣੀ।
ਸਾਡੇ ਜਿੰਨਾ ਪਿਆਰ ਨੀ ਹੰਢਾ ਨਾ ਸਕੇ ਮਾਏ ਕੋਈ, ਹੋਵੇ ਭਾਵੇਂ ਲੱਖਾਂ ਦਾ ਧਨੀ।
ਡੱਕੋ ਨਾ ਵੇ ਵੀਰੋ ਸਾਡੀ ਡਾਰ ਵੇ ਉਡਾਰਨਾਂ ਦੀ, ਸਾਡੀਆਂ ਤੇ ਮੰਜ਼ਲਾਂ ਨੇ ਦੂਰ।
ਜਿਵੇਂ ਸਾਡਾ ਸਾਰਿਆਂ ਦਾ...

ਜੁੱਗ ਜੁੱਗ ਜੀਣ ਤੇਰੇ ਪੋਤਰੇ ਤੇ ਪੋਤਰੀਆਂ, ਖਿੜੀ ਰਹੇ ਵਿਹੜੇ ਦੀ ਬਹਾਰ।
ਪੂੰਜੀਪਤੀ ਜੁੱਗ ਵਿਚ ਫੁੱਲਾਂ ਤੋਂ ਵੀ ਹੌਲੀ ਕੁੜੀ, ਜਾਪਦੀ ਏ ਗੱਡੇ ਜਿੰਨਾ ਭਾਰ।
ਕੰਡਿਆਂ ਦੇ ਉਤੇ ਵੀ ਤਾਂ ਬਦੋ ਬਦੀ ਹੱਸੀ ਜਾਣਾ, ਫੁੱਲਾਂ ਦੇ ਹੈ ਚਿੱਤਾਂ ਦਾ ਗ਼ਰੂਰ।
ਜਿਵੇਂ ਸਾਡਾ ਸਾਰਿਆਂ ਦਾ...

ਇਕ ਤਲਵਾਰ ਮੇਰੀ ਡੋਲੀ ਵਿਚ ਰੱਖ ਦਿਓ, ਹੋਰ ਵੀਰੋ ਦਿਓ ਨਾ ਵੇ ਦਾਜ।
ਸਾਡੇ ਵੱਲ ਕੈਰੀ ਅੱਖ ਝਾਕ ਨਾ ਵੇ ਸਕੇ, ਸਾਡਾ ਰਸਮੀ ਤੇ ਵਹਿਮੀ ਇਹ ਸਮਾਜ।
ਰਾਹਾਂ ਵਿਚ ਪਿੰਡ ਦਿਆਂ ਲੰਬੜਾਂ ਨੇ ਘਾਤ ਲਾਈ, ਜੁਰਮਾਂ ਦਾ ਜਿਨ੍ਹਾਂ ਨੂੰ ਗ਼ਰੂਰ।
ਜਿਵੇਂ ਸਾਡਾ ਸਾਰਿਆਂ ਦਾ ਢਿੱਡ ਰੋਟੀ ਮੰਗਦਾ ਹੈ, ਮਾਂਗ ਮੇਰੀ ਮੰਗਦੀ ਸੰਧੂਰ।
•



## ਵਰ ਕਿ ਸਰਾਪ?

ਮੇਰੇ ਰੱਬਾ ਜੇ ਮੇਰੇ 'ਤੇ ਮਿਹਰ ਕਰਦਾ,
ਘਰੇ ਕਿਰਤੀ ਦੇ ਦਿੰਦਾ ਨਾ ਜਨਮ ਮੈਨੂੰ।

ਇਹ ਵੀ ਗ਼ਲਤੀ ਜੇ ਭੁੱਲ ਕੇ ਹੋ ਗਈ ਸੀ,
ਕਾਹਨੂੰ ਦਿੱਤੀ ਸੀ ਕਵਿਤਾ ਤੇ ਕਲਮ ਮੈਨੂੰ।

'ਕੱਲੀ ਕਲਮ ਜੇ ਹੁੰਦੀ ਤਾਂ ਸਾਰ ਲੈਂਦਾ,
(ਪਰ) ਮੱਲੋ ਮੱਲੀ ਤੂੰ ਅਣਖ ਤੇ ਲਾਜ ਦਿੱਤੀ।

ਤੈਨੂੰ ਕਾਵਾਂ ਨੇ ਕਿਹਾ ਜ਼ਰੂਰ ਹੋਣੈ,
ਖ਼ਬਰੇ ਕੋਇਲ ਦੀ ਤਾਂਹੀਓਂ ਆਵਾਜ਼ ਦਿੱਤੀ।

ਸੱਚ, ਨਿਮਰਤਾ, ਭੁੱਖ ਤੇ ਦੁੱਖ ਦਿੱਤਾ,
ਦਾਤਾਂ ਵਿਚ ਜੋ ਤੂੰ ਦਾਤਾਰ ਦਿੱਤਾ।

ਤੇਰੀ ਉਦੋਂ ਸ਼ੈਤਾਨੀ ਦਾ ਪਤਾ ਲੱਗੈ,
ਜਦੋਂ ਵਿਚੇ ਤੂੰ ਲੋਕਾਂ ਦਾ ਪਿਆਰ ਦਿੱਤਾ।

ਲੋਕ ਪਿਆਰ ਦੀ ਗੁਥਲੀ ਜੇ ਖੋਲ੍ਹਦਾ ਨਾ,
ਕਵਿਤਾ ਕਰਦੀ ਨਾ ਕਦੇ ਖ਼ੁਆਰ ਮੈਨੂੰ।

ਨਾਲੇ ਪਿੰਡ ਦੇ ਚੌਧਰੀ ਖੁਸ਼ ਰਹਿੰਦੇ,
ਕੀ ਕਹਿਣਾ ਸੀ ਨਾਲੇ ਸਰਕਾਰ ਮੈਨੂੰ।

ਤਿੰਨ ਬਾਂਦਰਾਂ ’ਤੇ ਮਹਾਂਕਾਵਿ ਲਿਖ ਕੇ,
ਹੁਣ ਨੂੰ ਕੋਈ ਕਿਤਾਬ ਛਪਾਈ ਹੁੰਦੀ।

ਜਿਹੜੀ ਆਪ ਵਿਕਦੀ ਆਪੇ ਵੇਚ ਲੈਂਦੇ,
ਰਹਿੰਦੀ ਵਿਚ ਸਕੂਲਾਂ ਲਗਵਾਈ ਹੁੰਦੀ।

ਪੱਠੇ ਬਲਦਾਂ ਨੂੰ ਜਦ ਕੋਈ ਕੁੜੀ ਪਾਉਂਦੀ,
ਤਵਾ ਸਾਡਾ ਸਪੀਕਰ ’ਤੇ ਲੱਗ ਜਾਂਦਾ।

ਟੈਲੀਵਿਜ਼ਨ ’ਤੇ ਕਿਸੇ ਮੁਟਿਆਰ ਦੇ ਸੰਗ,
ਸਾਡੇ ਗਾਉਣ ਦਾ ਸਮਾਂ ਵੀ ਬੱਝ ਜਾਂਦਾ।

ਲੰਡਨ ਵਿਚ ਵਿਸਾਖੀ ਦੀ ਸਾਈ ਹੁੰਦੀ,
ਪੈਰ ਧੋਣੇ ਸੀ ਸਾਡੇ ਧਨਵੰਤੀਆਂ ਨੇ।

ਗੱਫ਼ਾ ਦੇਗ ਦਾ ਪੰਜਾਂ ਪਿਆਰਿਆਂ ’ਚੋਂ,
ਸਾਨੂੰ ਪਹਿਲਾਂ ਸੀ ਦੇਣਾ ਗ੍ਰੰਥੀਆਂ ਨੇ।

ਸਾਡੀ ਲੰਡਨ ਦੀ ਟਿਕਟ ਦੇ ਨਾਲ ਨੱਥੀ,
ਸਾਡੀ ਪਤਨੀ ਦਾ ਟਿਕਟ ਵੀ ‘ਬਾਈਂਡ’ ਹੁੰਦਾ।

ਕੱਚੇ ਕੋਠੇ ਵਿਚ ਬਾਕੀ ਤਾਂ ਜੰਮ ਲਏ ਸੀ,
ਇਕ ਬੱਚਾ ਤਾਂ ‘ਮੇਡ ਇਨ ਇੰਗਲੈਂਡ’ ਹੁੰਦਾ!

ਮੇਰੇ ਜਿੰਨੀ ਸੀ ਵਿਹੜੇ ਨੂੰ ਅਕਲ ਕਿੱਥੇ?
ਗੱਲ ਗੱਲ ’ਤੇ ਸਾਡੀ ਅਗਵਾਈ ਹੁੰਦੀ।



ਤੜਕੇ ਕੀਹਦੇ ਹੈ ਘਰੇ ਹਨ੍ਹੇਰ ਪਾਉਣਾ,
ਨਾਲ ਪੁਲੀਸ ਦੇ ਸੀਟੀ ਮਿਲਾਈ ਹੁੰਦੀ।

ਘਰੇ ਆਪਣੀ ਨਹੀਂ ਤਾਂ ਕਿਸੇ ਦੀ ਹੀ,
ਕਾਰ ਕਦੇ ਕਦਾਈਂ ਤਾਂ ਖੜ੍ਹੀ ਰਹਿੰਦੀ।

ਨਾਲੇ ਵਿਹੜੇ ਦੀਆਂ ਭੰਗਣਾਂ ਸ਼ੀਰਨਾਂ ਵਿਚ,
ਸਾਡੀ ਤੀਵੀਂ ਦੀ ਗੁੱਡੀ ਵੀ ਚੜ੍ਹੀ ਰਹਿੰਦੀ।

ਲੋਕ ਪਿਆਰ ਦਾ ਕੇਹਾ ਤੈਂ ਵਰ ਦਿੱਤਾ,
ਕਿ ਸਾਡੇ ਲੱਗੀ ਸਰਾਪਾਂ ਦੀ ਝੜੀ ਰਹਿੰਦੀ।

ਲੈ ਕੇ ਕੱਫ਼ਣ ਸਿਰਾਹਣੇ ਹਾਂ ਨਿੱਤ ਸੌਂਦੇ,
ਚੱਤੋ ਪਹਿਰ ਦਿਮਾਗ਼ ਵਿਚ ਮੜ੍ਹੀ ਰਹਿੰਦੀ।

•

## ਗੀਤ
## (ਮੇਰਿਓ ਲੋਕੋ)

ਮੇਰਿਓ ਲੋਕੋ! ਵੇ ਇਕ ਗੱਲ ਦਾ, ਮੈਨੂੰ ਤੁਰੰਤ ਜਵਾਬ ਦਿਓ।
ਅੱਜ ਤਕ ਨੁੱਚੜੇ ਸੁਰਖ਼ ਲਹੂ ਦਾ, ਨਹੀਂ ਤਾਂ ਤੁਰੰਤ ਜਵਾਬ ਦਿਓ।

ਚੁਗੇ ਹੋਏ ਟੀਂਡੇ ਦੇ ਵਾਂਗੂੰ ਕਿਉਂ ਸੱਖਣਾ ਹੱਥ ਚੋਗੀ ਦਾ?
ਉੱਚਾ ਸੀਸ ਬਿਆੜ ਦੇ ਵਾਂਗੂੰ ਕਿਉਂ ਟਕਿਆਂ ਦੇ ਲੋਭੀ ਦਾ?
ਇਹ ਇਤਿਹਾਸ ਹੈ ਬਹੁਤ ਨਘੋਚੀ, ਪਰਖ ਪਰਖ ਕੇ ਬਾਬ ਦਿਓ।
ਅੱਜ ਤਕ ਨੁੱਚੜੇ...

ਸੱਧਰਾਂ ਦੀ ਅੱਗ ਸੇਕ ਸੇਕ ਕੇ, ਲੋਕੋ ਵੇ ਕਿਉਂ ਠਰਗੇ ਹੋ?
ਕਿੱਲਿਆਂ ਨਾਲ ਬੱਝੇ ਹਨ 'ਕੁੱਤੇ' ਲੋਕੋ ਵੇ ਕਿਉਂ ਡਰਗੇ ਹੋ?
ਮੇਰੀ ਬੇਸ਼ੱਕ ਨੀਂਦਰ ਖੋਹ ਲਓ, ਪਰ ਤੜਕੇ ਦਾ ਖ਼ਾਬ ਦਿਓ।
ਅੱਜ ਤਕ ਨੁੱਚੜੇ...

ਸਾਣ ਲੱਗੀ ਸੰਗੀਨ ਦੇ ਮੂਹਰੇ, ਅਰਥ ਕੀ ਤਣਿਆਂ ਮੁੱਕਿਆਂ ਦਾ?
ਤੁਸੀਂ ਨਹੀਂ ਜੇ ਜੰਗਲ ਲੱਖੀ ਦਾ, ਅਰਥ ਕੀ ਸਿੰਘਾਂ ਲੁਕਿਆਂ ਦਾ?
ਬੇਸ਼ੱਕ ਕਿਲਾ ਅਨੰਦਪੁਰ ਛੱਡਿਆ, (ਪਰ) ਖ਼ਤਰਾਣੇ ਦੀ ਢਾਬ ਦਿਓ।
ਅੱਜ ਤਕ ਨੁੱਚੜੇ...

'ਗੋਰੇ' ਰੰਗ ਨੇ 'ਕਾਲਾ' ਕੀਤਾ, ਦਿਲ ਦੋ ਸਕੇ ਭਰਾਵਾਂ ਦਾ?
ਕਾਂਜੀ ਦੀ ਛਿੱਟ ਸਹਿ ਨਾ ਸਕਿਆ, ਦੁੱਧ ਕਿਉਂ ਪੰਜ ਦਰਿਆਵਾਂ ਦਾ?
ਇਉਂ ਵਿਛੜੇ ਜਿਉਂ ਫਿਰ ਮਿਲਣਾ ਨਹੀਂ, ਪਰ ਮਿਲਣੀ ਦਾ ਖ਼ਾਬ ਦਿਓ।
ਅੱਜ ਤਕ ਨੁੱਚੜੇ ਸੁਰਖ਼ ਲਹੂ ਦਾ, ਨਹੀਂ ਤਾਂ ਤੁਰੰਤ ਹਿਸਾਬ ਦਿਓ।

•



## ਮਾਂ ਵਰਗੀ ਭਰਜਾਈ

ਲੱਖਾਂ ਐਬੀਆਂ ਦਾ ਐਬੀ, ਤੇ ਚੰਡਾਲਾਂ ਦਾ ਚੰਡਾਲ।
ਤੂੰ ਹੀ ਭਾਬੀਏ ਨਿਭਾਈ, ਮੇਰੇ ਵੈਲੀ ਵੀਰ ਨਾਲ।
ਸਾਨੂੰ ਕਦੇ ਵੀ ਨਾ ਆਇਆ, ਮੋਈ ਮਾਂ ਦਾ ਖਿਆਲ।

ਨਿੱਤ ਵੀਰ ਨਾਲ ਪੀਵੇ, ਜ਼ੈਲਦਾਰਾਂ ਦਾ ਜੋ ਲੱਖਾ।
ਊਂ ਤਾਂ ਵੀਰ ਦਾ ਹੈ 'ਪਾਗੀ' ਤੈਨੂੰ ਵੇਖਦਾ ਕੁਨੱਖਾ।
ਪਤਾ ਨਹੀਂ ਝੇਪ ਕਾਹਦੀ, ਵੀਰਾ ਸਮਝੇ ਨਾ ਚਾਲ।

ਕੱਲ੍ਹ ਐਵੇਂ ਇਕ ਰਾਹੀ, ਲੈਗੇ ਫੜ ਕੇ ਸਿਪਾਹੀ।
ਜ਼ੈਲਦਾਰ ਕਹੇ ਦਿੱਤੀ ਇਹਨੇ ਗੱਡ ਕੇ ਗਵਾਹੀ।
ਅਖੇ ਇਹਦਾ ਹੈ ਸਬੰਧ ਇਨਕਲਾਬੀਆਂ ਦੇ ਨਾਲ।

ਇਹਨੇ ਵੈਰ ਨੇ ਸਹੇੜੇ, ਰਾਤੀਂ ਕੰਮੀਆਂ ਦੇ ਵਿਹੜੇ।
ਚੰਗਾ ਹੋਇਆ ਜਿਹੜੇ ਖਾਧੇ, ਇਹਨੇ 'ਭਾਨੋ' ਤੋਂ ਲਫੇੜੇ।
ਇਹਦੇ ਯਾਰ ਨੇ ਭੱਜਣ ਵਾਲੀ ਕਰਤੀ ਕਮਾਲ।

ਕਰਨ ਇੱਜ਼ਤਾਂ ਦਾ ਸਾਮਾਂ, ਜਦੋਂ ਹੋਇਆ ਸੀ ਡਰਾਮਾ।
ਤੂੰ ਤਾਂ 'ਕੱਲੀ ਨ੍ਹੀਂ ਸੀ ਗਈ, ਗਈਆਂ ਹੋਰ ਵੀ ਸੀ ਮਾਵਾਂ।
ਜ਼ੈਲਦਾਰਨੀ ਸਿਖਾਇਆ ਤਾਹੀਓਂ ਪੁੱਟੇ ਤੇਰੇ ਵਾਲ।

ਚੜ੍ਹ ਲੱਖੇ ਦੇ ਜੇ ਢਹੇ, ਉਹ ਤਾਂ ਰੋਜ਼ ਤੈਨੂੰ ਕਹੇ।
ਮੈਂ ਤਾਂ ਦਿਨ 'ਚ ਲਿਆ ਦੂੰ, ਚਾਲੀ ਡੁੰਨ ਤੇਰੇ ਜਿਹੇ।
ਉਹਨੂੰ ਭੋਰਾ ਮੋਹ ਨਾ ਆਵੇ, ਵੇਖ ਹੀਰੇ ਜਿਹਾ ਬਾਲ।

ਕੋਲੇ ਖੜ੍ਹ ਕੇ ਕੁਟਾਵੇ, ਪਿੱਛੋਂ ਫਿਰਦੈ ਮਨਾਉਂਦਾ।
ਤੈਨੂੰ ਮੋਹਣ ਲਈ ਲੱਖਾ, ਸੌ ਸੌ ਖੇਖਨੇ ਦਖਾਉਂਦਾ।
ਉਹ ਤਾਂ ਉੱਲੂ ਸਿੱਧਾ ਕਰਨ ਲਈ, ਲਾਉਂਦਾ ਰਹਿੰਦਾ ਫਾਲ।

ਮੈਂ ਤਾਂ ਕਿਹੜੀ ਕਿਹੜੀ ਸੁਣਾਂ, ਕੀ ਏ ਉਹਦਾ ਵੈਲੀਪੁਣਾ।
ਤੇਰੇ ਪਿੰਜਰੇ ਨੂੰ ਲੱਗਿਆ ਏ, ਇਹ ਵੀ ਇਕ ਘੁਣਾ।
ਪੰਜਾਂ ਕਿੱਲਿਆਂ ਤੋਂ ਰਹਿਗੀ, ਪੈਲੀ ਸੱਤੇ ਹੀ ਕਨਾਲ।

ਮੈਂ ਤਾਂ ਜਾਣ ਇਕਲਾਪਾ, ਸੀ ਬਣਾਇਆ ਇਹਨੂੰ ਭਾਪਾ।
ਮੈਥੋਂ ਸਿਹਾ ਨਹੀਂ ਜਾਂਦਾ, ਤੈਨੂੰ ਨਿੱਤ ਦਾ ਕੁਟਾਪਾ।
ਤੂੰ ਤਾਂ ਪੱਕੀ ਹਿੰਡ ਰੱਖੀਂ, ਲੱਗੂੰ ਮੈਂ ਵੀ ਤੇਰੇ ਨਾਲ।
ਤੂੰ ਹੀ ਭਾਬੀਏ ਨਿਭਾਈਂ, ਮੇਰੇ ਵੈਲੀ ਵੀਰ ਨਾਲ।
•



## ਗੀਤ
## (ਹੁਣ ਤੁਹਾਡੀ ਯਾਦ ਵਿਚ...)

ਹੁਣ ਤੁਹਾਡੀ ਯਾਦ ਵਿਚ ਨਾ ਸਾਥੀਓ ਰੋਵਾਂਗਾ ਮੈਂ।
ਬਚਦਿਆਂ ਹੰਝੂਆਂ 'ਚ ਉਜੜੇ ਚਿਹਰੇ ਕੁਝ ਧੋਵਾਂਗਾ ਮੈਂ।
ਮੈਂ ਨਹੀਂ ਨਿਰਖਾਂਗਾ ਸ਼ੁਹਦੀ ਸੱਜ ਵਿਆਹੀ ਦਾ ਮਜ਼ਾਜ।
ਪੈਰ ਦੀ ਝਾਂਜਰ 'ਚ ਜਿਸ ਦੇ ਵੀਰ ਦੇ ਸਿਰ ਦਾ ਵਿਆਜ।
ਸੱਗੀਆਂ ਦੀ ਠੂਠੀ 'ਚ ਕੋਠੀ ਸੇਠ ਦੀ ਖੋਹਾਂਗਾ ਮੈਂ।
ਹੁਣ ਤੁਹਾਡੀ ਯਾਦ ਵਿਚ...

ਟਿੱਬਿਆਂ 'ਤੇ ਪਹਿਲਾਂ ਬੜੀ ਹੀ ਅੱਥਰੂਆਂ ਦੀ ਹੈ ਸਲ੍ਹਾਬ।
ਹੁਣ ਤਾਂ ਊਣੇ ਵੀ ਰਹੇ ਨਾ ਮੇਰੇ ਸਤਲੁਜ ਤੇ ਚਨਾਬ।
ਢਲ ਰਹੇ ਪ੍ਰਛਾਵਿਆਂ ਤੋਂ ਆਪਣੀ ਲੋਅ ਖੋਹਾਂਗਾ ਮੈਂ।
ਹੁਣ ਤੁਹਾਡੀ ਯਾਦ ਵਿਚ...

ਮੈਂ ਜਿਨ੍ਹਾਂ ਦੀ ਅੱਖ ਅੰਦਰ ਰੜਕਦਾ ਇਕ ਰੋੜ ਹਾਂ।
ਮੈਂ ਜਿਨ੍ਹਾਂ ਦੀ ਐਸ਼ ਦੀ ਇਕ ਜ਼ਰੂਰੀ ਲੋੜ ਹਾਂ।
ਉਨ੍ਹਾਂ ਦੇ ਮੂੰਹਾਂ ਦੀ ਲਾਲੀ ਕੰਮੀਆਂ 'ਤੇ ਚੋਆਂਗਾ ਮੈਂ।
ਬਚਦਿਆਂ ਹੰਝੂਆਂ 'ਚ ਉਚੜੇ ਚਿਹਰੇ ਕੁਝ ਧੋਵਾਂਗਾ ਮੈਂ।
ਹੁਣ ਤੁਹਾਡੀ ਯਾਦ ਵਿਚ ਨਾ ਸਾਥੀਓ ਰੋਵਾਂਗਾ ਮੈਂ।
•

## ਭਿਖਾਰਨ

ਇਕ ਬੁੱਢੜੀ ਨੂੰ ਲੱਭ ਕੇ ਦੇਣੇ ਪੁੱਲ ਤੋਂ ਨਕਸ਼-ਗੁਆਚੇ,
ਪੁੱਤ ਮੇਰੀ ਝੋਲੀ ਵਿਚ ਪਾਓ ਪਰ ਮੁੱਲ ਨਾ ਮੰਗਿਓ ਕੋਈ।
ਲੋਕੋ ਵੇ ਮੈਂ ਅੱਜ ਭਿਖਾਰਨ ਹੋਈ।

ਕੱਲ੍ਹ ਇਕ ਮਾਂ ਨੇ ਮੁੱਲ ਮੰਗਿਆ ਉਹ ਕੱਖੋਂ ਹੌਲੀ ਹੋਈ,
ਵੇ ਤੁਸੀਂ ਮੁੱਲ ਨਾ ਮੰਗਿਓ ਕੋਈ।

ਮੈਂ ਲੂਣਾਂ ਤੋਂ ਪੁੱਤ ਨਾ ਮੰਗਦੀ, ਜੋ ਰੰਗ 'ਤੇ ਡੁੱਲ੍ਹ ਜਾਵੇ,
ਅੰਨ੍ਹੀ ਇੱਛਰਾਂ ਤੋਂ ਮੈਂ ਮੰਗਦੀ ਪੂਰਨ ਦੀ ਖ਼ੁਸ਼ਬੋਈ।

ਸਹਿਤੀਏ ਨੀ! ਸੁਣ ਭਾਈਆਂ ਪਿੱਟੀਏ!! ਜਾ ਗੋਰਖ਼ ਨੂੰ ਕਹਿ ਦੇ,
ਤੂੰ 'ਮੌਜੂ ਦੇ ਪੁੱਤ' ਨੂੰ ਬਖ਼ਸ਼ੀ ਪਰ 'ਹੀਰ' ਹੰਢਾਵੇ ਕੋਈ।

ਔਹ ਬੁੱਢੜੀ ਜੁ ਹਰ ਮੂੰਹ ਉਪਰੋਂ ਪੁੱਤ ਦਾ ਮੂੰਹ ਸਿਆਣੇ,
ਉਸ ਦੀ ਵੇ ਕਮਜ਼ੋਰ ਨਿਗ੍ਹਾ ਹੁਣ ਕਰੀਏ ਫੇਰ ਨਰੋਈ।

ਉਸ ਬੁੱਢੜੀ ਦੇ ਅੱਗਿਓਂ ਲੰਘੇ ਕਰਦੇ ਜਦੋਂ ਪਰੇਡਾਂ,
ਉਹ ਆਖੂ ਮੈਂ ਔਤਰੀਆਂ ਤੋਂ ਹਾਂ ਸਤ ਪੁੱਤੀ ਹੋਈ।

ਤੋੜੋ ਵੇ ਬੀਮਾਰ ਕਹਾਣੀ ਤਰੀ ਕਿਰਤ ਦੀ ਚੂਸੇ।
ਬਾਲ ਵਰਾਵਣ ਜੋਗੀ ਸਾਡੀ ਆਪ ਕਹਾਣੀ ਹੋਈ।

ਸੂਰਜ ਆਪੇ ਕਰ ਦੇਵੇਗਾ ਇਸ ਦਾ ਗੰਢ-ਚਿਤਰਾਵਾ,
ਅੰਬਰਾਂ ਨੂੰ ਅੱਖ ਮਾਰਨ ਜੋਗੀ ਜਦ ਇਹ ਧਰਤੀ ਹੋਈ।
ਵੇ! ਤੁਸੀਂ ਮੁੱਲ ਨਾ ਮੰਗਿਓ ਕੋਈ।

•



## .ਗਜ਼ਲ

ਮਨ ਅਸਾਡਾ ਖੜ੍ਹਨ ਤੋਂ ਮਜ਼ਬੂਰ ਹੈ।
ਪਹੁੰਚਣੈਂ!! ਪੈਂਡਾ ਵੀ ਤਕੜੀ ਦੂਰ ਹੈ।

ਉਂ ਕਚੀਹਰਾ ਬਹੁਤ ਹੈ ਜ਼ੁਲਮਾਂ ਦਾ ਵੀ,
ਸਿਰੜ ਸਾਡਾ ਵੀ ਬੜਾ ਮਸ਼ਹੂਰ ਹੈ।

ਦਿਲ ਜਿੰਨਾਂ ਪਿੰਡਾਂ ਦੇ ਨੇੜੇ ਹੋ ਗਿਆ,
ਹੋ ਗਿਆ ਉਤਨਾ ਹੀ ਦਿੱਲੀਓਂ ਦੂਰ ਹੈ।

ਡਾਇਰ ਦੀ ਡਾਇਰੀ ਦੇ ਵਿਚ ਡਾਕੂ ਹੈ ਜੋ,
'ਕਿਰਤ ਦੇ ਕਿੱਸੇ' ਦਾ, ਉਹ ਕੋਹਿਨੂਰ ਹੈ।

ਮੋਰਚਾ ਐਟਮ ਤੋਂ ਵੀ ਮਰਿਆ ਨਹੀਂ,
ਜਿਸ ਦੇ ਉੱਤੇ ਡਟ ਗਿਆ ਮਜ਼ਦੂਰ ਹੈ।

ਲੋਕ ਲੰਘ ਜਾਂਦੇ ਨੇ ਲਹਿਰ ਲਹੂ ਦੀ,
ਡੁੱਬ ਗਿਆ ਲਹਿਰਾਂ ਤੋਂ ਜਿਹੜਾ ਦੂਰ ਹੈ।

•

## ਗ਼ਜ਼ਲ

ਜ਼ਖ਼ਮ ਤਾਂ ਹਰ ਸਾਲ ਰਸਦੇ ਰਹਿਣਗੇ।
ਪੈਰ ਪਰ ਕੰਡਿਆਂ ਤੇ ਨਸਦੇ ਰਹਿਣਗੇ।

ਕੁਫ਼ਰ ਦੀ ਕੜ੍ਹਨੀ 'ਚ ਕੱਚੀ ਕਿਰਤ ਦੇ,
ਹੱਕ ਮਲਾਈਆਂ ਵਾਂਗ ਹਸਦੇ ਰਹਿਣਗੇ।

ਫਾਸਲਾ ਕਵਿਤਾ ਨੇ ਕਿੰਨਾ ਕਰ ਲਿਆ,
ਫੈਸਲੇ ਲੋਕਾਂ ਦੇ ਦਸਦੇ ਰਹਿਣਗੇ।

ਛਾਂਗਿਆ ਜਾਣਾ ਹੈ ਆਪੇ ਹੀ ਵਢਾਂਗ,
ਸਿਰ ਤਾਹਾਂ ਜਿਉਂ ਟਾਹਣ ਚਕਦੇ ਰਹਿਣਗੇ।

ਜ਼ਰਾ ਜਿੰਨੇ ਸੇਕ ਤੋਂ ਨੱਕ ਮੋਮ ਦੇ,
ਜ਼ੁਲਮ ਦੇ ਬੂਟਾਂ ਤੇ ਘਸਦੇ ਰਹਿਣਗੇ।

ਮੈਂ ਨਹੀਂ ਹੋਵਾਂਗਾ ਇਸ ਦਾ ਗ਼ਮ ਨਹੀਂ,
ਗੀਤ ਤਾਂ ਲੋਕਾਂ 'ਚ ਵਸਦੇ ਰਹਿਣਗੇ।

•



## ਗ਼ਜ਼ਲ

ਤੁਸੀਂ ਓਨਾ ਚਿਰ ਰਹੇ ਜਰਵਾਣਿਆਂ ਦੇ ਵਾਂਗ।
ਰਹੇ ਜਿੰਨਾ ਚਿਰ ਅਸੀਂ ਹੀ ਨਿਤਾਣਿਆਂ ਦੇ ਵਾਗ।

ਭੋਰਾ ਦਿਲ ਜਦੋਂ ਖਿੜੇ; ਤੂੰ ਤਾਂ ਝਟ ਤੋੜ ਦੇਵੇਂ,
ਤੇਰੀ ਓਹੀ ਗੱਲ ਏ ਨਿਆਣਿਆਂ ਦੇ ਵਾਂਗ।

ਸਾਡੀ ਭੁੱਖ ਵਾਲੀ ਭੱਠੀ ਜੇ ਤੂੰ ਨਹੀਂ ਸੀ ਬੁਝਾਉਣੀ,
ਕਾਹਨੂੰ ਵਿਚੋਂ ਵਿਚ ਭੁੰਨੇ ਗਏ ਦਾਣਿਆਂ ਦੇ ਵਾਂਗ।

ਗੱਲਾਂ ਤੇਰੀਆਂ 'ਚ ਆਉਂਦਾ ਕਿਤੇ ਸਾਡਾ ਵੀ ਜ਼ਿਕਰ,
ਮਿੱਠੇ ਅਸੀਂ ਵੀ ਹੋ ਜਾਣਾ ਸੀ ਮਖਾਣਿਆਂ ਦੇ ਵਾਂਗ।

ਵਾਰ ਵਾਰ ਦਾ ਕਰਾਰ ਵਾਰ ਵਾਰ ਇਨਕਾਰ,
ਅਸੀਂ ਮੰਨੀ ਗਏ ਰੱਬ ਦਿਆਂ ਭਾਣਿਆਂ ਦੇ ਵਾਂਗ।

•

## ਗ਼ਜ਼ਲ

ਨਹੀਂ ਚਿਹਰੇ ਉਦਾਸ ਵੇਖਾਂਗੇ।
ਤੇਰੀ ਜ਼ਿੰਦਗੀ ਹੁਲਾਸ ਵੇਖਾਂਗੇ।

ਸਾਡੇ ਮਰਨੇ ਦੀ ਖ਼ਬਰ ਦਾ ਕੀ ਬਣਿਆਂ,
ਤੇਰੇ ਪਿੰਡ ਦਾ ਜਲਾਸ ਵੇਖਾਂਗੇ।

ਹਾਂ? ਜੜੋ ਕਲੀ ਦੇ ਸਿਰ ਕਸੀਰ ਜੜੋ,
ਕਾਲੇ ਡੇਂਭੂ ਨਿਰਾਸ਼ ਵੇਖਾਂਗੇ।

ਤੇਰੀ ਚਿੰਤਾ ਦੀ ਜ਼ਹਿਰ ਨੂੰ ਪੀ ਕੇ ਵੀ,
ਤੇਰੇ ਮਨ ਦਾ ਮਿਠਾਸ ਵੇਖਾਂਗੇ।

ਪਹਿਲਾਂ ਧਰਤੀ ਦੇ ਸਾਰੇ ਚਿੱਬ ਕੱਢ ਕੇ,
ਤੇਰੀ ਝਾਂਜਰ ਦੀ ਰਾਸ ਵੇਖਾਂਗੇ।

ਅਸੀਂ ਆਪਣੇ ਲਹੂ ਦੀ ਚਰ੍ਹਗਲ 'ਤੇ,
ਤੇਰੇ ਦਿਲ ਦਾ ਭੜਾਸ ਵੇਖਾਂਗੇ।

•



## ਗ਼ਜ਼ਲ

ਜਦ ਵੀ ਆਪਣਾ ਖਿਆਲ ਆਇਆ ਹੈ।
ਸਭ ਦੀ ਭੁੱਖ ਦਾ ਸਵਾਲ ਆਇਆ ਹੈ।

ਸਾਡਾ ਜਿਗਰਾ ਸੀ ਜਾਲ ਤੋੜਾਂਗੇ,
ਸਿਰ ਤੇ ਘਰ ਦਾ ਜੰਜਾਲ ਆਇਆ ਹੈ।

ਸਾਡੇ ਦਰ ਤੇ ਖ਼ੁਦਾ ਵੀ ਇਉਂ ਆਇਆ,
ਜਿਵੇਂ ਤੇਰਾ ਭਿਆਲ ਆਇਆ ਹੈ।

ਮੈਂ ਤਾਂ ਹੱਕ ਦੀ ਹੀ ਗੱਲ ਆਖੀ ਸੀ,
ਤੇਰੇ ਭਾ ਦਾ ਭੁਚਾਲ ਆਇਆ ਹੈ।

ਹੋਈਆਂ ਜਦ ਵੀ ਲਵੇਰੀਆਂ ਆਸਾਂ,
ਤੇਰੇ ਸ਼ਹਿਰੋਂ ਦਲਾਲ ਆਇਆ ਹੈ।

•

## ਗ਼ਜ਼ਲ

ਜਜ਼ਬੇ ਉਨ੍ਹਾਂ ਦੇ ਸੁੱਕਣਗੇ, ਕੰਡਿਆਂ ਦੀ ਬਾੜ ਤੇ।
ਟੀਸੀ ਤੋਂ ਜਿਹੜੇ ਝੜ ਗਏ, ਪਹਿਲੀ ਹੀ ਝਾੜ ਤੇ।

ਮੇਰੇ ਸਿਰਾਂ ਤੂੰ ਜਿਹੜਿਆਂ ਰਾਹੀਆਂ ਦੀ ਮੇਰ ਹੈਂ,
ਪੈਂਡੇ ਸਿਰਾਂ ਦੇ ਲਾ ਉਨ੍ਹਾਂ ਪੁੱਜਣਾ ਪਹਾੜ ਤੇ।

ਤੇਰੇ ਹੁਸਨ ਦੀ ਬੀਨ ਤੇ, ਜੋ ਮੈਲ ਜ਼ਿੰਦਗੀ,
ਮਿਲਦੇ ਸਪੋਲੀਆਂ ਦੀਆਂ ਸਿਰੀਆਂ ਲਤਾੜ ਕੇ।

ਕਲਮਾਂ ਨੇ ਏਦਾਂ ਖੁਰਦੀਆਂ ਕਿਰਤਾਂ ਨੂੰ ਫੜ ਲਿਆ,
ਵਾਹਰਾਂ ਜਿਵੇਂ ਹੈ ਫੜ ਲਿਆ, ਚੋਰਾਂ ਨੂੰ ਪਾੜ ਤੇ।

ਦੋਸਤਾਂ ਕੁੱਝ ਕਰ ਲਿਐ ਏਦਾਂ ਦਾ ਫੈਸਲਾ,
ਟਿਕਿਆ ਜਿਵੇਂ ਕਿ ਉਸਤਰਾ ਕੈਂਸਰ ਦੀ ਲਾੜ ਤੇ।

ਆਪਾਂ ਤਾਂ ਇਸ ਨੂੰ ਸਮਝਦੇ ਗੰਗਾ ਦਾ ਨਹਾਉਣ ਹੈਂ।
ਜੇਕਰ ਮਨਾਂ ਨੂੰ ਧੋ ਲੀਏ ਪਿੰਡਾਂ 'ਚ ਵਾੜ ਕੇ।

•



## ਗ਼ਜ਼ਲ

ਸਮਿਆਂ ਦੀ ਹੈ ਲੋੜ ਜੁਆਨੀ ਨਾ ਮਦਹੋਸ਼ ਰਹੇ।
ਤਾਰੀਖਾਂ ਦਾ ਸਾਡੇ ਸਿਰ ਤੇ ਨਾ ਕੋਈ ਰੋਸ ਰਹੇ।

ਸ਼ਮਸ਼ਾਨਾਂ ਵਿਚ ਲੋਥ ਲਿਜਾ ਕੇ ਕਦਰ ਘਟਾਓ ਨਾ,
ਵਿਚ ਚੁਰੱਸਤੇ ਦੇ ਲਟਕਾਓ ਤਾਂ ਜੋ ਜੋਸ਼ ਰਹੇ।

ਜਾਗੋ ਕੈਦ ਉਮੰਗੋ, ਉਠ ਕੇ ਫਿੜਕਾ ਖੋਲ੍ਹ ਦਿਓ,
ਤਾਂ ਜੋ ਸੂਰਜ ਦਾ ਕੁਲੀਆਂ ਵਿਚ ਮੱਘਦਾ ਜੋਸ਼ ਰਹੇ।

ਹਰ ਥਾਂ ਚਮਚੇ ਚਾਂਦੀ ਖਾ ਕੇ ਮੁੱਲ ਪਵਾਉਂਦੇ ਨੇ,
ਮੇਰੀ ਪਤਨੀ ਮੰਦ ਹਾਲੀ ਵਿਚ ਮੇਰਾ ਦੋਸ਼ ਰਹੇ।

ਮੁੜ ਕੇ ਫਿਰ ਹਥਿਆਰ ਉਛਾਲੋ ਕਿ ਮੈਂ ਵੇਖ ਸਕਾਂ,
ਲੰਮੇ ਪੈਂਡੇ ਤੁਰਦਿਆਂ ਮੁੜ ਕੇ ਨਾ ਕੋਈ ਹੋਸ਼ ਰਹੇ।

•

## ਤੇਗ਼ ਬਹਾਦਰ ਦੇ ਚਲਤ
## (ਦਿੱਲੀਏ ਦਿਆਲਾ ਵੇਖ)

ਦਿੱਲੀਏ ਦਿਆਲਾ ਦੇਖ ਦੇਗ਼ 'ਚ ਉਬਲਦਾ ਨੀ,
ਅਜੇ ਤੇਰਾ ਦਿਲ ਨਾ ਠਰੇ।

ਮਤੀ ਦਾਸ ਤਾਈਂ ਚੀਰ ਆਰੇ ਵਾਂਗ ਜੀਭ ਤੇਰੀ,
ਅਜੇ ਮਨ ਮੱਤੀਆਂ ਕਰੇ।

ਲੋਕਾਂ ਦੀਆਂ ਭੁੱਖਾਂ ਉਤੇ ਫਤਹਿ ਸਾਡੀ ਦੇਗ਼ ਦੀ।
ਲੋਕਾਂ ਦਿਆਂ ਦੁੱਖਾਂ ਉਤੇ ਫਤਹਿ ਸਾਡੀ ਤੇਗ਼ ਦੀ।
ਅਸੀਂ ਤਾਂ ਆ ਮੌਤ ਦੇ ਚਬੂਤਰੇ 'ਤੇ ਆਣ ਖੜ੍ਹੇ।
ਇਹ ਤਾਂ ਭਾਵੇਂ ਖੜ੍ਹੇ ਨਾ ਖੜ੍ਹੇ।

ਤੇਰੇ ਤਾਂ ਪਿਆਦੇ ਨਿਰੇ ਖੇਤਾਂ ਦੇ ਪ੍ਰੇਤ ਨੀ।
ਤਿਲਾਂ ਦੀ ਤਾਂ ਪੂਲੀ ਵਾਂਗੂੰ ਝਾੜ ਲੈਂਦੇ ਖੇਤ ਨੀ।
ਵੇਖ ਕਿਵੇਂ ਨਰਮੇ ਦੇ ਢੇਰਾਂ ਦੇ ਵਿਚਾਲੇ ਲੋਕੀਂ,
ਸੌਂਦੇ ਨੇ ਘਰੋੜੇ ਤੇ ਰੜੇ।

ਲਾਲ ਕਿਲੇ ਵਿਚ ਲਹੂ ਲੋਕਾਂ ਦਾ ਜੋ ਕੈਦ ਹੈ।
ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੈਦ ਹੈ।
ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ,
ਤੇਰੇ ਮਹਿਲੀਂ ਵੜੇ ਕਿ ਵੜੇ।

ਸਿਰਾਂ ਵਾਲੇ ਲੋਕੀਂ ਬੀਜ ਚੱਲੇ ਆਂ ਬੇਓੜ ਨੀ।
ਇਕ ਦਾ ਤੂੰ ਮੁੱਲ ਭਾਵੇਂ ਰੱਖਦੀਂ ਕਰੋੜ ਨੀ।



ਲੋਕ ਐਨੇ ਸੰਘਣੇ ਨੇ ਲੱਖੀ ਦੇ ਜੰਗਲ ਵਾਂਗੂੰ,
ਸਿੰਘ ਤੈਥੋਂ ਜਾਣੇ ਨਾ ਫੜੇ।

ਸੱਚ ਮੂਹਰੇ ਸਾਹ ਤੇਰੇ ਜਾਣਗੇ ਉਤਾਹਾਂ ਨੂੰ।
ਗੱਲ ਨਹੀਂ ਆਉਣੀ ਤੇਰੇ ਝੂਠਿਆਂ ਗਵਾਹਾਂ ਨੂੰ।
ਸੰਗਤਾਂ ਦੀ ਸੱਥ ਵਿਚ ਜਦੋਂ ਤੈਨੂੰ ਖ਼ੂਨਣੇ ਨੀ,
ਲੈ ਕੇ ਫੌਜੀ ਖ਼ਾਲਸੇ ਖੜ੍ਹੇ।

ਦਿੱਲੀਏ ਦਿਆਲਾ ਵੇਖ ਦੇਗ਼ 'ਚ ਉਬਲਦਾ ਨੀ।
ਅਜੇ ਤੇਰਾ ਦਿਲ ਨਾ ਠਰੇ।
ਮਤੀ ਦਾਸ ਤਾਈਂ ਚੀਰ ਆਰੇ ਵਾਂਗੂੰ ਜੀਭ ਤੇਰੀ,
ਅਜੇ ਮਨ ਮਤੀਆਂ ਕਰੇ।

•

## ਬੇ-ਰੌਣਕ ਚਿਹਰੇ ਦੇ ਨਾਂ

ਕੀਹਨੇ ਹੈ ਚੁਰਾਇਆ ਤੇਰੇ ਮੁੱਖੜੇ ਦਾ ਨੂਰ, ਵੀਰਾ ਬਣ ਕੇ!
ਤੂੰ ਦੱਸੀ ਕੇਰਾਂ ਹੋ?
ਕੁੰਢੀਆਂ ਲਵੇਰੀਆਂ ਦੀ ਬਹੁਲੀ ਦੇ ਚੁਆਕੜਾ ਵੇ!
ਅੱਖਾਂ ਵਿਚੋਂ ਅੱਥਰੂ ਨਾ ਚੋਅ।

ਕਿਹੜੇ ਕਿਹੜੇ ਖੇਤ ਤੇਰਾ ਡੁੱਲ੍ਹਿਆ ਨਾ ਖ਼ੂਨ।
ਹੋਇਆ ਕਿਹੜਾ ਕਿਹੜਾ ਬੂਟਾ ਨਾਹੀਂ ਜਿੱਚ ਵੇ।
ਕੱਲੀ ਕੱਲੀ ਥਾਂ ਜੇ ਡੁੱਲ੍ਹੇ ਇਕ ਇਕ ਹੰਝੂ
ਹੜ੍ਹ ਆਜੂ ਗੰਗਾ ਜਮਨਾ ਦੇ ਵਿਚ ਵੇ।
ਜੇਹਲਮ, ਝਨਾਂ ਦਾ ਦੁੱਖ ਸੁਣ ਕੇ ਰਾਵੀ ਤੋਂ
ਸਤਲੁਜ ਤੇ ਬਿਆਸ ਪੈਂਦੇ ਰੋ।
ਕੁੰਢੀਆਂ ਲਵੇਰੀਆਂ ਦੀ...

ਰਾਸ਼ਨਾਂ ਦੇ ਡਿੱਪੂਆਂ ਤੋਂ ਬੋਲ ਬੋਲ ਮੁੜਦੇ ਨੇ।
ਭੁੱਖੇ ਭੁੱਖੇ ਚਿਹਰਿਆਂ ਦੇ ਹਾੜ ਕਿਉਂ?
ਜਿਨ੍ਹਾਂ ਕਦੇ ਬੀਜ ਕੇ ਤੇ ਵੱਢ ਕੇ ਨਾ ਵੇਖੀ,
ਮੌਜਾਂ ਬੋਹਲਾਂ ਉਤੇ ਲੁੱਟਦੇ ਕਰਾੜ ਕਿਉਂ?
ਤੈਨੂੰ ਸੀ ਪਵੇਹੇ ਵਿਚ ਭੋਇੰ ਦਾ ਗ਼ੁਮਾਨ
ਕਾਹਤੋਂ ਉਡੀ ਜਾਂਦੀ ਟਿੱਬਿਆਂ ਦੇ ਰੇਤ ਜਿਉਂ?
ਕਾਹਤੋਂ ਗਿੱਲੇ ਏਰਨੇ ਗੋਹੇ ਦੇ ਵਾਂਗ ਧੁਖ਼ੀ ਜਾਵੇ,
ਪਿੱਛਾ ਛੱਡਦੇ ਨ੍ਹੀਂ ਹਾੜ ਅਤੇ ਜੇਠ ਕਿਉਂ?
ਬੋਹਲਾਂ ਦੇ ਵਿਚਾਲੇ ਭੁੱਖੇ ਮਰੇ ਹੋਏ ਕਾਮੇ ਦੀ ਤਾਂ
ਲਾਸ਼ ਵਿਚੋਂ ਕਾਹਤੋਂ ਆਉਂਦੀ ਬੋਅ?
ਕੁੰਢੀਆਂ ਲਵੇਰੀਆਂ ਦੀ ਬਹੁਲੀ ਦੇ ਚੁਆਕੜਾ ਵੇ,
ਅੱਖਾਂ ਵਿਚੋਂ ਅੱਥਰੂ ਨਾ ਚੋਅ।

•



## ਮਲੰਗ ਲੱਖੇ ਦੇ ਨਾਂ

ਤੇਰੀ ਹੋਈ ਕਣਕ ਵੇ ਬੜੀ ਬੜੀ।
ਖਾਲੀ ਖੀਸੇ ਜੇਬ ਫਰੋਲੇਂ ਕਿਉਂ ਲੱਖਿਆ ਵੇ ਘੜੀ ਘੜੀ।

ਇਉਂ ਆੜ੍ਹਤੀਏ ਦੀ ਹੱਟ ਤੋਂ ਉਤਰ ਖਲੋਤਾ ਹੈਂ।
ਜਿਉਂ ਚਿਕੜੀ ਦੇ ਵਿਚ ਤਿਲ੍ਹਕਿਆ ਬੋਤਾ ਹੈਂ।
ਸੇਠ ਦੇ ਮੂਹਰੇ ਮਿੰਨਤ ਬਣੀ ਕਿਉਂ ਸੀਰੀ 'ਤੇ ਜੋ ਤੜ੍ਹੀ ਤੜ੍ਹੀ।
ਖਾਲੀ ਖੀਸੇ ਜੇਬ ਫਰੋਲੇਂ...

ਵੱਡੇ ਵਪਾਰੀ ਲੋਕਾਂ ਨੂੰ ਹੁਣ ਚਾਰ ਰਹੇ।
ਪਰ ਛੋਟੇ ਬਾਣੀਏ ਵਿਹਲੇ ਮੱਖੀਆਂ ਮਾਰ ਰਹੇ।
ਤੈਂ ਕਾਹਤੋਂ ਨਾ ਰਮਜ਼ ਪਛਾਣੀ ਕਰ ਗਈ ਜੋ ਹੱਥ ਕੜੀ ਕੜੀ।
ਖਾਲੀ ਖੀਸੇ ਜੇਬ ਫਰੋਲੇਂ...

ਏਸ ਕਮਾਈਓਂ ਇਉਂ ਤਪਿਆ ਏ ਤਨ ਨਾਰੀ ਦਾ।
ਜਿਵੇਂ ਕੜ੍ਹਾਈਆ ਤਪਦਾ ਹੈ ਭਠਿਆਰੀ ਦਾ।
ਵਾਂਗ ਮੁਰਮੁਰੇ ਭੁਰ ਭੁਰ ਜਾਵਣ ਜਿਸ ਵਿਚ ਸੱਧਰਾਂ ਧੜੀ ਧੜੀ।
ਖਾਲੀ ਖੀਸੇ ਜੇਬ ਫਰੋਲੇਂ...

ਇਉਂ ਜਾਂਦਾ ਤੂੰ ਸਿਰ ਤੋਂ ਸੂਦ ਚੁਕਾਈ ਹੈਂ।
ਜਿਉਂ ਤੂੰ ਵੋਟਾਂ ਵਾਲਿਆਂ ਦਾ ਕਰਜ਼ਾਈ ਹੈਂ।
ਪੰਜ ਸਾਲਾਂ ਦੇ ਬਾਅਦ ਉਬਲਣੀ ਉਹੀਓ ਬੇਹੀ ਕੜ੍ਹੀ ਕੜ੍ਹੀ।
ਤੇਰੀ ਹੋਈ ਕਣਕ ਵੇ ਬੜੀ ਬੜੀ...
ਖਾਲੀ ਖੀਸੇ ਜੇਬ ਫਰੋਲੇਂ ਕਿਉਂ ਲੱਖਿਆ ਵੇ ਘੜੀ ਘੜੀ।

•

## ਗੀਤ
## (ਉੱਠਣ ਦਾ ਵੇਲਾ)

ਉਠ ਕਿਰਤੀਆਂ ਉਠ ਵੇ ਉਠਣ ਦਾ ਵੇਲਾ।
ਜੜ੍ਹ ਵੈਰੀ ਦੀ ਪੁੱਟ ਵੇ ਪੁੱਟਣ ਦਾ ਵੇਲਾ।
ਤੇਰੇ ਸਿਰ 'ਤੇ ਚੋਅ ਚੋਅ ਚਾਨਣ ਗਏ ਨੇ ਤੇਰੇ ਜੁੱਟ ਵੇ।

ਸੁੱਤਿਆ ਵੇ ਇਹ ਧਰਤ ਹੈ ਕੇਹੀ ਜਿਥੇ ਮਾਂ ਤੇ ਪੁੱਤ ਦਾ ਰਿਸ਼ਤਾ।
ਕੁਝ ਟੁਕੜੇ ਕੁਝ ਟਕਿਆਂ ਬਦਲੇ, ਮਾਸ ਦੇ ਵਾਂਗੂੰ ਹੱਟੀਏਂ ਵਿਕਦਾ।
ਲੂਸ ਗਿਆ ਮਜ਼ਦੂਰ ਦਾ ਪਿੰਡਾ ਜੇਠ ਹਾੜ ਦਾ ਹੁੱਟ ਵੇ।

ਜੇ ਰੋਟੀ ਦੀ ਅੱਗ ਚਾਹੀਦੀ ਤਾਂ ਫਿਰ ਸਾਂਭ ਬਰੂਦ ਨਾ ਰੱਖੀਂ।
ਜੇ ਕੁਝ ਮੁੜ੍ਹਕੇ ਦਾ ਮੋਹ ਹੈਗਾ ਤਾਂ ਫਿਰ ਨੱਪ ਖਰੂਦ ਨਾ ਰੱਖੀਂ।
ਤੂੰ ਐਟਮ ਦੀ ਧੂੜ ਵਿਚਾਲੇ ਸੁੱਟ ਚਾਨਣ ਦੀ ਮੁੱਠ ਵੇ।

ਤੇਰੇ ਹਲ ਦੀਆਂ ਰਾਹਲਾਂ ਦਾ ਕੋਈ ਕਾਹਤੋਂ ਸੱਪਣੀ ਲਾਭ ਉਠਾਵੇ।
ਫੌਜਣ ਕਾਹਤੋਂ ਆਪਣੇ ਢਿੱਡ ਵਿਚ ਸੇਠ ਦਾ ਕੀਤਾ ਪਾਪ ਹੰਢਾਵੇ।
ਜੋ ਤੇਰੀ ਦਸਤਾਰ ਨੂੰ ਪੈਂਦੇ ਤੋੜ ਦੇਈਂ ਉਹ ਗੁੱਟ ਵੇ।

ਸੱਖਣੇ ਜੱਗ ਨੂੰ ਭਰਦਾ ਕੋਈ ਪੁੰਨ ਯੱਗਾਂ ਦਾ ਕਿਸੇ ਨੂੰ ਲੱਗਦਾ।
ਗੋਲੀ ਕਿਸੇ ਦੀ ਹਿੱਕ ਨੂੰ ਵਿੰਨ੍ਹੇ ਤਗ਼ਮਾ ਕਿਸੇ ਦੀ ਹਿੱਕ 'ਤੇ ਫੱਬਦਾ।
ਤੂੰ ਖੰਡੇ ਦੀ ਧਾਰ ਦੇ ਵਿਚੋਂ ਲਿਸ਼ਕ ਵਾਂਗਰਾ ਫੁੱਟ ਵੇ।

ਪਿੰਡਾਂ ਦੀ ਰੌਣਕ ਸਭ ਢੋਈ ਕਿਰਤੀ ਦੇ ਕੰਧਿਆਂ 'ਤੇ ਸ਼ਹਿਰਾਂ।
ਪਰ ਤੇਰਿਆਂ ਚਾਵਾਂ ਦੇ ਨਿੱਤ ਮੁਰਦੇ ਸਿਰ 'ਤੇ ਢੋਵਣ ਤੇਰੀਆਂ ਲਹਿਰਾਂ।
ਸਿਰ ਤਾਂ ਬੀਜ ਸਹੀ ਤੂੰ, ਬੱਦਲੀ ਆਪੇ ਪਊ ਤਰੁੱਠ ਵੇ।

ਮੁੜ ਜੇ ਕਿਤੇ ਨਿਰਾਸ਼ ਨਾ ਕਵਿਤਾ ਤੇਰੇ ਦਰ ਮੂਹਰੇ ਦੇ ਹੋਕਾ।
ਕਲਮ ਲਹੂ ਵਿਚ ਕੱਢੇ ਕੁਤਕੁਤੀ ਸੁਰਤ ਕਰੀਂ ਵੇ ਸੁੱਤਿਆ ਲੋਕਾ।
ਖੜ੍ਹੇ ਤਲਾਅ ਵਿਚ ਵਾਂਗ ਕੰਕਰੀਂ ਲਹਿਰਾਂ ਬਣ ਕੇ ਫੁੱਟ ਵੇ।
ਉੱਠਣ ਦਾ ਵੇਲਾ...

•



## ਗੀਤ
## (ਹਾੜੀਆਂ ਵੀ ਖਾਧੀਆਂ)

ਹਾੜੀਆਂ ਵੀ ਖਾਧੀਆਂ ਤੇ ਸਾਉਣੀਆਂ ਵੀ ਖਾਧੀਆਂ ਨੇ।
ਗਈ ਨਾ ਪਰ ਸਾਡੀ ਠੰਢ ਵੇ।
ਜਿੰਦ ਸੋਹਣੀ ਤੇ ਸੁਲੱਖਣੀ ਸਾਡੇ ਲਈ ਬਣ ਗਈ ਏ ਪੰਡ ਵੇ।

ਸਾਡੇ ਭਾਅ ਦੀ ਹਰ ਵੇਲੇ ਲੱਗੀ ਰਹਿੰਦੀ ਲਾਮ ਹੋ,
ਐਵੇਂ ਸਰਹੱਦਾਂ ਦਾ ਤਾਂ ਨਾਂ ਹੀ ਬਦਨਾਮ ਹੋ।
ਸਮੇਂ ਦਾ ਕਸਾਈ ਪੁੱਠੀ ਛੁਰੀ ਨਾਲ ਕੋਹੇ,
ਨਾਲੇ ਫੇਰ ਵੀ ਨਾ ਪਾਉਣ ਦੇਵੇ ਡੰਡ ਵੇ।
ਜਿੰਦ ਸੋਹਣੀ ਤੇ ਸੁਲੱਖਣੀ...

ਸਾਡੇ ਮਨਾਂ ਵਿਚ ਮੰਦ ਹਾਲੀਆਂ ਦੀ ਚੀਕ ਹੋ।
ਝੋਨੇ ਦਾ ਨਦੀਨ ਸਾਡਾ ਜੁੱਸਾ ਗਿਆ ਡੀਕ ਹੋ।
ਫਸਲਾਂ ਤੇ ਕਾਮਿਆਂ ਦੇ ਪਿਆਰ ਦੀ ਗਵਾਹੀ,
ਕਦੇ ਦੇਣਗੇ ਕਰੀਰ ਅਤੇ ਜੰਡ ਵੇ।
ਜਿੰਦ ਸੋਹਣੀ ਤੇ ਸੁਲੱਖਣੀ...

ਕਿਹੜੇ ਦਰਵੇਸ਼ਾਂ ਦੇ ਸਰਾਪ ਦਾ ਹੈ ਡੰਨ ਵੇ।
ਵੜੀ ਹੈ ਗ਼ਰੀਬੀ ਲਾ ਕੇ ਪਿੰਡਿਆਂ 'ਚ ਸੰਨ੍ਹ ਵੇ।
ਸੱਪਾਂ ਦਿਓ ਸਿਰੋ ਪੈੜ ਚਾਲ ਦੀ ਪਛਾਣ ਕਰੋ,
ਆਇਆ ਸਾਡੇ ਵੀਰਾਂ ਦਾ ਤਰੰਡ ਵੇ।
ਜਿੰਦ ਸੋਹਣੀ ਤੇ ਸੁਲੱਖਣੀ...

ਇਕ ਸਾਨੂੰ ਪਿੰਡਾਂ ਦੀਆਂ ਰੌਣਕਾਂ ਦਾ ਝੋਰਾ ਹੈ।
ਦੂਜਾ ਮੋਏ ਮਿੱਤਰਾਂ ਦਾ ਸਿਰ 'ਤੇ ਨਿਹੋਰਾ ਹੈ।
ਜਿਨ੍ਹਾਂ ਨੇ ਵਲੂੰਧਰਿਆ ਪੁਲਾਂ ਉਤੇ ਵੀਰਾ,
ਉਨ੍ਹਾਂ ਨਾਲ ਹੋਈਏ ਕਿਵੇਂ ਘਿਉ ਖੰਡ ਵੇ।
ਜਿੰਦ ਸੋਹਣੀ ਤੇ ਸੁਲੱਖਣੀ ਸਾਡੇ ਲਈ ਬਣ ਗਈ ਏ ਪੰਡ ਵੇ।

•

## ਖ਼ੈਰ-ਸੁਖ

ਮਾਏ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ,
ਖ਼ੈਰ-ਸੁਖ ਦਾ ਸੁਨੇਹੜਾ ਲਿਆ।
ਉਸ ਮਾਂ ਦਾ ਬਣਿਆ ਕੀ,
'ਆਂਦਰਾਂ ਦੀ ਅੱਗ' ਜੀਹਦੀ ਗਈ ਕਸਤੂਰੀਆਂ ਖਿੰਡਾ?

ਭਾਰ ਉਹਦੇ ਬਾਪੂ ਦਾ ਨੀ ਕੁੱਬੀ ਹੋਈ ਕੰਡ ਉਤੋਂ
ਕਿਸੇ ਨੇ ਵੰਡਾਇਆ ਸੀ ਕਿ ਨਾ?
ਸੁਣੀਂਦਾ ਸੀ ਭੈਣ ਉਹਦੀ ਸਾਂਭ ਕੇ ਸੁਗੰਧੀਆਂ ਨੂੰ
ਜਾਣਾ ਹੈ ਸੀ ਓਪਰੇ ਗਰਾਂ
ਜੀਹਦਾ ਵੀਰ ਅੱਜ ਖੱਟੀ ਚੁੰਨੀ ਨਾ ਲਿਆਇਆ
ਉਹਨੂੰ ਕਿੰਨਾ ਕੁ ਏ ਤੀਆਂ ਦਾ ਨੀ ਚਾਅ?
ਮਾਰੇ ਗਏ ਮਿੱਤਰਾਂ ਦੇ...

ਰਾਠਾਂ ਦੀ ਹਵੇਲੀ ਮੂਹਰੋਂ ਲੰਘਣਾ ਖੰਘੂਰ ਮਾਰ,
(ਕਿਤੇ) ਭੁੱਲੇ ਤਾਂ ਨ੍ਹੀਂ ਓਸ ਦੇ ਭਰਾ।
ਗੀਤਾਂ ਦੇ ਕਸਾਈ ਕਿਤੇ ਉਸ ਦੀ ਮਾਸ਼ੂਕ ਕੋਲੋਂ
ਗਾਣੇ ਤਾਂ ਨ੍ਹੀਂ ਰਹੇ ਸੀ ਗਵਾ।
ਉਸ ਦੇ ਮੁਹਾਂਦਰੇ ਦਾ ਪਿੰਡ ਦੀ ਜਵਾਨੀ ਉਤੇ
ਚੜ੍ਹਿਐ ਜਾਂ ਨਹੀਂ ਕੋਈ ਪਾਹ।
ਮਾਰੇ ਗਏ ਮਿੱਤਰਾਂ ਦੇ...



ਪਿੰਡ ਦੇ ਕਸਾਈਖ਼ਾਨੇ ਕੋਲੋਂ ਜਦੋਂ ਲੰਘੀ ਸੀ ਤੂੰ,
ਕਿੰਨਾ ਕੁ ਸੀ ਜ਼ੁਲਮਾਂ ਦਾ ਤਾਅ।
ਦੱਸ ਮੇਰੇ ਵੀਰਨੇ ਤੋਂ ਕਿਹੜੀ ਗੱਲ ਪੁੱਛਦੇ ਸੀ,
ਸੱਥ ਵਿਚ ਪੁੱਠਾ ਲਟਕਾ।
ਜ਼ੁਲਮਾਂ ਦੇ ਹੌਸਲੇ 'ਚ ਪਿੰਡ ਦਿਆਂ ਚੌਧਰੀਆਂ,
ਖਾਧਾ ਹੋਣੈ ਰੱਜ ਕੇ ਕੜਾਹ।
ਮਾਰੇ ਗਏ ਮਿੱਤਰਾਂ ਦੇ...

ਸੁਣੀਂਦਾ ਏ 'ਕਾਗ਼ਜ਼ਾਂ ਦੇ ਸ਼ੇਰ' ਉਹਨੂੰ ਕਹਿੰਦੇ ਸਾਨੂੰ,
'ਕਿਰਨਾਂ ਦਾ ਕਾਫ਼ਲਾ' ਫੜਾ।
ਉਹਦੇ ਬੋਲਾਂ ਵਿਚੋਂ ਜੋ ਸੁਗੰਧੀਆਂ ਤੂੰ ਚੂਸੀਆਂ ਨੇ,
ਹਾੜੇ ਮੇਰੇ ਬੋਲਾਂ ਨੂੰ ਛੁਹਾ।
ਨੂੜੇ ਹੋਏ ਅੰਗਾਂ ਨੇ ਨੀ, ਤਿੱਖੀਆਂ ਸੰਗੀਨਾਂ ਮੂਹਰੇ,
ਕੀਤਾ ਸੀ ਮੁਕਾਬਲਾ ਕਿ ਨਾ।
ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ
ਖ਼ੈਰ-ਸੁਖ ਦਾ ਸੁਨੇਹੜਾ ਲਿਆ।

•

## ਗੀਤ
## (ਤੱਤੀ ਤਵੀ)

ਤੱਤੀ ਤਵੀ, ਤੱਤੀ ਦੇਗ, ਤੱਤੀ ਧੁੱਪ
ਤੱਤੀ ਰੇਤ, ਤੱਤੀਓ ਸੀ ਵਗਦੀ ਹਵਾ,
ਦੁਨੀਆਂ ਦਾ ਸੇਕ ਸਾਰਾ ਤੱਤੀਏ ਨੀ,
ਇਕੋ ਦੇ ਨਾਂ ਲਿਖ ਧਰਿਆ।

ਪੈਰਾਂ 'ਚ ਬਹਾਰਾਂ ਜੀਹਦੇ ਫੁੱਲ ਸੀ ਵਿਛਾਂਦੀਆਂ,
ਮਹਿਕਾਂ ਜੀਹਦੇ ਗੀਤਾਂ 'ਚੋਂ ਨਹਾ ਕੇ ਹੈਸੀ ਜਾਂਦੀਆਂ।
ਪਿੰਡੇ ਦਿਆਂ ਛਾਲਿਆਂ 'ਚ ਬੁੱਕ ਬੁੱਕ ਪਾਣੀ,
ਤੇਰੀ ਅਜੇ ਠੰਢੀ ਹੋਈ ਨਾ ਨਿਗ੍ਹਾ,
ਦੁਨੀਆਂ ਦਾ ਸੇਕ...

ਹੋਇਆ ਕੀ ਜੇ ਕੋਈ ਉਹਤੋਂ ਬਾਗ਼ੀ ਰੋਟੀ ਖਾ ਗਿਆ,
ਕੱਚ ਦੇ ਤਖ਼ਤ ਵਿਚ ਤੇੜ ਤਾਂ ਨ੍ਹੀਂ ਪਾ ਗਿਆ।
ਭਾਰੀ ਇਨਸਾਫ਼ਣੇ ਨੀ ਭੁੱਖਿਆਂ ਨੂੰ ਰੋਟੀ ਦੇਣਾ,
ਦੱਸ ਕਿਹੜੀ ਧਾਰਾ ਦਾ ਗੁਨਾਹ,
ਦੁਨੀਆਂ ਦਾ ਸੇਕ...

ਤੇਰਾ ਸੀ ਪਵੇਹੇ ਵਿਚ ਧੁੰਮਿਆਂ ਹੰਕਾਰ ਨੀ,
ਝੱਲ ਵੀ ਨਾ ਸਕੀ ਸੱਚੀ ਗੱਲ ਦਾ ਵੀ ਭਾਰ ਨੀ,
ਨੂਰ ਜਹਾਂ ਰੁਲੂ ਤੇਰੀ ਸੱਥਾਂ ਵਿਚ ਏਦਾਂ,
ਜਿਵੇਂ ਰੁਲੇ ਸਾਡੀ ਮੰਡੀਏ ਕਪਾਹ
ਦੁਨੀਆਂ ਦਾ ਸੇਕ...

ਨੂਰ ਜਹਾਂ ਉਤੇ ਕਿਸੇ ਕਾਮੇ ਨਾ ਪਸੀਜਣਾ,
ਤੱਤੇ ਪਾਣੀ ਵਿਚ ਉਹਨੂੰ ਝੋਨਾ ਪਊ ਬੀਜਣਾ।
ਪਿੱਠ ਪਿੱਛੇ ਬੰਨ੍ਹਿਆ ਖ਼ੁਰਮ ਭੁੱਖਾ ਰੋਵੇ,
ਉਹਨੂੰ ਦੁੱਧ ਵੀ ਉਹ ਸਕੂ ਨਾ ਚੁੰਘਾਅ।
ਦੁਨੀਆਂ ਦਾ ਸੇਕ...

•



## ਗ਼ਜ਼ਲ

ਝੁੱਗੀਆਂ ਦਾ ਜਦ ਸੂਰਜ ਮੂਹਰੀ ਹੋਇਆ ਹੈ।
ਮਹਿਲਾਂ ਵਿਚਲਾ ਹਰ ਇਕ ਕਿਣਕਾ ਰੋਇਆ ਹੈ।

ਜੀ ਆਇਆਂ ਨੂੰ ਕਿਰਨੋਂ! ਅੱਗੇ ਲੰਘ ਆਓ,
ਕੌਲਿਆਂ ਤੇ ਤਾਂ ਖ਼ੂਨ ਅਸੀਂ ਹੀ ਚੋਇਆ ਹੈ।

ਮੁਕਤੀ ਕਿਦਾਂ ਮਿਲੇ ਸੁਨਹਿਰੀ ਕਲਸਾਂ 'ਚੋਂ,
ਜਿਨ੍ਹਾਂ ਰਾਵਣ ਦਾ ਕੁਕਰਮ ਲਕੋਇਆ ਹੈ।

ਹੁਣ ਇਸ ਦੇ ਸਿਰ ਛਿਟ ਚਾਨਣ ਦੀ ਚੋਅ ਦੇਈਏ,
ਕਿਰਤੀ ਨੇ ਤਾਂ ਬੜਾ ਹਨ੍ਹੇਰਾ ਢੋਇਆ ਹੈ।

ਜਦ ਹੱਕਾਂ ਦਾ ਸੱਚ ਚੰਦਰਮਾਂ ਚੜ੍ਹਿਆ ਹੈ,
ਪੂੰਜੀਪਤੀ ਦਾ ਕੂੜ ਹਨੇਰ ਪਲੋਇਆ ਹੈ।

ਹਨੂੰਮਾਨ ਲਲਕਾਰੇ ਕਿਹੜੇ ਰਾਵਣ ਨੂੰ,
ਰਾਵਣ ਦੇ ਤਾਂ ਮੂਹਰੇ ਰਾਮ ਖਲੋਇਆ ਹੈ।

•

## ਮਜ਼ਦੂਰ ਦੀ ਕਲੀ

ਤੂੰ ਮਜ਼ਦੂਰ ਤੇਰੀ ਵਿੱਥਿਆ ਵੀ ਮਜ਼ਦੂਰ ਹੈ,
ਇਹ ਕੋਈ ਨਵੀਂ ਗੱਲ ਨਾ ਤੇਰੇ ਸੁਣਨ ਸੁਣਾਉਣ ਨੂੰ।

ਜਦ ਤੂੰ ਬਾਲਮੀਕ ਸੀ ਕਵਿਤਾ ਪਹਿਲੀ ਤੂੰ ਲਿਖਤੀ,
ਵਿਹਲੜ ਭੜੂਆਂ ਦੇ ਚਿੱਤ ਪਰਚਾਉਣ ਨੂੰ।

ਤੇਰੀ ਸੀਤਾ ਦਾ ਸਤ ਭੰਗ ਰਾਵਣ ਨੇ ਨਹੀਂ ਕੀਤਾ,
ਅੱਜ ਦੇ ਰਾਠਾਂ ਕੋਲੋਂ ਫਿਰਦੀ ਇੱਜ਼ਤ ਬਚਾਉਣ ਨੂੰ।

ਤੇਰੇ ਸਾਈਕਲ ਦੀ ਤਾਂ ਓਹੀ ਡਿਚਕੂੰ ਡਿਚਕੂੰ ਹੈ,
ਸੜਕਾਂ ਬਣੀਆਂ ਏਥੇ ਸਸਤਾ ਮਾਲ ਢੋਹਣ ਨੂੰ।

ਤੇਰੀ ਛੱਪਰੀ ਨੂੰ ਤਾਂ ਮਿਲਣੀ ਲਾਟੂ ਜੋਗੀ ਹੀ,
ਲੱਖ ਤੂੰ ਗੱਡ ਲੈ ਖੰਭੇ ਘਰ ਘਰ ਬਿਜਲੀ ਲਿਆਉਣ ਨੂੰ।

ਤੇਰਾ ਭੋਲੂ ਤਾਂ ਨਿੱਤ ਰੀਂ ਰੀਂ ਕਰਦਾ ਰਹਿੰਦਾ ਹੈ,
ਧੀ ਹੈ ਤੇਰੀ ਜਾਂਦੀ ਬੰਗਲੀਂ ਬਾਲ ਖਿਡਾਉਣ ਨੂੰ।

ਤੇਰੇ ਮਿੱਠੂ ਦੀ ਨਿੱਤ ਜਾਏ ਤੜਾਗੀ ਢਿਲਕਦੀ,
ਭੁੱਖੀ ਪਤਨੀ ਨੂੰ ਨਾ ਉਤਰੇ ਦੁੱਧ ਚੁੰਘਾਉਣ ਨੂੰ।

ਜਿਹੜੀ ਧਰਤੀ ਨੂੰ ਤੂੰ ਮਾਂ ਵਰਗੀ ਨਿੱਤ ਕਹਿੰਦਾ ਸੀ,
ਓਹਦਾ ਇਕ ਓਰਾ ਵੀ ਨਹੀਂ ਤੇਰੇ ਸਹੁੰ ਖਾਣ ਨੂੰ।



## ਚੂੜੀਆਂ ਦਾ ਹੋਕਾ

ਸਾਡੀ ਬੀਹੀ ਵਿਚ ਚੂੜੀਆਂ ਦਾ ਹੋਕਾ,
ਦੇਈਂ ਨਾ ਵੀਰਾ ਵਣਜਾਰਿਆ।
ਸਾਡੇ ਪਿੰਡਾਂ 'ਚ ਤਾਂ ਸਾਉਣ 'ਚ ਵੀ ਸੋਕਾ,
ਸੋਕਾ- ਵੇ ਵੀਰਾ ਵਣਜਾਰਿਆ।

ਦਿਹਲੀਆਂ 'ਚ ਬੈਠੀ ਮੇਰੇ ਵੀਰ ਦੀ ਮਕਾਣ ਵੇ।
ਆਈਆਂ ਕੁੜਮੱਤਾਂ ਮੇਰੀ ਭਾਬੀ ਨੂੰ ਵਰਾਣ ਵੇ।
ਜੀਹਦੇ ਚਾਵਾਂ ਦਾ ਵੇ ਹੋ ਗਿਆ ਈ ਟੋਕਾ।
ਟੋਕਾ- ਵੇ ਵੀਰਾ ਵਣਜਾਰਿਆ...

ਤੀਆਂ ਦਾ ਤਿਹਾਰ ਭਾਈਆਂ ਸਿਰ 'ਤੇ ਮਨਾਈਦਾ।
ਐਵੇਂ ਸਾਥੋਂ ਵੰਗਾਂ ਕੋਲੋਂ ਗੁੱਟ ਨੀਂ ਭਨਾਈ ਦਾ।
ਤੂੰ ਕੀ ਜਾਣਦਾ ਏਂ ਭਲਿਆ ਵੇ ਲੋਕਾ।
ਲੋਕਾ- ਵੀਰਾ ਵੇ ਵਣਜਾਰਿਆ...

ਰਾਠਾਂ ਦੀ ਨੂੰਹ ਰੋਜ਼ ਰੱਤਾ ਚੂੜਾ ਛਣਕਾ ਕੇ ਵੇ।
ਜਾਣ ਜਾਣ ਲੰਘੇ ਸਾਡੀ ਬੀਹੀ ਨੂੰ ਚਿੜਾ ਕੇ ਵੇ।
ਲੱਥੇ ਉਹਦਾ ਵੀ ਸੁਹਾਗ ਦਾ ਵੇ ਕੋਕਾ।
ਕੋਕਾ- ਵੇ ਵੀਰਾ ਵਣਜਾਰਿਆ...

ਫੇਰ ਸਾਡੇ ਪਿੰਡਾਂ 'ਚੋਂ ਨਿਰਾਸ਼ ਨਾ ਤੂੰ ਜਾਏਂਗਾ।
ਚੂੜੀਆਂ ਦੇ ਨਾਲ ਜਦੋਂ ਚਾਕੂ ਵੀ ਲਿਆਏਂਗਾ।
ਅਸੀਂ ਪਾੜਨਾ ਕਾਨੂੰਨ ਦਾ ਵੇ ਖੋਖਾ।
ਖੋਖਾ- ਵੇ ਵੀਰਾ ਵਣਜਾਰਿਆ।

•

ਸੁਖ ਦਾ ਸਾਹ ਨਾ ਮਿਲਿਆ ਵੋਟਾਂ ਵਾਲਿਆਂ ਡੱਬਿਆਂ 'ਚੋਂ,
ਤੂੰ ਕਿਉਂ ਪੰਜ ਸਾਲਾਂ ਲਈ ਤੁਲਿਆ ਹੱਥ ਵਢਵਾਉਣ ਨੂੰ।

ਤੈਨੂੰ ਪਿਆ ਭੁਲੇਖਾ ਭਗਤੀ ਦੇ ਵਿਚ ਭੰਗਣਾ ਦਾ,
ਤਾਹੀਓਂ ਸਾਧਾਂ ਤੋਂ ਨਿੱਤ ਫਿਰਦੈਂ ਉੱਨ ਲਹਾਉਣ ਨੂੰ।

ਤੇਰੀ ਕਿਰਤ ਤਾਂ ਭਾਵੇਂ ਜਸ ਖੱਟ ਲੈਂਦੀ ਰਾਠਾਂ ਦਾ,
ਐਪਰ ਜਾਤ ਤਾਂ ਤੇਰੀ ਗਿੱਟਲ ਢੇਡ ਕਹਾਉਣ ਨੂੰ।

ਕਦੋਂ ਕੁ ਪਿੰਡੇ ਉਪਰੋਂ ਉਤਰੂਗੀ ਪੰਡ ਜੂੰਆਂ ਦੀ,
ਕਦੋਂ ਕੁ ਤੂੰ ਤੁਰਨਾ ਹੈ ਚਾਨਣ ਦੇ ਵਿਚ ਨਹਾਉਣ ਨੂੰ।

ਕਦੋਂ ਕੁ ਸਿਰ 'ਚੋਂ ਨਿਕਲੂ ਰੇਤਾ ਠਿੱਬਿਆਂ ਛਿੱਤਰਾਂ ਦਾ,
ਕਦੋਂ ਕੁ ਤਿਆਰ ਹੋਏਂਗਾ ਸੱਜਰੀ ਮਹਿਕ-ਹੰਢਾਉਣ ਨੂੰ।

ਚੋਰੀ ਸੇਠ ਕਰੇ ਤੇ ਫੜਿਆ ਚੌਂਕੀਦਾਰ ਹੈ,
ਦੇਸ਼-ਵਿਰੋਧੀ ਅਨਸਰ ਕਹਿ ਕੇ ਦਹਿਸ਼ਤ ਪਾਉਣ ਨੂੰ।

ਜੇ ਤੂੰ ਗੰਦ ਹੂੰਝਣ ਦੇ ਲਈ ਹੀ ਮਾਂ ਨੇ ਜੰਮਿਆਂ ਸੀ,
ਲੈ ਕੇ ਬਾਉਕਰ ਫਿਰਦੈਂ ਕਿਉਂ ਬੰਦਾ ਅਖਵਾਉਣ ਨੂੰ।

ਹੁਣ ਸਬਰ  ਜ਼ਰਾ ਜੋ ਤੂੰ ਕਰਿਆ,
ਤੇਰਾ ਫਿਰ ਜਾਣਾ ਹੈ ਘੁੱਟ ਭਰਿਆ।

ਜੋ ਕਿਰਤ ਸ਼ਾਹੀ 'ਚੋਂ ਚਮਕੇਗਾ ਉਹ ਸੱਚਾ ਤੇਰਾ ਰਾਜ ਹੋਊ,
ਮੈਂ ਸਦਕੇ ਵਿਹਲੜ ਭੱਜਦੇ ਵੇਖੀਂ ਕਿੱਦਾਂ ਜਿੰਦ ਬਚਾਉਣ ਨੂੰ।
•



## ਵਾਰਸਾਂ ਦੇ ਨਾਂ

ਸਾਡਾ ਅੰਮੀਓਂ ਜ਼ਰਾ ਨਾ ਕਰੋ ਝੋਰਾ,
ਸਾਨੂੰ ਜ਼ਿੰਦਗੀ ਸੁਰਖਰੂ ਕਰਨ ਦੇਵੋ।
ਅਸੀਂ ਜੰਮੇ ਹਾਂ ਹਉਕੇ ਦੀ ਲਾਟ ਵਿਚੋਂ,
ਸਾਨੂੰ ਸੇਕ ਜੁਦਾਈ ਦਾ ਜਰਨ ਦੇਵੋ।

ਸਾਡੇ ਵੀਰਾਂ ਨੂੰ ਵਰਜ ਕੇ ਘਰਾਂ ਅੰਦਰ,
ਜਿਉਂਦੀ ਮਾਰਿਓ ਨਾ ਸਾਡੀ ਆਬ ਮਾਤਾ।
ਭਗਤ ਸਿੰਘ ਦੀ ਮਾਂ ਬੇਸ਼ੱਕ ਬਣਿਉਂ,
ਹਾੜੇ ਬਣਿਉਂ ਨਾ ਕਿਤੇ ਪੰਜਾਬ ਮਾਤਾ।

ਸਾਡੇ ਸਿਰਾਂ ਉਤੇ ਨਿਹਚਾ ਰੱਖ ਬਾਪੂ,
ਨੰਗੀ ਹੋਣ ਨਾ ਦਿਆਂਗੇ ਕੰਡ ਤੇਰੀ।
ਤਿੱਪ ਤਿੱਪ ਜਵਾਨੀ ਦੀ ਡੋਲ੍ਹ ਕੇ ਵੀ,
ਹੌਲੀ ਕਰਾਂਗੇ ਗ਼ਮਾਂ ਦੀ ਪੰਡ ਤੇਰੀ।

ਅਸੀਂ ਸੜਕਾਂ 'ਤੇ ਡਾਂਗਾਂ ਦੀ ਅੱਗ ਸੇਕੀ,
ਐਪਰ ਹੱਕਾਂ ਨੂੰ ਡੰਡ ਲੁਆਈ ਤਾਂ ਨਹੀਂ।
ਸਾਡਾ ਕਾਤਿਲ ਹੀ ਕੱਚਾ ਨਿਸ਼ਾਨਚੀ ਸੀ,
ਅਸੀਂ ਗੋਲੀ ਤੋਂ ਕੰਡ ਭੰਵਾਈ ਤਾਂ ਨਹੀਂ।

ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ,
ਕਿ ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ।
ਬਦਲੇ ਲਏ ਤੋਂ ਵੀ ਜਿਹੜੀ ਟੁੱਟਣੀ ਨਾ,
ਏਡੀ ਲੰਮੀ ਹੈ ਸਾਡੀ ਕਤਾਰ ਬਾਪੂ।

ਸਾਡੇ ਹੱਕਾਂ ਦੀ ਮੱਕੀ ਹੈ ਹੋਈ ਚਾਬੂ,
ਵਿਹਲੜ ਵੱਗ ਨਾ ਖੇਤਾਂ ਵਿਚ ਵੜਨ ਦੇਣਾ।
ਨਰਮ ਦੋਧਿਆਂ ਦੇ ਸੂਹੇ ਪਿੰਡਿਆਂ ਨੂੰ,
ਅਸੀਂ ਲੁੱਟ ਦਾ ਤਾਪ ਨ੍ਹੀਂ ਚੜ੍ਹਨ ਦੇਣਾ।
•

## ਚਮਕੌਰ ਦੀ ਗੜ੍ਹੀ ਵਿਚ ਸਿੰਘਾਂ ਦਾ ਜੇਰਾ

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ।
ਟੁੱਭੀ ਮਾਰ ਕੇ 'ਸਰਸਾ' ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ।

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।

ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ
ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ।
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ।

ਬਾਪੂ! ਸੱਚੇ ਇਕ ਕੌਮੀ ਸਰਦਾਰ ਤਾਈਂ,
ਪੀਰ ਉਚ ਦਾ ਵੀ ਬਣਨਾ ਪੈ ਸਕਦੈ।
ਖ਼ੂਨ ਜਿਗਰ ਦੇ ਨਾਲ ਤਾਂ ਜ਼ਫਰਨਾਮਾ,
ਤੇਰੀ ਕਲਮ ਨੂੰ ਵੀ ਘੜਨੈ ਪੈ ਸਕਦੈ।

(ਪਰ) ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏ,
ਅਜੇ ਤਕ ਉਹ ਸਾਡੇ ਹਥਿਆਰ ਜਿਉਂਦੇ।
ਗੂਠਾ ਲਾਇਆ ਨਹੀਂ ਜਿਨ੍ਹਾਂ ਬੇਦਾਵਿਆਂ 'ਤੇ,
ਸਿੰਘ ਅਜੇ ਵੀ ਲੱਖ ਹਜ਼ਾਰ ਜਿਉਂਦੇ।



ਆਪਣੇ ਛੋਟਿਆਂ ਪੁੱਤਾਂ ਦੀ ਵੇਲ ਤਾਈਂ
ਜੇਕਰ ਅੱਗੇ 'ਤੇ ਚੜ੍ਹੇ ਤਾਂ ਚੜ੍ਹਨ ਦੇਵੀਂ।
ਸਾਡੀ ਮੜ੍ਹੀ 'ਤੇ ਉੱਗੇ ਹੋਏ ਘਾਹ ਅੰਦਰ,
ਠਾਹਰ ਸਿੰਘਾਂ ਦੀ ਬਣੇ ਤਾਂ ਬਣਨ ਦੇਵੀਂ।

ਐਪਰ ਜਬਰ ਅੱਗੇ ਕਿੱਦਾਂ ਸਬਰ ਕਰੀਏ,
ਅਸੀਂ ਇਹੋ ਜੀ ਜ਼ਹਿਰ ਨਾ ਪੀ ਸਕਦੇ।
ਨੱਕ ਮਾਰ ਕੇ ਡੰਗਰ ਵੀ ਜਿਉਣ ਜਿਸ ਨੂੰ,
ਅਸੀਂ ਜੂਨ ਅਜਿਹੀ ਨਾ ਜੀ ਸਕਦੇ।

•

## ਗੀਤ
## (ਜ਼ਿੰਦਗੀ ਦੇ ਰਾਹਾਂ ਵਿਚ)
**ਗੁਰੂ ਗੋਬਿੰਦ ਸਿੰਘ ਜੀ ਦੇ ਨਾਂ**

ਜ਼ਿੰਦਗੀ ਦੇ ਰਾਹਾਂ ਵਿਚ ਹੱਕਾਂ ਦੀਆਂ ਮੰਜ਼ਲਾਂ ਨੂੰ
ਤੇਰਾ ਸਿੰਘ ਹੱਸ ਕੇ ਵਰੇ।
ਓਨਿਆਂ ਸਿਰਾਂ ਦੀ ਫੇਰ ਮੁੜ ਕੇ ਹੈ ਲੋੜ ਸਾਨੂੰ
ਪਹਿਲਾਂ ਜਿੰਨੇ ਪੁੰਨ ਤੂੰ ਕਰੇ।

ਸੱਚੇ ਸੁੱਚੇ ਸਿੰਘ ਦਾ ਤਾਂ ਇਹੋ ਈ ਕਮਾਲ ਏ।
ਜ਼ਾਲਮਾਂ ਦੀ 'ਮੌਤ' ਤੇ ਗ਼ਰੀਬਾਂ ਦੀ ਉਹ ਢਾਲ ਏ।
ਤੇਰਾ ਸਿੰਘ ਸਦਾ ਹੱਕ ਸੱਚ ਲਈ ਲੜਦਾ ਏ,
ਭਾਵੇਂ ਵੀਅਤਨਾਮ 'ਚ ਲੜੇ।
ਜ਼ਿੰਦਗੀ ਦੇ ਰਾਹਾਂ ਵਿਚ...

ਲੋਕਾਂ ਨੂੰ ਸਿਖਾਇਆ ਤੇਰੀ ਕਵਿਤਾ ਦੀ ਹੇਕ ਨੇ।
'ਚਿੜੀ' ਕਿਵੇਂ 'ਬਾਜਾਂ' ਦੇ ਕਲੇਜੇ ਕੀਤੇ ਛੇਕ ਨੇ।
ਚੰਡੀ ਦੀਆਂ ਵਾਰਾਂ ਦਾ ਨਿਸ਼ਾਨਾ ਰੱਖ ਦਿਲ ਵਿਚ,
'ਇਕੋ' ਸਵਾ ਲੱਖ ਨਾ ਲੜੇ।
ਜ਼ਿੰਦਗੀ ਦੇ ਰਾਹਾਂ ਵਿਚ...

ਵਾਏ ਕੰਡਿਆਂ ਤੇ ਸੁੱਤਾ ਸ਼ੇਰ ਤੂੰ ਜਗਾਵਣਾ।
ਅਜੇ ਤਾਂ ਬੇਦਾਵਿਆਂ ਨੂੰ ਮੁਕਤ ਕਰਾਵਣਾ।
ਇਹਦੇ ਨਾ ਬੇਦਾਵਾ ਦੇਖ 'ਭਾਗੋ' ਦੀਆ ਚੂੜੀਆਂ ਵੀ,
ਬਣ ਜਾਣ ਲੋਹੇ ਦੇ ਕੜੇ।
ਜ਼ਿੰਦਗੀ ਦੇ ਰਾਹਾਂ...



ਅੱਜ ਫੇਰ ਸਾਂਭਿਆ ਔਰੰਗੇ ਨੇ ਹੀ ਰਾਜ ਹੈ।
ਪਿੰਡ ਪਿੰਡ ਪਹੁੰਚੀ ਚਮਕੌਰ ਦੀ ਆਵਾਜ਼ ਹੈ।
ਵਿਹਲਾ ਜੇ ਗੋਬਿੰਦ ਵੀਅਤਨਾਮ ਤੇ ਕੰਪੂਚੀਆ 'ਚੋਂ,
ਆ ਕੇ ਹਿੰਦ ਵਿਚ ਵੀ ਲੜੇ।
ਜ਼ਿੰਦਗੀ ਦੇ ਰਾਹਾਂ ਵਿਚ...

ਸਰਸਾ ਦੇ ਰੋੜ੍ਹ ਵਾਂਗੂੰ ਭੂਤਰੀ ਮਹਿੰਗਾਈ ਏ।
ਜ਼ੁਲਮਾਂ ਦੀ ਕੰਧ ਸਾਡੇ ਗਲਾਂ ਤੀਕ ਆਈ ਏ।
ਵਿਹਲੜਾਂ ਦੇ ਮੂੰਹਾਂ ਉਤੇ ਲਾਲੀ ਰੋਜ਼ ਚੜ੍ਹਦੀ ਏ,
ਲਹੂ ਜਦੋਂ ਕਾਮੇ ਦਾ ਸੜੇ।
ਜ਼ਿੰਦਗੀ ਦੇ ਰਾਹਾਂ ਵਿਚ ਹੱਕਾਂ ਦੀਆਂ ਮੰਜ਼ਲਾਂ ਨੂੰ,
ਤੇਰਾ ਸਿੰਘ ਹੱਸ ਕੇ ਵਰੇ।
•

## ਗੀਤ

**(ਸੀਰੀ ਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ...)**

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,
ਬੋਹਲਾਂ ਵਿਚੋਂ ਨੀਰ ਵੱਗਿਆ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿਚੋਂ ਪੁੱਜ 'ਜੱਗਿਆ'।

ਸਾਡੇ ਪਿੜ ਵਿਚ ਤੇਰੇ ਗਲ ਚੀਥੜੇ ਨੀ,
ਮੇਰੀਏ ਜੁਆਨ ਕਣਕੇ।
ਕੱਲ੍ਹ ਸ਼ਾਹਾਂ ਦੇ ਗੁਦਾਮਾਂ ਵਿਚੋਂ ਨਿਕਲੇਂ,
ਤੂੰ ਸੋਨੇ ਦਾ ਪਟੋਲਾ ਬਣ ਕੇ।
ਤੂੰ ਵੀ ਬਣ ਗਿਆ ਗ਼ਮਾਂ ਦਾ ਗੁਮੰਤਰੀ,
ਓ! ਮੇਰੇ ਬੇਜ਼ੁਬਾਨ ਢੱਗਿਆ।
ਗਲ ਲਗ ਕੇ...

ਸਾਡਾ ਘੁੱਟੀਂ ਘੁੱਟੀਂ ਖ਼ੂਨ ਤੇਲ ਪੀ ਗਿਆ,
ਤੇ ਖ਼ਾਦ ਖਾ ਗੀ ਹੱਡ ਖਾਰ ਕੇ।
ਬੋਲੇ ਬੈਂਕ ਦੀ ਤਕਾਵੀ ਬਹੀ ਅੰਦਰੋਂ,
ਬੋਹਲ ਨੂੰ ਖੰਗੂਰਾ ਮਾਰ ਕੇ।
ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ,
ਕਿ ਸੱਧਰਾਂ ਨੂੰ ਲਾਂਬੂ ਲੱਗਿਆ।
ਗਲ ਲਗ ਕੇ...



ਧੀਏ ਕਿਹੜੇ ਨੀ ਭੜੋਲੇ ਵਿਚ ਡੱਕ ਲਾਂ
ਮੈਂ ਤੇਰੀਆਂ ਜੁਆਨ ਸੱਧਰਾਂ।
ਵੱਢ ਖਾਣੀਆਂ ਸੱਸਾਂ ਦਾ ਰੂਪ ਧਾਰਿਆ,
ਹੈ ਸਾਡੀਆਂ ਸਮਾਜੀ ਕਦਰਾਂ।
ਧੀਏ ਕਿਹੜੇ ਮੈਂ ਨਜੂਮੀਆਂ ਨੂੰ ਪੁੱਛ ਲਾਂ,
ਕਿਉਂ ਚੰਨ ਨੂੰ ਸਰਾਪ ਲੱਗਿਆ?
ਗਲ ਲਗ ਕੇ...

ਸੁੱਕੇ ਜਾਣ ਨਾ ਬੋਲ੍ਹਾਂ ਦਾ ਮਾਰ ਮਗਰਾ
ਜੋ ਮਾਰਦੇ ਨੇ ਜਾਂਦੇ ਚਾਂਗਰਾਂ।
ਅੱਜ ਝੱਖੜਾਂ ਨੇ ਤੂੜੀ ਨੂੰ ਬਖੇਰਿਆ,
ਹੈ ਖੇਤਾਂ 'ਚ ਬਰੂਦ ਵਾਂਗਰਾਂ।
ਹੁਣ ਸਾਡਿਆਂ ਹੀ ਹੱਥਾਂ ਨੇ ਹੈ ਚੋਵਣਾਂ,
ਜੋ ਮਿਹਨਤਾਂ ਨੂੰ ਮਾਖਿਓਂ ਲੱਗਿਆ।
ਗਲ ਲਗ ਕੇ...

•

## ਗੀਤ

**(ਜ਼ੋਰਾਵਰ ਸਿੰਘ ਤੇ ਫਤਹਿ**
**ਸਿੰਘ ਦੀ ਦਾਦੀ ਤੋਂ ਵਿਦਾਇਗੀ ਦੇ ਨਾਂ...)**

ਦਾਦੀਏ! ਅੰਮੀਏ!!
ਅਸੀਂ ਅੱਜ ਤੇਰੇ ਮਹਿਮਾਨ।
ਅਸੀਂ ਹਾਂ ਜਗਾਉਣ ਚੱਲੇ ਇੱਟਾਂ ਦਿਆਂ ਦਿਲਾਂ ਵਿਚ,
ਮਮਤਾ ਦਾ ਵਰਦਾਨ।

ਸਾਂਭੀ ਤਾਂ ਰੱਖਣ ਤੇਰੇ ਬਾਗ਼ ਤੇ ਬਗੀਚੜੇ
ਸਦੀਆਂ ਦੀ ਖ਼ੁਸ਼ਬੋ।
ਬੰਨ੍ਹ ਬੰਨ੍ਹ ਪੰਡਾਂ ਅਸੀਂ ਆਪਣਿਆਂ ਸਿਰਾਂ ਨਾਲ,
ਮਹਿਕਾਂ ਸਭ ਲੈਣੀਆਂ ਨੇ ਢੋਅ।
ਤੇਰੀਆਂ ਬਰੂਹਾਂ ਉਤੋਂ ਕਵੀਆਂ ਨੂੰ ਲੱਭਣੇ ਨੇ,
ਕਵਿਤਾ ਦੇ ਅਨੁਵਾਨ।
ਅਸੀਂ ਅੱਜ ਤੇਰੇ ਮਹਿਮਾਨ।

ਆਪਣਿਆਂ ਪਿੰਡਿਆਂ 'ਤੇ ਵੇਖਣਾ ਪਰਖ਼ ਕੇ ਹੈ,
ਜ਼ਾਲਮਾਂ ਤੇ ਜ਼ੁਲਮਾਂ ਦਾ ਸੇਕ।
ਕਿਵੇਂ ਤਲਵਾਰਾਂ ਦੀਆਂ ਛਾਵਾਂ ਹੇਠ ਗੂੰਜਦੀ ਹੈ,
ਕਿਸੇ ਕੈਦੀ ਸੂਰਮੇ ਦੀ ਹੇਕ।
ਕਾਲਿਆਂ ਕੇਸਾਂ ਦੇ ਨਾਲ ਰੱਖ ਕੇ ਵਿਖਾਉਣੀ
ਤੇਰੇ ਦੁੱਧ ਚਿੱਟਿਆਂ ਦੀ ਸ਼ਾਨ।
ਅਸੀਂ ਅੱਜ ਤੇਰੇ ਮਹਿਮਾਨ।



ਆਏ ਸਾਲ ਕਿਹੜਾ ਤਾਂ ਚੁਰਾਏ ਸਾਡੇ ਖੇਤਾਂ ਵਿਚੋਂ,
ਪੈਲੀਆਂ ਦੇ ਮੱਥੇ ਦਾ ਗ਼ਰੂਰ।
ਲੋਕਾਂ ਦੀਆਂ ਸੱਧਰਾਂ ਦਾ ਖ਼ੂਨ ਅਸੀਂ ਰੋਕਣਾ ਏਂ,
ਪਰ ਅਸੀਂ ਖ਼ੂਨ ਡੋਲ੍ਹਣਾ ਜ਼ਰੂਰ।
ਜ਼ਾਲਮਾਂ ਦੇ ਪੈਰਾਂ ਨਾਲ ਅਸੀਂ ਨਹੀਂ ਹੋਣ ਦੇਣਾ,
ਪੈਹਿਆਂ ਦਾ ਅਪਮਾਨ।
ਅਸੀਂ ਅੱਜ ਤੇਰੇ ਮਹਿਮਾਨ।

•

# ਚੌਨੁੱਕਰੀਆਂ ਸੀਖਾਂ (ਫ਼ਰਵਰੀ 1978)

## ਬੰਦਨਾ

ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ!
ਮੇਰੀ ਕਵਿਤਾ ਤੈਥੋਂ ਕਿੰਨੀ ਦੂਰ ਹੈ!!
ਤੇ ਮੇਰੀ ਕਵਿਤਾ ਉਨ੍ਹਾਂ ਤੋਂ ਕਿੰਨੀ ਦੂਰ ਹੈ
ਜਿਨ੍ਹਾਂ ਲਈ ਇਹ ਲਿਖੀ ਗਈ ਹੈ।

ਜਦ ਵੀ ਕੋਈ ਪੇਂਡੂ ਕੁੜੀ
ਬਾਬਲ ਦੇ ਗਲ ਲੱਗ ਕੇ ਕਰਦੀ ਹੈ ਸਮਾਜੀ ਕਲੇਸ਼ ਦਾ ਜ਼ਿਕਰ,
"ਜਾਂ ਤਾਂ ਬਾਪੂ ਮੈਂ ਮਰਜਾਂ
ਜਾਂ ਮਰਜੇ ਕੁੜਮਣੀ ਤੇਰੀ"
ਤਾਂ ਸੁੰਗੜ ਕੇ ਰਹਿ ਜਾਂਦਾ ਹੈ
ਮੇਰਾ 'ਅੰਮੜੀ ਨੂੰ ਤਰਲਾ' ਨਾਂ ਦਾ ਗੀਤ।
ਤੇ ਦਿਲ ਕਰਦਾ ਹੈ ਉਸ ਕੁੜੀ ਨੂੰ ਗੁਰੂ ਮੰਨ ਲਵਾਂ।

ਵੇਖ ਕਿੰਨਾ ਖੁਸ਼ਕ ਹੈ 'ਜੰਗ ਤੇ ਅਮਨ' ਦਾ ਵਿਸ਼ਾ
ਤੇ ਕਿੰਨਾ ਸਰਲ ਹੋ ਜਾਂਦਾ ਹੈ,
ਜਦੋਂ ਕੋਈ 'ਨਾਨਕੇ ਸ਼ੱਕ' ਆਈ ਫੌਜਣ ਕਹਿੰਦੀ ਹੈ,
'ਬਸਰੇ ਦੀ ਲਾਮ ਟੁੱਟਜੇ, ਮੈਂ ਰੰਡੀਓਂ ਸੁਹਾਗਣ ਹੋਵਾਂ।'

ਮੈਂ ਬੜਾ ਤਿੜ ਕੇ ਲਿਖਦਾ ਹਾਂ
'ਜੱਟ ਤੇ ਸੀਰੀ' ਦਾ ਹਾਲ, ਇਕ ਲੰਮੀ ਸਾਰੀ ਕਵਿਤਾ ਵਿਚ
ਪਰ ਘੁੰਨੇ ਜੱਟ ਨੂੰ
'ਜੱਟਾ ਤੇਰੀ ਜੂਨ ਬੁਰੀ, ਹੱਲ ਛੱਡ ਕੇ ਚਰ੍ਹੀ ਨੂੰ ਜਾਣਾ'
ਗਾਉਣ ਲਈ



ਕਿਸੇ ਮੂਡ ਦੀ ਲੋੜ ਨਹੀਂ ਪੈਂਦੀ
ਮੇਰੇ ਅਜੇ ਨਾਂ ਦੇ ਗੀਤ ਦੀ ਤਰ੍ਹਾਂ।

ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ!
ਤੇਰੀ ਤਰਜ਼ ਵੀ ਕਿੰਨੀ ਮਹਾਨ ਹੈ।
ਤੇਰੇ ਸੰਗੀਤ ਨੂੰ ਨਹੀਂ ਹੈ ਕਿਸੇ ਖਾਸ ਰਿਆਜ਼ ਦੀ ਲੋੜ
ਤੂੰ ਤਾਂ ਹਰ ਜਨ ਖਈਂ ਆਵਾਜ਼ ਦਾ ਬਣ ਸਕਦੀ ਹੈਂ ਸੁਆਦ
ਤੂੰ ਟਿੱਚਰਾਂ ਕਰ ਸਕਦੀ ਹੈਂ
ਅੱਜ ਮਹਿਲਾਂ ਦੇ ਸ਼ਿੰਗਾਰ 'ਤਾਨਸੈਨ' ਨੂੰ।

ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ,
ਉਮਰ ਕੈਦ ਦੀ ਸੁਣਵਾਈ ਸਮੇਂ ਵੀ ਨਹੀਂ ਡੋਲਦਾ
ਤੇਰੇ ਨਾਇਕਾਂ ਦਾ ਜੇਰਾ।
"ਕਾਹਨੂੰ ਰੋਨੀ ਐਂ ਮੱਥੇ 'ਤੇ ਹੱਥ ਧਰ ਕੇ
ਮਿੱਤਰਾਂ ਨੂੰ ਕੈਦ ਬੋਲਗੀ।"

ਕਿੰਨੇ ਭਰਭੂਰ ਹਨ ਤੇਰੇ ਵਿਸ਼ੇ, ਵਸਤੂ ਤੇ ਰੂਪ ਦੇ ਸੋਮੇ,
ਤੇ ਮੈਂ ਕਿੰਨਾ ਅਨਪੜ੍ਹ ਲੱਗਦਾ ਹਾਂ,
ਖੇਤਾਂ ਵਿਚ ਮੁੜ੍ਹਕੋ ਮੁੜ੍ਹਕੀ ਹੋਏ
ਤੇਰੇ ਅਨਪੜ੍ਹ ਲਿਖਾਰੀਆਂ ਨਾਲੋਂ।
ਗੱਲ ਕੀ
'ਵੀਰ ਪਿਆਰ ਤੋਂ ਲੈ ਕੇ
ਇਸ਼ਕ ਦੀ ਸੂਲੀ ਚੜ੍ਹਨ ਤੱਕ ਦਾ ਰਾਹ'
"ਕੁੱਲੀਆਂ ਤੋਂ ਲੈ ਕੇ ਸਰਕੜੇ ਵਿਚ ਬਣੀ
ਇਨਕਲਾਬੀਆਂ ਦੀ ਠਾਹਰ ਤਕ ਦੀ ਕਲਾ"
"ਬੀਜ ਤੋਂ ਲੈ ਕੇ ਰੋਟੀ ਬਣਨ ਤਕ ਦਾ
ਭੌਤਿਕ ਪ੍ਰੀਵਰਤਣ"

ਕਿਰਤ ਦੀ ਲੁੱਟ ਤੋਂ ਲੈ ਕੇ
ਪ੍ਰੋਲੇਤਾਰੀ ਦੀ ਰਾਜਸ਼ਾਹੀ ਤਕ ਦਾ ਸੰਘਰਸ਼
ਕਵਿਤਾ ਨਾਲ ਨੱਕੋ ਨੱਕ ਹੋਏ ਪਏ ਹਨ
ਤੇਰੀ ਸੱਜਰੀ ਤੇ ਕੁਆਰੀ ਛਾਤੀ ਦੇ ਵਾਂਗ।

ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ,
ਮੈਂ ਇਕ ਅਦਨਾ ਜਿਹਾ ਲਿਖਾਰੀ
ਸ਼ਬਦਾਂ ਦਾ ਜੰਜਾਲ ਲੈ ਕੇ ਤੇਰੇ ਦੁਆਰ ਆਇਆ ਹਾਂ,
ਤੂੰ ਇਨ੍ਹਾਂ ਨੂੰ ਆਪਣੀਆਂ ਮਿੱਠੀਆਂ ਸੁਰਾਂ ਦੀ ਛੁਹ ਦੇ
ਤਾਂ ਜੁ ਇਨ੍ਹਾਂ ਦਾ ਬਣ ਸਕੇ ਕੋਈ ਗੀਤ
ਤੇ ਉਹ ਗੀਤ ਬਣ ਸਕੇ
ਤੀਆਂ ਵਿਚ ਨੱਚਦੀਆਂ ਕੁੜੀਆਂ ਦੀ
ਸਭਿਆਚਾਰਕ ਇਨਕਲਾਬ ਦੀ ਹੇਕ
"ਵੀਰ ਸੁਣਦੇ ਦਾਹੜੀਆਂ ਵਾਲੇ
ਚੰਗੇ ਚੰਗੇ ਬਚਨ ਕਰੋ"
ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ!

*(1.1.75, ਸੈਂਟਰਲ ਜੇਲ੍ਹ, ਪਟਿਆਲਾ)*

•



## ਬੇਦਾਵਾ

ਜਿਨ੍ਹਾਂ ਨੇ 'ਐਮਰਜੈਂਸੀ' ਨੂੰ ਬੇਦਾਵਾ ਲਿਖਿਆ ਹੈ
ਉਹ ਅਸੀਂ ਹੀ ਤੇਰੇ ਗੁਸਤਾਖ਼ ਪੁੱਤਰ ਹਾਂ

ਪਿਆਰੇ ਵਤਨ!
ਅਸੀਂ ਹੀ ਉਂਗਲ ਕੀਤੀ ਸੀ
ਭੁਬਨੇਸ਼ਵਰ ਵਿਚਲੇ 'ਖੰਡਾਗਿਰੀ', ਦੇ ਨੰਗੇ ਬੁੱਤ ਵੱਲ।
ਤੇ ਅਸੀਂ ਹੀ ਹੱਸ ਪਏ ਸਾਂ,
ਤੇਰੇ ਬੈਜਨਾਥ ਦੀਆਂ ਕੰਧਾਂ 'ਤੇ ਉਕਰਿਆ ਹੋਇਆ 'ਕੋਕ ਸ਼ਾਸਤਰ', ਵੇਖ ਕੇ।

ਸਾਨੂੰ ਤਾਂ ਤੇਰੀਆਂ 'ਚੌਂਹ ਕੂੰਟਾਂ ਦੇ' 'ਚੌਮੁਖੀਏ ਦੀ ਸੌਂਹ'
ਅਸੀਂ ਹੀ ਨਹੀਂ ਗਏ ਸਾਂ
ਮਾਵਾਂ ਤੇ ਧੀਆਂ ਦੇ ਨਾਲ
ਕੋਕ ਸ਼ਾਸਤਰ ਮੂਹਰੇ ਤੇਰੀ ਸਭਿਅਤਾ ਦੀ ਸੌਂਹ ਚੁੱਕਣ।
ਕਿਉਂਕਿ ਇਸ 'ਕਾਮਮੋਖ' ਦੇ ਅਰਥ ਤਾਂ
ਅਸੀਂ ਮਾਸ਼ੂਕਾਂ ਨੂੰ ਵੀ ਨਹੀਂ ਸਕਦੇ ਸਾਂ ਸਮਝਾ।

ਪਿਆਰੇ ਵਤਨ
ਅਸੀਂ ਹੀ ਤੇਰੇ ਪਵਿੱਤਰ ਮੰਦਰਾਂ ਵਿਚ
ਕਾਮ ਉਕਸਾਊ ਮੂਰਤੀਆਂ ਸਾਹਮਣੇ
ਤੇਰੀ ਆਜ਼ਾਦੀ ਨੂੰ ਚਹੇਡਾਂ ਕਰਨ ਦਾ ਕੀਤਾ ਹੈ 'ਕਿਆ ਪਾਪ'
ਤਾਹੀਓਂ ਤਾਂ ਅਸੀਂ, ਗਰਦਾਨੇ ਗਏ ਹਾਂ,
'ਨਾਸਤਕ ਉਰਫ ਸਮਾਜ ਵਿਰੋਧੀ ਅਨਸਰ'
'ਮਹਾਂ ਪ੍ਰਭੂਆਂ' ਵੱਲੋਂ।
ਹੇ ਸਦਾ ਸੁਹਾਗਣ ਧਰਤੀਏ!
ਅਸੀਂ ਹੀ ਸਮਝ ਗਏ ਸਾਂ

'ਬੁੱਢੇ ਮਾਰਵਾੜੀ ਸੇਠ ਦਾ ਅਣਛੇੜ' ਆਦਿਵਾਸੀ ਕੁੜੀ ਨਾਲ
ਮੰਦਰਾਂ ਵਿਚ ਭੋਗ ਵਿਲਾਸ ਦੇ ਆਸਣ ਵੇਖਣ ਦੇ ਅਰਥ।

ਅਸੀਂ ਹੀ ਤਰਸ ਕੀਤਾ ਸੀ
'ਮਹਾਂ ਪ੍ਰਭੂਆਂ, ਵੱਲੋਂ ਨੂੜੇ ਹੋਏ ਆਦਿਵਾਸੀ 'ਤੇ,
ਤੇ ਜ਼ੁਲਮ ਕਹਿ ਗਏ ਸਾਂ ਉਸ 'ਤੇ
'ਜਾਤ ਲੁਕਾ ਕੇ, ਸਬਜ਼ੀ ਵੇਚਣ
ਦੀ ਸਜ਼ਾ ਭੁਗਤਦਿਆਂ ਵੇਖ ਕੇ।
ਅਸੀਂ ਤੇਰੇ ਕਿੰਨੇ ਬੇਗ਼ੈਰਤ ਪੁੱਤਰ ਹਾਂ,
ਪਿਆਰੇ ਵਤਨ
ਜੁ ਲੈਂਦੇ ਰਹੇ ਬਾਗ਼ੀਆਂ ਵਾਂਗੂੰ ਤੇਰੀ ਗੋਦ 'ਚ ਪਨਾਹ
ਤੇ ਤੇਰੇ 'ਤੇ ਚਲਵਾਉਂਦੇ ਰਹੇ
212/216 ਦੇ ਮੁਕੱਦਮੇ
ਤੇ 29 ਵਰ੍ਹਿਆਂ ਤਕ ਵੀ ਨਹੀਂ ਕਰਵਾ ਸਕੇ ਕੋਈ ਫ਼ੈਸਲਾ,
ਤੇ ਤੂੰ ਹੁਣ ਤਕ ਬਣਿਆਂ ਰਿਹਾ ਹਵਾਲਾਤੀ ਦਾ ਹਵਾਲਾਤੀ।

ਅਸੀਂ ਤੇਰੀਆਂ ਕਿਹੜੀਆਂ ਬਹਾਰਾਂ ਦਾ ਮਾਣ ਕਰੀਏ!
ਇਥੇ ਤਾਂ ਬਹਾਰਾਂ ਤਰਾਸ਼ਣ ਵਾਲੇ ਹੱਥਾਂ ਨੂੰ ਵਜਦਾ ਹੈ ਟੋਕਾ,
ਤੇ ਗਲ 'ਚ ਸਿੱਕਾ ਢਲ ਜਾਂਦਾ ਹੈ
ਤੇਰੀਆਂ ਭਰਿੰਡ ਰੰਗੀਆਂ ਕਣਕਾਂ ਦੇ ਗੀਤ ਗਾਉਣ ਬਦਲੇ
ਅਸੀਂ ਤਾਂ ਇਹ ਵੀ ਸਮਝ ਗਏ ਹਾਂ, ਪਿਆਰੇ ਵਤਨ!
ਕਿ ਤੇਰੀ ਜ਼ਰਖੇਜ਼ ਧਰਤੀ ਦਾ ਅਰਥ ਭੁੱਖ ਨਹੀਂ
ਜਿਵੇਂ ਮਾਂ, ਦਾ ਅਰਥ 'ਬਾਂਝ' ਹਰਗਿਜ਼ ਨਹੀਂ ਹੁੰਦਾ।
ਫਿਰ ਤੇਰਿਆਂ ਉਚਿਆਂ ਬੁਹਲਾਂ ਦਾ ਅਰਥ
ਭੁੱਖਿਆਂ ਦੀਆਂ ਲਾਸ਼ਾਂ ਦਾ ਢੇਰ ਕਿਵੇਂ ਹੋਇਆ?
ਜੇ ਸੇਠ ਤੇ ਭੰਗੀ ਦੇ ਅਰਥ
ਛੋਟਾ ਤੇ ਵੱਡਾ ਭਾਈ ਨਹੀਂ



ਤਾਂ ਐਮਰਜੈਂਸੀ ਦਾ ਤਰਜੁਮਾ
ਅਮਨ, ਸ਼ਾਂਤੀ ਤੇ ਖੁਸ਼ਹਾਲੀ ਕਿਵੇਂ ਹੋਇਆ?

ਜਿਨ੍ਹਾਂ ਨੇ ਐਮਰਜੈਂਸੀ ਨੂੰ ਬੇਦਾਵਾ ਲਿਖਿਆ
ਉਹ ਅਸੀਂ ਹੀ ਹਾਂ ਪਿਆਰੇ ਵਤਨ!

*(30.9.75, ਸੈਂਟਰਲ ਜੇਲ੍ਹ, ਪਟਿਆਲਾ)*

•

## ਹਮਦਰਦ

ਉਹ ਜਦ ਵੀ ਮੇਰੇ ਆਹਲਣੇ 'ਤੇ ਝਪਟਦੇ ਹਨ,
ਮੇਰੇ ਬੜੇ ਹਮਦਰਦ ਬਣਦੇ ਹਨ।

ਉਹ ਹਰ ਵੇਰ ਮੇਰੀ ਪਤਨੀ ਨੂੰ ਦਿੰਦੇ ਹਨ ਇਕ ਨਵੀਂ ਸਲਾਹ
ਤੇ ਬਹੁਤ ਕਰਦੇ ਹਨ ਮੇਰਾ 'ਬੱਚੇ ਨਾ ਪਾਲਣ ਦਾ' ਫ਼ਿਕਰ।
ਤੇ ਹਰ ਵਾਰ ਉਹ ਛੱਡ ਜਾਂਦੇ ਹਨ
ਸਾਡੇ ਘਰ, ਮੁਹੱਲੇ ਤੇ ਪਿੰਡ ਵਿਚ ਕਈ ਭੁਲੇਖੇ।

ਪਿੰਡ!
ਜੁ ਬੇਸ਼ੱਕ ਜਾਣਦਾ ਹੈ
ਕਿ ਮੈਂ ਬਗੀਚੇ ਦਾ ਰਾਖਾ ਇਕ ਭਈਆ ਹਾਂ
ਜਿਸ ਨੂੰ ਬੀਜਣ, ਗੁੱਡਣ ਤੇ ਬੋਹਲ ਲਾਉਣ ਤੱਕ ਦਾ ਹੈ ਅਧਿਕਾਰ
ਪਰ ਆਟਾ ਹੋ ਜਾਂਦਾ ਹੈ ਭ੍ਰਿਸ਼ਟ
ਜਦੋਂ ਰੋਟੀ ਲਈ ਉੱਠਦਾ ਹੈ ਮੇਰਾ ਹੱਥ।

ਪਿੰਡ!
ਜਿਸ ਲਈ ਅਜੇ ਬਹੁਤ ਓਪਰਾ ਹੈ
ਸਵੈਮਾਣ ਨਾਲ ਭਰਿਆ ਹੋਇਆ ਜੀਵਨ
ਮੈਨੂੰ ਕਿਉਂ ਨਹੀਂ ਕਹੇਗਾ?
ਮੈਥੋਂ ਕਿਉਂ ਨਹੀਂ ਪਾਲੇ ਜਾਂਦੇ ਆਪਣੇ ਬੱਚੇ।

ਉਸ ਦਿਨ ਜਿਸ ਦਿਨ ਅਧਨੰਗੀ ਨੂੰ
ਧਰੂਹ ਕੇ ਲੈ ਗਏ ਸਨ ਲੰਬੜਦਾਰਾਂ ਦੀ ਡਿਉਢੀ
ਮੇਰੇ 'ਤੇ ਬਹੁਤ ਆਇਆ ਸੀ ਰੋਹ



ਮੇਰਾ ਅੱਧ ਖਿੜਿਆ ਫੁੱਲ
ਜਿਸ ਦੀਆਂ ਪੱਤੀਆਂ ਵਰਗੀਆਂ ਗੱਲ੍ਹਾਂ 'ਤੇ
ਅੱਜ ਤਕ ਠਾਣੇਦਾਰ ਦੀ ਚਪੇੜ ਦੇ ਨਿਸ਼ਾਨ ਬਾਕੀ ਹਨ
ਬੇਵੱਸ ਹੋ ਕੇ ਰਹਿ ਗਿਆ ਸੀ
ਆਪਣੀ ਅੰਮੀ ਦੀਆਂ ਲਿਲ੍ਹਕੜੀਆਂ ਸੁਣ ਕੇ
ਤੇ ਉਸ ਦਿਨ ਸਾਰੇ ਹੀ ਫੁੱਲਾਂ ਨੇ
ਕੇਰੇ ਸਨ ਅੱਗ ਦੇ ਅੱਥਰੂ
ਤੇ ਮੇਰੇ ਬੱਚਿਆਂ ਦਾ ਫ਼ਿਕਰ ਕਰਨ ਵਾਲੇ
ਉਸ ਦਿਨ ਬਣ ਗਏ ਸਰਹੰਦ ਦੇ ਸੂਬੇ ਦੇ ਮੁਕੱਦਮ।
ਉਨ੍ਹਾਂ ਨੂੰ ਹਰ ਦਫ਼ਾ ਮੇਰੇ 'ਤੇ ਏਹੀ ਚੜ੍ਹਦੀ ਹੈ ਚੀਹ
ਕਿ ਮੈਂ ਆਪਣਿਆਂ ਨੂੰ ਛੱਡ ਕੇ,
ਸਭਦੇ ਬੱਚਿਆਂ ਲਈ ਕਿਉਂ ਕਰਦਾ ਹਾਂ ਗੱਲ।

*(10.7.75, ਸਬ ਜੇਲ੍ਹ, ਬਰਨਾਲਾ)*

•

## ਵਿਹਲੜਾਂ 'ਤੇ ਈਰਖਾ

ਚੱਕੀਆਂ ਦੇ ਅਹਾਤੇ ਵਿਚ ਫਲੇ ਹੋਏ
ਅੰਬਾਂ ਦੇ ਦਰਖ਼ਤੋ!
ਤੁਸੀਂ ਕਿੰਨੇ ਤਰਸੇ ਹੋਏ ਹੋ
ਅੰਬੀਆਂ ਉਤੇ ਗਟਾਰਾਂ ਦੇ ਚਰਚੋਲ੍ਹਰ ਨੂੰ
ਸਾਉਣ ਦੀ ਮਿੱਠੀ ਫੁਹਾਰ ਵਿਚ
ਕਿਉਂ ਸੜ ਰਿਹੈ ਕੋਇਲਾਂ ਦੀ ਆਵਾਜ਼ ਨੂੰ ਸੀਨਾ

ਅਹਾਤੇ ਦੀ ਕੰਧ ਦੇ ਉਸ ਪਾਰ
ਦਰਖ਼ਤਾਂ ਦੇ ਟਸੇ ਹੋਏ ਜਾਮਣੂੰ
ਕਿੰਨੇ ਤਰਸੇ ਹੋਏ ਹਨ
ਚੱਕੀਆਂ ਵਿਚ ਬੰਦ ਕੈਦੀਆਂ ਦੇ ਹੋਠਾਂ ਦੀ ਰੰਗਤ ਬਣਨ ਲਈ।

ਕਿੰਨਾ ਰੰਗੀਨ ਮੌਸਮ ਹੈ
ਤੇ ਮੈਂ ਕਿੰਨਾ ਤਰਸ ਗਿਆ ਹਾਂ
ਅਹਾਤੇ ਵਿਚ ਨਿੰਮ ਦੀਆਂ ਟਸੀਆਂ ਨਮੋਲੀਆਂ ਖਾਣ ਲਈ।
ਇਥੇ ਤਾਂ "ਵਰ੍ਹਦੀ ਫੁਹਾਰ ਵਿਚ ਪਿਆਰ"
ਬਹੁਤ ਪਰ੍ਹੇ ਦੀ ਗੱਲ ਹੈ
ਇਥੇ ਤਾਂ ਉਹ ਸਾਉਣ ਵਰ੍ਹ ਰਿਹੈ
ਜਿਥੇ ਚੱਕੀਆਂ ਦੇ ਦਿਲਾਂ 'ਚੋਂ ਉਠਦੇ ਧੂੰਏਂ ਵਿਚੋਂ
ਪੂੜਿਆਂ ਦੀ ਮਹਿਕ ਨਹੀਂ ਆਉਂਦੀ,
ਇਸ ਹਸੂੰ ਹਸੂੰ ਦੀ ਰੁੱਤੇ
ਮੈਨੂੰ ਉਨ੍ਹਾਂ ਪੰਛੀਆਂ ਦੀ ਆਜ਼ਾਦੀ 'ਤੇ ਹੈ ਬੜੀ ਈਰਖਾ



ਜੁ ਜੇਲ੍ਹ ਦੇ ਦਰਖ਼ਤਾਂ 'ਤੇ ਗੁਟਕਣਾਂ
ਸਮਝਦੇ ਹਨ ਆਪਣੇ ਗੀਤਾਂ ਦੀ ਤੌਹੀਨ
ਤੇ ਦੂਰ ਉਡ ਜਾਂਦੇ ਹਨ
ਮਜ਼ਬੀਆਂ ਦੇ ਵਿਹੜੇ ਵਿਚ ਲੱਗੇ ਹੋਏ
ਲਸੂੜੇ ਦੀਆਂ ਲਸੂੜੀਆਂ ਖਾਣ ਲਈ।

ਚੱਕੀਆਂ ਦੀ ਜ਼ਿੰਦਗੀ
ਜਿਥੇ ਸ਼ਿਕਾਰੀ ਹਰ ਚੱਕੀ ਨੂੰ ਅਜਿੱਤ ਕਿਲਾ ਸਮਝਦਾ ਹੈ
ਚੱਕੀ ਦੇ ਬੂਹੇ ਦੀਆਂ ਚੌਨੁੱਕਰੀਆਂ ਸੀਖਾਂ ਨੂੰ 'ਅਟੁੱਟ ਬੰਦਨ'
ਤੇ ਬੂਹੇ 'ਤੇ ਖਲੋਤੇ ਵਾਰਡਨ ਨੂੰ ਹਰ ਚੀਜ਼ ਦਾ ਪਹਿਰੇਦਾਰ

ਇਥੇ ਤਾਂ ਪਤਾ ਨਹੀਂ
ਕਦੋਂ ਅੱਖ ਚੂੰਭਲ ਦਏਗਾ
ਹੈਡ ਵਾਰਡਨ ਦੀ ਤੁਰਲੀ ਦਾ ਪੱਲਾ
ਤੇ ਪਤਾ ਨਹੀਂ ਕਦੋਂ ਉਭਰ ਪਏਗਾ ਕੈਦੀਆਂ 'ਤੇ
ਉਸ ਦੇ ਹੱਥ ਵਿਚ ਕਸ ਕੇ ਫੜਿਆ ਹੋਇਆ ਜੈਤੂਨ ਦਾ ਰੂਲ
ਜਿਥੇ ਆਜ਼ਾਦੀ ਦੀ ਆਵਾਜ਼ ਕੁਚਲਣ ਵਿਚ ਹੀ ਹੈ
ਉਸ ਦੀ ਤਰੱਕੀ ਦਾ ਰਾਜ਼।
ਇਥੇ ਫੁਹਾਰ ਦਾ ਪਾਣੀ ਗੰਦੇ ਨਾਲੇ ਜਾ ਸਕਦਾ ਹੈ ਰੁੜ੍ਹ ਕੇ
ਪਰ ਕੋਈ ਮਨੁੱਖ ਨਹੀਂ ਮਾਣ ਸਕਦਾ
ਮਿੱਤਰਾਂ ਨਾਲ ਮਿਲ ਕੇ ਪਿੱਤ ਮਾਰਨ ਦਾ ਸੁਆਦ

ਇਥੇ ਤਾਂ ਚੱਕੀ ਵਿਚ ਪਈ ਝੱਜਰ ਦਾ ਪਾਣੀ
ਮਿੱਤਰਾਂ ਦੀ ਗੜਬੀ ਜਿਹਾ ਨਹੀਂ
ਜਿਸ ਦਾ ਸੁਆਦ ਸ਼ਰਬਤ ਵਰਗਾ ਹੁੰਦਾ ਹੈ
ਇਥੇ ਤਾਂ ਅਹਾਤੇ ਵਿਚ ਖਿੜੇ ਹੋਏ ਫੁੱਲਾਂ ਦੀ ਮਹਿਕ,
ਹਵਾਲਾਤੀ ਦੇ ਮੂੰਹ 'ਤੇ ਬੰਨ੍ਹੀ ਹੋਈ ਟੱਟੀ ਦੀ ਬੋਅ ਵਰਗੀ ਹੈ।

ਇਥੇ ਕਿੰਨੀ ਮਿਥਿਹਾਸ ਲਗਦੀ ਹੈ,
ਕਬੂਤਰਾਂ ਦੇ ਸੁਨੇਹੇ ਪਹੁੰਚਾਣ ਵਾਲੀ ਕਹਾਣੀ
ਤੇ ਸੀਤਾ ਨੂੰ ਆਜ਼ਾਦ ਕਰਾਉਣ ਲਈ
ਜਟਾਊ ਦਾ ਰਾਵਣ ਨਾਲ ਯੁੱਧ

ਆਜ਼ਾਦ ਪੰਛੀਓ!
ਹੈਡ ਵਾਰਡਨ ਕਦੋਂ ਦਾ ਰਾਊਂਡ ਲਾ ਕੇ ਚਲਾ ਗਿਆ ਹੈ
ਉਸ ਦੀਆਂ ਝਿੜਕਾਂ ਤੇ ਕੁੜ੍ਹਨ ਵਿਚ ਰੁੱਝਿਆ ਹੈ
ਅਹਾਤਾ ਸੰਤਰੀ!
ਤੁਸੀਂ ਚੱਕੀ ਦੀਆਂ ਸੀਖਾਂ ਲੰਘ ਆਓ,
ਸੂਰਜ ਦੀਆਂ ਕਿਰਨਾਂ 'ਤੇ ਬੈਠ ਕੇ
ਮੈਂ ਸੁਲਤਾਨ ਨਹੀਂ ਜੁ
ਆਪਣੀ ਦਮਯੰਤੀ ਦਾ ਭਾਰ ਵੀ ਤੁਹਾਡੇ ਪਰਾਂ 'ਤੇ ਪਾਵਾਂ
ਮੈਂ ਤਾਂ ਤੁਹਾਡੇ ਨਾਲ ਉੱਡ ਕੇ ਉਸੇ ਲਸੂੜੇ 'ਤੇ ਗੁਟਕਣਾਂ ਚਾਹੁੰਨੈ
ਜਿਥੇ ਮੁਤਰਾਲ ਦਾ ਬੱਠਲ ਚੁੱਕੀ ਕੋਈ ਕੰਵਲ,
ਪਿੰਡੇ 'ਤੇ ਪਹਿਨ ਲਏ ਮੇਰੇ ਗੀਤਾਂ ਦੇ ਪੱਛਣੇਂ।
ਤੇ ਜਦ ਕਦੀ ਮਹਿਲਾਂ ਦੀ ਅੱਖ ਉਸ ਦੇ ਰੂਪ ਦਾ ਪਿੱਛਾ ਕਰੇ,
ਉਹ ਵਲੂੰਧਰ ਸੁੱਟੇ ਉਸ ਅੱਖ ਦੀ ਹਰ ਝਿੰਮਣ,
ਤੇ ਡੋਲ੍ਹ ਦੇਵੇ ਉਸ ਦੇ ਸਿਰ ਵਿਚ ਮੁਤਰਾਲ ਦਾ ਬੱਠਲ।

ਪੰਛੀਓ ਮੈਂ ਕਿੰਨਾ ਤਰਸ ਗਿਆ ਹਾਂ
ਤੁਹਾਡੀ ਜੂਨ ਭੋਗਣ ਲਈ।

*(16.7.75, ਸੈਂਟਰਲ ਜੇਲ੍ਹ, ਪਟਿਆਲਾ)*

•



## ਜਨਮ ਅਸ਼ਟਮੀ

ਮਨਾਇਆ ਗਿਆ ਹੈ ਕੈਦੀਆਂ ਵੱਲੋਂ
ਜੇਲ੍ਹ ਅਹਾਤੇ ਵਿਚ ਇਕ ਕੈਦੀ ਦਾ ਗੁਰਪੁਰਬ
ਪਦਾਰਥ ਦੇ ਵੱਡੇ ਲੁਟੇਰੇ ਕੈਦੀਆਂ ਨੇ
ਚੁੱਕੀ ਹੈ ਦੇਸ਼ 'ਚੋਂ ਅਧਰਮੀਆਂ ਦੇ ਖ਼ਾਤਮੇ ਦੀ ਸੌਂਹ

ਇਸ ਜਸ਼ਨ ਵਿਚ ਤਾਂ ਮੇਰੇ ਵਰਗੇ ਕਈ ਕੰਸ ਤੇ ਜਗਸੰਧ ਵੀ ਬੈਠੇ ਹਨ
ਜੁ ਲਾਹੁਣਾ ਚਾਹੁੰਦੇ ਹਨ ਲੁਟੇਰਿਆਂ ਦੇ ਮੂੰਹ ਤੋਂ
ਧਰਮ ਦਾ ਨਕਾਬ
ਤੇ ਉਨ੍ਹਾਂ ਨੂੰ ਨੰਗਾ ਕਰ ਕੇ ਤੋਰਨਾ ਚਾਹੁੰਦੇ ਹਨ ਜਮਨਾ ਦੀ ਪਟੜੀ 'ਤੇ
ਕ੍ਰਿਸ਼ਨ ਵੱਲੋਂ ਨੰਗੀਆਂ ਕੀਤੀਆਂ ਗਈਆਂ
ਗੋਕਲ ਦੇ ਕਿਰਤੀਆਂ ਦੀਆਂ ਕੁੜੀਆਂ ਦੇ ਵਾਂਗ

ਇਥੇ ਤਾਂ ਕੁਝ ਉਗਰਸੈਨ ਵੀ ਬੈਠੇ ਹਨ
ਜੋ ਦੇ ਰਹੇ ਹਨ ਪੰਡਤਾਂ ਨੂੰ
ਜੱਟਾਂ ਦੀਆਂ ਬੂਰੀਆਂ ਦਾ ਘਿਓ ਹਵਨ ਵਿਚ ਸਾੜਨ ਲਈ
ਤਾਂ ਜੋ ਹੋਰ ਗੂੜ੍ਹੇ ਹੋ ਸਕਣ
ਕ੍ਰਿਸ਼ਨ ਨੂੰ ਜਲ ਕਰੀੜਾ ਕਰਨ ਲਈ ਕਾਲਖ਼ ਦੇ ਬੱਦਲ
ਤੇ ਕੰਸ ਦੇ ਸਾਥੀ ਮਨ ਵਿਚ ਹੀ ਕੁੜ੍ਹ ਰਹੇ ਹਨ
ਕਹੀਆਂ ਨਾਲ ਭੜੀਆਂ ਚਾੜ੍ਹਦੇ ਕਿਰਤੀਆਂ ਦੇ ਹਿੱਸੇ ਦੀ
ਥੰਧਿਆਈ ਨੂੰ ਸੜਦਿਆਂ ਵੇਖ ਕੇ।
ਪਰ ਕੰਸ ਹਾੜ੍ਹ ਚਰ੍ਹੀ ਦੀਆਂ ਅੱਠ ਭਰੀਆਂ
ਕੁਤਰਨ ਵਾਲੇ ਕਿਰਤੀ ਦੀ ਖੁਸ਼ਕ ਜ਼ੁਬਾਨ 'ਤੇ ਬੈਠਦਾ ਬੋਲਦਾ ਹੈ

"ਪਦਾਰਥ ਸਾੜਨ ਲਈ ਨਹੀਂ
ਭੋਗਣ ਲਈ ਬਣਦੇ ਹਨ"
ਫਿਰ ਪਦਾਰਥ ਸਾੜਨ ਵਾਲੇ ਅੱਠਾਸੀ ਰਾਜਿਆਂ ਸਮੇਤ
ਕੰਸ ਆਪਣੇ ਆਪ ਨੂੰ ਵੀ ਕੈਦ ਕਰਨ ਦਾ ਕਰਦਾ ਹੈ 'ਅਧਰਮ'
ਪਰ 'ਨਾਰਦ ਮੁਨੀ' ਅੱਠਵੇਂ ਬੱਚੇ ਦੀ ਥਾਂ
ਅੱਠੇ ਹੀ ਬੱਚੇ ਮਰਵਾਉਣ ਦਾ ਕਰਦਾ ਹੈ 'ਧਰਮ'

ਇਸ ਜਸ਼ਨ ਵਿਚ ਕੁਝ ਵਾਸਦੇਵ ਤੇ ਦੇਵਕੀਆਂ ਵੀ ਹਨ
ਜੋ ਚੁੱਪ ਕਰ ਕੇ ਫੜਾ ਦਿੰਦੇ ਹਨ ਜੱਲਾਦਾਂ ਦੇ ਹੱਥ
ਮਾਸੂਮਾਂ ਦੀ ਉਂਗਲੀ
ਜੋ ਭੱਜ ਨਹੀਂ ਸਕਦੇ ਕੈਦ 'ਚੋਂ
'ਦੱਧਾਹੂਰੀਏ ਨਕਸਲਬਾੜੀ ਟਹਿਲ' ਦੇ ਵਾਂਗ

ਪਦਾਰਥ ਦੇ ਲੁਟੇਰੇ 'ਧਰਮੀ'
ਲੁਕ ਰਹੇ ਹਨ ਲੋਕਾਂ ਵਿਚ 'ਨਾਸਤਿਕਤਾ' ਦਾ ਡਰਾਵਾ ਦੇ ਕੇ
ਜਿਵੇਂ ਕ੍ਰਿਸ਼ਨ ਕੰਸ ਦੇ ਡਰ ਤੋਂ
ਲੁਕ ਜਾਏ ਗੋਕਲ ਦੇ ਕਿਰਤੀਆਂ ਦੇ ਵਿਹੜੇ
ਤੇ ਕਿਰਤੀਆਂ ਦਾ ਹਾਮੀ ਕੰਸ ਕਰ ਨਾ ਸਕੇ
ਕਿਰਤੀਆਂ ਦੇ ਵਿਹੜੇ ਦੀ ਤਲਾਸ਼ੀ
ਕ੍ਰਿਸ਼ਨ ਪਾਉਂਦਾ ਰਹੇ ਅਵਤਾਰਾਂ ਦੇ ਭੁਲੇਖੇ
ਸਾਰੇ ਪਿੰਡ ਦੀਆਂ ਮੱਖਣੀਆਂ 'ਤੇ ਡੋਲ੍ਹਦਾ ਰਹੇ
ਹਾਲੀਆਂ ਤੇ ਪਾਲੀਆਂ ਨੂੰ ਲਿਜਾਣ ਵਾਲੀ
ਲੱਸੀ ਤੇ ਦਹੀਂ ਦੇ ਚਟੂਰੇ
ਤੇ ਲੁੱਟਦਾ ਰਹੇ ਮਗਰੋਂ



ਖੇਤੀਂ ਕੰਮ ਕਰਨ ਗਏ
'ਸ਼ਗਾਰੇ' ਹੋਰਾਂ ਦੀ ਇੱਜ਼ਤ ਦਾ 'ਸ਼ੰਗਾਰ'
ਕਲੱਬਾਂ ਵਰਗੀ 'ਬੀ' ਕਲਾਸ 'ਚੋਂ
ਨਰਕਾਂ ਵਰਗੀ 'ਸੀ' ਵਿਚ ਆ ਕੇ ਬੋਲਣ ਵਾਲੇ ਨੇਤਾ
ਬਹੁਤ ਕਾਹਲੇ ਹਨ
ਪਰੇਡ ਗਰਾਊਂਡ ਵਿਚ ਲੁਟੇਰੇ ਪ੍ਰਧਾਨ ਮੰਤਰੀ ਵਾਲੀ
ਥਾਂ 'ਤੇ ਖੜ੍ਹ ਕੇ ਬੋਲਣਾ
ਇਹ ਲੀਡਰ ਪ੍ਰਧਾਨ ਮੰਤਰੀ ਦੀ ਜਮਾਤੀ ਲੁੱਟ ਤੇ ਨਹੀਂ
ਉਸ ਦੀ ਰੰਗ ਬਰੰਗੀ ਸਾੜ੍ਹੀ ਤੇ ਜ਼ਿਆਦਾ ਔਖੇ ਹਨ
ਇਹ ਨੇਤਾ ਨਹੀਂ ਦੱਸਣਗੇ
ਕਿ ਪਿੰਡਾਂ ਦੀਆਂ ਕੁੜੀਆਂ ਵਿਚ ਨੰਗਾ ਨੱਚਣ ਵਾਲਾ ਕ੍ਰਿਸ਼ਨ
ਕਿਵੇਂ ਬਣ ਗਿਆ 'ਦੁਸ਼ਾਸਨ' ਦੀ ਸਭਾ ਵਿਚ
ਇਕ ਰਾਜੇ ਦੀ ਕੁੜੀ 'ਦਰੋਪਤੀ' ਦਾ ਪਰਦਾ।
ਇਹ ਨੇਤਾ ਤਾਂ ਅਰਜਨ ਅਤੇ ਯੁਧਿਸਟਰ ਹਨ
ਜੋ ਆਪਣੀ ਪਤਨੀ ਨੂੰ ਵੀ ਲਾ ਦਿੰਦੇ ਹਨ
ਜੂਏ ਦੀ ਬਾਜ਼ੀ ਤੇ
ਤੇ ਜੂਏ ਵਿਚ ਹਾਰੇ ਰਾਜ ਲਈ
ਕਰਦੇ ਹਨ ਹੱਕਸ਼ਫੀ ਦਾ ਦਾਅਵਾ।
ਉਹ ਧਰਮ ਪੁੱਤਰ ਅਖਵਾਂਦੇ ਹਨ
ਅਣਹੱਕੀ ਮੰਗ ਲਈ ਲੋਕਾਂ ਦੀਆਂ
ਅਠਾਰਾਂ ਖੂਹਣੀਆਂ ਖਪਾ ਕੇ ਵੀ

ਇਹ ਨੇਤਾ ਬਹੁਤ 'ਔਖੇ' ਹਨ ਨਵੀਂ ਪੀੜ੍ਹੀ 'ਤੇ
ਗੀਤਾ ਨੂੰ ਨਾ ਪੜ੍ਹਨ ਬਾਰੇ
ਪਰ ਇਥੇ ਤਾਂ ਕੁਝ ਉਹ 'ਅਰਜਨ' ਵੀ ਹਨ
ਜਿਨ੍ਹਾਂ ਨੂੰ ਚਾਚਿਆਂ, ਬਾਬਿਆਂ, ਗੁਰਭਾਈਆਂ ਤੇ ਮਿੱਤਰਾਂ ਨਾਲ
ਗ੍ਰਹਿਸਥੀਆਂ ਵਰਗਾ ਮੋਹ ਹੈ

ਇਹ ਨੇਤਾ ਤਾਂ ਕ੍ਰਿਸ਼ਨ ਹਨ
ਜੋ ਰਾਜ ਗੱਦੀ ਲਈ ਕਰਦੇ ਹਨ
ਪਿਆਰ, ਫ਼ਰਜ਼ ਅਤੇ ਅਣਖ ਦੀ ਖਿਚੜੀ

ਅੱਜ ਦਾ ਨੌਜਵਾਨ 'ਕੰਸ'
ਜਦ ਪੜ੍ਹੇਗਾ 'ਰਾਜ ਸੱਤਾ' ਲਈ ਗੀਤਾ ਉਪਦੇਸ਼,
ਤਾਂ ਉਸ ਦੇ ਸਾਹਮਣੇ ਉਭਰ ਆਏਗੀ
ਬਾਬੇ ਨਾਨਕ ਦੀ ਰੂਹ
ਜਿਸ ਨੇ ਰਾਜੇ ਸ਼ੀਂਹ ਮੁਕੱਦਮ ਕੁੱਤੇ ਕਹਿਣ ਬਦਲੇ
ਪੀਸੀਆਂ ਸਨ ਰਾਜੇ ਦੀ ਜੇਲ੍ਹ ਵਿਚ ਚੱਕੀਆਂ।
ਫਿਰ ਤਾਂ ਨੌਜਵਾਨਾਂ ਦੇ ਮਨ ਵਿਚ ਹੋ ਜਾਏਗਾ
ਇਤਿਹਾਸ ਦਾ ਉਲਟਾ ਚਿੱਤਰ।

ਉਹ ਸੋਚਣਗੇ
ਜੇ ਗੱਦੀ ਲਈ ਲੋਕਾਂ ਤੇ ਮਿੱਤਰਾਂ ਦਾ ਕਤਲ ਧਰੋਹ ਨਹੀਂ
ਤਾਂ, ਜੈ ਚੰਦ, ਬਾਬਰ, ਨਾਦਰ ਤੇ ਔਰੰਗਜ਼ੇਬ
ਕਿਵੇਂ ਸਕੇ ਭਰਾ ਨਹੀਂ ਹੋ ਸਕਦੇ ਪੰਜੇ ਪਾਂਡਵਾਂ ਦੇ
"ਹਿੰਦੁਸਤਾਨ ਦੀ ਕਾਂਗਰਸ ਸਰਕਾਰ ਕਿਵੇਂ ਜ਼ਾਲਮ ਹੋਈ?
ਵਿਰੋਧੀਆਂ 'ਤੇ ਬਰੂਦ ਦਾ ਮੀਂਹ ਵਰ੍ਹਾ ਕੇ?"
"ਸਗੋਂ ਉਹ ਤਾਂ ਸੌ ਫੀਸਦੀ ਈਮਾਨਦਾਰੀ ਦਿਖਾ ਰਹੀ ਹੈ
ਦੁਆਪਰੀ ਕ੍ਰਿਸ਼ਨ ਦੇ ਸਿਆਸੀ ਮੈਨੀਫੈਸਟੋ 'ਤੇ।"
"ਫਿਰ ਕਾਂਗਰਸ ਕਿਵੇਂ ਨਹੀਂ ਕ੍ਰਿਸ਼ਨ ਵਾਂਗ ਧਰਮੀ ਤੇ ਨਿਹਕਲੰਕ?"
"ਅਸੀਂ ਕਾਲ ਕੋਠੜੀਆਂ ਵਿਚ ਡੱਕੇ ਕੈਦੀ
ਆਜ਼ਾਦੀ ਦੀ ਮੰਗ ਕਰ ਕੇ ਕਰਦੇ ਹਾਂ
ਆਪਣੇ ਅਧਰਮੀ ਤੇ ਨਾਸਤਿਕ ਹੋਣ ਦਾ ਵਿਖਾਵਾ"



"ਫਿਰ ਤਾਂ ਅਸੀਂ ਗੋਕਲ ਦੇ ਕਿਸਾਨ ਦੀ ਕੁੜੀ
'ਚੰਦਰਾਵਲ' ਵਰਗੇ ਹਾਂ
ਜੋ ਕ੍ਰਿਸ਼ਨ ਦੀ ਰਾਸਲੀਲਾ ਤੋਂ ਬਚ ਕੇ
ਦੇ ਰਹੇ ਹਾਂ ਆਪਣੇ ਗੁਸਤਾਖ਼ ਹੋਣ ਦਾ ਸਬੂਤ"

ਇਹ ਨੇਤਾ ਕੁੜੀਆਂ ਵਾਲੇ ਕੱਪੜੇ ਪਾ ਕੇ
ਕਿਉਂ ਕਰ ਰਹੇ ਹਨ ਜੰਤਾ ਰੂਪੀ 'ਚੰਦਰਾਵਲ' ਨਾਲ ਸੰਭੋਗ
ਮਨਾਇਆ ਤਾਂ ਏਦਾਂ ਵੀ ਜਾਂਦਾ ਹੈ
ਜਨਮ ਅਸ਼ਟਮੀ ਦਾ ਤਿਉਹਾਰ।

*(30.8.75, ਸੈਂਟਰਲ ਜੇਲ੍ਹ, ਪਟਿਆਲਾ)*

•

## ਸ਼ੁਗਲ

ਕੱਲ੍ਹ ਨੂੰ ਤਾਂ ਜੇਲ੍ਹ ਵਿਚ ਵੀ,
ਆਜ਼ਾਦੀ ਦਾ ਦਿਨ ਮਨਾਇਆ ਜਾਏਗਾ, ਮੇਰੇ ਦੋਸਤ!
ਕੱਲ੍ਹ ਨੂੰ ਤਾਂ ਨਿਰੀਆਂ ਅਫ਼ਸਰਾਣੀਆਂ ਆਉਣਗੀਆਂ
ਆਪਣਿਆਂ ਮੂੰਹਾਂ ਵਿਚ ਹਾਸਿਆਂ ਦੀਆਂ ਝਾਂਜਰਾਂ ਪਾ ਕੇ
ਤੇ ਬੁੱਲ੍ਹਾਂ ਰਾਹੀਂ ਦਿਖਾਉਣਗੀਆਂ
ਅਫ਼ਸਰ ਪਤੀਆਂ ਨੂੰ ਵੱਢੀਆਂ ਵਿਚ ਮਿਲਿਆ ਹੋਇਆ
ਲੋਕਾਂ ਦਾ ਖ਼ੂਨ
ਤੇ ਉਹ ਜਣੇ ਖਣੇ 'ਤੇ ਕਰਨਗੀਆਂ
'ਕੋਈ ਤਕਲੀਫ਼' ਦਾ ਸੁਆਲ।

ਕੱਲ੍ਹ ਨੂੰ ਕੈਦੀਆਂ ਨੂੰ ਖੁਆਈ ਜਾਏਗੀ
ਰੱਜਵੀਂ ਮਠਿਆਈ
ਕੱਲ੍ਹ ਨੂੰ ਲੰਗਰ 'ਚੋਂ ਆਈ ਦਾਲ 'ਤੇ
ਰਿੱਝੇ ਹੋਏ ਸੁੰਡ ਨਹੀਂ ਤਰਨਗੇ
ਕੱਲ੍ਹ ਨੂੰ ਤਾਂ ਕਿਸੇ ਨੂੰ ਵੀ ਨਹੀਂ ਕਰਨ ਦਿੱਤਾ ਜਾਏਗਾ
ਭੂਰਿਆਂ ਵਿਚ ਬਿਰਨ ਬਿਰਨ ਕਰਦੀਆਂ
ਹਰਨੀਆਂ ਲੜਾਉਣ ਦਾ ਸ਼ੁਗਲ
ਤੇ 'ਹਰਨਾਂ ਦੀਆਂ ਬੱਚੀਆਂ' ਨੂੰ
ਭੂਰਿਆਂ ਵਿਚਲੀਆਂ ਹਰਨੀਆਂ ਦਿਖਾ ਕੇ ਨਹੀਂ ਕੀਤਾ ਜਾਏਗਾ ਜ਼ਲੀਲ
ਕਿਉਂਕਿ ਇਹ ਵਰ੍ਹਾਂ ਤਾਂ ਮਨਾਇਆ ਜਾ ਰਿਹਾ ਹੈ
'ਇਸਤਰੀ ਵਰ੍ਹੇ' ਦੇ ਨਾਂ 'ਤੇ।

ਹਰਨਾਂ ਦੀਆਂ ਬੱਚੀਆਂ ਦੇ ਮਗਰ
ਛਲੇਡੇ ਅਫ਼ਸਰ ਆਉਣਗੇ
ਉਨ੍ਹਾਂ ਦੀਆਂ ਫਾਈਲਾਂ ਵਿਚ ਝੱਟ ਦਰਜ ਹੋ ਜਾਣਗੀਆਂ
ਅਫ਼ਸਰਾਣੀਆਂ ਵੱਲੋਂ ਨਖ਼ਰੇ ਨਾਲ
ਸੁਣੀਆਂ ਗਈਆਂ ਸ਼ਿਕਾਇਤਾਂ



ਪਰ ਪਰਸੋਂ ਨੂੰ ਤਾਂ ਕੋਈ ਵੀ ਕੈਦੀ
'ਰਾਸ਼ਨ' ਦੀ ਕਮੀ ਤੋਂ ਭੁੱਖ ਹੜਤਾਲ ਨਹੀਂ ਕਰ ਸਕੇਗਾ
ਤੇ ਸ਼ਿਕਾਇਤਾਂ ਵਾਲੇ ਕਾਗ਼ਜ਼ 'ਤੇ
ਮੂਧੀ ਹੋ ਜਾਏਗੀ ਕਾਲੀ ਸਿਆਹੀ ਦੀ ਦਵਾਤ।
ਪਰਸੋਂ ਨੂੰ ਤਾਂ ਕੈਂਸਲ ਹੋ ਜਾਏਗੀ।
ਜੇਲ੍ਹ ਸੁਧਾਰ ਦੀ ਮੰਗ ਕਰਦੇ ਹੋਏ 'ਦੀਪੇ' ਦੀ ਮੁਲਾਕਾਤ
ਮੁੰਜ ਦੀਆਂ ਸਲ੍ਹਾਬੀਆਂ ਸਫ਼ਾਂ ਵਿਚ ਤਾਂ
ਖਟਮਲ ਉਸੇ ਤਰ੍ਹਾਂ ਰਚੇ ਮਿਚੇ ਰਹਿਣਗੇ
ਸਰਕਾਰ ਤੇ ਅਪੋਜੀਸ਼ਨ ਦੇ ਸਹਿਯੋਗ ਦੀ ਤਰ੍ਹਾਂ
ਜੂੰਆਂ ਪਿੰਡਿਆਂ ਦੇ ਹੋਰ ਨੇੜੇ ਹੋਣਗੀਆਂ
ਪਿੰਡਾਂ ਵਿਚ ਇਲੈਕਸ਼ਨ ਪ੍ਰਚਾਰ 'ਤੇ ਆਏ ਹੋਏ
ਮੰਤਰੀਆਂ ਦੇ ਵਾਂਗ।

ਕੱਲ੍ਹ ਦਾ ਦਿਨ ਤਾਂ ਆਪਣੇ ਪਿੱਛੇ ਛੱਡ ਜਾਏਗਾ
ਕਿੰਨਾ ਹੀ ਚੰਗਾ ਪ੍ਰਭਾਵ
ਕੈਦੀਆਂ ਦੀਆਂ ਕਈ ਰਾਤਾਂ ਸ਼ੁਗਲ ਵਿਚ ਲੰਘ ਜਾਣਗੀਆਂ
ਅਫ਼ਸਰਾਣੀਆਂ ਦੀਆਂ

ਗੱਲ੍ਹਾਂ, ਛਾਤੀਆਂ, ਅੱਖਾਂ ਤੇ ਪੱਟਾਂ ਦੀਆਂ ਗੱਲ ਕਰ ਕੇ।
ਪਰਸੋਂ ਨੂੰ ਤਾਂ ਚੂੰਢੀਆਂ ਵੱਢਣ ਦਾ ਸ਼ੁਗਲ
ਉਵੇਂ ਲੱਗਦਾ ਰਹੇਗਾ ਢੋਰਿਆਂ 'ਤੇ ਖਟਮਲਾਂ ਦੇ ਸਿਰ!

ਕੱਲ੍ਹ ਨੂੰ ਤਾਂ ਸਾਨੂੰ ਜੇਲ੍ਹ ਵਿਚ ਹੀ ਹੋ ਜਾਵੇਗਾ
ਸੰਤੋ ਭੰਗਣ ਤੇ ਦਿੱਲੀ ਦੀ ਰੁਖ਼ਸਾਨਾ
ਵਿਚਲੇ ਫਰਕ ਦਾ ਨਿਰਣਾ।
ਕੱਲ੍ਹ ਨੂੰ ਤਾਂ ਅਸੀਂ ਸਮਝਲਾਂਗੇ
'ਆਜ਼ਾਦੀ' ਵਿਚ ਆਰਥਿਕ ਗੁਲਾਮੀ ਦੇ ਅਰਥ
ਕੱਲ੍ਹ ਨੂੰ ਤਾਂ ਜੇਲ੍ਹ ਵਿਚ ਵੀ
ਆਜ਼ਾਦੀ ਦਾ ਦਿਨ ਮਨਾਇਆ ਜਾਏਗਾ, ਮੇਰੇ ਦੋਸਤ।

*(14.9.76, ਥਾਣਾ ਹਵਾਲਾਤ, ਮੋਗਾ)*

•

## ਅਸੀਂ ਤਰਸ ਨਹੀਂ ਕਰਨਾ

ਤੇ ਜਦੋਂ ਵੀ ਸਾਡੀ ਜਿੱਤ ਦਾ ਵੱਡਾ ਦਿਨ ਆਇਆ
ਮੇਰੇ ਸੂਰਮੇ ਲੋਕੋ!

ਤਾਂ ਜਮਾਤੀ-ਦੁਸ਼ਮਣਾਂ ਨੂੰ ਸਜ਼ਾ ਦੇਣ ਲੱਗਿਆਂ
ਅੱਖਾਂ 'ਚੋਂ ਦੂਰ ਲਾਹ ਕੇ ਰੱਖ ਦੇਣਾ ਤਰਸ ਦੀ ਨਿਗਾਹ
ਤੇ ਆਪਣੇ ਮਨ ਵਿਚ ਮੁੜ ਕੇ ਦੁਹਰਾ ਲੈਣਾ
ਇੰਟੈਰੋਗੇਸ਼ਨ ਸੈਂਟਰਾਂ ਵਾਲਾ ਵਾਤਾਵਰਨ
ਉਸ ਸਮੇਂ ਤਾਂ ਸਾਡੇ ਕੋਲ
ਰਹਿਮ ਨਾਂ ਦਾ ਕੁਝ ਵੀ ਬਾਕੀ ਨਹੀਂ ਹੋਣਾ
ਅਸੀਂ ਤਾਂ ਰਹਿਮ ਨੂੰ ਹਰ ਥਾਂ ਵੰਡਦੇ ਰਹੇ ਹਾਂ
'ਦੇਗ਼ਾਂ ਵਿਚ ਉਬਲਦੇ' ਸਿਕਦੀਆਂ ਦੇ ਕੋਲ
ਜੀਪਾਂ ਮਗਰ ਘੜੀਸੀਦੇ ਗੁਰੀਲਿਆਂ ਮਗਰ
ਗੁਪਤ ਅੰਗਾਂ ਵਿਚ ਉਬਲਦੇ ਅੰਡੇ ਦੀ
ਪੀੜ ਸਹਿਣ ਵਾਲੀਆਂ ਕੁੜੀਆਂ ਦੇ ਸੰਗ
ਮਾਂ ਨੂੰ 'ਘੋਟਣਾ ਲੱਗਿਆਂ' ਦੇਖ ਕੇ
ਬੱਚਿਆਂ ਦੀ ਲਿਲ੍ਹਕੜੀ
ਸਾਨ੍ਹਾਂ ਨਾਲ ਉਜੜਦੀਆਂ ਪੈਲੀਆਂ ਦੇ ਬੰਨ੍ਹੇ
ਥਾਣੇਦਾਰ ਦੀ ਜੁੱਤੀ ਪਾਲਿਸ਼ ਕਰ ਰਹੇ ਸਿਪਾਹੀ ਦੇ ਕੋਲ
ਅਧਰੰਗ ਖਾਧੇ ਪਿੰਡਿਆਂ
ਤੇ ਕੋਲਾ ਖਾਨਾਂ ਵਿਚ ਘਿਰ ਗਏ ਮਜ਼ਦੂਰਾਂ ਦੇ ਅੰਗ ਸੰਗ
ਗੁਰੀਲਿਆਂ ਦੀਆਂ ਪਤਨੀਆਂ ਦੀ ਜ਼ਿੰਮੇਵਾਰੀ

ਤੇ ਰੁਜ਼ਗਾਰ ਦਫ਼ਤਰਾਂ ਸਾਹਮਣੇ
ਗਿੜਗਿੜਾਉਣ ਵਾਲੇ ਮੁੰਡਿਆਂ ਦੇ ਮਗਰ
ਗੱਲ ਕੀ ਸਰਮਾਏਦਾਰ ਦੀ ਮਾਰ ਹੇਠ ਆਏ
ਹਰ ਪਦਾਰਥ ਨੂੰ ਤਰਸ ਨਾਲ ਵਰਾਉਂਦੇ ਰਹੇ।



ਹੁਣ ਤਾਂ ਅਸੀਂ ਪੀਆਂਗੇ ਰੱਜਵੀਂ 'ਰੂੜੀ ਮਾਰਕਾ'
ਕਿਉਂਕਿ ਪਿੰਡ ਵਾਲਿਆਂ ਨੇ ਲਿਆਂਦਾ ਹੋਏਗਾ
ਜਮਾਤੀ-ਦੁਸ਼ਮਣਾਂ ਨੂੰ ਜਮਾਤੀ-ਨਫ਼ਰਤ ਦੀ ਸਜ਼ਾ ਦੇਣ ਲਈ
ਪਿੰਡ ਦੀ ਸੱਥੇ।
ਬੇਸ਼ੱਕ ਜਗੀਰਦਾਰ ਸਫ਼ੈਦਪੋਸ਼ ਜ਼ਰੂਰ ਡਿੱਗੇਗਾ
ਸੰਤੇ ਚੂਹੜੇ ਦੇ ਪੈਰੀਂ
ਤੇ ਮੁਆਫ਼ੀ ਮੰਗੇਗਾ
ਉਸ ਦੇ ਗੁਰੀਲੇ ਪੁੱਤ ਦੀ ਮੁਖ਼ਬਰੀ ਕਰਨ ਲਈ
ਬੇਸ਼ੱਕ ਕਰੋੜੀ ਸੇਠ ਵੀ ਸੁੱਟੇਗਾ ਪਾੜ ਕੇ
ਪੀਤੂ ਜੱਟ ਦਾ ਬਹੀ 'ਚੋਂ ਖ਼ਾਤਾ
ਤੇ ਪੇਸ਼ ਕਰੇਗਾ
ਖਾਨ-ਪੁੱਟ ਮਹੇਸ਼ੀ ਨੂੰ ਆਪਣੀ ਧੀ ਦਾ ਡੋਲਾ।

ਹੁਣ ਤਾਂ ਡਿਪਟੀ ਦੀ ਮਾਂ
ਬਦੋ ਬਦੀ ਚੁੱਕ ਲਏਗੀ ਧੂੜ ਵਿਚੋਂ
ਇੰਟੈਰੋਗੇਸ਼ਨ ਵਿਚ ਸ਼ਹੀਦ ਹੋਏ ਕਾਮਰੇਡ ਦਾ ਬੱਚਾ
ਤੇ ਵਾਰ ਵਾਰ ਡਿੱਗੇਗੀ
ਛਿੱਤਰਾਂ ਦੀ ਮਾਰ ਖਾ ਰਹੇ, ਆਪਣੇ ਪੁੱਤਰ ਦੇ ਪਿੰਡੇ 'ਤੇ।

ਹੁਣ ਤਾਂ ਸਰਕਾਰੀ ਮੁਖ਼ਬਰ ਭਾਗਾ ਚੌਂਕੀਦਾਰ ਵੀ
ਪਾਏਗਾ ਮਜ਼ਦੂਰ ਦਾ ਵਾਸਤਾ
ਹੁਣ ਤਾਂ ਬੁੱਧੀਜੀਵੀਆਂ ਵਿਚ ਸੀ.ਆਈ.ਡੀ. ਦੇ ਬੰਦੇ
ਇਕ ਦੂਜੇ ਤੋਂ ਮੂਹਰੇ ਹੋ ਕੇ ਦਿਖਾਉਣਗੇ
ਸੀ.ਆਈ.ਡੀ. ਨੂੰ ਬਹੁਤ ਚਿਰ ਪਹਿਲਾ ਲਿਖੇ ਹੋਏ ਅਸਤੀਫ਼ੇ।
ਤੇ ਵਾਸਤੇ ਦੇਣਗੇ 'ਲੋਕ ਫ਼ੌਜ ਵਿਚ ਭਰਤੀ ਹੋਣ' ਲਈ
ਕਾਰਖ਼ਾਨੇਦਾਰ ਤੇ ਤਨਖਾਹਦਾਰ ਗੁੰਡੇ।

ਹੁਣ ਤਾਂ ਮੁੱਲਾਂ, ਪੰਡਤ, ਭਾਈ ਤੇ ਸਾਧ
ਮੰਨ ਲੈਣਗੇ ਆਪਣੇ ਆਪ ਨੂੰ
ਹਿੰਦੁਸਤਾਨੀ ਸਭਿਅਤਾ ਦੇ ਮੁੱਖ ਦੋਸ਼ੀ
ਪਰ ਅਸੀਂ ਬੇਵੱਸ ਹੋਵਾਂਗੇ
ਉਨ੍ਹਾਂ ਨੂੰ ਤਰਸ ਦਾ ਕੋਈ ਭੋਗ ਦੇਣ ਤੋਂ
ਕਿਉਂਕਿ ਸਾਡੇ ਮਨ ਤਾਂ ਭਰੇ ਪਏ ਹੋਣਗੇ
ਇੰਟੈਰੋਗੇਸ਼ਨਾਂ ਵਿਚ ਸ਼ਹੀਦ ਹੋਣ ਵਾਲੇ
ਸਿੰਘ, ਸਿੰਘਣੀਆਂ ਤੇ ਭੁਝੰਗੀਆਂ ਦੇ

ਯਾਦਗਾਰੀ ਰੂਹ ਨਾਲ।
ਤੇ ਜਦੋਂ ਵੀ ਸਾਡੀ ਜਿੱਤ ਦਾ ਵੱਡਾ ਦਿਨ ਆਇਆ
ਮੇਰੇ ਸੂਰਮੇ ਲੋਕੋ!

*(1.10.75, ਸੈਂਟਰਲ ਜੇਲ੍ਹ, ਪਟਿਆਲਾ)*

•

## ਐਮਰਜੈਂਸੀ ਹਵਾਲਾਤੀ

ਮੈਂ ਐਮਰਜੈਂਸੀ ਹਵਾਲਾਤੀਆਂ ਵਿਚੋਂ
ਇਕ ਸੁਧਰ ਚੁੱਕਿਆ ਹਵਾਲਾਤੀ ਲਿਖ ਰਿਹਾ ਹਾਂ
ਲਿਖਤੁਮ! ਐਮਰਜੈਂਸੀ ਹਵਾਲਾਤੀ
ਪੜ੍ਹਤੁਮ! ਮੇਰੇ ਪਿਆਰੇ ਵੀਰੋ, ਬੱਚਿਓ ਤੇ ਪਿੰਡ ਵਾਸੀਓ!
ਤੁਸੀਂ ਮੇਰੇ 'ਤੇ ਬਹੁਤ ਨਾਰਾਜ਼ ਹੋਵੋਗੇ
ਕਿਉਂਕਿ ਮੈਂ ਇੰਨਾ ਚਿਰ
ਆਪ ਨੂੰ ਕੋਈ ਖ਼ਤ ਨਹੀਂ ਪਾ ਸਕਿਆ।
ਕਾਰਨ?
ਕਾਰਨ ਬੜਾ ਸਾਫ਼ ਹੈ
ਮੈਨੂੰ ਆਜ਼ਾਦੀ ਸਮੇਂ ਤੋਂ ਸਰਕਾਰ ਦੀਆਂ 'ਪ੍ਰਾਪਤੀਆਂ'
ਇਕ ਦੂ ਵਾਢਿਓਂ ਪੜ੍ਹਨੀਆ ਪੈ ਗਈਆਂ ਸਨ।

ਤੁਹਾਨੂੰ ਇਹ ਜਾਣ ਕੇ ਬੜੀ ਖ਼ੁਸ਼ੀ ਹੋਵੇਗੀ
ਕਿ ਮੈਂ ਐਤਕੀਂ 'ਕਾਮਰੇਡਾਂ' ਦੇ ਟੇਟੇ ਨਹੀਂ ਚੜ੍ਹਿਆ
ਉਹ ਮੈਨੂੰ ਬਥੇਰਾ ਦਿਖਾਉਂਦੇ ਰਹੇ
ਆਮ ਕੈਦੀਆਂ ਦੀ ਦਾਲ 'ਤੇ ਤਰਦੀਆਂ ਸੁੰਡੀਆਂ
ਤੇ, ਖ਼ਾਸ ਬੰਦਿਆਂ ਲਈ ਜੇਲ੍ਹ ਵਿਚ ਉਸਰੇ ਬੰਗਲੇ
ਪਰ ਫੇਰ ਵੀ ਮੈਥੋਂ ਸਰਕਾਰ ਦੀ ਨਿਰਪੱਖਤਾ ਦਾ
ਸਤਿਕਾਰ ਕਰਨੋਂ ਰਿਹਾ ਨਾ ਗਿਆ।
ਹੁਣ ਮੈਨੂੰ ਪਤਾ ਲੱਗ ਗਿਆ ਹੈ
ਕਿ ਆਪਣੇ ਪਿੰਡ ਦੇ ਅਮਰੀਕਾ ਵਾਲਿਆਂ ਦੀ ਕੁੜੀ
ਤੇ ਧੋਤੋ ਵਿਚਲਾ ਫ਼ਰਕ
ਪੂਰਬਲੇ ਕਰਮਾਂ ਦਾ ਫਲ ਹੈ।
ਹੁਣ ਮੈਨੂੰ ਸੋਝੀ ਆ ਗਈ ਹੈ



ਕਿ ਰੋਜ਼ੀ ਤੋਂ ਆਤ੍ਰਾ
ਗੁਰਦੁਆਰੇ ਦੇ ਲੰਗਰ 'ਤੇ ਪਲਣ ਵਾਲਾ 'ਰੁਲਦੂ'
ਕਿਵੇਂ 'ਸੱਜ ਪਿਛਾਖੜ' ਹੈ
ਤੇ ਸੜਕਾਂ, ਪਿੰਡਾਂ ਤੇ ਚੌਕਾਂ ਦਾ ਨਾਂ
'ਧਰਮ' 'ਤੇ ਰੱਖਣ ਵਾਲਾ ਅਨਸਰ
ਕਿਵੇਂ 'ਅਗਾਂਹਖੜ੍ਹ' ਹੈ।
ਤੁਸੀਂ ਮੇਰਾ ਕੋਈ ਫ਼ਿਕਰ ਨਾ ਕਰਨਾ
ਮੈਂ ਬਾਹਰ ਨਾਲੋਂ ਜੇਲ੍ਹ ਵਿਚ
ਕਈ ਦਰਜੇ ਸੌਖਾ ਹਾਂ।

ਵਿਹੜੇ ਵਾਲਿਆਂ ਨੂੰ ਆਖਣਾ!
ਉਹ ਮੰਡੀਉਂ ਮੁੜੇ ਜੱਟਾਂ ਦੇ ਮੂਹਰੇ ਕੱਛਾਂ ਵਜਾਉਣ
ਤੇ ਉਨ੍ਹਾਂ ਦੀ ਸਸਤੀ ਕਪਾਹ ਵਿਕੀ ਸੁਣ ਕੇ
ਲੈ ਲੈਣ 'ਹਰੀਜਨ ਨਾਕਾਬੰਦੀ' ਦਾ ਹੱਕ

ਪਿੰਡ ਦੇ ਸੂਦਖੋਰਾਂ ਨੂੰ ਕਹਿਣਾ
ਉਹ ਮਲੰਗ ਜੱਟਾਂ ਨੂੰ ਕਰਜ਼ਾ ਨਾ ਦੇਣ
ਕਿਉਂਕਿ ਸਰਕਾਰ ਨੇ ਚਲਾ ਦਿੱਤੀ ਹੈ
'ਕਰਜ਼ਾ ਮੁਕਤ' ਕਰਾਊ ਮੁਹਿੰਮ
.........
.........
ਮੇਰੀ ਪਤਨੀ!
ਹੁਣ ਤੂੰ ਨਾ ਜਾਇਆ ਕਰ
ਸ਼ਹਿਰ 'ਚੋਂ ਖਰੀਦਣ ਮਹਿੰਗੀਆਂ ਚੀਜ਼ਾਂ
ਕਿਉਂਕਿ ਸਰਕਾਰ ਨੇ ਕਦੋਂ ਦਾ ਪਾਸ ਕਰ ਦਿੱਤਾ ਹੈ
'ਭੂਮੀ ਸੁਧਾਰ ਬਿਲ'
ਤੇ ਆਪਾਂ 'ਮਲੌਂਦੀਏ ਸਰਦਾਰ' ਦੇ ਮੁਰੱਬਿਆਂ 'ਚੋਂ

ਕਟਾ ਲਵਾਂਗੇ ਨਿਆਈਂ ਵਾਲਾ ਟੱਕ
ਜੱਟ ਤਾਂ ਕਮਲੇ ਹਨ
ਜੋ ਨਹੀਂ ਉਗਾ ਸਕਦੇ ਘਰੀਂ
ਆਪਣੇ ਨਿੱਤ ਵਰਤੋਂ ਦੀਆਂ ਚੀਜ਼ਾਂ

ਕਿਉਂਕਿ ਗਡੀਹਰੇ ਤੋਂ ਲੈ ਕੇ ਟਰੈਕਟਰ ਤਕ ਦੀ ਮਸ਼ੀਨ
ਮੱਖਣੀ ਤੋਂ ਲੈ ਕੇ ਗਰੀਸ ਤੇ ਮੋਬਿਲ ਆਇਲ ਤਕ ਦਾ ਤੇਲ
ਗੋਹੇ ਤੋਂ ਲੈ ਕੇ ਡਾਈਅਮੋਨੀਆ ਤੱਕ ਦਾ ਖਾਦ
ਤ੍ਰਿਫ਼ਲੇ ਤੋਂ ਲੈ ਕੇ ਪੈਨਸਲੀਨ ਤੱਕ ਦੀ ਦਵਾਈ
ਖੱਦਰ ਤੋਂ ਲੈ ਕੇ ਟੈਰਾਲੀਨ ਤੇ ਰੇਸ਼ਮ ਤੱਕ ਦਾ ਕੱਪੜਾ
ਗਿੱਧੇ ਤੋਂ ਲੈ ਕੇ ਟੈਲੀਵਿਜ਼ਨ ਤੱਕ ਦਾ ਮਨੋਰੰਜਨ
ਗੱਲ ਕੀ! ਸਹੁਰਿਆਂ ਤੋਂ ਲੈ ਕੇ ਪੇਕਿਆਂ ਤੱਕ ਦੀਆਂ ਸਾਰੀਆਂ ਰਿਸ਼ਤੇਦਾਰੀਆਂ
ਭਲਾ ਕੀ ਨਹੀਂ ਉਗਾਇਆ ਜਾ ਸਕਦਾ।
ਸਰਕਾਰ ਵੱਲੋਂ ਕੱਟੇ ਹੋਏ 'ਪਲਾਟਾਂ' ਵਿਚ

ਆਪਣੇ ਪਿੰਡ ਦੇ ਇਨਾਮੀਏਂ ਬੁੱਗਰ ਨੂੰ ਕਹਿਣਾ
ਕਿ ਮੁਖ਼ਬਰਾਂ ਦੇ ਖ਼ਿਲਾਫ਼ ਲਿਖਣਾ ਮੇਰਾ ਮੁੰਡਪੁਣਾ ਸੀ
ਕਿਉਂਕਿ ਭਾਰਤੀ ਲੋਕ ਰਾਜ ਦਿੰਦਾ ਹੈ
'ਆਜ਼ਾਦ ਰੁਜ਼ਗਾਰ' ਦੀ ਖੁੱਲ੍ਹ
ਨਾਲੇ ਜੇ ਲੋਟੂ ਸਰਕਾਰ ਦੀਆਂ ਬਦਫ਼ੈਲੀਆਂ
ਲੋਕਾਂ ਨੂੰ ਦੱਸਣਾ 'ਦੇਸ਼ ਭਗਤੀ' ਹੈ
ਤਾਂ ਲੋਕਾਂ ਦੀਆਂ ਹਰਕਤਾਂ
ਸਰਕਾਰ ਦੇ ਕੰਨਾਂ ਤਕ ਪਹੁੰਚਾਉਣੀਆਂ
ਕਿਵੇਂ ਦੇਸ਼ ਭਗਤੀ ਨਹੀਂ?

ਲਿਖਣ ਲਈ ਤਾਂ ਬੇਸ਼ੱਕ
ਬਹੁਤ ਕੁਝ ਬਾਕੀ ਹੈ ਹਾਲੇ
ਆਪਣੇ ਪਿੰਡ ਦੇ ਕਾਮਰੇਡ 'ਮਾਂਧੇ' ਨੂੰ ਪੁੱਛਣਾ



ਕਿ ਤੁਸੀਂ ਕਿਵੇਂ ਕਹਿੰਦੇ ਹੋ
ਦੇਸ਼ ਨੇ ਤਰੱਕੀ ਨਹੀਂ ਕੀਤੀ?
ਤੇ ਵਿਗਿਆਨ ਨੇ ਕੇਵਲ ਦਿੱਤਾ ਹੈ
ਸਰਮਾਏਦਾਰੀ ਦਾ ਹੀ ਸਾਥ

ਉਸ ਨੂੰ ਕਹਿਣਾ ਕਿ ਹੁਣ ਤਾਂ
ਵਿਗਿਆਨ ਨੇ ਗੁਰਦੁਆਰੇ ਵੀ ਬਣਾ ਦਿੱਤੇ ਹਨ ਆਟੋਮੈਟਿਕ
ਹੁਣ ਤਾਂ 'ਰਾਗੀ ਸਮੁੰਦ ਸਿੰਘ' ਦੇ ਕੀਰਤਨ ਤੋਂ ਲੈ ਕੇ
ਚੌਕੀਦਾਰ ਦੇ ਹੋਕੇ ਤਕ ਦੀ ਡਿਊਟੀ
ਭਾਈ ਜੀ ਬੜੀ ਸੌਖੀ ਤਰ੍ਹਾਂ ਨਿਭਾ ਸਕਦਾ ਹੈ
ਰਜਾਈ ਵਿਚ ਬੈਠ ਕੇ ਹੀ।

ਬੱਚਿਓ! ਤੁਸੀਂ ਰੋਣਾ ਨਹੀਂ
ਗੁਆਂਢੀਆਂ ਦੇ 'ਬੱਬੀ' ਨੂੰ ਸਿਓ ਖਾਂਦਿਆਂ ਵੇਖ ਕੇ
ਕਿਉਂਕਿ ਠੰਢੇ ਸਿਓ ਠੰਢ ਵਿਚ ਖਾਣੇ ਚੰਗੇ ਨਹੀਂ ਹੁੰਦੇ
ਬੱਬੀ ਤਾਂ ਇਸ ਕਰਕੇ ਖਾਂਦਾ ਹੈ ਕਿ
ਉਸ ਦੇ ਸਿਰ ਤੋਂ ਪੈਰਾਂ ਤੀਕ ਗਰਮ ਸੂਟ ਹੈ।

ਬੁੱਢੀ ਬੇਬੇ ਨੂੰ ਆਖਣਾ
ਹੁਣ ਮੈਂ ਤੇਰੇ ਜਿਉਣ ਤੱਕ ਹੀ ਰਹਾਂਗਾ ਤੇਰੇ ਕੋਲ
ਤੇ ਪੂਰੇ ਕਰਦਾ ਰਹਾਂਗਾ
ਵਿਆਹ ਕਰਾਉਣੇ, ਬੱਚੇ ਜਮਾਉਣੇ ਤੇ ਪਾਲਣ ਪੜ੍ਹਾਉਣ ਦੇ ਫ਼ਰਜ਼
ਤੇ ਸਰਕਾਰ ਲਈ ਬਣਿਆ ਰਹਾਂਗਾ ਇਕ ਸਭਿਅਕ ਮਨੁੱਖ

ਮੈਂ ਐਮਰਜੈਂਸੀ ਹਵਾਲਾਤੀਆਂ ਵਿਚੋਂ
ਇਕ ਸੁਧਰ ਚੁੱਕਿਆ ਹਵਾਲਾਤੀ ਲਿਖ ਰਿਹਾ ਹਾਂ।

*(27.12.75, ਸੈਂਟਰਲ ਜੇਲ੍ਹ, ਪਟਿਆਲਾ)*

•

## ਜਦੋਂ ਵਰਖਾ ਹੁੰਦੀ ਹੈ

ਹੁਣ ਜਦੋਂ ਵੀ ਮੀਂਹ ਆਉਂਦਾ ਹੈ
ਮੈਨੂੰ ਕਵਿਤਾ ਫੁਰਦੀ ਹੈ।
ਕਿਉਂਕਿ ਤ੍ਰਿਹਾਏ ਹਨ ਬੰਦ ਅਹਾਤਿਆਂ ਵਿਚ
ਸਿਆਸੀ ਕੈਦੀ
ਸਾਂਝੇ ਬਣੇ ਦੁਸ਼ਮਣ ਦੇ ਖ਼ੂਨ ਦੇ ਘੁੱਟ ਘੁੱਟ ਲਈ
ਤੇ ਜਦੋਂ ਵੀ ਅੱਥਰੀ ਵਾਛੜ ਚੱਕੀਆਂ ਦੀਆਂ ਸੀਖ਼ਾਂ ਨੂੰ ਲੰਘ ਆਉਂਦੀ ਹੈ
ਤਾਂ ਸਾਰੇ ਕੈਦੀ ਨਾਅਰੇ ਲਾਉਂਦੇ
ਵਲਗਣਾਂ ਚੀਰਨ ਵਾਲੇ
"ਅਸੀਂ ਪਾਣੀ ਨਹੀਂ
ਘੁੱਟੀਂ ਘੁੱਟੀਂ ਦੁਸ਼ਮਣ ਦਾ ਖ਼ੂਨ ਪੀਣਾ ਚਾਹੁੰਦੇ ਹਾਂ।"

ਮੇਰੇ ਗੁਆਂਢੀ 'ਬੀ' ਕਲਾਸ ਅਹਾਤੇ ਵਿਚ
ਕਈ ਰੰਗ ਬਰੰਗੇ ਬੱਦਲ ਵੀ ਆਏ ਹਨ
ਜਿਨ੍ਹਾਂ ਨੇ ਡਕਾਰ ਲਿਆ ਹੈ
ਵਾਹੀਆਂ ਹੋਈਆਂ ਪੈਲੀਆਂ ਦਾ ਵੱਤਰ
ਤੇ ਚੂਸ ਲਿਆ ਹੈ ਟਿੱਬਿਆਂ 'ਤੇ ਹਲ ਵਾਹੁੰਦੇ ਮੇਰੇ ਬਾਪੂ ਦਾ ਜਿਸਮ।
ਜਿਨ੍ਹਾਂ ਨੇ ਮੇਰੀ ਮਾਂ ਦੀਆਂ ਅੱਖਾਂ ਵਿਚ
ਰੋਣ ਜੋਗੇ ਅੱਥਰੂ ਨਹੀਂ ਛੱਡੇ।
ਤੇ ਜਿਹੜੇ ਗਟਾ ਗਟ ਪੀ ਗਏ ਹਨ
ਮੇਰੀਆਂ ਭੈਣਾਂ ਦੀ ਅਧਿਆਰੇ ਤੇ ਪਾਲੀ ਹੋਈ
ਸੱਜਰ ਸੂਈ ਝੋਟੀ ਦਾ ਦੁੱਧ।

ਰੰਗ ਬਰੰਗੇ ਬੱਦਲਾਂ ਮੂਹਰੇ
ਬਹੁਤ ਲੰਮੀ ਹੈ, ਤਿੱਤਰ ਖੰਭੀਆਂ ਦੀ ਕਤਾਰ
ਪਰ ਮੈਨੂੰ ਪਤਾ ਹੈ



ਤਿੱਤਰ ਖੰਭੀਆਂ ਨੇ ਨਹੀਂ ਝੱਲ ਸਕਣੀ
'ਸੂਰਜ ਦੀਆਂ ਕਿਰਨਾਂ' ਦੀ ਤਾਅਬ
ਤਿੱਤਰ ਖੰਭੀਆਂ ਨਹੀਂ ਕਰਵਾ ਸਕਣਗੀਆਂ
ਸੌ ਰੁਪਏ ਦੇ ਵਿਆਜ ਵਿਚ
ਮਜ਼੍ਹਬਣਾਂ ਤੋਂ ਗੋਹਾ ਕੂੜਾ
ਤੇ ਇਨ੍ਹਾਂ ਦਾਗ ਨਹੀਂ ਲਾ ਸਕਣੇ
ਕਪਾਹ ਚੁਗਣ ਲਈ
ਲੱਖੋ ਚੋਗੀ ਦੀ ਚਿੱਟੀ ਚਾਦਰ 'ਤੇ।

ਚਲੋ ਕੁਛ ਵੀ ਹੈ
ਤਿੱਤਰ ਖੰਭੀਆਂ ਅਤੇ ਰੰਗ ਬਰੰਗੇ ਬੱਦਲਾਂ ਦਾ ਅਰਥ
'ਘਨਘੋਰ ਘਟਾਵਾਂ' ਨਹੀਂ ਹੁੰਦਾ
ਜਿਨ੍ਹਾਂ ਵਿਚ ਗਰਜਣ, ਵਰਸਣ ਤੇ ਚਮਕਣ ਦੀ ਸ਼ਕਤੀ ਹੁੰਦੀ ਹੈ
ਤੇ ਇਹ ਨਹੀਂ ਮਾਰ ਸਕਣਗੇ
ਦੁਸ਼ਮਣਾਂ ਦੇ ਮਹਿਲਾਂ ਨੂੰ ਅੱਖ
ਕਿਉਂਕਿ ਇਹ ਦੁਸ਼ਮਣ ਨੂੰ ਮਾਰਨਾ ਚਾਹੁੰਦੇ ਹਨ
'ਪੰਨਾ ਲੱਗੇ' ਗੱਤੇ ਦੀਆਂ ਤਲਵਾਰਾਂ ਦੇ ਨਾਲ
ਤੇ ਮੇਰੇ ਨਾਲ ਖੇਡਣਾ ਚਾਹੁੰਦੇ ਹਨ ਲੁਕਣਮੀਚੀ ਦੀ ਖੇਡ।
ਹੁਣ ਜਦੋਂ ਵੀ ਮੀਂਹ ਆਉਂਦਾ ਹੈ ਮੈਨੂੰ ਕਵਿਤਾ ਫ਼ੁਰਦੀ ਹੈ

'ਘਨਘੋਰ ਘਟਾ' ਮੇਰੇ ਸੁਪਨਿਆਂ ਦੀ ਬਰਾਤ ਵਾਂਗੂੰ ਆਉਂਦੀ ਹੈ।
ਬਿਜਲੀ ਅੱਖ ਮਾਰਦੀ ਹੈ
ਜਿਸ ਵਿਚ ਨੰਗੇ ਹੋ ਜਾਂਦੇ ਹਨ 'ਸੁਨਹਿਰੀ ਕਲਸਾਂ' ਦੇ ਚਿਹਰੇ
ਤੇ ਹੋਰ ਨਿਖਰ ਆਉਂਦੇ ਹਨ

ਧਰਮ ਗ੍ਰੰਥਾਂ ਦੇ ਓਹਲੇ ਛਿਪੇ ਹੋਏ ਮੂੰਹਾਂ ਦੇ ਨਕਸ਼
ਮੈਨੂੰ ਪਤਾ ਲੱਗ ਜਾਂਦਾ ਹੈ
ਕਿ ਮੇਰੇ ਪਿੰਡ ਦੇ ਸਾਧ ਰੱਬ ਦੇ 'ਦੁਆਰ ਪਾਲ' ਨਹੀਂ
ਧਰਮ ਦੀ ਕਿਰਤ 'ਤੇ ਪਲਣ ਵਾਲੇ 'ਬੁਰਦਾਰ ਕੀੜੇ' ਹਨ।

ਮੇਰੀ ਮੁਲਾਕਾਤ 'ਤੇ ਆਏ ਮੀਂਹ ਦੇ ਛਿੱਟਿਓ!
ਮੇਰੀ ਪਤਨੀ ਨੂੰ ਕਹਿਣਾ
ਕਿ ਉਹ ਕੁਝ ਚਿਰ ਲਈ ਹੋਰ ਜਰ ਲਏ
ਸਾਉਣ ਦੀ ਫੁਹਾਰ ਵਿਚ ਵਰ੍ਹਦੇ ਅੰਗਿਆਰਾਂ ਨੂੰ
ਤੇ ਮੇਰੇ ਸਿਰ ਤੋਂ ਵਾਰ ਕੇ ਰੱਖੇ ਹੋਏ ਆਟੇ ਤੇ ਗੁੜ ਦੇ
ਪਕਾਅ ਦੇਵੇ ਬੱਚਿਆਂ ਨੂੰ ਗੁਲਗੁਲੇ!

ਮੇਰੇ ਪਿੰਡ ਦੇ 'ਸੀਰੀਆਂ' ਨੂੰ ਆਖਣਾ
ਕਿ ਉਹ ਨਾ ਬੈਠਣ ਭੁੰਜੇ
ਮੀਂਹ ਦੀ ਖੁਸ਼ੀ ਵਿਚ ਸ਼ਰਾਬ ਪੀਂਦੇ 'ਸਰਦਾਰ' ਦੇ ਕੋਲ
ਤੇ ਸੌ ਵਾਰ ਕਹਿਣ 'ਤੇ ਵੀ ਨਾ ਪੀਣ
ਬਾਟੀਆਂ 'ਚ ਪੁਆ ਕੇ ਸ਼ਰਾਬ
ਤੇ ਪਿੰਡ ਦੀਆਂ ਧੋਤੀਆਂ ਗਲੀਆਂ ਵਿਚ
ਨਾ ਤੁਰਨ ਗੰਡਾਸਾ ਲੈ ਕੇ
ਲਿੱਬੜੇ ਹੋਏ 'ਸਰਦਾਰ' ਦੇ ਮਗਰ
ਤੇ ਨਾ ਬਣਨ- ਤੜਕੇ ਨੂੰ ਥਾਣੇ ਦੇ ਰੋਜ਼ਨਾਮਚੇ ਦੀ ਰਪਟ
ਜਿਸ ਨਾਲ ਹੋਰ ਵੱਡਾ ਹੋ ਜਾਵੇ
ਸਰਦਾਰ ਦੀ 'ਬਹੀ' ਵਿਚ ਉਨ੍ਹਾਂ ਦੇ ਨਾਂ ਕਰਜ਼ੇ ਦਾ ਖ਼ਾਤਾ।

*(23.8.75, ਸੈਂਟਰਲ ਜੇਲ੍ਹ, ਪਟਿਆਲਾ)*

•



## ਮਹਿਮਾਨ ਵਰ੍ਹੇ ਦੇ ਨਾਂ...

ਹੇ ਮੇਰੀ ਜ਼ਿੰਦਗੀ ਵਿਚ ਪੈਰ ਧਰਨ ਵਾਲੇ ਛੱਤੀਵੇਂ ਪ੍ਰਾਹੁਣਿਆਂ!
ਵੇਖ ਮੈਂ ਵਿਦਾ ਹੋਏ ਪ੍ਰਾਹੁਣੇ ਤੋਂ ਖੋਹ ਖਿੱਜ ਕੇ
ਤੇਰੇ ਲਈ ਮਸਾਂ ਬਚਾ ਕੇ ਰੱਖਿਆ ਹੈ 'ਕਿੰਨਾ ਹੀ ਕੁਝ'
ਮੈਨੂੰ ਮੁਆਫ਼ ਕਰੀਂ
ਮੈਂ ਤੇਰੇ ਲਈ ਨਹੀਂ ਛੁਡਾ ਸਕਿਆ
"ਪਿੰਡਾਂ ਵਿਚ ਸ਼ਹਿਰੀ ਦਿਓ ਦੇ ਪੈਣ ਸਬੰਧੀ
ਉੱਚੀ ਸੁਰ ਵਿਚ ਹੋਕਾ ਦੇਣ ਲਈ ਆਵਾਜ਼"
"ਖੁੰਢਾਂ 'ਤੇ ਬੈਠ ਕੇ ਇਕ ਦੂਜੇ ਨਾਲ ਦੁੱਖ ਸੁਖ ਕਰਨ ਦੀ ਵਿਹਲ"
ਹੋਰ ਤਾਂ ਹੋਰ
ਮੈਥੋਂ ਤਾਂ ਛੁਡਾਈ ਨਾ ਗਈ
ਮੋਟੇ ਘਰਾਂ ਵਿਚ ਮੇਰੀ ਸੁਕੜੋ ਜਿਹੀ ਮਾਂ ਦੀ ਚੁੰਨੀ"
ਨਹੀਂ ਤਾਂ ਮੈਂ ਉਸ ਚੁੰਨੀ ਦਾ ਝੰਡਾ ਬਣਾ ਕੇ
ਤੇਰਾ ਸੁਆਗਤ ਕਰਨਾ ਸੀ ਜ਼ਰੂਰ।

ਪਿਛਲਾ ਪ੍ਰਾਹੁਣਾ ਤਾਂ ਲੈ ਗਿਆ ਹੈ
ਮੇਰੀ ਲੂ ਲੁਹਾਂਦੀ ਜਵਾਨੀ
"ਘੁੱਗੀਆਂ ਵਾਲੇ ਪੱਟਾਂ ਦਾ ਜ਼ੈਲਦਾਰਾਂ ਦੀ ਡਿਊਢੀ ਮੂਹਰਦੀ
ਦਿਖਾ ਕੇ ਲੰਘਣ ਦਾ ਚਾਅ।"
"ਮੱਕੀਆਂ 'ਚੋਂ ਕੱਖ ਖੋਤਦੀ ਮੇਰੀ ਭੈਣ ਦੀ ਚੀਕ ਸੁਣ ਕੇ
ਲਲਕਾਰਾ ਮਾਰਨ ਦਾ ਹੀਆ"
"ਸੱਚਮੁਚ ਹੀ ਖੋਹੀ ਗਈ ਹੈ ਮੇਰੀ
ਵਿਹੜੇ ਦਾ 'ਪੰਚ' ਹੋਣ ਦੀ 'ਟੈਂਸ'
ਹੁਣ ਮੈਂ ਨਹੀਂ ਕਰ ਸਕਦਾ
"ਤਫ਼ਤੀਸ਼ੀ ਹੌਲਦਾਰ ਦੀ" ਉਤਲੀ, ਕਮਾਈ 'ਤੇ
ਜੀਭ ਖੋਲ੍ਹਣ ਦਾ ਜਿਗਰਾ

ਤੇ ਮੈਂ ਹੁਣ ਨਹੀਂ ਕੱਢ ਸਕਦਾ
ਘੁੰਨੇ ਪਾਲੀ ਦੇ ਕਤਲ 'ਤੇ ਆਏ ਥਾਣੇਦਾਰ ਲਈ
ਮੁਰਗਾ ਭਾਲ ਰਹੇ ਚੌਂਕੀਦਾਰ ਤੇ 'ਨਘੋਚ'
ਉਹ ਪ੍ਰਾਹੁਣਾ ਤਾਂ ਖੋਹ ਕੇ ਲੈ ਗਿਆ ਹੈ ਮੈਥੋਂ
ਚੌਂਕੀਦਾਰ ਤੋਂ ਲੈ ਕੇ 'ਕੱਚ ਦੀਆਂ ਕੁਰਸੀਆਂ'
ਤਕ ਅੱਪੜਨ ਦੀ ਪਹੁੰਚ।"

ਪਰ ਤੂੰ ਇੰਨਾ ਨਿਰਾਸ਼ ਨਾ ਹੋਈਂ ਮੇਰੇ 'ਛੱਤੀਵੇਂ ਪ੍ਰਾਹੁਣਿਆਂ'
ਫੇਰ ਵੀ ਮੇਰੇ ਕੋਲ ਬਹੁਤ ਕੁਝ ਬਾਕੀ ਹੈ ਹਾਲੇ।
ਮੈਨੂੰ ਤਾਂ ਇਹ ਵੀ ਪਤਾ ਹੈ
ਕਿ ਤੂੰ ਪੈਂਤੀਵੇਂ ਪ੍ਰਾਹੁਣੇ ਤੋਂ ਵੀ ਕਿਤੇ ਵੱਧ ਹੈਂ ਚਾਤੁਰ
ਤੇ ਤੂੰ ਪਸਰ ਸਕਦਾ ਹੈਂ
ਮੇਰੇ ਗੀਤਾਂ ਤੋਂ ਲੈ ਕੇ ਮੇਰੀ ਪਤਨੀ ਦੀਆਂ ਰੀਝਾਂ ਤਕ
ਬੱਚਿਆਂ ਦੀ ਰੋਟੀ ਤੋਂ ਬਰੂਦ ਦੀਆਂ ਬੁਰਕੀਆਂ ਤਕ
ਅਥਵਾ ਹਸੂੰ ਹਸੂੰ ਕਰਦੀਆਂ ਆਬਾਦੀਆਂ ਤੋਂ ਲੈ ਕੇ
ਬੁੱਲ੍ਹ ਟੇਰੀ ਖੜ੍ਹੇ ਥੇਹਾਂ ਤਕ
ਪਰ ਫੇਰ ਵੀ ਮੇਰੇ ਕੋਲ ਬਹੁਤ ਕੁਝ ਬਾਕੀ ਹੈ ਹਾਲੇ!
ਅਜੇ ਵੀ ਵੱਟ ਡੌਲ ਤੋਂ ਰੁੱਸੇ ਚੋਬਰਾਂ ਲਈ
ਸੱਥਾਂ ਦੇ ਖੁੰਢ ਬਾਕੀ ਹਨ।

ਗੀਤਾਂ ਦੀ ਥਾਂ ਡੁਗਡੁਗੀ ਵਜਾਉਣ ਲਈ ਬਾਕੀ ਹੈ
ਭਾਗੂ ਚਮਾਰ ਕੋਲ ਕੱਟੇ ਦਾ ਕੱਚਾ ਚਮੜਾ
ਅਜੇ ਤਾਂ ਧੂੜ ਵਿਚ ਖੇਡਦੇ ਬੱਚਿਆਂ ਕੋਲ
ਕਿੰਨਾ ਹੀ ਬਾਕੀ ਹੈ ਹਾਸਾ
ਤੇ ਅਜੇ ਵੀ ਮੇਰੀ ਪਤਨੀ ਕੋਲ
ਮੇਰੇ ਜਿਉਂਦੇ ਮੁੜਨ ਦੀ ਆਸ
ਤੇ ਅਜੇ ਵੀ ਮੇਰੇ ਕੋਲ ਬਾਕੀ ਹੈ



"ਕਿਰਤੀਆਂ ਨੂੰ ਗੈਂਤੀਆਂ ਚੁੱਕ ਕੇ ਮਹਿਲਾਂ ਵੱਲ ਮਾਰਚ ਕਰਦਿਆਂ"
ਵੇਖਣ ਜੋਗੀ ਨਿਗਾਹ
ਤੇ ਅਜੇ ਤਕ ਵੀ ਨਹੀਂ ਮਰੀ
ਕਿਰਤੀਆਂ ਦੇ ਮੁੜ੍ਹਕੇ 'ਚੋਂ
ਕ੍ਰਾਂਤੀ ਦੀ ਖ਼ੁਸ਼ਬੋਅ
ਆ! ਕਿ ਇਸੇ ਖ਼ੁਸ਼ਬੋਅ ਨਾਲ ਤੇਰਾ ਸੁਆਗਤ ਕਰਾਂ
ਤੇ ਇਹੀ ਖ਼ੁਸ਼ਬੋਅ ਲੈ ਕੇ
ਤੈਥੋਂ ਪਿਛਲੇ ਪ੍ਰਾਹੁਣੇ ਲਈ ਮਿੰਦਾ ਰਹਾਂ।

*(1.1.76, ਸੈਂਟਰਲ ਜੇਲ੍ਹ, ਪਟਿਆਲਾ)*

•

## ਸਭ ਅੱਛਾ

**(ਇਕ ਕੈਦੀ ਦਾ ਦੂਸਰੀ ਜੇਲ੍ਹ ਵਿਚ ਬੰਦ ਕੈਦੀ ਨੂੰ ਪੱਤਰ)**

ਊਂ ਤਾਂ ਇਸ ਜੇਲ੍ਹ ਵਿਚ ਵੀ ਸਭ ਅੱਛਾ ਹੈ
ਮੇਰੇ ਦੋਸਤ!
ਸੰਗੀਨਾਂ ਦੇ ਪਹਿਰੇ ਹੇਠ
ਸਹੀ ਸਲਾਮਤ ਬੰਦ ਕੀਤੇ ਗਏ ਹਨ
'ਬਾਹਰਲੇ ਪੰਜੇ' ਉਤੇ ਗਏ ਹੋਏ 'ਮੁਸ਼ੱਕਤੀ'
ਜੇਲ੍ਹ ਦੇ ਪ੍ਰਬੰਧ ਵਿਚ 'ਸੁਧਾਰ' ਮੰਗਦਾ ਹੋਇਆ 'ਝੰਡਾ'
ਮਨਾ ਲਿਆ ਹੈ "ਨੰਬਰਦਾਰਾਂ" ਦੀਆਂ 'ਪੇਟੀਆਂ' ਨੇ।
ਅਹਾਤਾ ਇੰਚਾਰਜਾਂ ਨੇ 'ਚੱਕਰ ਇੰਚਾਰਜ' ਕੋਲ
ਚੁਫੇਰਿਓਂ ਪਹੁੰਚਾ ਦਿੱਤੀ ਹੈ 'ਸਭ ਅੱਛਾ' ਦੀ ਰਿਪੋਰਟ
ਤੇ ਕੋਈ ਵੀ ਕੈਦੀ ਨਹੀਂ ਟੱਪ ਸਕਿਆ
'ਕੋਟ ਮੌਕੇ' ਦੀ ਬਿਜਲਿਆਈ ਹੋਈ ਕੰਧ
ਮੈਨੂੰ ਇਥੇ ਆ ਕੇ ਹੀ ਪਤਾ ਲੱਗਿਆ ਹੈ
ਜੇਲ੍ਹ ਦੀ ਡਿਕਸ਼ਨਰੀ ਦਾ
ਜਿਸ ਵਿਚ 'ਸਭ ਅੱਛਾ' ਦਾ ਅਰਥ 'ਪੂਰਨ ਗੁਲਾਮੀ' ਹੁੰਦਾ ਹੈ
ਚਲੋ ਜੋ ਵੀ ਹੈ ਸਭ ਅੱਛਾ ਹੀ ਹੈ ਮੇਰੇ ਦੋਸਤ!

ਅੱਜ ਵੀ 'ਵੀਹ ਸਾਲਿਆਂ' ਨੇ 'ਤੀਹ ਸਾਲ' ਕੱਟਣ ਦਾ
ਕੀਤਾ ਨਹੀਂ 'ਰੋਸ'
ਤੇ ਉਨ੍ਹਾਂ ਦੇ 'ਨਕਸ਼ਿਆਂ' ਵਿਚ ਸ਼ਾਮਲ ਹੋ ਰਹੇ ਹਨ 'ਨਵੇਂ ਕਾਗ਼ਜ਼'
ਊਂ ਤਾਂ ਇਸ ਜੇਲ੍ਹ ਵਿਚ ਵੀ ਸਭ ਅੱਛਾ ਹੈ ਮੇਰੇ ਦੋਸਤ!
ਡਿਪਟੀ ਦੀ ਜੀਪ ਤੇ ਫੂਕਿਆ ਹੋਇਆ ਡੀਜ਼ਲ
ਦਿਖਾ ਦਿੱਤਾ ਹੈ 'ਬੇੜੀਆਂ' ਤੇ 'ਪੰਜਿਆਂ' ਦੀ ਜਰ ਲਾਹੁਣ 'ਤੇ
'ਝੰਡੇ' ਨੂੰ ਮਨਾਉਣ ਵਾਲੇ 'ਬਹਾਦਰਾਨਾ ਕੰਮ' ਲਈ
ਮੋਟਰਾਂ ਵਾਲੇ 'ਮਾਲਵਿੰਦਰ' ਦੀ ਹੋ ਗਈ ਹੈ



'ਇਕਤਾਲੀ ਦਿਨ ਦੀ ਮੁਆਫ਼ੀ'
ਤੇ ਹਰ ਚੱਕੀ ਵਿਚ ਪੁੱਜ ਗਏ ਹਨ
ਜੇਲ੍ਹ ਵਿਚ ਬੰਦ 'ਕਾਮਰੇਡਾਂ' ਕੋਲ 'ਨਾ ਖੜ੍ਹਨ' ਦੇ ਹੁਕਮਨਾਮੇ
ਊਂ ਤਾਂ ਇਸ ਜੇਲ੍ਹ ਵਿਚ ਵੀ 'ਸਭ ਅੱਛਾ ਹੈ' ਮੇਰੇ ਦੋਸਤ!

ਇਸ ਜੇਲ੍ਹ ਵਿਚ ਤਾਂ ਕੀਤੇ ਗਏ ਹਨ ਬੰਦ
ਸਭ 'ਸਾਨ੍ਹ' ਬੰਦੇ
ਤੇ ਸ਼ਾਇਦ ਇਨ੍ਹਾਂ ਸਭ 'ਸਾਨ੍ਹਾਂ' ਤੋਂ ਲੰਮੀ ਹੈ ਕੈਦ
ਤਿੰਨ 'ਬਲਦਾਂ' ਤੇ ਚਾਰ ਝੋਟਿਆਂ ਦੀ
ਜਿਨ੍ਹਾਂ ਦੀ ਨਹੀਂ ਸੁਣੇਗਾ ਕੋਈ
ਮਾਂ, ਭੈਣ, ਮਹਿਬੂਬਾ ਜਾਂ ਬੱਚਿਆਂ ਨੂੰ ਮਿਲਣ ਦੀ 'ਅੰਤਿਮ ਖ਼ਾਹਿਸ਼'
ਜਿਨ੍ਹਾਂ ਦੀ 'ਮੁਰਦਾਰ' 'ਤੇ ਵੀ ਸ਼ਾਇਦ ਨਹੀਂ ਲੱਗ ਸਕਣਗੇ
ਗਿਰਝਾਂ ਅਤੇ ਕੁੱਤਿਆਂ ਦੇ ਮੇਲੇ।
ਜਿਨ੍ਹਾਂ ਦੇ ਚਮੜੇ ਦੀ ਜੁੱਤੀ ਵੀ ਸ਼ਾਇਦ
ਨਹੀਂ ਜਾ ਸਕੇਗੀ 'ਡਿਉਢੀ ਮੌਕੇ' ਤੋਂ ਬਾਹਰ
ਇਥੋਂ ਦੇ 'ਸਾਨ੍ਹ' ਬੰਦੇ ਵੀ ਬਹੁਤ ਚਲਦੇ ਹਨ
ਪਿਸਤੂ ਜਿਹੇ ਵਾਰਡਨ ਦੀ ਛਟੀ ਕੋਲੋਂ
ਤੇ ਉਹਦੀ ਸੈਨਤ 'ਤੇ ਝੱਟ ਚੁੱਕ ਕੇ ਤੁਰ ਪੈਂਦੇ ਹਨ
ਸਿਲਵਰ ਦੇ ਡੋਲੂ ਤੇ ਬਾਟੀਆਂ
ਊਂ ਤਾਂ ਇਸ ਜੇਲ੍ਹ ਵਿਚ ਵੀ ਸਭ ਅੱਛਾ ਹੈ, ਮੇਰੇ ਦੋਸਤ!

ਇਸ ਜੇਲ੍ਹ ਵਿਚੋਂ ਤਾਂ ਸਾਲ ਵਿਚ ਦੋ ਵੇਰ
ਕੱਟ ਆਏ ਹਨ ਮਾਲਵਿੰਦਰ ਹੁਰੀਂ ਛੁੱਟੀ
ਤੇ ਦੇ ਆਏ ਹਨ ਸਾਰੇ ਗਵਾਹਾਂ ਨੂੰ
"ਕੁੜੀਆਂ ਚੁੱਕਣ" ਦੇ ਡਰਾਵੇ
ਪਰ ਨਹੀਂ ਜਾ ਸਕੀ ਪਾਰੋ 'ਮੁਜਾਰਨ'
ਅੱਠ ਸਾਲਾਂ ਵਿਚ ਇਕ ਵੇਰ ਵੀ
ਪੁਲਿਸ ਮੁਕਾਬਲੇ ਵਿਚ ਮਰੇ ਆਪਣੇ ਜੇਠੇ ਜੁਆਈ ਦੀ

ਮੁਕਾਣ ਲਾਹੁਣ ਲਈ ਇਕ ਦਿਨ ਦੀ ਛੁੱਟੀ
ਕਿਉਂਕਿ 'ਵੱਡੇ ਸਰਦਾਰ' ਨੇ ਥਾਣੇਦਾਰ ਤੋਂ ਕਰਵਾ ਦਿੱਤੀ ਹੈ
'ਖ਼ਤਰੇ' ਦੀ ਰਿਪੋਰਟ
ਤੇ 'ਪਾਰੋ' ਦੇ 'ਜ਼ਮਾਨਤੀਏ' 'ਜੈਮਲ ਜੱਟ' ਨੂੰ
ਕੋਲ ਖੜ੍ਹ ਕੇ ਲਵਾਇਆ ਹੈ 'ਘੋਟਣਾ'
ਊਂ ਤਾਂ ਇਸ ਜੇਲ੍ਹ ਵਿਚ ਵੀ 'ਸਭ ਅੱਛਾ ਹੈ' ਮੇਰੇ ਦੋਸਤ!

ਇਹ ਤੈਨੂੰ ਵੀ ਪਤਾ ਹੈ ਮੇਰੇ ਦੋਸਤ!
ਕਿ ਸਾਰੀਆਂ ਜੇਲ੍ਹਾਂ ਦੀਆਂ 'ਤਿੰਨ ਕੰਧਾਂ' ਖੜ੍ਹੀਆਂ ਹਨ
ਜ਼ਰ, ਜ਼ੋਰੋ, ਜ਼ਮੀਨ ਦੇ ਝਗੜਿਆਂ 'ਤੇ
ਚੌਥੀ ਅਥਵਾ ਡਿਉਢੀ ਵਾਲੀ ਕੰਧ
ਖਲੋਤੀ ਹੈ ਸਰਮਾਏਦਾਰੀ ਤੇ ਜਗੀਰਦਾਰੀ ਪ੍ਰਬੰਧ ਦੇ ਸਿਰ 'ਤੇ
ਤੇਰਾ ਤੇ ਮੇਰਾ ਇਥੇ ਆਉਣ ਦਾ ਮਕਸਦ
ਕਿਰਤੀਆਂ ਦੇ ਮੱਥੇ 'ਤੇ ਬਣ ਕੇ ਚਮਕੇਗਾ ਜਿੱਤ ਦਾ ਤਿਲਕ
ਫਿਰ ਜੇਲ੍ਹਾਂ- ਜੇਲ੍ਹਾਂ ਨਹੀਂ
ਜੇਲ੍ਹਾਂ ਸਕੂਲ ਹੋਣਗੀਆਂ।

*(10.1.76, ਸੈਂਟਰਲ ਜੇਲ੍ਹ, ਪਟਿਆਲਾ)*

•



## ਜੇਲ੍ਹ ਵਿਚ ਦੁਸਹਿਰਾ

ਜਲਾਇਆ ਤਾਂ ਅੱਜ ਵੀ ਗਿਆ ਹੈ
ਤ੍ਰੇਤੇ ਦੇ ਰਾਵਣ ਦਾ ਪੁਤਲਾ
ਦਿਖਾਇਆ ਤਾਂ ਅੱਜ ਵੀ ਗਿਆ ਹੈ ਦਿੱਲੀ ਨਾਲ
ਸੈਂਟਰਲ ਜੇਲ੍ਹ ਦੇ ਕੈਦੀਆਂ ਦਾ ਰੋਸ

ਰਾਵਣ ਤਾਂ ਅਸੀਂ ਅੱਜ ਹੀ ਇਥੇ ਡੱਕੇ ਹੋਏ ਹਾਂ
ਜੋ ਗਰਦਾਨੇ ਗਏ ਹਾਂ
ਨੀਚ, ਚੰਡਾਲ, ਰਾਖ਼ਸ਼ਿਸ਼ ਉਰਫ ਸਮਾਜ ਵਿਰੋਧੀ ਅਨਸਰ
ਤੇ ਜੋ ਕਰ ਰਹੇ ਹਾਂ
ਆਪਣੀ ਸੁਨਹਿਰੀ ਮਾਤ-ਭੂਮੀ ਦੇ 80 ਪ੍ਰਤੀਸ਼ਤ ਭੁੱਖੇ ਕਿਰਤੀਆ ਦੀ ਗੱਲ
ਰਾਵਣ ਦੇ ਪੁਤਲੇ ਸਾਹਮਣੇ
ਖੜ੍ਹੇ ਹਾਂ ਬੇਵੱਸ ਜਿਹੇ ਬਣ ਕੇ।

ਹੇ ਮਹਾਨ ਇਸਤਰੀ!
ਅਸੀਂ 'ਕਲਯੁੱਗੀ ਰਾਵਣ' ਲੈਂਦੇ ਹਾਂ ਤੇਰੀ ਆਬਰੂ ਦਾ ਹਲਫ਼
ਅਸੀਂ ਤੇਰੇ 'ਸਤਿ' ਨੂੰ ਨਹੀਂ ਪੈਣ ਦਿਆਂਗੇ
'ਅਗਨ ਪ੍ਰੀਖਿਆ' ਵਿਚ
ਸਰਬੱਤ ਦਾ ਭਲਾ ਮੰਗਣ ਵਾਲੇ ਰਾਮ ਚੰਦਰ ਦੇ ਵਾਂਗ।

ਅਸੀਂ 'ਕਲਯੁੱਗੀ ਰਾਵਣ' ਨਹੀਂ ਵੱਢਣ ਦਿਆਂਗੇ
'ਸੋਨਾਗਾਚੀ' ਤੇ 'ਜੀ.ਬੀ.' ਰੋਡ 'ਤੇ ਭੈਣਾਂ ਦੀ ਇੱਜ਼ਤ ਦਾ ਨੱਕ
ਤੇ ਅਸੀਂ ਨਹੀਂ ਕਰਨ ਦਿਆਂਗੇ
'ਭਵੀਖਨ' ਉਰਫ 'ਸੀ.ਆਈ.ਏ.' ਨੂੰ
ਆਪਣੇ ਵਤਨ ਦੀ ਮੁਖ਼ਬਰੀ

ਹੇ ਸੋਨ ਰੰਗੀਏ ਮਾਤ ਭੂਮੀਏਂ!
ਕੇਵਲ 'ਲਛਮਣ' ਲਈ ਹੀ ਨਹੀਂ ਬੀਜੀਆਂ ਗਈਆਂ
ਤੇਰਿਆਂ ਪਰਬਤਾਂ ਤੇ ਸੰਜੀਵਨੀਆਂ
ਤੇ ਕੇਵਲ 'ਲਛਮਣ' ਦੀ ਮੂਰਛਾ 'ਤੇ ਹੀ ਕਿਉਂ
ਪ੍ਰਾਪਤ ਕੀਤੀਆਂ ਜਾਣ ਤੇਰੇ 'ਸੁਖੈਨ ਵੈਦ' ਦੀਆਂ ਸੇਵਾਵਾਂ
ਅਸੀਂ ਤਾਂ ਕਲਯੁੱਗੀ ਰਾਵਣ ਹਾਂ
ਜੋ ਕਰ ਰਹੇ ਹਾਂ
ਆਪਣੀ ਸੁਨਹਿਰੀ ਮਾਤ ਭੂਮੀ ਦੇ 80 ਪ੍ਰਤੀਸ਼ਤ ਭੁੱਖੇ ਮਰ ਰਹੇ ਲੋਕਾਂ ਦੀ ਗੱਲ।

ਹੇ ਹਰ ਕਣ ਨੂੰ ਮੱਘਦਾ ਰੱਖਣ ਵਾਲੇ ਸੂਰਜ
ਕਿੰਨੀ ਕੁ ਤੇਜ਼ ਸੀ ਹਨੂੰਮਾਨ ਦੀ 'ਜਾੜ੍ਹ'
ਝੱਲ ਨਾ ਸਕੀ ਜੋ 'ਬਾਲੀ' ਦੀ ਗੁਰਜ ਦਾ ਇਕੋ ਹੀ ਵਾਰ।
ਹੇ ਪਵਨ ਪੁੱਤਰ ਹਨੂੰਮਾਨ!
ਕੀ 'ਅਸ਼ੋਕ ਬਣ' ਵਿਚ ਕੈਦ ਸੀਤਾ 'ਅੰਜਨਾ' ਵਰਗੀ ਨਹੀਂ?
ਖਾਧੇ ਹੋਣਗੇ ਆਪਣੇ ਗੌਣ ਲਈ 'ਰਾਮ' ਨੇ ਭੀਲਣੀ ਦੇ ਬੇਰ
ਇਕ ਨੀਚ ਦੀ ਰਚੀ ਹੋਈ ਕਿਰਤ 'ਬਾਲਮੀਕੀ ਰਮਾਇਣ ਦੇ ਵਾਂਗ'
ਹਾਂ ਅਸੀਂ ਕਲਯੁੱਗੀ ਰਾਵਣ ਬੋਲ ਰਹੇ ਹਾਂ!
ਜਿਨ੍ਹਾਂ ਨੂੰ ਬੀਜ ਬੀਜਣ ਤੋਂ ਫਲ ਆਉਣ ਤੱਕ
ਬੂਟੇ ਨੂੰ ਛੂਹਣ ਦੀ ਹੈ ਪੂਰੀ ਖੁੱਲ੍ਹ
ਪਰ ਭ੍ਰਿਸ਼ਟਿਆ ਜਾਂਦਾ ਹੈ ਫਲ ਜਦੋਂ ਉਸ ਵੱਲ ਵਧਦਾ ਹੈ ਸਾਡਾ ਹੱਥ
ਤੇ ਭਿੱਟੀਆਂ ਜਾਂਦੀਆਂ ਹਨ ਦੱਖਣ ਦੀਆਂ ਸਾਰੀਆਂ ਨਦੀਆਂ
ਜਦੋਂ ਸਾਡੇ ਸੁੱਕੇ ਬੁੱਲ੍ਹਾਂ ਵੱਲ ਵਧਦਾ ਹੈ ਪਾਣੀ ਦਾ ਬੁੱਕ।

ਹਾਂ ਅਸੀਂ ਹੀ ਕੀਤੀ ਹੈ
ਦਰਾਵੜਾਂ, ਸੰਥਾਲਾਂ, ਆਦਿਵਾਸੀਆਂ ਤੇ ਕਬਾਇਲੀ ਲੋਕਾਂ ਦੀ ਗੱਲ
'ਤੇ ਅਸੀਂ ਹਰਗਿਜ਼ ਨਹੀਂ ਲੈਣ ਦਿਆਂਗੇ
'ਬਿਰਲਾ ਮੰਦਰ' ਦੀ ਛਾਂ ਹੇਠਾਂ 'ਰਿਸ਼ੀਆਂ' ਨੂੰ ਚੈਨ



ਤੇ ਹਰਗਿਜ਼ ਨਹੀਂ ਸੜਨ ਦਿਆਂਗੇ
ਰਾਵਣ ਦੇ ਪੁਤਲੇ ਦੇ ਬਹਾਨੇ
ਅਖ਼ਬਾਰਾਂ 'ਚ ਆਈਆਂ ਹੋਈਆਂ
ਭਗਤ ਸਿੰਘ, ਬੰਦਾ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਦੀਆਂ ਤਸਵੀਰਾਂ
*(15.10.75, ਸੈਂਟਰਲ ਜੇਲ੍ਹ, ਪਟਿਆਲਾ)*

•

## ਕਿਵੇਂ ਸ਼ੁਰੂ ਕਰਾਂ
**(ਰਿਹਾਈ ਦੀ ਆਸ ਵਿਚ)**

ਮੈਂ ਸ਼ਾਇਦ ਨਹੀਂ ਲਿਖ ਸਕਾਂਗਾ ਪੱਤਰ ਮੁਕਾ ਕੇ ਵੀ
ਮਨ 'ਚ ਆਈ ਗੱਲ
ਤੇ ਸ਼ਬਦਾਂ ਦੇ ਸਮੁੰਦਰ ਵਿਚ ਵੀ ਤ੍ਰਿਹ ਲਾਈ ਰੱਖੇਗੀ
ਅੰਦਰ ਰਹਿ ਗਈ ਅੱਗ
ਚੱਲ ਜਿਵੇਂ ਵੀ ਹੈ ਸ਼ੁਰੂ ਕਰਦਾ ਹਾਂ
ਤੇ ਤੂੰ ਆਪੇ ਕੱਢ ਲਈਂ ਅਧੂਰੀਆਂ ਗੱਲਾਂ ਦੇ ਅਰਥ
ਹੋ ਸਕੇ ਤਾਂ ਤੂੰ ਇਨ੍ਹਾਂ ਗੱਲਾਂ ਦਾ
ਆਪੇ ਹੀ ਬਣਾ ਲਈਂ ਕੋਈ ਗੀਤ
ਮੈਂ ਤੈਨੂੰ ਪੱਤਰ ਲਿਖਣ ਲੱਗਿਆਂ
ਕਿਵੇਂ ਸ਼ੁਰੂ ਕਰਾਂ ਮੇਰੇ ਮਹਿਬੂਬ।

ਹੁਣ ਤਾਂ ਬਹੁਤ ਵਿਹਾ ਚੁੱਕੀ ਹੈ
'ਚੌਨੁੱਕਰੀਆਂ' ਸੀਖ਼ਾਂ ਦੀ 'ਅਉਧ'
ਹੁਣ ਤਾਂ 'ਡਿਉਢੀ' ਪਾਰ ਕਰਨ ਵਾਲਾ
ਸਾਬਤ ਰਿਹਾ ਸਿਦਕ
ਵੇਖ ਮੈਂ ਕਿਰਤੀਆਂ ਦੇ ਝੰਡੇ 'ਚ ਭਰ ਕੇ ਆਵਾਂਗਾ
ਤੇਰਿਆਂ ਸੁਰਖ਼ ਬੁੱਲ੍ਹਾਂ ਦਾ ਰੰਗ
ਤੇ ਬਹੁਤ ਦੂਰ ਛੱਡ ਆਵਾਂਗਾ
ਯੁੱਗਾਂ ਯੁਗਾਂਤਰਾਂ ਤੋਂ ਭੁੱਖੀਆਂ ਰੂਹਾਂ ਦੀ ਜੂਹ
ਰੋਹੀ ਦੀ ਢਾਬ 'ਚੋਂ ਨਹਾ ਕੇ ਨਿਕਲੀ ਹੋਈ ਜ਼ਿੰਦਗੀ
ਰੇਤੇ 'ਤੇ ਨਚੋੜ ਦੇਵੇਗੀ
ਪਰਨੇ ਵਿਚ ਰੌਂ ਗਿਆ ਮੁੜ੍ਹਕੇ ਦਾ ਇਤਰ
ਹੁਣ ਤਾਂ ਸੱਚਮੁੱਚ ਹੀ ਉਡੂੰ ਉਡੂੰ ਕਰਨਗੀਆਂ
ਘੁੱਗੀਆਂ ਵਾਲੇ ਪੱਟਾਂ ਦੀਆਂ ਮੋਰਨੀਆਂ



ਤੇਰਿਆਂ ਸੰਘਣਿਆਂ ਵਾਲਾਂ ਵਾਂਗ ਜ਼ਿੱਦ ਕਰਨਗੀਆਂ
ਸੌਣਾਂ ਦੀਆਂ ਬੱਦਲੀਆਂ

ਮੇਰੇ ਔੜਾਂ ਮਾਰੇ ਜਿਸਮ ਨੂੰ!
ਆਪਣੇ ਵਲੇਵਿਆਂ ਵਿਚ ਵਲਣ ਲਈ
ਤੇਰੇ ਫੁੱਲਾਂ 'ਤੇ ਸ਼ੁਦੈਣਾਂ ਹੋ ਹੋ ਜਾਣਗੀਆਂ ਬਹਾਰਾਂ ਦੀਆਂ ਤਿਤਲੀਆਂ
ਤੇ ਮੈਂ ਤੇਰੀ ਬੁੱਕਲ ਵਿਚ ਸਿਰ ਰੱਖ ਕੇ
ਭਰ ਸਕਾਂਗਾ ਹੁਸਨ ਦੀ ਖ਼ੁਸ਼ਬੋ ਦੀਆਂ ਘੁੱਟਾਂ
ਸੱਚਮੁਚ ਮੈਂ ਹੋਵਾਂਗਾ ਉਦੋਂ ਇਕ ਤਰਸੇ ਹੋਏ ਪੰਛੀ ਦੇ ਵਾਂਗ
ਵੇਖ! ਮੈਂ ਕਿੰਨਾ ਚਿਰ ਸਾਂਭ ਕੇ ਰੱਖੀ ਏ
ਤੇਰੀ ਨਣਦ ਵੱਲੋਂ ਘੱਲੀ ਹੋਈ ਰੱਖੜੀ
ਜਿਵੇਂ ਤੂੰ ਸਾਂਭ ਕੇ ਰੱਖਿਆ ਆਪਣੀ ਸਕੜੰਜ 'ਤੇ
ਠਾਣੇਦਾਰ ਦੇ ਠੁੱਡਰ ਦਾ ਨਿਸ਼ਾਨ
ਤੇ ਜਿਵੇਂ ਫਿਰ ਵੀ ਸਾਂਭ ਕੇ ਰੱਖੀ ਆਪਣੇ ਅੱਧਖਿੜੇ ਫੁੱਲਾਂ ਦੀ ਟੱਬਰੀ
ਹੁਣ ਤਾਂ ਬਹੁਤ ਵਿਹਾ ਚੁੱਕੀ ਹੈ 'ਚੌਨੁੱਕਰੀਆਂ' ਸੀਖ਼ਾਂ ਦੀ ਅਉਧ

ਸਮਾਂ ਕੋਈ ਜੂੰਨੀ ਨਹੀਂ
ਜੋ ਫਿਰ ਜਨਮ ਲੈ ਸਕੇ ਗੁਰੂ ਨਾਨਕ ਤੋਂ ਬੂਝਾ ਸਿੰਘ ਤਕ ਦਾ
ਸਮਾਂ ਤਾਂ ਮਿਟਦਾ ਹੈ ਬਸ ਕਿਸੇ ਦੀ ਅਉਧ ਦਾ ਅਰਸਾ
ਤੇ ਇਸ ਅਰਸੇ ਦੀ ਘਾਟ ਬਾਧ ਦਾ ਹੈ
ਕਿਰਤੀਆਂ ਨੂੰ ਕੀ ਅਧਿਕਾਰ?

*(14.10.75, ਸੈਂਟਰਲ ਜੇਲ੍ਹ, ਅੰਮ੍ਰਿਤਸਰ)*

•

## ਸੁਰਖ਼ੀਆਂ

ਮੈਨੂੰ ਇਸ ਮੌਸਮ ਦੀ ਪਹਿਲੀ ਫੁੱਟੀ ਦੀ ਕਸਮ ਹੈ ਮੇਰੀ ਪ੍ਰੀਤਮਾ
ਮੈਂ ਐਤਕੀਂ ਤੇਰੀ ਕਪਾਹ ਦੀ ਵਾਰੀ ਸਮੇਂ
ਡੰਡੀ 'ਤੇ ਬੈਠ ਕੇ ਉਡੀਕ ਨਹੀਂ ਕਰ ਸਕਾਂਗਾ
ਮੈਂ ਤੇਰੇ ਸਿੱਕਰੀਆਂ ਬੁੱਲ੍ਹਾਂ ਦੀ ਖ਼ੁਸ਼ਕੀ ਨੂੰ
ਮਹਿਸੂਸ ਕਰਦਾ ਹਾਂ ਚੰਗੀ ਤਰ੍ਹਾਂ
ਮੇਰੀ ਹੈ ਉਡੀਕ 'ਮੁਲਾਕਾਤ ਦੀ ਬਾਰੀ' 'ਤੇ ਇਨ੍ਹੀਂ ਦਿਨੀਂ
ਭਲਕੇ ਪਤਾ ਨਹੀਂ ਕਿਸ 'ਮੁਲਾਕਾਤੀ' ਦੀ ਵਾਰੀ ਹੈ
ਆਪਣੇ ਪਿੰਡ ਵਿਚ ਖਿਲਰੀ ਹੋਈ ਬਦਬੂ ਦੀ
ਤਾਜ਼ਾ ਖ਼ਬਰ ਦੇਣ ਲਈ।

"ਚਮਾਰਾਂ ਦੀ ਛਿੰਦੀ ਨੂੰ ਕਪਾਹਾਂ 'ਚੋਂ ਹੀ ਉਡਾ ਕੇ ਲੈ ਗਏ ਨੇ
ਦਿੱਲੀ ਦੇ ਤ੍ਰੈਮੂਰਤੀ ਭਵਨ ਵਿਚ ਵਸਣ ਵਾਲੀ ਮਸ਼ੀਨਗੰਨ ਦੇ ਕਾਰਤੂਸ"
'ਪੰਚਾਇਤ, ਕਬੀਲਾ, ਪੁਲਿਸ ਤੇ ਅਦਾਲਤਾਂ
ਸਭ ਬਣ ਗਈਆਂ ਸਾਲ ਛਿਮਾਹੀ ਚਰ੍ਹੀਆਂ ਤੇ ਮੱਕੀਆਂ ਦੇ ਵਾਂਗ
ਜਿਨ੍ਹਾਂ ਦੇ ਸਿਰ ਸਦਕਾ
ਕਿਸੇ ਵੀ ਚੋਗੀ ਨੂੰ ਆਈ ਨਾ ਕਿਸੇ ਵੀ ਕਾਰਤੂਸ ਦੀ ਪਛਾਣ'

ਕੱਲ੍ਹ ਤਾਂ ਸਰਦਾਰੇ ਮੁਜਾਰੇ ਨੇ ਹੀ ਦੱਸ ਦਿੱਤਾ ਸੀ,
'ਝੋਨੇ, ਨਰਮੇ ਤੇ ਮੂੰਗਫ਼ਲੀ ਨੂੰ ਆੜ੍ਹਤੀਏ ਖਰੀਦਿਆ ਹੈ ਨੱਕ ਮਾਰ ਕੇ'
'ਉਸ ਨੇ ਬੋਹਲਾਂ ਦੇ ਸਰਾਹਣੇ ਖੜ੍ਹ ਕੇ ਉੱਚੀ ਉੱਚੀ ਪੜ੍ਹੀਆਂ ਸਨ
ਤਾਜ਼ੇ ਅਖ਼ਬਾਰ ਦੀਆਂ ਬੋਦੀਆਂ ਸੁਰਖ਼ੀਆਂ।'

'ਮੁਜੀਬ ਦੇ ਕਤਲ ਤੇ ਹਿੰਦ-ਬੰਗਲਾਦੇਸ਼ ਸਮਝੌਤਾ ਠੁੱਸ'
ਲਾਹੌਰ ਤੇ ਦਿੱਲੀ ਵਿਚ ਕਾਰਤੂਸਾਂ ਦੇ ਖੋਖਿਆਂ ਨੂੰ ਸਾਫ਼ ਕਰਨ ਲਈ
'ਅਮਰੀਕਾ ਤੇ ਰੂਸ ਤੋਂ ਟੈਂਡਰਾਂ ਦੀ ਮੰਗ'



'ਦੇਸ਼ ਭਗਤ ਯਾਦਗਾਰ ਹਾਲ ਵਿਚ ਇਕ ਕਾਰਤੂਸ ਦੀ ਪ੍ਰਧਾਨਗੀ ਹੇਠ
ਕਾਲਜਾਂ ਦੀਆਂ ਕੁੜੀਆਂ ਦੀ ਐਂਟੀ ਫ਼ਾਸਿਸਟ ਰੈਲੀ'
'ਟਿੱਕਾ ਸਾਹਿਬ ਦਾ ਮੁਜਾਰਾ, ਐਮਰਜੈਂਸੀ ਅਧੀਨ ਗ੍ਰਿਫ਼ਤਾਰ
ਕਿਉਂਕਿ ਉਸ ਦੇ ਕੱਛੂ ਹਲ ਦੀ ਹੱਲ ਤੋਪ ਦੀ ਨਾਲ ਵਾਂਗ ਸੀ
ਜਿਸਦਾ ਮੂੰਹ ਟਿੱਕਾ ਸਾਹਿਬ ਦੇ ਏਅਰ ਕੰਡੀਸ਼ਨਡ
ਜਨਤਾ ਭਵਨ ਵੱਲ ਸੀ।'

'ਦੇਸ਼ ਦੇ ਕੋਨੇ ਕੋਨੇ ਵਿਚ ਬੱਚੇ ਵੇਚਣ ਵਾਲੀਆਂ ਮਾਵਾਂ ਦੇ
ਵਰੰਟ ਗ੍ਰਿਫ਼ਤਾਰੀ ਜਾਰੀ'
ਤੇ ਹੋਰ ਪਤਾ ਨਹੀਂ ਕਿੰਨਾ ਊਲ ਜਲੂਲ

'ਸਰਦਾਰੇ' ਨੂੰ ਪੈਰ ਦੀ ਬਿਆਈ ਖੁਰਕ ਕੇ ਵੀ ਨਹੀਂ ਸੀ ਯਾਦ
ਤੇ ਮੈਨੂੰ ਜੇਲ੍ਹ ਦੀ ਗੱਲ ਤੋਰਨ ਲਈ
ਨਹੀਂ ਲੱਭਦਾ ਸੀ ਕੋਈ ਵੀ ਮੁੱਢ
ਪਰ ਜੇ ਮੈਂ ਮੁੱਢ ਲੱਭ ਵੀ ਲਵਾਂ ਤੇ ਕਹਿ ਦੇਵਾਂ
'ਕੱਲ੍ਹ ਜੋ ਚੌਦਾਂ ਬੰਦੇ ਜੇਲ੍ਹ 'ਚੋਂ ਸੁਣੀਂਦੇ ਫਰਾਰ
'ਅਸਲ ਵਿਚ ਉਹ ਵਿਚ ਹੀ ਕੀਤੇ ਨੇ ਕਤਲ'
ਜੇਲ੍ਹ ਦੀ ਸਭ ਅੱਛਾ ਦਾ ਅਰਥ
ਮੁਕੰਮਲ ਗੁਲਾਮੀ ਦਾ ਹੁੰਦਾ ਹੈ'
ਤੇ ਗੱਲਾਂ ਜਿਹੜੀਆਂ ਤੜਕੇ ਨੂੰ ਬਣਨਗੀਆਂ
ਅਖ਼ਬਾਰ ਦੀਆਂ ਸੁਰਖ਼ੀਆਂ
ਪਰ ਜੇ ਇਹ ਸੁਰਖ਼ੀਆਂ ਬਣ ਹੀ ਗਈਆਂ
ਤਾਂ ਸੇਠ ਨੇ ਦੱਬ ਲੈਣਾ ਹੈ ਅਖ਼ਬਾਰ ਦਾ ਚੰਦਾ
ਸਮਾਜ ਵਿਰੋਧੀ ਅਨਸਰਾਂ ਦਾ ਅਖ਼ਬਾਰ ਕਹਿ ਕੇ
ਤੇ ਉਸ ਨੇ ਇਹ ਸੁਰਖ਼ੀਆਂ ਨਹੀਂ ਪੜ੍ਹਨੀਆਂ

ਬੋਹਲਾਂ ਦੇ ਸਰਾਹਣੇ ਖੜ੍ਹ ਕੇ
ਮੈਨੂੰ ਇਸ ਮੌਸਮ ਦੀ ਪਹਿਲੀ ਪਹਿਲੀ ਫੁੱਟੀ ਦੀ ਕਸਮ ਹੈ ਮੇਰੀ ਪ੍ਰੀਤਮਾ
ਮੈਂ ਐਤਕੀਂ ਤੇਰੀ ਕਪਾਹ ਦੀ ਵਾਰੀ ਸਮੇਂ
ਡੰਡੀ 'ਤੇ ਬੈਠ ਕੇ ਉਡੀਕ ਨਹੀਂ ਕਰ ਸਕਾਂਗਾ।

*(16.9.75, ਸੈਂਟਰਲ ਜੇਲ੍ਹ, ਪਟਿਆਲਾ)*

•



## ਆਜ਼ਾਦੀ ਦਾ ਦਿਨ

ਮਨਾਇਆ ਤਾਂ ਐਤਕੀਂ ਵੀ ਜਾਏਗਾ ਆਜ਼ਾਦੀ ਦਾ ਦਿਨ
ਉਡਾਏ ਤਾਂ ਐਤਕੀਂ ਵੀ ਜਾਣਗੇ ਗ਼ੁਲਾਲ ਨਾਲ ਭਰੇ ਹੋਏ ਜਹਾਜ਼
ਪਰੇਡ ਕਰ ਕੇ ਸਿਪਾਹੀਆਂ ਦੀਆਂ ਅੱਡੀਆਂ ਦੀ ਧੂੜ ਨਾਲ
ਭਰ ਜਾਣਗੇ ਪਰੇਡ ਗਰਾਊਂਡ ਵਿਚ ਬੈਠੇ ਦਰਸ਼ਕਾਂ ਦੇ ਨੱਕ, ਕੰਨ ਤੇ ਅੱਖਾਂ
'ਗਾਂਧੀ' ਫੁਲ ਫੁਲ ਬੈਠੇਗਾ
ਆਪਣੇ ਨਵੇਂ ਸਜੇ ਹੋਏ ਬਾਂਦਰਾਂ ਦੀਆਂ ਸ਼ਕਲਾਂ ਵੇਖ ਕੇ

ਲਿਆਂਦੇ ਜਾਣਗੇ ਦੇਸ਼ ਦੇ ਹਰ ਕੋਨੇ 'ਚੋਂ
ਫੜ ਕੇ ਮਿੱਟੀ ਦੇ ਬਾਵੇ
ਇਕ ਔਂਤਰੀ ਆਜ਼ਾਦੀ ਸਜਾਏਗੀ ਉਨ੍ਹਾਂ ਦੇ ਗਲ
ਐਮਰਜੈਂਸੀ ਦਾ ਲਹਿੰਗਾ।
ਟੁਕੜੀਆਂ ਵਿਚ ਵੰਡੇ ਲੋਕ ਸਲਾਮੀ ਦੇਣਗੇ
ਲੁਟੇਰਿਆਂ ਦੀ ਨਵੀਂ ਸਜੀ 'ਡਿਕਟੇਟਰਸ਼ਿਪ' ਨੂੰ
ਮਿੱਟੀ ਦੇ ਬਾਵੇ ਬਹੁਤ ਟੱਪਣਗੇ
ਖੱਸੀ ਲਿਖਾਰੀਆਂ ਦੇ ਗੀਤਾਂ ਦੀ ਫ਼ੌਜੀ ਟਿਊਨ 'ਤੇ
ਮਨਾਇਆ ਤਾਂ ਐਤਕੀਂ ਵੀ ਜਾਏਗਾ ਆਜ਼ਾਦੀ ਦਾ ਦਿਨ
ਐਤਕੀਂ ਤਾਂ ਹੋਰ ਵੀ ਗੂਹੜੀ ਹੋਏਗੀ ਆਜ਼ਾਦੀ ਦੇ ਦਿਨ ਦੀ ਰੰਗਤ
ਕਿਉਂਕਿ ਹੋਇਆ ਹੈ ਸਫ਼ਲ, ਗ਼ਰੀਬੀ ਹਟਾਓ ਦਾ ਨਾਅਰਾ
ਔਂਤਰੀ ਆਜ਼ਾਦੀ ਸੁੰਗੜ-ਸੁੰਗੜ ਬੈਠੇਗੀ
ਅੰਤਰ-ਰਾਜੀ ਫੈਲੀ ਹੋਈ ਭੁੱਖ ਦੇ ਸ਼ਿਕਾਰ ਬੱਚਿਆਂ ਕੋਲੋਂ
ਮਨਾਇਆ ਤਾਂ ਐਤਕੀਂ ਵੀ ਜਾਏਗਾ ਆਜ਼ਾਦੀ ਦਾ ਦਿਨ।

ਐਤਕੀਂ ਤਾਂ ਬਹੁਤ ਲੰਮੀ ਹੋ ਜਾਏਗੀ
ਰਾਸ਼ਟਰਪਤੀ ਐਵਾਰਡਾਂ ਦੀ ਲਿਸਟ
ਤੇ ਓਦੂੰ ਵੀ ਬਹੁਤ ਲੰਮੇ ਹੋ ਜਾਣਗੇ

ਵੱਢੀਆਂ ਲੈਣ ਲਈ ਅਫ਼ਸਰਾਂ ਦੇ ਹੱਥ
ਤੇ ਏਦੂੰ ਵੀ ਸੈਂਕੜੇ ਗੁਣਾਂ ਵੱਧ ਜਾਏਗੀ
ਜੇਲ੍ਹ ਸੁਪਰਡੈਂਟਾਂ ਨੂੰ ਸਿਆਸੀ ਕੈਦੀਆਂ ਦੇ ਸਾਂਭਣ ਦੀ ਸਿਰਦਰਦੀ
ਪਰ ਬਹੁਤ ਛੋਟੇ ਹੋ ਜਾਣਗੇ ਥਾਣਿਆਂ ਦੇ ਰੋਜ਼ਨਾਮਚੇ
ਕਿਉਂਕਿ ਪੁਲਿਸ ਨੂੰ ਬਹੁਤ ਕਾਹਲ ਹੋਏਗੀ
"ਰੋਟੀ ਮੰਗਦੇ ਸਮਾਜ ਵਿਰੋਧੀ ਅਨਸਰ" ਨਾਲ
ਨਹਿਰ ਦੇ ਪੁਲ 'ਤੇ ਮੁਕਾਬਲਾ ਦਿਖਾਉਣ ਲਈ।
ਮਨਾਇਆ ਤਾਂ ਐਤਕੀਂ ਵੀ ਜਾਏਗਾ ਆਜ਼ਾਦੀ ਦਾ ਦਿਨ।

ਲਾਏ ਜਾਣਗੇ ਵਿਧਾਨ ਦੀ ਰੱਖਿਆ ਦੇ ਨਾਅਰੇ
ਪਰ ਹਰ ਵੱਡੇ ਨੂੰ ਹੱਕ ਹੋਏਗਾ ਵਿਧਾਨ ਦੀ ਨਾੜ ਮਰੋੜਨ ਦਾ
ਕਿਉਂਕਿ ਇਹ ਕਿਹੜਾ ਗੁਰੂ ਗੋਬਿੰਦ ਸਿੰਘ ਜੀ ਦਾ ਸਿਧਾਂਤ ਹੈ
ਜਾਂ ਇੰਟੈਰੋਗੇਸ਼ਨ ਵਿਚ ਨਿਭਾਇਆ ਗਿਆ 'ਕਾਮਰੇਡਾਂ ਦਾ ਸਿਦਕ'
ਵਿਧਾਨ ਦੇ ਕਿਸੇ ਵੀ ਅੰਗ ਦੀ ਭੰਨ ਤੋੜ
ਅਤਿ ਜ਼ਰੂਰੀ ਹੈ ਸਾਡੇ 'ਅੱਵਲ ਨੰਬਰ ਦੇ ਲੋਕਰਾਜ' ਦੀ
'ਸਿਹਤ' ਅਤੇ 'ਸੇਧ' ਲਈ।
ਮਨਾਇਆ ਤਾਂ ਐਤਕੀਂ ਵੀ ਜਾਏਗਾ ਆਜ਼ਾਦੀ ਦਾ ਦਿਨ।

*(14.8.75, ਹਵਾਲਾਤ ਥਾਣਾ, ਸ਼ਹਿਣਾ)*

•



## ਵਸੀਅਤ

**(ਮੈਂ ਕੋਈ 'ਵੱਡਾ ਆਦਮੀ' ਨਹੀਂ)**

ਮੈਂ ਕੋਈ 'ਵੱਡਾ ਆਦਮੀ' ਨਹੀਂ
ਜਿਸ ਦੀ ਵਸੀਅਤ ਪੁਗਾਉਣ ਲਈ ਕਰਨੇ ਪੈਣਗੇ ਤੁਹਾਨੂੰ
ਅੰਤਰ-ਰਾਸ਼ਟਰੀ ਅਡੰਬਰ।

ਮੇਰੀ ਤਾਂ ਰੀਝ ਹੈ ਕਿ ਮੇਰੀ ਕਵਿਤਾ
ਬਣ ਜਾਏ ਸੂਹੀ ਸਵੇਰ ਦਾ ਇਕ ਭਾਗ
ਤੇ ਦਿਨ ਚੜ੍ਹਦੇ ਦੀ ਲਾਲੀ ਨੂੰ ਮੇਰੇ ਕਿਰਤੀ ਭਰਾ
ਦੇਖਣ ਲਈ ਹੋ ਹੋ ਖਲੋਣ ਇਕ ਦੂਜੇ ਤੋਂ ਮੂਹਰੇ।

ਮੈਂ ਹਰਗਿਜ਼ ਨਹੀਂ ਚਾਹਾਂਗਾ
ਕਿ ਮੇਰੇ ਗੀਤ ਬਣਨ ਜਣੇਂ ਖਣੇਂ ਦੀ ਪ੍ਰਸ਼ੰਸਕ ਆਲੋਚਨਾ ਦਾ ਵਿਸ਼ਾ
ਕਿਉਂਕਿ ਮੇਰੇ ਦੁਸ਼ਮਣ ਬਹੁਤ ਕਾਹਲੇ ਹਨ ਮੇਰੀ ਪ੍ਰਸ਼ੰਸਾ ਕਰ ਕੇ
ਮੇਰੇ ਮਿੱਤਰਾਂ ਵਿਚ ਘੁਸੜਨ ਲਈ।

ਮੇਰੀ ਲੋਥ ਤਾਂ ਸ਼ਾਇਦ ਤੁਹਾਨੂੰ ਨਹੀਂ ਲੱਭਣੀ
ਤੇ ਨਾ ਹੀ ਪਤਾ ਲੱਗੇਗਾ
ਮੇਰੇ ਮਰਨ ਦੀ ਤਾਰੀਖ਼ ਅਤੇ ਬਕੂਏ ਦਾ
ਨਹੀਂ ਤਾਂ ਮੈਂ ਤੁਹਾਨੂੰ
ਅੰਤਿਮ ਸੰਸਕਾਰ ਬਾਰੇ ਵੀ ਲਿਖਣਾ ਸੀ ਜ਼ਰੂਰ
ਮੈਨੂੰ ਤਾਂ ਬਸ ਇਹੀ ਝੋਰਾ ਹੈ
ਕਿ ਮੇਰੀ ਲਾਸ਼ ਤੱਕਦੀ ਰਹੇਗੀ ਅਣਪਛਾਤੇ ਪੁਲ ਦੇ ਲਾਗਲੇ ਵੱਢਾਂ ਵਿਚਕਾਰ
ਜਿਸ ਦੀ ਬੋਅ ਸਦਕਾ ਨਹੀਂ ਆ ਸਕਣਗੀਆਂ ਏਧਰ
'ਬੱਲੀ' ਵਰਗੇ ਪਾਲੀਆਂ ਦੀਆਂ ਚਰਨ ਲਈ ਗਾਈਆਂ
ਤੇ ਏਧਰ ਕੋਈ ਸਿਲੇਹਾਰ ਨਹੀਂ ਆਏਗੀ

ਭਰੇ ਗੱਡਿਆਂ ਤੋਂ ਮਲ੍ਹਿਆਂ ਨਾਲ ਘਸੜਕੇ ਕਿਰੀਆਂ ਬੱਲੀਆਂ ਚੁਗਣ ਲਈ
ਹੋ ਸਕਦਾ ਹੈ ਕਿ ਮੈਨੂੰ ਅੱਜ ਟੁੱਕਿਆ ਜਾਏ
ਮੇਰੇ ਵਿਲਕਦੇ ਬੱਚਿਆਂ ਦੇ ਸਾਹਮਣੇ
ਜਾਂ ਮੈਂ ਖ਼ੁਦ ਵੀ ਕਿਸੇ ਸਾਥੀ ਦੀ ਮਾਂ ਨੂੰ ਘੜੀਸੀ ਜਾਂਦੇ
ਕਪਤਾਨ ਵਿਚ ਟੱਕਰ ਮਾਰਕੇ ਮਰ ਸਕਦਾ ਹਾਂ
ਉਸ ਸਮੇਂ ਤੁਹਾਨੂੰ ਨਾ ਤਾਂ ਖੇਚਲ ਹੋਏਗੀ
ਮੇਰੀ ਲੋਥ ਦੀ ਬੇ-ਅਦਬੀ ਰੋਕਣ ਲਈ
ਕਿਉਂਕਿ ਉਦੋਂ ਤੁਸੀਂ ਵੀ ਘਿਰੇ ਹੋਏ ਹੋਵੇਗੇ
ਖ਼ੂੰਖਾਰ ਗਿਰਝਾਂ ਅਤੇ ਕੁੱਤਿਆਂ ਵਿਚਕਾਰ
ਹੋ ਸਕੇ ਤਾਂ ਮੇਰਾ ਖ਼ੈਰ ਸੁੱਖ ਵਾਲਾ ਗੀਤ
ਪਹੁੰਚਾ ਦੇਣਾ ਸ਼ਹੀਦ ਸਾਥੀਆਂ ਦੇ ਪਿੰਡਾਂ ਦੀਆਂ ਸੱਥਾਂ ਵਿਚਕਾਰ

ਮੈਨੂੰ ਪਤਾ ਹੈ ਕਿ ਮੇਰੇ ਕਾਤਲਾਂ ਨੂੰ ਬਰੀ ਕਰਨ ਲਈ
ਬਹੁਤ ਕਾਹਲੀਆਂ ਹੋਣਗੀਆਂ ਸਾਡੇ ਦੁਸ਼ਮਣਾਂ ਦੀਆਂ ਅਦਾਲਤਾਂ
ਪਰ ਤੁਸੀਂ ਇਸ ਦਾ ਕੋਈ ਗ਼ਮ ਨਾ ਕਰਨਾ,
ਤੁਹਾਡੇ ਵੱਲੋਂ ਉਹਨਾਂ ਨੂੰ ਕੋਈ ਸਜ਼ਾ ਮਿਲਣ ਤੋਂ ਪਹਿਲਾਂ
ਕਦੋਂ ਦੀ ਸਜ਼ਾ ਮਿਲ ਚੁੱਕੀ ਹੈ
ਜਦੋਂ ਕਿ ਮੈਂ ਕਿਰਤੀਆਂ ਦੇ ਗੀਤ ਦੀ ਲਿਖੀ ਸੀ ਪਹਿਲੀ ਸਤਰ।

*(5-8-76 ਜ਼ਿਲ੍ਹਾ ਜੇਲ੍ਹ, ਸੰਗਰੂਰ)*

•



# 1971 ਤੋਂ ਪਹਿਲੀ ਕਵਿਤਾ

## ਸਤਿਗੁਰ ਪ੍ਰਤਾਪ ਸਿੰਘ ਨੂੰ

**ਬੰਦ**

ਮੇਰੇ ਪ੍ਰੀਤਮਾ ਮੈਂ ਭੈਣੀ ਸਾਹਿਬ ਅੰਦਰ,
ਤੈਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਆਇਆ।
ਤੇਰੀ ਮੜ੍ਹੀ 'ਤੇ ਬੈਠ ਕੇ ਦੋ ਘੜੀਆਂ,
ਹੰਝੂ ਪਿਆਰ ਦੇ ਇਕ ਦੋ ਵਹਾਉਣ ਆਇਆ।

(1)

ਤੇਰੇ ਸਦਮਿਆਂ ਵਿੰਨ੍ਹਿਆ ਦਿਲ ਮੇਰਾ,
ਛਾਤੀ ਪਾੜ ਕੇ ਤੈਨੂੰ ਦਿਖਾਉਣ ਆਇਆ।
ਤੇਰੇ ਪਿਆਰ ਵਿਚ ਮਸਤ ਮਲੰਗ ਹੋ ਕੇ,
ਮੁੜ ਕੇ ਵਸਲ ਦਾ ਦੀਵਾ ਜਗਾਉਣ ਆਇਆ।
ਜੀ ਕਰਦਾ ਸੀ ਨਾਲ ਹੀ ਸੜ ਜਾਈਏ,
ਜਦੋਂ ਕੀਤਾ ਸੀ ਅੰਤਿਮ ਸੰਸਕਾਰ ਤੇਰਾ।
ਤੇਰੀ ਮੜ੍ਹੀ ਦੀ ਰਾਖ਼ ਵੀ ਕਹਿ ਰਹੀ ਸੀ,
ਯਾਦ ਰਹੇਗਾ ਸਦਾ ਪਿਆਰ ਤੇਰਾ।

(2)

ਤੈਨੂੰ ਦਰਦ ਸੀ ਗਊ ਗ਼ਰੀਬ ਉਤੇ,
ਸਾਰੇ ਮਜ਼੍ਹਬਾਂ ਦਾ ਸਾਂਝਾ ਅਵਤਾਰ ਸੀ ਤੂੰ।
ਖ਼ਿਜ਼ਾ ਵਿਚ ਸੀ ਜਿਹੜੀ ਖੁਸ਼ਹਾਲ ਰਹਿੰਦੀ,
ਸੱਚਮੁੱਚ ਹੀ ਸਦਾ ਬਹਾਰ ਸੀ ਤੂੰ।
ਸਾਰਾ ਵਿਸ਼ਵ ਸੀ ਜਿਥੋਂ ਪਿਆਰ ਲੈਂਦਾ,
ਸੂਰਜ ਚੰਦਰਮਾ ਦਾ ਚਮਤਕਾਰ ਸੀ ਤੂੰ।
ਦੇਸ਼ ਭਗਤ ਕੁਰਬਾਨੀ ਦਾ ਦੇਵਤਾ ਸੀ,
ਜਾਂ ਫਿਰ ਪ੍ਰੇਮੀਆਂ ਦਾ ਵਸਲ-ਏ-ਯਾਰ ਸੀ ਤੂੰ।



ਗਊਆਂ ਤਕਦੀਆਂ ਬੂਥੀਆਂ ਚੁੱਕ ਚੁੱਕ ਕੇ,
ਕਿਤੇ ਦਿਸੇ ਨਾ ਚਿਹਰਾ ਗੁਲਨਾਰ ਤੇਰਾ।
ਰੋ ਕੇ ਨਹਿਰ ਸਰਹਿੰਦ ਦੀ ਕਹਿ ਰਹੀ ਏ,
ਯਾਦ ਰਹੇਗਾ ਸਦਾ ਪਿਆਰ ਤੇਰਾ।
ਘੜ ਕੇ ਤੇਰੀ ਮੁਹੱਬਤ ਦੀ ਇਕ ਵੀਣਾ,
ਗੀਤ ਤੇਰੀ ਜੁਦਾਈ ਦਾ ਗਾਵਾਂਗਾ ਮੈਂ।
ਬੇਸ਼ੱਕ ਰੱਬ ਨੇ ਦਿੱਤਾ ਵਿਛੋੜ ਸਾਨੂੰ,
ਅੰਦਰ ਸੀਨੇ ਦੇ ਤੈਨੂੰ ਵਸਾਵਾਂਗਾ ਮੈਂ।
ਸੁਪਨੇ ਵਿਚ ਵੀ ਤੇਰੀ ਉਡੀਕ ਰਹਿੰਦੀ,
ਤੇਰੀ ਯਾਦ ਵਿਚ ਔਸੀਆਂ ਪਾਵਾਂਗਾ ਮੈਂ।
ਬੇਸ਼ੱਕ ਤੂੰ ਉਦਾਸੀ ਨੂੰ ਭੁੱਲ ਜਾਵੇਂ,
ਮਰਨ ਤੋੜੀ ਨਾ ਤੈਨੂੰ ਭੁਲਾਵਾਂਗਾ ਮੈਂ।
ਬੇਸ਼ੱਕ ਮਰ ਜਾਵਾਂ ਤੇਰੀ ਯਾਦ ਅੰਦਰ,
ਫਿਰ ਵੀ ਲੋੜਦਾ ਰਹੂੰ ਦੀਦਾਰ ਤੇਰਾ।
ਮੇਰੀ ਕਲਮ ਤਾਂ ਵਿਲਕਦੀ ਕਹਿ ਰਹੀ ਏ,
ਯਾਦ ਰਹੇਗਾ ਸਦਾ ਪਿਆਰ ਤੇਰਾ।

*(ਸੰਤ ਰਾਮ ਉਦਾਸੀ ਨੇ ਪਹਿਲੀ ਵਾਰ ਇਹ ਕਵਿਤਾ ਨਾਮਧਾਰੀ ਸਾਹਿਤ ਸਭਾ ਜੀਵਨ ਨਗਰ (ਸਿਰਸਾ) ਵਿਚ ਰਹਿੰਦਿਆਂ 1959 ਵਿਚ ਲਿਖ ਕੇ, ਨਾਮਧਾਰੀ ਲਹਿਰ ਦੇ ਸਤਿਗੁਰ ਪ੍ਰਤਾਪ ਸਿੰਘ ਦੀ ਅੰਤਿਮ ਅਰਦਾਸ ਮੌਕੇ ਪੜ੍ਹੀ ਸੀ। ਰਾਜਿੰਦਰ ਰਾਹੀ ਨੇ ਉਦਾਸੀ ਦੀ ਇਹ ਮੁੱਢਲੀ ਰਚਨਾ ਜੀਵਨ ਨਗਰ ਦੇ ਨਾਲ ਹੀ ਪਿੰਡ ਜਗਮਲੇਰਾ (ਹਰਿਆਣਾ) ਦੇ ਨਿਵਾਸੀ ਕਾਮਰੇਡ ਅਮਰੀਕ ਸਿੰਘ 'ਸਭ ਰੰਗ' ਕੋਲੋਂ ਪ੍ਰਾਪਤ ਕੀਤੀ ਹੋਈ ਹੈ।)*

•

## ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੇ
**(ਸਤਿਗੁਰ ਪ੍ਰਤਾਪ ਸਿੰਘ ਨੂੰ ਸਮਰਪਿਤ)**

ਕਸਮ ਰੱਬ ਦੀ ਇਹੋ ਏ ਚਾਅ ਮੈਨੂੰ,
ਹੋਵੇਂ ਚੰਨ ਤੇ ਮੈਂ ਚਕੋਰ ਹੋਵਾਂ।
ਹੋਵੇਂ ਸਾਵਣ ਦੀ ਰੁੱਤ ਦਾ ਮੇਘਲਾ ਤੂੰ,
ਪੈਲਾਂ ਪਾਂਵਦਾ ਇਕ ਮੈਂ ਮੋਰ ਹੋਵਾਂ।
ਕਿਰਨ ਤੇਰੇ ਪਿਆਰ ਦੀ ਰਹੇ ਮਿਲਦੀ,
ਭਾਵੇਂ ਵਸਦਾ ਵਿਚ ਅੰਧ-ਘੋਰ ਹੋਵਾਂ।
ਆਵੇ ਲੋਰ ਪਿਆਰ ਦੀ ਤਦੋਂ ਮੈਨੂੰ,
ਤੇਰੇ ਚਰਨਾਂ ਦੀ ਤੱਕਦਾ ਤੋਰ ਹੋਵਾਂ।
ਹੋਵੇਂ ਫੁੱਲ ਤੇ ਗੂੰਜਾਂ ਮੈਂ ਭੌਰ ਬਣ ਕੇ,
ਤੇਰੇ ਮੇਰੇ ਪਿਆਰ ਦੀ ਰੀਤ ਨਿਭਜੇ।
ਬਿਨਾਂ ਏਸ ਮੰਗੋਂ ਹੋਰ ਮੰਗਣਾ ਕੀਹ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੇ।
ਰੱਬੀ ਸ਼ਕਤੀਆਂ ਨੇ ਤੇਰੀ ਜੋਤ ਅੰਦਰ,
ਭਾਰਤ ਮਾਂ ਦਾ ਸਿਪਾਹਸਲਾਰ ਹੈਂ ਤੂੰ।
ਰਾਖਾ ਤੂੰ ਏਂ ਅਮਨ ਤੇ ਏਕਤਾ ਦਾ,
ਸਾਰੇ ਵਿਸ਼ਵ ਦਾ ਜਿਵੇਂ ਸਰਦਾਰ ਹੈਂ ਤੂੰ।
ਹਿੰਦੂ, ਸਿੱਖ, ਮੁਸਲਿਮ ਤੈਨੂੰ ਕਰਨ ਸਜਦੇ,
ਸਾਰੇ ਮਜ਼੍ਹਬਾਂ ਦਾ ਸਾਂਝਾ ਅਵਤਾਰ ਹੈਂ ਤੂੰ।
ਮਦਦਗਾਰ ਹੈਂ ਪੀਆ ਉਦਾਸੀਆਂ ਦਾ,
ਹੇਠਾਂ ਡਿੱਗਿਆਂ ਦਾ ਪੱਕਾ ਯਾਰ ਹੈਂ ਤੂੰ।
ਇਕ ਤੇਰੀ ਮੁਸਕਾਨ ਦੀ ਲੋੜ ਸਾਕੀ,
ਹੋਰ ਲੋੜ ਨਾ, ਮੇਰੀ ਪ੍ਰਤੀਤ ਨਿਭਜੇ।
ਮੈਨੂੰ ਤਾਜ ਤੇ ਤਖ਼ਤ ਦੀ ਲੋੜ ਨਾਹੀਂ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੇ।



*(ਇਹ ਕਵਿਤਾ ਪਹਿਲੀ ਵਾਰ 1960 ਵਿਚ ਨਾਮਧਾਰੀ ਸਾਹਿਤ ਸਭਾ ਜੀਵਨ ਨਗਰ (ਸਿਰਸਾ) ਵੱਲੋਂ ਛਾਪੇ ਗਏ ਕਾਵਿ-ਸੰਗ੍ਰਹਿ 'ਪਹਿਲਾ ਉਭਾਰ' ਤੋਂ ਪ੍ਰਾਪਤ ਕੀਤੀ ਹੈ। ਉਸ ਸਮੇਂ ਉਦਾਸੀ ਆਪਣੇ ਪਰਿਵਾਰ ਕੋਲ ਜਗਮਲੇਰੇ ਰਹਿੰਦਾ ਸੀ। ਉਸ ਦੇ ਯਤਨਾਂ ਸਦਕਾ ਹੀ ਨਾਮਧਾਰੀ ਸਾਹਿਤ ਸਭਾ ਦਾ ਗਠਨ ਕੀਤਾ ਗਿਆ ਸੀ। 'ਪਹਿਲਾ ਉਭਾਰ' ਕਾਵਿ ਸੰਗ੍ਰਹਿ ਦੇ ਮੁੱਖ ਬੰਧ ਵਿਚ ਸ੍ਰੀ ਪ੍ਰੀਤਮ ਸਿੰਘ ਕਵੀ ਲਿਖਦਾ ਹੈ: 'ਮੁੱਢ ਇੰਜ ਬੱਝਾ! ਸ੍ਰੀ ਸੰਤ ਰਾਮ ਉਦਾਸੀ ਨਾਮੀ ਇਕ ਹਰੀਜਨ ਨਾਮਧਾਰੀ ਨੇ ਗਵਰਨਮੈਂਟ ਸਕੂਲਾਂ ਤੋਂ ਪ੍ਰਭਾਵਿਤ ਹੋ, ਆਪਣੇ ਹੁਣ ਦੇ ਪਿੰਡ ਸੰਤ ਨਗਰ ਆ ਕੇ ਨਾਮਧਾਰੀ ਨੌਜਵਾਨਾਂ ਨਾਲ ਡਰਾਮਾ ਖੇਡਣ ਦਾ ਸ਼ੌਕ ਦੱਸਿਆ ਪਰ ਡਾਕਟਰ ਨਿਰੰਜਣ ਸਿੰਘ ਜੀ ਦੀ ਪ੍ਰੇਰਨਾ ਨੇ, ਨਾਟਕ ਚੇਟਕ ਤੋਂ ਹੋੜ, ਕਵੀ ਦਰਬਾਰ ਕਰਨ ਲਈ ਉਤਸ਼ਾਹਤ ਕੀਤਾ।" ਇਹ ਕਾਵਿ ਸੰਗ੍ਰਹਿ ਜਗਮਲੇਰਾ ਨਿਵਾਸੀ ਗੁਰਚਰਨ ਸਿੰਘ, ਜੋ ਇਸ ਵਕਤ ਮਹਾਰਾਜ ਹਰੀ ਸਿੰਘ ਕਾਲਜ ਜੀਵਨ ਨਗਰ ਵਿਚ ਸੇਵਾਦਾਰ ਹਨ, ਕੋਲੋਂ ਪ੍ਰਾਪਤ ਹੋਇਆ ਹੈ। -ਰਾਹੀ)*

•

## ਪ੍ਰੀਤਮ ਦਾ ਵਿਛੋੜਾ
**(ਸਤਿਗੁਰ ਰਾਮ ਸਿੰਘ ਜੀ ਨੂੰ)**

ਖ਼ਬਰ ਮਿਲੀ ਜਾਂ ਜਾਣ ਉਹਦੇ ਦੀ
ਸੁਣ ਕੇ ਦਿਲ ਘਬਰਾਏ ਨੀ
ਤੜਪਦੀਆਂ ਰਹਿ ਗਈਆਂ ਸੱਧਰਾਂ
ਨੈਣ ਹੋਏ ਤ੍ਰਿਹਾਏ ਨੀ।
ਵਧ ਗਏ ਮੇਰੇ ਦੇਸ਼ ਦੇ ਅੰਦਰ ਜ਼ਾਲਮ ਤੇ ਜਰਵਾਣੇ ਹੋ।
ਪਰਤਣ ਦਾ ਮੌਸਮ ਨਾ ਆਇਆ, ਅੱਜ ਤਕ ਉਹਦੇ ਭਾਣੇ ਹੋ।
ਦਰਸ ਉਹਦੇ ਨੂੰ ਰਹੇ ਤੜਫ਼ਦੇ, ਕਈ ਮਾਵਾਂ ਦੇ ਜਾਏ ਨੀ
ਤੜਪਦੀਆਂ ਰਹਿ ਗਈਆਂ ਸੱਧਰਾਂ...
ਖੜ੍ਹੀ ਬਸੰਤ ਉਡੀਕ ਰਹੀ ਏ, ਹਿਕੜੀ ਧੜਕੇ ਰੁੱਤਾਂ ਦੀ।
ਮੀਡੀ ਮੀਡੀ ਹੋਈ ਜਾਪਦੀ ਭਾਰਤ ਮਾਂ ਦੀਆਂ ਗੁੱਤਾਂ ਦੀ।
ਦਰਦ ਰਿੰਞਾਣੇ ਦਰਦ ਹੰਢਾਵਣ ਕਿਹੜਾ ਦਰਦ ਵੰਡਾਏ ਨੀ।
ਤੜਪਦੀਆਂ ਰਹਿ ਗਈਆਂ ਸੱਧਰਾਂ...
ਮੈਂ ਰੱਖਾਂਗਾ ਆਸ ਲਗਾਈ ਭਾਵੇਂ ਆਸ ਪੁਗਾਈ ਨਾ।
ਦਿਲ ਦੀ ਕੁਟੀਆ ਸੁੰਨੀ ਸੱਖਣੀ, ਆਈਂ ਭਾਵੇਂ ਆਈਂ ਨਾ।
ਹਿਜਰ ਤੇਰੇ ਵਿਚ ਵੈਣ ਪੈਣਗੇ, ਕਿਹੜਾ ਅੱਜ ਵਰਚਾਏ ਜੀ।
ਤੜਪਦੀਆਂ ਰਹਿ ਗਈਆਂ ਸੱਧਰਾਂ...
ਮੈਂ ਉਮਰਾਂ ਦਾ ਦਾਸ ਰਹਾਂਗਾ ਇਕ ਵਾਰੀ ਜੇ ਆ ਜਾਵੋ।
ਫਿੱਕੀ ਰੁੱਤ ਬਹਾਰਾਂ ਵਾਲੀ ਜੇ ਰੌਣਕ ਪਾ ਜਾਵੋ।
ਵਾਰ ਕਰੀਂ ਨਾ ਹੋਰ ਹਿਜਰ ਦਾ ਅਸੀਂ ਜੇ ਸੀਸ ਝੁਕਾਏ ਜੀ।
ਤੜਪਦੀਆਂ ਰਹਿ ਗਈਆਂ ਸੱਧਰਾਂ
ਨੈਣ ਹੋਏ ਤ੍ਰਿਹਾਏ ਨੀ।

•



## ਗੁਰੂ ਅਰਜਨ ਦੇਵ ਜੀ ਦੀ ਉਦਾਰਤਾ

ਅੱਜ ਕਿਹੀ ਦਿਹਾੜੀ ਆਈ ਏ
ਜ਼ੁਲਮਾਂ ਨੇ ਜਾਨ ਕੰਬਾਈ ਏ।
ਆਹ ਵਰ੍ਹਦੇ ਨੇ ਅੰਗਿਆਰ ਪਏ।
ਹਰ ਪਾਸਿਓਂ ਹਾਹਾਕਾਰ ਪਏ।
ਘੁੱਗੀਆਂ ਨੇ ਜੀਭਾਂ ਕੱਢੀਆਂ ਨੇ, ਸੂਰਜ ਨੇ ਲਾਟਾਂ ਛੱਡੀਆਂ ਨੇ।
ਜ਼ਾਲਮ ਨੇ ਤਵੀ ਤਪਾਈ ਏ।
ਅੱਜ ਕਿਹੀ ਦਿਹਾੜੀ ਆਈ ਏ।

ਆਹ ਦੇਗ ਉਬਾਲੇ ਖਾਂਦੀ ਏ।
ਪ੍ਰੀਤਮ ਨੂੰ ਕਾੜ੍ਹੀ ਜਾਂਦੀ ਏ।
ਚੰਦੂ ਦਾ ਸੀਨਾ ਠਾਰ ਰਹੀ, ਅਰਜਨ ਨੂੰ ਅਣਖ ਵੰਗਾਰ ਰਹੀ।
ਜਦ ਛਾਲਿਆਂ ਛਹਿਬਰ ਲਾਈ ਏ।
ਅੱਜ ਕਿਹੀ ਦਿਹਾੜੀ ਆਈ ਏ...

ਤੱਕ ਮੀਆਂ ਮੀਰ ਨੇ ਅਰਜ਼ ਕਰੀ।
ਮੈਨੂੰ ਹੁਕਮ ਪਾਤਸ਼ਾਹ ਦਿਓ ਜਰੀ।
ਦਿੱਲੀ ਦਾ ਤਖ਼ਤ ਹਿਲਾ ਦੇਵਾਂ, ਇੱਟ-ਇੱਟ ਕਰ ਕੇ ਦਿਖਲਾ ਦੇਵਾਂ।
ਕਰ ਦੇਵਾਂ ਹੁਣੇ ਚੜ੍ਹਾਈ ਏ।
ਅੱਜ ਕਿਹੀ ਦਿਹਾੜੀ ਆਈ ਏ...

ਉਹ ਆਉਂਦੀ ਇਕ ਮੁਟਿਆਰ ਪਈ।
ਤੇ ਰੋਂਦੀ ਯਾਰੋ ਯਾਰ ਪਈ।
ਕਹਿੰਦੀ ਕੀ ਵਰਤਿਆ ਭਾਣਾ ਏ, ਮੈਂ ਨਾਲੇ ਹੀ ਸੜ ਜਾਣਾ ਏ।
ਚੂਰੀ ਦਾ ਕੌਲ ਲਿਆਈ ਏ।
ਅੱਜ ਕਿਹੀ ਦਿਹਾੜੀ ਆਈ ਏ...

ਕਿਉਂ ਫੜੀ ਉਦਾਸੀ ਬੱਚੀਏ ਨੀ।
ਜੇ ਦੇਸ਼ ਕੌਮ ਤੋਂ ਮੱਚੀਏ ਨੀ।
ਮੈਂ ਅਮਰ ਸ਼ਹੀਦ ਕਹਾਵਾਂਗਾ, ਬੰਧਨ ਸਭ ਤੋੜ ਵਖਾਵਾਂਗਾ।
ਇਹ ਪ੍ਰੀਤਮ ਆਖ ਸੁਣਾਈ ਏ।
ਅੱਜ ਕਿਹੀ ਦਿਹਾੜੀ ਆਈ ਏ।
ਜ਼ੁਲਮਾਂ ਨੇ ਜਾਨ ਕੰਬਾਈ ਏ।

•



## ਪ੍ਰੀਤਮ ਪਿਆਰਾ

**(ਸ੍ਰੀ ਗੁਰੂ ਗੋਬਿੰਦ ਸਿੰਘ ਜੀ)**

ਮੇਰੀ ਸਖੀ ਸਹੇਲੜੀਓ, ਇਕ ਹਾਲ ਸੁਣਾਵਾਂ ਨੀ,
ਦੁੱਖ ਸੁਣ ਕੇ ਬੱਚਿਆਂ ਦਾ, ਮਰ ਜਾਵਣ ਮਾਵਾਂ ਨੀ।
ਜਦ ਧਰਮ ਨੂੰ ਖ਼ਤਰਾ ਸੀ, ਸਰਮਾਏਦਾਰੀ ਤੋਂ,
ਵਹਿਮਾਂ ਤੇ ਰਸਮਾਂ ਤੋਂ ਅਤੇ ਫ਼ਿਰਕਾਦਾਰੀ ਤੋਂ।
ਰਾਜੇ ਜਰਵਾਣੇ ਨੀ, ਕਰ ਜ਼ੋਰ ਧਿਙਾਣੇ ਨੀ,
ਪੱਤ ਖੋਹ ਕੇ ਲੋਕਾਂ ਦੀ ਕਰਦੇ ਮਨ ਭਾਣੇ ਨੀ।
ਲੋਕਾਂ ਦੀਆਂ ਲਹਿਰਾਂ ਨੂੰ ਜਨਤਾ ਦੀਆਂ ਮੰਗਾਂ ਨੂੰ,
ਲੋਕਾਂ ਦੀ ਸ਼ਾਨ ਦੀਆਂ, ਉਨ੍ਹਾਂ ਸਿਖਰ ਦੁਪਹਿਰਾਂ ਨੂੰ,
ਜ਼ਾਲਮ ਨਾ ਜਰਦੇ ਸੀ।
ਜੰਜੂ ਤੇ ਤਿਲਕਾਂ ਦੇ, ਉਹ ਲਾ ਬਹਾਨੇ ਨੀ,
ਤੰਗ ਡਾਹਢਾ ਕਰਦੇ ਸੀ।

ਦੁਖੀਆਂ ਦੀਆਂ ਚੀਕਾਂ ਨੇ, ਧਰਮਾਂ ਦੀਆਂ ਹੂਕਾਂ ਨੇ,
ਲੋਕਾਂ ਦੇ ਜਜ਼ਬੇ ਨੇ ਤੇ ਅਣਖ ਰੰਗੀਲੀ ਨੇ,
ਇਕ ਸ਼ੇਰ ਜਗਾ ਦਿੱਤਾ, ਤੇ ਲੜਨ ਸਿਖਾ ਦਿੱਤਾ।
ਉਸ ਮਰਦੇ ਮੁਜਾਹਦ ਨੇ,
ਚੁੱਕੀਆਂ ਤਲਵਾਰਾਂ ਹੋ, ਦੇ ਕੇ ਲਲਕਾਰਾ ਹੋ,
ਆਓ ਸਿਰ ਦੇਵਣ ਦਾ, ਹੁਣ ਕਰੋ ਤਿਆਰਾ ਹੋ।

ਧਰਤੀ ਦੀ ਹਿੱਕੜੀ ਨੂੰ,
ਸਮਿਆਂ ਦੀ ਸ਼ਕਤੀ ਨੂੰ, ਦੁਖੀਆਂ ਦੇ ਜੀਵਨ ਨੂੰ,
ਧਰਮਾਂ ਦੀ ਹਸਤੀ ਨੂੰ,
ਲੋੜ ਖ਼ੂਨੀ ਰੰਗਤ ਦੀ, ਸਿਰ ਵਾਰੂ ਸੰਗਤ ਦੀ।

ਕੋਨੇ ਕੋਨੇ ਧਰਤੀ ਦੇ, ਛਿੜੀਆਂ ਝਰਨਾਟਾਂ ਸੀ,
ਬਲ ਉਠੀਆਂ ਲਾਟਾਂ ਸੀ,
ਸੀਨੇ ਫਿਰ ਜ਼ਾਲਮ ਦੇ, ਪਈਆਂ ਨਿਕਲ ਥਰਾਟਾਂ ਸੀ।

ਜ਼ਾਲਮ ਜਰਵਾਣੇ ਨੇ,
ਉਸ ਮਰਦ ਅਗੰਮੜੇ ਦੇ, ਬੱਚਿਆਂ ਨੂੰ ਕੋਹ ਦਿੱਤਾ।
ਬਾਬਲ ਤੇ ਮਾਤਾ ਨੂੰ, ਜ਼ੁਲਮਾਂ ਵਿਚ ਢੋਹ ਦਿੱਤਾ।
ਸਰਸਾ ਦੀਆਂ ਲਹਿਰਾਂ ਨੇ, ਜ਼ਾਲਮ ਦੇ ਕਹਿਰਾਂ ਨੇ,
ਸਿੰਘਾਂ ਦੇ ਵਿਛੋੜੇ ਨੇ, ਘਰ ਮਾਲ ਦੇ ਰੋੜ੍ਹੇ ਨੇ,
ਉਹਨੂੰ ਥਿੜਕਾਇਆ ਨਾ, ਤੇ ਉਹ ਘਬਰਾਇਆ ਨਾ।
ਲੋਕਾਂ ਦੀ ਸੇਵਾ ਨੇ, ਬਲੀਦਾਨ ਦੇ ਨਸ਼ਿਆਂ ਨੇ,
ਵਫ਼ਾਦਾਰੀ ਸਿੰਘਾਂ ਦੀ, ਤੇ ਬੇਪ੍ਰਵਾਹੀ ਨੇ,
ਜੰਗਲਾਂ ਵਿਚ ਸੱਥਰਾਂ 'ਤੇ ਉਹਨੂੰ ਲੰਮਿਆਂ ਪਾ ਦਿੱਤਾ,
ਤੇ ਘੂਕ ਸਵਾ ਦਿੱਤਾ।
ਇਸ ਸੁੱਤੇ ਮਾਹੀ ਨੂੰ, ਆ ਨੇੜਿਓਂ ਤੱਕੀਏ ਨੀ,
ਜ਼ਰਾ ਹੌਲੀ ਤੁਰਿਆ ਜੇ, ਨੀਂਦਰ ਨਾ ਖੁੱਲ੍ਹ ਜਾਵੇ,
ਜ਼ਰਾ ਤੱਕੋ ਅੜੀਓ ਨੀ, ਇਹਨੇ ਦੁਖੜੇ ਝੱਲ ਕੇ ਵੀ,
ਕਿੰਨਾ ਮੁੱਖ ਸੋਂਹਦਾ ਏ, ਤੇ ਮਨ ਨੂੰ ਮੋਂਹਦਾ ਏ।
ਤਾਜਾਂ ਦਾ ਰਾਖਾ ਨੀ, ਰਾਜਾਂ ਦਾ ਮਾਲਕ ਨੀ,
ਨਾ ਲੋਭ ਜਗੀਰਾਂ ਦਾ, ਬਸ ਪਿਆਰ ਏ ਤੀਰਾਂ ਦਾ,
ਸਤਿਗੁਰ ਇਕ ਫ਼ਿਰਕੇ ਦਾ, ਏਹਨੂੰ ਆਖੋ ਅੜਿਓ ਨਾ,
ਲੋਕਾਂ ਦਾ ਵਾਰਸ ਇਹ, ਦੁਨੀਆਂ ਦਾ ਢਾਰਸ ਇਹ,
ਵਹਿਮਾਂ ਤੇ ਰਸਮਾਂ ਦਾ, ਇਹ ਖੰਡਨ ਹਾਰਾ ਏ,
ਤਾਹੀਓਂ ਤਾਂ ਹਰ ਦਿਲ ਦਾ, ਇਹ ਪ੍ਰੀਤਮ ਪਿਆਰਾ ਏ।
•



## ਬਸੰਤ

ਸੋਹਣੀ ਸੋਹਣੀ ਫੁੱਲਾਂ 'ਤੇ ਬਹਾਰ।
ਕਈ ਵੇਰ ਮੁੜ ਗਈ ਆਣ ਕੇ ਬਸੰਤ ਤੇਰੀ,
ਪਰ ਤੂੰ ਨਾ ਆਇਓਂ ਇਕ ਵਾਰ।
ਤੇਰੀਆਂ ਕਹਾਣੀਆਂ ਮੈਂ, ਕਲੀਆਂ ਨੂੰ ਦੱਸੀਆਂ।
ਮੇਰੇ ਹਾਲ ਉਤੇ ਉਹ ਵੀ ਖਿੜ ਖਿੜ ਹੱਸੀਆਂ।
ਰੋ ਰੋ ਅੱਖਾਂ ਵਿਚੋਂ ਹੰਝੂ ਵੀ ਨੇ ਮੁੱਕੇ,
ਪਰ ਮੁੱਕਿਆਂ ਨਾ ਤੇਰਾ ਇਕਰਾਰ।
ਗੱਲਾਂ ਗੱਲਾਂ ਵਿਚ ਰੁੱਸ ਤੁਰ ਨਹੀਓਂ ਜਾਈਦਾ।
ਨਿੱਕੀ ਜਿਹੀ ਗੱਲ ਪਿੱਛੇ, ਹਾੜ੍ਹਾ ਨਹੀਂ ਪੁਆਈਦਾ।
ਵਤਨਾਂ ਤੋਂ ਦੂਰ ਜਾ ਕੇ ਸਾਨੂੰ, ਪੀਆ ਭੁੱਲ ਬੈਠੋਂ,
ਏਦਾਂ ਨਹੀਓਂ ਨਿਭਦੇ ਪਿਆਰ।
ਪੰਜਾਂ ਦਰਿਆਵਾਂ ਦੀਆਂ ਪੱਤਣਾਂ ਹੰਗਾਲੀਆਂ।
ਪੈੜਾਂ ਤੇਰੀ ਚੀਨੀ ਦੀਆਂ ਲੱਭੀਆਂ ਨਾ ਭਾਲੀਆਂ।
ਪਿਆਰ ਦੀ ਗਵਾਹੀ ਇਨ੍ਹਾਂ ਤਾਰਿਆਂ ਤੋਂ ਮੰਗ ਲੈ,
ਜੇ ਮੇਰਾ ਨਹੀਓਂ ਆਉਂਦਾ ਇਤਬਾਰ।
ਕਾਵਾਂ ਕੋਲੋਂ ਰੋਜ਼ ਐਵੇਂ ਝੂਠ ਨਹੀਂ ਬੁਲਾਈਦਾ।
ਮਿੱਤਰਾਂ ਪਿਆਰਿਆਂ ਨੂੰ ਛੱਡ ਕੇ ਨਹੀਂ ਜਾਈਦਾ।
ਤੇਰੀ ਜੇ 'ਉਦਾਸੀ' ਵਿਚ ਮਰ ਗਏ ਪ੍ਰੀਤਮਾ ਵੇ,
ਆ ਕੇ ਫੇਰ ਚੁੰਮੀ ਨਾ ਮਜ਼ਾਰ।
ਸੋਹਣੀ, ਸੋਹਣੀ ਫੁੱਲਾਂ 'ਤੇ ਬਹਾਰ।
ਕਈ ਵੇਰ ਮੁੜ ਗਈ ਏ ਆਣ ਕੇ ਬਸੰਤ ਤੇਰੀ,
ਪਰ ਤੂੰ ਨਾ ਆਇਓਂ ਇਕ ਵਾਰ
•

## ਫੁੱਲਾ ਵੇ ਬਹਾਰ ਦਿਆ

ਫੁੱਲਾ ਵੇ ਬਹਾਰ ਦਿਆ, ਚੰਗੇ ਲੱਗਦੇ ਨਹੀਂ ਤੇਰੇ ਵੇ ਖਿਲਾਰੇ।
ਮੁੜ ਕੇ ਬਸੰਤ ਆ ਗਈ, ਪਰ ਆਇਆ ਨਹੀਂ ਚੀਨੀ ਅਸਵਾਰੇ।
ਜਿਵੇਂ ਤੇਰੇ ਬੁੱਲਾਂ ਨੂੰ ਤਰੇਲ ਦੀ ਉਡੀਕ ਵੇ,
ਤਿਵੇਂ ਚੀਨੀ ਵਾਲੇ ਕੋਈ ਦੱਸੀ ਨਾ ਤਰੀਕ ਵੇ,
ਸੂਹੇ ਸੂਹੇ ਫੁੱਲ ਜਾਪਦੇ, ਜਿਵੇਂ ਬਾਗ਼ਾਂ ਵਿਚ ਮਘਣ ਅੰਗਾਰੇ।
ਫੁੱਲਾ ਵੇ ਬਹਾਰ ਦਿਆ...

ਮੌਸਮਾਂ ਨੇ ਖੇਤਾਂ ਵਿਚ ਮਹਿਕਾਂ ਨੇ ਖਿਲਾਰੀਆਂ।
ਆ ਕੇ ਵੇਖ ਸਾਡੀਆਂ ਤਾਂ, ਸੁੱਕੀਆਂ ਕਿਆਰੀਆਂ।
ਰੁੱਤ ਵੀ ਕੁਆਰੀ ਜਾਪਦੀ, ਜਿਵੇਂ ਸਾਡੇ ਹਨ ਚਾਅ ਵੀ ਕੁਆਰੇ।
ਫੁੱਲਾ ਵੇ ਬਹਾਰ ਦਿਆ...

ਪੰਜਾਂ ਦਰਿਆਵਾਂ ਦੀਆਂ ਪੱਤਣਾਂ ਹੰਗਾਲੀਆਂ।
ਪੈੜਾਂ ਉਹਦੀ ਚੀਨੀ ਦੀਆਂ ਲੱਭੀਆਂ ਨਾ ਭਾਲੀਆਂ।
ਚੰਨ 'ਤੇ 'ਉਦਾਸੀ' ਜਾਪਦੀ, ਪਏ ਲੱਭਦੇ ਅੰਬਰ ਦੇ ਤਾਰੇ।
ਫੁੱਲਾ ਵੇ ਬਹਾਰ ਦਿਆ, ਚੰਗੇ ਲਗਦੇ ਨਹੀਂ ਤੇਰੇ ਵੇ ਖਿਲਾਰੇ।
•



## ਚੰਨ ਜਿਵੇਂ ਬੱਦਲਾਂ 'ਚੋਂ...

ਆਈ ਏ ਬਸੰਤ ਨੱਚਦੀ, ਲੈ ਕੇ ਖਿੜੇ ਹੋਏ ਫੁੱਲਾਂ ਦੀ ਕਿਆਰੀ
ਚੰਨ ਜਿਵੇਂ ਬੱਦਲਾਂ 'ਚੋਂ, ਹੋਵੇ ਉਤਰਿਆ ਮਾਰ ਕੇ ਉਡਾਰੀ।

ਰੱਬ ਨੇ ਸੁਨੇਹਾ ਸਾਨੂੰ ਫੁੱਲਾਂ ਹੱਥ ਘੱਲਿਆ।
ਸਤਿਗੁਰੂ ਰਾਮ ਸਿੰਘ ਤੁਸਾਂ ਤਾਈਂ ਘੱਲਿਆ।
ਆਏ ਜਿਹੜੇ ਰਾਹਾਂ ਤੋਂ, ਉਨ੍ਹਾਂ ਰਾਹਾਂ ਤੋਂ ਮੈਂ ਜਾਵਾਂ ਬਲਿਹਾਰੀ।
ਆਈ ਏ ਬਸੰਤ ਨੱਚਦੀ...

ਘੁੰਢ ਚੁੱਕ ਚੁੱਕ ਉਹਨੂੰ ਕਲੀਆਂ ਨੇ ਤੱਕਿਆ।
ਕੱਢ ਕੇ ਕਸੀਰ ਉਹਨੂੰ ਬੱਲੀਆਂ ਨੇ ਤੱਕਿਆ।
ਕੀਤਾ ਏ ਦੀਦਾਰ ਜਿਸ ਨੇ, ਉਹਨੂੰ ਚੜ੍ਹ ਗਈ ਏ ਨਾਮ ਦੀ ਖ਼ੁਮਾਰੀ।
ਆਈ ਏ ਬਸੰਤ ਨੱਚਦੀ...
•

## ਚਿੱਠੀਆਂ ਵੰਡਣ ਵਾਲਿਆ ਵੇ

ਚਿੱਠੀਆਂ ਵੰਡਣ ਵਾਲਿਆਂ ਵੇ, ਚਿੱਠੀਆਂ ਵੰਡਣ ਵਾਲਿਆ।

ਸੱਤ ਸਮੁੰਦਰੋਂ ਪਾਰ ਗਿਆ ਉਹ।
ਕਰ ਕੇ ਕੌਲ ਕਰਾਰ ਗਿਆ ਉਹ।
ਦਿਲ ਵੀ ਤੱਕ-ਤੱਕ ਹਾਰ ਗਿਆ ਉਹ।
ਮਾਹੀ ਮੇਰੇ ਦੀ ਕਾਲੀ ਕੰਬਲੀ, ਝੋਲੇ ਦੇ ਵਿਚ ਪਾ ਲਿਆ ਵੇ।
ਚਿੱਠੀਆਂ ਵੰਡਣ ਵਾਲਿਆ ਵੇ...

ਸਾਉਣ ਦੀ ਬਦਲੀ ਵਰ੍ਹ-ਵਰ੍ਹ ਜਾਵੇ।
ਯਾਦ ਪ੍ਰੀਤਮ ਦੀ ਦਿਲ ਤੜਪਾਵੇ।
ਖ਼ਤ ਪ੍ਰੀਤਮ ਦਾ ਕੋਈ ਨਾ ਆਵੇ।
ਜੇ ਖ਼ਤ ਉਸ ਦਾ ਲਿਆ ਨਹੀਂ ਸਕਦਾ, ਸਿਰਨਾਵਾਂ ਹੀ ਲਿਆ ਦੇ ਵੇ।
ਚਿੱਠੀਆਂ ਵੰਡਣ ਵਾਲਿਆ ਵੇ...

ਤੂੰ ਪ੍ਰੀਤਮ ਦਾ ਲਿਆਵੇਂ ਸੁਨੇਹੜਾ।
ਤੇਰੇ ਵਰਗਾ ਦਰਦੀ ਕਿਹੜਾ।
ਪਰ ਜੇ ਮੇਰਾ ਸੱਖਣਾ ਵਿਹੜਾ।
ਸਖ਼ਤੇ ਦੇ ਨਾਲ ਪਿਆਰ ਵੰਡਾ ਕੇ, ਰੋਗ ਹੱਡਾਂ ਨੂੰ ਲਾ ਲਿਆ ਵੇ।
ਚਿੱਠੀਆਂ ਵੰਡਣ ਵਾਲਿਆ ਵੇ, ਚਿੱਠੀਆਂ ਵੰਡਣ ਵਾਲਿਆ।

•



## ਕੂ ਕੂ ਕਰਦੀਏ ਕੋਇਲੇ

ਕੂ ਕੂ ਕਰਦੀਏ ਕੋਇਲੇ ਨੀ ਤੂੰ ਐਵੇਂ ਨਾ ਤੜਫਾ।
ਦੂਰ ਗਏ ਮਾਹੀ ਦਾ ਅੜੀਏ ਜਾ ਕੇ ਪਤਾ ਲਿਆ।
ਆਪ ਗੱਡੀ 'ਤੇ ਬਹਿ ਕੇ ਪ੍ਰੀਤਮ ਧਿਰ ਪਰਦੇਸ ਸਿਧਾਇਆ।
ਛੱਡ ਗਿਆ ਮੈਨੂੰ ਕੁਰਲਾਉਂਦੀ, ਬਹੁਤਾ ਹੀ ਤੜਫਾਇਆ।
ਫੁੱਲਾਂ ਦੀ ਅੱਜ ਟਾਹਣੀ ਟੁੱਟੀ, ਕਲੀ ਗਈ ਕੁਮਲਾ।
ਕੂ ਕੂ ਕਰਦੀਏ ਕੋਇਲੇ ਨੀ ਤੂੰ ਐਵੇਂ ਨਾ ਤੜਫਾ।
ਦੂਰ ਗਏ ਮਾਹੀ ਦਾ ਅੜੀਏ, ਜਾ ਕੇ ਪਤਾ ਲਿਆ।

•

## ਛੱਲੀਆਂ

ਛੱਲੀਆਂ ਨੀ ਛੱਲੀਆਂ,
ਹਰੇ ਹਰੇ ਬੁਰਕੇ 'ਚ ਲਾਲ ਲਾਲ ਕਲੀਆਂ

ਰੋਟੀ ਲੈ ਕੇ ਵੱਡੇ ਵੀਰ ਦੀ ਮੈਂ ਜਦੋਂ ਜਾਵਾਂਗਾ
ਰੱਬ ਦੀ ਸਹੁੰ ਪੰਡ ਭਾਬੀ ਛੱਲੀਆਂ ਲਿਆਵਾਂਗਾ
ਛੱਲੀਆਂ ਨੀ ਛੱਲੀਆਂ

ਸੂਹਾ ਚੀਰਾ ਬੰਨ੍ਹ ਜਦ ਭੈਣ ਕੋਲ ਜਾਵਾਂਗਾ
ਭਾਵੇਂ ਭਾਰ ਲੱਗੇ ਪੰਡ ਛੱਲੀਆਂ ਲਿਜਾਵਾਂਗਾ
ਛੱਲੀਆਂ ਨੀ ਛੱਲੀਆਂ
ਹਰੇ ਹਰੇ ਬੁਰਕੇ 'ਚ ਲਾਲ ਲਾਲ ਕਲੀਆਂ
•



## ਕਾਲਿਆ ਕਾਵਾਂ ਵੇ

ਉਡ ਜਾ ਕਾਵਾਂ ਕਾਲਿਆਂ ਵੇ, ਉਡ ਜਾ ਕਾਵਾਂ ਕਾਲਿਆ।

ਪੈਰੀਂ ਤੇਰੇ ਘੁੰਗਰੂ ਪਾਵਾਂ।
ਆ ਸੋਨੇ ਦੀ ਚੁੰਝ ਮੜ੍ਹਾਵਾਂ।
ਕੁੱਟ-ਕੁੱਟ ਤੈਨੂੰ ਚੂਰੀਆਂ ਪਾਵਾਂ।
ਮਾਹੀ ਮੇਰੇ ਦਾ ਤੂੰ ਸਿਰਨਾਵਾਂ।
ਖੰਭਾਂ ਉਪਰ ਲਿਖਾ ਲਿਆ ਵੇ।
ਉੱਡ ਜਾ ਕਾਵਾਂ ਕਾਲਿਆ ਵੇ।

ਰੋਜ਼ ਬਨੇਰੇ ਬੋਲ ਕੇ ਜਾਵੇਂ।
ਝੂਠਿਆਂ ਵੇ ਤੂੰ ਝੂਠ ਘੁੰਮਾਵੇਂ।
ਕਿਉਂ ਤੱਤੜੀ ਨੂੰ ਹੋਰ ਤਪਾਵੇਂ।
ਕਹਿੰਦਾ ਸੀ ਉਹ ਮੈਂ ਆਵਾਂਗਾ ਛੇਤੀ,
ਝੂਠਾ ਲਾਰਾ ਲਾ ਗਿਆ ਵੇ।
ਉੱਡ ਜਾ ਕਾਵਾਂ ਕਾਲਿਆ ਵੇ।

ਦਰਦਾਂ ਵਾਲੇ ਦਰਦ ਵੰਡਾਵਣ।
ਸ਼ੌਕਾਂ ਵਾਲੇ ਸ਼ੋਕ ਪਛਾਨਣ।
ਬੇਪ੍ਰਵਾਹ ਕੀ ਪਿਆਰ ਨੂੰ ਜਾਨਣ।
ਪਾਕੇ ਗੂੜ੍ਹਾ ਪਿਆਰ 'ਉਦਾਸੀ',
ਐਵੇਂ ਝੋਰਾ ਲਾ ਲਿਆ ਵੇ।
ਉੱਡ ਜਾ ਕਾਵਾਂ ਕਾਲਿਆ ਵੇ।
•

## ਮਾਵਾਂ ਠੰਢੀਆਂ ਛਾਵਾਂ

ਜੁੱਗ ਜੁੱਗ ਜੀਵੇ ਬਾਬਲ, ਪੇਕੇ ਮਾਵਾਂ ਨਾਲ।
ਮਾਵਾਂ ਠੰਢੀਆਂ ਛਾਵਾਂ, ਮੌਜ ਭਰਾਵਾਂ ਨਾਲ।
ਅਸੀਂ ਰੱਜ ਰੱਜ ਖੇਡੇ, ਛਾਵੇਂ ਵਿਹੜੇ ਬਾਬਲ ਦੇ,
ਰੱਬਾ ਵੇ ਯੁੱਗ ਯੁੱਗ ਵਸਣ ਖੇੜੇ ਬਾਬਲ ਦੇ।
ਬਾਬਲ ਤੇਰੇ ਖੇਤ, ਬਹਾਰਾਂ ਆਵਣ ਵੇ,
ਕੁੜੀਆਂ ਚਿੜੀਆਂ ਡਾਰਾਂ, ਉੱਡ ਉੱਡ ਜਾਵਣ ਵੇ।
ਟਿੱਬਿਆਂ ਵਿਚੋਂ ਪਿਆ ਭੁਲੇਖਾ ਚੀਰੇ ਦਾ,
ਅੜੀਓ ਝੱਟ ਪਛਾਤਾ ਘੋੜਾ ਵੀਰੇ ਦਾ।
ਜਿਉਂ ਪੁੰਨਿਆਂ ਦਾ ਚੰਨ ਕਾਲੀਆਂ ਰੈਣਾਂ ਨੂੰ,
ਮਸਾਂ ਥਿਆਵਣ ਵੀਰੇ ਸਿਸਕਦੀਆਂ ਭੈਣਾਂ ਨੂੰ।
ਖ਼ਬਰੈ ਅੱਜ ਕਿ ਕੱਲ੍ਹ, ਤੈਂ ਅਸੀਂ ਪ੍ਰਾਹੁਣੀਆਂ,
ਝਿੜਕੀਂ ਨਾ ਵੇ ਵੀਰਾ ਅਸੀਂ ਪ੍ਰਾਹੁਣੀਆਂ।
ਯਾਦ ਤੇਰੀ ਵਿਚ ਵੀਰਾ, ਕਾਗ ਉਡਾਵਾਂ ਵੇ,
ਤੂੰ ਲੈ ਛੁੱਟੀਆਂ ਘਰ ਆ, ਮੈਂ ਸ਼ਗਨ ਮਨਾਵਾਂ ਵੇ।
•



## ਬਾਜਰੇ ਦਾ ਸਿੱਟਾ

ਬਾਜਰੇ ਦਾ ਸਿੱਟਾ ਉਤੇ ਬੂਰ ਚਿੱਟਾ ਚਿੱਟਾ
ਵਿਚ ਪੈਂਦਾ ਜਾਂਦਾ ਦਾਣਾ ਏ।

ਬਾਜਰੇ ਦਾ ਦਾਣਾ, ਦਾਣਾ ਮੋਤੀ ਬਣ ਜਾਣਾ ਏ।
ਬਾਜਰੇ ਦੀ ਰੋਟੀ ਨਾਲੇ ਭਾਰੀ ਨਾਲੇ ਮੋਟੀ, ਲਾ ਕੇ ਮੱਖਣੀ ਪਕਾਈ ਦੀ।
ਖਾ ਕੇ ਹਿੱਕ ਚੌੜੀ ਹੁੰਦੀ ਜਾਂਦੀ ਮੇਰੇ ਮਾਹੀ ਦੀ।
ਬਾਜਰੇ ਦਾ ਸਿੱਟਾ...

ਬਾਜਰੇ ਦਾ ਖੇਤ, ਉਤੇ ਸੋਨਾ ਥੱਲੇ ਰੇਤ, ਵਿਚ ਡੋਲ੍ਹਿਆ ਪਸੀਨਾ ਏ।
ਤੇਰਾ ਮੇਰਾ ਲੇਖਾ ਕਦੇ ਦੂਣਾ, ਕਦੇ ਤੀਣਾ ਏ।
ਬਾਜਰੇ ਦਾ ਸਿੱਟਾ...

ਬਾਜਰੇ ਦਾ ਬੂਰ, ਦੇਖ ਚੜ੍ਹਦਾ ਸਰੂਰ, ਜਿਵੇਂ ਪੌਣ ਨਸ਼ਿਆ ਗਈ।
...ਕੁਦਰਤ ਗਈ ਐ, ਵਧਾਈ ਦੇਣ ਆ ਗਈ।
ਬਾਜਰੇ ਦਾ ਸਿੱਟਾ...

*(ਰਾਹੀ ਅਨੁਸਾਰ ਉਦਾਸੀ ਨੇ ਪਹਿਲੀ ਵਾਰ ਇਹ ਗੀਤ ਰੇਡੀਓ ਸਟੇਸ਼ਨ ਜਲੰਧਰ ਤੋਂ 1961 ਵਿਚ ਬੋਲਿਆ ਸੀ। ਇਹ ਗੀਤ ਉਦਾਸੀ ਦੇ ਵਿਦਿਆਰਥੀ ਅਤੇ ਅੱਜ ਦੇ ਪ੍ਰਸਿੱਧ ਢਾਡੀ ਮੁਖ਼ਤਿਆਰ ਸਿੰਘ 'ਤੂਫ਼ਾਨ' ਪਿੰਡ ਤੇ ਡਾਕਘਰ ਬਹਿਲਾ, ਜ਼ਿਲ੍ਹਾ ਸੰਗਰੂਰ ਤੋਂ ਪ੍ਰਾਪਤ ਹੋਇਆ। ਸਤੰਬਰ 1961 ਵਿਚ ਉਦਾਸੀ ਪਹਿਲੀ ਵਾਰ ਬੀਹਲੇ ਅਧਿਆਪਕ ਲੱਗਿਆ ਸੀ। ਤੂਫ਼ਾਨ ਨੂੰ ਲਿਖਣ ਅਤੇ ਗਾਉਣ ਦੀ ਪ੍ਰੇਰਣਾ ਉਦਾਸੀ ਨੇ ਦਿੱਤੀ ਸੀ।)*

•

## ਖੂਹ ਹੱਕਣ ਵਾਲੇ ਨੂੰ ਅਸੀਸ

ਜਦ ਤਕ ਪੰਜ ਦਰਿਆ ਨਾ ਥੰਮਣ,
ਵਗਦਾ ਰਹੇ ਤੇਰਾ ਖੂਹ ਮਿੱਤਰਾ।
ਵਧੇ ਫੁੱਲੇ ਤੇ ਜੁਆਨੀ ਮਾਣੇ,
ਖੁਸ਼ ਹੀ ਰਹੇ ਤੇਰੀ ਰੂਹ ਮਿੱਤਰਾ।
ਜੀਵੇ ਤੇਰੀ ਭਾਰਤ ਮਾਤਾ,
ਜਿਸ ਦਾ ਤੂੰ ਰਖਵਾਲਾ ਏ।
ਜੀਵੇ ਤੇਰੀ ਅੱਲ੍ਹੜ ਜੱਟੀ
ਜਿਸ ਦਾ ਤੂੰ ਮਤਵਾਲਾ ਏ।
ਜੀਵਣ ਤੇਰੇ ਲੋਕ ਗੀਤ, ਜੋ ਪਾਉਣ ਕਲੇਜੇ ਧੂਹ ਮਿੱਤਰਾ,
ਜਦ ਤਕ ਪੰਜ ਦਰਿਆ ਨਾ ਥੰਮਣ...
ਜੱਗ ਦੀ ਜ਼ੁਲਫ਼ ਸੰਵਾਰਨ ਵਾਲੇ,
ਉਲਝੇ ਨਾ ਤਕਦੀਰ ਤੇਰੀ।
ਬੇਲੇ ਦੇ ਵਿਚ ਚੁੰਗੀਆਂ ਭਰਦੀ
ਮਿਲ ਜੇ ਜੱਟੀ ਹੀਰ ਤੇਰੀ।
ਖਿੜੀ ਰਹੇ ਤੇਰੀ ਕੇਸਰ ਕਿਆਰੀ, ਮਹਿਕਦੀ ਰਹੇ ਤੇਰੀ ਰੂਹ ਮਿੱਤਰਾ,
ਜਦ ਤਕ ਪੰਜ ਦਰਿਆ ਨਾ ਥੰਮਣ...
ਹੀਰੇ ਭਗਤ ਸਿੰਘ, ਸਰਾਭੇ ਵਾਂਗੂੰ,
ਦੇਸ਼ ਦੀ ਸੇਵਾ ਕਰਦਾ ਰਹੇਂ।
ਅਣਖ ਆਬਰੂ ਇੱਜ਼ਤ ਖ਼ਾਤਰ,
ਜਾਨ ਤਲੀ 'ਤੇ ਧਰਦਾ ਰਹੇਂ।
ਤੇਰੇ ਬਾਗ਼ਾਂ ਵਿਚ ਆਜ਼ਾਦੀ ਕਰਦੀ ਰਹੇ ਕੂ ਕੂ ਮਿੱਤਰਾ,
ਜਦ ਤਕ ਪੰਜ ਦਰਿਆ ਨਾ ਥੰਮਣ...
ਓ ਦੁਨੀਆਂ ਦੇ ਅੰਨ ਦਾਤੇ,
ਜੇ ਆਪਣਾ ਆਪ ਪਛਾਣੇ ਤੂੰ।
ਇਹ ਜੀਵਨ ਦੀਆਂ ਉਚੀਆਂ ਸੁੱਚੀਆਂ,



ਕਦਰਾਂ ਨੂੰ ਜੇ ਜਾਣੇ ਤੂੰ।
××................
ਜਦ ਤਕ ਪੰਜ ਦਰਿਆ ਨਾ ਥੰਮਣ...
ਖੂਹ ਦੀਆਂ ਟਿੰਡਾਂ ਵਿਚੋਂ ਪਾਣੀ,
ਅੰਮ੍ਰਿਤ ਬਣ ਕੇ ਡੁੱਲ੍ਹੇਗਾ।
ਇਕ ਹੰਭਲਾ ਹੋਰ ਜੇ ਮਾਰੇਂ,
ਸੰਨ ਸੰਤਾਲੀ ਭੁੱਲੇਂਗਾ।
ਫੇਰ 'ਉਦਾਸੀ' ਲਿਖ ਦੇਵੇ, ਤੂੰ ਲਵੇਂ ਸਵਰਗ ਨੂੰ ਛੂਹ ਮਿੱਤਰਾ,
ਜਦ ਤਕ ਪੰਜ ਦਰਿਆ ਨਾ ਥੰਮਣ, ਵਗਦਾ ਰਹੇ ਤੇਰਾ ਖੂਹ ਮਿੱਤਰਾ।

*(ਇਹ ਗੀਤ ਉਦਾਸੀ ਨੇ 1962 ਵਿਚ ਪਹਿਲੀ ਵਾਰ ਰੇਡੀਓ ਤੋਂ ਬੋਲਿਆ। ਲੰਬੀ ਖੋਜ ਤੋਂ ਬਾਅਦ ਇਹ ਗੀਤ ਵੀ ਮੁਖ਼ਤਾਰ ਸਿੰਘ ਤੂਫ਼ਾਨ ਤੋਂ ਮਿਲਿਆ ਹੈ।)*

*××ਗੀਤ ਦੀ ਲਾਈਨ ਇਥੇ ਮਿਲ ਨਹੀਂ ਸਕੀ। –ਰਾਹੀ।*

•

## ਪੱਤਰ ਹਰੇ ਹਰੇ

ਮੌਲਣ ਏਹਦੀਆਂ ਟਾਹਣੀਆਂ, ਪੱਤਰ ਹਰੇ ਹਰੇ।
ਕੇਹੜਾ ਏ ਜੋ ਚਮਨ ਮੇਰੇ ਵਿਚ ਪੈਰ ਧਰੇ।
ਇਸ ਬਾੜੀ ਨੂੰ ਅਸੀਂ ਖਿੜਾਇਆ, ਆਪਣੇ ਪਾ ਪਾ ਹਾਸੇ।
ਇਸ ਬਾੜੀ ਨੂੰ ਭਰ ਭਰ ਪਾਏ, ਜਿਗਰ ਖ਼ੂਨ ਦੇ ਕਾਸੇ।
ਵਾਰ ਦੇਣਾ ਇਸ ਤੋਂ, ਜੋ ਕੁਝ ਬਣੇ ਸਰੇ,
ਕੇਹੜਾ ਏ ਜੋ ਚਮਨ ਮੇਰੇ ਵਿਚ...

ਇਸ ਦੇ ਪਿੱਪਲ ਬੋਹੜ ਜਾਮਣ, ਜਦ ਗੋਹਲਾਂ ਨਾਲ ਲੱਦੇ।
ਕੋਇਲਾਂ ਦੇ ਬੋਲਾਂ ਨੂੰ ਜਾਪਣ, ਦੇ ਦੇ ਆਵਣ ਸੱਦੇ।
ਇਹ ਫਲ ਕਾਟੋ ਕਾਵਾਂ ਨੂੰ ਨਾ ਵੇਖ ਜਰੇ,
ਮੌਲਣ ਏਹਦੀਆਂ ਟਾਹਣੀਆਂ, ਪੱਤਰ ਹਰੇ ਹਰੇ
ਕੇਹੜਾ ਏ ਜੋ ਚਮਨ ਮੇਰੇ ਵਿਚ ਪੈਰ ਧਰੇ।

•



## ਜਵਾਹਰ ਦਾ ਘਾਟਾ

ਰਾਹੇ ਜਾਂਦਿਆ, ਅਮਨ-ਮੁਸਾਫ਼ਰਾ ਵੇ, ਤੈਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਾ।
ਤੇਰੀ ਮੜ੍ਹੀ 'ਤੇ ਬੈਠ ਕੇ ਦੋ ਘੜੀਆਂ, ਇਕ ਦੋ ਪਿਆਰ ਦੇ ਹੰਝੂ ਬਹਾਉਣ ਲੱਗਾ।
ਤੇਰੀ ਰਾਖ਼ ਦਾ ਮੱਥੇ 'ਤੇ ਤਿਲਕ ਲਾ ਕੇ, ਵਿਗੜੀ ਹੋਈ ਤਕਦੀਰ ਬਣਾਉਣ ਲੱਗਾ।

ਜੋ ਤੂੰ ਹਿੰਦ ਖ਼ਾਤਰ ਵਾਟਾਂ ਕੱਛੀਆਂ ਨੇ, ਰਹੂ ਕੀਰਤੀ ਸਦਾ ਆਬਾਦ ਤੇਰੀ।
ਤੇਰੀ ਇੰਦਰਾ ਨੂੰ ਭਾਵੇਂ ਭੁੱਲ ਜਾਵੇ, ਤੇਰੇ ਲੋਕ ਨਾ ਭੁੱਲਣਗੇ ਯਾਦ ਤੇਰੀ।
ਸਾਰੇ ਜੱਗ ਦੇ ਸੁੱਚੇ ਇਤਿਹਾਸ ਅੰਦਰ, ਜਨਮ ਭੂਮੀ ਇਲਾਹਾਬਾਦ ਤੇਰੀ।
ਕਦੇ ਅਰਸ਼ਾਂ ਦੇ ਵਿਚੋਂ ਫ਼ਰਿਸ਼ਤਿਆ ਵੇ, ਆ ਕੇ ਸੁਣ ਲਿਆ ਕਰੀਂ ਫ਼ਰਿਆਦ ਮੇਰੀ।

ਚੋਗਾ ਗੀਤਾਂ ਦਾ ਪਾ ਟੈਗੋਰ ਤੈਨੂੰ, ਹੰਸਾ ਆਪਣੇ ਕੋਲ ਬੁਲਾ ਲਿਆ ਏ।
ਜਾਂ ਫਿਰ ਰਾਜਸੀ ਚਾਲਾਂ ਸਮਝਾਉਣ ਖ਼ਾਤਰ, ਬਾਪੂ ਗਾਂਧੀ ਨੇ ਉਂਗਲੀ ਲਾ ਲਿਆ ਏ।
ਜਾਂ ਫਿਰ ਕਮਲਾਂ ਦੇ ਨਾਜ਼ਾਂ ਤੇ ਨਖ਼ਰਿਆਂ ਨੇ, ਚੰਨਾ ਜ਼ੁਲਫ਼ਾਂ ਦੇ ਵਿਚ ਛੁਪਾ ਲਿਆ ਏ।
'ਕੱਠੇ ਹੋ ਕੇ ਜਾਂ, ਸੁਰਗ ਦੇ ਬੱਚਿਆਂ ਨੇ, ਚਾਚਾ ਆਖ ਕੇ ਝੱਟ ਭਰਮਾ ਲਿਆ ਏ।

ਹੈਸੀ ਜਾਗ ਦੇ ਬਿਆਲੀ ਕਰੋੜ ਪਾਹਰੂ, ਕਿਹੜੇ ਧਾੜਵੀ ਨੇ ਸੰਨ ਲਾ ਲਿਆ ਏ।
ਲਾਲ ਅੱਗੇ ਵੀ ਚੁਰਾਏ ਹੈਸੀ, ਐਪਰ ਐਤਕਾਂ ਜਵਾਹਰ ਚੁਰਾ ਲਿਆ ਏ।
ਕਿਸੇ ਸੱਸੀ ਦੇ ਸ਼ਹਿਰ 'ਤੇ ਪਿਆ ਡਾਕਾ, ਸੁੱਤੀ ਪਈ ਨੇ ਪੁੰਨੂੰ ਗਵਾ ਲਿਆ ਏ।
ਕਿਸੇ ਸੋਹਣੀ ਦੇ ਪਿਆਰ ਨੂੰ ਨਜ਼ਰ ਲੱਗੀ, ਪੱਕਾ ਜਾਣ ਕੇ ਕੱਚਾ ਉਠਾ ਲਿਆ ਏ।
(1964)

•

## ਭਾਰਤ ਦੀ ਆਜ਼ਾਦੀ

ਸੁਣੋ ਸੁਣਾਵਾਂ ਹਾਲ ਤੁਹਾਨੂੰ ਭਾਰਤ ਦੀ ਬਰਬਾਦੀ ਦਾ।
ਘੁੰਡ ਉਠਾ ਕੇ ਕਿਵੇਂ ਵੇਖਿਆ ਮੁਖੜਾ ਅਸੀਂ ਆਜ਼ਾਦੀ ਦਾ।
ਜਦੋਂ ਜ਼ੁਲਮ ਦੀ ਹਵਾ ਸ਼ੂਕਦੀ, ਸਾਡੀ ਲੁੱਟ ਬਹਾਰ ਗਈ।
ਲੱਖਾਂ ਹੀ ਮਨਸੂਰਾਂ ਦੀ ਉਹ ਅਣਖ ਤਾਈਂ ਵੰਗਾਰ ਗਈ।
ਸੰਗਰਾਮਾਂ ਦਾ ਸੂਰਜ ਚੜ੍ਹਿਆ ਦੇਸ਼ ਆਜ਼ਾਦ ਕਰਾਵਣ ਨੂੰ।
ਕਿਰਤੀ ਅਤੇ ਕਿਸਾਨ ਜਾਗਿਆ ਮੋੜ ਬਹਾਰਾਂ ਲਿਆਵਣ ਨੂੰ।
ਦੇਸ਼ ਬਦੇਸ਼ਾਂ ਅੰਦਰ ਜਾਗੇ ਭਾਰਤ ਮਾਂ ਦੇ ਜਾਏ ਸੀ।
ਫਿਰ ਬਜ-ਬਜ ਦੇ ਘਾਟ ਜਾਗ ਕੇ ਗ਼ਦਰੀ ਵੀਰ ਜਗਾਏ ਸੀ।
ਕਣ ਕਣ ਅੰਦਰ ਆਜ਼ਾਦੀ ਦਾ ਗੂੰਜ ਪਿਆ ਇਕ ਨਾਅਰਾ ਸੀ।
ਇਹ ਤੱਕ ਗੋਰਾ ਭੜਕ ਉਠਿਆ ਜੋ ਡਾਢਾ ਹਥਿਆਰਾ ਸੀ।
ਫੇਰ ਬੇਝਿਜਕੀ ਨਾਲ ਸੀ, ਖੋਲ੍ਹੇ ਮੂੰਹ ਉਹਨੇ ਬੰਦੂਕਾਂ ਦੇ।
ਹਰ ਪਾਸੇ ਤੋਂ ਸੱਦੇ ਆਵਣ ਦਿਲ ਦੇਹਲਾਊ ਕੂਕਾਂ ਦੇ।
ਪਰ ਭਾਰਤੀਆਂ ਸੁੱਖ ਲਿਆ ਸੀ ਕਰੀਏ ਬੰਦ ਖੁਲਾਸਾ ਹੋ।
ਲੋਥਾਂ ਦੇ ਅੰਬਾਰ ਉਬਾਰੇ ਤੇ ਪਿੰਡਿਆਂ ’ਤੇ ਲਾਸਾਂ ਹੋ।
ਵਾ ਵੱਗੀ ਫਿਰ ਹਰ ਕੋਨੇ ਤੋਂ ਡੂੰਘੇ ਵਤਨ ਪਿਆਰਾਂ ਦੀ।
ਫਿਰ ਪ੍ਰਵਾਹ ਨਾ ਕਰੀ ਕਿਸੇ ਨੇ ਦਾਰਾਂ ਦੀ ਨਾ ਮਾਰਾਂ ਦੀ।
ਜਦ ਜ਼ੁਲਮ ਦੀ ਅੱਤ ਹੋ ਗਈ, ਜ਼ਾਲਮ ਜ਼ੁਲਮੋਂ ਅੱਕ ਗਿਆ।
ਫ਼ਿਰਕੇਦਾਰੀ ਦਾਬੀ ਪਾ ਕੇ, ਜ਼ਾਲਮ ਇਥੋਂ ਨੱਸ ਗਿਆ।
ਭਾਰਤ ਮਾਂ ਦੇ ਦਿਲ ਦੇ ਟੋਟੇ ਭਾਰਤ, ਪਾਕਿਸਤਾਨ ਬਣੇ।
ਅਕਲ ਵਾਲਿਓ ਕਿਵੇਂ ਦੋਹਾਂ ਦਾ ਸਾਂਝਾ ਹਿੰਦੁਸਤਾਨ ਬਣੇ।
ਲਈ ਆਜ਼ਾਦੀ ਨਾਲ ਸਿਰਾਂ ਦੇ, ਐਵੇਂ ਨਾ ਹੱਥ ਆਈ ਹੋ।
ਇਹਦੇ ਨਾਂ ਦੀ ਰੱਖੜੀ ਬਣੀਏ, ਇਹ ਸਾਡੀ ਵਡਿਆਈ ਹੋ।
•



# 1978 ਤੋਂ 1986 ਦਰਮਿਆਨ ਰਚੀਆਂ ਰਚਨਾਵਾਂ

## ਚਿੱਤ ਨਾ ਡੁਲਾਈਂ ਬਾਬਲਾ

ਪੁੱਤ ਬਣ ਕੇ ਕਮਾਊਂ ਘਰ ਤੇਰੇ
ਚਿੱਤ ਨਾ ਡੁਲਾਈਂ ਬਾਬਲਾ
ਮੇਰੇ ਬੰਦਿਆਂ ਤੋਂ ਵੱਧ ਵੇਖੀਂ ਜੇਰੇ
ਚਿੱਤ ਨਾ ਡੁਲਾਈਂ ਬਾਬਲਾ...

ਲੋਕੀਂ ਕਹਿੰਦੇ ਪੁੱਤਾਂ ਬਿਨਾਂ ਜੱਗ 'ਚ ਮਿਲਾਪ ਨ੍ਹੀਂ
ਮੈਂ ਤਾਂ ਕਹਾਂ ਜੀਹਦੇ ਧੀ ਨਾ, ਉਹ ਤਾਂ ਸਹੀ ਬਾਪ ਨ੍ਹੀਂ
ਪੁੱਤ ਹੁੰਦੇ ਨੇ ਕੁਲੱਛਣੇ ਬਥੇਰੇ
ਚਿੱਤ ਨਾ ਡੁਲਾਈਂ ਬਾਬਲਾ...

ਅੱਗੇ ਸਾਕ ਲੈਂਦੇ ਨ੍ਹੀਂ ਸੀ, ਜੀਹਦੇ ਕੋਈ ਵੀਰ ਨਾ
ਹੁਣ ਸਾਕ ਲੈਂਦੇ ਉਹੀ, ਜੀਹਦੇ ਕੋਈ ਵੀਰ ਨਾ
ਪੁੱਤਾਂ ਵਾਲੇ ਧੱਕੇ ਖਾਂਦੇ ਦੇਖੇ ਡੇਰੇ
ਚਿੱਤ ਨਾ ਡੁਲਾਈਂ ਬਾਬਲਾ...

ਏਥੇ ਕੋਈ ਮੋਹ ਨ੍ਹੀਂ ਹੈਗਾ ਪੁੱਤ ਜਾਂ ਜਵਾਈ ਦਾ
ਏਥੇ ਸਾਰਾ ਮੋਹ ਤਾਂ ਬਸ ਖੱਟੀ ਤੇ ਕਮਾਈ ਦਾ
ਤਾਹੀਉਂ ਮੁੰਡਿਆਂ ਦੀ ਮੜ੍ਹਕ ਵਧੇਰੇ
ਚਿੱਤ ਨਾ ਡੁਲਾਈਂ ਬਾਬਲਾ...

ਤੇਰਾ ਦਾਹੜਾ ਚਿੱਟਾ ਤੇ ਬੇਦਾਗ਼ ਰਹਿਣਾ ਚਾਹੀਦੈ
ਜਾਣਦੀ ਹਾਂ ਮੈਨੂੰ ਵੀ ਬੇਲਾਗ ਰਹਿਣਾ ਚਾਹੀਦੈ
ਕੋਈ ਖੰਘ ਨਾ ਲੰਘੂਗਾ ਬਾਰ ਤੇਰੇ
ਚਿੱਤ ਨਾ ਡੁਲਾਈਂ ਬਾਬਲਾ...

ਪੁੱਤ ਬਣ ਕੇ ਕਮਾਊਂ ਘਰ ਤੇਰੇ
ਚਿੱਤ ਨਾ ਡੁਲਾਈਂ ਬਾਬਲਾ
ਮੇਰੇ ਬੰਦਿਆਂ ਤੋਂ ਵੱਧ ਵੇਖੀਂ ਜੇਰੇ
ਚਿੱਤ ਨਾ ਡੁਲਾਈਂ ਬਾਬਲਾ

•



## ਵਸੀਅਤ
**(ਮੇਰੀ ਮੌਤ 'ਤੇ ਨਾ ਰੋਇਓ)**

ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ।

ਮੇਰੀ ਵੀ ਜ਼ਿੰਦਗੀ ਕੀ? ਬਸ ਬੂਰ ਸਰਕੜੇ ਦਾ,
ਆਹਾਂ ਦਾ ਸੇਕ ਕਾਫ਼ੀ ਤੀਲ੍ਹੀ ਬੇਸ਼ੱਕ ਨਾ ਲਾਇਓ।

ਹੋਣਾ ਨਹੀਂ ਮੈਂ ਚਾਹੁੰਦਾ, ਸੜ ਕੇ ਸੁਆਹ ਇਕੇਰਾਂ,
ਜਦ ਜਦ ਢਲੇਗਾ ਸੂਰਜ, ਕਣ ਕਣ ਮੇਰਾ ਜਲਾਇਓ।

ਵਲਗਣ 'ਚ ਕੈਦ ਹੋਣਾ ਮੇਰੇ ਨਹੀਂ ਮੁਆਫ਼ਕ,
ਯਾਰਾਂ ਦੇ ਵਾਂਗ ਅਰਥੀ ਸੜਕਾਂ 'ਤੇ ਹੀ ਜਲਾਇਓ।

ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ,
ਜਿਸ ਦਾ ਹੈ ਪੰਧ ਬਿਖੜਾ ਓਸੇ ਹੀ ਰਾਹ ਲਿਜਾਇਓ।

•

## ਕੰਮੀਆਂ ਦਾ ਵਿਹੜਾ

ਮਾਂ ਧਰਤੀਏ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ।
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ।

ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿਥੇ ਵਾਲ ਤਰਸਦੇ ਕੰਘੀਆਂ ਨੂੰ
ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜ੍ਹੇ
ਤੂੰ ਮਘਦਾ ਰਹੀਂ ਵੇ...

ਜਿਥੇ ਰੂਹ ਬਣਗੀ ਇਕ ਹਾਵਾ ਹੈ
ਜਿਥੇ ਜ਼ਿੰਦਗੀ ਇਕ ਪਛਤਾਵਾ ਹੈ
ਜਿਥੇ ਕੈਦ ਅਣਖ ਦਾ ਲਾਵਾ ਹੈ
ਜਿਥੇ ਅਕਲ ਮਸੋਸੀ ਮੁੜ ਪਈ ਖਾ ਰੋਜ਼ ਥਪੇੜੇ
ਤੂੰ ਮਘਦਾ ਰਹੀਂ ਵੇ...

ਜਿਥੇ ਲੋਕ ਬੜੇ ਮਜ਼ਬੂਰ ਜਿਹੇ
ਦਿੱਲੀ ਦੇ ਦਿਲ ਤੋਂ ਦੂਰ ਜਿਹੇ
ਤੇ ਭੁੱਖਾਂ ਵਿਚ ਮਸ਼ਹੂਰ ਜਿਹੇ
ਜਿਥੇ ਮਰ ਕੇ ਚਾਂਭਲ ਜਾਂਵਦੇ ਹਨ ਭੂਤ ਜਠੇਰੇ
ਤੂੰ ਮਘਦਾ ਰਹੀਂ ਵੇ...

ਜਿਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ ਪੀਰੀ ਹੈ
ਜਿਥੇ ਕਰਜ਼ੇ ਹੇਠ ਪੰਜੀਰੀ ਹੈ
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜੇਹੜੇ
ਤੂੰ ਮਘਦਾ ਰਹੀਂ ਵੇ...



ਜੇ ਸੋਕਾ ਇਹ ਹੀ ਸੜਦੇ ਨੇ
ਜੇ ਡੋਬਾ ਇਹ ਹੀ ਮਰਦੇ ਨੇ
ਸਭ ਕਹਿਰ ਇਨ੍ਹਾਂ ਸਿਰ ਵਰ੍ਹਦੇ ਨੇ
ਜਿਥੇ ਫ਼ਸਲਾਂ ਨੇ ਛੱਡ ਜਾਂਦੀਆਂ ਅਰਮਾਨ ਤ੍ਰੇੜੇ
ਤੂੰ ਮਘਦਾ ਰਹੀਂ ਵੇ...

ਜਿਥੇ ਹਾਰ ਮੰਨ ਲਈ ਚਾਵਾਂ ਨੇ
ਜਿਥੇ ਕੂੰਜ ਘੇਰ ਲਈ ਕਾਵਾਂ ਨੇ
ਜਿਥੇ ਅਣਵਿਆਹੀਆਂ ਹੀ ਮਾਵਾਂ ਨੇ
ਜਿਥੇ ਧੀਆਂ ਹੌਕੇ ਲੈਂਦੀਆਂ ਆਸਮਾਨ ਜਡੇਰੇ
ਤੂੰ ਮਘਦਾ ਰਹੀਂ ਵੇ...

ਜਿਥੇ ਰੋਟੀ ਵਿਚ ਮਨ ਘੁੱਟਿਆ ਹੈ
ਜਿਥੇ ਨ੍ਹੇਰਾ ਦੱਬ ਕੇ ਜੁੱਟਿਆ ਹੈ
ਜਿਥੇ ਗ਼ੈਰਤ ਦਾ ਤਗ ਟੁੱਟਿਆ ਹੈ
ਜਿਥੇ ਆ ਕੇ ਵੋਟਾਂ ਵਾਲਿਆਂ ਟਟਵੈਰ ਸਹੇੜੇ
ਤੂੰ ਮਘਦਾ ਰਹੀਂ ਵੇ...

ਤੂੰ ਆਪਣਾ ਆਪ ਮਚਾਂਦਾ ਹੈਂ
ਪਰ ਆਪਾ ਹੀ ਰੁਸ਼ਨਾਂਦਾ ਹੈਂ
ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ
ਇਹ ਸਦਾ ਸਦਾ ਨਾ ਰਹਿਣਗੇ ਮੰਦਹਾਲ ਮਰੇੜੇ
ਤੂੰ ਮਘਦਾ ਰਹੀਂ ਵੇ...

•

## ਗੀਤਾਂ ਦੇ ਵਾਰਿਸ

ਆ ਮੇਰੇ ਗੀਤਾਂ ਦੇ ਵਾਰਿਸ
ਆ ਮੇਰੀ ਕੁਝ ਵਾਟ ਵੰਡਾ।
ਮੈਂ ਹੰਭ ਚੱਲਿਆ ਹਾਂ ਭੰਵਰਾਂ 'ਚੋਂ,
ਕਿਸ਼ਤੀ ਕੰਢਿਆਂ ਨੇੜ ਲਿਜਾ।

ਇਸ ਵਿਚ ਸੂਹੇ ਸਾਵਣ ਜਿਹੀਆਂ
ਲੱਦੀਆਂ ਕੁਝ ਸੱਧਰਾਂ।
ਜਾਂ ਕੁਝ ਵਿਆਜ ਵੀਰਾਂ ਦੇ ਸਿਰ ਦਾ
ਚਾਅ ਜੇ ਤਾਰ ਸਕਾਂ।
ਆ ਮੇਰੇ ਗੀਤਾਂ ਦੇ ਵਾਰਿਸ।
ਆ ਮੇਰੀ...

ਇਸ ਵਿਚ ਸ਼ਹਿਦ ਉਨ੍ਹਾਂ ਬੱਚਿਆਂ ਲਈ
ਜੋ ਪੱਤਲਾਂ ਚੱਟਦੇ।
ਉਸ ਬਸਤੀ ਦਾ ਚਾਨਣ ਜਿਸ ਤੋਂ,
ਚੰਨ ਪਾਸਾ ਵੱਟਦੇ।
ਜਿਸ ਦੀ ਮੱਸਿਆ ਪੂਰਨਮਾਸ਼ੀ ਭਾਲੇ ਖੀਰ ਕੜ੍ਹਾਹ।
ਆ ਮੇਰੇ ਗੀਤਾਂ ਦੇ ਵਾਰਿਸ।
ਆ ਮੇਰੀ...

ਖਾਣਾਂ ਵਿਚ ਘਿਰਿਆਂ ਦੀਆਂ ਇਸ ਵਿਚ
ਜਿਊਣ ਦੀਆਂ ਸੱਧਰਾਂ
ਉਸ ਚੋਗੀ ਦੀ ਪਤ ਜੁ ਚਾਹੁੰਦੀ
ਬੇਪਤ ਨਾ ਪਰਤਾ।
ਕੁਝ ਮੋਇਆਂ ਦੇ ਖ਼ੂਨ ਦੇ ਦੀਵੇ,



ਇਸ ਵਿਚ ਲਿਆ ਟਿਕਾਅ
ਆ ਮੇਰੇ ਗੀਤਾਂ ਦੇ ਵਾਰਿਸ।
ਆ ਮੇਰੀ...

ਮਗਰਮੱਛਾਂ ਤੇ ਤੰਦੂਆਂ ਹੈ ਸਨ
ਰਾਹ ਵਿਚ ਜਾਲ ਤਣੇ।
ਪਰ ਕਿਸ਼ਤੀ ਮੈਂ ਸਿਰੜ ਸਹਾਰੇ
ਖਿੱਚ ਲਈ ਜਾਲ ਸਣੇ।
ਮੇਰੇ ਮਨ ਵਿਚ ਯਾਰਾਂ ਦਾ ਹੈ,
ਸਦੀਆਂ ਤੋਂ ਈ ਸ਼ੁਦਾ
ਆ ਮੇਰੇ ਗੀਤਾਂ ਦੇ ਵਾਰਿਸ
ਆ ਮੇਰੀ ਕੁਝ ਵਾਟ ਵੰਡਾ
ਮੈਂ ਹੰਭ ਚੱਲਿਆ ਹਾਂ ਭੰਵਰਾਂ 'ਚੋਂ
ਕਿਸ਼ਤੀ ਕੰਢਿਆਂ ਨੇੜ ਲਿਜਾ।

•

## ਮਾਂ ਧਰਤੀਏ

ਜੀਹਦੇ ਨਰਮੇ ਕਪਾਹਾਂ ਦੇ ਵਿਚ ਮੇਰੀ,
ਮਾਂ ਮਰਗੀ ਕਿਰਤਾਂ ਦੀ ਕੂਕ ਬਣ ਕੇ।
ਜੀਹਦੇ ਟਿੱਬਿਆਂ ਅੰਦਰ ਹੈ ਬਾਪ ਮੇਰਾ,
ਰੁਲਿਆ ਪਿਆ ਏ ਰੇਤੇ ਦੀ ਹੂਕ ਬਣ ਕੇ।
ਮਾਂ ਧਰਤੀਏ ਸਦਾ ਸੁਹਾਗਣੇ ਨੀ,
ਮੇਰੇ ਯਾਰਾਂ ਨੂੰ ਜਨਮ ਨਾ ਦੇਈਂ ਉਥੇ।

ਜਿਥੇ ਮਾਂ ਦੀ ਲਾਵਾਰਸ ਲਾਸ਼ ਉਤੇ
ਬੈਠਾ ਬਾਲ ਕੋਈ ਨਹਿਰ ਵਿਚ ਜਾਏ ਤਰਦਾ।
ਸਾਡੇ ਬੋਹਲਾਂ ਦੀ ਕਣਕ ਦਾ ਰੰਗ ਜਿਥੇ,
ਕਾਲੀ ਕੁਰਸੀ ਦੇ ਰੰਗ ਵਿਚ ਜਾਏ ਰਲਦਾ।
ਮਾਂ ਧਰਤੀਏ ਸਦਾ ਸੁਹਾਗਣੇ ਨੀ,
ਮੇਰੇ ਯਾਰਾਂ ਨੂੰ ਜਨਮ ਨਾ ਦੇਈਂ ਉਥੇ।

ਜੀਹਦੇ ਸੋਹਣਿਆਂ ਸ਼ਹਿਰਾਂ ਦੀ ਸ਼ਾਨ ਮੂਹਰੇ,
ਝੁਕੇ ਪਏ ਨੇ ਪਿੰਡ ਕਮਾਨ ਵਾਂਗੂੰ।
ਅਰਥਚਾਰਾ ਹੈ ਵੇਸਵਾ ਵਾਂਗ ਜਿਸ ਦਾ,
ਝੋਲੀ ਜੀਹਦੀ ਬੇਅਣਖੇ ਇਨਸਾਨ ਵਾਂਗੂੰ।
ਮਾਂ ਧਰਤੀਏ ਸਦਾ ਸੁਹਾਗਣੇ ਨੀ,
ਮੇਰੇ ਯਾਰਾਂ ਨੂੰ ਜਨਮ ਨਾ ਦੇਈਂ ਉਥੇ।



ਜਿਥੇ ਖ਼ੂਨ ਹੈ ਮੇਰਿਆਂ ਵੀਰਿਆਂ ਦਾ,
ਵਿਛਿਆ ਸੜਕਾਂ ’ਤੇ ਹੱਕਾਂ ਦੀ ਲੁੱਕ ਬਣ ਕੇ।
ਬੁੱਚੜਖਾਨਿਆਂ ’ਚੋਂ ਜਿਥੇ ਲੋਕ ਮੇਰੇ,
ਨਿੱਤਰ ਰਹੇ ਇਤਿਹਾਸ ਦੀ ਠੁੱਕ ਬਣ ਕੇ।
ਮਾਂ ਧਰਤੀਏ ਸਦਾ ਸੁਹਾਗਣੇ ਨੀ,
ਮੇਰੇ ਯਾਰਾਂ ਨੂੰ ਜਨਮ ਤੂੰ ਦੇਈਂ ਉਥੇ।

ਜੀਹਦੇ ਲੋਕਾਂ ਨੇ ਗੁਰੂ ਗੋਬਿੰਦ ਵਰਗਾ,
ਲੋਕ-ਝਿੜੀ ਦੇ ਵਿਚ ਲੁਕੋ ਲਿਆ ਹੈ।
ਜੀਹਦੀ ਗੋਦ ਪੁੱਤਰਾਂ ਨਕਸਲਬਾੜੀਆਂ ਦਾ,
ਸੇਕ ਸਾਰਾ ਹੀ ਸੀਨੇ ਸਮੋਅ ਲਿਆ ਹੈ।
ਮਾਂ ਧਰਤੀਏ ਸਦਾ ਸੁਹਾਗਣੇ ਨੀ,
ਮੇਰੇ ਯਾਰਾਂ ਨੂੰ ਜਨਮ ਤੂੰ ਦੇਈਂ ਉਥੇ।

•

## ਮੈਂ ਹਾਂ ਪੰਜਾਬ ਬੋਲਦਾ

ਮੈਂ ਹਾਂ ਪੰਜਾਬ ਬੋਲਦਾ, ਸੁੱਚੀਆਂ ਦਾੜ੍ਹੀਆਂ ਦੇ ਨਾਂ 'ਤੇ
ਪੀਡੀਆਂ ਗੁੱਤਾਂ ਦੇ ਨਾਂ, ਮੈਂ ਹਾਂ ਪੰਜਾਬ ਬੋਲਦਾ।
ਆਪਣੇ ਧੀ ਪੁੱਤਾਂ ਦੇ ਨਾਂ, ਮੈਂ ਹਾਂ ਪੰਜਾਬ ਬੋਲਦਾ।

ਮਾਂ ਦੀਆਂ ਦੋ ਵਗਦੀਆਂ, ਮੇਰੇ ਪੰਜ-ਧਾਰਾ ਵਗੇ
ਏਨੇ ਦੁੱਧਾਂ ਦੇ ਹੁੰਦਿਆਂ, ਕਿਉਂ ਵਿਲਕਦੀ ਮਮਤਾ ਲੱਗੇ?
ਕਾਂਜੀ ਦੇ ਬੱਦਲਾਂ ਦੇ ਨਾਂ 'ਤੇ ਬਦਲੀਆਂ ਰੁੱਤਾਂ ਦੇ ਨਾਂ
ਮੈਂ ਹਾਂ ਪੰਜਾਬ ਬੋਲਦਾ...

ਵਾਰਿਸ, ਮੋਹਨ, ਕਾਦਰ, ਧਨੀ, ਸਤਿਲੁਜ ਝਨਾਂ ਨੂੰ ਮੇਲਦੇ
ਖੇਡਦੇ ਗੀਟੇ ਰਹੇ, ਕਿਉਂ ਨਾਲ ਸਿਰੀਆਂ ਖੇਲਦੇ?
ਗੁੰਦਵਿਆਂ ਜਿਸਮਾਂ ਦੇ ਨਾਂ ਤੇ ਫੁੱਟਦੀਆਂ ਮੁੱਛਾਂ ਦੇ ਨਾਂ
ਮੈਂ ਹਾਂ ਪੰਜਾਬ ਬੋਲਦਾ...

ਮੇਰੇ ਕਪੁੱਤਰੋ ਸੌਂ ਜਿਓ, ਹੁਣ ਨਾਲ ਮੌਜ ਦੇ
ਪਹਿਰੇ ਖੜੂੰਗਾ ਮੈਂ ਭਾਵੇਂ ਹਵਾਲੇ ਹਾਂ ਫ਼ੌਜ ਦੇ
ਹੰਭੀਆਂ ਅਦਾਲਤਾਂ ਦੇ ਨਾਂ, ਨਾਰਦ ਦੀਆਂ ਘੜਿੱਤਾਂ ਦੇ ਨਾਂ
ਮੈਂ ਹਾਂ ਪੰਜਾਬ ਬੋਲਦਾ...

ਬਹਿ ਕੇ ਪਰ੍ਹਾ ਵਿਚ ਸੁਣ ਲਵੋ ਵੱਡਿਓ ਨਵਾਬੀਓ
ਤਲੀਆਂ 'ਤੇ ਸਿਰ ਕਿੱਦਾਂ ਟਿਕੇ, ਦੱਸਿਓ ਪੰਜਾਬੀਓ
ਹੀਰ ਦੀ ਚੂਰੀ ਦੇ ਨਾਂ, ਕੈਦੋਂ ਦੀ ਲੂਤੀ ਦੇ ਨਾਂ
ਮੈਂ ਹਾਂ ਪੰਜਾਬ ਬੋਲਦਾ...

•



## ਕਿਸਨੂੰ ਵਤਨ ਕਹਾਂ!

ਹਰ ਥਾਂ ਖ਼ੂਨੋ ਖ਼ੂਨ ਹੈ ਧਰਤੀ
ਹਰ ਥਾਂ ਕਬਰਾਂ ਦੀ ਚੁੱਪ ਵਰਤੀ
ਅਮਨ ਕਿੱਥੇ ਮੈਂ ਦਫ਼ਨ ਕਰੂੰਗਾ
ਮੈਂ ਹੁਣ ਕਿਸ ਨੂੰ ਵਤਨ ਕਹੂੰਗਾ!

ਭੰਨ ਸੁੱਟੀਆਂ ਨਾਨਕ ਦੀਆਂ ਬਾਹਵਾਂ
ਪੁੱਟ ਸੁੱਟੀਆਂ ਸ਼ਿਵ ਦੀਆਂ ਜਟਾਵਾਂ
ਕਿਸ ਨੂੰ ਕਿਸ ਦਾ ਦਮਨ ਕਹੂੰਗਾ
ਮੈਂ ਹੁਣ ਕਿਸ ਨੂੰ...

ਆਹ ਜਿਸਮ ਤਾਂ ਮੇਰੀ ਧੀ ਵਰਗਾ ਹੈ
ਆਹ ਕੋਈ ਮੇਰੀ ਭੈਣੀ ਜਿਹਾ ਹੈ
ਕਿਸ ਕਿਸ ਦਾ ਮੈਂ ਨਗਨ ਕੱਜੂਗਾ
ਮੈਂ ਹੁਣ ਕਿਸ ਨੂੰ...

ਕੌਣ ਸਿਆਣ ਕਰੇ ਮਾਂ ਪਿਓ ਦੀ
ਹਰ ਇਕ ਦੀ ਹੈ ਲਾਸ਼ ਇਕੋ ਜਿਹੀ
ਕਿਸ ਕਿਸ ਲਈ ਮੈਂ ਕਫ਼ਨ ਲਊਂਗਾ
ਮੈਂ ਹੁਣ ਕਿਸ ਨੂੰ...

ਰੋ ਪਈਆਂ ਚਾਨਣੀਆਂ ਰਾਤਾਂ
ਮੁੱਕੀਆਂ ਦਾਦੀ ਮਾਂ ਦੀਆਂ ਬਾਤਾਂ
ਕਿੰਜ ਬੀਤੇ ਦਾ ਹਵਨ ਕਰੂੰਗਾ
ਮੈਂ ਹੁਣ ਕਿਸ ਨੂੰ...

ਜਜ਼ਬੇ ਸਾਂਭ ਮੇਰੇ ਸਰਕਾਰੇ
ਮੋੜ ਦੇ ਮੇਰੇ ਗੀਤ ਪਿਆਰੇ
ਕਿੰਜ ਚਾਵਾਂ ਦਾ ਦਮਨ ਕਰੂੰਗਾ
ਮੈਂ ਹੁਣ ਕਿਸ ਨੂੰ ਵਤਨ ਕਹੂੰਗਾ!

•

## ਧਰਤੀ ਮਾਂ

ਕਿਹੜਿਆਂ ਸਿਪਾਹੀਆਂ ਤੇਰੀ ਹਿੱਕ ਹੈ ਲਤਾੜੀ?
ਕਰੀ ਕਿਹੜਿਆਂ ਥਕੇਵਿਆਂ ਨਿਢਾਲ?
ਕਿਹੜਿਆਂ ਪੁੱਤਾਂ ਨੇ ਤੇਰੀ ਲੁੱਟੀ ਹੋਈ ਪੱਤ ਜਰੀ?
ਕੀ ਤੂੰ ਸੱਚੀ ਮੁੱਚੀ ਏਂ ਕੰਗਾਲ?

ਤਲੀਆਂ 'ਤੇ ਸੀਸ ਰੱਖ ਲੜਦੇ ਸੀ ਜਿਹੜੇ
ਕਿਉਂ ਉਹ ਬੁੱਕਲੀ ਲੁਕਾਈ ਬੈਠੇ ਮੂੰਹ
ਕੀ ਤਾਂ ਹੁਣ ਕਿਸੇ ਧੀ ਦੀ ਲੁੱਟੀਂਦੀ ਨਾ ਪੱਤ
ਕੀ ਨਾ ਕਿਸੇ ਦੀ ਉਧਾਲੀ ਜਾਂਦੀ ਨੂੰਹ?
ਮੇਰੇ ਪਿੰਡ ਪਏ ਜਿੰਨੇ ਪੀਲਕਾਂ ਦੇ ਮਾਰੇ।
ਓਨੇ ਸ਼ਹਿਰ ਹੋਏ ਪੀਂਙੂੰ ਵਾਂਗੂੰ ਲਾਲ
ਕਿਹੜਿਆਂ ਸਿਪਾਹੀਆਂ...

ਚਾੜ੍ਹ ਕੇ ਪੁਲੀਸ ਪੈਸੇ ਵਾਲਿਆਂ ਘੱਲੀ ਹੈ ਪਿੰਡ
ਕੰਮੀਆਂ ਦਿਹਾੜੀਆਂ ਦੇ ਨਾਂ
ਉਸੇ ਬੱਚੇ ਦੇ ਨਾਂ ਸਾਡੀ ਸਿਰਾਂ ਦੀ ਵਸੀਅਤ
ਜੀਹਦੀ ਕੰਜਕ ਕੁਆਰੀ ਬਣੀ ਮਾਂ
ਉਸ ਸੂਹੇ ਸੂਰਜ ਨੂੰ ਸਿਰਾਂ ਦੀ ਸਲਾਮ
ਜੀਹਦੀ ਸਾਰੀ ਰਾਤੀਂ ਰਾਤ ਕਰੇ ਭਾਲ
ਕਿਹੜਿਆਂ ਸਿਪਾਹੀਆਂ...

ਰੋਂਦੇ ਨੇ ਦਿਹਾੜੀਏ ਮਸ਼ੀਨਰੀ ਦੇ ਨਾਂ 'ਤੇ
ਮਿਲੇ ਜਿਨ੍ਹਾਂ ਨੂੰ ਨਾ ਵਾਜਬੀ ਦਿਹਾੜ
ਕਿਰਤੀ ਕਿਸਾਨ ਤਾਈਂ ਹੁੰਦੇ ਵੇਖ ਜੱਫੋ ਜੱਫ਼ੀ
ਮਾਰਦੇ ਦੁੜ੍ਹੰਗੇ ਨੇ ਕਰਾੜ



ਸਾਰੇ ਜਾਲ ਤੋੜ ਕੇ ਉਡਣ ਵਾਲੇ ਅਸੀਂ
ਪੂੰਜੀਪਤੀ ਪਾਏ ਫਿਰਕੂ ਜੰਜਾਲ
ਕਿਹੜਿਆਂ ਸਿਪਾਹੀਆਂ...

ਤੇਰੇ ਪਿੰਡੇ ਉਤੇ ਜਦੋਂ ਜ਼ਰਾ ਵੀ ਝਰੀਟ ਆਏ
ਕਿਹੜਾ ਪੁੱਤਰ ਜਿਹੜਾ ਇਹ ਜਰੇ
ਤੇਰਿਆਂ ਚਿਰਾਗ਼ਾਂ ਤਾਈਂ ਲੱਟੋ ਲੱਟ ਰੱਖਣਾ ਏ
ਤਨ ਸਾਡਾ ਰਹੇ ਨਾ ਰਹੇ
ਤੇਰੇ ਸਭਿਆਚਾਰ ਤਾਈਂ ਭੂਤ ਤੋਂ ਭਵਿੱਖ ਵਿਚ
ਲੈਣਾ ਏ ਅਜੋਕਿਆਂ ਨੇ ਢਾਲ
ਕਿਹੜਿਆਂ ਸਿਪਾਹੀਆਂ ਤੇਰੀ ਹਿੱਕ ਹੈ ਲਤਾੜੀ?
ਕਰੀ ਕਿਹੜਿਆਂ ਥਕੇਵਿਆਂ ਨਿਢਾਲ?
ਕਿਹੜਿਆਂ ਪੁੱਤਾਂ ਨੇ ਤੇਰੀ ਲੁੱਟੀ ਹੋਈ ਪੱਤ ਜਰੀ?
ਕੀ ਤੂੰ ਸੱਚੀ ਮੁੱਚੀ ਏਂ ਕੰਗਾਲ?

•

## ਮੀਂਹ ਵਰਸਾ ਦੇ ਜ਼ੋਰੋ ਜ਼ੋਰ

ਮੀਂਹ ਵਰਸਾ ਦੇ ਜ਼ੋਰੋ ਜ਼ੋਰ, ਹਾੜੇ ਰੱਬਾ ਵੱਟਾਂ ਤੋੜ
ਕਾਮੇ ਦੀ ਕੁੱਲੀ ਨੂੰ ਕਰਦੀ ਕਿਣਮਣ ਕਾਨੀ ਹੀ ਕਮਜ਼ੋਰ।!

ਲਾਲ ਲਹੂ ਦੀ ਲੂਸੀ ਲੋਅ ਹੈ, ਬਰਫ਼ਾਂ ਕੀ ਪੱਥਰ ਵੀ ਪੰਘਰੇ।
ਪੱਤ ਪੱਤ ਪਿਆ ਪਨਾਹ ਤੋਂ ਅੱਕਿਆ, ਬੇਪਤ ਫੁੱਲ ਨੂੰ ਕਰਦੇ ਭੰਵਰੇ।
ਮੇਰੇ ਮੈਰ੍ਹੇ, ਕੱਲਰ, ਬਰਾਨਾਂ ’ਤੇ ਜੋ ਤੁੱਠੈ ਕਰਦੇ ਛੋੜ।
ਹਾੜੇ ਰੱਬਾ ਵੱਟਾਂ ਤੋੜ...

ਕਰੀ ਮਸ਼ੀਨਾਂ ਨੇ ਮਜ਼ਦੂਰਾਂ ਦੀ ਮਿਹਨਤ ਦੀ ਕਦਰ ਘਟਾਈ।
ਜੱਟ ਸੀਰੀ ਦਾ ਬਦਲਿਆ ਰਿਸ਼ਤਾ ‘ਠੇਕੇ’ ਵਿਚ ਜਿਉਂ ਵਟੀ ਵੰਡਾਈ।
ਭੱਸਰੇ ਵਾਂਗ ਭੂਸਰੇ, ਸੂਹੇ ਸਾਵਣ ਦੀ ਨਾ ਜਿਸ ਨੂੰ ਲੋੜ।
ਹਾੜੇ ਰੱਬਾ ਵੱਟਾਂ ਤੋੜ...

ਤੇਰੀ ਵਾਛੜ ਨਾਲ ਕਸੈਲੀ ਵੱਟ ਕੋਈ ਵੀ ਰਹਿ ਨ੍ਹੀਂ ਸਕਦੀ।
ਧਰਤੀ ’ਤੇ ਵੱਟ ਪਾਉਣ ਵਾਲਿਓ ਮਮਤਾ ’ਤੇ ਵੱਟ ਪੈ ਨਹੀਂ ਸਕਦੀ।
ਇਨ੍ਹਾਂ ਵੱਟਾਂ ਵਿਚ ਵੰਡੀ ਹੋਈ ਬਾੜੀ ਸਾਨੂੰ ਨਾ ਲੋੜ।
ਹਾੜੇ ਰੱਬਾ ਵੱਟਾਂ ਤੋੜ...

ਪਿੰਡਿਆਂ ’ਤੇ ਪਿੱਤਾਂ ਦੇ ਪੱਛਣੇਂ ਪੰਡਾਂ ਬੰਨ੍ਹ ਬੰਨ੍ਹ ਬਹੁਤ ਹੰਢਾਏ।
ਨੰਗਿਆਂ ਪੈਰਾਂ ਦਾ, ਭਖਦਾ ਭੱਠ, ਪੋਹਲੀ ਪੂਰਾ ਪਿਆਰ ਜਤਾਏ
ਉਹਦਾ ਮੀਂਹ ’ਤੇ ਜ਼ੋਰ ਨਾ ਚੱਲਦਾ, ਜਿਸ ਦਾ ਸਾਡੀ ਕਿਸਮਤ ’ਤੇ ਜ਼ੋਰ।
ਮੀਂਹ ਵਰਸਾ ਦੇ ਜ਼ੋਰੋ ਜ਼ੋਰ



ਤੂੰ ਵਰਸੇਂ ਤਾਂ ਧਰਤ ਅਸਾਡੀ ਵੱਢਿਆਂ ਸਿਰ ਵੀ ਫੇਰ ਉਗਾਵੇ।
ਕਿਣਮਣ ਕਾਣੀ ਧੋ ਨਾ ਸਕਦੀ ਚਾਨੀਆਂ ਰਾਤਾਂ ਦੇ ਹਾਵੇ।
ਘਟ ਕਾਲੀ ਨੂੰ ਕਹਿ ਉਹ ਗੱਜੇ ਤਾਂ ਜੋ ਸੂਹੇ ਬੋਲਣ ਮੋਰ।
ਮੀਂਹ ਵਰਸਾ ਦੇ ਜ਼ੋਰੋ ਜ਼ੋਰ...

ਤਾਹੀਓਂ ਸਹੁਰੇ ਘਰ ਧੀਆਂ ਨੂੰ ਨਾ ਉਠਿਆ ਤੀਆਂ ਦਾ ਚਾਅ।
ਇਹ ਹਾੜ੍ਹੀ ਵੀ ਖੱਟੀ ਚੁੰਨੀ ਲਿਆ ਸਕਣਗੇ ਨਹੀਂ ਭਰਾ।
ਉਹ ਤਾਂ ਹਾੜ੍ਹੀ ਦੇ ਵਾਅਦੇ ਦਾ ਸਕੇ ਨ੍ਹੀਂ ਹੋਣੇ ਬਿਆਨਾ ਮੋੜ।
ਹਾੜੇ ਰੱਬਾ ਵੱਟਾਂ ਤੋੜ...

ਸਦੀਆਂ ਦੀ ਲੂ ਜਰ ਲੀ ਜਿਸ ਨੇ, ਬਾਬਾ ਬੋਹੜ ਨਾ ਰਹੇ ਨਿਰਾਸ਼ਾ।
ਮਹਿਲ ਮਾੜੀਆਂ ਜੋ ਦਰੜੀ ਹੈ, ਧਰਤੀ ਦੀ ਕੱਢ ਲਏ ਭੜਾਸਾ।
ਭਾਦੋਂ ਭਾਬੀ ਨੂੰ ਜਾ ਕਹਿ ਦੇ  ਸਾਉਣ ਵੀਰੇ ਨੂੰ ਛੇਤੀ ਮੋੜ।
ਹਾੜੇ ਰੱਬਾ ਵੱਟਾਂ ਤੋੜ...

ਇਉਂ ਬਰਸੀਂ ਕਿ ਜੰਗਾਂ ਦੇ ਹਥਿਆਰਾਂ ਦੀ ਜੰਗ ਜਾਏ ਧੋਤੀ।
ਇਉਂ ਬਰਸੀਂ ਕਿ ਮੂੰਹਾਂ ਉਪਰੋਂ ਮਿਣਮਿਣ ਦੀ ਮੰਗ ਜਾਏ ਧੋਤੀ।
ਗਰਦ ਗੁਬਾਰਾਂ ਦਾ ਨਾ ਚੜ੍ਹਦਾ ਸੂਰਜ ਦੀ ਲਾਲੀ ਤੱਕ ਜ਼ੋਰ।
ਹਾੜੇ ਰੱਬਾ ਵੱਟਾਂ ਤੋੜ...

•

## ਮੇਰੇ ਲਾਡਲੇ

ਜਾਗੋ ਮੇਰੇ ਲਾਡਲੇ! ਜਾਗੋ ਮੇਰੇ ਲਾਡਲੇ!!
ਬਾਪ ਤੇਰੇ ਦੇ ਦੁਸ਼ਮਣ ਫਿਰਦੇ ਕਾਵਾਂ ਵਾਂਗੂੰ ਚਾਂਭਲੇ।
ਰਾਤ ਸੀ ਤੈਨੂੰ ਬਾਤ ਸੁਣਾਈ, ਜੱਗ ਬੀਤੀ ਹੱਡ-ਬੀਤੀ।
ਅੰਮ੍ਰਿਤ ਵੇਲੇ ਚਹਿਕਣ ਵਾਲੀ, ਕਿਵੇਂ ਚਿੜੀ ਬੱਸ ਕੀਤੀ।
ਨੰਗ-ਧੜੰਗੇ ਉਠ ਬੈਠੇ ਸਭ ਆਪਣੇ ਲਾਗੇ ਚਾਂਗਲੇ।
ਜਾਗੋ ਮੇਰੇ ਲਾਡਲੇ!...

ਬਾਪ ਤੇਰੇ ਦੇ ਹਾਣ ਦੇ ਹਾਲੀ, ਬੰਜਰਾਂ ਦੀ ਹਿੱਕ ਫੋਲ ਰਹੇ ਨੇ।
ਰਾਤ ਦੇ ਕੀੜੇ ਲੁਕਣ ਲਈ ਥਾਂ ਇਕ ਦੂਜੇ ਵਿਚ ਟੋਲ ਰਹੇ ਨੇ।
ਮੇਰੀ ਮੋਹ-ਮਮਤਾ ਨਾ ਹਰਦੀ, ਜਿਉਂ ਕੈਦੀ ਵਿਚ ਕਾਂਡਲੇ।
ਜਾਗੋ ਮੇਰੇ ਲਾਡਲੇ!...

ਜਿਸ ਪੁਲ 'ਤੇ ਟੋਕਰੀਆਂ ਢੋਅ ਢੋਅ, ਤੇਰੇ ਪਿਓ ਨੇ ਭਰਤ ਸੀ ਪਾਈ।
ਉਸ ਪੁਲ 'ਤੇ ਤੱਕ! ਇਕ ਛਾਤੀ ਨੇ ਗੋਲੀਆਂ ਸੰਗ ਹੈ ਸੁਰਤ ਗਵਾਈ।
ਤੇਰੇ ਸੁੱਤਿਆਂ ਕਿਵੇਂ ਤਰਨਗੇ ਸਿਰ ਉਹਦੇ ਜੋ ਮਾਮਲੇ।
ਜਾਗੋ ਮੇਰੇ ਲਾਡਲੇ!...

ਜਿਉਂ ਅੰਮ੍ਰਿਤ ਵੇਲੇ ਦਾ ਤਾਰਾ, ਇਉਂ ਆਇਆ ਸੀ ਤੇਰਾ ਪਾਪਾ।
ਆਪਣੇ ਪਿੰਡ ਸੀ ਮੱਸਿਆ ਤਾਹੀਓਂ, ਤੁਰ ਗਿਆ ਚੰਦਰਾ 'ਚੰਨ' ਇਕਲਾਪਾ।
ਜਿਸ ਮੱਸਿਆ ਅੰਬਰਾਂ ਦੇ ਰੁੱਖ ਤੋਂ ਸੀ ਤਾਰੇ ਕੁਝ ਛਾਂਗਲੇ।
ਜਾਗੋ ਮੇਰੇ ਲਾਡਲੇ!...

'ਲੰਡੀ ਚੂਹੀ' ਦੇ ਨਾ ਜਾਵੇ ਤੈਨੂੰ ਲਾਗਲਿਆਂ ਦੀ ਲਾਲੀ।
ਪਹਿਲਾਂ ਉਠ ਕੇ 'ਡੋਅ ਡੋਅ' ਤੈਨੂੰ ਕਰਨਗੇ ਪਿੰਡ ਦੇ ਹਾਲੀ ਪਾਲੀ।
ਪਹੇ ਭਰੀ ਨੇ ਜਾਂਦੇ ਆਪਣੇ ਖੇਤੀ ਕਿਰਤੀ ਕਾਫ਼ਲੇ
ਜਾਗੋ ਮੇਰੇ ਲਾਡਲੇ!...

•



## ਬਸਰੇ ਦੀ ਲਾਮ ਟੁੱਟ ਜੇ

ਨੀ ਮੈਂ ਰੰਡੀਓਂ ਸੁਹਾਗਣ ਹੋਵਾਂ,
ਜੇ ਬਸਰੇ ਦੀ ਲਾਮ ਟੁੱਟ ਜੇ
ਤੇਲ ਕੌਲਿਆਂ 'ਤੇ ਜੋਬਨੇ ਦਾ ਚੋਵਾਂ
ਜੇ ਬਸਰੇ ਦੀ ਲਾਮ ਟੁੱਟ ਜੇ।

ਜਾਣਦੀ ਹਾਂ ਤੇਰੇ ਕੋਲ, ਤੋਪਾਂ ਤੇ ਬਾਰੂਦ ਵੇ
ਮਾਵਾਂ, ਭੈਣਾਂ ਦੇ ਸੁਹਾਗਾਂ ਲਈ ਖ਼ਰੂਦ ਵੇ
ਮਾਂਗਾਂ ਨਾਲ ਜੋ ਨੇ ਨਾਪਦੀਆਂ ਕੋਹਾ, ਜੇ ਬਸਰੇ...

ਮੇਰੇ ਦਿਉਰਾਂ, ਭਾਈਆਂ ਲਈ ਵੈਰ ਤੂੰ ਸਹੇੜੇ ਵੇ
ਜਿੱਤ ਮੰਨੂੰ ਤੇਰੀ ਜੇ, ਜਮਾਤੀ-ਯੁੱਧ ਛੇੜੇਂ ਵੇ
ਮੋਢਾ ਮੈਂ ਵੀ ਨਾਲ ਜੋੜ ਕੇ ਖੜੋਵਾਂ, ਜੇ ਬਸਰੇ...

ਤੈਨੂੰ ਜੋ ਲੜਾਉਣ ਸਾਰੀ ਉਨ੍ਹਾਂ ਵੰਡੀ ਧਰਤੀ
ਤੈਨੂੰ ਵੱਟਾਂ ਪਾਉਣ ਲਈ ਕਰਦੇ ਨੇ ਭਰਤੀ
ਗੱਲ ਗੱਲ ਉਤੇ ਸਭਨਾਂ ਨੂੰ ਲੋਹਾਂ, ਜੇ ਬਸਰੇ...

ਤੇਰੀ ਮੌਤ ਪਿੱਛੋਂ ਇਹ ਤਾਂ ਮਾਵਾਂ ਵਾਂਗੂੰ ਆਉਣੇ ਵੇ
ਚਾਵਾਂ ਦੀਆਂ ਆਥਣਾਂ 'ਤੇ ਕਾਵਾਂ ਵਾਂਗੂੰ ਆਉਣੇ ਵੇ
ਮੇਰਾ ਕੌਣ ਜੀਹਨੂੰ ਤੇਰੇ ਜੀਹਨੂੰ ਪੋਹਾਂ, ਜੇ ਬਸਰੇ...

ਜੇ ਤੂੰ ਹੈ ਜਿਉਂਦਾ ਮੰਨੀਂ ਸਾਡੀ ਰਾਮ ਸਤ ਵੇ
'ਕਾਟ' ਹੈ ਜਵਾਬੀ ਮੋੜੀਂ ਬੇਬੇ ਦੇ ਨਾਂ ਖ਼ਤ ਵੇ
ਜੀਹਦੇ ਰੋਣ ਨੂੰ ਦਿਲਾਸੇ 'ਚ ਲਕੋਵਾਂ, ਜੇ ਬਸਰੇ...

ਭੁੰਨੇ ਨਾ ਬਰੂਦ ਮਾਂ ਦੇ ਮੋਹ ਦੀਆਂ ਬੋਟੀਆਂ
ਘਰੀਂ ਮੁੜ ਆਉਣ ਅੰਨ੍ਹੇ ਪਿਉਆਂ ਦੀਆਂ ਸੋਟੀਆਂ
ਪਿੰਡੇ ਲੂੰਹਦੀਆਂ ਨਾ ਰਹਿਣ ਜੰਗੀ ਲੋਆਂ, ਜੇ ਬਸਰੇ...

'ਨਾਮਾਂ' ਨਾ ਕਟਾਈਂ ਮੈਨੂੰ ਇਹ ਵੀ ਇਕ ਝੋਰਾ ਵੇ
ਮਾਰੂੰ ਰੁਜ਼ਗਾਰ ਵਿਚ ਕੀਹਨੂੰ ਮੈਂ ਨਹੋਰਾ ਵੇ
ਵੱਸ ਚੱਲੇ ਤਾਂ ਹਨੇਰੇ ਹੋ ਖਲੋਵਾਂ,
ਜੇ ਬਸਰੇ ਦੀ ਲਾਮ ਟੁੱਟ ਜੇ
ਨੀ ਮੈਂ ਰੰਡੀਓਂ ਸੁਹਾਗਣ ਹੋਵਾਂ,
ਜੇ ਬਸਰੇ ਦੀ ਲਾਮ ਟੁੱਟ ਜੇ।

•



## ਅਮਨ ਦੀ ਹੂਕ

ਸੱਸੇ ਵੇਖ ਨੀ ਜਵਾਨੀ ਮੇਰੀ, ਜੰਗ 'ਚੋਂ ਮੰਗਾ ਲੈ ਪੁੱਤ ਨੂੰ।
ਸਾਰੀ ਉਮਰ ਭਰੂੰਗੀ ਛਾਨੀ ਤੇਰੀ, ਜੰਗ 'ਚੋਂ ਮੰਗਾ ਲੈ ਪੁੱਤ ਨੂੰ।

ਫ਼ੌਜਾ ਦੀ ਤਾਂ ਨੌਕਰੀ ਨੀ, ਨੋਟਾਂ ਦਾ ਹੀ ਰੌਲਾ ਏ।
ਰੋਟੀ ਵਾਂਗ ਗੋਲ, ਜਿਹੜਾ ਦਾਗ਼ਦਾ ਉਹ ਗੋਲਾ ਏ।
ਬੱਸ ਇਹੋ ਇਕ ਘੁੰਮਣ ਹੈ ਘੇਰੀ...

ਉਹਦੀ ਹੈ ਸਟੇਨ ਦੱਸ ਕੀਹਦੇ ਸੀਨੇ ਵਿੰਨ੍ਹਦੀ।
ਪਹਿਲਾਂ ਮੈਨੂੰ ਭੁੰਨਦੀ ਤੇ ਫੇਰ ਤੈਨੂੰ ਰਿੰਨ੍ਹਦੀ।
ਚੁੱਪ ਵੱਟੀ ਰੱਖੀ ਮੈਂ ਤਾਂ ਸੀ ਬਥੇਰੀ...

ਦੱਸ ਮੈਥੋਂ ਹੋਰ ਕਿਹੜਾ ਲੈਣਾ ਸੱਸੇ ਲੇਖਾ ਨੀ।
ਮੈਂ ਤਾਂ ਖਨੀ ਬਾਂਝ ਹੋਣੈਂ ਉਸ ਨੂੰ ਭੁਲੇਖਾ ਨੀ।
ਉਹਦੀ ਛੁੱਟੀ ਪਿੱਛੇ ਹੋਈ ਫਿਰਾਂ ਢੇਰੀ...

ਫ਼ੌਜੀਆ ਵੇ ਤੂੰ ਕੀ ਜਾਣੇ ਘਰਾਂ ਦੇ ਕੀ ਮਾਮਲੇ।
ਬਣ ਸੱਸ-ਰਾਣੀ ਬੇਬੇ ਛਾਬੇ ਨੂੰ ਵੀ ਸਾਂਭ ਲੇ
ਭਾਵੇਂ ਫ਼ੌਜ ਦੀ ਖੱਟੀ ਤੇਰੀ ਮੇਰੀ...

ਸੱਚ ਦੱਸੀਂ ਫੀਤੀ ਜਦੋਂ ਸੂਟ 'ਤੇ ਲਵਾਈ ਸੀ।
ਮਾਰੇ ਮੇਰੇ ਵੀਰ ਜਾਂ ਤੇਰੇ ਬਾਪ ਦੇ ਜਵਾਈ ਸੀ।
ਤਾਹੀਓਂ ਪਿੰਡਾਂ 'ਚ ਖੁੱਲ੍ਹੇ ਨਾ ਅੱਖ ਤੇਰੀ...

ਮੈਨੂੰ ਚੰਗਾ ਲੱਗੇ ਨਾ ਦਿਹਾੜੀਦਾਰ ਯੋਧਾ ਵੇ।
ਜਾਣੇ ਨਾ ਬਾਰੂਦ ਕੀ ਅਰਥ ਹੁੰਦਾ ਮੋਹ ਦਾ ਵੇ।
ਬਾਲ ਵੇਖ ਸਾਰੀ ਭੁੱਖ ਲਹਿ ਜੂ ਤੇਰੀ...

ਆਉਣ ਦੀ ਚਿੱਠੀ ਨਾ ਪਾਈ ਇਕ ਵੀ ਨਾ ਜਾ ਕੇ ਨੀ।
ਖ਼ਬਰੇ ਕੀ ਤੋਰਿਆ ਏ ਪਿੱਪੜੀ ਪੜ੍ਹਾ ਕੇ ਨੀ।
ਗੱਲ ਉਤਲੇ ਪਤੇ ਦੀ ਹੁੰਦੀ ਤੇਰੀ...

ਜਿਹੜੀ ਉਹਦੀ ਜੰਗ ਜ਼ਰਾ ਉਸ ਨੂੰ ਜਚਾਈਂ ਨੀ
ਮੇਰੀ ਗੱਲ ਵਿਚ ਐਵੇਂ ਘੋੜਾ ਨਾ ਭਜਾਈਂ ਨੀ।
ਗੱਲ ਉੱਘ ਦੀ ਪਤਾਲ ਹੁੰਦੀ ਤੇਰੀ...

ਨੀ ਜੰਗ ’ਚੋਂ ਮੰਗਾ ਲੈ ਪੁੱਤ ਨੂੰ, ਸੱਸੇ ਵੇਖ ਨੀ ਜਵਾਨੀ ਮੇਰੀ।
ਸਾਰੀ ਉਮਰ ਭਰੂੰਗੀ ਛਾਨੀ ਤੇਰੀ, ਜੰਗ ’ਚੋਂ ਮੰਗਾ ਲੈ ਪੁੱਤ ਨੂੰ।
•



## ਸਮਾਜਵਾਦੀ ਜੰਗ

ਤੈਨੂੰ ਚੋਗ ਮੈਂ ਅਮਨ ਦੀ ਪਾਵਾਂ, ਜੰਗਾ ਵੇ ਜਿਊਣ ਜੋਗਿਆ।
ਉਹ ਤਾਂ ਯਾਰੀਆਂ ਸਿਰਾਂ ਦੇ ਨਾਲ ਜਾਂਦੀਆਂ, ਪੈਂਦੀਆਂ ਜੋ ਤੇਰੇ ਵਿਚ ਨੇ।

ਤੂੰ ਕੁੱਲੀਆਂ ਤੋਂ ਲਾਲ ਕਿਲ੍ਹੇ ਤਕ ਦਾ ਇਕੋ ਹੈ ਵਸੀਲਾ ਜੀਣ ਦਾ।
ਦੇਖ ਦਿੱਲੀ ਦੇ ਦਲਾਲਾਂ ਦੀਆਂ ਦੌਲਤਾਂ, ਤੂੰਹੀਓਂ ਹੈ ਕਚੀਚੀ ਕਾਮੇ ਦੀ।

ਛਾਣੇ ਦੁੱਧ ’ਚੋਂ ਜੋ ਪਾਣੀ ਦੀ ਰਲਾਉਟ ਨੂੰ, ਚੁੰਝ ਹੈਂ ਤੂੰ ਰਾਜਹੰਸ ਦੀ।
ਤੂੰ ਪੀਤਿਆਂ ਤਿਊੜਾਂ ਦੀ ਪਛਾਣ ਹੈਂ, ਜੋ ਮਾਵਾਂ ਨੇ ਪਿਆਏ ਰੱਜ ਕੇ।

ਤੂੰ ਤਾਂ ਜੇਲ੍ਹਾਂ ਦਿਆਂ ਕੋਟਾਂ ਉਤੇ ਡਿੱਗਿਆ, ਗੁਰੀਲਿਆਂ ਦਾ ਇਕ ਬੰਬ ਹੈਂ।
ਤੂੰ ਤਾਂ ਵੇਖ ਕੇ ਝਨਾਵਾਂ ’ਚ ਤੂਫ਼ਾਨ ਵੀ, ਜਿਗਰਾ ਹੈ ਪਾਰ ਜਾਣ ਦਾ।

ਤੂੰ ਤਾਂ ਜੂਝਦੇ ਸਿਪਾਹੀਆਂ ਲਈ ਹੈਂ ਆਸਰਾ, ਪ੍ਰੇਮਿਕਾ ਦੇ ਖ਼ਤ ਵਰਗਾ।
ਤੂੰ ਤਾਂ ਭੁੱਖਿਆਂ ਢਿੱਡਾਂ ਦੇ ਲਈ ਦਾਨੀਆਂ, ਰੋਟੀ ਜਿਹੀ ਮਿੱਠੀ ਚੀਜ਼ ਹੈਂ।

ਤੂੰ ਤਾਂ ਖਾਣਾਂ ਵਿਚ ਘਿਰੇ ਮਜ਼ਦੂਰ ਲਈ, ਆਸ ਹੈਂ ਜਿਊਂਦੇ ਰਹਿਣ ਦੀ।
ਲੱਖਾਂ ਜ਼ਾਲਮਾਂ ’ਤੇ ਹੋਣੀਆਂ ਖਿਲਾਰਦਾ, ਉਹ ਜੇਰਾ ਹੈਂ ਤੂੰ ਕੱਲੇ ਸਿੰਘ ਦਾ।

ਜਿਥੇ ਬਹੁਤਾ ਮੋਹ ਹੈ ਸਾਹਾਂ ਨਾਲੋਂ ਸੱਚ ਦਾ, ਉਹ ਸੋਚ ਹੈ ਤੂੰ ਨੇਕ ਹੋਠਾਂ ਦੀ।
ਜਿਸ ਨੂੰ ਸੁਣ ਕੇ ਮਸੰਦਾਂ ਤੰਬੂ ਪੁੱਟ ਲੈ,ਤੂੰ ‘ਹੋਂਦ’ ਉਹ ਹੈ ‘ਬਾਬੇ ਤੇਗ਼ੇ’ ਦੀ।

ਜ਼ੋਰਾਵਰ, ਫਤਿਹ ਸਿੰਘ ਲਈ ਨਿੱਘ ਤੂੰ ਹੈ, ਦਾਦੀ ਦੀ ਬੁੱਕਲ ਵਰਗਾ।
ਤੂੰ ਕਾਮਿਆਂ ਦੀ ਜਿੱਤ ਦਾ ਨਿਸ਼ਾਨ ਹੈ, ਜੋ ਮੱਥੇ ਲਾਇਆ ਚਾਰੇ ਕੂਟਾਂ ਦੇ।
ਜੰਗ ਵੇ! ਜੰਗ ਵੇ!! ਦੁਨੀਆਂ ਦੇ ਕਾਮਿਆਂ ਲਈ, ਤੂੰ ਰੋਟੀ ਜਿੰਨੀ ਮੰਗ ਵੇ।
•

## ਮੇਰਾ ਵਤਨ

ਮੈਨੂੰ ਨਿੰਦ ਲਓ ਨਿੰਦਿਓ ਨਾ ਵਤਨ ਮੇਰਾ,
ਸੋਨ ਚਿੜੀ ਸੀ ਇਹ! ਸੋਨ ਚਿੜੀ ਹੈ ਇਹ।
ਸਾਮਰਾਜ ਦੀ ਖੇਤੀ ਸੀ ਜੋ ਸਦੀਆਂ,
ਸਾਮਰਾਜੀਆਂ ਦੀ ਤਾਹੀਓਂ ਸਿੜ੍ਹੀ ਹੈ ਇਹ।

ਸੂਰਜ ਚੜ੍ਹੇ ਤੋਂ ਸੌਣ ਦੀ ਸੇਜ ਛੱਡ ਕੇ,
ਇਹਦਾ ਕਿਰਤੀਆਂ ਆਂਗਣ ਸਵਾਰ ਦੇਣੈ।
ਇਹਦਾ ਕੀ ਕਸੂਰ ਹੈ ਜੇ ਇਹਨੇ,
ਸਿਰ ਦੇ ਵਾਲਾਂ ਤੋਂ ਬਹੁਤਾ ਉਧਾਰ ਦੇਣੈ।

ਪੂੰਜੀਵਾਦ ਜੇ ਪੈਂਦਾ ਨਾ ਬਾਅਦ ਇਹਦੇ
ਬਾਦਵਾਨਾਂ ਨੂੰ ਲੈਣ ਨਾ ਸਾਹ ਦੇਂਦੀ।
ਮਿਰਜ਼ਾ ਕਾਠੀ 'ਤੇ ਨੀਂਦਰਾ ਲਾਹ ਲੈਂਦਾ
ਬੱਕੀ ਚੰਦੜਾਂ ਨੂੰ ਨਾ ਸੀ ਡਾਹ ਦੇਂਦੀ।

ਜੋਬਨ ਫਸਲਾਂ ਦਾ ਲਾਲਾਂ ਦੀ ਪਾਏ ਭਿੱਛਿਆ
ਅਸੀਂ ਜੋਗੀੜੇ ਰਮਜ਼ ਪਛਾਣਦੇ ਨਹੀਂ।
ਪਿੰਡੇ ਪਾਲਦੇ ਪਹਿਆਂ ਦੀ ਪੀਕ ਖਾ ਕੇ
ਅਸੀਂ ਘੱਟਾ ਵਲੈਤਾਂ ਦਾ ਛਾਣਦੇ ਨਹੀਂ।

ਮੇਰੀ ਧਰਤੀ ਦੇ ਲਾਲਾਂ ਦੇ ਸ਼ੇਸ਼ਨਾਗੋ।
ਰੱਜ ਕੇ ਲੀਡਰਾਂ ਨੂੰ ਨਾ ਨੋਟ-ਵੋਟ ਪਾਓ।
ਮੇਰੀ ਯਾਰੀ ਦੀ ਲੱਜ ਹੈ ਤਾਂ ਰਹਿੰਦੀ
ਰੱਜ ਕੇ ਕਾਮਿਓ ਇਨ੍ਹਾਂ ਨੂੰ ਤੋਟ ਪਾਓ।

ਰੋਜ਼ ਜਿੰਨਿਆਂ ਕਾਮਿਆਂ ਨੂੰ ਰੱਖ ਨ੍ਹੇਰੇ,
ਪੂੰਜੀਵਾਦ ਦੀ ਡੈਣ ਡਕਾਰ ਜਾਂਦੀ।
ਲਾਲ ਲੋਅ ਲਈ ਲੋਕ ਜੇ ਲੜਨ ਇੰਨੇ,
ਜਿੱਤ ਹੋਵੇ ਯਕੀਨੀਂ ਨਾ ਹਾਰ ਆਉਂਦੀ।

•



## ਇਕ ਤਾਅਨਾ
**(ਆਜ਼ਾਦੀ ਦੇ ਨਾਂ)**

ਝੁਰੜੇ ਚਿਹਰਿਆਂ 'ਤੇ ਨਿੱਤ ਕਲੀ ਕਰ ਕੇ
ਭੁੱਖ ਢਿੱਡਾਂ ਦੀ ਨਹੀਂ ਲੁਕਾ ਸਕਦੇ।
ਜੇਕਰ ਹੱਕਾਂ ਦੀਆਂ ਲੱਤਾਂ ਕੰਬਦੀਆਂ ਨੇ।
ਭਾਰ ਫ਼ਰਜਾਂ ਦਾ ਕਿਵੇਂ ਢੁਆ ਸਕਦੇ।

ਬਿਨਾਂ ਬਾਲਣੋਂ ਢਿੱਡਾਂ ਦੀ ਭੱਠ ਅੰਦਰ
ਨਹੀਂ ਗਾਡਰ ਅਨੁਸ਼ਾਸਨ ਦੀ ਢਲ ਸਕਦੀ।
ਗੱਡੀ ਦਿੱਲੀ ਦੀ ਪਿੰਡਾਂ ਦੇ ਪਹੇ ਅੰਦਰ,
ਬਿਨਾਂ ਰੋਟੀ ਦੇ ਪਹੀਏ ਨਾ ਚੱਲ ਸਕਦੀ।

ਛੋਟੇ ਕਿਰਤੀ, ਮੁਲਾਜ਼ਮ, ਕਿਸਾਨ ਤਾਈਂ,
ਹੱਥ ਪਾੜਦੇ ਨੇ ਬੰਦੇ ਕੌਂਬਿਆਂ ਦੇ।
ਜਿਵੇਂ ਬਿਨਾਂ ਸਿਫਾਰਸ਼ੋਂ ਕੋਈ ਅਰਜ਼ੀ
ਰੱਦੀ ਕਾਗ਼ਜ਼ ਜਿਉਂ ਵੋਟਾਂ ਦੇ ਡੱਬਿਆਂ ਦੇ।

ਹਾਏ ਨੀ! ਹੀਰ ਆਜ਼ਾਦੀਏ ਬਹਿਲ, ਰੰਨੇ,
ਸਾਨੂੰ ਖੰਧੇ ਚਰਾਇਆਂ ਦਾ ਕੀ ਫ਼ਾਇਦਾ।
ਜੇ ਤੂੰ ਖੇੜੇ ਸਰਦਾਰ ਦੀ ਸੇਜ ਸੌਣਾ
ਸਾਨੂੰ ਕੰਨ ਪੜਵਾਇਆਂ ਦਾ ਕੀ ਫ਼ਾਇਦਾ।

•

## ਗੀਤ
## (ਕੀ ਉਹ ਸਾਨੂੰ ਯਾਦ ਰਹਿਣਗੇ)
**ਸ਼ਹੀਦ ਸਾਥੀਆਂ ਦੇ ਨਾਂ**

ਕੀ ਉਹ ਅਸਾਨੂੰ ਯਾਦ ਰਹਿਣਗੇ?
ਕੀ ਉਹ ਅਸਾਨੂੰ ਯਾਦ ਰਹਿਣਗੇ?
ਭੁੱਲ ਗਏ ਅਸੀਂ ਤਾਂ, ਸਾਨੂੰ ਕੀ ਉਹ ਕਹਿਣਗੇ!

ਸਿਰ ਪਰਨੇ ਸਿਵਿਆਂ ਦੇ ਰਾਹ 'ਤੇ,
ਜਾਣਦਿਆਂ ਵੀ ਜੋ ਸੀ ਤੁਰਗੇ,
ਅੱਜ ਤਕ ਨਾ ਜੋ ਸੀ ਪਰਤੇ
ਕੀ ਉਹ ਅਸਾਨੂੰ ਯਾਦ ਰਹਿਣਗੇ?

ਉਹ ਜੋ ਜਿਨ੍ਹਾਂ ਨੇ ਸਭ ਦੇ ਵੰਡੇ ਦੀ,
ਪੀ ਲਈ ਵਿਹੁ ਪਰ ਸੀ ਨਾ ਉਚਰੀ
ਨਾਲ ਲਹੂ ਦੇ ਮੁਕਤੀ ਉੱਕਰੀ
ਕੀ ਉਹ ਅਸਾਨੂੰ ਯਾਦ ਰਹਿਣਗੇ?

ਜਦ ਸਾਨੂੰ ਕੋਈ ਛਿੱਕ ਆਵੇਗੀ
ਹਿਚਕੀ ਡਾਢਾ ਤੜਫਾਏਗੀ
ਫ਼ਰਕ ਫ਼ਰਕ ਅੱਖ ਥੱਕ ਜਾਵੇਗੀ।
ਕੀ ਉਹ ਅਸਾਨੂੰ ਯਾਦ ਰਹਿਣਗੇ?

ਕਰਨ ਲਈ ਕੁਝ ਅੱਖੀਆਂ ਠੰਢੀਆਂ
ਜਦ ਆਪਾਂ ਪਾਵਾਂਗੇ ਵੰਡੀਆਂ
ਰੰਗ ਰੰਗ ਕੇ ਬਦਰੰਗੀਆਂ ਝੰਡੀਆਂ
ਕੀ ਉਹ ਅਸਾਨੂੰ ਯਾਦ ਰਹਿਣਗੇ?



ਜਦ ਜਗੀਰਦਾਰਾਂ ਦੇ ਕਾਕੇ
ਪਾੜਨਗੇ ਇੱਜ਼ਤਾਂ ਦੇ ਖ਼ਾਕੇ
ਕੀ ਉਹੀਓ ਰੋਕਣਗੇ ਆ ਕੇ?
ਕੀ ਉਹ ਅਸਾਨੂੰ ਯਾਦ ਰਹਿਣਗੇ?

ਮੋਇਆਂ ਦੇ ਅੱਧਮੋਏ ਮਾਪੇ
ਪੁੱਛਣਗੇ ਜਦ ਕੋਲ ਬਹਾ ਕੇ
'ਪੁੱਤ! ਮੇਰੇ ਤੂੰ ਪੁੱਤ ਜਿਹਾ ਜਾਪੇਂ'
ਕੀ ਉਹ ਅਸਾਨੂੰ ਯਾਦ ਰਹਿਣਗੇ?
ਭੁੱਲ ਗਏ ਅਸੀਂ ਤਾਂ, ਸਾਨੂੰ ਕੀ ਉਹ ਕਹਿਣਗੇ!
•

## ਬੁਝਾਰਤ

ਇਕ ਜਣੇ ਦੀ ਚੀਜ਼ ਗੁਆਚੀ ਭਲਕੇ ਚੇਤਾ ਆਵੇਗਾ।
ਜਦ ਉਹ ਖਾਲੀ ਖੀਸੇ ਤਾਈਂ ਟੋਹੇਗਾ ਉਲਟਾਵੇਗਾ।

ਉਹ ਕੋਸੇਗਾ ਕਦੇ ਸੀਰੀ ਨੂੰ, ਕਦੇ ਪਾਲੀ ਨੂੰ ਝਾੜੇਗਾ।
ਸਿਹਰਿਆਂ ਨਾਲ ਵਿਆਹੀ ਉਤੇ ਕਦੇ ਲਾਲੀਆਂ ਤਾੜੇਗਾ।
ਜੇਬ ਕਤਰਿਆਂ ਤਾਈਂ ਵੀ ਉਹ ਸੌ ਸੌ ਗਾਲ੍ਹ ਸੁਣਾਏਗਾ।
ਜਦ ਉਹ ਖਾਲੀ ਖੀਸੇ ਤਾਈਂ...

ਫਿਰ ਉਹ ਖੋਹੀ ਚੀਜ਼ ਦਾ ਟੇਵਾ-ਪਾਂਡੇ ਤੋਂ ਲਗਵਾਏਗਾ।
ਸਾੜ੍ਹ-ਸਤੀ ਦਾ ਗੇੜ ਕਹਿ ਪਾਂਡਾ, ਕਰਮ-ਗੇੜ ਪਾਏਗਾ।
ਉਹੀ ਕਰਮ-ਗੇੜ ਫਿਰ ਉਸ ਨੂੰ ਮ੍ਰਿਗ-ਤ੍ਰਿਸ਼ਨਾ ਦਿਖਲਾਵੇਗਾ।
ਜਦ ਉਹ ਖਾਲੀ ਖੀਸੇ ਤਾਈਂ...

ਫਿਰ ਉਹ ਖੋਹੀ ਚੀਜ਼ ਨੂੰ ਭਾਲਣ ਵਿਚ ਪਰਦੇਸਾਂ ਜਾਵੇਗਾ।
ਉਥੋਂ ਵੀ ਉਹ ਲੈ ਕੁਝ ਸੰਸੇ, ਸੱਖਣੀ ਰੂਹ ਮੁੜ ਆਵੇਗਾ।
ਕਰਜ਼ ਦਾ ਕੋੜਾ ਉਸ ਦੇ ਮਨ 'ਤੇ ਜਦ ਲਾਸਾਂ ਉਭਰਾਵੇਗਾ।
ਤਦ ਲਾਸਾਂ ਦੀ ਚੀਸ 'ਚ ਉਸ ਨੂੰ ਚੋਰ ਦਾ ਚੇਤਾ ਆਵੇਗਾ।
ਜਦ ਉਹ ਖ਼ਾਲੀ ਖੀਸੇ ਤਾਈਂ ਟੋਹੇਗਾ ਉਲਟਾਵੇਗਾ।
•



## ਸਾਥੀ ਮਾਓ ਦੇ ਨਾਂ

ਜੀਓ ਸਾਥੀਆ ਚਾਨਣੀ ਲਾ
ਸਾਡੇ ਪਿੰਡੀਂ ਸੂ ਗਿਆ ਹਨੇਰ
ਸਾਡੀ ਚੰਨ ਚਾਨਣੀ ਦੇ ਅੜੀਓ ਰਹਿਣ ਮੂਹਰੇ
ਰਾਤਾਂ ਕਿੱਥੇ ਏਨੀਆਂ ਦਲੇਰ।

ਸਾਡੀਆਂ ਸੱਥਾਂ ਦੇ ਵਿਚ ਬੈਠਦੀ ਹੈ ਚਾਨਣੀ ਜੋ,
ਕੰਮੀਆਂ ਤੋਂ ਸੂਗਿਆ ਕਰੇ,
ਨੀਚਾਂ ਵਿਚੋਂ ਨੀਚ ਅਖਵਾਉਣ ਵਾਲੇ ਨੂੰ ਉਹ ਭਾਵੇਂ,
ਮੂਹਰੇ ਹੋ ਹੋ ਪੂਜਿਆ ਕਰੇ
ਸਾਡਾ ਵੇ ਸ਼ਰੀਕਾ ਸਾਨੂੰ ਕੱਢੇ ਗੋਦ ਸੱਚ ਦੀ 'ਚੋਂ
ਮਾਵਾਂ ਜਿਵੇਂ ਹੁੰਦੀਆਂ ਮਤੇਰ,
ਸਾਡੇ ਪਿੰਡੀਂ ਸੂ ਗਿਆ ਹਨੇਰ।

ਰੀਝਾਂ ਦੇ ਕਰੋਸ਼ੀਏ ਨੇ
ਬੈਠ ਕੇ ਬਾਰੂਦ ਛਾਵੇਂ ਸੱਚ ਦਾ ਏ ਉਣਿਆ ਰੁਮਾਲ,
ਜੀਹਦਾ ਵੇ ਨਮੂਨਾ ਵੇਖ ਫੱਤੋ ਸਰਪੰਚਣੀ ਦੇ
ਵੱਜ ਗਈ ਸੀਨੇ 'ਚ ਦੁਨਾਲ।
ਚੱਤੋ ਪਹਿਰ ਸਾਡੀਆਂ ਕਮਾਈਆਂ ਨੂੰ ਜੋ ਡੰਗ ਮਾਰੇ
ਬਣੀ ਕਿਵੇਂ ਸਾਡੀ ਉਹ ਸਹੇੜ?
ਸਾਡੇ ਪਿੰਡੀਂ ਸੂ ਗਿਆ ਹਨੇਰ।
•

## ਸੂਰਜ ਕਦੇ ਮਰਿਆ ਨਹੀਂ

ਕਾਲਖ਼ ਦੇ ਵਣਜਾਰਿਓ, ਚਾਨਣ ਕਦੇ ਹਰਿਆ ਨਹੀਂ।
ਓ ਕਿਰਨਾਂ ਦੇ ਕਾਤਲੋ, ਸੂਰਜ ਕਦੇ ਮਰਿਆ ਨਹੀਂ।

ਵਿਛੜੀਆਂ ਕੁਝ ਮਜਲਸਾਂ ਤੇ ਉਠ ਗਏ ਕੁਝ ਗਾਉਣ ਹੋ,
ਪਰ ਸਮਾਂ ਹੈ ਸਮਝਦਾ, ਸੱਦ ਸਮੇਂ ਦੀ ਲਾਉਣ ਹੋ,
ਵਿਚ ਝਨਾਂ ਦੇ ਰੂਪ ਖਰਿਆ, ਇਸ਼ਕ ਤਾਂ ਖਰਿਆ ਨਹੀਂ,
ਸੂਰਜ ਕਦੇ ਮਰਿਆ ਨਹੀਂ...

ਰਾਤ ਨੇ ਭਾਵੇਂ ਕਸਾਈਆਂ ਦੀ ਕਰੀ ਹੈ ਰੀਸ ਹੋ,
ਉਹ ਕੀ ਜਾਣੇ ਤਲੀਆਂ 'ਤੇ ਵੀ ਉੱਗ ਖਲੋਂਦੇ ਸੀਸ ਹੋ,
ਵਰਮੀਆਂ 'ਤੇ ਵਾਸ ਜਿਸ ਦਾ ਨਾਗ ਤੋਂ ਡਰਿਆ ਨਹੀਂ,
ਚਾਨਣ ਕਦੇ ਮਰਿਆ ਨਹੀਂ...

ਝਾਂਬਿਆਂ ਦੇ ਨਾਲ ਬੇਸ਼ੱਕ ਝੜ ਗਏ ਕੁਝ ਗੀਤ ਹੋ,
ਸੰਗ ਸਿਰਾਂ ਦੇ ਸਿਦਕ ਦੀ ਪਰ ਓੜਕ ਨਿਬਹੀ ਪ੍ਰੀਤ ਹੋ,
ਰਾਤ ਚੰਨ ਦੀ ਮੌਤ ਜਰ ਜੇ, ਸੂਰਜ ਤਾਂ ਜਰਿਆ ਨਹੀਂ
ਸੂਰਜ ਕਦੇ ਮਰਿਆ ਨਹੀਂ...

•



## ਜੋਗੀ ਉਤਰ ਪਹਾੜੋਂ ਆਏ

ਕਿਰਨਾਂ ਕੋਲੋਂ ਕੰਨ ਪੜਵਾ ਕੇ, ਬਰਫ਼ਾਂ ਜਿਉਂ ਢਲ ਆਏ।
ਜੋਗੀ ਉਤਰ ਪਹਾੜੋਂ ਆਏ...

ਟਿਕ ਬੈਠੇ ਨਾ ਵਾਂਗ ਸਮੁੰਦਰ, ਉਡ ਗਏ ਅੰਬਰਾਂ ਤਾਈਂ,
ਜਿਸ ਥਾਂ ਦੇਖੀ ਜੂਨ ਤਰਾਸੀ ਹੋ ਗਏ ਪਾਣੀ ਪਾਣੀ,
ਕੁਝ ਮੜ੍ਹੀਆਂ ਦੇ ਬਣ ਗਏ ਨਗ਼ਮੇ, ਕੁਝ ਰਾਹ ਲੰਮੜੇ ਨੂੰ ਧਾਏ
ਜੋਗੀ ਉਤਰ ਪਹਾੜੋਂ ਆਏ...

ਜੋਗਣ ਨੂੰ ਵੀ ਲਾ ਦੇਂਦੇ ਨੇ, ਮੁੜ ਆਵਣ ਦਾ ਲਾਰਾ
ਸੁਰਖ਼ ਅਲਢੀਆਂ ਵਿਚ ਵੀ ਝਾਕੇ, ਸੁਰਖ਼ ਯੁੱਗਾਂ ਦਾ ਨਾਅਰਾ
ਛੱਲੀਆਂ ਚੂੰਡ ਰਹੇ ਗਿੱਦੜਾਂ ਨੂੰ 'ਮੁਸ਼ਕ' ਇਨ੍ਹਾਂ ਦਾ ਖਾਏ
ਜੋਗੀ ਉਤਰ ਪਹਾੜੋਂ ਆਏ...

ਇਹ ਗਲੀਆਂ ਦਾ ਸਾਂਗ ਨਾ ਬਣਦੇ, ਕਰਨ ਨਾ ਟੁੱਕੜ-ਗਦਾਈਆਂ
ਬੋੜੇ ਠੂਠਿਆਂ ਵਿਚ ਮਣਸਾਉਂਦੇ ਜੇ ਧੀ-ਪੁੱਤ ਮਣਸਣ ਮਾਈਆਂ
ਧਰਤੀ ਦੇ ਦਰਦਾਂ ਦੀ ਵਹਿੰਗੀ, ਕੌਲਿਆਂ ਕੌਣ ਉਠਾਏ
ਜੋਗੀ ਉਤਰ ਪਹਾੜੋਂ ਆਏ...

ਬੀਨ ਵਜਾਉਂਦੇ ਰਮਜ਼ਾਂ ਕਰਦੇ, ਕਸ ਕਸ ਮਾਰਨ ਤਰਜ਼ਾਂ
ਇਨ੍ਹਾਂ ਮਗਰ ਵਹੀਰਾਂ ਲੱਗੀਆਂ, ਛੱਡ ਦਰ ਘਰ ਦੀਆਂ ਗ਼ਰਜ਼ਾਂ
ਝਈਆਂ ਲੈ ਲੈ ਪੈਣ ਕੁਤੀਹੜਾਂ, ਵਾਹ ਪਰ ਕਿਸ ਦੀ ਜਾਏ
ਜੋਗੀ ਉਤਰ ਪਹਾੜੋਂ ਆਏ...

ਜੱਗ ਦੀਆਂ ਜ਼ਹਿਰਾਂ ਚੂਸਣ ਸੰਦੜਾ, ਹੈ ਇਨ੍ਹਾਂ ਦਾ ਜੇਰਾ
ਖ਼ਬਰੇ ਤਾਹੀਓਂ ਹੀ ਕਰਦੇ ਨੇ ਨਿੱਤ ਵਰਮੀ 'ਤੇ ਡੇਰਾ
ਜ਼ਹਿਰ ਘੋਲ ਰਹੇ ਨਾਗਾਂ ਨੂੰ ਧੂਹ ਲੋਕਾਂ ਵਿਚ ਲਿਆਏ
ਜੋਗੀ ਉਤਰ ਪਹਾੜੋਂ ਆਏ...

•

## ਵੇਦਨਾ

ਲੋਕੋ ਵੇ! ਅਸੀਂ ਆਪ-ਮੁਹਾਰੇ ਹੋਏ।
ਹਾਂ ਤਾਹੀਓਂ ਅਸੀਂ ਊਣੇ ਊਣੇ ਜਗਤ ਤਮਾਸ਼ਾ ਹੋਏ।

ਪਿੰਡਿਆਂ ਦੇ ਵਿਚ ਬੜੀ ਗ਼ਰੀਬੀ ਹੈ, ਏਦਾਂ ਸੰਨ੍ਹ ਲਾ ਕੇ,
ਜਿਉਂ ਮੱਖਣੀ ਦੇ ਪੇੜੇ ਵਿਚ ਕਉਆ ਚੁੰਝ ਖਭੋਏ।

ਇਕ ਰੋਟੀ ਦੀ ਘੁੰਮਣਘੇਰੀ ਚੱਕੀ ਦੇ ਪੁੜ ਵਾਂਗੂੰ,
ਪਤਾ ਨਹੀਂ ਘਰ ਘਰ ਅੰਦਰ ਕਦ ਹੱਸੇ, ਕਦ ਰੋਏ।

ਕੱਖ ਖੋਤਦੇ ਵੱਜਿਆ ਖੁਰਪਾ ਤੇ ਖ਼ੂਨ ਵਗੇ ਇਉਂ ਧਾਰੀਂ,
ਜਿਉਂ ਸ਼ਹਿਰਾਂ ਤੋਂ ਡੇਅਰੀ ਵਾਲਾ, ਆ ਕੇ ਮੱਝੀਆਂ ਚੋਏ।

ਇਕ ਹਰਨੀ ਦੇ ਸਿਰ 'ਤੇ ਨੱਚਦਾ, ਜਿਉਂ ਹੈ ਮੌਤ ਅੰਦੇਸ਼ਾ,
ਕਣਕਾਂ ਦੇ ਘਰ ਆਵਣ ਤਾਈਂ, ਇਉਂ ਰਹੀਏ ਅਧਮੋਏ।

ਦਿਲ ਦੀ ਗੱਲ ਦਲਾਲਣ ਦਿੱਲੀ, ਇਉਂ ਕਰਦੀ ਅਣਗੌਲੀ,
ਜਿਉਂ ਕੋਈ 'ਲੱਖ-ਪਤ' ਮਾਂ ਮੂਹਰੇ ਘੱਟ ਤਨਖਾਹੀਆ ਹੋਏ।
•



## ਕਲੀ
**(ਇਕ ਵੋਟਰ ਦੀ ਲਲਕਾਰ)**

ਮੈਂ ਇਕ ਵੋਟਰ ਬੋਲ ਰਿਹਾਂ, ਬਨਾਮ ਤੇਰੇ ਸਰਕਾਰੇ ਨੀ
ਕਾਗ਼ਜ਼ ਦੀ ਕਿਸ਼ਤੀ ਵਿਚ ਸਾਨੂੰ ਬੇਤਰਨੀਂ ਗਏ ਤਾਰੇ ਨੀ
ਵੋਟਾਂ ਵੇਲੇ ਸਿਰ 'ਤੇ ਚੁੱਕਦੀ, ਅਸੀਂ ਪੱਥਰ ਜਿਉਂ ਭਾਰੇ ਨੀ
ਜਿੱਤ ਕੇ ਤੈਨੂੰ ਖ਼ਬਰ ਨਾ ਰਹਿੰਦੀ, ਜੋ ਵਰਤਣ ਵਰਤਾਰੇ ਨੀ
ਜਾਤ-ਪਾਤ ਤਾਂ ਕੀ ਤੋੜੇਂ, ਤੂੰ ਤਾਂ ਤੋੜੇਂ ਭਾਈਚਾਰੇ ਨੀ
ਜੋ ਖੜ੍ਹਦੇ ਸੀ ਦੁੱਖ ਦੇ ਸੁਖ ਦੇ, ਦੁਸ਼ਮਣ ਜਿਉਂ ਖਲਿਹਾਰੇ ਨੀ
ਜੱਟ ਤੇ ਸੀਰੀ ਦੁੱਧ ਤੇ ਪਾਣੀ, ਤੂੰ ਕਾਂਜੀ ਪਾ ਪਾੜੇ ਨੀ
ਤੇਰੀ ਅਜੇ ਪਾਲਿਸੀ ਚੱਲਦੀ, ਬਣੀ ਬੁਝਾਰਤ ਹੈ ਵਲ ਛਲ ਦੀ
ਨੀ ਉਲਝੀ ਤਾਣੀ ਏਂ...

ਸਿੰਘਾਂ ਨੂੰ ਮਰਵਾਉਣ ਲਈ, ਤੂੰ ਟੇਢੇ ਪੰਥ ਚਲਾਉਨੀ ਏਂ
ਨਿੱਤ ਨਵੇਂ ਅਵਤਾਰ ਸਾਜ ਕੇ, ਲੋਕਾਂ ਨੂੰ ਭਰਮਾਉਨੀ ਏਂ
ਅਮਨ, ਸ਼ਾਂਤੀ, ਨਾਅਰੇ ਹੇਠਾਂ, ਨਿੱਤ ਤੂੰ ਖ਼ੂਨ ਕਰਾਉਨੀ ਏਂ
ਤੇਰੇ ਸੱਜੇ ਖੱਬੇ ਰਾਖੇ ਤਾਹੀਓਂ ਨਾ ਘਬਰਾਉਨੀ ਏਂ
ਫੇਰ ਵੀ ਹੁੱਤ ਕਰੇ ਜੇ ਕੋਈ, ਪੈਸੇ ਦੇ ਪਸਮਾਉਨੀ ਏਂ
ਸ਼ੁਗਲ ਤੇਰਾ ਹੈ ਪਾਰਟੀਆਂ ਨੂੰ, ਕੁੱਕੜਾਂ ਵਾਂਗ ਲੜਾਉਨੀ ਏਂ
ਦਿਨੇ ਲੜਾਵੇਂ ਕੱਠੇ ਰਾਤ ਨੂੰ, ਵਿਚ ਕਲੱਬਾਂ ਬਹਾਉਨੀ ਏਂ
ਪਹਿਰੇ ਤੇਰੇ ਪੁਲਸ ਕਾਨੂੰਨ, ਫ਼ੌਜਾਂ ਤੇ ਫ਼ਿਰਕੂ ਜਨੂੰਨ
ਨੀਂ ਸੌਂ ਜਾ ਰਾਣੀਏਂ...

ਜਦ ਕਾਮਿਆਂ ਦੀ ਗੰਦੀ ਬੀਹੀ, ਵਿਚ ਤੂੰ ਚਰਖਾ ਡਾਊਨੀ ਆਂ
ਚਿੱਟਾ ਆਪਣੀ ਪੂਣੀ ਵਰਗਾ, ਖ਼ੂਨ ਅਸਾਡਾ ਚਾਹੁੰਨੀ ਆਂ
ਤੇਰਾ ਤੱਕਲਾ ਸੇਹ ਦਾ ਤੱਕਲਾ, ਬੀਹੀ ਵਿਚ ਗਡਵਾਉਨੀ ਆਂ
ਜੋਸ਼ ਲਹੂ ਦਾ ਟੇਰਨ ਲਈ ਤੂੰ, ਊਰੀ ਖ਼ੂਬ ਘੁਮਾਉਨੀ ਆਂ

ਸਾਡਾ ਘੂਰ ਗਲੋਟੇ ਵਾਂਗੂੰ, ਮਹਿੰਗ ਹੱਥੋਂ ਕਢਵਾਉਨੀ ਆਂ
ਆਪਣੇ ਚਮਚੇ ਵਾਂਗ ਵੜੇਵੇਂ, ਬੇਲਣ ਤੋਂ ਬਚਵਾਉਨੀ ਆਂ
ਆਪਣੇ ਰੂਪ ਦਾ ਲਾਰਾ ਲਾਇਆ, ਨੀ ਤੂੰ ਭਾਈਆਂ ਨੂੰ ਵਢਵਾਇਆ
ਨੀਂ ਖ਼ੂਨ ਕਰਵਾਉਣੀਏਂ...

ਬੜੀ ਰਕਾਨ ਤੂੰ ਸਿਫ਼ਤਾਂ ਕਰਦੀ, ਕੁੱਲੀਆਂ ਵਿਚ ਲੁਕਾਈ ਨੀ
ਤੇਰੇ ਖੱਦਰ ਦੀ ਚਾਦਰ ਨੇ, ਹੈ ਬਗਲੀ ਸਿਲਵਾਈ ਨੀ
ਤੇਰੇ ਲੀਡਰ ਕ੍ਰਿਸ਼ਨਾ ਵਾਂਗੂੰ, ਹੈ ਗੋਲਕ ਬਣਵਾਈ ਨੀ
ਦਿੱਲੀ ਭੁੱਲੀ ਚੌਕ ਚਾਂਦਨੀ, ਘੂਕ ਜਾ ਚਰਖੇ ਪਾਈ ਨੀ
ਘੁੱਗ ਵਸਦੀ ਬੀਹੀ ਵਿਚ ਬਹਿ ਕੇ, ਤੂੰ ਕੇਹੀ ਅੱਗ ਲਾਈ ਨੀ
ਅੱਵਲ ਤਾਂ ਤੂੰ ਸੁਣ ਲੈ, ਚਰਖਾ ਬੀਹੀ ਵਿਚ ਨਾ ਡਾਹੀਂ ਨੀ
ਜੇ ਤੂੰ ਡਾਹੁਣੋਂ ਹੀ ਨੀ ਹਟਣਾ, ਤਾਂ ਕੁਝ ਬਣ ਕੇ ਡਾਹੀਂ ਨੀ
ਨੀ ਜੀਣਾ ਜਾਣੀਏਂ...

ਜਿਸ 'ਲਾਕੇ ਦੀਆਂ ਸੜਕਾਂ ਪਾਉਂਦੀਆਂ, ਸੁਰਖ਼ ਲਹੂ ਦਾ ਬਾਣਾ ਹੈ
ਜਿਥੇ ਜ਼ਖ਼ਮੀ ਸੱਚ ਵਰਗਾ, ਬਿਜਲੀ ਨੇ ਤਣਿਆ ਤਾਣਾ ਹੈ
ਚੱਲਣਾ ਤੀਰੋ ਕਾਂ ਵਾਂਗੂੰ, ਜਿਥੇ ਹੱਸਣਾ ਤੇ ਰੱਜ ਖਾਣਾ ਹੈ
ਜਿਥੇ ਇਕ-ਇਕ ਛਿੱਟੜੇ ਦੇ ਸਿਰ, ਸੌ ਸੌ ਵਗਣਾ ਭਾਣਾ ਹੈ
ਜਿਸ 'ਲਾਕੇ ਦਾ ਚਿੱਟਿਆਂ ਬੱਦਲਾਂ, ਪੀ ਮੁੜ੍ਹਕਾ ਰੱਜ ਜਾਣਾ ਹੈ
ਜਿਥੇ ਕਾਲਿਆਂ ਬੱਦਲਾਂ ਨੇ ਵੀ, ਬਿਨ ਵਰ੍ਹਿਆਂ ਤੁਰ ਜਾਣਾ ਹੈ
ਉਹ 'ਲਾਕਾ ਹੈ ਮਿੱਤਰਾਂ ਦਾ, ਜਿਥੇ ਪਿੰਡ ਪਿੰਡ ਲੱਗਦਾ ਠਾਣਾ ਹੈ
ਗੂਠੇ ਲਾ ਕੇ ਹੱਥ ਵਢਵਾਏ, ਲੋਟੂ ਹੋ ਗਏ ਦੂਣ ਸਵਾਏ
ਨੀ ਖ਼ਲਕਤ ਨਿਆਣੀਏਂ...



ਦਿੱਲੀਏ ਨੀ ਤੇਰਾ ਦਿਲ ਟੁੱਟ ਜਾਵੇ, ਜਿਉਂ ਪੱਥਰ ਤੋਂ ਸ਼ੀਸ਼ਾ ਨੀ
ਚਿੜੀ ਜਨੌਰ ਪਿੰਡਾਂ ਨੂੰ ਸਮਝੇਂ, ਆਪ ਬਣੇ ਮੋਨਾਲੀਜ਼ਾ ਨੀ
ਦਿੱਖ ਹੈ ਤੇਰੀ ਲੱਖ ਲੱਖ ਦੀ, ਪਰ ਲੋਕ ਨੇ ਬੀਸਾ-ਤੀਸਾ ਨੀ
ਜਿੰਨੀਆਂ ਰੋਲੀਆਂ ਸਾਡੀਆਂ ਜੇਬਾਂ, ਤੇਰਾ ਭਾਰੀ ਖੀਸਾ ਨੀ
ਤੈਨੂੰ ਸਕਿਆਂ ਪੁੱਤਰਾਂ ਵਰਗੇ, ਸੱਤ ਇਕਵੰਜਾ ਮੀਸਾ ਨੀ
ਅਸੀਂ ਲੱਖਾਂ ਪੰਧ ਮੁਕਾਏ, ਖ਼ੂਨ ਵਹਾਏ, ਪਰ ਤੂੰ ਨਾ ਮੁੱਕੀ
ਨੀ ਹਾਏ ਵੰਡ ਕਾਣੀਏਂ...

ਕਿੱਕਰਾਂ ਨੂੰ ਫੁੱਲ ਲੱਗੇ ਕੇਸਰੀ, ਕਿਰਤਾਂ ਨੂੰ ਫਲ ਨਾ ਲੱਗਿਆ
ਸੱਸੀ ਦਾ ਅਸੀਂ ਸੇਕ ਸੀ ਭਾਵੇਂ ਪਰ ਹੋਤਾਂ ਨੂੰ ਨਾ ਲੱਗਿਆ
ਉਸ ਪੁੰਨਿਆ ਦਾ ਚੰਨ ਨਹੀਂ ਸੀ, ਜੋ ਮੱਸਿਆ ਨੇ ਨਾ ਕੱਜਿਆ
ਆਪਾਂ ਲੋਕ ਖਾ ਗਏ ਟਪਲਾ, ਕਰ ਗਈ ਘਪਲਾ
ਸਮੇਂ ਦੀਏ ਰਾਣੀਏਂ...

•

## ਪਰਵਾਸੀ ਨੂੰ

ਮੇਰਾ ਦਾਅਵਾ ਹੈ ਹਮਵਤਨੋਂ ਧਰਤ ਅਸਾਡੀ ਜੇਹੀ।
ਸੱਤ ਦੀਪਾਂ ਦੇ ਵਿਚ ਨਾ ਕੋਈ, ਧਰਤ ਅਮੀਰ ਅਜੇਹੀ।

ਵਤਨੋਂ ਦੂਰ ਵਸੇ ਹਮਵਤਨੀਂ, ਪਰਵਾਸੀ ਜਿਉਂ ਕੂੰਜਾਂ।
ਪਰਵਾਸਾਂ ਵਿਚ ਪਰਦੇਸੀ ਜਿਉਂ ਸਹਿੰਦੇ ਸੌ ਸੌ ਊਜਾਂ।

ਬਦਲੇ ਮੌਸਮ ਵਾਂਗ ਬਦਲ ਕੇ, ਹਨ ਵਤਨਾਂ ਨੂੰ ਮੁੜਦੇ।
ਮੁੜ ਕੇ ਉਹ ਵਤਨਾਂ ਨੂੰ ਕੋਸਣ, ਜਾਂ ਕਿਸਮਤ 'ਤੇ ਕੁੜ੍ਹਦੇ।

ਹੀਰੇ! ਭਿੱਛਿਆ ਪਾਏ ਜਿਥੋਂ ਦਾ, ਹੁਸਨ ਫਕੀਰਾਂ ਤਾਈਂ।
ਇਹ ਹੀ ਸੋਂਹਦਾ ਇਹਦੀ ਥਾਂ 'ਤੇ, ਪਰਵਾਸੀ ਹਰ ਥਾਈਂ।

ਮਲ ਲਓ ਪਿੰਡੇ! ਇਹਦੀ ਮਿੱਟੀ, ਪੰਜ ਪੀਰਾਂ ਦੀ ਸ਼ਕਤੀ।
ਚਾਕਾਂ ਤੇ ਮੰਗੂਆਂ ਵਿਚ ਇਸ ਦੇ, ਹੈ ਬੇਲੇ ਦੀ ਮਸਤੀ।

ਜਿਨ ਪਰਦੇਸਾਂ ਵਤਨਾਂ ਦੀ ਹੈ, ਚੋਰੀ ਕੀਤੀ ਚੂਰੀ।
ਉਸ ਥਾਂ ਵਸੇ ਵਤਨ ਤੋਂ ਪਾ ਕੇ, ਸੌ ਕੋਹਾਂ ਦੀ ਦੂਰੀ।

ਕੰਨ ਲਾ ਕੇ ਤੁਸੀਂ ਸੁਣ ਲੋ ਜੋ ਵੀ, ਕਹੇ ਵਤਨ ਦੀ ਧਰਤੀ।
ਵਤਨੀਂ ਕੋਇਲ ਕਾਵਾਂ ਜੋ ਛਲ ਲੀ, ਮੁੜ ਬਾਗ਼ੀਂ ਨਾ ਪਰਤੀ।

ਬੱਚੇ ਵਿਹੜਿਆਂ ਦੀ ਰੌਣਕ ਤੋਂ ਟੁੱਟਗੇ, ਹਨ ਜਿਉਂ ਚੂੰਏਂ।
ਤੂੰ ਇਨ੍ਹਾਂ ਨੂੰ ਲੋਰੀ ਵੀ ਨਾ, ਮਾਂ ਬੋਲੀ ਵਿਚ ਕੂੰਏਂ।



ਜਿਨ ਬੱਚਿਆਂ ਨੂੰ ਵਿਚ ਜਣੇਪੇ, ਬੋਚ ਲਿਆ ਜ਼ਰਦਾਰਾਂ।
ਉਹ ਕੀ ਜਾਣਨ ਚਿਣੇ ਵੀ ਜਾਂਦੇ, ਬੱਚੇ ਵਿਚ ਦੀਵਾਰਾਂ।

ਜੇ ਆਖੇ ਅਸੀਂ ਗਜ਼ਨੀ ਕੋਲੋਂ, ਵਤਨ ਦਾ ਹੁਸਨ ਛੁਡਾਇਆ।
ਬੱਚਿਆਂ ਕੋਲੋਂ 'ਸ਼ੱਟ-ਅੱਪ ਡੈਡੀ ਨਾਨਸੈਂਸ' ਅਖਵਾਇਆ।

ਕਿਵੇਂ ਸਿਆਣ ਕਰਨਗੇ ਪੋਤੇ, ਆ ਦਾਦੀ ਦੀ ਜੂਹ ਦੀ।
ਦਾਦੀ ਦੇ ਝੁਰੜਾਏ ਚਿਹਰੇ, ਤੇ ਵਿਆਕੁਲ ਜੇਹੀ ਰੂਹ ਦੀ।

ਕੀ ਹੋਇਆ ਕੁਝ ਲੀਡਰ ਲੋਕੀਂ, ਖਾਣ ਸ਼ੇਰਾਂ ਦੀਆਂ ਮਾਰਾਂ।
ਪਰ ਬਾਜ਼ਾਂ ਨੂੰ ਭਾਜੜ ਪਾਉਣੀ, ਚਿੜੀਆਂ ਅਤੇ ਗੁਟਾਰਾਂ।

ਧਰਤੀ ਬਾਂਝ ਨਹੀਂ ਹੈ ਆਪਣੀ, ਬਾਝਾਂ ਨੇ ਸਰਕਾਰਾਂ।
ਜਾਂ ਉਹ ਬਾਂਝ ਲੋਕ ਜੋ ਪਾਉਂਦੇ, ਕਿਸਮਤ ਨੂੰ ਫਿਟਕਾਰਾਂ।

•

## ਸ਼ਿਕਵਾ

**(ਭਗਤ ਸਿੰਘ ਦੀ ਮਾਂ ਦੇ ਰਾਜ-ਮਾਤਾ ਬਣਨ ਦੇ ਨਾਂ)**

ਖ਼ਬਰ ਪੜ੍ਹੀ ਕਿ ਇਕ ਸ਼ਹੀਦ ਦੀ ਮਾਂ,
ਦੇਸ਼ ਭਗਤੀ ਦੀ ਪੈਨਸ਼ਨ ਹੈ ਪਾਉਣ ਲੱਗੀ।
ਪੁੱਤਰ ਸਮਝ ਕਿ ਕਾਲੇ ਉਡਵਾਇਰ ਤਾਈਂ,
ਨਾਲ ਉਸ ਦੇ ਫੋਟੋ ਖਿਚਵਾਉਣ ਲੱਗੀ।

ਲੋਕ ਦਰਦੀ ਤੋਂ ਅੱਖ ਨਾ ਗਈ ਵਰਜੀ,
ਉਹਦੇ ਚਰਨਾਂ 'ਤੇ ਹੰਝੂ ਬਹਾਉਣ ਲੱਗੀ।
ਪੰਝੀ ਸਾਲਾਂ ਦਾ ਡੱਕ ਕੇ ਰੱਖਿਆ ਸੀ,
ਸੀਨਾ ਪਾੜ ਕੇ ਉਹਨੂੰ ਦਿਖਾਉਣ ਲੱਗੀ।

ਸਾਨੂੰ ਤੇਰੇ ਬੁਢਾਪੇ ਦੀ ਸੌਂਹ ਮਾਤਾ,
ਮੋਮੋਠਗਣੀ ਹੈ ਇਕ ਤੈਨੂੰ ਛਲਣ ਲੱਗੀ।
'ਸੁਖਣਾ ਝੀਲ' ਦੀ ਮਾਤਾ ਤਾਂ ਹੋ ਸਕਦੀ,
ਪਰ ਤੂੰ 'ਸਤਲੁਜ' ਦੀ ਮਾਤਾ ਨੀ ਬਣਨ ਲੱਗੀ।

ਬਾਹਰ ਵੱਲ ਤਾਂ ਝਾਕ ਤੂੰ ਕਾਰ ਵਿਚੋਂ,
ਭਾਗਾਂ ਵਾਲੇ ਦੇ ਖੁੱਲ੍ਹੇ ਨੇ ਕੇਸ ਕਿੱਦਾਂ।
ਧਨਵਾਨਾਂ ਦੀਆਂ ਜੂਠੀਆਂ ਪੱਤਲਾਂ 'ਤੇ,
ਪਲ ਰਹੀ ਏ ਬਾਲ-ਵਰੇਸ ਕਿੱਦਾਂ।

ਤੈਨੂੰ ਸੱਜਰੀ ਪੈਨਸ਼ਨ ਦੀ ਸੌਂਹ ਮਾਤਾ,
ਹੁਣ ਵੀ ਜਾਗਦਾ ਪੁੱਤ ਦਾ ਮੋਹ ਕਿ ਨਹੀਂ।
ਜਦੋਂ ਹਰੀ ਕੇ ਪੱਤਣੋਂ ਲੰਘਦੀ ਏਂ,
ਤੇਰੇ ਪੈਂਦੀ ਕਲੇਜੜੇ ਖੋਹ ਕਿ ਨਹੀਂ।



ਐਨਾ ਚੌੜਾ ਏ ਨੋਟਾਂ ਦਾ ਘੇਰ ਮਾਤਾ,
ਤੇਰਾ ਜ਼ੇਰਾ ਵੀ ਏਸ ਦੇ ਕੈਦ ਹੋਇਆ।
ਚਿੱਟੇ ਦੁੱਧ ਬੁਢਾਪੇ ਦੇ ਵਾਂਗ ਜਾਂ ਫਿਰ,
ਸੁਰਖ਼ ਲਹੂ ਵੀ ਤੇਰਾ ਸਫ਼ੈਦ ਹੋਇਆ।

ਧਨੀ ਲੋਕ ਤਾਂ ਬੁੱਤਾਂ ਨੂੰ ਪੂਜਦੇ ਨੇ,
ਪਰ ਸੋਚ ਕਰੇਗਾ ਕੌਣ ਆਬਾਦ ਓਹਦੀ।
ਤੇਰਾ ਕੋੜਮਾ ਭੁੱਲੇ ਤਾਂ ਪਿਆ ਭੁੱਲੇ,
ਪਰ ਉਹਦੇ ਲੋਕ ਨਾ ਭੁੱਲਣਗੇ ਯਾਦ ਓਹਦੀ।

ਓਹ ਕੋਈ 'ਅਮਰੋ' ਤਾਂ ਨਹੀਂ ਜੋ ਵਿਚ ਮੋਗੇ,
ਰੋਂਦੀ ਵੀਰਾਂ ਦੇ ਡੂੰਘੇ ਦਰੇਗ ਅੰਦਰ
ਮਾਵਾਂ ਕਿੰਨੀਆਂ ਠੰਢਿਆਂ ਚੁੱਲ੍ਹਿਆਂ 'ਤੇ,
ਉਬਲ ਰਹੀਆਂ ਨੇ ਭੁੱਖਾਂ ਦੀ ਦੇਗ਼ ਅੰਦਰ।

ਤੇਰੀ ਕਾਰ ਨੂੰ ਅਸਾਂ ਨਾ ਕਰਨ ਦੇਣਾ,
ਪਿੰਡੀਂ ਪਬਲਿਕ ਰਿਲੇਸ਼ਨ ਦਾ ਕੰਮ ਮਾਏ।
ਤੇਰੇ ਖੜਕਦੇ ਨੋਟਾਂ ਦੇ ਖੜਾਕ ਅੰਦਰ,
ਲਹਿਣ ਦੇਣਾ ਨੀ ਲੋਕਾਂ ਦਾ ਚੰਮ ਮਾਏ।

ਠੰਢਾ ਕਰਨ ਲਈ ਜੋਸ਼ ਗੱਭਰੇਟਿਆਂ ਦਾ,
ਤੈਨੂੰ ਪੁੱਤ ਦੀ ਕੀਮਤ ਨਾ ਲੈਣ ਦੇਣੀ।
ਪਹਿਰਾਂ ਦਿਆਂਗੇ ਉਹਦੀ ਸਮਾਧ ਉਤੇ,
ਤੇਰੀ ਕਾਰ ਦੀ ਧੂੜ ਨਾ ਪੈਣ ਦੇਣੀ।

ਗਿੱਲੇ ਚੰਦਨ ਦੇ ਵਾਂਗਰਾਂ ਰਹੇ ਧੁੱਖਦੇ,
ਅੱਜ ਉਠੇ ਹਾਂ, ਉਠੇ ਹਾਂ ਲਾਟ ਬਣ ਕੇ।
ਬੇਗੀ ਕੁੱਟਣੀ ਕਿਰਤ ਲੁਟੇਰਿਆਂ ਦੀ,
ਲੱਗ ਜਾਵਾਂਗੇ ਦੂੱਕੀ ਦੀ ਕਾਟ ਬਣ ਕੇ।

ਅਜੇ ਕੀ ਹੈ ਸਾਡਾ ਪੰਖੇਰੂਆਂ ਦਾ,
ਅਸੀਂ ਦੱਸਾਂਗੇ ਜਦੋਂ ਵੀ ਟਹਿਲਰਾਂਗੇ।
ਅਸੀਂ ਗੱਭਰੂ ਤੂਤ ਦੀ ਛਿੱਟੀ ਵਰਗੇ,
ਜਿੰਨਾ ਛਾਂਗਣਗੇ ਓਨਾ ਹੀ ਫੈਲਰਾਂਗੇ।

ਹੋਇਆ ਕੀ ਏ ਕੱਢ ਕੇ ਦਿਲ ਸਾਡੇ,
ਜ਼ਾਲਮ ਸਰਕੜੇ ਉੱਤੇ ਘਸਾ ਦਿੱਤੇ।
ਤੇਰੇ ਬਿਨ ਸਾਨੂੰ ਸਦਕੜੇ ਕੌਣ ਆਖੂ,
ਅਸੀਂ ਸਰਕੜੇ ਨੂੰ ਲਾਂਬੂ ਲਾ ਦਿੱਤੇ।

ਸਾਨੂੰ ਪਤਾ ਏ ਸਾਹਾਂ ਦਾ ਅੰਤ ਸਾਡਾ,
ਹੋਣਾ ਨਹਿਰ ਜਾਂ ਕਿਸੇ ਡਰੇਨ ਦਾ ਪੁਲ।
ਮੇਰੀ ਅੰਮੀਏ! ਕੇਹਾ ਮੁਕਾਬਲਾ ਏ
ਸੌ ਬੋਕ ਤੇ ਕੱਲਾ ਸੀ ਸਰ੍ਹੋਂ ਦਾ ਫੁੱਲ।

ਕੱਲੀ ਤੂੰ ਹੀ ਨਹੀਂ ਕਰੋੜ ਮਾਵਾਂ,
ਅਸੀਂ ਸਮਝਦੇ ਹਾਂ ਸਿਰਾਂ ਦੇ ਤਾਜ ਮਾਏ।
ਉਨ੍ਹਾਂ ਮਾਵਾਂ ਦੀ ਤੂੰ ਵੱਡੀ ਭੈਣ ਹੁੰਦੀ,
ਜਦੋਂ ਆਉਂਦਾ ਲੋਕਾਂ ਦਾ ਰਾਜ ਮਾਏ।
•



## ਵਿਦੇਸ਼ੀ ਹਵਾਵਾਂ ਦੇ ਨਾਂ

ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼।
ਕਰੇ ਜੋਦੜੀ ਨੀ ਇਕ ਦਰਵੇਸ਼

ਮੈਂ ਤਾਂ ਜੀਅ ਹਾਂ ਇਕ ਨਰਕਾਂ ਦੇ ਹਾਣਦਾ।
ਮੈ ਨ੍ਹੀਂ ਸੁਰਗਾਂ ਦੇ ਸੁਖਾਂ ਨੂੰ ਸਿਆਣਦਾ।
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼।

ਸਾਡੇ ਬੇਲੇ ਨੂੰ ਤੂੰ ਐਵੇਂ ਨਾ ਪਛਾੜ ਨੀ।
ਸਾਡੇ ਸਿਰਾਂ ਦੇ ਦੁਆਲੇ ਗੱਡੀ ਵਾੜ ਨੀ।
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼।

ਮੈਨੂੰ ਮੇਰੀ ਮਾਂ ਦੇ ਵਰਗਾ ਪਿਆਰ ਨੀ।
ਮਿਲੂ ਕਿਹੜੀਆਂ ਵਲੈਤਾਂ ਤੋਂ ਉਧਾਰ ਨੀ।
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼।

ਮੈਨੂੰ ਜੁੜਿਆ 'ਜੜ੍ਹਾਂ' ਦੇ ਨਾਲ ਰਹਿਣ ਦੇ।
'ਫੁੱਲ' ਕਹਿਣ ਮੈਨੂੰ 'ਕੰਡਾ' ਚਲੋ ਕਹਿਣ ਦੇ।
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼।

ਮੈਨੂੰ ਖਿੜਿਆ ਕਪਾਹ ਦੇ ਵਾਂਗੂੰ ਰਹਿਣ ਦੇ।
ਘੱਟ ਮੰਡੀ ਵਿਚ ਮੁੱਲ ਪੈਂਦੇ ਪੈਣ ਦੇ।
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼।

ਤੂੰ ਤਾਂ ਮੇਰੀਆਂ ਹੀ ਮਹਿਕਾਂ ਨੂੰ ਉਧਾਲ ਕੇ।
ਫੁੱਲੀ ਫਿਰਦੀ ਵਲਾਇਤਾਂ 'ਚ ਖਲਾਰ ਕੇ।
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼

ਮੇਰੇ ਪਿੰਡੇ ਨਾਲ ਕਰੇਂ ਤੂੰ ਚਹੇਡ ਨੀ।
ਮੇਰੇ ਝੱਗੇ ਦੇ ਲੰਗਾਰਾਂ ਨਾਲ ਖੇਡ ਨੀ।
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼।

ਮੈਨੂੰ ਘਿਰਿਆ ਕਸਾਈਆਂ ਵਿਚ ਰਹਿਣ ਦੇ।
ਮੈਨੂੰ ਐਵੇਂ ਪੱਛੋਤਾਈਆਂ 'ਚ ਨਾ ਪੈਣ ਦੇ।
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼।

ਮੇਰੇ ਵਿਚ ਹੈ ਪਹਾੜ ਜਿੰਨਾ ਭਾਰ ਨੀ।
ਮੈਨੂੰ ਖੁੱਲ੍ਹੇ, ਡੁੱਲ੍ਹੇ ਪਿਆਰ ਦਾ ਹੰਕਾਰ ਨੀ।
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼।

ਜੇ ਤੈਨੂੰ ਕੱਚੇ ਕੋਠਿਆਂ ਦੇ ਵਿਚ ਢੋਈ ਨਾ।
ਮੇਰੀ ਹੋਣੀ ਦੀ ਦਸੌਰੀ ਦਿਲਜੋਈ ਨਾ।
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼।
ਕਰੇ ਜੋਦੜੀ ਨੀ ਇਕ ਦਰਵੇਸ਼।
•



## ਸਾਡਾ ਸ਼ਹਿਰ

ਸ਼ਹਿਰ ਅਸਾਡਾ ਵੈਸ਼ਨੂੰਆਂ ਦਾ, ਜਿਥੇ ਮਾਸੋਂ ਸੂਗਣ ਲੋਕੀਂ,
ਪਰ ਕਿਰਤਾਂ ਨੂੰ ਚੂੰਡਣ ਵਾਰੀ, ਇਹ ਪੋਤੜਿਆਂ ਦਾ ਹਾਡੀ।

ਕਰੰਗਾਬਾੜੀ ਦੇ ਇਸ ਥਲ 'ਤੇ ਲੱਖ ਪਿੰਜਰ, ਲੱਖ ਪੈੜਾਂ,
ਤੇਰੇ ਨਹੀਂ ਸਿਆਣ 'ਚ ਆਉਣੀ (ਕੋਈ) ਅੰਗ ਪੱਸਲੀ ਵੀ ਸਾਡੀ।

ਸ਼ਹਿਰ ਸਾਡੇ 'ਤੇ ਪਿੰਡ ਸਾਡੇ ਦੀ ਬਸ ਇੰਨੀ ਕੁ ਹੀ ਵਿੱਥ ਹੈ,
ਜੋਕਾਂ ਤੇ ਲੋਕੀਂ ਜਿਉਂ ਵਸਦੇ ਹੋਵਣ ਆਂਢ ਗੁਆਂਢੀ।

ਉਸ ਦਿਨ ਤੋਂ ਹੀ ਯਾਦ ਅਸਾਡੇ ਰਹਿੰਦਾ ਨਹੀਂ ਥਕੇਵਾਂ,
ਜਿਸ ਦਿਨ ਤੋਂ ਹੈ ਕੰਨੀ ਪੈ ਗਈ, ਮਗਰੋਂ 'ਵਾਜ਼ ਤੁਹਾਡੀ।

ਲੰਘਜਾਂਗੇ ਅਸੀਂ ਮਾਛੀਵਾੜਾ ਪੈੜ 'ਚ ਪੈੜ ਟਿਕਾ ਕੇ,
ਕਾਹਨੂੰਵਾਨ ਦੇ ਛੰਭ 'ਚੋਂ ਸਾਨੂੰ ਲੱਭ ਪੈਣਾ ਰਾਹ ਗਾਡੀ।

ਪੱਤ ਹਿਲਦੇ ਤੋਂ ਵੀ ਸੀ ਜਿਹੜੀ ਕੰਬਦੇ ਪਾਰੇ ਵਾਂਗੂੰ,
ਬੈਠ ਖੁੰਢਾਂ 'ਤੇ ਸਿੰਘ ਬਣਨ ਦੀ ਮਾਰ ਰਹੇ ਉਹ ਪਾਡੀ।

ਜੋ ਤੀਰਾਂ ਦੀ ਛਾਵੇਂ ਰਹਿਣਾ ਮੰਨਣ ਖੰਭਾਂ ਦੀ ਹੇਠੀ,
ਉਹੀਓ 'ਕਾਂ, ਹੀ ਹੰਸਾਂ' ਕੋਲੋਂ ਰਹਿ ਜਾਂਦੇ ਨੇ ਫਾਡੀ।
•

## ਉਹਨਾਂ ਦੀ ਜਿੱਤ

ਜਿੱਤੇ ਮੰਤਰੀ ਹਾਰਿਓ ਲੋਕੋ!
ਤਖ਼ਤਾਂ ਤੋਂ ਵੀ ਭਾਰਿਓ ਲੋਕੋ!!
ਸੁਣਿਓ ਗੱਲ ਵਿਚਾਰਿਓ ਲੋਕੋ!!!

ਘੋਲ੍ਹ ਕੇ ਕਿਵਾੜ ਰਿਹੋ ਜਾਗਦੇ
ਆਪਾਂ ਸਾਰੇ ਤੇਲ ਹਾਂ ਚਿਰਾਗ਼ ਦੇ।

ਟੀਨਾਂ ਦਿਆਂ ਡੱਬਿਆਂ 'ਚੋਂ ਮਾਰ ਕੇ ਛੜੱਪੇ
ਬਣੀ ਜਿਨ੍ਹਾਂ ਦੀ ਹੈ ਕੁਰਸੀ ਉੱਚੀ।

ਉਨ੍ਹਾਂ ਦਿਆਂ ਰੰਗਲੇ ਪਲੰਘਾਂ ਦੀ ਤਾਂ ਪਰ ਸਾਥੋਂ
ਜਾਏ ਖਾਣੀ ਪੈਂਦ ਨਾ ਛੁੱਟੀ।

ਧੂਣੀਆਂ ਬਣ ਕੇ ਸੇਕ ਖਲਾਰੋ
ਵੇ ਗੜਿਆਂ ਦੇ ਠਾਰਿਓ ਲੋਕੋ।

ਰੋਟੀ ਵਾਂਗੂੰ ਜਿਸਮ ਤੁੜਾਇਆ
ਕਿਉਂਕਿ ਸਾਡੀ ਸੋਚ ਸੀ ਸੱਚੀ।

ਬੱਕਰੇ ਜਿਉਂ ਸਾਨੂੰ ਝਟਕਾਇਆ,
ਕਿਉਂਕਿ ਸਾਡੀ ਲੋਚ ਸੀ ਸੱਚ।

ਮਿਸਰੀ ਵਰਗੇ ਹੋਜੋ ਮਿੱਠੇ
ਵੇ ਆਪਸ ਵਿਚ ਖਾਰਿਓ ਲੋਕੋ।



ਸੂਰਜ ਆਵੇਗਾ, ਆਵੇਗਾ,
ਬਹਿ ਕੁੱਲੀਆਂ 'ਤੇ ਕਾਗ ਕੁਲਾਵੇ,

ਕਿਉਂ ਜੁ ਮੱਚ ਕੇ ਬਣ ਗਏ ਲਾਟਾਂ,
ਚਾਨਣੀਆਂ ਰਾਤਾਂ ਦੇ ਹਾਵੇ।

ਕਦ ਰੂਹਾਂ ਦਾ ਰੱਜ ਬਣੋਗੇ,
ਵੇ ਥੋੜ੍ਹਾਂ ਦੇ ਮਾਰਿਓ ਲੋਕੋ!

•

## ਸ਼ਹੀਦ ਊਧਮ ਸਿੰਘ

ਮਜ਼ਲੂਮਾਂ ਦੀ ਚੀਖ ਪੁਕਾਰ, ਜੰਮਿਆ ਊਧਮ ਸਿੰਘ ਸਰਦਾਰ।
ਜਿਸ ਧਰਤੀ ਦੀ ਕੰਡ ਤੋਂ ਲਾਹਿਆ, ਜ਼ਾਲਿਮ ਉਡਵਾਇਰ ਦਾ ਭਾਰ।
ਉਹ ਗੋਰਾ ਸੀ ਕਾਲਾ ਦਿਲ ਦਾ, ਕਾਲਾ ਊਧਮ ਦਿਲ ਦਾ ਸੂਹਾ।
ਭਾਰਤ ਮਾਂ ਦੀ ਜਿਹਲ ਦਾ ਜਿਸ ਨੇ, ਸਿਰ ਦੇ ਨਾਲ ਸੀ ਭੰਨਿਆ ਬੂਹਾ।
ਜਿਸ ਦੇ ਰਾਜ ਨੇ ਰਾਤ ਨਾ ਦੇਖੀ, ਉਸ ਨੂੰ ਪਾਇਆ ਨ੍ਹੇਰ ਗ਼ੁਬਾਰ।
ਜਿਸ ਧਰਤੀ ਦੀ...

ਉਹ ਸੀ ਓਸੇ ਚਮਨ ਦੇ ਤੋਤੇ ਉਹ ਸੀ ਜਿਸ ਚਮਨ ਦਾ ਮਾਲੀ।
ਫਲਿਆਂ ਬਾਗ਼ਾਂ ਵਿਚ ਵੀ ਜਿਸ ਦਾ ਜੇਬ ਦੇ ਵਾਂਗੂੰ ਪੇਟ ਵੀ ਖ਼ਾਲੀ।
ਮਾਰ ਗੁਲੇਲ ਗੋਲੀ ਦੀ ਞੁੰਡੇ, ਜ਼ਾਲਮ ਦੇ ਸਭ ਖਾਊ ਯਾਰ।
ਜਿਸ ਧਰਤੀ ਦੀ...

ਉਹ ਜ਼ਿੰਦਗੀ ਤਾਂ ਨਿਰਾ ਨਰਕ ਸੀ, ਉਹ ਜੀਵਨ ਸੀ ਟੋਕਾਂ ਵਰਗਾ।
ਉਹ ਸਰਕਾਰ ਸੀ ਜੋਕਾਂ ਵਰਗੀ, ਉਹ ਸਰਦਾਰ ਸੀ ਲੋਕਾਂ ਵਰਗਾ।
ਵਤਨੋਂ ਹੋ ਬੇਵਤਨ ਨਿਭਾਇਆ, ਵਤਨਾਂ ਨਾ ਕੀਤਾ ਇਕਰਾਰ।
ਜਿਸ ਧਰਤੀ ਦੀ...

ਧਰਤ ਉਤੇ ਕੁਝ ਸੋਹਣਾ ਹੈ ਜੇ, ਉਸ ਤੋਂ ਸੋਹਣਾ ਅਣਖ ਦਾ ਜੀਣਾ।
ਵਿਚ ਗ਼ੁਲਾਮੀ ਅੰਮ੍ਰਿਤ ਮੌਹਰਾ, ਤੇ ਜੀਵਨ ਵੀ ਗਿੱਲਾ ਪੀਹਣਾਂ।
ਬੇਲੱਜਿਆ ਦੀ ਡੋਲੀ ਨੂੰ ਤਾਂ ਲੁੱਟ ਲੈਂਦੇ ਨੇ ਆਪ ਕੁਹਾਰ।
ਜਿਸ ਧਰਤੀ ਦੀ...



ਫ਼ਸਲਾਂ ਦੇ ਰਾਖੇ ਨੇ ਞੁੰਡਿਆ, ਕੁਰਸੀ ਤੋਂ ਹੇਠਾਂ ਫੜਕਾ ਕੇ।
ਹਾੜੀ ਸੌਣੀ ਪੱਤ ਸਾਡੀ ਨੂੰ ਛਲ ਲੈਂਦਾ ਸੀ ਜੋ ਦਾਅ ਲਾ ਕੇ।
ਉਜਰ ਜ਼ਰਾ ਨਾ ਜਰਿਆ ਜਿਸ ਨੇ ਜੱਲ੍ਹਿਆਂ ਵਾਲੇ ਦੇ ਵਿਚਕਾਰ।
ਜਿਸ ਧਰਤੀ ਦੀ...

ਅਮਨ, ਸ਼ਾਂਤੀ ਦੇ ਭੜਪੂੰਜੇ, ਖੜਕਾਈ ਜਾਂਦੇ ਟਿੰਡ ਖ਼ਾਲੀ।
ਊਧਮ ਦੇ ਪਿਸਤੌਲ ਦੀ ਨਾਲੀ, ਰਹੀ ਨਾ ਖ਼ਾਲੀ ਗਈ ਨਾ ਖ਼ਾਲੀ।
ਇਹ ਲੋਕਾਂ ਦੇ ਜਾਏ ਦਾ ਸੀ, ਲੋਕਾਂ ਦੇ ਵੈਰੀ 'ਤੇ ਵਾਰ।
ਜਿਸ ਧਰਤੀ ਦੀ ਕੰਡ ਤੋਂ ਲਾਹਿਆ, ਜ਼ਾਲਿਮ ਉਡਵਾਇਰ ਦਾ ਭਾਰ।

•

## ਸਾਥੀ ਜਗਮੋਹਣ ਜੋਸ਼ੀ
## 'ਲਾਲ ਸਲਾਮ'

ਚੰਨ ਧੁੱਪ ਦੇ ਵਿਚ ਸੌਂ ਗਿਆ, ਹੈ ਨੀ, ਸਿਖਰ ਦੁਪਹਿਰੇ।
ਕਿਰਨਾਂ ਹੋਈਆਂ ਸੌਲੀਆਂ, ਅੱਜ ਸਿਖਰ ਦੁਪਹਿਰੇ।

ਚੰਨ ਵੇ; ਤੱਕ ਲੈ ਆਖ਼ਰੀ ਤੂੰ ਨਜ਼ਰਾਂ ਭਰ ਕੇ।
ਤਾਰੇ ਰੋਂਦੇ ਟਿਮਟਿਮਾ, ਪਰ ਜ਼ਰਾ ਨਾ ਜਰ ਕੇ।

ਜੋ ਸੈਆਂ ਦੀ ਹਾਜ਼ਰੀ ਵਿਚ ਤੁਰਦੈ ਬੰਦਾ।
ਉਹਦੇ ਵਰਗੀ ਮੌਤ ਨੂੰ ਹਰ ਝਰਦੈ ਬੰਦਾ।

ਸੈਆਂ ਸਾਥੀ ਤੁਰ ਗਏ ਤੇਰੇ ਹੀ ਪਾਸੇ।
ਬੂੰਦ ਖੁਣੋਂ ਵੀ ਤਲਕਦਾ, ਬੰਦਾ ਇਕ ਪਾਸੇ।

ਸੂਰਜ, ਚੰਨ ਤੇ ਤਾਰਿਆਂ ਲਈ ਤਰਕਾਲ ਲਿਆਂਦੀ।
ਬਣ ਜਾਇਓ ਚੰਨ ਤਾਰਿਓ, ਤੜਕੇ ਦੇ ਪਾਂਧੀ।

ਖ਼ਬਰਾਂ ਲਈਆਂ ਵਾਚ ਨੇ ਅੱਜ ਚਾਰ ਡਕੈਤਾਂ।
ਜਾਮੇ ਵਿਚ ਨਾ ਮਿਉਂਦੀਆਂ, ਨਖ਼ਰੈਲ ਵਲਾਇਤਾਂ।

ਪੱਕੀ ਪਿੱਤ ਦੀ ਪੀੜ ਹੈ, ਪਿੰਡਾਂ ਦੇ ਪਿੰਡੇ।
ਜਦ ਤਕ ਲਾਲ ਫ਼ੁਹਾਰ ਨਾ, ਲੋਆਂ ਵਿਚ ਖਿੰਡੇ।

ਦਿਲ ਤੇਰੇ ਦਾ ਜੋਸ਼ ਵੇ, ਸਾਡੇ ਵਿਚ ਧੜਕੇ।
ਤਾਰੇ ਰੋਂਦੇ ਟਿਮਟਿਮਾ ਪਰ ਜ਼ਰਾ ਨਾ ਅਟਕੇ।



ਕਿਸ ਚੰਦਰੇ ਤੋਂ ਹੋ ਗਈ, ਤੇਰੀ ਬਦਖੋਈ।
ਸੈ ਹੱਥਾਂ ਦੇ ਵਿਚ ਵੀ, ਜ਼ਿੰਦ ਕਿਰਗੀ ਕੋਈ।

ਪਲ ਦੀ ਪਲ ਤੁਸੀਂ ਤਾਰਿਓ, ਸਿਰ ਨੀਵੇਂ ਕਰ ਲੋ।
ਸਿਜਦਾ ਕਰ ਕੇ ਤੋਰ ਨੂੰ ਹੋਰ ਤਿੱਖੀ ਕਰ ਲੋ।

•

## ਦੀਵਾਲੀ

ਜਿਸ ਦੇ ਮਗਰ ਨਹੀਂ ਦਿਵਾਲਾ
ਉਹ ਖੁਸ਼ਹਾਲੀ ਹੋਰ ਹੋਏਗੀ
ਉਹ ਦੀਵਾਲੀ ਹੋਰ ਹੋਏਗੀ।

ਸਰੋਆਂ ਦੇ ਸਿਰ ਨੱਚਣਗੀਆਂ ਨਾ, ਅਮਰ ਵੇਲ ਵਾਂਗੂੰ ਸਰਕਾਰਾਂ
ਆਤਿਸ਼ਬਾਜ਼ੀ ਵਾਂਗੂੰ ਚੁੱਕਣੇ ਉਚੇ ਸਿਰ ਨਾ ਜਦ ਗ਼ੱਦਾਰਾਂ
ਸਾਧਾਂ ਦੇ ਘਰ ਸਦਾ ਦੀਵਾਲੀ ਨਾ ਸੰਗਤਾਂ ਦੀ ਚੋਰ ਹੋਏਗੀ
ਉਹ ਦੀਵਾਲੀ ਹੋਰ ਹੋਏਗੀ।

ਇਕ ਰਾਜੇ ਦੀ ਤੀਵੀਂ ਬਦਲੇ ਲੱਖ ਨਾਰਾਂ ਨਾ ਹੋਵਣ ਰੰਡੀਆਂ
ਲੱਖ ਬਨੌਟੀ ਬੰਬ ਚਲਾ ਕੇ, ਹੋਣ ਨਾ ਹੱਕ ਦੀਆਂ ਜੰਗਾਂ ਠੰਢੀਆਂ
ਮਠਿਆਈਆਂ ਦੀ ਭਰੀ ਹੱਟ ’ਤੇ ਬਟੂਏ ਵਿਚ ਨਾ ਥੋੜ੍ਹ ਹੋਏਗੀ
ਉਹ ਦੀਵਾਲੀ ਹੋਰ ਹੋਏਗੀ।

ਗੱਦੀ ਦੇ ਲਾਲਚ ਵਿਚ ਆ ਕੇ, ਵੀਰਾਂ ਦੇ ਨਾ ਸਿਰ ਪਾਟਣਗੇ।
ਫ਼ੌਜੀ ਨੂੰ ਘਰ ਦੇ ਕੰਮ ਖ਼ਾਤਰ, ਜਰਨਲ ਕਰਨਲ ਨਾ ਡਾਂਟਣਗੇ।
ਜ਼ਰਦਾਰਾ ਦੀ ਅੱਜ ਦੀਵਾਲੀ, ਕੱਲ੍ਹ ਦੀਵਾਲੀ ਹੋਰ ਹੋਏਗੀ।
ਉਹ ਦੀਵਾਲੀ ਹੋਰ ਹੋਏਗੀ।

ਕਰਨ ਦੇਣੀਂ ਨਾ ਅਸੀਂ ਕਿਸੇ ਨੂੰ ਆਪਣੀ ਸੋਨ-ਲੰਕ ਦੀ ਚੁਗ਼ਲੀ।
ਧੀ-ਭੈਣਾਂ ਦੇ ਨੱਕ ਵਢਵਾ ਕੇ ਘਰ ਬੈਠਣ ਦੀ ਗੱਲ ਨਾ ਪੁਗਦੀ।
ਤਿੱਥ ਤਿਉਹਾਰਾਂ ਦਾ ਪਾ ਬੁਰਕਾ ਮਹਿੰਗ ਨਹੀਂ ਮੂੰਹ ਜ਼ੋਰ ਹੋਏਗੀ
ਉਹ ਦੀਵਾਲੀ ਹੋਰ ਹੋਏਗੀ।



ਏਸ ਰਾਤ ਨਾ ਹਾਰੀ ਜਾਊਗੀ ਜੂਏ ਦੇ ਵਿਚ ਇਕ ਸਤਵੰਤੀ
ਆਪਣੀ ਇੱਜ਼ਤ ਅਸੀਂ ਨਾ ਕਰਨੀਂ, ਪਾਂਡੋਆਂ ਹੱਥੋਂ ਜਿਉਂ ਦਰੋਪਤੀ
ਚੂੰਗੜਿਆਂ ਦਾ ਤੇਲ ਚੂਸਣੀਂ ਰਾਤ ਨਾ ਆਦਮਖ਼ੋਰ ਹੋਏਗੀ।
ਉਹ ਦੀਵਾਲੀ ਹੋਰ ਹੋਏਗੀ।

ਜਦ ਖੇਤਾਂ ਦੀ ਲੋਰ ਹੋਏਗੀ, ਬੰਦਾ ਸਿੰਘ ਦੀ ਫ਼ੌਜ ’ਚ ਭਰਤੀ
ਭਾਰਤ ਜਦੋਂ ਭਵੀਖਣ ਹੱਥੋਂ ਕੱਚੇ ਕੋਠਿਆਂ ਦੇ ਵਿਚ ਪਰਤੀ
ਜਿਸ ਦਾ ਮਤਲਬ ਹੈ ਦੀਵਾਲੀ, ਉਹ ਦੀਵਾਲੀ ਹੋਰ ਹੋਏਗੀ
ਉਹ ਦੀਵਾਈ ਹੋਰ ਹੋਏਗੀ।

•

## ਗੁਰੂ ਗੋਬਿੰਦ ਸਿੰਘ ਜੀ, ਵੱਲੋਂ ਮਾਧੋ ਦਾਸ ਬੈਰਾਗੀ ਨੂੰ ਬੰਦਾ ਬਹਾਦਰ ਬਣਾ ਕੇ ਪੰਜਾਬ ਵੱਲ ਭੇਜਣਾ

ਜੇ ਤੂੰ ਬੰਦੈਂ ਤਾਂ ਕਰ ਬੰਦ ਖ਼ਲਾਸ ਸਭ ਦੀ,
ਕਰਾਮਾਤਾਂ ਨਹੀਂ ਕੰਮ ਬਹਾਦਰਾਂ ਦੇ।
ਆਪਣਾ ਬਾਪ ਬਣਿਆ ਚਾਦਰ ਹਿੰਦ ਦੀ ਸੀ,
ਤੂੰ ਵੀ ਤੰਦ ਬਣ ਜੀ ਉਨ੍ਹਾਂ ਚਾਦਰਾਂ ਦੇ।

ਕੇਰਾਂ ਦਿੱਲੀ ਦੇ ਕਿਲੇ ਤੋਂ ਕੂਕ ਮਾਰੀਂ,
ਭੱਜਿਆ ਮਾਲਵਾ, ਮਾਝਾ, ਦੁਆਬ ਆਉਣੈ।
ਤੈਨੂੰ ਲੋਕਾਂ ਨੇ ਹੱਥਾਂ 'ਤੇ ਚੁੱਕ ਲੈਣਾ,
ਤੇਰੀ ਮਦਦ 'ਤੇ ਸਾਰਾ ਪੰਜਾਬ ਆਉਣੈ।

ਇੱਜ਼ਤ ਜਿਨ੍ਹਾਂ ਦੀ ਰਾਠ ਉਧਾਲ ਲੈ ਗਏ,
ਜਜ਼ਬੇ ਉਨ੍ਹਾਂ ਦੇ ਸਾਂਭੇ ਨਹੀਂ ਰਹਿ ਸਕਦੇ।
ਸੱਥਾਂ ਵਿਚ ਹੈ ਜਿਨ੍ਹਾਂ ਦੀ ਪੱਗ ਰੁਲਦੀ,
ਤੇਰੇ ਜਥੇ ਤੋਂ ਲਾਂਭੇ ਨਹੀਂ ਰਹਿ ਸਕਦੇ।

ਤੈਨੂੰ 'ਡੀਕਦੀ ਗੜ੍ਹੀ ਗੁਰਦਾਸ ਨੰਗਲ,
ਜਿਉਂ ਸੀ 'ਡੀਕਦਾ ਮੈਨੂੰ ਚਮਕੌਰ ਸਿੰਘਾ।
ਜਾ ਕੇ ਜੋਟੀ ਇਉਂ ਲੋਕਾਂ ਦੇ ਨਾਲ ਪਾ ਲੈ,
ਜੋਟੀਦਾਰ ਜਿਉਂ ਦਿੱਲੀ ਲਾਹੌਰ ਸਿੰਘਾ।

ਜਿਥੇ ਜ਼ੁਲਮ ਜੰਮੇ, ਜਿਥੇ ਜ਼ਹਿਰ ਉੱਗੇ,
ਉਥੇ ਅੰਮ੍ਰਿਤ ਲਈ ਦੇਖੀਂ ਮਜ਼ਲੂਮ ਲੜਦੇ।
ਤੇਰੀ ਹਾਜ਼ਰੀ ਉਥੇ ਜ਼ਰੂਰ ਬਣਦੀ,
ਜਿਥੇ ਹਾਕਮਾਂ ਸੰਗ ਮਹਿਕੂਮ ਲੜਦੇ।



ਤੇਰੇ ਪੁੱਤਰ ਨੂੰ ਜਿੰਨਾ ਤੜਫਾਉਣਗੇ ਉਹ,
ਤੈਨੂੰ ਓਨਾ ਗ੍ਰਿਹਸਥੀ ਦਾ ਮੋਹ ਜਾਗੇ।
ਜਿੰਨਾ ਜਿਸਮ ਜਮੂਰਾਂ ਦੇ ਨਾਲ ਉਧੜੇ,
ਤੈਨੂੰ ਓਨੀ ਸਿਧਾਂਤ ਦੀ ਖੋਹ ਜਾਗੇ।

ਪੱਤਾ ਹਿੱਲੇ ਤੋਂ ਬੱਚੇ ਲੁਕੋ ਲੈਂਦੇ,
ਏਨਾ ਜ਼ੁਲਮ ਹੈ ਢਾਹਿਆ ਨਵਾਬੀਆਂ ਨੇ
ਜਾਹ ਬੈਰਾਗੀਆ ਲੋਕਾਂ ਦੀ ਵਾਗ ਫੜ ਲੈ,
ਜਿਥੇ ਬਾਗ਼ੀ ਨੂੰ ਰੂਹਾਂ ਵੈਰਾਗੀਆਂ ਨੇ।

ਸਾਡਾ ਯੁੱਧ ਜੇਕਰ ਫ਼ਿਰਕੂ ਯੁੱਧ ਹੁੰਦਾ,
ਮਾਛੀਵਾੜੇ ਨਾ ਮੈਨੂੰ ਪਨਾਹ ਮਿਲਦੀ।
ਤੈਨੂੰ ਕਿਰਤੀ ਕਿਸਾਨਾਂ ਦੀ ਰੱਖ ਸਿੰਘਾ,
ਦੇਖੀਂ ਲੋਕਾਂ ਦੀ ਸ਼ਕਤੀ ਅਥਾਹ ਮਿਲਦੀ।

ਬੀਜ ਬੀਜਣ ਤੋਂ ਰੋਟੀ ਦੇ ਸਫ਼ਰ ਤਾਈਂ,
ਕਿਰਤ ਕਰਨ ਦਾ ਪੂਰਾ ਅਧਿਕਾਰ ਜਿਥੇ।
ਰੋਟੀ ਹੱਥ 'ਤੇ ਟਿਕੇ ਜਾ ਕਾਮਿਆਂ ਦੇ,
ਗਿਰਝਾਂ ਲੈਂਦੀਆਂ ਨੇ ਝਪਟ ਮਾਰ ਜਿਥੇ।

•

## ਮਾਤਾ ਗੁਜਰੀ ਦੇ ਗੁਰੂ ਗੋਬਿੰਦ ਸਿੰਘ ਜੀ ਦੀ ਪੇਸ਼ੀ

ਮਾਏ ਮੇਰੀਏ ਮੰਨੂੰ ਮੈਂ ਲੱਖ ਤੇਰੀ,
ਪਰ ਇਕੋ ਗੱਲ ਮੈਂ ਤੇਰੇ ਅਰਦਾਸ ਕਰਨੀ।
'ਕੱਲੀ ਆਪਣੇ ਟੱਬਰ ਦੀ ਗੱਲ ਨਹੀਓਂ,
ਗੱਲ ਲੱਖਾਂ ਦੀ ਇਕੋ ਮੈਂ ਖ਼ਾਸ ਕਰਨੀ।

ਤਾਹੀਓਂ ਜਬਰ ਹੈ ਸਬਰ ਦੇ ਨਾਲ ਜਰਿਆ,
ਕਿ ਕਰਾਮਾਤਾਂ ਦੀ ਨੀਤੀ ਹੈ ਠਿੱਟ ਕਰਨੀ।
ਮੀਆਂ ਮੀਰ ਵਰਗੇ ਨਹੀਂ ਤਾਂ ਜਾਣਦੇ ਸੀ,
ਲਾਹੌਰ ਦਿੱਲੀ ਦੀ ਇੱਟ ਨਾਲ ਇੱਟ ਕਰਨੀ।

ਮਤੀ, ਸਤੀ ਦੇ ਸਿਦਕ ਤੋਂ ਸਬਕ ਲੈ ਕੇ,
ਤੇਰੇ ਪੋਤਰੇ ਵੀ ਪਾਸੇ ਰਹਿਣ ਕਿਉਂ ਨਾ।
ਦੇਗ਼ ਵਿਚ ਦਿਆਲਾ ਜੇ ਉਬਲਦਾ ਏ,
ਮੇਰੀ ਅਣਖ ਉਤੇ ਛਾਲੇ ਪੈਣ ਕਿਉਂ ਨਾ।

ਜੇਕਰ ਲੱਖਾਂ ਕਰੋੜਾਂ ਦੀ ਹਾਜ਼ਰੀ 'ਚੋਂ,
ਕਰ 'ਕੱਲਾ ਰੰਘਰੇਟਾ ਹੀ ਕਣ ਸਕਦੈ।
ਏਵੇਂ ਏਸੇ ਤਲਵਾਰ ਦੀ ਛਾਂ ਹੇਠਾਂ,
ਕੋਈ ਗੁਰੂ ਕਾ ਬੇਟਾ ਹੀ ਤਣ ਸਕਦੈ।

ਸਬਰ ਸਿਦਕ ਦੀ ਨੀਵੀਂ ਆਵਾਜ਼ ਦੇ ਕੇ,
ਅਸੀਂ ਲੱਗੇ ਸੀ ਬਹੁਤ ਸਮਝਾਣ ਮਾਏ।
ਐਪਰ ਤਖ਼ਤ ਹੈ ਬੋਲਾ ਜੋ ਸਮਝਦਾ ਹੈ,
ਕੇਵਲ ਤੇਗ਼ ਦੀ ਉੱਚੀ ਆਵਾਜ਼ ਮਾਏ।



ਸਾਡੀ ਦੇਗ ਦੇਵੀ, ਤੇਗ਼ ਤਖ਼ਤ ਸਾਡਾ,
ਸਾਰੀ ਧਰਤ ਸਾਡੀ ਸਾਰਾ ਦੇਸ਼ ਸਾਡਾ।
ਸੌਂਕਣ ਆਢਾ ਹੈ ਮੁੱਲਾਂ ਤੇ ਪੰਡਤਾਂ ਦਾ,
ਅਸੀਂ ਲੈਣਾ ਹੈ ਜ਼ੁਲਮ ਦੇ ਨਾਲ ਆਢਾ।

ਮਾਏ ਤੈਨੂੰ ਸ਼ਿਕਾਇਤ ਜੋ ਕਰਨ ਮੇਰੀ,
ਬੰਦੇ ਸਾਡੇ ਨਹੀਂ, ਬੰਦੇ ਸਰਕਾਰ ਦੇ ਨੇ।
ਜੱਟ, ਖੱਤਰੀ, ਛੀਂਬੇ, ਝਿਉਰ, ਨਾਈ,
ਆਏ ਹੇਠ ਨਿਝੱਕ ਤਲਵਾਰ ਦੇ ਨੇ।

ਉਹ ਤਾਂ ਕਹਿਣ ਮੈਨੂੰ ਚੰਡੀ ਪਈ ਪੁੱਠੀ,
ਸਿੱਧੀ ਚੰਡੀ ਜਿਸ ਰੋਜ਼ ਤੋਂ ਫੜੀ ਹੈ ਮੈਂ।
ਪੱਥਰ ਚੰਡੀ ਦੇ ਮੰਦਰ ਦੇ ਤਿੜਕ ਉਠੇ,
ਵਾਰ ਚੰਡੀ ਦੀ ਜਦੋਂ ਵੀ ਪੜ੍ਹੀ ਹੈ ਮੈਂ।

ਜਿਹੜੇ ਲੋਕਾਂ ਦੀ ਕਿਰਤ ਨੂੰ ਪੈਣ ਗਿਰਝਾਂ,
ਮੇਰੇ ਲੋਕ ਉਹ ਮੇਰਾ ਖ਼ਆਬ ਹੈਗਾ।
ਮੇਰੇ ਮੁਸਲਮਾਨਾਂ, ਸਿੱਖਾਂ, ਹਿੰਦੂਆਂ ਨੇ,
ਕਰਨਾ ਸਰਬਹਾਰਾ ਇਨਕਲਾਬ ਹੈਗਾ।

ਤੈਨੂੰ ਕਿਹਾ ਮਸੰਦਾਂ ਜ਼ਰੂਰ ਹੋਣੈ,
ਕਿਹਾ ਹੋਣੈ ਗੋਬਿੰਦ ਨੂੰ ਹੋੜ ਮਾਏ।
ਪੈਰ ਪੈਰ 'ਤੇ ਉਹਨੇ ਕਿਉਂ ਵੈਰ ਬੱਧੇ,
ਲੈਣਾ ਲੋਕਾਂ ਤੋਂ ਕੀ ਉਹਨੂੰ ਲੋੜ ਮਾਏ।

ਪੰਚ ਚੁਣੇ ਪੰਚਾਇਤ ਇਹ ਪੰਥ ਦੀ ਹੈ,
ਸੱਚ ਦੱਸੂਗਾ ਸੱਚ ਦਾ ਆਊ ਵੇਲਾ।
ਤੇਰੇ ਪੁੱਤਰ ਕਹਾਉਣਾ ਗੁਰੂ ਹੀ ਨਹੀਂ,
ਗੁਰੂ ਖ਼ਾਲਸੇ ਦਾ ਬਣ ਕੇ ਰਹੂ ਚੇਲਾ।

ਨੂੰਹਾਂ ਆਪਣੀਆਂ ਨੂੰ ਕਹੀਂ ਨਿਹੁੰ ਸਾਡਾ,
ਹੁਣ ਤਾਂ ਵਾਂਗ ਵਿਛੋੜੇ ਦੇ ਉੱਗਣਾ ਹੈ।
ਤੱਤੀ ਤਵੀ ਕੋਲੋਂ ਠੰਢੇ ਬੁਰਜ ਤਾਈਂ,
ਨੰਗੇ ਪੈਰੀਂ ਇਸ ਪੰਥ ਨੇ ਪੁੱਜਣਾ ਹੈ।

•



## ਆਪਣੇ ਪੋਤਿਆਂ ਨਾਲ ਕੈਦ ਮਾਤਾ ਗੁਜਰੀ

**(ਗੁਰੂ ਗੋਬਿੰਦ ਸਿੰਘ ਜੀ ਨੂੰ)**

ਕਰੀਂ ਨਾ ਦਰੇਗ਼ ਪੁੱਤ ਵੇ, ਤੇਰੇ ਬਾਲਾਂ ਨੂੰ ਬੁਢਾਪੇ 'ਚ ਲੁਕਾਵਾਂ।
ਹੱਡੀਆਂ ਦੀ ਮੁੱਠ ਬਾਲ ਕੇ, ਤੇਰੀ ਆਂਦਰਾਂ ਦੀ ਅੱਗ ਨੂੰ ਸੁਕਾਵਾਂ।
ਇਕ ਏਥੇ ਰਾਜ ਓਪਰਾ, ਦੂਜਾ ਤੇਰੀ ਉੱਘ-ਸੁੱਘ ਨਹੀਂ ਕੋਈ।
ਤੀਜਾ ਮੇਰੇ ਖੰਭ ਝੜ ਗਏ, ਤਾਹੀਓਂ ਰੋਹੀਆਂ 'ਚ ਅੱਧੀ ਰਾਤ ਹੋਈ।
ਮਮਤਾ ਦਾ ਸੇਕ ਪੀਣੀਆਂ, ਆਉਣ ਘੁੰਮ ਘੁੰਮ ਠੰਢੀਆਂ ਹਵਾਵਾਂ।
ਕਰੀਂ ਨਾ ਦਰੇਗ਼ ਪੁੱਤ ਵੇ...

ਦਾਦੀਆਂ ਦੀ ਮੇਰ ਪੋਤਰੇ, ਬਹੁਤੇ ਪੁੱਤ ਨਾਲੋਂ, ਪੁੱਤ ਸਰਦਾਰਾ।
ਵੇ ਮੱਲਾ! ਜਿਵੇਂ ਸੂਦਖ਼ੋਰਾਂ ਨੂੰ, ਹੁੰਦਾ ਮੂਲ ਤੋਂ ਵਿਆਜ ਹੈ ਪਿਆਰਾ।
ਕੱਲ੍ਹ ਦੇ ਪ੍ਰਾਹੁਣਿਆਂ ਨੂੰ ਵਿਦਾ ਕਿਹੜੀਆਂ ਕਰਨਗੀਆਂ ਮਾਵਾਂ।
ਕਰੀਂ ਨਾ ਦਰੇਗ਼ ਪੁੱਤ ਵੇ...

ਕੱਲ੍ਹ ਸੀ ਜੋ ਪੇਸ਼ੀ ਉਸ ਦੇ, ਗੱਲ ਇਨ੍ਹਾਂ ਤੋਂ ਕਚਹਿਰੀਆਂ ਨੇ ਖੋਹੀ।
ਗੱਲ ਜੋ ਯਕੀਨੀ ਜਿੱਤ ਦੀ, ਸੀਗੀ ਸੂਹੇ ਸੂਹੇ ਨਾਅਰਿਆਂ ਨੇ ਛੋਹੀ।
ਕਹਿੰਦੇ ਤਾਜਾਂ ਤੋਂ ਦੀ ਟੱਪਿਆ, ਇਨ੍ਹਾਂ ਨਿੱਕਿਆਂ ਦਾ ਵੱਡਾ ਪ੍ਰਛਾਵਾਂ।
ਕਰੀਂ ਨਾ ਦਰੇਗ਼ ਪੁੱਤ ਵੇ...

ਗੰਗੂ ਵੇ ਯਕੀਨ ਸਿੱਖ ਦਾ, ਲੱਖ ਮੋਹਰਾਂ ਦੀਆਂ ਖੱਚਰਾਂ ਤੋਂ ਭਾਰੀ।
ਵੇਖ ਤਾਂ ਮੈਂ ਲੈਂਦੀ ਹੁੱਬ ਕੇ, ਕੀਤੀ ਹੁੰਦੀ ਜੇ ਇਨ੍ਹਾਂ ਨੇ ਫ਼ੌਜਦਾਰੀ।
ਇਨ੍ਹਾਂ 'ਤੇ ਕਹਿਰ ਵੇਖ ਕੇ, ਬੱਚੇ ਸੀਨਿਆਂ 'ਚ ਘੁੱਟ ਲੈਣ ਮਾਵਾਂ।
ਕਰੀਂ ਨਾ ਦਰੇਗ਼ ਪੁੱਤ ਵੇ...

•

## ਹਰਿਮੰਦਰ ਦੀ ਨੀਂਹ

ਮੀਆਂ ਮੀਰ ਜੀ ਰੱਖੋ ਹਰਿਮੰਦਰ ਦੀ ਨੀਂਹ,
ਵਿਥਿਆ ਸਿੱਖੀ ਦੀ ਯੁੱਗਾਂ ਤਕ ਹਰੀ ਹੋਵੇ

ਬਣੇ ਠਾਹਰ ਜੁਝਾਰੂਆਂ ਯੋਧਿਆਂ ਦੀ,
ਪਵੇ ਲੋੜ ਚਮਕੌਰ ਦੀ ਗੜ੍ਹੀ ਹੋਵੇ।

ਜੀਹਦੇ ਮੱਥੇ 'ਤੇ ਏਸ ਦੀ ਲੋਅ ਲੱਗੇ,
ਜਾਗੇ ਲੋਅ ਉਸ ਦੀ ਨਾ ਲੂਅ ਲੱਗੇ।

ਉਹਨੂੰ ਖ਼ਲਕ ਸਾਰੀ ਖ਼ਾਲਕ ਵਾਂਗ ਲੱਗੇ,
ਨਾ ਹੀ ਮੈਂ ਲੱਗੇ ਨਾ ਹੀ ਤੂੰ ਲੱਗੇ।

ਜੀਹਦੇ ਦੰਦੀ ਹੈ ਸੂਰ ਦਾ ਮਾਸ ਫਸਿਆ,
ਇਹਦੀ ਪੰਗਤ ਵਿਚ ਬੈਠ ਕੇ ਖਾ ਸੱਕੇ।

ਗਾਂ ਦੇ ਕਤਲ ਵਾਲਾ ਛੁਰਾ ਹੱਥ ਜੀਹਦੇ,
ਜੇ ਉਹ ਭੁੱਖੇ ਨਿਸੰਗ ਉਹ ਆ ਸੱਕੇ।

ਮੈਨੂੰ ਪਤੈ ਕਿ ਰਾਜਿਆਂ ਰਾਣੀਆਂ ਨੇ,
ਇਹਨੂੰ ਸੋਨੇ ਦੇ ਵਿਚ ਮੜ੍ਹਵਾ ਦੈਣੇਂ।

ਹਾਲ ਅੱਗੇ ਜੁ ਮੰਦਰਾਂ, ਮਸਜਿਦਾਂ ਦਾ,
ਹਾਲ ਇਹਦਾ ਵੀ ਉਹੀਓ ਬਣਾ ਦੈਣੇਂ।



ਥੋੜੇ ਨਾਂ ਦੀ ਰੱਖ ਹੈ ਏਸ ਨੀਂਹ ਨੂੰ,
ਭਾਵੇਂ ਤੁਸੀਂ ਹੋ ਕਰਨੀਆਂ ਕਰਨ ਵਾਲੇ।

ਇਹਦੀ ਹਵਾ ਨੇ ਤਾਹੀਉਂ ਹੀ ਸਾਫ਼ ਰਹਿਣੈਂ,
ਏਥੇ ਆਉਣਗੇ ਤਵੀਆਂ ਤੇ ਸੜਨ ਵਾਲੇ।

ਲੋਕ ਦੇਖਣਗੇ ਅਸੀਂ ਤਾਂ ਦੇਖਣਾ ਨਹੀਂ,
ਇਹ ਤਾਂ ਰਹੂ ਮਜ਼ਲੂਮਾਂ ਦੀ ਤੜੀ ਬਣ ਕੇ।

ਪਰ ਇਹਤੇ ਆ ਕੇ ਭੜਭੂੰਜੇ ਜੇ ਤੜੀ ਰੱਖਣ,
ਇਹ ਤਾਂ ਰਹੂਗੀ ਉਨ੍ਹਾਂ ਦੀ ਮੜ੍ਹੀ ਬਣ ਕੇ।

ਦਿੱਲੀ ਮੁੱਲਾਂ, ਮਸੰਦਾਂ ਨੂੰ ਮਗਰ ਲਾ ਕੇ,
ਰੋਜ਼ ਆਖੇ ਕਿ ਕੱਢਣੇ ਵਿੰਗ ਇਹਦੇ।

ਐਪਰ ਦਰਸ਼ਨਾਂ ਦੀ ਫੀਸ ਦੇਣ ਖ਼ਾਤਰ,
ਬੰਦ ਬੰਦ ਕਟਵਾਉਣਗੇ ਸਿੰਘ ਇਹਦੇ।

ਮੈਂ ਤਾਂ ਸਾਰਿਆਂ ਲੋਕਾਂ ਨੂੰ ਸੱਦਿਆ ਹੈ,
ਉਲਟ ਜ਼ੁਲਮ ਦੇ ਜਿਥੇ ਜੋ ਅੜੇ ਹੋਏ ਨੇ।

ਨੀਂਹ ਰੱਖੋ ਕਿ ਜੱਗ 'ਤੇ ਪੀਰ ਸਾਰੇ,
ਬੱਠਲ ਗਾਰੇ ਦੇ ਚੁੱਕ ਕੇ ਖੜ੍ਹੇ ਹੋਏ ਨੇ।

ਏਸ ਸੂਲ, ਸੁਰਾਹੀ ਦੇ ਸਰ ਵਿਚੋਂ,
ਲੱਖਾਂ, ਖੰਜਰ ਪਿਆਲਿਆਂ ਜੰਮਣਾ ਹੈ।

ਜਿਨ੍ਹਾਂ ਖੇਤਾਂ 'ਚੋਂ ਏਸ ਦੀ ਭਾਫ਼ ਲੰਘੇ,
ਉਥੋਂ ਲੱਖਾਂ ਦਿਆਲਿਆਂ ਜੰਮਣਾ ਹੈ।

ਹੁੰਦਾ ਦੇਖ ਕੇ ਦਿੱਲੀ ਦਾ ਤਖ਼ਤ ਪੁੱਠਾ,
ਰਹਿਮਤ ਇਹਦੀ ਕਰਾੜੀ ਨਾ ਸਮਝ ਬੈਠੇ

ਇਹ ਤਾਂ ਢਾਬ ਖਤਰਾਣੇ ਦੀ ਬਣੇ ਜੰਮ ਜੰਮ,
ਇਹਨੂੰ ਗੁੱਗੇ ਦੀ ਮਾੜੀ ਨਾ ਸਮਝ ਬੈਠੇ

ਜਿਹੜੀ ਫ਼ਸਲ 'ਤੇ ਪਏਗੀ ਤ੍ਰੇਲ ਇਹਦੀ,
ਉਹਨੇ ਸੇਠ ਦੀ ਮਰਜ਼ੀ ਨਾ ਤੁਲਣਾ ਨਹੀਂ।

ਇਹਦੀ ਛਾਂ ਵਿਚ ਜੀਹਨੇ ਵੀ ਲਿਆ ਠੌਂਕਾ,
ਉਹਨੇ ਯਾਰੜੇ ਦਾ ਸੱਥਰ ਭੁੱਲਣਾ ਨਹੀਂ।

ਕਿਰਤੀ ਸਿੰਘਾਂ ਦੀ ਪਤ ਤੇ ਪੁੱਤ ਖੋਹ ਕੇ,
ਜਿਹੜਾ ਏਸ ਥਾਂ ਐਸ਼ ਉਡਾਏ ਪੀਰਾ।

ਸਿਰ ਉਸ ਦਾ ਨੇਜੇ ਦੀ ਨੋਕ ਉਤੇ,
ਇਹਦੀ ਕਿਰਨ ਝੱਟ ਆ ਕੇ ਉਠਾਏ ਪੀਰਾ।

- *ਸ੍ਰੀ ਗੁਰਦੇਵ ਸਿੰਘ ਜ਼ੈਲਦਾਰ, ਪਿੰਡ ਤੇ ਡਾਕਘਰ ਉਭਾਵਾਲ (ਬਡਰੁੱਖਾਂ) ਵਿਆਹ 12.2.1986 ਸਵੇਰੇ ਇਹ ਗੀਤ ਲਿਖਣ ਵੇਲੇ ਉਦਾਸੀ ਨੇ ਹੀ ਲਿਖਤ ਵਿਚ ਇਹ ਨੋਟ ਦਰਜ ਕੀਤਾ ਹੈ।*
- *ਉਦਾਸੀ ਦਾ ਇਹ ਅਤੇ ਦੀਵਾਲੀ ਵਾਲਾ ਗੀਤ ਇਹ ਦੋਵੇਂ ਅਣਛਪੇ ਗੀਤ ਮੇਹਰ ਸਿੰਘ, ਇਕਬਾਲ ਸਿੰਘ ਪਿੰਡ ਭਲੂਰ, ਜ਼ਿਲਾ ਫਰੀਦਕੋਟ ਕੋਲੋਂ ਪ੍ਰਾਪਤ ਹੋਏ ਹਨ।*

*–ਰਾਹੀ*

•



## ਰੰਘਰੇਟਾ ਗੁਰੂ ਕਾ ਬੇਟਾ

**(ਭਾਈ ਜੈਤਾ ਜੀ ਦੇ ਨਾਂ)**

ਚੌਂਕੀਦਾਰ ਮੈਂ ਚਾਂਦਨੀ ਚੌਕ ਦਾ ਹਾਂ,
ਚਿੜੀ ਚੂਕਦੀ ਰਾਤ ਨਿਖੁੱਟ ਰਹੀ ਏ।
ਕੱਲ੍ਹ ਰਾਤ ਜੋ ਸੂਰਜ ਸੀ ਕਤਲ ਹੋਇਆ,
ਪਹੁ ਉਸੇ ਦੇ ਸੀਸ 'ਚੋਂ ਫੁੱਟ ਰਹੀ ਏ।

ਭੰਨਿਆ ਠਿੱਕਰ ਸਿਰ ਦਾ ਜੀਹਨੇ ਦਿੱਲੀ ਦੇ ਸਿਰ,
ਪੱਗ ਉਹਦੀ ਬਾਜ਼ਾਰੀਂ ਨਾ ਰੁਲਣ ਦੇਣੀ।
ਧੜ ਸੰਭੇ ਨਾ ਸੰਭੇ ਇਕ ਲੋਕ ਜਾਣਨ,
ਦਿੱਲੀ ਬੰਦ ਕਰਨੀ ਤੇ ਜਾਂ ਹੈ ਖੁਲ੍ਹਣ ਦੇਣੀ।

ਬਾਪੂ ਉਠ ਕੇ ਬੀਹੀ ਵਿਚ ਦੇ ਬਹੁਕਰ
ਨਾਲੇ ਆਖ ਦੇ ਚੌਂਕ ਨਾ ਚੜ੍ਹੇ ਕੋਈ।
ਛਿੱਟੇ ਖ਼ੂਨ ਦੇ ਨਹੀਂ ਇਹ ਤਾਂ ਵਰ੍ਹੇ ਕੋਲੇ,
ਏਧਰ ਪੈਰ ਪਾ ਸ਼ੋਹਦਾ ਨਾ ਸੜੇ ਕੋਈ।

ਅੱਜ ਰਾਤ ਦੀ ਅੱਖ ਵੀ ਚੁਗ਼ਲ ਵਰਗੀ,
ਸੀਸ ਤਲੀ ਰੱਖ ਕੇ ਹੈ ਸੀਸ ਚੁੱਕਣਾ।
ਸੀਸ ਚੁੱਕਣ ਦੀ ਫ਼ੀਸ ਹੈ ਸੀਸ ਬਾਪੂ,
ਦੱਸ ਤੂੰ ਫ਼ੀਸ ਦੇਣੀ ਜਾਂ ਹੈ ਸੀਸ ਚੁੱਕਣਾ।

ਮੇਰਾ ਮਿਲੇ ਮੁਹਾਂਦਰਾ ਏਸ ਸਿਰ ਨਾਲ,
ਮੇਰਾ ਸਿਰ ਵੱਢ ਕੇ ਰੱਖ ਦੇ ਏਸ ਦੀ ਥਾਂ।
ਉਂ ਵੀ ਮਰਨ ਲੱਖਾਂ ਸਹਿੰਦੇ ਭੁੱਖ ਦੇਖੇ,
ਮੇਰੀ ਮਾਂ ਬਣ ਜੂ ਜੀਵਨ ਸਿੰਘ ਦੀ ਮਾਂ।

ਜਿਹੜਾ ਫੜਦਾ ਡੰਗੋਰੀ ਇਤਿਹਾਸ ਦੀ ਨਾ,
ਮੁਕਤੀ ਲਹਿਰ ਦੀ ਉਹ ਨਾ ਨਾਪਦਾ ਏ।
ਮੁੰਡਪੁਣੇ ਦੀ ਗੱਲ ਨਾ ਕਰੀਂ ਮੁੰਡਿਆ,
ਪਹਿਲਾਂ ਮੁੰਡੇ ਦਾ ਹੱਕ, ਕਿ ਬਾਪ ਦਾ ਏ।

ਪਹਿਨ, ਪੱਚਰ, ਹੰਢਾ ਤੇ ਖਾ ਪੀ ਕੇ,
ਲਿਆ ਦੇਖ ਮੈਂ, ਅਜੇ ਤੂੰ ਦੇਖਣਾ ਹੈ।
ਤੂੰ ਤਾਂ ਆਪ ਹੀ ਵੇਖ ਲੀਂ ਰਾਹ ਕਿਹੜਾ,
ਗੂੜ੍ਹਾ ਚਿਤਰਨਾ ਜਾਂ ਕੀਹਨੂੰ ਮੇਸਣਾ ਹੈ।

ਛੇਤੀ ਕਰ, ਕਰ ਗੱਲ ਨਾ ਹੋਰ ਬਾਹਲੀ,
ਗੱਲੀ ਗੱਲੀ ਅਵੇਰ ਨਾ ਹੋ ਜਾਵੇ।
ਏਸ ਸੀਸ ਦੀ ਥਾਂ ਮੇਰਾ ਸਿਰ ਰੱਖਦਿਆਂ,
ਕਿਤੇ ਤੈਨੂੰ ਸਵੇਰ ਨਾ ਹੋ ਜਾਵੇ॥

ਨੰਗੇ ਪੈਰ ਬਿਆਈਆਂ ਦੇ ਨਾਲ ਪਾਟੇ,
ਮਲੇ ਲਤੜਦਾ ਵੀ ਰੱਖੀਂ ਆਸ ਧੁਰ ਦੀ।
ਝੰਡਾ ਸੁਰਗਾਂ ਦੀ ਪੌੜੀ ਦਾ ਮਿਲੂ ਮੈਨੂੰ,
ਚੜ੍ਹੇ ਡੰਡੀ ਜਾ ਦਿੱਲੀਓਂ ਆਨੰਦਪੁਰ ਦੀ।

ਜਿੱਤ ਜੈਤਿਆ! ਘੋਲ ਇਹ ਸਿਰਾਂ ਦਾ ਹੈ,
ਲੱਤਾਂ ਨਾਲ ਚੰਬੜੀ ਬੇਸ਼ੱਕ ਛਿੰਗ ਹੋਵੇ।
ਲੱਖਾਂ ਨਿੱਤ ਜੁ ਅਨਿਆਈਂ ਮੌਤ ਕਰਦੇ,
ਜੈਤਾ ਉਨ੍ਹਾਂ ਲਈ ਜੀਵਨ ਸਿੰਘ ਹੋਵੇ।



ਮੰਦਰ, ਮਸਜਿਦਾਂ ਲੰਬੀਆਂ ਤਾਣ ਸੁੱਤੇ,
ਕਹਿੰਦੇ ਹੋਈ ਜਾਵੇ ਜੋ ਕੁਝ ਹੋਈ ਜਾਂਦੈ।
ਏਨਾ ਫਿੱਟਿਐ ਫ਼ਿਰਕੂ ਜਨੂੰਨ ਏਥੇ,
ਡੁੱਲ੍ਹੇ ਖ਼ੂਨ ਦੀ ਕਰੀ ਬਦਖ਼ੋਈ ਜਾਂਦੈ।

ਮੇਰਾ ਦੇਈਂ ਸੁਨੇਹਾ ਗੋਬਿੰਦ ਤਾਈਂ,
ਦਾਅਵੇ ਜ਼ੁਲਮ ਦੇ ਕਦੋਂ ਤਕ ਜਰੀ ਜਾਣੇ।
ਹੱਥ ਤੇਗ਼ ਦੇ ਮੁੱਠੇ ਨੂੰ ਪਾਉਣ ਖ਼ਾਤਰ,
ਇਹਦੀ ਭੇਟ ਸਿਰ ਕਿੰਨੇ ਕੁ ਕਰੀ ਜਾਣੇ।

•

## ਭਾਈ ਘਨੱਈਏ ਦੀ ਪੇਸ਼ੀ

ਜੂਝਦੇ ਸਿਪਾਹੀਆਂ ਨੂੰ, ਮੌਤ ਦਿਆਂ ਰਾਹੀਆਂ ਨੂੰ
ਛੱਡ ਆਇਆਂ! ਆਉਣਾ ਸੀ ਜ਼ਰੂਰ।
ਪਿੱਛੇ ਵੇਖ ਕਿੰਨੇ ਹੱਥ ਕੱਢਦੇ ਨੇ ਹਾੜੇ,
ਛੇਤੀ ਹਾਜ਼ਰੀ ਲਾ ਮੋੜ ਦੇ ਹਜ਼ੂਰ।

ਭਰ ਭਰ ਝੋਲੀਆਂ ਤੂੰ ਦਯਾ ਦੀ ਨਜ਼ਰ ਦਿੱਤੀ,
ਇਹਦੇ 'ਚ ਦੁਰੇਜਾ ਪੈ ਨ੍ਹੀਂ ਸਕਦਾ।
ਤੇਰੀ ਦਿੱਤੀ ਦਾਤ ਮੂਹਰੇ ਅੱਡੇ ਜੇ ਵੈਰੀ ਬੁੱਕ,
ਖ਼ਾਲੀ ਰਹਿ ਜੇ, ਮੈਂ ਇਹ ਸਹਿ ਨ੍ਹੀਂ ਸਕਦਾ।
ਯਾਰੜੇ ਦੇ ਸੱਥਰਾਂ ਤੋਂ ਸਾਂਭਿਆ ਨ੍ਹੀਂ ਜਾਂਦਾ,
ਤੇਰੀ ਸੂਲਾਂ ਦੀ ਸੁਰਾਹੀ ਦਾ ਸਰੂਰ।
ਪਿੱਛੇ ਵੇਖ ਕਿੰਨੇ ਹੱਥ ਕੱਢਦੇ ਨੇ ਹਾੜੇ...

ਇਨ੍ਹਾਂ ਨੂੰ ਵੀ ਟੁੱਕ ਉਤੇ ਜਾਣਦੇ ਨੇ,
ਜਿੰਨੇ ਵੀ ਔਰੰਗਿਆਂ ਦੇ ਯਾਰ ਨੇ।
ਕੀਹਦਾ ਚਿੱਤ ਕਰਦੈ ਕਿ ਮਰਾਂ ਪਰ ਇਹ ਮਰਦੇ ਨੇ,
ਕਿਉਂਕਿ ਤੰਗ ਤੇ ਬੇਕਾਰ ਨੇ।
ਅੰਨ੍ਹੇ ਪਿਉ ਦੀ ਸੋਟੀ, ਧੀਆਂ, ਭੈਣਾਂ ਦੀਆਂ ਇਹ ਤਾਂ,
ਸੱਜ ਵਿਹਾਂਦੜਾਂ ਦੇ ਮਾਂਗ ਦੇ ਸੰਧੂਰ।
ਪਿੱਛੇ ਵੇਖ ਕਿੰਨੇ ਹੱਥ ਕੱਢਦੇ ਨੇ ਹਾੜੇ...

ਔਹ ਕੋਈ ਅੱਲ੍ਹਾ! ਅੱਲ੍ਹਾ!! ਕਰੇ,
ਜੀਹਦੀ ਜਰ ਜੋਰੂ ਉਤੇ ਨੀਤ ਹੈ ਕਰੋੜੀਏ ਕਰਾੜ ਦੀ।
ਨਾਲ ਹੀ ਪਰੇ ਹੈ ਕੋਈ ਵਾਹਿਗੁਰੂ ਬੋਲੇ,
ਜੀਹਦੀ ਸ਼ਾਦੀ ਸੀਗੀ ਪਿਛਲੇ ਹੀ ਹਾੜ ਦੀ।



ਜਾਤ-ਪਾਤ ਨਾਲੋਂ ਜ਼ਿਆਦਾ ਮਾਣਦਾ ਜਮਾਤ,
ਤੇਰੇ ਖ਼ੰਜਰ ਪਿਆਲੇ ਦਾ ਸਰੂਰ।
ਪਿੱਛੇ ਵੇਖ ਕਿੰਨੇ ਹੱਥ ਕੱਢਦੇ ਨੇ ਹਾੜੇ...

ਇਨ੍ਹਾਂ ਨੂੰ ਜਮਾਤੀ ਯੁੱਧ ਦੀ ਜੇ ਜ਼ਰਾ ਸੂਝ ਹੁੰਦੀ,
ਕਾਹਨੂੰ ਇਹ ਸ਼ਰੀਕਾਂ ਨਾਲ ਖੜ੍ਹਦੇ।
ਬੁਧੂ ਸ਼ਾਹ ਦੇ ਪੀਰਾ! ਪੀਰ ਜੱਗ ਦਾ ਬਣਾ ਕੇ,
ਤੈਨੂੰ ਵੈਰੀਆਂ ਦੇ ਘੇਰਿਆਂ 'ਚੋਂ ਕੱਢਦੇ।

ਤੇਰੀ ਹਾਜ਼ਰੀ 'ਚ ਪਾਣੀ ਪਿਆਸੜੇ ਨੂੰ ਦੇਣਾ,
ਮੈਨੂੰ ਏਦੂੰ ਵੱਡਾ ਹੋਣਾ ਕੀ ਗ਼ਰੂਰ।
ਪਿੱਛੇ ਵੇਖ ਕਿੰਨੇ ਹੱਥ ਕੱਢਦੇ ਨੇ ਹਾੜੇ...

ਕਣਕਾਂ ਨੂੰ ਆਊਗਾ ਪਸੀਨਾ ਡੁੱਲ੍ਹੇ ਖ਼ੂਨ ਦਾ ਜਾ,
ਜੋਰੀ ਜਰਵਾਣੇ ਰਹਿ ਨ੍ਹੀਂ ਸਕਣੇ।
ਭਾਈ, ਮੁੱਲਾਂ, ਪਾਦਰੀ, ਦੇ ਫੇਰ ਰਾਜ ਮਹਿਲਾਂ ਵਿਚ
ਫ਼ਿਰਕੂ ਠਿਕਾਣੇ ਰਹਿ ਨ੍ਹੀਂ ਸਕਣੇ।
ਤੇਰੀ ਦਿੱਤੀ ਅਜੇ ਭਰੀ ਦੀ ਭਰਾਈ,
ਇਹ ਨਾ ਊਣੇ ਅਜੇ, ਨੱਕੋ ਨੱਕ ਨੂਰ।
ਪਿੱਛੇ ਵੇਖ ਕਿੰਨੇ ਹੱਥ ਕੱਢਦੇ ਨੇ ਹਾੜੇ...

ਜੂਝਦੇ ਸਿਪਾਹੀਆਂ ਨੂੰ, ਮੌਤ ਦਿਆਂ ਰਾਹੀਆਂ ਨੂੰ,
ਛੱਡ ਆਇਆ! ਆਉਣਾ ਸੀ ਜ਼ਰੂਰ।
ਪਿੱਛੇ ਵੇਖ ਕਿੰਨੇ ਹੱਥ ਕੱਢਦੇ ਨੇ ਹਾੜੇ,
ਛੇਤੀ ਹਾਜ਼ਰੀ ਲਾ ਮੋੜ ਦੇ ਹਜ਼ੂਰ।

•

## ਭਗਤ ਰਵਿਦਾਸ ਨੂੰ

ਧੁਰ ਕੀ ਬਾਣੀਏਂ! ਦਿਲਾਂ ਦੀਏ ਰਾਣੀਏਂ ਨੀ!
ਤੇਰੇ ਮੂੰਹ ਲਗਾਮ ਨਾ ਰਹਿਣ ਦੇਣਾ।
ਜਿੰਨੀ ਬਾਣੀ ਹੈ ਕਿਰਤ ਤੇ ਫਲਸਫ਼ੇ ਦੀ,
ਨਾਲੇ ਉਹਨੂੰ ਬੇਨਾਮ ਨਾ ਰਹਿਣ ਦੇਣਾ।

ਇੱਕੋ ਬਾਪ ਤੇ ਇੱਕੋ ਦੇ ਪੁੱਤ ਸਾਰੇ,
ਹੇ ਰਵਿਦਾਸ ਮੈਂ ਫਿਰ ਦੁਹਰਾ ਰਿਹਾ ਹਾਂ।
'ਬੇਗ਼ਮਪੁਰੇ' ਬਾਰੇ ਤੇਰੇ ਗੀਤ ਸਾਰੇ,
ਇਸ ਰਚਨਾ ਦੇ ਵਿਚ ਸਮਾ ਰਿਹਾ ਹਾਂ।

ਇਹ ਨਹੀਂ ਦਰਬਾਰ ਦਿਹੁਰਿਆਂ ਦਾ,
ਕਿਰਤੀ ਭਗਤ ਦਾ ਜਿਥੇ ਸਨਮਾਨ ਨਹੀਓਂ।
ਕਿਰਤੀ-ਕਾਮੇ ਨੂੰ ਨੀਚ ਚੰਡਾਲ ਦੱਸੇ,
ਗੁਰੂ ਗ੍ਰੰਥ ਕੋਈ ਵੇਦ-ਪੁਰਾਣ ਨਹੀਓਂ।

ਕਿਰਤੀ ਬ੍ਰਾਹਮਣ ਦੀ ਜੁੱਤੀ ਨੂੰ ਗੰਢ ਕੇ ਤੂੰ,
ਪੁੰਨ ਲੈ ਲਿਆ ਗੰਗਾ ਦੇ ਨਹਾਉਣ ਵਰਗਾ।
ਬੇ-ਦੋਸ਼ੀ ਹਰਜੋਟੀ ਛੁਡਾਉਣ ਖ਼ਾਤਰ,
ਜੇਰਾ ਕਰ ਲਿਆ ਮਰਨ ਮਰਾਉਣ ਵਰਗਾ।

ਤੇਰੀ ਰੰਬੀ ਨੇ ਭਰਮਾਂ ਦੇ ਭੇਦ ਪਾੜੇ,
ਤੇਰੀ ਸੂਈ ਨੇ ਲੋਕਾਂ ਦੇ ਫੱਟ ਸੀਤੇ।
ਤੇਰੇ ਟਾਂਕੜੇ ਨੇ ਲਾਇਆ ਅਜਬ ਟਾਂਕਾ,
ਅੱਡੇ ਰਾਠਾਂ ਦੇ ਚੌੜ-ਚੁੱਪਟ ਕੀਤੇ।



ਕਿਰਤੀ ਇਕ ਜਮਾਤ ਹੈ ਜਾਤ ਨਹੀਓਂ,
ਜਾਤੀ ਭੇਦ ਹੈ ਹੇਜ ਜਨੂੰਨੀਆਂ ਦਾ।
ਕੁੰਨਾਂ ਵਿਚ ਘੁਚੱਲ ਕੇ ਸਾਫ਼ ਕੀਤਾ,
ਕਾਲਾ ਚਿੱਤ ਤੂੰ ਮਜ਼੍ਹਬੀ ਕਾਨੂੰਨੀਆਂ ਦਾ।

ਤੇਰੇ ਗੀਤਾਂ 'ਚੋਂ ਸਮਿਆਂ ਨੇ ਸੇਧ ਲੈ ਕੇ,
ਸਮਾਂ ਸੋਚਣਾ ਕਿਰਤ ਆਜ਼ਾਦੀਆਂ ਦਾ।
ਕਦੇ ਹੋਏਗਾ ਹਿੰਦ ਦੀ ਹਿੱਕ ਉਤੇ,
ਬੇਗ਼ਮਪੁਰਾ ਇਕ ਪਿੰਡ ਆਬਾਦੀਆਂ ਦਾ।

•

## ਦੋ ਰਾਹ

**(ਬਾਬਾ ਬੰਦਾ ਸਿੰਘ ਬਹਾਦਰ ਜੀ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਘਿਰੇ ਹੋਏ ਲੋਕਾਂ ਨੂੰ ਛੱਡ ਕੇ ਜਾਣ ਵਾਲੇ ਭਾਈ ਵਿਨੋਦ ਨਾਲ)**

ਤੁਸੀਂ ਜਾਣੈਂ ਤਾਂ ਜਾਓ ਵਿਨੋਦ ਸਿੰਘਾ!
ਭਾਣਾ ਕਰਾਂਗੇ ਅਸੀਂ ਮਨਜ਼ੂਰ ਭਾਈ।
ਭੀੜਾਂ ਵਿਚ ਤਾਂ ਦੱਬ ਕੇ ਹੋਰ ਭਿੜਨੈਂ
ਐਪਰ ਸਿੰਘਾਂ ਦਾ ਪਹਿਲਾ ਦਸਤੂਰ ਭਾਈ।

ਕੀ ਫੂਕਣਾ ਨਿੱਘ ਤਲਾਈਆਂ ਦਾ,
ਠਰੂੰ ਠਰੂੰ ਜਦ ਕਰਦੇ ਨੇ ਜੁੱਟ ਸਾਡੇ
ਤਲਸੂੰ ਤਲਸੂੰ ਇਕ ਬੂੰਦ ਨੂੰ ਸਿੰਘ ਕਰਦੇ,
ਕਿਵੇਂ ਲੰਘੂਗੀ ਪਾਣੀ ਦੀ ਘੁੱਟ ਸਾਡੇ।

ਇਹ ਗੜ੍ਹੀ ਚਮਕੌਰ ਦੀ ਗੜ੍ਹੀ ਨਹੀਓਂ,
ਜਿਥੇ ਪੰਜਾਂ ਦੇ ਨਾਲ ਨਾ ਰਿਹਾ ਜਾਵੇ।
ਏਥੇ ਘਿਰਿਆ ਹਜ਼ਾਰਾਂ ਦਾ ਕਾਫ਼ਲਾ ਹੈ,
ਮੈਥੋਂ ਇਹਨੂੰ ਬੇ-ਦਾਵਾ ਨਾ ਕਿਹਾ ਜਾਵੇ।

ਇਨ੍ਹਾਂ ਥੱਕਿਆਂ, ਜ਼ਖ਼ਮੀਆਂ, ਭੁੱਖਿਆਂ ਤੋਂ,
ਜੇਕਰ ਸਾਡਾ ਵੀ ਮੁੱਕੇ ਧਰਵਾਸ ਸਿੰਘਾ।
ਭਲਾ ਆਉਣ ਵਾਲੇ ਲੋਕ-ਲੀਡਰਾਂ 'ਤੇ,
ਲੋਕੀਂ ਕਰਨਗੇ ਕਿਵੇਂ ਵਿਸ਼ਵਾਸ ਸਿੰਘਾ।



ਬਚ ਕੇ ਜਾਣ ਦਾ ਤਰਲਾ ਜੇ ਮਾਰੀਏ ਵੀ,
ਸਿੱਥਲ ਲੋਕ ਨੇ ਘੜੀ ਨਾ ਜੀਣ ਲੱਗੇ।
ਜਿਹੜੇ ਦੁਸ਼ਟਾਂ ਤੋਂ ਲੋਕ ਛੁਡਾਏ ਆਪਾਂ,
ਉਹ ਵੀ ਖੰਡ ਨਾ ਸਾਨੂੰ ਪ੍ਰੀਣ੍ਹ ਲੱਗੇ।

ਅਸੀਂ ਤੇਗ਼ ਦੇ ਮੁੱਠੇ 'ਤੇ ਹੱਥ ਧਰੀਏ,
ਸਿੱਕਾ ਮੁਗ਼ਲਸ਼ਾਹੀ ਭਾਵੇਂ ਪੌਂਡ ਹੋ ਜੇ।
ਮੇਰੀ ਅੱਜ ਤੋਂ ਅਰਜ਼ ਹੈ ਜਥੇਦਾਰੋ,
ਪੰਥ ਖ਼ਾਲਸਾ ਅੰਡਰ-ਗਰਾਊਂਡ ਹੋ ਜੇ।

ਗੁਪਤ ਸਿੰਘਾਂ ਦੀ ਭਾਲ ਵਿਚ ਪੁਲਸੀਆਂ ਤੋਂ,
ਬੰਦ ਬੰਦ ਕਟਵਾਉਣਾ ਵੀ ਪੈ ਸਕਦੈ।
ਦੇਗ਼ਾਂ, ਚਰਖੀਆਂ, ਆਰਿਆਂ, ਕੋਹਲੂਆਂ ਦਾ,
ਕਿੱਸਾ ਮੁੜ ਕੇ ਦੁਹਰਾਉਣਾ ਵੀ ਪੈ ਸਕਦੈ।

ਭਾਵੇਂ ਪੱਚੀ ਦਾ ਪੱਚੀ ਹਜ਼ਾਰ ਬਣ ਜੇ,
ਭਾਵੇਂ ਚਾਲੀਓਂ ਚਾਲੀ ਹਜ਼ਾਰ ਹੋਵੇ।
ਸਿੰਘ ਮਾਰੇ ਨਾ ਧਾਰ ਇਨਾਮ ਉਤੇ,
ਨਾ ਹੀ ਖ਼ਾਲਸਾ ਕਦੇ ਗ਼ੱਦਾਰ ਹੋਵੇ।

•

## ਗ਼ਜ਼ਲ

ਆਦਮੀ ਜੋ ਹੋ ਗਿਆ ਸ਼ੈਤਾਨ ਹੈ
ਮੇਮਨੇ ਦੀ ਖੱਲ ਵਿਚੋਂ ਹੈਵਾਨ ਹੈ
ਮਜ਼੍ਹਬ ਦੇ ਨਾਂ 'ਤੇ ਦਰਿੰਦਗੀ ਕਰ ਰਿਹੈ
ਤੁਅਸਬਾਂ ਨੇ ਖਾ ਲਿਆ ਇਨਸਾਨ ਹੈ।

ਪਿਆਰ ਤੇ ਅਪਣੱਤ ਕਿਧਰੇ ਭੁੱਲ ਗਏ
ਕਾਫ਼ਰਾਂ ਨੇ ਲੁੱਟ ਲਿਆ ਭਗਵਾਨ ਹੈ।
ਰਹਿਬਰਾਂ ਨੇ ਫੜ ਲਈ ਹੈ ਰਾਹਜ਼ਨੀ
ਖਾ ਰਿਹਾ ਠੋਹਕਰਾਂ ਈਮਾਨ ਹੈ।

ਆਦਿ, ਮੱਧ, ਅੰਤ ਕੁਝ ਨਾ ਬਦਲਿਆ
ਕੀ ਹੋਇਆ ਜੇ ਬਦਲਿਆ ਅਨੁਵਾਨ ਹੈ
ਜਬਰ ਦਾ ਚੱਕਰ ਨਾ ਮੁਕਦਾ ਦਿਸ ਰਿਹਾ
ਆ ਗਈ ਮੁੱਠੀ 'ਚ ਸਭ ਦੀ ਜਾਨ ਹੈ।

ਵਧ ਰਹੀ ਹੈ ਗੋਗੜ ਕਾਰੂੰ ਸੇਠ ਦੀ
ਮਰ ਰਿਹਾ ਮਜ਼ਦੂਰ ਤੇ ਕਿਰਸਾਨ ਹੈ।
ਕੀ ਹੋਇਆ ਤਲਵਾਰ ਹੈ ਜੰਗਲਾਅ ਗਈ
ਮਖ਼ਮਲਾਂ ਦੇ ਵਿਚ ਲਿਪਟੀ ਮਿਆਨ ਹੈ।
ਕਾਤਲਾਂ ਦੇ ਹੱਥ 'ਚ ਬਾਈਬਲ ਦੇਖ ਕੇ
ਹੋ ਰਿਹਾ ਅੱਜ ਪਾਦਰੀ ਹੈਰਾਨ ਹੈ।

•



## ਗ਼ਜ਼ਲ
**(ਸਾਧੂ ਸਿੰਘ ਹਮਦਰਦ ਦੇ ਨਾਂ)**

*ਇਹ ਠੀਕ ਹੈ ਕਿ ਬਹੁਤ ਸਾਰੇ ਨਵੇਂ ਤੇ ਪੁਰਾਣੇ ਗ਼ਜ਼ਲਗੋਆਂ ਦੀ ਮਿਹਨਤ ਸਦਕਾ ਅੱਜ ਪੰਜਾਬੀ ਗ਼ਜ਼ਲ ਆਪਣੀਆਂ ਮੰਜ਼ਿਲਾਂ ਮਾਰ ਰਹੀ ਹੈ। ਪਰ ਇਸ ਖੇਤਰ ਵਿਚ ਇਕ ਅਜਿਹਾ ਸ਼ਖ਼ਸ ਹੈ ਜੋ ਇਹ ਸਫ਼ਲਤਾ ਦੀ ਕਲਗੀ ਜੋਰਾ ਜਰਬੀ ਦੂਜਿਆਂ ਤੋਂ ਖੋਹ ਕੇ ਆਪਣੇ ਸਿਰ 'ਤੇ ਲਾਉਣ ਦੀ ਸਿਰਤੋੜ ਕੋਸ਼ਿਸ਼ ਕਰ ਰਿਹਾ ਹੈ ਤੇ ਆਪਣਾ ਨਾਂ ਪੁਰਾਣੇ ਉਸਤਾਦ ਗ਼ਜ਼ਲਗੋਆਂ ਨਾਲ ਜੋੜਦਾ ਹੈ। ਉਹ ਸ਼ਖ਼ਸ ਹੈ, ਸਾਧੂ ਸਿੰਘ 'ਹਮਦਰਦ'। ਮੈਂ ਚਾਹੇ ਕਦੇ ਗ਼ਜ਼ਲ ਨਾ ਲਿਖੀ ਹੋਵੇ ਪਰ ਇਸ ਆਪੇ ਬਣੇ ਉਸਤਾਦ ਦੀ ਅਦਾਕਾਰੀ ਤੋਂ ਅੱਕ ਕੇ ਇਹ ਗ਼ਜ਼ਲ ਲਿਖੀ ਹੈ:* ***-ਉਦਾਸੀ***

ਕਿਹੜਾ ਮੈਨੂੰ ਕਹਿੰਦਾ ਨਹੀਂ ਸਰਦਾਰ ਗ਼ਜ਼ਲ ਦਾ।
ਮੇਰੇ ਹੱਥ ਵਿਚ ਸਾਰਾ ਕਾਰੋਬਾਰ ਗ਼ਜ਼ਲ ਦਾ।

ਤੁਸੀਂ ਤਾਂ ਦੂਰੋਂ ਨੇੜਿਓਂ ਅੰਗਲੀ ਸੰਗਲੀ ਲੱਭਦੇ,
ਮੈਂ ਹਾਂ ਸਭ ਤੋਂ ਨੇੜੇ ਰਿਸ਼ਤੇਦਾਰ ਗ਼ਜ਼ਲ ਦਾ।

ਕਵਿਤਾ ਦਾ ਜੇ ਰਾਜ਼ ਤਾਂ ਮੈਂ ਵੀ ਕਵਿਤਾ ਦਾ,
ਪਰ ਹਾਲੇ ਮੈਂ ਪ੍ਰਸ਼ੰਸਕ ਹਾਂ ਸਰਕਾਰ ਗ਼ਜ਼ਲ ਦਾ।

ਮੈਂ ਤਾਂ ਚਾਹੁੰਨਾ ਗ਼ਜ਼ਲ ਸਿਤਾਰਿਆਂ ਵਾਂਗੂੰ ਚਮਕੇ,
ਕਰਾਂ ਕੀ ਲੋਕੀਂ ਹੁਲੀਆ ਦੇਣ ਵਿਗਾੜ ਗ਼ਜ਼ਲ ਦਾ।

ਮੇਰੇ ਮਗਰੋਂ ਗ਼ਜ਼ਲ ਵੀ ਆਖ਼ਰ ਮਰ ਹੀ ਜਾਣੀ,
ਫਿਰ ਕਿਸ ਨੇ ਹੈ ਲਾਉਣਾ ਬੇੜਾ ਪਾਰ ਗ਼ਜ਼ਲ ਦਾ।

ਮੈਂ, ਜ਼ਫ਼ਰ ਤੇ ਦਾਗ਼ ਗ਼ਜ਼ਲ ਦੇ ਬਾਨੀ ਹਾਂ
ਇਹ ਤਾਂ ਕੱਲ੍ਹ ਦਾ ਬੱਚਾ ਹੈ 'ਜਗਤਾਰ' ਗ਼ਜ਼ਲ ਦਾ।

ਜੇ ਪਾਉਣਾ ਕੋਈ ਰੁਤਬਾ ਚਰਨੀਂ ਲੱਗ ਮੇਰੇ,
ਲਾ ਦੇਵਾਂਗਾ ਤੈਨੂੰ ਚੌਂਕੀਦਾਰ ਗ਼ਜ਼ਲ ਦਾ।

•

## ਬੋਲੀਆਂ

(1)
ਦਿੱਲੀਏ ਨੀ ਤੇਰਾ ਦਿਲ ਟੁੱਟ ਜਾਵੇ ਜਿਉਂ ਪੱਥਰ ਤੇ ਸੀਸਾ।
ਬੋਹਲਾਂ ਵਾਲੇ ਟੁੱਕ ਨੂੰ ਤਰਸਣ ਆਪ ਭਰ ਲਿਆ ਖੀਸਾ।
ਕਰਜ਼ੇ ਦੀ ਪੰਡ ਕਰਤੀ ਭਾਰੀ ਦੇ ਦੇ ਬੀਸਾ ਤੀਸਾ।
ਸਾਨੂੰ ਚਿੜੀ ਜਨੌਰ ਸਮਝਦੀ ਆਪ ਕਹਾਉਂਦੀ ਈਸਾ।
ਤੂੰ ਗੋਰਿਆਂ ਦੇ ਪਿੱਛੇ ਲੱਗੀ ਕਹਿੰਦਾ ਸੀ ਜਗਦੀਸ਼ਾ।
ਸਸਤੇ ਤੂੰ ਕਰਤੇ ਸੱਤ ਇਕੰਵਜਾ ਮੀਸਾ

(2)
ਵੋਟਾਂ ਦਾ ਇਕ ਜਾਦੂ ਤੱਕਿਆ ਪਾਈਦੈ ਕਾਗ਼ਜ਼ ਫੱਟੇ।
ਡੱਬਿਆਂ ਵਿਚੋਂ ਨਾਗ ਨਿਕਲਦੇ ਬਣ ਕੇ ਹੱਟੇ ਕੱਟੇ।
ਅਕਾਲੀ ਪਾਰਟੀ ਸੰਘ ਛਟਾ ਕੀ ਇਕ ਪੱਲੜੇ ਦੇ ਵੱਟੇ।
ਲੋਕ ਸਭਾ ਵਿਚ ਬਹਿ ਕੇ ਭਿੜਦੇ ਜਿਉਂ ਕਾਗ਼ਜ਼ ਦੇ ਢੱਠੇ।
ਸੱਜੇ ਖੱਬੇ ਕੌਮਨਿਸਟੀਏ ਐਵੇਂ ਚਾਰ ਦੇ ਕੱਟੇ।
ਜੈ ਪ੍ਰਕਾਸ਼ ਦੀ ਸ਼ਾਂਤ ਕ੍ਰਾਂਤੀ ਜਿਵੇਂ ਪਲੇ ਹੋਏ ਗੱਠੇ।
ਬਹੀਆਂ ਦੇ ਵਿਚ ਭਰੇ ਪਏ ਨੇ ਸਾਡੇ ਲਹੂ ਦੇ ਛੱਟੇ।
ਆਪੋਜੀਸ਼ਨ ਵਾਂਗ ਲੂੰਬੜੀ ਕਹੇ ਅੰਗੂਰ ਨੇ ਖੱਟੇ।
ਸੋਸ਼ਲਿਜ਼ਮ ਦੀ ਆਸ ਤਾਂ ਲੋਕੋ ਪੈ ਗਈ ਹੈ ਖ਼ੂਹ ਢੱਠੇ।
ਬਣ ਕੇ ਮੁਖ਼ਬਰ ਰਹਿੰਦੇ ਏਦਾਂ ਜਿਉਂ ਚਾਬੀ ਦੇ ਲੱਠੇ।
ਤਿੱਖੇ ਕਰੋ ਜਮਾਤੀ ਸ਼ਸਤਰ ਹੋਣ ਦਿਉ ਨਾ ਮੱਠੇ।
ਫੰਡਰ ਗਾਂ ਤੋਂ ਭਾਲੋ ਨੇਕੜੂ ਛੱਡ ਛੱਡ ਕੇ ਵੱਛੇ।
ਗਾਲ ਗ਼ੁਲਾਮੀ ਦੀ ਪੈ ਜਾਣੀ ਵਿਚ ਘੱਟੇ...

(3)
ਆਇਆ ਸਾਵਣ ਮਨ ਪ੍ਰਚਾਵਣ ਤੀਆਂ ਖੇਡਣ ਸਈਆਂ।
ਪਿਉਆਂ ਵਰਗੇ ਬੋਹੜ ਦਾ ਪਹਿਰਾ ਤਾਹੀਉਂ ਪੀਘਾਂ ਪਈਆਂ।
ਤਾਈਓਂ ਤਿਲਕਣ ਪਿੰਡ ਸਾਰੇ ਵਿਚ ਅੱਖੀਆਂ ਵਰ੍ਹ ਕੇ ਗਈਆਂ।
ਉਡੀਕਾਂ ਵੀਰ ਦੀਆਂ ਸਾਉਣਾਂ ਨੇ ਖਾ ਲਈਆਂ...

(4)
ਏਸ ਕਿਨਾਰੇ ਅਣਖ ਨਹੀਂ ਤੇ ਮੌਤ ਹੈ ਓਸ ਕਿਨਾਰੇ
ਚਾਰੇ ਪਾਸੇ ਟੱਕਰੀਂ ਭਿੜਦੇ ਵੇਖ ਪਹਾੜ ਹੰਕਾਰੇ
ਸੱਜਰੀ ਸੋਚ ਬੇਹੀ ਨਾ ਹੋ ਜੇ, ਖੜ੍ਹਿਆਂ ਵੀ ਡਰ ਮਾਰੇ
ਸਿਰ ਤਲੀਆਂ 'ਤੇ ਧਰ ਜੋ ਤੁਰਗੇ, ਉਹ ਸੱਦਦੇ ਉਸ ਪਾਰੇ
ਫੋਕੇ ਲਾਈਂ ਨਾ ਵਾਂਗ ਘੜੇ ਦੇ ਲਾਰੇ।

(5)
ਆਦਮ-ਬੋ ਆਦਮ-ਬੋ ਕਰਦੀ ਆਉਂਦੀ ਮੌਤ ਹੈ ਮੂਹਰੇ
ਤੇਰਾ 'ਅਮਨ ਸੰਤਰੀ' ਤੈਨੂੰ ਵਾਂਗ ਯੁੱਧਾਂ ਦੇ ਘੂਰੇ
ਕੰਨ ਪਾਈ ਨਾ ਸੁਣਦੀ ਏਥੇ ਕਿੰਨੇ ਮਾਰ ਵਸੂਰੇ
ਮਰਨਾ ਹੀ ਜੇ ਕਿਉਂ ਨ੍ਹੀਂ ਜਿਊਂਦਾ, ਦੋ ਦਿਨ ਮਾਰ ਖੰਘੂਰੇ
ਪੰਜਾਂ ਦੀ ਪੰਚਾਇਤ ਜਿਵੇਂ ਹੈ, ਇਉਂ ਪੰਜ ਉਂਗਲਾਂ ਹੂਰੇ
ਜੇ ਤੂੰ ਹੈਂ ਬੰਦਾ, ਤਾਂ ਲੱਗ ਤੁਰ ਪੈ ਮੂਹਰੇ।

(6)
ਤੂੰ ਤੋਤਾ ਜਾਂ ਕੋਈ ਮਨੁੱਖ ਹੈਂ, ਜਿਵੇਂ ਸਿਖਾਇਆ ਬੋਲੇਂ
ਕਿਉਂ ਬਣਿਆਂ ਹੈ ਫੋਲਾ ਅੱਖ ਦਾ 'ਵੇਖ' ਕਿਉਂ ਨਾ ਬੋਲੇਂ
ਕਿਉਂ ਥਾਲੀ ਦੇ ਪਾਣੀ ਵਾਂਗੂੰ, ਮਨ ਆਪਣੇ 'ਚੋਂ ਡੋਲੇਂ
ਤੇਰੀ ਮੌਤ ਇਹੀ ਨਾ ਬਣਜੇ, ਜੋ ਅੰਦਰ ਵਿਸ ਘੋਲੇਂ
ਕਿਉਂ ਜ਼ਿੰਦਗੀ ਦੇ ਲਾਲ ਬਰੋਬਰ, ਨਸ਼ਾ ਧਰਮ ਦਾ ਤੋਲੇਂ
ਤੈਨੂੰ ਕੀ ਸਜਦੇ, ਇਸ ਵੇਲੇ ਵੀ ਸ਼ੋਹਲੇ।



(7)
ਕਰੇਂ ਪਦਾਰਥ ਪੈਦਾ ਸਾਰੇ, ਧਰ ਕੇ ਖ਼ਫ਼ਣ ਸਰਹਾਣੇ
ਉਂਗਲੀਆਂ 'ਤੇ ਗਿਣੇ ਪਏ ਨੇ, ਜੋ ਫਲ ਇਸ ਦਾ ਖਾਣੇ
ਭਾਵੇਂ ਵਿਚ ਕਚੈਹਰੀ ਕਹਿ ਦੇ, ਕਹਿ ਦੇ ਜਾਂ ਫਿਰ ਠਾਣੇ
ਏਨਿਆਂ ਲੰਮਿਆਂ ਹੱਥਾਂ ਦੇ ਵੀ, ਉਹ ਕਾਬੂ ਨਾ ਆਣੇ
ਇਨ੍ਹਾਂ 'ਤੇ ਹੈ ਗਜ਼-ਗਜ਼ ਲਾਲੀ, ਤੇਰੇ ਚੂਸ ਨਿਆਣੇ
ਇਨ੍ਹਾਂ ਬਦਲ ਲਏ ਕਈ ਮੌਸਮੀ ਬਾਣੇ।

(8)
ਤੂੰ ਚੁੰਧਿਆਈਆਂ ਅੱਖੀਆਂ ਮੂਹਰੇ, ਚਾਨਣ ਵਾਂਗ ਬਿਖਰ ਜਾ
ਤੂੰ ਭੁੱਖਿਆਂ ਤ੍ਰਿਹਾਇਆਂ ਦੇ ਵਿਚ, ਲੰਗਰ ਵਾਂਗ ਵਰਤ ਜਾ
ਜੰਗਲ ਦੀ ਚੰਗਿਆੜੀ ਵਾਂਗੂੰ, ਵਾਂਗ ਭੰਬੂਕੇ ਬਲ ਜਾ
ਰੰਡੀ ਧਰਤ ਸੁਹਾਗਣ ਹੋਵੇ, ਜਾਹ ਅਮਨਾਂ ਲਈ ਲੜ ਜਾ
ਸਾਰੀਆਂ ਜੂਨਾਂ ਵਿਚੋਂ ਉੱਚਾ ਜੂਨ ਤੇਰੀ ਦਾ ਦਰਜਾ
ਜਿਊਣਾਂ ਜੇ ਚਾਹੇਂ, ਲੋਕਾਂ ਦੇ ਲਈ ਮਰ ਜਾ।

(9)
ਪਿੰਡਾ 'ਗਾਹਾਂ ਪੁੱਤਾਂ ਪਛਾਹਾਂ, ਤੂੰ ਮਨ ਤੋਂ ਇਹ ਚਾਹਵੇਂ
ਲੜਨ ਮਰਨ ਲੋਕਾਂ ਦੇ, ਜਿਊਂਦੇ ਤੂੰ ਆਪਣੇ ਪੁੱਤ ਚਾਹਵੇਂ
ਜੀਵਨ ਦੇ ਕੰਡਿਆਲੇ ਰਾਹ ਤੋਂ, ਰੱਖੇ ਪੈਰ ਉਠਾਵੇਂ
ਮਿਲਸੀ ਨਰਕ, ਸੁਰਗ ਨਾ ਮਿਲਣਾ, ਇਉਂ ਮੰਗਣਾ ਜੇ ਚਾਹਵੇਂ
ਇਸ ਰਾਹ ਤੁਰੇਂ, ਭਰਾ ਜੇ ਮਾਰਨ, ਤਾਂ ਵੀ ਸਿੱਟਣਗੇ ਛਾਵੇਂ
ਜੇ ਆਪਣੀ ਗੱਲ ਕਹਿ ਨਹੀਂ ਸਕਦਾ, ਕਿਉਂ ਕਿਸ ਦਾ ਜਸ ਗਾਵੇਂ
ਕੀਤੇ ਲੋਕਾਂ ਨਾਲ ਕਿਉਂ ਨਾ ਬੋਲ ਪੁਗਾਵੇਂ?

(10)
ਤੇਰੇ ਜੇਡਾ ਰੱਬ ਨਾ ਕੋਈ, ਜੇ ਤੂੰ ਬਣਜੇਂ ਬੰਦਾ
ਤੇਰੀ ਮਰਜ਼ੀ ਚਾਨਣ ਹੁੰਦਿਆਂ, ਜੇ ਤੂੰ ਬਣਜੇਂ ਅੰਧਾ
ਟਿੱਬੇ ਹੋਏ ਨਜ਼ਰ ਨਾ ਆਵਣ, ਜੇ ਤੂੰ ਬਣਜੇਂ ਰੰਦਾ
ਧਰਤੀ ਦੀ ਲਿੱਟ ਸੁਲਝਾਵਣ ਦਾ, ਕਦੋਂ ਛੇੜਨਾ ਧੰਦਾ
ਆਪਣੇ ਬਾਰੇ ਪਸ਼ੂ ਵੀ ਸੋਚਣ, ਸਭ ਲਈ ਸੋਚੇ ਬੰਦਾ
ਤੋਤੇ ਨੇ ਫਲ ਟੁੱਕਦੇ ਤੇਰੇ, ਕਦ ਤੂੰ ਬਣੇਗਾ ਫੰਧਾ
ਚਮਕੀਂ ਚੰਦ ਬਣ ਕੇ ਤੂੰ ਕੁੱਲੀਆਂ ਦਿਆਂ ਚੰਦਾ।

(11)
ਤੂੰ ਬਣਦੀ ਹੈ ਬਹੁਤ ਭੁਲੱਕੜ ਯਾਦ ਕਰੀਂ ਉਹ ਵੇਲਾ।
ਜਦ ਤੈਨੂੰ ਵੀ ਵਾਹਣਾਂ ਵਿਚ ਸੀ ਹੋ ਗਿਆ ਬਹੁਤ ਕੁਵੇਲਾ।
ਔਖੇ ਵੇਲੇ ਕੌਣ ਹੈ ਪੁਛਣੈ, ਕੌਣ ਗੁਰੂ ਕੌਣ ਚੇਲਾ?
ਤੂੰ ਬਘਿਆੜਾਂ ਦੇ ਢਾਹ ਚੜ੍ਹਗੀ, ਜਿਉਂ ਦੁੱਧ ਚੁੰਘਦਾ ਲੇਲਾ।
ਰਾਹੋਂ ਤੈਨੂੰ ਕੁਰਾਹੇ ਲੈ ਗਏ, ਪਾ ਕੇ ਭੌਣ ਝੁਮੇਲਾ?
ਉਛਲੇ ਸਾਗਰ ਤੋਂ ਹੋਣਾ ਤਰਨ ਦੁਹੇਲਾ।

(12)
ਵਿਦਾ ਹੋਇਆ, ਨਾ ਵਾਅਦਾ ਕੀਤਾ, ਮੈਂ ਮਗਰੇਂ ਹਾਂ ਆਈ।
ਦੋਖੀ ਦਾ ਕੀ ਬੇਸ਼ੱਕ ਉਹਨੇ, 'ਕੱਚੀ ਘੜੀ', ਟਕਾਈ।
ਅਜੇ ਜਿਉਣ ਦੀ ਕੜ੍ਹੀ ਜਾਂ ਬੇਹੀ ਫੇਰ ਉਬਲ ਹੈ ਆਈ।
ਕੀ ਗੱਲ ਚੰਗੀ ਨਾ ਕੀਤੀ ਜੇ ਤੂੰ ਐਵੇਂ ਸੀ ਤੜ, ਲਾਈ।
ਹੁਣ ਕੀ ਤੇਰੀ ਝੋਲੀ ਭਰਗੀ, ਜਿਹੜੇ ਕਰੀ ਕਮਾਈ।
ਤੇਰਾ ਕੀ ਖੁਸਜੂ ਕਰਨੀ ਖਟਣ ਕਮਾਈ।



(13)
ਕੱਖ ਪਲਾਹੀ ਹੱਥ ਮਾਰਦਾ, ਲੱਭਦਾ ਤੀਰ ਲਕੋਏ।
ਕਿਹੜੀ ਗਲੋਂ ਤੇ ਰਹੇ ਇਕੱਲਾ, ਵੀਰ ਤੇਰੇ ਕੀ ਮੋਏ।
ਹੁਣ ਤੱਕ ਤੈਨੂੰ ਬਥੇਰੇ ਅੱਥਰੂ, ਹਾਰਾਂ ਵਿਚ ਪਰੋਏ।
ਢੋਦੀਆਂ ਰਹਿਣ ਕਦੋਂ ਤਕ ਨਹਿਰਾਂ, ਸੱਧਰਾਂ ਵਾਂਗ ਨੜੋਏ।
ਕੌਣ ਕਿਸੇ ਦਾ ਧੋਣਾ ਧੋਵੇ, ਜੁ ਅੱਪਣਾ ਨਾ ਧੋਏ।
ਉਸ ਧਰਤੀ ਨੂੰ ਕਹਿਣ ਔਤਰੀ, ਪੁੱਤ ਜਿਸ ਦੇ ਅਣਹੋਏ,
ਅਪਣੀ ਕਰਨੀ ਤੇ ਬੈਠ ਆਪ ਹੀ ਰੋਏ।

(14)
ਇਹਨੂੰ ਇਕ ਨਘੋਚ, ਸਮਝ ਲੈ ਚਾਹੇ ਸਮਝ ਲੈ ਹਾਸਾ!
ਮਨ ਫਿਟਿਆ ਨੂੰ ਮੂੰਹ ਨਹੀਂ ਸਕਦਾ ਪੋਂਡਰ, ਅਤਰ, ਦੰਦਾਸਾ!
ਕੰਮੀ ਧੰਦੀ ਲੋਕ ਤੁਰ ਗਏ ਜੁ ਜਿਸਦਾ ਹੈ ਖਾਸਾ।
ਬੋਹਲ ਕਿਸੇ ਦੇ ਖੇਤ, 'ਚ ਉੱਚਾ ਤੈਨੂੰ ਕੀ ਧਰਵਾਸਾ।
ਟੌਰ ਵੇਖ ਕਿਸੇ ਦਾ ਉੱਚਾ
ਜਦ ਸੋਂਗੀ ਨਾ ਕਿਸੇ ਜਗਾਉਣਾ, ਮਾਰ ਹੋਣਾ ਨਹੀਂ ਪਾਸਾ।
ਟੁੱਟਿਆ ਨਹੀਂ ਜੁੜਨਾ ਜੂਨ ਤੇਰੀ ਦਾ ਕਾਸਾ।

(15)
ਜੂੰਨੀ, ਨਰਦ, ਜ਼ਿੰਦਗੀ ਬਾਜ਼ੀ, ਬੇਸ਼ੱਕ ਨਾਲ ਮੜਿਕ ਲੈ।
ਜ਼ਿੰਦਗੀ ਨੇੜੇ ਜੂਨ ਦੁਗੜੀ ਜੇ ਚਾਹੇ ਤਾਂ ਮਿੱਚ ਲੈ।
ਜ਼ਿੰਦਗੀ ਬਣਕੇ ਛਤਰ ਝੁਲੇਗੀ, ਤਾਜਾਂ ਦਾ ਤੰਦ ਟੁੱਕ ਲੈ।
ਖਿੰਡੇ ਲੋਕਾਂ ਦੇ ਕੱਠ ਦੀ ਖਾਤਰ, ਮੂਹਰੇ ਜਾ ਕੇ ਪਿੱਟ ਲੈ।
ਰਾਹ ਵਿਚ ਜੇ ਤ੍ਰਿਹਾਈ ਹੋਵੇ, ਮੇਰੇ ਲਹੂ ਦੀ ਛਿੱਟ ਲੈ।
ਬੁੱਕਲਾਂ ਦੇ ਸੱਪ ਨੂੰ ਡਾਂਗਾਂ ਨਾਲ ਨਜਿੱਠਲੈ।

(16)
ਤੂੰ ਚਾਨਣ ਦੀ ਬਹੁਕਰ ਬਣਕੇ ਨ੍ਹੇਰੇ ਕੁੱਲ ਸੰਭਰ ਜਾ।
ਜਾ! ਸੁਤਿਆਂ ਨਿਰਆਸ ਮਨਾ ਵਿਚ ਸੂਰਜ ਵਾਂਗੂੰ ਚੜ੍ਹਜਾ।
ਤੂੰ ਮੁਟਿਆਰ ਧੀਆਂ ਦੇ ਪਿਉ ਤੇ ਨੀਂਦਰ ਵਾਂਗੂੰ ਉਤਰਜਾ।
ਤੂੰ ਖਾਣਾਂ ਵਿਚ ਘਿਰਿਆ ਦੇ ਲਈ ਆਸ ਜਿਉਣ ਦੀ ਬਣਜਾ।
ਤੂੰ ਮੰਗੂਆਂ ਦੇ ਪਾਲੀ ਖਾਤਰ ਚੋਪੜਿਆ ਟੁੱਕ ਬਣ ਜਾ।
ਮਰਕੇ ਵੀ ਤੈਥੋਂ ਲਾਹ ਨਹੀਂ ਹੋਣਾ ਏਸ ਜੂਨ ਦਾ ਕਰਜ਼ਾ।
ਕੱਲ੍ਹ ਨੂੰ ਕੌਣ ਕਹੇ ਕਿਸ ਰਾਜੇ ਦੀ ਪਰਜਾ?
•



## ਲੋਕ ਬੋਲੇ-ਖੇਤ ਬੋਲੇ

ਝੂਟਦੀ ਕੁੜੀਏ, ਫੜ ਲੈ ਟੀਸੀ ਤੂੰ ਬਾਬੇ ਬੋਹੜ ਦੀ ਨੀ
ਜੜ੍ਹ ਪੁੱਟਣੀ,
ਜੜ੍ਹ ਪੁੱਟਣੀ ਹੈ ਦਾਜ ਜਿਹੇ ਕੋਹੜ ਦੀ ਨੀ।

ਪਾਹੜੂ ਮੁੰਡਿਆ, ਪੜ੍ਹ ਕੇ ਲੰਘੀਂ ਤੂੰ ਬਹੀ ਸੇਠ ਦੀ ਵੇ
ਪਾਣੀ ਲੰਘਣਾ,
ਪਾਣੀ ਲੰਘਣਾ ਪੁਲਾਂ ਦੇ ਹੇਠ ਦੀ ਵੇ।

ਆਉਂਦੀ ਕੁੜੀਏ, ਚੱਕ ਲਿਆ ਟੋਕਰਾ ਟੰਬਿਆਂ ਦਾ
ਰਹੇ ਰਾਜ ਨਾ,
ਰਹੇ ਰਾਜ ਨਾ ਲੁੱਚਿਆਂ ਲਫ਼ੰਗਿਆਂ ਦਾ।

ਫ਼ੌਜੀ ਮੁੰਡਿਆ, ਪੜ੍ਹਿਆ ਪੜ੍ਹਾਇਆ ਦੱਸ ਕਿਹੜਿਆਂ ਦਾ
ਹਾਲ ਵੇਖ ਜਾ,
ਹਾਲ ਵੇਖ ਜਾ ਤੂੰ ਛੁੱਟੀ ਲੈ ਕੇ ਵਿਹੜਿਆਂ ਦਾ।

ਮਾਲਣ ਕੁੜੀਏ, ਚੁੱਕ ਲਿਆ ਟੋਕਰਾ ਅੰਬੀਆਂ ਦਾ
ਖੋਹੀਆਂ ਜਾਣ ਨਾ,
ਖੋਹੀਆਂ ਜਾਣ ਨਾ, ਸਮਾਨਾ ਰੱਖੀਂ ਬੰਬੀਆਂ ਦਾ।

ਪਾਲੀ ਮੁੰਡਿਆ, ਹੱਕੀ ਜਾਨੈਂ ਵੱਢਾਂ ਵੱਲ ਪਿੰਡ ਦਾ ਖੰਧਾ
ਤੇਰਾ ਪੋਣਾ ਪਰ,
ਤੇਰਾ ਪੋਣਾ ਪਰ ਅਜੇ ਤਕ ਹੋਇਆ ਨਾ ਬੰਧਾ।

ਚੋਗੀ ਕੁੜੀਏ ਚੁਗ ਲੈ ਕਪਾਹ! ਨਵੇਂ ਮੇਲ ਦੀ ਨੀ
ਜੀਹਦੀ ਸਿੱਕਰੀ,
ਜੀਹਦੀ ਸਿੱਕਰੀ ਲੰਗਾਰਾਂ ਨਾਲ ਖੇਲ੍ਹਦੀ ਨੀ।

ਆਉਂਦੇ ਮੁੰਡਿਆ, ਮੈਨੂੰ ਤਾਂ ਲੱਗੇ ਤੂੰ ਜਿਵੇਂ ਮੋਗੇ ਦਾ ਬੱਤਾ
ਲੋਆਂ ਏਨੀਆਂ 'ਚ
ਲੋਆਂ ਏਨੀਆਂ 'ਚ ਵੀ ਤੂੰ ਕਾਹਤੋਂ ਹੋਇਆ ਨਾ ਤੱਤਾ।

ਜਾਂਦੀ ਕੁੜੀਏ ਰਾਹ ਵਿਚ ਰੇਤ ਬਥੇਰੀ ਨੀ
ਕਦੋਂ ਕਹੇਂਗੀ?
ਕਦੋਂ ਕਹੇਂਗੀ ਸੁਣੂ ਮੈਂ ਕਦ ਤੇਰੀ ਨੀ?

ਖਾਣਾਂ ਵਿਚ ਜੰਮੇਂ ਖਾਣ ਪੁੱਟ ਦਿਆ ਪੁੱਤਾ
ਕੀ ਕਿਰਨ ਕਿਸੇ ਨੂੰ ਜਾਣਦਾ ਏਂ
ਜੇ ਨ੍ਹੀਂ ਜਾਣਦਾ
ਜੇ ਨ੍ਹੀਂ ਜਾਣਦਾ ਤਾਂ ਤੂੰ ਕੀਹਦੇ ਹਾਣ ਦਾ ਏਂ।

ਸੜਕੀ ਕੁੜੀਏ, ਚਾਹੇ ਕਿੰਨੀ ਕਰ ਲੈ ਤੂੰ ਸੜਕ ਪੱਕੀ
ਕਾਰਾਂ ਮੋਟਰਾਂ ਦੀ,
ਕਾਰਾਂ ਮੋਟਰਾਂ ਦੀ ਧੂੜ ਤੈਨੂੰ ਕਰਨਾ ਸ਼ੱਕੀ।

ਪਾਹੜੂ ਮੁੰਡਿਆ, ਚੱਕ ਲਿਆ ਭਰੇਟਾ ਚਾਅਵਾਂ ਦਾ
ਕਿਤੇ ਪੜ੍ਹਿਆ?
ਕਿਤੇ ਪੜ੍ਹਿਆ ਵੀ ਮੁੜ੍ਹਕਾ ਭਰਾਵਾਂ ਦਾ?

ਕਿਰਤੀ ਕੁੜੀਓ! ਕਿਰਤੀ ਮੁੰਡਿਓ!!
ਮਲੀਏ ਪਿੰਡੇ 'ਤੇ ਘੋਲ ਵਟਣਾ ਬਣੀਓ
ਕੁਝ ਖੋਣਾ ਨਹੀਂ, ਕੁਝ ਖੋਣਾ ਨਹੀਂ, ਖੱਟਣਾ ਹੀ ਖੱਟਣਾ ਬਈਓ।
•



## ਵਿਦਾਇਗੀ

ਮੇਰੇ ਬਾਬਲਾ, ਮੇਰੇ ਵੀਰਿਓ, ਚੱਲੀ ਹਾਂ ਮੈਂ ਆਪਣੇ ਗਰਾਂ।
ਕੌੜੀਏ ਨਿੰਮੇ ਨੀ, ਮਾਏਂ ਸਾਂਭ ਤੂੰ ਵੀ ਆਪਣੀ ਨੀ,
ਗੂੜ੍ਹੀ ਅਤੇ ਠੰਢੀ ਮਿੱਠੀ ਛਾਂ।

ਸੁੰਗੜੀਆਂ ਸੱਧਰਾਂ ਦੇ ਵਾਂਗ ਡੋਲੀ ਲੰਘ ਜਾਣੀ,
    ਪੁੱਟੀ ਭਾਵੇਂ ਬੂਹੇ ਦੀ ਨਾ ਇੱਟ ਵੇ।
ਪੋਤੀਆਂ ਕੰਧੇੜੇ ਚੁਕ ਮੇਰਾ ਤੈਨੂੰ ਬਾਬਲਾ ਵੇ,
    ਜਾਊਗਾ ਦਰੇਗ ਸ਼ਾਮੀਂ ਮਿਟ ਵੇ।
ਜਦੋਂ ਮੇਰੇ ਸਹੁਰਿਆਂ ਤੋਂ ਤੇਰਿਆਂ ਬਰੂੰਹਾ ਵੱਲ,
ਆਊ ਠੰਢੀ ਮਿਠੜੀ ਹਵਾ।
ਮੇਰੇ ਬਾਬਲਾ, ਮੇਰੇ ਵੀਰਿਓ...

ਪੁੱਤਰ ਤਾਂ ਤੇਰੇ ਹੌਲੇ ਫੁਲ ਹੋਏ ਮਾਏ,
    ਸਿਰੋਂ ਲਾਹ ਕੇ ਮੇਰਾ ਲੱਖਾਂ ਮਣ ਭਾਰ ਨੀ।
ਮਾਵਾਂ ਦਾ ਚਿੱਤ ਓਨਾ ਘਾਟੀਏਂ ਹੈ ਪਈ ਜਾਂਦਾ,
    ਆਵੇ ਰੋਜ਼ ਧੀਆਂ 'ਤੇ ਜਾ ਵਾਰ ਨੀ।
ਸਾਉਣ ਦੇ ਮਹੀਨੇ ਖਿੜੇ ਫੁੱਲਾਂ ਤੋਂ ਮੈਂ ਵੀਰੋ,
    ਥੋਡੀ ਪੱਗ ਦਾ ਭੁਲੇਖਾ ਵੇ ਲੱਗਾ।
ਮੇਰੇ ਬਾਬਲਾ, ਮੇਰੇ ਵੀਰਿਓ...

ਤੁਸੀਂ ਵੀ ਤਾਂ ਭਾਬੀਓ ਨੀ ਮੇਰੀ ਸਰਦਾਰੀ ਹੇਠਾਂ,
    ਕਾਮਿਆਂ ਦੇ ਵਾਂਗੂੰ ਸੀ ਗ਼ੁਲਾਮ ਨੀ।
ਮੈਨੂੰ ਮਾਫ਼ ਕਰ ਦਿਓ ਵੀਰਾਂ ਦੇ ਗੁਮਾਨ ਵਿਚ,
    ਬੁਰੀ ਕੋਈ ਹੋਗੀ ਜੇ ਕਲਾਮ ਨੀ।
ਇਨ੍ਹਾਂ ਉਮਰਾਂ 'ਚ ਹੁੰਦਾ ਕੁੜੀਆਂ ਨੂੰ ਭਾਬੀਓ ਨੀ,

ਪੇਕਿਆਂ ਦੇ ਜ਼ੋਰ ਦਾ ਨਸ਼ਾ।
ਮੇਰੇ ਬਾਬਲਾ, ਮੇਰੇ ਵੀਰਿਓ...

ਤੀਆਂ ਦੇ ਬਰੋਟੇ ਮੇਰੇ ਦਾਦੇ ਦਿਆ ਹਾਣੀਆਂ ਵੇ,
ਸੂਹੀਆਂ ਰਹਿਣ ਤੇਰੀਆਂ ਪਪੀਸੀਆਂ।
ਦਾਹੜਾ ਤੇਰਾ ਧੋਣ ਵੇ ਪਤਾਲਾਂ ਦੀਆਂ ਝੀਲਾਂ,
ਨਾਲੇ ਅੰਬਰਾਂ ਨੂੰ ਹੱਥ ਲਾਉਣ ਟੀਸੀਆਂ।
ਵੱਡੇ ਦਰਵਾਜ਼ੇ ਜਾ ਕੇ ਲੈ ਲਈਂ ਹੁਣ ਬਾਬਲਾ ਤੂੰ,
ਗੂੜ੍ਹੀਆਂ ਨੀਂਦਰਾਂ ਦਾ ਲਾਹਾ।

ਮੇਰੇ ਬਾਬਲਾ, ਮੇਰੇ ਵੀਰਿਓ, ਚੱਲੀਂ ਹਾਂ ਮੈਂ ਆਪਣੇ ਗਰਾਂ।
ਕੌੜੀਏ ਨਿੰਮੇ ਨੀ, ਮਾਏਂ ਸਾਂਭ ਤੂੰ ਵੀ ਆਪਣੀ ਨੀ,
ਗੂੜ੍ਹੀ ਤੇ ਠੰਢੀ ਮਿੱਠੀ ਛਾਂ।

(**ਇਕਬਾਲ ਕੌਰ ਉਦਾਸੀ ਤੋਂ ਧੰਨਵਾਦ ਸਹਿਤ। -ਰਾਹੀ**)
•



## ਪੱਕਾ ਘਰ ਟੋਲੀਂ ਬਾਬਲਾ

ਪੱਕਾ ਘਰ ਟੋਲੀਂ ਬਾਬਲਾ, ਕਿਤੇ ਲਿੱਪਣੇ ਨਾ ਪੈਣ ਵੇ ਬਨੇਰੇ।
ਊਂ ਤਾਂ ਵੱਸ ਵੀ ਨਹੀਂ ਵੇ ਕੁਝ ਤੇਰੇ।
ਪੱਕਾ ਘਰ ਟੋਲੀਂ ਬਾਬਲਾ...

ਘਾਣ ਕਰੇ ਸਾਡਾ ਕੱਚੇ ਕੋਠਿਆਂ ਦਾ ਘਾਣ ਵੇ,
ਤਾਲੂਏ ਨਾ ਲੱਗ ਜਾਂਦੀ ਸੁੱਕ ਕੇ ਜ਼ੁਬਾਨ ਵੇ।
ਚਿੱਕ ਚੰਦਰੀ ਮਿਲੇ ਵੇ ਕਿਹੜਾ ਨੇੜੇ,
ਪੱਕਾ ਘਰ ਟੋਲੀਂ ਬਾਬਲਾ...

ਸਾਰਾ ਕੁਝ ਜਾਣਦੀ ਹਾਂ, ਮੈਂ ਨ੍ਹੀਂ ਬਾਪੂ ਭੋਲੀ ਵੇ,
ਸਾਥੋਂ ਵੀ ਤਾਂ ਇਕ ਪੱਕੀ ਹੋਈ ਨਾ ਕੰਧੋਲੀ ਵੇ।
ਕਿੰਨੇ ਵਰ੍ਹਿਆਂ ਤੋਂ ਭੱਠੇ ’ਤੇ ਪਥੇਰੇ,
ਪੱਕਾ ਘਰ ਟੋਲੀਂ ਬਾਬਲਾ...

ਸੱਚੀ ਗੱਲ ਵਿਚ ਪਿਓ ਤੇ ਧੀ ’ਚ ਕਾਹਦੀ ਜੱਕ ਵੇ,
ਤੇਰੀ ਕੱਚੀ ਕੋਠੜੀ ’ਤੇ ਕੋਠੀਆਂ ਦੀ ਅੱਖ ਵੇ।
ਤੇਰੀ ਪੱਗ ਵਾਂਗ ਰੱਖਾਂ ਸੁਚੇ ਵਿਹੜੇ,
ਪੱਕਾ ਘਰ ਟੋਲੀਂ ਬਾਬਲਾ...

ਪੱਕਾ ਉਹ ਜੋ ਹੋਣ ਦੇਵੇ ਕੱਚਿਆਂ ਦੀ ਹਾਨੀ ਨਾ,
ਕੱਚਿਆਂ ’ਚ ਪਲ ਰਹੀ ਜੂਨ ਵੀ ਬਿਗਾਨੀ ਨਾ।
ਪੁੱਛੇ ਦੱਸੇ ਮਿਲ ਜਾਣਗੇ ਬਥੇਰੇ,
ਪੱਕਾ ਘਰ ਟੋਲੀਂ ਬਾਬਲਾ...
•

## ਕਲੀ

**(ਪੂਰਨ ਦਾ ਜੋਗੀ ਬਣ ਕੇ ਬਾਗ਼ ਵਿਚ ਆਉਣਾ)**

ਭੱਜੀਆਂ ਭੱਜੀਆਂ ਆਈਆਂ, ਖੇਡਦੀਆਂ ਦੋ ਬਾਲੜੀਆਂ।
ਮਿਲੀਆਂ ਇੱਛਰਾਂ ਨੂੰ ਜਾ, ਇਕ ਦੂਜੀ ਤੋਂ ਮੂਹਰੇ।

ਕਲੀਆਂ ਕੱਢ ਆਇਆ ਹੈ ਬਾਗ਼ ਚਿਰਾਂ ਦਾ ਉਜੜਿਆ,
ਨਾਲੇ ਸੁਕਦੇ ਜਾਂਦੇ ਉਸ 'ਚੋਂ ਅੱਕ ਦੇ ਧਤੂਰੇ।

ਸਾਨੂੰ ਲੱਗਦੀ ਬੂਟੀ ਉੱਗ ਪਈ ਤੇਰੀਆਂ ਅੱਖਾਂ ਦੀ,
ਸਾਨੂੰ ਲੱਗਦੈ ਤੇਰੇ ਮੁਕਣੇ ਕੁਲ ਬਸੂਰੇ।

ਕੱਠੇ ਫਿਰਨ ਚਹਿਕਦੇ ਬਾਜ਼ ਤੇ ਚਿੜੀਆਂ ਡਾਹਣਾਂ 'ਤੇ,
ਲਗਦੈ ਹੁਣ ਨਾ ਚੰਦਰਾ ਕਾਂ ਚਿੜੀਆਂ ਨੂੰ ਘੂਰੇ।

ਜਦ ਤੋਂ ਜੋਗੀ ਦੇ ਤਾਂ ਦਰਸ਼ਨ ਕਰ ਲੇ ਮਾਲੀ ਨੇ,
ਉਹ ਵੀ ਬਾਲਾਂ ਨੂੰ ਨਾ ਹੁਣ ਕਸਦਾ ਪਿਆ ਹੂਰੇ।

ਉਹ ਤਾਂ ਲੱਗਦੈ ਕੋਈ ਆਸ਼ਕ ਜਿਵੇਂ ਬਹਾਰਾਂ ਦਾ,
ਦੁਖੜਾ ਮਮਤਾ ਦਾ ਤੂੰ ਦੱਸਦੀਂ ਉਹਦੇ ਮੂਹਰੇ।

ਉਹ ਤਾਂ ਆਇਆ ਕੋਈ ਚੱਲ ਕੇ ਵੱਡਾ ਔਲੀਆ,
ਜਾਂ ਕੋਈ ਸਾਧ ਹੋਣੇ ਨੇ, ਉਹ ਬਚਨਾਂ ਦੇ ਪੂਰੇ।

**(ਮਾਸਟਰ ਦੇਸ ਰਾਜ ਛਾਜਲੀ (ਸੁਨਾਮ) ਤੋਂ ਧੰਨਵਾਦ ਸਹਿਤ। -ਰਾਹੀ)**

•



## ਭਗਤ ਰਵਿਦਾਸ ਨੂੰ ਸ਼ਰਧਾਂਜਲੀ

ਚੋਜਾਂ ਵਾਲਿਆਂ ਗੁਰੂ ਰਵਿਦਾਸ ਜੀਓ, ਤੈਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗਾਂ।
ਤੇਰੀ ਯਾਦ ਵਿਚ ਬੈਠ ਕੇ ਦੋ ਘੜੀਆਂ, ਇਕ ਦੋ ਪਿਆਰ ਦੇ ਹੰਝੂ ਵਹਾਉਣ ਲੱਗਾਂ।

ਤੇਰੀ ਸੋਹਣੀ ਤਸਵੀਰ 'ਤੇ ਨੀਝ ਲਾ ਕੇ, ਦਰਸ਼ਨ ਰੱਜ ਕੇ ਪਾਉਣ ਨੂੰ ਜੀਅ ਕਰਦਾ।
ਤੇਰੀ ਦਰੇ-ਦਹਿਲੀਜ਼ 'ਤੇ ਰਗੜ ਮੱਥਾ, ਮੁੜ ਕੇ ਕਿਸਮਤ ਬਣਾਉਣ ਨੂੰ ਜੀਅ ਕਰਦਾ।
ਤੇਰੀ ਰੰਬੀ ਨੇ ਜ਼ੁਲਮ ਦੀ ਖੱਲ ਲਾਹੀ, ਤੇਰੀ ਸੂਈ ਨੇ ਦੁੱਖਾਂ ਦੇ ਫੱਟ ਸੀਤੇ।
ਤੇਰੇ ਟਾਂਕਣੇ ਨੇ ਲਾਇਆ ਅਜਬ ਟਾਂਕਾ, ਸਾਕਤ ਮੋਮ ਦੇ ਵਾਂਗਰਾ ਲੱਟ ਕੀਤੇ।
ਜਿਹੜੀ ਗੰਗਾ ਦੇ ਦਰਸ਼ਨ ਨੂੰ ਜਾਣ ਲੋਕੀਂ, ਤੇਰੇ ਕੋਲੋਂ ਉਹ ਕੌਡੀਆਂ ਮੰਗਦੀ ਸੀ।
ਜਿਥੇ ਲੋਕ ਮਸਾਂ ਮਰ ਮਾਰ ਕੇ ਅੱਪੜਦੇ ਨੇ, ਤੇਰੇ ਪੱਥਰ ਦੇ ਹੇਠਾਂ ਦੀ ਲੰਘਦੀ ਸੀ।
ਮੈਨੂੰ ਜਾਪਦਾ ਏ ਤੇਰੀ ਜੋਤ ਸਦਕਾ, ਅਛੂਤ ਜਾਤੀਆਂ ਦੀ ਜੋਤ ਜਗਦੀ ਏ।
ਤੇਰੀ ਜੋਤ 'ਚੋਂ ਨਿਕਲ ਕੇ ਲਾਟ ਤੱਤੀ, ਸਿੱਧੀ ਜ਼ੁਲਮ ਦੇ ਸੀਨੇ ਨੂੰ ਲੱਗਦੀ ਏ।
ਮੈਨੂੰ ਜਾਪਦਾ ਏ ਜ਼ੁਲਮ ਦੀ ਅੱਗ ਅੰਦਰ, ਅੰਮ੍ਰਿਤ ਸੀ ਤਾਂ ਤੇਰੀ ਤਾਸੀਰ ਦਾ ਸੀ।
ਝਗੜਾ ਨਹੀਂ ਸੀ ਛੂਤ ਅਛੂਤ ਵਾਲਾ, ਸਾਰਾ ਝਗੜਾ ਗ਼ਰੀਬ ਅਮੀਰ ਦਾ ਸੀ।
ਮੇਰੇ ਦਾਤਿਆ ਤੇਰੇ ਹੀ ਦੇਸ਼ ਅੰਦਰ, ਤੇਰੇ ਬੰਦਿਆਂ ਦਾ ਕੌਡੀ ਮੁੱਲ ਨਹੀਂਓਂ।
ਪੈਸੇ ਵਾਲੜੇ ਦੇ ਹੱਥੀਂ ਰੱਬ ਵਿਕਿਆ, ਜੀਵਨ ਬੰਦੇ ਦਾ ਪੈਸੇ ਦੇ ਤੁੱਲ ਨਹੀਂਓਂ।
ਸੀਨਾ ਜ਼ੋਰੀ ਤੇ ਚੋਰ ਬਲੈਕੀਆਂ ਦਾ ਲੋਹਾ ਚੱਲਦਾ ਏਸ ਜਹਾਨ ਅੰਦਰ।
ਦਸਾਂ ਨਹੁੰਆਂ ਦੀ ਕਿਰਤ ਦੇ ਕਾਮਿਆਂ ਦਾ, ਕੌਡੀ ਮੁੱਲ ਨਹੀਂ ਹਿੰਦੁਸਤਾਨ ਅੰਦਰ।
ਏਥੇ ਧਰਮਾਂ ਤੇ ਮਜ਼੍ਹਬਾਂ ਨੇ ਪਾਏ ਪਾੜੇ, ਇਨ੍ਹਾਂ ਬੰਦੇ ਨੂੰ ਬੰਦੇ ਤੋਂ ਵੰਡਿਆ ਏ।
ਜੇ ਤੂੰ ਨੀਚਾਂ ਤੇ ਊਚਾਂ ਦਾ ਮੇਲ ਕੀਤਾ, ਇਨ੍ਹਾਂ ਧਰਮਾਂ ਨੇ ਏਸ ਨੂੰ ਖੰਡਿਆ ਏ।
ਤੈਨੂੰ ਤਰਸ ਮਜ਼ਦੂਰ ਮਜ਼ਲੂਮ ਦਾ ਸੀ, ਨਾਲ ਨੀਵਿਆਂ ਤੇਰੀਆਂ ਯਾਰੀਆਂ ਸੀ।
ਗੋਹੜੇ ਰੂੰ ਦੇ ਡੁੱਬਦੇ ਪੰਡਤਾਂ ਦੇ ਤੇਰੀ ਪੱਥਰੀ ਵੀ ਲਾਉਂਦੀ ਤਾਰੀਆਂ ਸੀ।
ਅੱਜ ਫੇਰ ਤੂੰ ਆਪਣੀ ਰੂਹ ਘੱਲਦੇ, ਨਸ਼ਾ ਪੈਸੇ ਦੀ ਤਾਕਤ ਦਾ ਮੁੱਕ ਜਾਵੇ।
ਉਚ ਨੀਚ ਦਾ ਰੇੜਕਾ ਮੁੱਕ ਜਾਵੇ, ਪਾਣੀ ਦੁੱਖਾਂ ਤੇ ਜ਼ੁਲਮਾਂ ਦਾ ਸੁੱਕ ਜਾਵੇ।

**(ਮਾਸਟਰ ਦੇਸ ਰਾਜ ਛਾਜਲੀ (ਸੁਨਾਮ) ਤੋਂ ਧੰਨਵਾਦ ਸਹਿਤ। -ਰਾਹੀ)**

•

## ਮੁਲਾਕਾਤ

ਤੂੰ ਤਾਂ ਬੇਸ਼ੱਕ ਇਸ ਮੁਲਾਕਾਤ ’ਤੇ ਵੀ ਮੇਰੇ ਨਾਲ ਨਾ ਬੋਲੀ,
ਮੇਰੇ ਬੱਚਿਆਂ ਦੀ ਮਾਂ
ਮੁਲਾਕਾਤ ਦੀ ਖਿੜਕੀ ’ਤੇ ਤੇਰਾ ਸੁੰਨ ਵੱਟੀ ਖਲੋਣਾ,
ਆਪਣੇ ਆਪ ’ਚ ਹੀ ਲਾਈ ਰੱਖੇਗਾ ਗਿੱਠ ਦੀ ਜੀਭ।
ਤੇਰੀ ਗੋਦੀ ਚੁੱਕਿਆ ‘ਕਾਮਾ’*
ਸੀਖਾਂ ਵਿਚ ਦੀ ਮੇਰੇ ਵੱਲੇ ਉਲਰ-ਉਲਰ ਆਵੇਗਾ,
ਮੇਰੇ ਐਨਕ ਦੇ ਸ਼ੀਸ਼ਿਆ ਵਿਚ
ਆਪਣੇ ਪਾਟੇ ਝੱਗੇ ਦੀ ਤਸਵੀਰ ਨਾਲ ਖੇਡਣ ਲਈ।
ਤੇਰੀ ਉਂਗਲ ਲਈ ਹੋਈ ‘ਕਿਤਨੀ’**
ਦੀਆਂ ਗੱਲ੍ਹਾਂ ’ਤੇ ਵਗੀਆਂ ਹੋਈਆਂ ਘਰਾਲਾ ਸੁਣਾ ਦੇਣਗੀਆਂ
ਬੱਚਿਆਂ ਦੀ ਰੋਟੀ ਲਈ ਵਿਰ ਵਿਰ ਕਰਨ ਦਾ ਕਿੱਸਾ
ਤੇ ਤੇਰੀ ਚਪਲੀ ਦੀ ਗੰਢੀ ਹੋਈ ਥਾਂ ’ਤੇ
ਤੇਰੇ ਪੈਰ ’ਤੇ ਫਿਸੂੰ ਫਿਸੂੰ ਕਰਦਾ ਹੋਇਆ ਛਾਲਾ ਸਮਝਾ ਜਾਏਗਾ,
ਮੇਰੀ ਰਿਹਾਈ ਲਈ ਤੇਰਾ ਅਦਾਲਤਾਂ ਦਾ ਰਾਹ ਪੁਨਣ ਦਾ ਹਾਲ।
ਤੇਰੀ ਸਲਵਾਰ ’ਤੇ ਲੱਗੀ ਹੋਈ ਬਦਰੰਗ ਕੱਪੜੇ ਦੀ ਟਾਕੀ,
ਦੱਸ ਜਾਏਗੀ,
ਮੇਰੀ ਉਡੀਕ ’ਚ ਤੇਰਾ ਇੱਜ਼ਤ ਬਚਾ ਕੇ ਰੱਖਣ ਦਾ ਸਿਦਕ,
ਤੇ ਝੋਲੇ ਵਿਚ ਮੇਰੇ ਲਈ ਲਿਆਂਦਾ ਹੋਇਆ ਨਿੱਕ-ਸੁੱਕ
ਆਖ ਹੀ ਜਾਏਗਾ
ਹਾੜ੍ਹੀ ਦਾ ਸੀਜ਼ਨ ਲਾਉਣ ਲਈ ਦਿਨ ਰਾਤ ਇਕ ਕਰਨ ਦਾ ਜੇਰਾ।
ਤੇ ਪਹਿਲੀ ਵੇਰ ਮੇਰੇ ਲੋਕ ਗੀਤ ਲੱਗਣਗੇ ਮੈਨੂੰ,
ਤੇਰੀ ਦੇਸ਼ ਭਗਤੀ ਤੋਂ ਬੌਨੇ ਬੌਨੇ।
ਕੈਦੀ ਲਈ ਤਾਂ ਇਹੋ ਹੁੰਦੀਆਂ ਹਨ ਦੱਸਣ ਤੇ ਪੁੱਛਣ ਵਾਲੀਆਂ ਗੱਲਾਂ

* ਸੰਤ ਰਾਮ ਉਦਾਸੀ ਦਾ ਛੋਟਾ ਪੁੱਤਰ ਮੋਹਕਮ ਸਿੰਘ ਕਾਮਾ
** ਉਦਾਸੀ ਦੀ ਛੋਟੀ ਪੁੱਤਰੀ ਕੀਰਤਨ ਉਦਾਸੀ

•



## ਅਧੂਰੀ ਸਵੈ-ਗਾਥਾ

ਵਿਧ ਮਾਤਾ ਛੱਡੇ ਜਾ ਕੰਨ ਮੇਰੇ,
ਧਰਤੀ ਵੱਲ ਮੈਂ ਤੁਰੰਤ ਪਧਾਰਿਆ ਸੀ।
ਪਿੰਡ ਪੰਜਾਬ ਦੇ ਵਿਹੜੇ ਚੂਹੜਿਆਂ ਦੇ,
ਆ ਕੇ ਅਸੀਂ ਅਵਤਾਰ ਆ ਧਾਰਿਆ ਸੀ।

ਆਖੇ ਪਿੰਡ ਦਾ ਚੌਧਰੀ ਪਤਨੀ ਨੂੰ,
ਆਪਾਂ ਹੁਣੇ ਛੰਗਵਾ ਲਈਏ ਸੋਟੀਆਂ ਜੀ।
‘ਪਾਲੀ’ ਆਪਣੇ ਨੇ ਜਨਮ ਲੈ ਲਿਆ ਹੈ,
ਆਪਾਂ ਲੈ ਲਈਏ ਹੋਰ ਦੋ ਝੋਟੀਆਂ ਜੀ।

‘ਲਾਲੀ’ ਆਪਣੇ ਦੀ ਘਸੀ ਪੈਂਟ ਦੇ ਕੇ
ਸਾਨੂੰ ਇਹਦੀ ਦੀਵਾਲੀ ਬਣਾਉਣੀ ਪੈਣੀ।
ਦੇਸੀ ਟੱਟੂ ਦੁਲੱਤੜੇ ਖ਼ੁਰਾਸਾਨੀ,
ਇਹ ਵੀ ਜੱਗ ਨੂੰ ਝਾਕੀ ਦਿਖਾਉਣੀ ਪੈਣੀ।

ਮੈਨੂੰ ਸੁਰਤ ਦਾ ਜ਼ਰਾ ਸੀ ਸੇਕ ਲੱਗਾ,
ਸੇਠ ਮੇਰੇ ’ਤੇ ਅੱਖ ਟਿਕਾਉਣ ਲੱਗਾ।
“ਭਾਵੇਂ ਛੋਟਾ ਪਰ ਬੜਾ ਹੀ ਚੁਰਚਰਾ ਹੈ,
ਮੱਝਾ ਕਿਤੇ ਨ੍ਹੀਂ ਇਹ ਗੰਵਾਉਣ ਲੱਗਾ”
ਮੇਰੇ ਦੁਖੀਏ ਬਾਪ ਦੀ ਸੋਚ ਬੁੱਢੀ
ਝੇਪ ਵਿਚ ਆ ਕੇ ਹਾਂਅ ਕਰ ਦਿੱਤੀ।
ਆਪਣੇ ਕਰਜ਼ੇ ਦਾ ਸਮਝ ਕੇ ਸੂਦ ਮੈਨੂੰ
ਵੱਲ ਸੇਠ ਦੇ ਮੇਰੀ ਬਾਂਹ ਕਰ ਦਿੱਤੀ।

•

## ਹੇ ਜਨ ਸ਼ਕਤੀ!

ਹੇ ਰਣ ਸ਼ਕਤੀ! ਹੇ ਜਨ ਭਗਤੀ!!
ਹੈ ਤੈਨੂੰ ਪ੍ਰਣਾਮ!!!
ਹੇ ਸੂਹੀ ਜੰਤਾ ਦੇ ਸੂਰਜ
ਤੈਨੂੰ ਲਾਲ ਸਲਾਮ॥
ਸੱਤਰ ਕਰੋੜ ਆਵਾਜਾਂ 'ਚੋਂ ਹਨ, ਉੱਚੜੇ ਸਾਡੇ ਬੋਲ,
ਵੜ ਕ੍ਰਿਪਾਨਾਂ ਦੇ ਜੰਗਲ ਅਸੀਂ ਲਏ ਕਸਾਈ ਟੋਲ।
ਹੇ ਰਣਖੰਡਨ, ਹੇ ਅਭਿਨੰਦਨ
ਤੂੰ ਮਿਹਨਤ ਦਾ ਦਾਮ।
ਹੇ ਰਣ ਸ਼ਤੀ! ਹੇ ਜਨ ਭਗਤੀ!!
ਹੈ ਤੈਨੂੰ ਪ੍ਰਣਾਮ!!!
ਤੁਸੀਂ ਕਸਾਈਖਾਨੇ ਵਿਚ ਵੀ ਬਣ ਗਏ ਇਕ ਆਵਾਜ਼,
ਜਿਸ ਆਵਾਜ਼ ਨੂੰ ਸੁਰ ਦੇਵਣ ਲਈ ਹੁਣ ਤੱਕ ਬਿਹਬਲ ਸਾਜ਼।
ਲਗਰਾਂ ਲਤੜਨ ਵਾਲਿਆਂ ਨੂੰ ਤੁਸੀਂ ਪਾ ਲਈ ਲਾਲ ਲਗਾਮ।
ਹੇ ਰਣ ਸ਼ਕਤੀ! ਹੇ ਜਨ ਭਗਤੀ!!
ਹੈ ਤੈਨੂੰ ਪ੍ਰਣਾਮ!!!
ਇਸ ਹੁੰਮਸ ਵਿਚ ਬੇਸ਼ੱਕ ਸਾਡਾ ਮਨ ਮੰਨਦਾ ਨਾ ਕਤਿਹ,
ਪਰ ਮਨ ਮੰਨਦਾ ਅੰਤਾਂ ਨੂੰ ਹੈ ਸਾਡੀ ਫਤਹਿ! ਫਤਿਹ!!
ਮੁੱਕ ਜਾਣੀ ਫਿਰ ਰੋਟੀ ਤੇ ਬਰੂਦ ਵਿਚਾਲੇ ਲਾਮ।
ਹੇ ਰਣ ਸ਼ਕਤੀ! ਹੇ ਜਨ ਭਗਤੀ!!
ਹੈ ਤੈਨੂੰ ਪ੍ਰਣਾਮ!!!
ਮੁੜ੍ਹਕੇ ਦੇ ਬੰਨ, ਮੋੜ ਦਿੱਤੇ ਨੇ ਮੂੰਹ ਦਰਿਆਵਾਂ ਦੇ,
ਆਪਣੇ ਚਾਅ ਨੂੰ ਮਾਰ ਬਣ ਗਏ ਅੰਮ੍ਰਿਤ ਚਾਵਾਂ ਦੇ।
ਤੁਸੀਂ ਤਿਲਕਦੇ ਪੈਰਾਂ ਦੇ ਲਈ ਬਣਕੇ ਖੜੇ ਖੜਾਮ।
ਹੇ ਰਣ ਸ਼ਕਤੀ! ਹੇ ਜਨ ਭਗਤੀ!!
ਹੈ ਤੈਨੂੰ ਪ੍ਰਣਾਮ!!!



ਸਾਡੇ ਛਾਲੇ ਸਾਡੀ ਜਿੱਤ ਦੇ ਬਣ ਗਏ ਹੈਨ ਧੁਰੇ,
ਹਰ ਜਗਦੇ ਦੀਵੇ ਨੂੰ ਹਾਂ ਅਸੀਂ ਗਦਰ ਸਿਖਾਉਣ ਟੁਰੇ।
ਸਾਡੇ ਚਿਰ ਦੀ ਚੀਸ ਬਣ ਗਈ ਹੁਣ ਸਾਡਾ ਪੈਗਾਮ।
ਹੇ ਜਨ ਸ਼ਕਤੀ! ਹੇ ਰਣ ਭਗਤੀ!!
ਹੈ ਤੈਨੂੰ ਪ੍ਰਣਾਮ!!!
•

## ਲੋਕ

ਜਾਗ ਪਏ ਨੇ ਹੁਣ ਤਾਂ ਸੁੱਤੇ, ਦੱਬੇ ਲੋਕ।
ਭਾਜੜ ਦੇ ਵਿਚ ਦਿਸਦੇ ਡੱਬ ਖੜੱਬੇ ਲੋਕ।
ਜੁ ਬਹਿੰਦੇ ਸੀ ਸੜਕਾਂ ਤੇ ਫੜ ਡੱਬੇ ਲੋਕ,
ਉਹ ਸੰਗਤ ਤੇ ਪੰਗਤ ਵਿਚ ਆ ਫੱਬੇ ਲੋਕ।
ਆਪਣੀ ਜਿੱਤ ਨੂੰ ਛੱਡਣਗੇ ਨਾ ਗੱਭੇ ਲੋਕ,
ਬੜੇ ਬਥੇਰਾ ਹੁਣ ਤੱਕ ਸੀ ਜੁ ਜੱਭੇ ਲੋਕ।
ਜੁ ਤੁਰਕੇ ਵੀ ਤਕਦੇ ਸੱਜੇ ਖੱਬੇ ਲੋਕ,
ਉਹ ਤਾਂ ਜਾਣੇ ਰਾਹਾਂ ਵਿਚ ਹੀ ਚੱਬੇ ਲੋਕ।
ਧੋ ਸੁੱਟਣਗੇ ਹੁਣ ਤਾਂ ਸਾਰੇ ਧੱਬੇ ਲੋਕ,
ਵੈਰੀ ਦੀ ਰੱਤ ਨਹਾ ਕੇ ਹੋ ਗਏ ਬੱਗੇ ਲੋਕ।
ਜਿੱਥੇ ਚਾਰ ਚੁਫੇਰੇ ਦਿਸਦੇ ਕੱਬੇ ਲੋਕ,
ਚੌਮੁਖੀਆ ਬਣ ਵਿਚ ਚੁਰੱਸਤੇ ਜੱਗੇ ਲੋਕ।
ਰਾਤਾਂ ਵਿਚ ਵੀ ਵਾਂਗ ਜੁਗਨੂੰਆਂ ਲੱਗੇ ਲੋਕ,
ਜਦ ਜਿੱਤਾਂ ਵੱਲ ਬੰਨ੍ਹ ਕਾਫ਼ਲੇ ਵੱਗੇ ਲੋਕ।
ਮੈਨੂੰ ਲਗਦੇ ਹਨ ਕਵਿਤਾਵਾਂ ਦੇ ਮੱਘੇ ਲੋਕ,
ਤਾਹੀਉਂ ਮੈਥੋਂ ਨਾ ਜਾਂਦੇ ਨੇ ਤੱਗੇ ਲੋਕ।
•



## ਗੀਤ
## (ਡਰਾਕਲ ਹਾਕਮਾਂ ਦੇ ਨਾਂ)

ਨਿੱਕੀ-ਨਿੱਕੀ ਗੱਲ 'ਤੇ ਪਹਾੜ ਜਿੱਡੇ ਪਾਹਰੂ, ਤੈਨੂੰ ਬਣਿਆਂ ਏ ਖ਼ਤਰਾ ਕਿਹਾ?
ਜਾਪਦਾ ਈ ਤੈਨੂੰ ਤੇਰੇ ਲੋਟੂਆਂ ਮੁਕੱਦਮਾ ਨੇ, ਦਿੱਤਾ ਈ ਉਨੀਂਦਰੇ ਜਗਾ।
ਫਸਲਾਂ ਦੇ ਨਾਲ ਮਿਲੇ ਸਾਡਾ ਖ਼ੂਨ ਭਾਵੇਂ ਵੱਢ ਕੇ ਲਈ ਤੂੰ ਪ੍ਰਤਿਆ।
ਲੋਕ ਸਾਡਾ ਜੰਗਲ ਤੇ ਅਸੀਂ ਲੋਕ ਜੰਗਲੀ ਹਾਂ ਹਰ ਬੂਝਾ ਬੁੱਝੇ ਸਾਡਾ ਨਾਂ।
ਦਿਉਆਂ ਦੇ ਦਿਲਾਂ ਵਿਚ ਕਿਵੇਂ ਫਫੇ ਕੁੱਟਣੀਏ, ਪਰੀ ਵਾਂਗੂੰ ਗਈਂ ਏ ਸਮਾਂ।
ਨਿੱਕੀ-ਨਿੱਕੀ ਗੱਲ 'ਤੇ ਪਹਾੜ ਜਿੱਡੇ ਪਾਹਰੂ...

ਯਾਦ ਆਈਆਂ ਦਾਤੀਆਂ ਨਾ ਖੁਰਕ ਬਿਆਈਆਂ ਸਾਨੂੰ ਕਿਹੜੀ ਗੱਲੋਂ ਡਰੇਂ ਤੂੰ ਡਰਾਕਲੇ।
ਮਤੇ ਕੋਈ ਸੱਜ-ਵਿਆਹੀ ਰੰਡੀ ਦੀ ਨਾ ਵਾਜ਼ ਪੈ ਜੇ ਕੰਨਾਂ ਵਿਚ ਤੇਰੇ ਸ਼ਰਮਾਕਲੇ।
ਏਸੇ ਲਈ "ਚਾਰੇ ਹੀ ਪਹਾੜਾਂ" ਦਾ ਤੂੰ ਭਾਰ ਦਿੱਤਾ, ਚਾਰੇ ਹੀ ਤੂੰ ਕੂਟਾਂ ਨੂੰ ਚੁਕਾ।
ਨਿੱਕੀ-ਨਿੱਕੀ ਗੱਲ 'ਤੇ ਪਹਾੜ ਜਿੱਡੇ ਪਾਹਰੂ...

ਇਕ ਇਕ ਇੱਟ ਸਾਡੇ ਖ਼ੂਨ 'ਚ ਗੜੁੱਚ, ਜਿੱਥੇ ਥਾਣਿਆਂ ਦੀ ਕੰਧ ਉਸਰੇ।
ਅਸੀਂ ਹੀ ਉਹ ਇੱਟਾਂ ਜੁ ਨੇ ਖ਼ੂਨ 'ਚ ਗੜੁੱਚ, ਪਹਿਰਾ ਲਾਏਂਗੀ ਨੀ ਕਿੱਥੇ ਤੂੰ ਕਿੱਥੇ?
ਕਿਲ੍ਹਿਆਂ, ਮਹੱਲਾ ਵਿਚ, ਚੌਪੜੀਆਂ ਗੱਲਾਂ ਵਿਚ, ਕਿੰਨਾ ਚਿਰ ਕਰੇ ਨਿਰਬਾਹ?
ਨਿੱਕੀ ਨਿੱਕੀ ਗੱਲ 'ਤੇ ਪਹਾੜ ਜਿੱਡੇ ਪਾਹਰੂ...
ਰੂਪ ਹੈ ਛਲੇਡਾ ਤੇਰਾ ਪੈੜੂ ਨਾ ਪਛਾਣਦੇ ਨੇ, ਕੁੱਤੇ ਐਵੇਂ ਸੁੰਘਦੇ ਨੇ ਸੋਮਾ।
ਅਸੀਂ ਜਾਣਦੇ ਹਾਂ ਕਿਹੜੇ ਤੋਤੇ ਵਿਚ ਜਾਨ ਤੇਰੀ ਉਹ ਹੈ ਸਰਮਾਏਦਾਰੀ ਚੋਅ।
ਪਾਹਰੂ ਜਾਂ ਪਹਾੜ ਚਾਰੇ ਪਾਸਿਉਂ ਉਖਾੜ, ਦੇਣੇ ਤੇਰੇ ਵੈਲਪੁਣੇ 'ਤੇ ਖੜਾ।
ਨਿੱਕੀ ਨਿੱਕੀ ਗੱਲ 'ਤੇ ਪਹਾੜ ਜਿੱਡੇ ਪਾਹਰੂ, ਤੈਨੂੰ ਬਣਿਆ ਖਤਰਾ ਕਿਹਾ?
ਜਾਪਦਾ ਈ ਤੈਨੂੰ ਤੇਰੇ ਲੋਟੂਆਂ ਮੁਕੱਦਮਾਂ ਨੇ, ਦਿੱਤਾ ਈ ਉਨੀਂਦਰੇ ਜਗਾ।
•

## ਗ਼ਜ਼ਲ

ਸਾਨੂੰ ਜਿਵੇਂ ਹੈ ਪਰਖਿਆ ਸੋਚਾਂ ਦੇ ਵੇਗ ਨੇ,
ਏਵੇ ਤਾਂ ਨਾਂ ਸੀ ਪਰਖਿਆ ਤੱਤਿਆਂ ਦੀ ਦੇਗ ਨੇ।

ਆਪਾਂ ਨਮੋਸ਼ੀਆਂ ਦਾ ਵੀ ਕਰਦੇ ਹਾਂ ਕਿਉਂ ਗਿਲਾ,
ਟੱਪੀ ਗਈ ਲਕੀਰ ਨਾ ਵਾਹੀ ਜੁ ਤੇਗ਼ ਨੇ।

ਮੈਂ ਤਾਂ ਸਰਾਂ ਨੂੰ ਤਰ ਗਿਆ ਚਲ ਬੁਲਬੁਲਾ ਸਹੀ,
ਭੰਵਰਾਂ 'ਚ ਸੀ ਫਸਾ ਲਿਆ ਤੇਰੇ ਦੁਰੇਗ਼ ਨੇ।

ਕਦੇ ਕਰਦੇ ਮੁਆਫ਼ ਨਾ ਉਹਨਾਂ ਨੂੰ ਕਾਫ਼ਲੇ,
ਸੂਹੇ ਦਿਲਾਂ ਦੀ ਚਾਂਦਨੀ ਆਉਂਦੇ ਜੁ ਡੇਗ ਨੇ।

ਵਸਦਾ ਪਤਾ ਨੀ ਰਹਿ ਗਿਆ ਇਹ ਆਲ੍ਹਣਾ ਕਿਵੇਂ?
ਹੈਸੀ ਬੜਾ ਖਰੋਚਿਆ ਅਥਰਾਏ ਮੇਘ ਨੇ।

ਸੜਕਾਂ ਤੇ ਸੱਖਣੇ ਸੜ ਰਚੇ ਸੂਹੇ ਸੈਆਂ ਸੁਹਾਗ,
ਤੱਕ ਕੇ ਵੀ ਨਾ ਜੁ ਪੰਘਰਦੇ, ਖਾਧੇ ਪਲੇਗ ਨੇ।

ਪੁਲ ਹੈ ਹਰੇਕ ਬੋਲਦਾ ਪਿੰਡ ਦੀ ਪਰਾਹ ਦੇ ਨਾਂ,
ਮੁਰਦਾ ਨੁਹਾਲ ਸੀ ਲਿਆ ਪਣੀ ਦੀ ਰੇਗ ਨੇ।

ਪੈਗੀ ਜਿਨ੍ਹਾਂ ਨੂੰ ਗੇਝ ਹੈ ਦਿੱਲੀ ਦੇ ਹੇਜ ਦੀ,
ਉਹਨਾਂ ਦੀ ਹੋਸ਼ ਖੋਹ ਲਈ ਪਦਵੀ ਦੇ ਪੇਗ ਨੇ।
•



## ਜ਼ਾਲਮ ਸਰਕਾਰ ਦੇ ਨਾਂ

ਕਾਲੀ ਰਾਤ ਦੀ ਰਖਾਇਲ ਸਰਕਾਰੇ, ਨੀ ਚੰਨਾਂ ਨੂੰ ਛੁਪਾਉਣ ਵਾਲੀਏ।
ਤੇਰੇ ਰੂਪ ਦੇ ਲਲਾਰੀ ਹਤਿਆਰੇ, ਨੀ ਚੁੰਨੀਆਂ ਰੰਗਾਉਣ ਵਾਲੀਏ।

ਜਦੋਂ ਤੇਰੇ 'ਸਾਊ ਪੁੱਤ' ਲੋਕਾਂ ਨੂੰ ਲਿਤਾੜਦੇ।
ਦੰਦ ਜੁੜ ਜਾਂਦੇ ਨੇ, ਹਿਮਾਲੀਆ ਪਹਾੜ ਦੇ।
ਮੇਰੇ ਖੇਤਾਂ ਦੀਏਂ ਲੁੱਟੀਏ ਬਹਾਰੇ, ਨੀ ਮਹਿਲਾਂ ਨੂੰ ਸਜਾਉਣ ਵਾਲੀਏ।
ਕਾਲੀ ਰਾਤ ਦੀ...

ਸੂਹੇ ਸੂਹੇ ਫੁੱਲਾਂ ਤੋਂ ਵਗਾਰ ਤੂੰ ਕਰਾਈ ਨੀਂ।
ਜਿਵੇਂ ਪਿੰਡ ਆਉਣਾ ਹੋਵੇ, ਸੇਠ ਦਾ ਜਵਾਈ ਨੀਂ।
ਪਹਿਲਾਂ ਆਪ ਹੀ ਤੂੰ ਚੰਨਾਂ ਨੂੰ ਛੁਪਾਉਂਦੀ, ਮੱਸਿਆ ਨਹਾਉਣ ਵਾਲੀਏ।
ਕਾਲੀ ਰਾਤ...

ਸੁਣ ਲਏ ਜੇ ਝੁੱਗੀਆਂ 'ਚ ਚੱਕੀਆਂ ਦੇ ਰੋਣ ਨੀਂ।
ਲਾਲ ਕਿਲ੍ਹੇ ਵਿਚ ਤੈਨੂੰ ਨੀਂਦਰਾ ਨਾ ਆਉਣ ਨੀ।
ਕੱਟ ਕੱਟ ਜਗਰਾਤੇ ਅਸੀਂ ਹਾਰੇ, ਨੀਂ ਨੀਂਦਰਾਂ ਚੁਰਾਉਣ ਵਾਲੀਏ।
ਕਾਲੀ ਰਾਤ...

ਮਾਣੀਂ ਏ ਤੂੰ ਨਿਰੀ ਰਿੱਝੇ ਚੌਲਾਂ ਦੀ ਮਹਿਕ ਦੀ।
ਵੇਖੀ ਨਹੀਂ ਮੱਕੀ ਕਿਵੇਂ ਪਾਣੀ ਨੂੰ ਸਹਿਕਦੀ।
ਨੀ ਤੂੰ ਕਾਮਿਆਂ ਦੀ ਲੁੱਟ ਕੇ ਦਿਵਾਲੀ, ਲੋਹੜੀਆਂ ਮਨਾਉਣ ਵਾਲੀਏ।
ਕਾਲੀ ਰਾਤ...

ਸੇਠਾਂ ਦੇ ਵਿਆਹ ਤੇ ਜਿਹੜਾ ਬਿਜਲੀ ਦਾ ਚਾਨਣਾ।
ਧਰਤੀ ਤਿਹਾਈ ਦਾ ਮੂੰਹ, ਉਸਨੇ ਚਿੜਾਵਣਾ।
ਮਹਿਲਾਂ ਵਾਲਿਆਂ ਨੂੰ ਤੇਰੇ ਤੇ ਤਸੱਲੀਆਂ, ਨੀ ਝੁੱਗੀਆਂ ਜਲਾਉਣ ਵਾਲੀਏ।
ਕਾਲੀ ਰਾਤ...

ਰਾਠਾਂ ਦੀਏ ਡੈਣੇਂ ਤੇਰੇ, ਕਿੱਡੇ ਵੱਡੇ ਦੰਦ ਨੀ।
ਜਿਨ੍ਹਾਂ ਤੇ ਉਠਾਈ, ਸਰਹੰਦ ਦੀ ਤੂੰ ਕੰਧ ਨੀ।
ਇੱਟਾਂ ਇਹਦੀਆਂ ਨੂੰ ਕਾਨਿਆਂ ਦੀ ਕੰਧ ਤੇ, ਨੀ ਮੁੜਕੇ ਜੜਾਉਣ ਵਾਲੀਏ।
ਕਾਲੀ ਰਾਤ...

ਅਮਨਾਂ ਦੀ ਕੈਂਚੀ ਨਾਲ ਲਾਹੀ ਸਾਡੀ ਉਨ ਨੀ।
ਖ਼ੂਨ ਸਾਡਾ ਡੁੱਲੇ, ਤੈਨੂੰ ਤੀਰਥਾਂ ਦਾ ਪੁੰਨ ਨੀ।
ਸਾਡੇ ਕੱਚੇ ਦੁੱਧ ਪਿੰਡਾਂ ਦੇ ਮਾਹੌਲ 'ਚ, ਕਾਂਜੀਆਂ ਰਲਾਉਣ ਵਾਲੀਏ।
ਕਾਲੀ ਰਾਤ...

ਕਾਮਿਆਂ ਦੀ ਜੂਨ ਕਾਹਦੀ, ਨਾ ਹੀ ਕੋਈ ਜਾਨ ਨੀ।
ਕਿਹੜੀ ਗੱਲੋ ਸੋਚ ਨੂੰ ਉਹ, ਸੰਦ ਨਾ ਬਨਾਉਣ ਨੀ।
ਹੁਣ ਚੜ੍ਹਿਆ ਏ ਕਾਮਿਆਂ ਦਾ ਕਾਫ਼ਲਾ, ਗੱਦੀਆਂ ਬਚਾਉਣ ਵਾਲੀਏ।
ਕਾਲੀ ਰਾਤ ਦੀ ਰਖਾਇਲ ਸਰਕਾਰੇ, ਨੀ ਚੰਨਾਂ ਨੂੰ ਛੁਪਾਉਣ ਵਾਲੀਏ।
•



## ਦੋਸ਼

ਕਿਹੜੀ ਗੱਲੋਂ ਤੂੰ ਲਿਪਟਿਆ ਵਿਚ ਲੀਰਾਂ,
ਕਿਹੜੀ ਗੱਲੋਂ ਅਣਵਾਹੇ ਨੇ ਵਾਲ ਤੇਰੇ।

ਏਸ ਗੱਲ ਦਾ ਦੋਸ਼ੀ ਨਾ ਤੂੰ 'ਵਤਨਾ',
ਏਸ ਹਾਲੇ ਦੇ ਦੋਸ਼ੀ ਨੇ ਬਾਲ ਤੇਰੇ।
•

## ਰੁਬਾਈ

ਸਾਡੇ ਵਤਨ ਤੂੰ ਵੇਖਿਆ ਸਿਦਕ ਸਾਡਾ,
ਸਾਡੇ ਇਸ਼ਕ ਨੂੰ ਤੂਹੀਓਂ ਹੀ ਜਾਣਦਾ ਹੈਂ।
ਸਾਨੂੰ ਸਤਲੁਜ ਝਨਾਂ ਦੇ ਤਾਰੂਆਂ ਨੂੰ,
ਲਿਬੜੇ ਖ਼ੂਨ ਵਿਚ ਤੂਹੀਓਂ ਸਿਆਣਦਾ ਹੈ।
•



## ਸ਼ਿਕਾਇਤ

ਵੇਖ ਲੈ ਤੂੰ ਸੂਰਜਾ ਵੇ! ਤਿਖੜੇ ਦੁਪਹਿਰਿਆਂ ਨੇ,
ਕਿੰਨੀ ਸਾਡੀ ਜਿੰਦ ਹੈ ਤਪਾਈ।

ਫੂਹੀ ਫੂਹੀ ਕਰ ਅਸੀਂ ਅੱਖੀਆਂ ਕੁਲੰਝੀਆਂ ਨੇ,
ਅੱਜੇ ਸਾਡੀ ਅੱਗ ਹੈ ਤਿਹਾਈ।
ਮਰੇ ਹੋਏ ਰਾਜਿਆਂ ਦੀ ਵੱਡੀਆਂ ਸ਼ੁਕੀਨਣਾਂ ਨੇ,
ਲੱਖਾਂ ਵਾਰੀ ਲਾਹੀ ਏ ਮੁਕਾਣ।
(ਪਰ) ਮਾਰੇ ਗਏ ਚੁੰਨੀ ਦਿਆਂ ਰਾਖਿਆਂ ਦੀ ਯਾਦ ਵਿਚ,
ਗੋਡਾ ਵੀ ਨਾ ਤੱਤੀਆਂ ਨਿਵਾਣ।
ਪੱਕ ਜਾਣ ਫ਼ਸਲਾਂ ਤੇ ਢੁੱਕ ਪੈਣ ਲਹਿਣੇਦਾਰ, ਜਿਵੇਂ ਸਹੁਰੀ ਆਉਂਦੇ ਨੇ ਜੁਆਈ।
ਵੇਖ ਲੈ ਤੂੰ ਸੂਰਜਾਂ ਵੇ...

ਕੱਲ੍ਹ ਕੁਝ ਪੁਤਲੀਆਂ ਸੱਚੀਂ ਮੁੱਚੀ ਬੈਠ ਗਈਆਂ,
ਹੋਕੇ ਫ਼ੌਜੀ ਗੱਡੀ 'ਚ ਸਵਾਰ।
ਰੇਤ ਦੀਆਂ ਕੰਧਾਂ ਨੂੰ ਉਹ ਟਾਕੀ ਲਾਉਣ ਤੁਰੇ,
ਪਰ ਵੇਖਿਆ ਨਹੀਂ ਘਰ ਦਾ ਲੰਗਾਰ।
ਧਰਤੀ ਨਾ ਵਿਹਲ ਦੇਵੇ ਆਪਣੇ ਪਿਉ ਦੀ ਪੱਗ, ਜਦੋਂ ਉਹਨਾਂ ਸੱਥ 'ਚ ਲੁਹਾਈ।
ਵੇਖ ਲੈ ਤੂੰ ਸੂਰਜਾਂ ਵੇ...

ਉਹਨਾਂ ਦੀ ਤਾਂ ਯਾਰੀ ਨਿਰਾ ਰੰਗ ਵੇ ਕਸੁੰਭੜੇ ਦਾ,
ਖੁੰਡਾਂ ਦੇ ਜੋ ਹੁੰਦੇ ਨੇ ਮੁਰੈਲ ਵੇ।
ਹੱਕਾਂ ਦਿਆਂ ਹੱਥਾਂ ਉੱਤੇ ਖ਼ੂਨ ਲਾਉਣਾ ਜ਼ਿੰਦਗੀ ਦਾ,
ਸਾਨੂੰ ਤਾਂ ਹੈ ਇਕੋ ਇਕ ਵੈਲ ਵੇ।
ਰੂਪ ਦੀ ਲਗਰ ਪੱਤਝੜ ਦਿਆਂ ਠੱਕਿਆਂ ਨੇ, ਸੂਤ ਸੂਤ ਸੂਹਣ ਬਣਾਈ।
ਵੇਖ ਲੈ ਤੂੰ ਸੂਰਜਾ ਵੇ! ਤਿਖੜੇ ਦੁਪਹਿਰਿਆਂ ਨੇ, ਕਿੰਨੀ ਸਾਡੀ ਜਿੰਦ ਹੈ ਤਪਾਈ।
ਫੂਹੀ ਫੂਹੀ ਕਰ ਅਸੀਂ ਅੱਖੀਆਂ ਕੁਲੰਝੀਆਂ ਨੇ, ਅਜੇ ਸਾਡੀ ਅੱਗ ਹੈ ਤਿਹਾਈ।
•

## ਕਾਹਤੋਂ?

ਪਿਛਲੀ ਰਾਤ 'ਸਿਤਾਰੇ' ਜੁ ਚਮਕਦੇ ਨਹੀਂ,
'ਸੂਰਜ' ਉਹਨਾਂ ਲਈ ਆਪਾਂ ਜਲਾਏ ਕਾਹਤੋਂ?
ਜੰਤਾ-ਜੰਗਲ ਦੀ ਨਹੀਂ ਪਨਾਹ ਜੀਹਨੂੰ,
ਕਾਮਰੇਡ ਉਹ ਜਣਾਂ ਕਹਾਏ ਕਾਹਤੋਂ?
ਲੋਕ ਜਿੱਤਦੇ, ਹਾਰਦੇ ਅੰਤ ਜਿੱਤਦੇ,
ਨਕਸਲਬਾੜੀ ਨਾਂ ਹਾਰ ਨੂੰ ਲਾਏ ਕਾਹਤੋਂ?
ਕਿੱਤਾ ਬਣਿਆ ਨੀਂ ਜਿਹਨਾਂ ਦਾ ਕਾਮਰੇਡੀ,
ਗੀਤ ਮਾਉ ਦੇ ਗਾਏ ਤਾਂ ਗਾਏ ਕਾਹਤੋਂ?
ਆਪ ਨਿਰਨੇ ਦਾ ਕੌਮਾਂ ਨੂੰ ਹੱਕ ਹੈਗਾ,
ਕੋਈ ਬਾਹਰਲਾ ਟੰਗ ਅੜਾਏ ਕਾਹਤੋਂ?
ਕੌਮਾਂ ਸਭ ਪਛਾਣਦੀਆਂ ਦੁਸ਼ਮਣਾਂ ਨੂੰ,
ਜੇ ਕੋਈ ਆਏ ਵਿਚੋਲਾ ਤਾਂ ਆਏ ਕਾਹਤੋਂ?
ਅਸੀਂ ਲੜਾਂਗੇ, ਮਰਾਂਗੇ, ਜਿਤਾਂਗੇ ਵੀ,
ਨਾ ਗੁਆਂਢੀਓਂ ਸਾਨੂੰ ਛੁਡਾਉਣ ਆਉ।
ਅਸੀਂ ਭੁੱਖੇ ਹਾਂ "ਤਾਜੀਆਂ ਰੋਟੀਆਂ" ਦੇ,
ਬੇਹਾ ਟੁੱਕ ਬਦੇਸ਼ੋਂ ਨਾ ਖੁਆਣ ਆਉ।
ਨਾਨਕ, ਮਾਰਕਸ, ਮਾਓ, ਗੋਬਿੰਦ ਕਹਿੰਦੇ,
ਨਾਲ ਗੁਆਂਢੀਆਂ ਦੇ ਸੱਤੋ ਸੱਤ ਹੋਵੇ।
ਐਪਰ ਗੁਆਂਢੀਓ ਗੁਆਂਢੀਆਂ ਵਾਂਗ ਰਹਿਣਾ,
ਕੁੜਮ ਹੋਏ, ਕੁਪੱਤਾ ਤਾਂ ਲੱਖ ਹੋਵੇ।

•



## ਹਿੰਦੁਸਤਾਨ ਸਾਂਝਾ

ਅਸੀਂ ਸਦੀਆਂ ਤੋਂ ਕੋਹਾਂ ਦਾ ਮਾਰ ਪੈਂਡਾ, ਮਸਾਂ ਲੱਭਿਐ ਇਕ ਅਸਮਾਨ ਸਾਂਝਾ।
ਇਕ ਟਾਹਣੀ ਦੇ ਪੰਛੀ ਹਾਂ ਅਸੀਂ ਦੋਵੇਂ, ਕਿੰਨਾ ਉਡੀਏ ਸਾਡਾ ਅਸਮਾਨ ਸਾਂਝਾ।
ਜਿਹੜਾ ਦਿਲੀਂ ਦੁਰਹਿਜੇ ਦੀ ਦਾਤ ਦੇਵੇ, ਹੋ ਨਹੀਂ ਸਕਦਾ ਸਾਡਾ ਭਗਵਾਨ ਸਾਂਝਾ।
ਭਾਰੇ ਗੁੱਠੀਂ ਹੈ ਗੂੰਜਦਾ ਗੀਤ ਗਾਇਆ, ਜ਼ਿੰਦਾਬਾਦ ਹੈ ਹਿੰਦੋਸਤਾਨ ਸਾਂਝਾ।
ਫੱਕਰ ਇਹਦੇ ਨਾ ਲਾਲਾਂ ਦੀ ਨੈਣ ਭਿੱਛਿਆ, ਮਾਣਮੱਤੇ ਇਹ ਹੁਸਨ ਦੇ ਚੋਰ ਵੀ ਨਈਂ।
ਪੰਜਾਂ ਪੀਰਾਂ ਤੋਂ ਪੀਰੀਆਂ ਲੈਣੀਆਂ ਕੀ ਆਪਣੇ ਆਪ ਦਾ ਮਿਉਦਾ ਜ਼ੋਰ ਵੀ ਨਹੀਂ।
ਯਾਰ ਬਨਣ ਤਾਂ ਬੂਰੀਆਂ ਚਾਰ ਲਿਆਉਂਦੇ, ਜੇਕਰ ਅੜਨ ਗੁਆਉਂਦੇ ਖੋਰ ਵੀ ਨਈਂ।
ਮਿਹਨਤ ਇਨ੍ਹਾਂ ਦੀ ਸੂਈਆਂ ਤੋਂ ਕਰੇ ਫਾਲੇ, 'ਕੱਖ' ਇਨ੍ਹਾਂ ਲਈ ਭਾਵੇਂ 'ਕਰੋੜ' ਵੀ ਨਹੀਂ।
ਮੇਰੇ ਵਤਨ ਖਜ਼ਾਨਾ ਤੂੰ ਹੀਰਿਆਂ ਦਾ, ਧਾੜ ਪੈਂਦੀ ਸੀ ਤਾਹੀਓਂ ਡਕੈਤੀਆਂ ਦੀ।
ਜੀਹਦੇ ਸੱਤਰ ਕਰੋੜ ਨੇ ਪੁੱਤ ਪੋਤੇ, ਉਹਨੂੰ ਲੋੜ ਸੀ ਹੋਰ ਹਮੈਤੀਆਂ ਦੀ।
ਤੇਰੇ ਸੱਭੇ ਹੀ ਸੋਮਿਆਂ ਵਾਂਗ ਤੇਰੇ, ਵੇਖ ਪੁੱਤਰਾਂ ਦੀਆਂ ਹਿੱਕਾਂ ਚੌੜੀਆਂ ਨੇ।
ਉਹ ਜੁ ਜਾਣ ਬਦੇਸ਼ਾਂ ਨੂੰ ਉਹਨਾਂ ਦੀਆਂ, ਗੀਗਾਂ ਚੌੜੀਆਂ ਤੇ ਨੀਤਾਂ ਸੌੜੀਆਂ ਨੇ।
ਤੇਰੀ ਮਿੱਟੀ ਨੇ ਮਿਣਿਆ ਏ ਕੱਦ ਸਾਡਾ, ਅਸੀਂ ਕੁੱਲੀ ਵੀ ਹਾਂ, ਅਸੀਂ ਕਿੱਲ੍ਹਾ ਵੀ ਹਾਂ।
ਅਸੀਂ ਤੇਰੀਆਂ ਪਤਾਂ ਦੇ ਪੁੱਤ ਵੀ ਹਾਂ, ਅਸੀਂ ਪੱਗ ਵਟਾਈ ਦਾ ਸਿਲਾ ਵੀ ਹਾਂ।
ਉਲਟੇ ਖੜਨ ਤਾਂ ਖਾਰ ਨੂੰ ਖੋਰਦੇ ਹਾਂ, ਜਿਵੇਂ ਸੂਰਮਾ ਕੋਈ ਸਾਂਦਲ ਬਾਰ ਦਾ ਏ।
ਘੋੜੇ ਘੇਰ ਲੈਂਦੇ ਚੱਕਰਵਰਤੀਆਂ ਦੇ, ਕਰਦੇ ਸੇਜ ਸੂਲਾਂ ਸੱਥਰ ਯਾਰ ਦਾ ਏ।

•

## ਪਰਖ਼

ਲੀਕ ਤੇਗ਼ ਦੀ ਨੋਕ ਨੇ ਮਾਰ ਦਿੱਤੀ,
ਪਾਰ ਕਰੋ ਇਹਨੂੰ ਜੋ ਵੀ ਕਰ ਸਕਦੈ।

ਚੱਟੀ ਬੱਧਿਆਂ ਕੋਲੋਂ ਨੀ ਭਰੀ ਜਾਣੀ,
ਜੇਰਾ ਕਰੇ ਜੁ ਮੌਤ ਵੀ ਜਰ ਸਕਦੈ।

ਬੈਲ ਤੇਰੇ ਜੋ ਆਪਣੀ ਸੱਭਿਅਤਾ ਤੇ,
ਨਵੀਂ ਪਿਰਤ ਉਹ ਕੋਈ ਨੀਂ ਪਾ ਸਕਦਾ।

ਜਿਹੜਾ ਸਮਝੇ ਗੋਬਿੰਦ ਦਾ ਫ਼ਲਸਫ਼ਾ ਨਾ,
ਗੀਤ ਮਾਉ ਦੇ ਉਹ ਨਹੀਂ ਗਾ ਸਕਦਾ।

ਪਰਖ ਨਲੀ ਵਿਚ ਵਤਨ ਦੀ ਪਾਉ ਮਿੱਟੀ,
ਮੈਨੂੰ ਦੱਸੋ ਖਾਂ ਇਹਦੇ ਵਿਚ ਖੋਟ ਕੀ ਏ।

ਪਰਖੋ ਗੱਲ ਇਹ ਜੇਕਰਾਂ ਪਰਖਣੀ ਏ,
ਕੀ ਹੈ ਛਾਂਗਣਾ ਤੇ ਕਰਨਾ ਲੋਟ ਕੀ ਏ?

ਅਸੀਂ ਪਾਟੇ ਹਾਂ ਸੀ ਲਾਂਗੇ ਅਸੀਂ ਆਪੇ,
ਟੁੱਟੀ ਗੰਢਣੇ ਦੀ ਸਾਨੂੰ ਭੁੱਲ ਨਹੀਉਂ।

ਲੱਖ ਮਸ਼ਵਰੇ ਮਿਰਕਣ ਜਾਂ ਰੂਸ ਦੇਵੇ,
ਸਾਡੇ ਝੱਗੇ ਦੀ ਟਾਕੀ ਦੇ ਭੁੱਲ ਨਹੀਉਂ।



ਦੇਖੀ ਜਾਂਦੇ ਇਕ ਦੂਜੀ ਦੇ ਮੂੰਹ ਵੰਨੀ,
ਉਦਾਂ ਸਾਨੂੰ ਕੋਈ ਚੱਲਿਆ ਕੋਹੜ ਨਹੀਉਂ।

ਸਾਡੀ ਉਠੇ ਜੇ ਸੌ 'ਚੋਂ ਇਕ ਬਾਂਹ ਵੀ,
ਸਾਨੂੰ ਮੰਗਵੇਂ ਹੱਥਾਂ ਦੀ ਲੋੜ ਨਹੀਉਂ।

ਇਨਕਲਾਬ ਵੀ ਬਾਹਰੋਂ ਜੇ ਆਏ ਤੁਰਕੇ,
ਚਾਰ ਪਹਿਰ ਇਹ ਸਾਡੇ ਨਹੀਂ ਟਿਕ ਸਕਦਾ।

ਭਾਵੇਂ ਸੱਤਾਂ ਵਲਾਇਤਾਂ ਦਾ ਹੁਸਨ ਆ ਜੇ,
ਸਾਡੀ ਮਿੱਟੀ ਨਾ ਨਹੀਂ ਮੜ੍ਹਕ ਸਕਦਾ।

ਧਰਨ ਦਿੱਲੀ ਦੀ ਧੌਣ ਤੇ ਪਿੰਡ ਗੋਡਾ,
ਭਾਵੇਂ ਗੱਲ ਇਹ ਸੂਲੀ ਦੀ ਛਾਲ ਵਰਗੀ।

ਦਿੱਲੀ ਪਿੰਡਾਂ 'ਚ ਜਦੋਂ ਵੀ ਪੈਰ ਪਾਵੇ,
ਸਾਨੂੰ ਹੀਣਤਾ ਮਾਂ ਦੀ ਗਾਲ੍ਹ ਵਰਗੀ।

ਚਾਰ ਵੱਡੇ ਪਹਾੜਾਂ ਦਾ ਭਾਰ ਜਿੰਨਾਂ,
ਦਿੱਲੀ ਪਾਉਂਦੀ ਹੈ ਅਸੀਂ ਸਹਾਰ ਲੈਂਦੇ।

ਵੱਡੇ ਰਾਠ ਅੱਜ ਸਾਡੇ ਹੀ ਪਾੜ ਲਾ ਕੇ,
ਫਿਰਦੇ ਚੰਦ ਤੇ ਉਚੀ ਡਕਾਰ ਲੈਂਦੇ।

ਹੈਗਾ ਜੀਹਨੂੰ ਹੰਕਾਰ ਹਕੂਮਤਾਂ ਦਾ,
ਭੁੱਖੀ ਧਰਤ ਤੋਂ ਚੰਦ ਤੇ ਅੱਪੜੇ ਨੇ।

ਚਲੋ ਮੱਸਿਆ ਤਾਂ ਮਾਸੀ ਉਹਨਾਂ ਦੀ ਸੀ,
ਪੂਰਨਮਾਸ਼ੀ ਕਿਉਂ ਇੰਨਾ ਹਨੇਰ ਪਾਇਐ?

ਹਿੱਕ ਦੋਹਾਂ ਦੀ ਚੀਰਕੇ ਕਹੇ ਤੜਕਾ,
ਕਾਹਤੋਂ ਨੇਰ੍ਹਿਆਂ ਇੰਨਾ ਹਨੇਰ ਪਾਇਐ?

"ਇਕ ਬੁੱਢਾ ਪਹਾੜ ਜੇ ਤੋੜ ਸਕਦੈ",
ਸਵਾ ਲੱਖ ਨਾ ਕੱਲਾ ਵੀ ਲੜ ਸਕਦੈ।

ਲੱਖ ਫੜਨ ਫਿਰਕੇ ਪੂੰਜੀਵਾਦ ਐਪਰ,
ਏਥੇ ਟੰਗਾਂ ਅੜਾਕੇ ਨੀਂ ਖੜ੍ਹ ਸਕਦਾ।
•



## ਪੂੰਜੀਪਤੀ ਅਮਨ

ਜਿਹੜੀ ਮਾਂਗਾਂ ਦੇ ਸੰਧੂਰ ਉੱਤੇ ਕਿਰਦੀ, ਤੂੰ ਐਟਮਾਂ ਦੀ ਧੂੜ ਅਮਨਾਂ।
ਮੇਰੀ ਪਤਨੀ ਦੀ ਸਹਿਮੀ ਹਿੱਕ ਉਪਰ, ਤੂੰ ਹਾਸਾ ਨਹੀਂ ਮੇਰੇ ਪੁੱਤ ਦਾ।
ਪਾਟੀ ਕੁੜਤੀ 'ਚੋਂ ਚੋਗੀ ਨੂੰ ਜੋ ਪੁੱਛਦੀ, ਤੂੰ ਸਿਕਰੀ ਕਪਾਹ ਦੀ ਖੁੰਨੀਆਂ।
ਜਿਹੜਾ ਸਕਿਆਂ ਭਰਾਵਾਂ ਨੂੰ ਵਰਾਂਵਦਾ, ਉਹ ਝਗੜਾ ਤੂੰ ਵੱਟ ਡੌਲ ਦਾ।
ਆਉਂਦੀ ਜਾਂਦੀ ਨੂੰ ਜੋ ਹੋਰ ਬੋਲੀ ਬੋਲਦਾ, ਤੂੰ ਲੰਬੜਾਂ ਦਾ ਉਹੀ ਛੋਕਰਾ।
ਤੂੰ ਤਾਂ ਫੌਜਣਾਂ ਦੇ ਰੰਡ ਕਟਵਾਉਣ ਨੂੰ, ਤੁਹਫਾ ਹੈ ਮਸ਼ੀਨ ਸਿਉਣ ਦੀ।
ਤੂੰ ਤਾਂ ਚੰਦਰੇ ਸੁਹਾਗ ਦਾ ਸੰਦੂਕ ਹੈਂ, ਕਿ ਜੀਹਦੇ ਵਿਚ ਲੋਥਾਂ ਨੂੜੀਆਂ।
ਤੂੰ ਤਾਂ ਗੰਗਾ ਦਿਆਂ ਪੰਡਤਾਂ ਨੇ ਸੁਟਿਆ, ਪਿੰਡਾਂ ਤੱਕ ਇਕ ਜਾਲ ਹੈ।
ਮੇਰੀ ਪਤਨੀ ਦੇ ਘੂਕ ਸੁੱਤੇ ਨੰਗ ਤੇ ਤੂੰ ਛਾਪਾ ਕੇਂਦਰੀ ਪੁਲੀਸ ਦਾ।
ਮੇਰੇ ਪੁੱਤਰ ਦੀ ਗਲ ਤੇ ਚਟਾਖ ਤੂੰ ਪੁਲੀਸ ਦੀ ਚਪੇੜ ਵੱਜੀ ਦਾ।
ਤੂੰ ਤਾਂ ਪੇਂਡੂਆਂ ਦੇ ਚਿੱਤ ਪ੍ਰਚਾਣ ਲਈ ਗਾਲ੍ਹ ਜਿਹਾ ਕੋਈ ਗੀਤ ਹੈਂ।
ਤੂੰ ਤਾਂ ਭੁੱਖਿਆਂ ਢਿੱਡਾਂ ਦੇ ਲਈ ਖੂੰਨੀਆਂ ਹੈਂ ਕਾਵਾਂ ਰੌਲੀ ਸ਼ਾਂਤੀ ਦੀ।
ਤੈਨੂੰ ਡੋਬ ਡੋਬ ਛੱਪੜਾਂ 'ਚ ਮਾਰਨਾ, ਨਾ ਤਾਰੂ ਤੈਨੂੰ ਗੰਗਾ, ਜਮਨਾ।
ਅਮਨਾਂ! ਅਮਨਾਂ!!
ਤੂੰ ਹੱਕਾਂ ਦੀ ਤਾਂ ਜੰਗ ਦੇ ਲਈ ਹੈਂ ਇਕ ਠੁੰਮਣਾ।
•

## ਮਮਤਾ ਦੀ ਬੋਲੀ

ਕਿਰਤੀ : ਮੈਂ ਕਿਰਤੀ ਹਾਂ ਸੱਖਣਾ ਸੱਖਣਾ, ਆਇਆ ਭਰੇ ਬਜਾਰੀਂ ਹੋ।
ਕੱਖੀਂ ਲੈ ਲਊ ਪੁੱਤਰ ਜਿਹੜੇ, ਮਿਲਣ ਨਾ ਲੱਖ ਹਜ਼ਾਰੀਂ ਹੋ।
ਮਮਤਾ : ਇਹ ਸੌਦੇਬਾਜ਼ਾਂ ਦੀ ਧਰਤੀ, ਕਰ ਨਾ ਅਰਜ਼ ਧਿਙਾਣੇ ਵੇ।
ਏਥੇ ਤਾਂ ਵਿਕਦੀ ਭਰੀ ਜੁਆਨੀ, ਨਾ ਵਿਕਦੇ ਬਾਲ ਇਵਾਣੇ ਵੇ।
ਕਿਰਤੀ : ਸਾਡੇ ਸਦੀਆਂ ਦੇ ਨੰਗ ਤਾਈਂ, ਇਹ ਮੰਡੀ ਨਾ ਕੱਜਦੀ ਏ।
ਪਤ ਖਾ ਕੇ ਤੇ ਪੁੱਤ ਖਾ ਕੇ ਵੀ, ਫਿਰ ਕਿਹੜਾ ਇਹ ਰੱਜਦੀ ਏ।
ਮਮਤਾ : ਕੀ ਇਹ ਬੱਚੇ ਨਰਦ ਜੂਏ ਦੀ, ਜਾਂ ਇਹ ਮਰ ਗਈ ਵਹੁਟੀ ਦੇ?
ਮੈਨੂੰ ਤਾਂ ਇਹ ਮਾਸ ਨਾ ਲੱਗਦੇ, ਦਿਲ ਤੇਰੇ ਦੀ ਬੋਟੀ ਦੇ।
ਕਿਰਤੀ : ਇਹ ਮਮਤਾ ਦਾ ਮਸਲਾ ਨਹੀਉਂ, ਇਹ ਵਿਥਿਆ ਹੈ ਰੋਟੀ ਦੀ।
ਰੋਟੀ ਖਾਤਰ ਪਾ ਸਕਦੀ ਏ, ਮਾਂ-ਮਮਤਾ ਦੀ ਲੋਟੀ ਵੀ।
ਮਮਤਾ : ਜਿਨ੍ਹਾਂ ਦੇ ਪੁੱਤ ਮੰਡੀਏ ਵਿਕਦੇ, ਕੀਕੂੰ ਜੀਵਣ ਮਾਵਾਂ ਵੇ?
ਅੱਜ ਤੇਰੀ ਮਮਤਾ ਦੀ ਧੁੱਪ ਦਾ, ਕਿਉਂ ਢਲਿਆ ਪਰਛਾਵਾਂ ਵੇ?
ਕਿਰਤੀ : ਇਹ ਮੇਰੀ ਅਣਬੋਲੀ ਕਵਿਤਾ, ਦੇ ਅਣਗੌਲੇ ਫ਼ਿਕਰੇ ਨੀ।
ਇਹ ਤਾਂ ਬਿਨ ਸਿਰਨਾਵਿਉਂ ਪੱਤਰ, ਰੁਲਦੇ ਜੁ ਬਿਨ ਜ਼ਿਕਰੇ ਨੀ।
ਮਮਤਾ : ਆ ਮੈਂ ਤੈਨੂੰ 'ਧੁੱਪ' ਦਿਖਾਵਾਂ, ਜੁ ਮੈਂ ਫਿਰਾਂ ਲਕੋਈ ਵੇ।
ਸੌ ਬੱਦਲਾਂ ਦੇ ਸਿਰ ਤੇ ਹੁੰਦਿਆਂ, ਨਹੀਂ ਅਪਾਹਜਣ ਹੋਈ ਵੇ।
ਕਿਰਤੀ : ਭੰਨੀਏ ਵੇ ਜ਼ਿੰਦਗੀ ਦਾ ਠੀਕਰਾ, ਸਿਰ 'ਪੁੱਤ ਖਾਣੇ' ਨਾਗਾਂ ਦੇ।
ਮਮਤਾ : ਕੁੰਡਲੀ ਹੇਠ ਲਕੋ ਲਏ ਜਿਸ ਨੇ, ਮੇਵੇ ਸਾਡਿਆਂ ਬਾਗਾਂ ਦੇ।

•



## ਆਵਾਜ਼

ਸੁਣੋ! ਸੁਣੋ!! ਅਵਾਜ਼ ਮੇਰੀ
ਸੱਚ ਦੇ ਜੋ ਹਾਣ ਦੀ
ਆਵਾਜ਼ ਜੋ ਮੈਂ ਕਹਿ ਰਿਹਾ
ਬੀਮਾਰ ਹਿੰਦੋਸਤਾਨ ਦੀ।
ਆਵਾਜ਼ ਜੋ ਮੈਂ ਕਹਿ ਰਿਹਾ
ਕਦੇ ਕਦਾਈ ਜਨਮ ਦੀ।
ਆਵਾਜ਼ ਜੋ ਮੈਂ ਕਹਿ ਰਿਹਾ
ਹੈ ਜਨੂੰਨੀ ਜਿਰਮ ਦੀ।
ਹਰ ਸ਼ਹਿਰ ਦੀ ਹਰ ਕੰਧ 'ਤੇ
ਖ਼ੂਨ ਦੇ ਛਿੱਟੇ ਪੈ ਗਏ।
ਪੌਣਾਂ ਵਿਚ ਜ਼ਹਿਰਾਂ ਘੁਲੀਆਂ
ਮਨ ਖੱਟੇ ਕਿਉਂ ਪੈ ਗਏ।
ਕਲਮ ਜੋ ਸੀ ਸੋਚਿਆ
ਖ਼ੁਸ਼ੀਆਂ ਦਾ ਲਿਖਣਾ ਗੀਤ ਹੈ
ਪਰ ਇਹ ਮਜ਼ਬੂਰੀਆਂ
ਵੈਣ ਪਾਉਣੇ ਪੈ ਗਏ
ਸੁਣੋ! ਸੁਣੋ!! ਆਵਾਜ਼ ਮੇਰੀ
ਰੋਂਦਿਆਂ ਨੂੰ ਚੁੱਪ ਕਰਾਉਣ ਦੀ
ਸੁਣੋ! ਸੁਣੋ!! ਆਵਾਜ਼ ਮੇਰੀ
ਦੁਖੀਆਂ ਨੂੰ ਗਲ ਲਾਉਣ ਦੀ।
ਹਿੱਟ ਲਿਸਟ ਦੇ ਅਰਥ ਨੂੰ
ਪਹਿਲਾਂ ਨਾ ਕੋਈ ਜਾਣਦਾ
ਹਿੱਟ ਲਿਸਟ ਦੇ ਵਿਚ ਤਾਂ
ਮੰਦ-ਭਾਗਾਂ ਹੀ ਆਮਦਾ।
ਹਿੱਟ ਲਿਸਟ ਤਾਂ ਰੂਪ ਹੈ

ਖਰੂਦ ਭਰੇ ਗੁਮਾਨ ਦਾ।
ਹਿੱਟ ਲਿਸਟ ਲਿਖਣ ਵਾਲਿਓ
ਗੱਲ ਕਰੋ ਨਾ ਅੱਗ ਲਗਾਉਣ ਦੀ
ਗੱਲ ਕਰੋ ਬੁਝੇ ਚੁਲੇ ਤਪਾਣ ਦੀ।
ਬੱਸਾਂ 'ਚੋਂ ਕੱਢ ਕੇ ਮਾਰਤੇ
ਲਾਸ਼ਾਂ ਖ਼ੂਨ ਤਰਦੀਆਂ
ਕਲਮ ਦੀ ਜੀਭਾ ਆਖਦੀ
ਹੋਰ ਨਹੀਂ ਗੱਲਾਂ ਘਰ ਦੀਆਂ
ਹਾਇ! ਉਹ ਮੰਦ-ਭਾਗਣਾ
ਜੋ ਸੀ ਕੁੱਲ ਸੁਹਾਗਣਾ
ਪਲ ਵਿਚ ਰੰਡੀਆਂ ਕਰਤੀਆਂ
ਵੇਖੋ ਚੱਕਰ, ਖੇਡ, ਕਿਸਮਤੀ
ਰੱਤ ਨਾ ਮਾਂਗਾਂ ਭਰਤੀਆਂ।
ਵਾਲ ਗਲਾਂ ਵਿਚ ਪੈ ਗਏ
ਰੋਂਦੀਆਂ ਹਟਕੋਰੇ ਭਰਦੀਆਂ
ਬਾਲਾਂ ਵੱਲ ਨੂੰ ਤੱਕ ਕੇ
ਗ਼ਮਾਂ ਨੂੰ ਜ਼ਰਬਾਂ ਕਰਦੀਆਂ
ਕਿਸਮਤ ਉਤੇ ਝੂਰਦੀਆਂ
ਕਿਉਂ ਨਾ ਜੰਮਦੀਆਂ ਮਰਗੀਆਂ
ਆਹ! ਹਸ਼ਰ ਨਾ ਤੱਕਦੀਆਂ
ਜਿੱਥੇ ਹੋਈਆਂ ਇਹ ਹਰਕਤਾਂ
ਪੀਲੀਆਂ ਪੈ ਗਈਆਂ ਧਰਤੀਆਂ
ਰੋ ਰਹੇ ਸਭ ਪਿੰਡ ਨੇ
ਰੋ ਰਹੀਆਂ ਸ਼ਹਿਰ ਦੀਆਂ ਬਸਤੀਆਂ
ਇਹ ਸ਼ਾਮਾਂ ਕੀ ਨੇ ਕਹਿੰਦੀਆਂ?
ਇਹ ਰਾਤਾਂ ਕੀ ਨੇ ਕਹਿੰਦੀਆਂ?
ਨੀਦਾਂ ਨਾ ਅੱਖੀਂ ਪੈਂਦੀਆਂ



ਡਰਦੀਆਂ, ਖੜ੍ਹ, ਬਹਿੰਦੀਆਂ
ਤੱਕ ਡਰਾਉਣੇ ਦ੍ਰਿਸ਼ ਨੂੰ
ਰੂਹਾਂ ਹੀ ਕੰਬ ਜਾਂਦੀਆਂ
ਜਦ ਸਵੇਰਾਂ ਹੁੰਦੀਆਂ
ਅਖ਼ਬਾਰਾਂ ਤੇ ਅੱਖੀਆਂ ਪੈਂਦੀਆਂ
ਅਖ਼ਬਾਰਾਂ ਨੂੰ ਆਦਤ ਪੈ ਗਈ
ਨਿੱਤ ਖ਼ੂਨੀ ਗੱਲਾਂ ਕਹਿੰਦੀਆਂ
ਸਿਖਰ ਦੁਪਹਿਰਾਂ ਹੋਣ ਤੇ
ਧੁੱਪਾਂ ਵੀ ਰਹਿਣ ਸਹਿਮੀਆਂ।
ਹਾਲ ਕਿਉਂ ਮੰਦਾ ਹੋ ਗਿਆ
ਘੁੱਗ ਵਸਦੇ ਪੰਜਾਬ ਦਾ?
ਪਾਣੀ ਕਿਉਂ ਗੰਦਲਾ ਹੋ ਗਿਆ
ਸਤਲੁਜ ਦਰਿਆ ਦਾ?
ਕਾਲਾ ਵਰਕ ਕਿਉਂ ਹੋ ਗਿਆ
ਸੁਹਣੇ ਸਿੱਖ ਇਤਿਹਾਸ ਦਾ?
ਕਿੱਦਾਂ ਕੋਈ ਕਾਨੀ ਲਿਖੇਗੀ
ਦ੍ਰਿਸ਼ ਕੁਲਹਿਣੇ ਬਾਬ ਦਾ?
ਇਹ ਕੌਤਕ ਹੈ ਕਿਸ ਰਚਿਐ?
ਮੇਰਾ ਆਪਣਾ ਘਰ ਹੀ ਮੱਚਿਐ
ਗਿਆ ਆਪਣਾ ਆਪੇ ਡੱਸਿਐ
ਸੁਣੋ! ਸੁਣੋ!! ਆਵਾਜ਼ ਹੈ ਇਹ
ਦੂਰ ਬੈਠੇ ਸ਼ੈਤਾਨ ਦੀ।
ਸੋਚ ਰਿਹਾ ਸਾਨੂੰ ਹੀ ਮਰਾਣ ਦੀ।
ਦਿੱਲੀ ਵਿਚ ਜਿਉਂਦੇ ਸਾੜ ਤੇ
ਰੁੜਕੇਲਾ ਕਿਸ ਨੇ ਮਾਰ ਤੇ?
ਪਾਣੀਪਤ, ਮਧੂਬਨ ਜੋ ਹੋ ਗਿਆ
ਇਹ ਕਾਰੇ ਕਿਸ ਸਰਕਾਰ ਦੇ?

ਇਹ ਐਵੇਂ ਨਾ ਹੋ ਸਕਿਐ
ਇਹ ਕਾਰਾ ਹੈ ਕਿਸ ਰਚਿਐ?
ਸੁਣੋ! ਸੁਣੋ!! ਅਵਾਜ਼ ਇਹ
ਦਿੱਲੀ ਦੇ ਹੁਕਮਰਾਨ ਦੀ
"ਧਰਤ ਦਾ ਹਿੱਲਣਾ ਕੁਦਰਤੀ
ਗੱਲ ਕਰਦਾ ਵੱਡੇ ਰੁੱਖ ਡਿੱਗ ਜਾਣ ਦੀ।"
ਹੁਣ ਮੈਂ ਇਸ ਦੋਸ਼ ਨੂੰ
ਕਿਸ ਦੇ ਸਿਰ ਮੜ੍ਹਾਂਗਾ
ਹਿੱਕ ਆਪਣੀ ਨੂੰ ਤਾਣ ਕੇ
ਕਿਸ ਧਿਰ ਵੱਲ ਹੋ ਖੜ੍ਹਾਂਗਾ
ਕਿਸ ਦੋਸ਼ੀ ਨੂੰ ਬਰੀ ਕਰਾਂਗਾ
ਨਹੀਂ! ਨਹੀਂ!! ਮੈਂ ਕਿਸੇ ਨੂੰ ਬਰੀ ਨਹੀਂ ਕਰਾਂਗਾ।
ਕਰਾਂਗਾ ਵਾਰ ਹੁਣ ਮੈਂ
ਕਲਮ ਨਾਲ ਕਰਾਂਗਾ।
ਦੋਹਾਂ ਧਿਰਾਂ ਤੇ ਵਰਾਂਗਾ।
ਦੋਹਾਂ ਧਿਰਾਂ ਤੇ ਵਰਾਂਗਾ।

•



## ਫੁਟਕਲ

ਬੁਰਕੀ ਬੁਰਕੀ ਖਾਧਾ ਝੋਰਾ, ਇਕ ਤੇਰਾ ਇਕ ਜੋਬਨ ਦਾ
ਝੋਨੇ ਫੰਡਣ, ਕਣਕਾਂ ਛੰਡਣ
ਚੁਨਣ ਕਪਾਹਾਂ, ਫਿਰਨ ਮਸ਼ੀਨਾਂ।
ਨਾਲ ਜਹਾਜ਼ਾਂ ਦੇ ਛਿੜਕਦਿਆਂ ਦੇ
ਤੇਰੇ ਬੱਛੜੇ ਵਾਂਗ ਨੇ ਦੀਵਾ
ਕਾਹਦੀ ਕਾਮੇਂ ਛੱਪਰੀ ਪਾਵਣ
ਮਿਲੇ ਬਟੇਰ ਨਾ ਪੂਲੇ ਨਾ ਥਾਂ
ਤੂੰ ਟੁੱਟਿਐ ਤਾਂ ਤੇਰੇ ਕੱਦ ਦੇ
ਹੋ ਗਏ ਹਨ ਆਪਣੇ ਹੀ ਢੂਣੇ
ਤੂੰ ਤੁਰ ਜਾ ਤੂੰ ਜਾਹ ਮਾਹੀਆ ਵੇ
ਮੈਂ ਮਰ ਜਾਵਾਂ ਜੇ ਤੂੰ ਕੂੰਵੇਂ
ਆਖਣ ਤੇਰੇ ਸ਼ਰੀਕ ਕਿ ਸੀਰਾ
ਜੇ ਮਰਜੇ ਤੂੰ ਮੈਨੂੰ ਕਹਿੰਦੇ
ਮੈਨੂੰ ਤੇਰੀ ਮੌਤ ਦਾ ਚਾਅ।
ਤੇਰੀ ਸ਼ੋਹਰਤ ਮਹਿੰਗੀ ਬੁਣਕੇ, ਸਸਤੇ ਆਵਣ ਭਈਏ
ਕੀ ਇਨ੍ਹਾਂ ਨੂੰ ਮਿੱਤਰ ਕਹੀਏ ਜਾਂ ਇਨ੍ਹਾਂ ਨੂੰ ਦੁਸ਼ਮਣ ਕਹੀਏ।
ਤੇਰਾ ਭਾਈਆਂ ਨਾਲ ਕਾਮਿਆਂ, ਮੇਲ ਜਮਾਤੀ ਸਕੀਰੀ ਦਾ
ਲਾਲ ਝਾੜਿਆਂ, ਲੋਥ ਤੇਰੀ ਤੋਂ ਲੱਗਣ ਉਥੇ ਮਹਿੰਗੀਆਂ ਲੱਕੜਾਂ
ਤੇਰੇ ਕੱਦ ਜਿੱਡੀ ਤਾਂ ਸ਼ੋਕਣ ਕੁੱਲੀ ਵਿਚ ਵੀ ਹੈਨੀ ਥਾਂ
ਤੂੰ ਤਾਂ ਮੂੰਹੋਂ ਨਹੀਂ ਬੋਲਣਾ, ਤੂੰ ਝੜਿਆਂ ਵਿਚ ਜਿੰਨਾ ਚੋਕਣਾ
ਸ਼ਹਿਰਾਂ ਤੱਕ ਪਿੰਡਾਂ ਨੂੰ ਢੋਹ ਕੇ,
ਸਿਰ 'ਤੇ ਨਾ ਤੂੰ ਅੱਕਿਐਂ
ਐਪਰ ਸ਼ਹਿਰੋਂ ਮੁੜਦਿਆਂ, ਮੁੜਕਾ ਪੂੰਝਦਿਆਂ ਕਿਉਂ ਥੱਕਿਐਂ
ਤੇਰੇ ਝੋਨੇ ਕਣਕ, ਕਪਾਹਾਂ ਦਾ ਕਾਮੇਂ ਨੂੰ ਕਾਹਦਾ ਭਾਅ
ਦੀਵੇ ਦਾ ਦੀਵਾਲਾ ਹੋ ਗਈ, ਬਿਜਲੀ ਦੀ ਦੀਵਾਲੀ

ਜੁ ਦੀਵਾਲੀ ਉਂ ਦੱਸੀ ਦੀ, ਉਹ ਦੇਖਣ ਲਈ ਸੀ ਕਾਹਲੀ
ਆਪਣੀ ਦੀਵਾਲੀ ਮੁੜ ਆਈ ਨਾਲ ਮਸ਼ੀਨਾਂ ਉਨ ਲਗਾ
ਦੀਵਾਲੀ ਦਿਵਾਲਾ ਕੱਢ ਗਈ ਫੋਕੇ ਤੋਪਾਂ ਬੰਬ ਚਲਾ

ਅਸੀਂ ਖੁਲ੍ਹਾਂ ਦੇ ਪਹਿਲੇ ਨੂੰ ਟੱਪ ਜਾਈਏ
ਭਾਵੇਂ ਪਹਿਰੇ ਖੁਦ ਆਪ ਸਰਕਾਰ ਹੋਵੇ
ਪੂਰੇ ਜੰਗਲਾਂ ਟਿਢਿਆਂ ਦੇ ਅਸੀਂ ਵਾਸੀ
ਸਾਨੂੰ ਫੜੇ ਨਾ ਜੀਪ ਜਾਂ ਕਾਰ ਹੋਵੇ
ਰਾਤਾਂ ਘੋੜੇ ਦੀ ਕੰਡ 'ਤੇ ਕੱਟਣ ਵਾਲੇ
ਮੁੱਠ ਛੋਲੇ ਜਾਂ ਝਟਕੇ ਦਾ ਵਾਰ ਹੋਵੇ

ਚਲਦੇ ਹਾਥੀਆਂ ਤੋਂ ਹੁੱਦੇ ਲਾ ਹੁੱਦੇ ਲਾਹ ਲੈਂਦੇ
ਜਿਗਰੇ ਇਨ੍ਹਾਂ ਦੇ ਵਾਂਗ ਮੁਜ਼ਾਰਿਆਂ ਦੇ
ਖਰਾ ਖੱਟ ਖਾਵਣ, ਖੋਟਾ ਖਿਚਣ ਖਰਚਣ, ਖਾਧਾ,
ਖਰਚਿਆ ਖਾਰ ਦੀ ਖਾਰ ਦਾ ਏ।
ਸਾਡੀ ਸੋਚ ਜਦ ਵੀ ਉਡਾਣ ਹਾਰ ਹੋਈ
ਅਸੀਂ ਲਪਟਦੇ ਕਹਿਰਾਂ 'ਤੇ ਕਹਿਰ ਬਣਕੇ
ਜਿਥੇ ਜਿਥੇ ਬਹਾਰਾਂ ਦੇ ਪੈਰ ਜੰਮੇ ਉਥੋਂ ਈ ਲੰਘੇ ਹਾਂ ਖੂਨ ਦੀ ਧਾਰ ਬਣਕੇ।
•



## ਔਰਤ

ਗੌਰ ਨਾਲ ਸੁਣਿਓਂ ਵੱਡੇ ਪਾੜ੍ਹਿਉ ਉਏ, ਸਦੀਉ ਸਦਾ ਜਨਾਨੀਂ ਕਿਤਾਬ ਵਰਗੀ।
ਜੇ ਇਹ ਵਿੰਗੀ ਏ ਵਾਹ! ਵਾਹ!! ਏ ਵੈਰੀਆਂ ਦੀ,
ਜੇ ਇਹ ਸਿੱਧੀ ਤਾਂ ਕੋਲ ਹਥਿਆਰ ਵਰਗੀ।
ਮੇਰੇ ਅੱਖਰ ਨਹੀਂ ਸੋਚ 'ਗੋਬਿੰਦ' ਦੀ ਹੈ, 'ਸਾਹਿਬ ਕੌਰ' ਹੱਥੀਂ ਅੰਮ੍ਰਿਤ ਸੇਧ ਫੜਦਾ।
ਸਵਾ ਲੱਖ ਚਿੜੀਆਂ ਜੇਕਰ ਚੁੰਝ ਖੋਹਲਣ, ਸੌਂ 'ਬਾਜ' ਨਾ ਮੂਹਰੇ ਵੀ ਜ਼ਰਾ ਅੜਦਾ।
ਸਿੰਘਾਂ ਥਿੜਕ ਕੇ ਲਿਖਿਆ ਸੀ ਬੇਦਾਵਾ, ਭਾਗੋ ਜੂਝ ਬੇਦਾਵਾ ਪੜਵਾ ਲਏਗੀ।
ਰਾਣੀ ਕੈਕਈ ਰੱਥ ਦਾ ਧੁਰਾ ਬਣਕੇ, ਹਰਦੇ ਦਸਰਥ ਨੂੰ ਆਪੇ ਜਤਾ ਲਏਗੀ।
ਚੁਗਲ ਕਥਾਕਾਰ ਲੁਕਾਈ ਦਾ ਨੁਕਸ ਦੱਸਣ, ਕ੍ਰਿਸ਼ਨ ਪਾਂਡਵਾਂ ਤਾਈਂ ਸਲਾਹੀ ਜਾਂਦੇ।
ਉਹਨਾਂ ਧਰਮੀਆਂ ਦਾ ਕਿਹੜਾ ਧਰਮ ਲੋਕੋ, ਧਰਮ ਪਤਨੀ ਜੁ ਜੂਏ 'ਤੇ ਲਾਈ ਜਾਂਦੇ।
ਲੜਦਾ ਸਦੀਆਂ ਤੋਂ ਮੈਂ ਇਕੱਲਵਿਆ ਹਾਂ, ਦਰੋਣਾਚਾਰੀਆ ਗੁਰੂ ਹੈ ਅਰਜਨਾਂ ਦਾ।
'ਗੁਰ-ਦਖਸ਼ਣਾ' ਵਿਚ ਵਢਵਾਉਣ ਗੂਠਾ, ਮੂਡ ਕੇਹਾ ਸਮਾਜ ਦੇ ਸਰਜਨਾਂ ਦਾ।
ਜਿਹੜਾ ਕਿਸੇ ਵੀ ਇੱਜ਼ਤ ਦਾ ਨੱਕ ਵੱਢੇ, ਉਹਦੀ ਇੱਜ਼ਤ ਚੁਰਾਏ ਉਹ ਚੋਰ ਕਿਉਂ ਹੈ?
ਅਸ਼ੋਕ ਬਾਗ ਵਿਚ ਸੀਤਾ ਸੁਰੱਖਤ ਹੈ ਜੇ, ਫੇਰ ਉਹ ਭੀਲ ਰਾਵਣ ਸੀਨਾ ਜ਼ੋਰ ਕਿਉਂ ਹੈ?
ਰਾਮ ਧੋਬੀ ਦੀ ਬੋਲੀ ਨਾ ਸਹਿ ਸਕਿਆ, ਬਾਰਾਂ ਸਾਲ ਸੀਤਾ ਭਾਵੇਂ ਕੈਦ ਰਹਿਗੀ।
ਚੌਦਾਂ ਸਾਲ ਬਨਵਾਸ ਵਿਚ ਭਟਕ ਕੇ ਵੀ, ਸੀਤਾ ਅਜੇ ਬਦਚਲਣ ਹੈ ਸ਼ਾਇਦ ਰਹਿ ਗਈ।
ਗਦਰ, ਤਲੰਗਾਨਾਂ, ਬੱਬਰ, ਨਕਸਲੀ ਵੀ, ਸੱਜੇ ਹੱਥ ਦੀ ਸਮਝਣ ਤਲਵਾਰ ਮੈਨੂੰ।
ਮੇਰੇ ਕਹੇ ਤੋਂ ਮਰਦਾਂ ਦੀ ਅਣਖ ਜਾਗੇ, ਘੇਰੀ ਰੱਖਣ ਨਾ ਜੇਕਰ ਘਰ ਬਾਰ ਮੈਨੂੰ।
•

## ਗੀਤ

ਮੇਰੇ ਵੀਰ ਨੂੰ ਸੁੱਕੀ ਖੰਡ ਪਾਈ, ਸੱਸੇ ਤੇਰੀ ਮੈਂਹ ਮਰਜੇ।
ਜੇ ਤਾਂ ਆਇਆ ਹੁੰਦਾ ਤੇਰਾ ਨੀਂ ਜੁਆਈ, ਤੂੰ ਘੀ ਲੈਂ ਆਉਂਦੀ ਚੁੱਕ ਕਰਜੇ।

ਕਿਹੜਾ ਤੇਰੇ ਪੇਕਿਆਂ ਨੇ ਦਿੱਤੀ ਸੀਗੀ ਮੱਝ ਨੀਂ
ਆਏ ਗਏ ਤਾਈਂ ਰੋਟੀ ਦੇਣ ਦਾ ਨਾ ਤੈਨੂੰ ਚੱਜ ਨੀ।
ਸੁੱਕੀ ਖੰਡ ਵੀ ਤੂੰ ਮੋੜਕੇ ਲੈ ਜਾਹ ਨੀ, ਜੇ ਤੇਰਾ ਮਹਿੰਗੇ ਵਿਚ ਸਰਜੇ।

ਮੇਰੇ ਵੀਰ ਨੂੰ ਸੁੱਕੀ ਖੰਡ ਪਾਈ...
ਰੋਜ਼ ਤੇਰੇ ਖੋਲੇ ਦੇ ਮੈਂ ਮੂੰਹ 'ਚ ਹੱਥ ਰੱਖਦੀ
ਚੰਦਰੀ ਮੈਂ ਦੁੱਧ ਚੂਲੀ ਚਾਹ ਨੂੰ ਵੀ ਨਾ ਰੱਖਦੀ।
ਪਾਵਾਂ ਬਾਲਟੀ ਮੈਂ ਭਰੀ ਦੀ ਭਰਾਈ, ਕਿ ਡੇਅਰੀਆਂ ਦਾ ਢਿੱਡ ਭਰ ਜੇ।
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ...

ਕੱਲ੍ਹ ਕੱਖ ਖੋਤੇ ਮੱਝ ਲਈ ਜਾ ਕਮਾਦ 'ਚੋਂ।
ਸੌ ਸੌ ਗੱਲ ਸੁਣੀ ਧੌਲ ਦਾਹੜੀਏ ਪੰਜਾਬ ਤੋਂ।
ਝਾੜ ਝੰਬ ਜਿੰਨੀ ਮੈਂ ਹੈ ਕਰਾਈ, ਬੰਦੈ! ਤਾਂ ਜਿਉਂਦਾ ਮਰ ਜੇ।
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ...

ਇਕ ਚੂਲੀ ਦੁੱਧ ਪਿੱਛੇ ਕਰੇਂ ਸੌ ਸੌ ਗੱਲ ਨੀਂ।
ਤਾਹੀਉਂ ਮੇਰੇ ਸੌਹਰਾ ਕਿਹੜਾ ਹੈਗਾ ਭੜਮੱਲ ਨੀਂ।
ਪਿਆਰਾ ਦੁੱਧ ਤੈਨੂੰ ਪੁੱਤ ਤੋਂ ਵੀ ਗਈ, ਤਾਹੀਉਂ ਉਹ ਤੋਂ ਕਾਂ ਵੀ ਨਾ ਰੱਜੇ
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ...



ਮੈਂ ਤਾਂ ਸੀ ਬਥੇਰਾ ਕਿਹਾ ਬਾਪੂ ਡੁੱਬ ਜਾਣੇਂ ਨੂੰ।
ਦੇ ਕੇ ਨਾ ਸੰਧਾਰਾ ਤੋਰੀਂ ਵੀਰ ਵੇ ਨਿਆਣੇ ਨੂੰ।
ਜੇ ਨਾ ਆਉਂਦਾ ਕਹਿਣਾ ਔਤਾਂ ਦੀ ਹੈ ਆਈ, ਮੇਰਾ ਨੀ ਕਲੇਜਾ ਸੜ ਜੇ।
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ...

ਜੀਹਦੇ ਨਾਲ ਵੈਰ ਤੇਰਾ ਉਹਨੂੰ ਦੇਈਂ ਧੀ ਵੇ।
ਧੀਆਂ ਬਾਝੋਂ ਇਥੇ ਰੱਬਾ ਥੁੜਿਆ ਹੈ ਕੀ ਵੇ।
ਧੀਆਂ ਨਾਲ ਖਾਸਾ ਧਨ ਜਾਂ ਘਲਾਈਂ, ਕਿ ਰਸਮਾਂ ਦਾ ਢਿੱਡ ਭਰ ਜੇ।
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ, ਸੱਸੇ ਤੇਰੀ ਮੈਂਹ ਮਰਜੇ।
ਜੇ ਤਾਂ ਆਇਆ, ਹੁੰਦਾ ਤੇਰਾ ਨੀ ਜੁਆਈ ਤੂੰ ਘੀ ਲੈ ਆਉਂਦੀ ਚੁੱਕ ਕਰਜ਼ੇ।
•

## ਗ਼ਜ਼ਲ

ਮੇਰੀ ਬੜੀ ਹਵਾ ਸੀ ਤੇਰੇ ਮਿਲਣ ਤੋਂ ਪਹਿਲਾਂ,
ਮੋਈ ਜਿਹੀ ਮਹਿਕ ਸੀ ਤੇਰੇ ਖਿੜਨ ਤੋਂ ਪਹਿਲਾਂ।

ਮੈਨੂੰ ਇਉਂ ਦੇਖਿਆ ਤੂੰ ਮੁੜਕਾ ਜਿਉਂ ਇਤਰ ਨੂੰ,
ਮੈਨੂੰ ਖ਼ੁਦਾ ਬਣਾਇਆ, ਬੰਦਾ ਬਣਨ ਤੋਂ ਪਹਿਲਾਂ।

ਹੱਥਾਂ 'ਚ ਦਾਹੜੀਆਂ ਅਤੇ ਘੰਡੀਆਂ ਤੇ ਗੂਠਿਆਂ ਨੂੰ,
ਜਰਗੇ ਕਿਵੇਂ ਜੁਆਨ ਸੀ, ਵਾਪਿਸ ਮੁੜਨ ਤੋਂ ਪਹਿਲਾਂ।

ਮੇਰੀ ਕਦਰ ਕਦਰ ਹੈ, ਮਿੱਤਰਾਂ ਦੇ ਖ਼ੂਨ ਦੀ,
ਨਿਗਲੇ ਨੇ ਕਾਲਖਾਂ ਨੇ ਜੂ ਸੂਹੀ ਕਿਰਨ ਤੋਂ ਪਹਿਲਾਂ।

ਮੇਰੀ ਕਲਮ ਦੀ ਆਭਾ ਤੇ ਹੇਕ ਦੀ ਕੁਝ ਵਾਹ! ਵਾਹ!!
ਐੜਾਂ ਸੀ ਸੂਤ ਗਈਆਂ, ਤੇਰੇ ਵਰ੍ਹਨ ਤੋਂ ਪਹਿਲਾਂ।

ਹਾਲੇ ਕਿੰਨਾ ਕੁ ਢੋਣੈਂ ਖ਼ਬਰੇ ਅਸੀਂ ਹਨੇਰਾ?
ਕਿੰਨਾ ਕੁ ਖ਼ੂਨ ਮੱਚਣੈਂ, ਸਰਘੀ ਲੱਗਣ ਤੋਂ ਪਹਿਲਾਂ।

ਆਪਣੀ ਕਿਹੀ ਤੂੰ ਛੇੜੀ? ਛਿੜਿਆ ਸਬਰ ਹੈ ਮੇਰਾ,
ਖਬਰੇ ਤੁਸੀਂ ਕਿਉਂ ਤੁਰਗੇ, ਮੇਰੇ ਵਿਰਨ ਤੋਂ ਪਹਿਲਾਂ।

ਏਸੇ ਬਹਾਨੇ ਹੋਣਾ ਸ਼ਾਇਦ ਮੈਂ ਸੁਰਖ਼ਰੂ ਹੈ,
ਖ਼ਤ ਜੇ ਸੁਲਾਹ ਦਾ ਪਾੜੇਂ ਮੇਰੇ ਲੜਨ ਤੋਂ ਪਹਿਲਾਂ।
•



## ਗੀਤ (ਰੱਬ ਜਿੰਨਾ ਜੀਹਦਾ ਆਸਰਾ)

ਰੱਬ ਜਿੰਨਾ ਜੀਹਦਾ ਆਸਰਾ, ਕੀਹਦੇ ਜੇਰੇ ਨਾਲ ਉਸਨੂੰ ਭੁਲਾਵਾਂ।
ਰੱਬ ਜਿੰਨਾ ਜੀਹਦਾ ਆਸਰਾ, ਮੈਨੂੰ ਲੱਗ ਜਾਣ ਉਹਦੀਆਂ ਬਲਾਵਾਂ।

ਮੈਨੂੰ ਤਾਂ ਇਹ ਜਾਪੇ ਕੋਈ ਮੇਵਾ ਏ ਕਰੁੱਤ ਦਾ।
ਵਲ਼ ਦਾ ਵਲੈਤਾਂ ਜਾਵੇ ਵਲ਼ ਇਹਦੀ ਗੁੱਤ ਦਾ।
ਕਿਵੇਂ ਪਿੱਛੋਂ ਇਹ ਮੁੜੰਗੇ ਨੂੰ ਮੈਂ ਲਾਹਵਾਂ।

ਰੱਬ ਕਰੇ ਬੇਲਿਆਂ 'ਚ (ਕਿਤੇ) ਪੈ ਜੇ ਇਹਨੂੰ ਰਾਤ ਹੋ।
ਹਾਕਾਂ ਮਾਰ ਥੱਕੇ, ਨਾ ਕੋਈ ਦੇਵੇ ਇਹਨੂੰ ਹਾਕ ਹੋ।
ਇਹਨੂੰ ਬੇਲਿਆਂ 'ਚ ਰਾਤ ਮੈਂ ਕਟਾਵਾਂ।

ਪਹਿਲਾਂ ਤੈਨੂੰ ਰੇਸ਼ਮਾਂ 'ਚ ਕੱਜਿਆ ਬੇਸ਼ਕ ਹੈ।
ਲੱਖ ਹੈਂ ਬੇਗਾਨਾ ਕੁਝ ਸਾਡਾ ਵੀ ਤਾਂ ਹੱਕ ਹੈ।
ਜਾਵਾਂ ਕਿੱਥੇ ਪੈਰ ਕੀਹਦੇ ਮੈਂ ਲਿਆਵਾਂ।...

ਇਹਦੇ ਆਖੇ ਮੈਨੂੰ ਸੂਲੀ ਚੜ੍ਹਨਾ ਵੀ ਸੌਖਾ ਹੈ।
ਹਾਸੇ ਹਾਸੇ ਮਾਰ ਦੇਵੇ, ਮਰਨਾ ਵੀ ਸੌਖਾ ਹੈ।
ਜੀਹਦੇ ਸਾਹਵਾਂ ਰਾਹੀਂ ਮੇਰੀਆਂ ਨੇ ਸਾਹਵਾਂ।...

ਕੀਹਦਾ ਸੀ ਸਰਾਪ ਪੈਗੀ ਜੋੜੀ ਵਿਚ ਭੰਗਣਾ।
ਦੁਨੀਆਂ ਨੇ ਹੋਰ ਸਾਥੋਂ ਖੌਰੇ ਕੀ ਹੈ ਮੰਗਣਾ?
ਖੋਰੇ ਗੋਰਖਾਂ ਨਾ ਦਿੱਤੀਆਂ ਦੁਆਵਾਂ।...

ਰੱਬਾ! ਹਿੱਸਾ ਮੰਗਦਾ ਨੀ ਤੇਰੀ ਮੈਂ ਖ਼ੁਦਾਈ ਦਾ।
ਬੱਸ ਇਕ ਵਾਰੀ ਫੱਟ ਮੇਲ ਦੇ ਜੁਦਾਈ ਦਾ।
ਇਕੋ ਗੱਲ ਮੰਨੇ ਜਿਹੜੀ ਮੈਂ ਮਨਾਵਾਂ।...
(ਉਹਦੇ ਘੁੰਡ ਦੀ ਨਿਗਾ ਨਾ ਮੱਚ ਜਾਵਾਂ)...

ਬੰਨਿਆਂ ਸੀ ਦਾਈਆ ਕਦੇ ਉਮਰਾਂ ਹੰਢਾਉਣ ਦਾ।
ਹੱਕ ਨਹੀਂ ਸਾਡੇ ਕੋਲ ਬਿੰਦ ਵੀ ਖੜਾਉਣ ਦਾ।
ਮੈਥੋਂ ਰੁੱਸ ਗਈਆਂ ਸਾਰੀਆਂ ਸਲਾਹਵਾਂ।
•



## ਅਧੂਰਾ ਗੀਤ

ਮੱਸਿਆ ਦੀ ਰਾਤ ਵਿਚ ਤਾਰਾ ਜਿਵੇਂ ਸਰਘੀ ਦਾ,
ਉਵੇਂ ਤੇਰੇ ਮੁਖੜੇ ਦੀ ਲੋਅ।
ਜਿਹੜੇ ਪਹੇ ਪਏ ਪਿਆਰ ਪਿਆਸੜੇ ਪਪੀਹਿਆਂ ਦੇ,
ਬੁੱਕ ਵਿਚੀ ਬੂੰਦ ਹੀ ਦੇ ਚੋਅ।
ਨੱਕੋ-ਨੱਕ ਨਖਰੇ ਨਕਾਰੇ ਨਹੀਂ ਜਾਣੇ,
ਜੇ ਤੂੰ ਬਣੀ ਨਾ ਕੰਜੂਸ ਜਿਵੇਂ ਬਾਣੀਏ।
ਇਕ ਵਾਰੀ ਚੰਨ ਤਾਂ ਵਿਖਾਦੇ,
ਕਾਹਤੋਂ ਮੱਸਿਆਂ 'ਚ ਡੱਕਿਆ ਹੋਇਐ ਨੀ ਰਾਤ ਰਾਣੀਏ।
ਢਲੀ ਹੋਈ ਰਾਤ ਦਿਆਂ ਤਾਰਿਆਂ ਦੇ ਵਾਂਗ ਅਸੀਂ,
ਘੜੀ ਰਹਿਣਾ ਇਕ ਹੀ ਜਾਂ ਦੋ।
... ... ... ... ...
ਹੁਣੇ ਹੁਣੇ ਫੁਲੀ ਹੋਈ ਸਰ੍ਹੋਂ ਦੀ ਮਹਿਕ ਸੀਗੀ
ਹੁਣੇ ਤੀਆਂ ਦੀ ਸੀ ਖੁਸ਼ਬੋ।
ਹੁਣੇ ਹੁਣੇ ਚੰਨਾਂ ਨਾਲੋਂ ਟੁੱਟੇ ਹੋਏ ਡੱਕਰੇ ਜਿਉਂ,
ਚਾਰੇ ਕੁੰਟੀਂ ਕੇਰ ਗਿਆ ਲੋਅ।
ਆਕੇ ਮੇਰੇ ਸਾਹਾਂ ਦਿਆਂ ਹਾਰਾਂ ਨੂੰ ਹੰਢਾਜਾ,
ਜਿਹੜੇ ਜਨਮਾਂ ਤੋਂ ਰੱਖੇ ਮੈਂ ਪਰੋਅ।
•

## ਨਖਸ਼ਿਖ

ਉਹਦਾ ਇਕ ਇਕ ਵਾਲ ਸੀ ਇਸ਼ਕ ਦਾ,
ਜਿਉਂ ਵਰਕਾ ਕੋਈ ਅਨਪੜ੍ਹਿਆ।

ਉਹਦੀ ਧੌਣ ਸੀ ਅਧੀਆ ਸੌਫੀਆ,
ਵਿਚ ਬਰਫ਼ਾਂ ਦੇ ਲੱਗਿਆ।

ਉਹਦੀ ਮਹਿਕ ਸੀ ਉਬਲਦੇ ਦੁੱਧ ਦੀ
ਉਹਦੇ ਮਨ ਹਾਣੀ ਦਾ ਚਾਅ।

ਰੰਗ ਲਾਲ ਮੱਕੀ ਦਾ ਟੁੱਕ ਸੀ,
ਉਹਦੀ ਤਾਬ ਦੀ ਗਰਮ ਤਬਾ।

ਉਹਦੀ ਛਾਤੀ ਵਿਚ ਅਧਿਰਿੜਕ ਸੀ,
ਵਿਚ ਦੋ ਕੁੱਜੀਆਂ ਭਰਿਆ।

ਉਹਦਾ ਮੁੱਖ ਸੀ ਪਿੰਨਾ ਮੱਖਣ ਦਾ,
ਜੁ ਹਾਣੀ ਲਈ ਰੱਖਿਆ।

ਉਹਦੇ ਸਬਰ ਦਾ ਪਿਆਲਾ ਸਾਬਤਾ,
ਨਾ ਇਸੇ ਕੋਈ ਛਿੜਕਾ।

ਉਹਦੇ ਪੱਟ ਦੋ ਬੁੱਕ ਸੀ ਲੱਸੀ ਦੇ,
ਵਿਚ ਲੂਣ ਗਰੂਰਾਂ ਦਾ।



ਉਹਦੇ ਪੈਰ ਤਿਹਾ ਸੀ ਪਹਿਆਂ ਦੀ,
ਤੇ ਉਹ ਬੂਰ ਸੀ ਫ਼ਸਲਾਂ ਦਾ।

ਉਹਦੀ ਅੱਖ ਗੁਲੇਲਾਂ ਤਾਣਦੀ,
ਜੱਟ ਬੱਲੀਏ ਪਵੇ ਬਲਾ।

ਉਹ ਛਾਤੀ ਸੱਥ ਵਿਚ ਵੀਰ ਦੀ,
ਉਹ ਸੀ ਚਿੱਟੜੀ ਪੱਗ ਦੀ ਭਾਅ।

ਉਹ ਤਾਂ ਮੌਸਮ ਵਿਚ ਬਹਾਰ ਦੇ,
ਲਈ ਫਿਰੇ ਕੁਆਰੇ ਚਾਅ।

ਉਸ ਫੁੱਲ ਤੱਕ ਨਾ ਹੱਥ ਅੱਪੜੇ
ਸਭ ਲਾ ਲਾ ਥੱਕੇ ਵਾਹ।

ਉਹ ਕਿਹੜਾ ਦਾਨੀ ਮਰਦ ਹੈ,
ਕੀਹਤੇ ਰੱਬ ਦੀ ਐਡ ਨਿਗਾਹ।

ਜੀਹਦੀ ਬੁੱਕਲ ਦੇ ਵਿਚ ਸੁੱਟਿਆ,
ਇਹ ਲੱਖਾਂ ਦਾ ਮੁੱਖੜਾ।

•

## ਯਾਦ

ਆ ਗਈ ਅੰਗਿਆਰ ਲੈ ਕੇ ਯਾਦ ਤੇਰੀ ਆ ਗਈ।
ਲਾਉਣ ਤਾਂ ਆਈ ਸੀ ਮਰਹਮ, ਲੂਣ ਮਿਰਚਾਂ ਲਾ ਗਈ।
ਹਿਜ਼ਰ ਦੇ ਤੰਦੂਰ ਅੰਦਰ, ਮੈਂ ਅਜੇ ਸੜਨਾ ਸੀ ਹੋਰ,
ਤੂੰ ਕਮਲੀਏ ਦਿਲ ਮੇਰੇ ਤੇ ਬਣ ਘਟਾ ਕਿਉਂ ਛਾ ਗਈ।
ਮੈਂ ਤਾਂ ਤੁਰ ਜਾਣਾ ਹੈ ਏਥੋਂ, ਚੱਲ ਤੇਰੀ ਦੁਨੀਆਂ ਸਹੀ,
ਊਂ ਤਾਂ ਇਹ ਦੁਨੀਆਂ ਜੜ੍ਹੀਂ ਹੈ ਤੇਲ ਸਾਡੇ ਪਾ ਗਈ।
ਜ਼ਹਿਰ ਤਾਂ ਕੁਝ ਹੋਰ ਵੀ ਜ਼ਿੰਦਗੀ 'ਚ ਪਏ ਹੋਣਗੇ,
ਯਾਦ ਤੇਰੀ ਰੋੜ ਹੈ, ਪਰ ਅੱਖੀਆਂ ਵਿਚ ਪਾ ਗਈ।
ਚਿੱਤਰ ਵਸਲਾਂ ਦਾ ਤਾਂ ਉਲਟਾ ਚਮਨ 'ਚ ਏਦਾਂ ਹੋ ਗਿਆ,
ਆਹਲਣੇ ਤੋਂ ਦੂਰ ਜਿਉਂ ਪੰਛੀ ਨੂੰ ਬਾਰਿਸ਼ ਆ ਗਈ।
•



## ਗੀਤ

ਇਕ ਤੇਰਾ ਖ਼ਤ ਆਉਣ ਦਾ, ਦੂਜੇ ਰੁੱਤਾਂ ਨੇ ਬਹਾਰਾਂ ਦੀਆਂ ਆਈਆਂ।
ਜਿੰਨੀ ਤੇਰੇ ਆਉਣ ਦੀ ਖ਼ੁਸ਼ੀ, ਉਨਾਂ ਡਰ ਹੈ ਵੇ ਤੇਰਿਆਂ ਕਸਾਈਆਂ।
ਕੁੱਤਿਆਂ ਦਾ ਡਰ ਜੇ ਹੁੰਦਾ, ਪਾ ਕੇ ਜਿਸਮਾਂ ਦਾ ਮਾਸ ਭਰਮਾਉਂਦੀ।
ਕੁੱਤੇ ਨੇ ਜੁ ਸਰਦਾਰਾਂ ਦੇ, ਕਿਵੇਂ ਉਨ੍ਹਾਂ ਨੂੰ ਮੈਂ ਭੌਂਕਣੋ ਹਟਾਉਂਦੀ।
ਮੈਨੂੰ ਸ਼ੱਕੀ ਕਰ ਛੱਡਿਆ, ਤੇਰੇ ਭੈਣ ਭਾਈ ਅਤੇ ਭਰਜਾਈਆਂ।
ਤੇਰੀ ਭਾਲ ਵਿਚ ਵੈਰੀਆਂ, ਮੇਰੀ ਕੁੜਤੀ ਨੂੰ ਰਾਤ ਨੇ ਫਰੋਲਿਆ।
ਬੱਚਿਆਂ ਨੇ ਜੀਭ ਸਿਉਂ ਲਈ, ਵੇ ਤੂੰ। ਯੁੱਗਾਂ ਤੱਕ ਜੀਵੇਂ ਮੇਰੇ ਢੋਲਿਆ।
ਨੰਗ ਮੇਰਾ ਦੇਖ ਨਾ ਸਕੇ, ਭਾਵੇਂ ਫੋਲ ਫੋਲ ਰਹਿਗੇ ਉਹ ਰਜਾਈਆਂ।
ਸੌਹਰਿਆਂ ਦਾ ਘਰ ਸਾਥੀਆਂ, ਤੇਰੇ ਮਾਪੇ ਕਰਦੇ ਨੇ ਬਟਵਾਰਾ।
ਕਹਿੰਦੇ ਉਹ ਨਕਸਲਬਾੜੀ ਨੂੰ, ਇਕ ਓਰਾ ਵੀ ਨਾ ਦੇਵਾਂਗੇ ਉਧਾਰਾ।
ਬੋਲੀਆਂ ਸ਼ਰੀਕ ਮਾਰਦੇ, ਮੈਂ ਤਾਂ ਮੈਸ ਗਾਂ ਦੇ ਵਾਂਗ ਵੇ ਹੰਢਾਈਆਂ।
•

## ਰੋਣੇ-ਧੋਣੇ

ਰਾਜਿਆ ਵੇ! ਲੱਜ ਮਾਰਿਆ, ਤੂੰ ਰਾਜਾ ਏ ਰੌਣ।
ਜੇ ਵੱਸ ਚੱਲੇ ਤੂੰ ਬਦ ਕਰੇਂ, ਧੁੱਪ, ਪਾਣੀ ਤੇ ਪੌਣ।
ਰਾਜਿਆ ਵੇ ਰਣਜੀਤਿਆ! ਤੂੰ ਬਾਗਾਂ ਦੀ ਰੱਖ।
ਬੱਚੇ ਤਰਸਣ ਬੇਰ ਨੂੰ, ਤੂੰ ਤਾਹੀਂ ਭਨਾਈ ਅੱਖ।
ਚਿੱਤ ਵਿਚ ਪੰਡ ਬਾਰੂਦ ਦੀ, ਤੂੰ ਭਰ ਭਰ ਮੁੱਠੀਆਂ ਵੰਡ।
ਭੈਣੇ ਬੁੱਢ ਸੁਹਾਗਣੇ ਤੂੰ ਕਿਉਂ ਕੱਟਦੀ ਏਂ ਰੰਡ।
ਵੀਰਾ ਵੇ ਪਟਵਾਰੀਆ ਤੂੰ ਕਰ ਗਰਦੌਰੀ ਦੇਖ।
ਸਾਥੋਂ ਲਏ ਕਾਹਦੇ ਮਾਮਲੇ, ਸਾਡੇ ਖ਼ੂਨ ਹੀ ਸਿੰਜੇ ਖੇਤ।
ਜਾਂ ਖ਼ੂਨ ਅਸਾਡੇ ਸਿੰਜਿਆ, ਤੂੰ ਦੱਸ ਕਿਹੜਾ ਨੀਂ ਖੇਤ।
ਪਾੜ੍ਹਿਆ! ਬਹੁਤ ਨਘੋਚੀਆ, ਤੂੰ ਜਾਣੈਂ ਕਿਹੜੇ ਪਾਰ।
ਖਾਲੀ ਜੇਬਾਂ ਡੁੱਬ ਗਈਆਂ, ਪਰ ਭਰੀਆਂ ਨੂੰ ਰੁਜ਼ਗਾਰ।
ਘਿਉ-ਖਿੱਚੜੀ ਅੱਜ ਪਿੰਡ ਨੇ, ਤੇ ਸ਼ਹਿਰੀ ਅਮਨ ਅਮਾਨ।
ਲੱਗਦੈ ਅੱਜ ਨਹੀਂ ਦਾਗਿਆ, ਕਿਸੇ ਮੰਤਰੀ ਬਿਆਨ।
ਪਾਲੀਆਂ ਵੱਡਿਆ ਚਾਤਰਾ! ਤੇਰੀ ਚੁਰਚਿਰੀ ਦਿਸਦੀ ਬੁੱਧ।
ਲੱਗਦੈ ਚੋਰੀ ਚੁੰਘ ਗਿਆ ਤੂੰ ਦੁੱਧ ਬੱਕਰੀ ਦਾ ਦੁੱਧ।
ਸਾਧਾਂ ਮੱਥੇ ਤਿਲਕ ਨੇ, ਜਿਉਂ ਬੁੱਕਲ ਦੇ ਸੱਪ।
ਭਾਈ ਫਿਰਦੇ ਮਾਰਦੇ, ਰੱਬ ਜਿੱਡੇ ਜਿੱਡੇ ਗੱਪ।
ਕਿੱਥੇ ਮੁੱਛਾਂ ਕੁੰਢੀਆਂ, ਤੇ ਕਿੱਥੇ ਪੋਚਵੀ ਪੱਗ।
ਮੰਡੀਏ ਮਿੱਤ ਸੁੰਗੇੜਦੀ, ਪਰ ਘਰੇ ਮਚਾਵੇਂ ਅੱਗ।
ਮਹਿੰਗਾਈ ਅੱਡਾ ਬਾਲਤੀ, ਸੋਨ-ਚਿੜੀ ਦੇ ਦੇਸ਼।
ਕੁੰਗੜਿਐ ਤਾਂ ਸੂਰਜਾਂ ਨੂੰ, ਪਰਤਿਆ ਕੇ ਦੇਖ।
ਕਾਹਦੇ ਲਈਏ ਮਾਮਲੇ, ਕਿਸ ਗੱਲ ਦਾ ਤਾਵਾਨ।
ਟਾਹਣੀ ਟਾਹਣੀ ਝਾੜਿਆ ਸਾਡਾ ਕੁੱਲ ਲਗਾਨ।
•



## ਜਿਉਂਦੀ ਲਾਸ਼

ਫਿਰਦਾ ਘੜੀਸੀ ਜਿਉਂ ਮੈਂ ਖਰਾਸ ਹਾਂ।
ਮੇਰੇ ਪਿੰਡਾਂ ਦੇ ਵੈਲੀਆਂ ਤੇ ਮੁਖਬਰਾਂ ਨੇ,
ਦਿਲ ਤੇ ਰੱਖੀ ਕਿ ਦਿੱਲੀ ਦੀ ਆਸ ਹਾਂ।
ਪੈਂਡੇ ਤੇਰੇ ਦਾ ਮੈਂ ਕੀ ਇੰਤਜ਼ਾਮ ਕਰਾਂ?
ਸਿਰ ਤੇ ਪੈਰ ਧਰੇ ਫਿਰ ਕੋਈ ਸਲਾਮ ਕਰਾਂ।
ਸਾਡੇ ਖੇਤਾਂ 'ਚ ਬੜੀ ਲਹੂ ਦੀ ਤਿਲਕਣ ਹੈ,
ਪੈਰੀ ਰਾਹੀਆਂ ਦੇ ਸਿਰ ਦੀ ਖੜਾਮ ਧਰਾਂ।
ਮੂੰਹ ਤੇ ਸਿਆਹੀ ਫਿਕਰ ਦੀ, ਲੀੜੇ ਨੇ ਲੀਰੋ-ਲੀਰ,
ਭਾਵੇਂ ਮੈਂ ਚਿੱਟੜੀ ਹੱਸ ਰਹੀ, ਚੁਣਦਾ ਕਪਾਸ ਹਾਂ।
ਮਿੱਤਰ ਬਥੇਰੇ ਆਉਣਗੇ, ਕਰਨਗੇ ਗੌਂਗੇ ਬੜੇ,
ਕੀ ਪਤਾ ਉਨ੍ਹਾਂ ਨੂੰ ਕਿ ਮੈਂ ਜਿਉਂਦੀ ਹੋਈ ਲਾਸ਼ ਹਾਂ।
•

## ਗੀਤ

ਵਾਏ ਨੀ ਤੂੰ ਸਿੱਧੀ ਲੰਘ ਜੀਂ।
ਸਿੱਧੀ ਲੰਘ ਜੀ ਮਿੱਤਰਾਂ ਦੇ ਦੇਸ।

ਭਾਈਚਾਰੇ ਦੀਆਂ ਏਥੇ ਟੁੱਟੀਆਂ ਨੇ ਆਕੜਾਂ,
ਥਾਉਂ ਥਾਈਂ ਏਕੇ ਦੀਆਂ ਮੱਚ ਰਹੀਆਂ ਫਾਕੜਾਂ,
ਰੋਜ਼ੀ ਮੰਗਣਾਂ ਸਹੇੜਨਾਂ ਕਲੇਸ।
ਵਾਏ ਨੀ ਤੂੰ ਸਿੱਧੀ ਲੰਘ ਜੀ, ਸਿੱਧੀ ਲੰਘ ਜੀ ਮਿੱਤਰਾਂ ਦੇ ਦੇਸ।

ਨਵੇਂ ਭਰੇ ਫਿਰਕੂ ਜਨੂੰਨ ਤੇਰੇ ਲਈ ਨੇ।
ਨਵੇਂ ਘੜੇ ਕਾਇਦੇ ਤੇ ਕਾਨੂੰਨ ਤੇਰੇ ਲਈ ਨੇ,
ਜਿਨ੍ਹਾ ਝੱਟ ਹੈ ਬਦਲ ਲੈਣਾ ਭੇਸ।
ਵਾਏ ਨੀ ਤੂੰ...

ਤੈਨੂੰ ਆਉਂਦੀ ਦੇਖ ਪਾਂਡੇ ਟੱਲ ਖੜਕਾਉਣਗੇ,
ਤੇਰੇ ਲਈ ਸਿਰੋਪੇ ਭਾਈ ਮੂਹਰੇ ਲੈ ਕੇ ਆਉਣਗੇ,
ਤੈਨੂੰ ਲੈ ਜੇ ਕੋਈ ਠੱਗ ਨਾ ਭਲੇਸ।
ਵਾਏ ਨੀ ਤੂੰ...

ਨਦੀਆਂ ਨੂੰ ਸਾਗਰਾਂ 'ਚ ਜਾਈ ਤੂੰ ਘਚੋਲਦੀ,
ਨਾਨਕ ਕਬੀਰ ਦੇ ਸਲੋਕ ਜਾਈਂ ਬੋਲਦੀ,
ਅਲੰਘ ਜਾਈਂ ਸਭੇ ਚੁਗਲੀਆਂ ਨੂੰ ਮੇਸ।
ਵਾਏ ਨੀ ਤੂੰ...



ਮਿਲਣਗੇ ਲੋਕਾਂ ਲਾਉਂਦੇ ਪੱਘਰੇ ਦਿਹਾੜੀਏ,
ਜਿਨ੍ਹਾਂ ਦੀ ਤਾਂ ਜੂਨ ਅੱਜ ਪਸ਼ੂ ਨਾਲੋਂ ਮਾੜੀ ਏ,
ਜਰਾ ਉਹਨਾਂ ਦੇ ਵੀ ਵਾਹੁੰਦੀ ਜਾਈਂ ਕੇਸ।
ਵਾਏ ਨੀ ਤੂੰ...

ਅੜੀ ਇਉਂ ਪੁਆਈਂ ਜਿਵੇਂ ਵੇਲਾ ਅਤੇ ਬੇਰੀਆਂ,
ਮੋਹੜੀਆਂ ਉਡਾ ਜੀ ਜਿਨ੍ਹਾਂ ਸੂਲਾਂ ਨੇ ਬਖੇਰੀਆਂ,
ਪਿਆਰ-ਪੌਣ ਬਣ ਵਗੀਂ ਤੂੰ ਹਮੇਸ਼।
ਵਾਏ ਨੀ ਤੂੰ ਸਿੱਧੀ ਲੰਘ ਜੀ,
ਸਿੱਧੀ ਲੰਘ ਜੀ ਮਿੱਤਰਾਂ ਦੇ ਦੇਸ।

•

## ਗੀਤ

ਵਧੀ ਸਾਡੇ ਕੱਦ ਵਾਂਗੂੰ ਰੇਤੇ ਦੀ ਜੁਆਰ ਹੋ।
ਇਕ ਦੂੰਬੀ ਉਤੇ ਲੱਖਾਂ ਆਸਾਂ ਦਾ ਹੈ ਭਾਰ ਹੋ।

ਚਰ੍ਹੀਆਂ 'ਚ ਦੜ੍ਹ ਤੋਤੇ ਫੰਗਦੇ ਨੇ ਮੱਕੀਆਂ।
ਪਤਾ ਨਹੀਂ ਕਾਮਿਆਂ, ਗੁਲੇਲਾਂ ਕਿੱਥੇ ਰੱਖੀਆਂ।
ਇਕ ਛੱਲੀ ਨਾਲ ਤੋਤੇ ਚਾਰ ਚਾਰ ਹੋ।
ਇਕ ਦੂੰਬੀ ਉਤੇ...

ਅੱਸੂ ਦੇ ਤਾਂ ਟੀਂਡੇ ਵਾਂਗੂੰ ਗੂੰਗਾ ਇਹ ਸਮਾਜ ਹੈ।
ਸੋਚਦਾ ਨੀ ਫੁਟੀ ਸਿਰ ਕਿੰਨਾ ਕੁ ਵਿਆਜ ਹੈ।
ਖੜੀਆਂ ਕਪਾਹਾਂ ਅਸੀਂ ਗਏ ਹਾਂ ਡਕਾਰ ਹੋ।
ਇਕ ਦੂੰਬੀ ਉਤੇ...

ਉਰੇ ਉਰੇ ਵਿਚ ਏਦਾਂ ਖੁਡਾਂ ਦੇ ਨਿਸ਼ਾਨ ਨੇ।
ਮਿਹਨਤਾਂ ਨੂੰ ਸੰਨ੍ਹ ਲਾਈ ਜਿਵੇਂ ਹੈ ਸ਼ੈਤਾਨ ਨੇ।
ਚਰ੍ਹੀ ਵਿਚ ਭੱਖੜਾ ਜਿਉਂ ਪਿੰਡ 'ਚ ਗ਼ਦਾਰ ਹੋ।
ਇਕ ਦੂੰਬੀ ਉਤੇ...

ਸੇਠ ਦਾ ਦਲਾਲ ਏਦਾਂ ਪੋਨੀਆਂ ਨੂੰ ਤਾੜਦਾ।
ਚਿਤ 'ਚ ਕਸਾਈ ਜਿਵੇਂ ਬੱਕਰੇ ਨੂੰ ਹਾੜਦਾ।
ਇਨ੍ਹਾਂ ਤੱਕ ਅੱਪੜੀ ਨਾ, ਗੋਪੀਏ ਦੀ ਮਾਰ ਹੋ।
ਇਕ ਦੂੰਬੀ ਉਤੇ...

ਸਿੱਟਿਆਂ ਨੂੰ ਡੂੰਗ ਏਦਾਂ ਉੱਡੇ ਨੇ ਜਨੌਰ ਹੋ।
ਕਾਮਿਆਂ ਨੂੰ ਡੰਗ ਦੇ ਜਿਉਂ ਦਿੱਲੀ ਤੇ ਲਾਹੌਰ ਹੋ।
ਟਿਬਿਆਂ ਦੇ ਖੰਡੇ ਜਿਵੇਂ ਲੋਕਾਂ 'ਚ ਉਭਾਰ ਹੋ।
ਇਕ ਦੂੰਬੀ ਉਤੇ...
•



## ਗੀਤ

ਤੇਰੇ ਜਿਗਰੇ ਦਾ ਮੈਂ ਕੁਛ ਤਾਂ ਇਹਤਰਾਮ ਕਰਾਂ।
ਤੂੰ ਜ਼ਰਾ ਹਾਂ ਤਾਂ ਕਰੇਂ ਫਿਰ ਮੈਂ ਖਾਲੀ ਜਾਮ ਭਰਾਂ।

ਤੇਰੇ ਰਾਹਾਂ 'ਚ ਨਾ ਖਿਲਰੇ ਮੇਰੀ ਲਾਸ਼ ਦੀ ਬੂ,
ਤੇਰੇ ਸਫ਼ਰ ਦਾ ਰਾਹੀਆ ਮੈਂ ਇੰਤਜ਼ਾਮ ਕਰਾਂ।

ਤੇਰੇ ਰਾਹਾਂ 'ਚ ਬੜੀ ਲਹੂ ਦੀ ਹੈ ਤਿਲ੍ਹਕਣ,
ਤੇਰੇ ਪੈਰਾਂ 'ਚ ਸਿਰ ਦੀ ਮੈਂ ਖੜ੍ਹਾਂਵ ਧਰਾਂ।

ਨੰਗੇ ਪਿੰਡਿਆਂ ਤੇ ਰੀ ਹੈ ਮੈਂ ਕਰਦ ਚੰਡ ਕੇ,
ਤੂੰ ਜ਼ਰਾ ਉਠਾ ਤਾਂ ਲਵੇਂ ਫਿਰ ਤੈਨੂੰ ਸਲਾਮ ਕਰਾਂ।
•

## ਤੇਰੀ ਵਿਦਾਇਗੀ

ਵਿਦਾ ਹੋਏ ਸੂਰਜਾ ਵੇ!
ਤੇਰੀਆਂ ਤਾਂ ਕਿਰਨਾਂ ਨੇ 'ਮੂਹਰੇ' ਦੀ ਥਾਂ 'ਪਿੱਛਾ' ਰੁਸ਼ਨਾਇਆ।
ਅੰਬੇ ਹੋਏ ਅੱਟਣਾਂ ਦਾ,
ਰੰਗ ਆਇਆ ਤਿਉੜੀਆਂ ਤੇ, ਸਬਰਾਂ ਦਾ ਫੋੜਾ ਮੈਂ ਛਿਲਾਇਆ।
ਬੜਾ ਠਿੱਠ ਕੀਤਾ ਸਾਨੂੰ 'ਕਾਵਾਂ'
ਜਿਨ੍ਹਾਂ ਬੱਲੀਆਂ ਦਾ ਅੱਡੋ ਅੱਡੀ ਘੋੜ ਸੀ ਭਜਾਇਆ।
ਤੇਰੇ ਆਉਣ ਨਾਲ ਅਸੀਂ ਸਮੇਂ ਨੂੰ ਨੁਕੇਲ ਪਾ ਕੇ,
ਦੋਸ਼ੀਆਂ ਦੇ ਵਾਂਗ ਮੂਹਰੇ ਲਾਇਆ।
ਮੇਰੇ ਢਾਰੇ ਵਿਚ ਧੁੱਪ ਮਰੀ ਸੀ ਜੁ ਦੇਖੀ ਆਪਾਂ,
ਹੁਣ ਉਸ ਨੂੰ ਵੀ ਮੱਚਣਾਂ ਹੈ ਆਇਆ।
ਨਾਲੇ ਏਨੀ ਦਿਨੋ ਦਿਨ ਹੋਈ ਮੁਟਿਆਰ ਇਹਦੇ,
ਕੋਈ ਲੜਾ ਮੇਚ ਵੀ ਨਾ ਆਇਆ।
ਸਾਡੇ ਸਿਰੋਂ ਲਹਿ ਗਿਆ ਏ ਅੱਭਰਾ ਦਾ ਭਾਰ,
ਜਿਹੜਾ ਨ੍ਹੇਰਿਆਂ ਦੀ ਪੰਡ ਨੇ ਸੀ ਪਾਇਆ।
ਉਸ ਭੁੱਖੇ ਮੰਗਤੇ ਦੀ ਸਾਰੀ ਅਸੀਂ ਭੁੱਖ ਖੋਹੀ,
ਜੀਹਨੂੰ ਹੈਸੀ ਘੂਰ ਕੇ ਭਜਾਇਆ।
ਲੈ ਜਾ ਵੇ ਸੁਗਾਤ ਸਾਡੀ ਤੇਰਿਆਂ ਰਾਹਾਂ ਦੇ ਵਿਚ,
ਸਿਰ ਅਸੀਂ ਠੇਡਾ ਹੈ ਬਣਾਇਆ।
ਠੋਕਰ ਤਾਂ ਖਾ ਕੇ ਜੀਹਦੀ ਹੋ ਕੇ ਹੁਸ਼ਿਆਰ ਤੁਰੇ,
ਤੇਰੇ ਜਿਹਾ ਲੋਕਾਂ ਦੇ ਵੇ ਜਾਇਆ।
•



## ਗੀਤ

ਸਾਡੇ ਮਨਾਂ 'ਚ ਸਮਾਇਆ ਸੱਤੇ ਦੀਪਾਂ ਦਾ ਪਿਆਰ।
ਸਾਡੇ ਦਿਲਾਂ 'ਚ ਸਮਾਈ ਸੱਤੇ ਸਾਗਰਾਂ ਦੀ ਖ਼ਾਰ।
ਅਸੀਂ ਮੰਗਵੀਂ ਨਾ ਲੈਣੀ ਦਿਤੋਂ ਲੋਕਾਂ ਦੀ ਬਹਾਰ।

ਅਸੀਂ ਮੋਰਚੇ 'ਚ ਬਹਿ ਕੇ ਲਾਈਆਂ ਹੋ! ਹੋ!!
ਅਸੀਂ ਯਾਰੀਆਂ ਪੁਗਾਈਆਂ ਲੋਕੋ ਹੋ! ਹੋ!!
ਅਸੀਂ ਪਿੰਡਾਂ ਦੇ ਪਸੀਨੇ 'ਚੋਂ ਮਘਾਇਆ ਹੈ ਪਿਆਰ।

ਅਸੀਂ ਰੋਹੀਆਂ ਦੀਆਂ ਕੁੱਲੀਆਂ ਦੀ ਲੋਅ ਹੋ! ਹੋ!!
ਅਸੀਂ ਖੱਗ ਕੇ ਲਿਆਈਏ ਖੁਸ਼ੀ ਰੋਅ ਹੋ!
ਅਸੀਂ ਧਰਤੀ ਦੇ ਸਿਰੋਂ ਲਾਹੁਣਾ ਰੱਬ ਦਾ ਉਧਾਰ।

ਅਸੀਂ ਲਾਰਿਆਂ ਤੇ ਧਿਜਣਾ ਨਾ ਹੋ! ਹੋ!!
ਅੱਗ ਵਰ੍ਹਦੀ 'ਚ ਭਿੱਜਣਾ ਨਾ ਹੋ! ਹੋ!!
ਸਾਨੂੰ ਕੰਮਾਂ 'ਚ ਕਮਾਈ ਹੋਈ ਹਿੱਕ ਦਾ ਹੰਕਾਰ।

ਅਸੀਂ ਚੜ੍ਹਦਿਆਂ ਸੂਰਜਾਂ ਦੀ ਲੋਅ ਹੋ!
ਦੇਣਾ ਕਿਰਨਾਂ ਨੇ ਧੁੰਦਾਂ ਨੂੰ ਪਰੋਅ ਹੋ!!
ਡਿੱਗੇ ਇਕੋ ਟੁੱਲ ਨਾਲ ਖੜੀ ਗੋਲੀ ਤੇ ਦੀਵਾਰ।
ਅਸੀਂ ਮੰਗਵੀਂ ਨਾ ਲੈਣੀ ਕਿਤੇ ਲੋਕਾਂ ਦੀ ਬਹਾਰ।
•

## ਸੰਤ ਰਾਮ ਉਦਾਸੀ ਕਿਰਤੀ ਲੋਕਾਂ ਦਾ ਸ਼ਾਇਰ ਸੀ

**-ਬੀਬੀ ਨਸੀਬ ਕੌਰ**

*(ਸੰਤ ਰਾਮ ਉਦਾਸੀ ਜੀ ਦੀ ਪਤਨੀ ਬੀਬੀ ਨਸੀਬ ਕੌਰ 65 ਸਾਲ ਦੇ ਹਨ। ਪਿੰਡ ਰਾਇਸਰ ਵਿਖੇ ਉਦਾਸੀ ਜੀ ਦੇ ਹੱਥੀਂ ਬਣਾਏ ਘਰ ਵਿਚ ਉਹ ਇਕੱਲੇ ਰਹਿ ਰਹੇ ਹਨ। ਮੈਂ ਤੇ ਉਨ੍ਹਾਂ ਦਾ ਬੇਟਾ ਮੋਹਕਮ ਸਿੰਘ 29 ਦਸੰਬਰ 2012 ਨੂੰ ਉਨ੍ਹਾਂ ਨੂੰ ਮਿਲਣ ਰਾਇਸਰ ਗਏ ਸਾਂ। ਉਨ੍ਹਾਂ ਨਾਲ ਕੀਤੀ ਲੰਬੀ ਮੁਲਾਕਾਤ ਵਿਚੋਂ ਪੇਸ਼ ਹਨ ਕੁਝ ਅੰਸ਼-)*

ਅਜਮੇਰ ਸਿੱਧੂ : ਸਭ ਤੋਂ ਪਹਿਲਾਂ ਉਦਾਸੀ ਜੀ ਦੇ ਜਨਮ ਅਤੇ ਉਨ੍ਹਾਂ ਦੇ ਪਰਿਵਾਰ ਬਾਰੇ ਦੱਸੋ?

ਨਸੀਬ ਕੌਰ : ਸੰਤ ਰਾਮ ਉਦਾਸੀ ਜੀ ਦਾ ਜਨਮ ਇਸੇ ਪਿੰਡ ਰਾਇਸਰ ਵਿਖੇ 20 ਅਪ੍ਰੈਲ 1939 ਨੂੰ ਹੋਇਆ ਸੀ। ਮੇਰੀ ਸੱਸ ਦਾ ਨਾਂ ਧੰਨ ਕੌਰ ਸੀ ਤੇ ਸਹੁਰੇ ਦਾ ਨਾਂ ਮੇਹਰ ਸਿੰਘ। ਮੇਰੇ ਸੱਸ-ਸਹੁਰੇ ਦੇ ਪੰਜ ਮੁੰਡੇ ਗੁਰਦਾਸ ਸਿੰਘ ਘਾਰੂ, ਭੂਰਾ ਸਿੰਘ (ਮਰਹੂਮ), ਪ੍ਰਕਾਸ਼ ਸਿੰਘ, ਸੰਤ ਰਾਮ ਤੇ ਗੁਰਦੇਵ ਕੋਇਲ ਸਨ। ਕਾਕੀ, ਹਰਬੰਸ ਤੇ ਸੁਖਦੇਵ ਤਿੰਨ ਧੀਆਂ ਸਨ।

? : ਅਪਣੇ ਵਿਆਹ ਬਾਰੇ ਵੀ ਦੱਸ ਦਿਓ?

ਨਸੀਬ ਕੌਰ : ਮੇਰਾ ਪੇਕਾ ਪਿੰਡ ਜ਼ਿਲ੍ਹਾ ਫ਼ਰੀਦਕੋਟ ਵਿਚ ਬਾਘਾ ਪੁਰਾਣਾ ਦੇ ਨੇੜੇ ਉਗੋਕੀ ਹੈ। ਮੇਰੇ ਪਿਤਾ ਮੱਘਰ ਸਿੰਘ ਤੇ ਮਾਤਾ ਦਾ ਨਾਂ ਨਿਹਾਲ ਕੌਰ ਸੀ। ਮੇਰੇ ਪਿੰਡ ਵਾਲੇ ਸਰਪੰਚ ਦੀ ਭੈਣ ਇਧਰ ਵਿਆਹੀ ਹੋਈ ਸੀ। ਮੇਰਾ ਜੇਠ ਪ੍ਰਕਾਸ਼ ਸਰਪੰਚ ਦੀ ਭੈਣ ਦੇ ਘਰ ਆਉਂਦਾ ਜਾਂਦਾ ਸੀ। ਸਰਪੰਚ ਦੀ ਭੈਣ ਨੇ ਮੇਰੇ ਬਾਰੇ ਦੱਸ ਪਾਈ ਸੀ। ਫਿਰ ਉਨ੍ਹਾਂ ਭੈਣ-ਭਰਾ ਨੇ ਹੀ ਸਾਡਾ ਰਿਸ਼ਤਾ ਕਰਵਾ ਦਿੱਤਾ ਸੀ। ਮੈਂ ਕੋਰੀ ਅਨਪੜ੍ਹ ਸੀ ਜਦਕਿ ਉਦਾਸੀ ਸਾਹਿਬ ਉਦੋਂ ਪ੍ਰਾਇਮਰੀ ਸਕੂਲ ਵਿਚ ਮਾਸਟਰ ਲੱਗੇ ਹੋਏ ਸਨ। ਮੈਨੂੰ ਪੱਕਾ ਤਾਂ ਯਾਦ ਨਹੀਂ ਸ਼ਾਇਦ 1961 ਵਿਚ ਸਾਡਾ ਵਿਆਹ ਹੋਇਆ ਸੀ। ਸਾਡੇ ਘਰ



ਇਕਬਾਲ ਸਿੰਘ ਬੱਲੀ (ਮਰਹੂਮ), ਇਕਬਾਲ ਕੌਰ, ਪ੍ਰਿਤਪਾਲ ਕੌਰ, ਕੀਰਤਨ ਕੌਰ ਤੇ ਮੋਹਕਮ ਸਿੰਘ ਪੰਜ ਬੱਚਿਆਂ ਨੇ ਜਨਮ ਲਿਆ।

? : ਵਿਆਹੀਆਂ ਆਈਆਂ ਲੜਕੀਆਂ ਨੂੰ ਸਹੁਰੇ ਘਰ ਬਹੁਤ ਮੁਸ਼ਕਲਾਂ ਆਉਂਦੀਆਂ ਹਨ। ਤੁਹਾਨੂੰ ਵੀ ਮੁਸ਼ਕਲਾਂ ਆਈਆਂ?

ਨਸੀਬ ਕੌਰ : ਮੈਂ ਇਥੇ ਰਾਇਸਰ ਵਿਆਹੀ ਆਈ। ਇਕ ਤੇ ਮੇਰਾ ਪੇਕਾ ਪਿੰਡ ਬਹੁਤ ਦੂਰ ਸੀ। ਨੇੜੇ ਕੋਈ ਰਿਸ਼ਤੇਦਾਰੀ ਵੀ ਨਹੀਂ ਸੀ। ਮੈਂ ਇਕੱਲੀ ਮਹਿਸੂਸ ਕਰਦੀ ਸੀ। ਦੂਜੀ ਮੇਰੀ ਉਮਰ ਬਹੁਤ ਛੋਟੀ ਸੀ। ਸਾਡਾ ਦੋਵਾਂ ਦਾ ਛੇ ਸਾਲ ਦਾ ਉਮਰ ਵਿਚ ਫ਼ਰਕ ਸੀ। ਮੈਂ ਅਨਪੜ੍ਹ ਹੋਣ ਕਰ ਕੇ ਅਪਣੇ-ਆਪ ਨੂੰ ਨੀਵੀਂ-ਨੀਵੀਂ ਸਮਝਦੀ ਸੀ। ਪਰ ਉਸ ਮਰਦ ਨੇ ਕਦੇ ਮੈਨੂੰ ਇਹ ਗੱਲ ਜਚਾਈ ਨਹੀਂ ਕਿ ਮੈਂ ਅਨਪੜ੍ਹ ਹਾਂ। ਸਗੋਂ ਮੇਰੀ ਮਦਦ ਕੀਤੀ। ਹਰ ਵੇਲੇ ਮੈਨੂੰ ਹੌਸਲਾ ਦੇਈ ਜਾਣਾ। ਉਦਾਸੀ ਸਾਹਿਬ ਸਕੂਲ ਤੋਂ ਆ ਕੇ ਅਪਣਾ ਸਾਈਕਲ ਪਿਛਲੇ ਕਮਰੇ ਵਿਚ ਖੜ੍ਹਾ ਕਰਦੇ ਸਨ। ਕਮਰੇ ਦੀ ਦੇਹਲੀ ਉਚੀ ਸੀ। ਮੇਰੀ ਸੱਸ ਕਹਿਣ ਲੱਗੀ, 'ਸੁਣ ਨੀਂ ਵਹੁਟੀਏ। ਮੁੰਡਾ ਸਾਰਾ ਦਿਨ ਸਕੂਲ ਵਿਚ ਸਿਰ ਖਪਾਉਂਦਾ। ਇਹਦਾ ਸਾਈਕਲ ਬਾਹਰ ਕੱਢਿਆ ਕਰ।" ਮੈਂ ਸੱਸ ਦਾ ਹੁਕਮ ਮੰਨਿਆ। ਮੈਂ ਬਹੁਤ ਔਖੀ ਹੋ ਕੇ ਸਾਈਕਲ ਕੱਢਦੀ ਸੀ। ਮੈਨੂੰ ਔਖੀ ਹੁੰਦੀ ਨੂੰ ਦੇਖ ਕੇ ਕਹਿਣ ਲੱਗੇ, "ਮੈਂ ਮਾਂ ਜੀ ਤੋਂ ਅੱਖ ਬਚਾ ਕੇ ਬਰਾਂਡੇ ਵਿਚ ਕੱਢ ਦਿਆਂ ਕਰਾਂਗਾ। ਤੂੰ ਬਾਹਰ ਖੜ੍ਹਾ ਕਰ ਦਿਆ ਕਰੀਂ। ਮਾਂ ਨੂੰ ਵੀ ਖ਼ੁਸ਼ ਰੱਖਣਾ ਹੋਇਆ।" ਮੇਰੇ ਪੇਕੀ ਤਾਂ ਚੁੱਲ੍ਹੇ 'ਤੇ ਅੱਗ ਬਲਦੀ ਸੀ। ਉਦਾਸੀ ਨੇ ਮਾਸਟਰ ਲੱਗ ਕੇ ਸਟੋਵ ਲੈ ਲਿਆ ਸੀ। ਕਹਿੰਦਾ, "ਐਵੇਂ ਜੱਟਾਂ ਦੇ ਖੇਤਾਂ ਵਿਚ ਖੋਰੀ ਲੈਣ ਤੁਰੇ ਰਵ੍ਹੋ ਜਾਂ ਬਾਲਣ ਦੀ ਖ਼ਾਤਰ ਉਨ੍ਹਾਂ ਦੀਆਂ ਗੱਲਾਂ ਸੁਣੋ।" ਬੇਟੇ, ਮੈਨੂੰ ਸਟੋਵ ਚਲਾਉਣਾ ਨਾ ਆਵੇ। ਪਰ ਮੈਂ ਦੱਸਾਂ ਵੀ ਨਾ। ਕਹਿੰਦੇ, "ਸੜ ਜਾਏਂਗੀ। ਤੇਰੇ ਘਰਦਿਆਂ ਨੇ ਕਹਿਣਾ ਦਾਜ ਘੱਟ ਲਿਆਉਣ 'ਤੇ ਮਾਰ ਦਿੱਤੀ ਉਦਾਸੀ ਨੇ।" ਉਨ੍ਹਾਂ ਫਿਰ ਮੈਨੂੰ ਸਟੋਵ ਚਲਾਉਣਾ ਸਿਖਾਇਆ। ਮੈਨੂੰ ਕੱਪੜੇ ਪ੍ਰੈਸ ਕਰਨੇ ਵੀ ਉਨ੍ਹਾਂ ਹੀ ਸਿਖਾਏ। ਮੇਰੀ ਸੱਸ ਬਹੁਤ ਹੋਰੇ ਤਰ੍ਹਾਂ ਦੀ ਜ਼ਨਾਨੀ ਸੀ। ਉਹ ਮੇਰੇ 'ਤੇ ਹਕੂਮਤ ਕਰਦੀ। ਮੈਨੂੰ ਹਦਾਇਤਾਂ ਦਿੰਦੀ ਰਹਿੰਦੀ। ਕਈ ਵਾਰ ਮੈਂ ਉਹਦਾ ਕੰਮ ਕਰਦੀ, ਕਈ ਵਾਰ ਨਹੀਂ ਵੀ। ਉਦਾਸੀ ਨੇ ਕਹਿਣਾ, "ਮਾਂ ਜੀ ਦਾ ਕਹਿਣਾ ਮੰਨਣਾ

ਈ ਪੈਣਾ। ਤੂੰ ਉਹਦੇ ਸਾਹਮਣੇ ਨਾ ਬਹੁਤਾ ਜਾਇਆ ਕਰ।" ਜਾਣੀ ਸ਼ੁਰੂਆਤੀ ਦੌਰ ਵਿਚ ਉਨ੍ਹਾਂ ਮੇਰੀ ਬਹੁਤ ਮਦਦ ਕੀਤੀ।

? : ਤੁਹਾਨੂੰ ਕਿਸੇ ਗੱਲ ਤੋਂ ਰੋਕਦੇ ਵੀ ਸਨ?

ਨਸੀਬ ਕੌਰ : ਹਾਂ, ਪੰਡਤਾਂ ਨੂੰ, ਸਾਧੂ ਸੰਤਾਂ ਨੂੰ ਪੂਜਣ ਤੋਂ ਰੋਕਦੇ ਸਨ। ਉਹ ਕਹਿੰਦੇ, "ਇਹ ਵਿਹਲੜ ਵੱਗ ਨੇ। ਸਾਨੂੰ ਮਿਹਨਤਕਸ਼ਾਂ ਨੂੰ ਲੁੱਟਦੇ ਨੇ।" ਸਾਡੇ ਘਰਾਂ ਦੇ ਤਾਂ ਕਹਿੰਦੇ ਸੀ, 'ਚੋਲੇ ਨੂੰ ਸਲਾਮ ਕਰੋ।' ਪਰ ਇਹ ਪੂਜਾ ਪਾਠਾਂ ਦੇ ਵਿਰੁੱਧ ਸਨ। ਮੈਨੂੰ ਇਕ ਘਟਨਾ ਯਾਦ ਹੈ। ਸਾਡੇ ਘਰਾਂ ਵਿਚ ਬੁੜ੍ਹੀਆਂ ਗੁੱਗੇ ਦੀ ਪੂਜਾ ਕਰਦੀਆਂ ਸਨ। ਬਾਛੜੀਆਂ ਪੂਜਦੀਆਂ ਸਨ। ਗੋਗਲੇ ਕੱਢ ਕੇ ਵੰਡਦੀਆਂ। ਟਾਈਫ਼ਾਈਡ, ਖਸਰੇ ਦੇ ਇਲਾਜ ਹੁੰਦੇ ਨਹੀਂ ਸਨ। ਬੱਚਿਆਂ ਦੀ ਤੰਦਰੁਸਤੀ ਲਈ ਮੜ੍ਹੀਆਂ ਪੂਜਣ ਜਾਂਦੀਆਂ ਸਨ। ਮੇਰੇ ਬੱਚਿਆਂ ਨੂੰ ਵੀ ਖਸਰਾ ਹੋ ਗਿਆ ਸੀ। ਉਨ੍ਹਾਂ ਦੀਆਂ ਅੱਖਾਂ ਨਹੀਂ ਖੁਲ੍ਹਦੀਆਂ ਸਨ। ਸੱਸ ਦੇ ਕਹਿਣ 'ਤੇ ਮੈਂ ਵੀ ਸੁੱਖ ਸੁਖ ਲਈ। ਮੈਂ ਚੰਨਣਵਾਲ ਮੱਥਾ ਟੇਕਣ ਗਈ। ਗੋਗਲੇ ਤੇ ਚੌਲ ਬਣਾ ਕੇ ਲੈ ਗਈ। ਅਜੇ ਮਟੀ 'ਤੇ ਜਾ ਕੇ ਖੜ੍ਹੀ ਹੀ ਸੀ; ਉਧਰੋਂ ਇਹ ਆ ਗਏ। ਗੁੱਸਾ ਸੱਤ ਅਸਮਾਨੀ ਚੜ੍ਹਿਆ ਹੋਇਆ ਸੀ। ਗੋਗਲੇ ਤੇ ਚੌਲ ਚੁੱਕ ਕੇ ਕੁੱਤਿਆਂ ਨੂੰ ਪਾ ਦਿੱਤੇ। ਘਰ ਬਣਾ ਕੇ ਰੱਖਿਆ ਸਮਾਨ ਬੱਚਿਆਂ ਨੂੰ ਖੁਆ ਦਿੱਤਾ।

? : ਉਹ ਗੀਤ ਕਿਵੇਂ ਲਿਖਦੇ ਸਨ?

ਨਸੀਬ ਕੌਰ : ਪੈੱਨ ਤੇ ਡਾਇਰੀ 24 ਘੰਟੇ ਉਨ੍ਹਾਂ ਦੇ ਕੋਲ ਹੁੰਦੀ ਸੀ। ਉਹ ਸਾਈਕਲ 'ਤੇ ਤੁਰੇ ਹੁੰਦੇ। ਸਾਈਕਲ ਰੋਕ ਕੇ ਖੇਤ ਦੇ ਬੰਨ੍ਹੇ 'ਤੇ ਬੈਠ ਜਾਂਦੇ। ਡਾਇਰੀ ਕੱਢ ਕੇ ਗੀਤ ਲਿਖ ਲੈਂਦੇ। ਬੱਸ ਵਿਚ ਸਫ਼ਰ ਕਰ ਰਹੇ ਹੁੰਦੇ ਤਾਂ ਟਿਕਟਾਂ ਉਤੇ ਗੀਤ ਲਿਖਣ ਲੱਗ ਪੈਂਦੇ। ਉਨ੍ਹਾਂ ਕੋਲ ਟਿਕਟਾਂ ਜਾਂ ਚਿੱਠੀਆਂ ਹੁੰਦੀਆਂ। ਪਹਿਲਾਂ ਉਨ੍ਹਾਂ ਉਤੇ ਲਿਖਦੇ। ਫਿਰ ਡਾਇਰੀ 'ਤੇ ਲਿਖਦੇ। ਘਰ ਇਕ ਡਾਇਰੀ ਰੱਖੀ ਹੁੰਦੀ ਸੀ। ਉਸ 'ਤੇ ਪੱਕਾ ਕਰ ਕੇ ਲਿਖਦੇ। ਉਨ੍ਹਾਂ ਦੀਆਂ ਟਿਕਟਾਂ, ਚਿੱਠੀਆਂ ਮੈਂ ਸਾਂਭ-ਸਾਂਭ ਕੇ ਰਖਦੀ। ਉਨ੍ਹਾਂ 'ਤੇ ਦੋ-ਚਾਰ ਲਾਈਨਾਂ ਝਰੀਟੀਆਂ ਹੁੰਦੀਆਂ। ਉਹ ਹੱਸ ਕੇ ਕਹਿੰਦੇ, "ਇਹ ਤਾਂ ਗੀਤ ਮੈਂ ਪੂਰਾ ਕਰ ਕੇ ਡਾਇਰੀ 'ਤੇ ਲਿਖ ਲਿਆ," ਮੈਂ ਅਨਪੜ੍ਹ ਹੋਣ ਕਰ ਕੇ ਡਰਦੀ ਸੀ ਕਿਤੇ ਕੰਮ ਦੀ ਚੀਜ਼ ਸੁੱਟ ਨਾ ਹੋ ਜਾਵੇ। ਜੇ ਮੈਂ ਪੜ੍ਹੀ ਵੀ ਹੁੰਦੀ ਤਾਂ ਵੀ ਸਾਂਭ ਕੇ ਰੱਖਣੇ ਸਨ। ਕਿਉਂਕਿ ਲੇਖਕਾਂ ਦੀ ਅਪਣੀ



ਦੁਨੀਆ ਹੁੰਦੀ ਹੈ। ਉਨ੍ਹਾਂ ਨੂੰ ਅਪਣੀ ਰਚਨਾ ਧੀਆਂ-ਪੁੱਤਾਂ ਨਾਲੋਂ ਵੀ ਪਿਆਰੀ ਹੁੰਦੀ ਹੈ। ਨਾਲੇ ਕੀ ਪਤਾ ਕਿਹੜੀ ਲਾਈਨ ਦੀ ਕਿੰਨੀ ਮਹੱਤਤਾ ਹੈ। ਇਹ ਲੇਖਕ ਨੂੰ ਪਤਾ ਹੁੰਦਾ ਹੈ। ਮੇਰੇ ਵਰਗੀ ਕੰਮ ਕਾਜ ਵਾਲੀ ਜ਼ਨਾਨੀ ਤਾਂ ਊਈਂ ਖਪੀ ਰਹਿੰਦੀ ਹੈ। ਉਨ੍ਹਾਂ ਦੀ ਇਕ ਸਿਫ਼ਤ ਸੀ, ਉਹ ਕਿਸੇ ਵੀ ਜਗ੍ਹਾ, ਕਿਸੇ ਵੀ ਹਾਲਤ ਵਿਚ ਲਿਖ ਸਕਦੇ ਸਨ। ਉਨ੍ਹਾਂ ਨੂੰ ਕਿਸੇ ਮੂਡ ਦੀ ਲੋੜ ਨਹੀਂ ਸੀ। ਇਕ ਵਾਰ ਮੈਂ ਸਾਗ ਲੈ ਕੇ ਆਈ। ਗੰਦਲਾਂ ਦੇਖ ਕੇ ਉਨ੍ਹਾਂ ਨੇ ਗੀਤ ਲਿਖ ਦਿੱਤਾ।

? : ਜਦੋਂ ਤੁਹਾਡਾ ਵਿਆਹ ਹੋਇਆ, ਉਸ ਵੇਲੇ ਉਦਾਸੀ ਜੀ ਦਾ ਧਾਰਮਕ ਤੇ ਰਾਜਨੀਤਕ ਜੀਵਨ ਕੀ ਸੀ? ਸਿੱਖ ਧਰਮ ਵਿਚ ਉਹ ਕਿਥੋਂ ਤਕ ਪੱਕੇ ਸਨ?

ਨਸੀਬ ਕੌਰ : ਉਦਾਸੀ ਜੀ ਸਮੇਤ ਮੇਰਾ ਸਹੁਰਾ ਪਰਿਵਾਰ ਨਾਮਧਾਰੀ ਸੰਪਰਦਾ ਦੇ ਪੈਰੋਕਾਰ ਸਨ। ਉਹ ਚਿੱਟੇ ਬਸਤਰ ਪਹਿਨਦੇ ਸਨ। ਸਿਰ 'ਤੇ ਚਿੱਟੀਆਂ ਪੱਗਾਂ ਹੀ ਬੰਨ੍ਹਦੇ ਸਨ। ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਵਿਚ ਸਰਗਰਮ ਸਨ। ਅਸੀਂ ਮਜ਼੍ਹਬੀ ਸਿੱਖ ਹਾਂ। ਸਾਡੇ ਬਜ਼ੁਰਗ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਆਜ਼ਾਦੀ ਦੀ ਲਹਿਰ ਦੇ ਹਮਾਇਤੀ ਸਨ। ਸਤਿਗੁਰੂ ਜੀ ਸਮਾਜ ਸੁਧਾਰ ਦੇ ਕੰਮ ਵੀ ਕਰਦੇ ਸਨ। ਜਿਵੇਂ ਇਕ ਰੁਪਏ ਵਿਚ ਲੜਕੀਆਂ ਦਾ ਵਿਆਹ ਕਰਨਾ। ਸਾਡੀਆਂ ਛੋਟੀਆਂ ਜਾਤਾਂ ਨੂੰ ਜਾਤ ਦੇ ਨਾਂ 'ਤੇ ਜ਼ਲੀਲ ਕੀਤਾ ਜਾਂਦਾ ਹੈ। ਹੋ ਸਕਦਾ ਇਸੇ ਕਾਰਨ ਸਾਡੇ ਬਜ਼ੁਰਗ ਨਾਮਧਾਰੀ ਸੰਪਰਦਾ ਵਿਚ ਗਏ ਹੋਣ। ਪਰ ਉਦਾਸੀ ਜੀ ਨੂੰ ਲਗਦਾ ਸੀ ਕਿ ਉਥੇ ਵੀ ਇਸ ਬਿਮਾਰੀ ਤੋਂ ਛੁਟਕਾਰਾ ਨਹੀਂ ਸੀ। ਉਨ੍ਹਾਂ ਚਿੱਟੇ ਬਸਤਰ ਪਹਿਨਣੇ ਬੰਦ ਕਰ ਦਿੱਤੇ ਸਨ। ਮੇਰੇ ਸਹੁਰੇ ਕਹਿੰਦੇ ਸੀ, "ਉਦਾਸੀ ਪੈਂਟ ਕਮੀਜ਼ ਨਾ ਪਾਵੇ। ਚਿੱਟੇ ਬਸਤਰ ਹੀ ਪਹਿਨੇ। ਸਿਰ 'ਤੇ ਪੱਗ ਵੀ ਗੋਲ ਈ ਬੰਨ੍ਹੇ।" ਇਹ ਨਹੀਂ ਮੰਨੇ। ਮੇਰੇ ਦਿਉਰ-ਜੇਠ ਉਦਾਸੀ ਦੇ ਰਹਿਣ ਸਹਿਣ ਅਤੇ ਖਾਣ ਪੀਣ ਦੇ ਵਿਰੁੱਧ ਸਨ। ਸੱਸ ਸਹੁਰੇ ਦਾ ਵੀ ਬਹੁਤਾ ਜ਼ੋਰ ਨਾਮਧਾਰੀ ਸੰਸਥਾ ਵੱਲ ਹੀ ਸੀ ਪਰ ਇਹ ਤਾਂ ਨਵੀਂ ਉਠ ਰਹੀ ਨਕਸਲੀ ਲਹਿਰ ਵਿਚ ਦਿਲਚਸਪੀ ਲੈ ਰਹੇ ਸਨ।

? : ਉਦਾਸੀ ਜੀ ਦਾ ਸੀ.ਪੀ.ਆਈ. (ਐਮ.ਐਲ.) ਨਾਲ ਜੁੜਨ ਬਾਰੇ ਕਿਵੇਂ ਪਤਾ ਲੱਗਾ?

ਨਸੀਬ ਕੌਰ : ਦੇਖੋ ਬੇਟਾ ਜੀ, ਸਾਲ ਡੇਢ ਸਾਲ ਤਾਂ ਉਨ੍ਹਾਂ ਮੈਤੋਂ ਲੁਕਾਅ ਰੱਖਿਆ। ਮੈਨੂੰ ਨਹੀਂ ਪਤਾ ਲੱਗਣ ਦਿੱਤਾ। ਉਹ ਕਿਥੇ ਜਾਂਦੇ ਹਨ? ਉਥੇ ਜਾ ਕੇ ਕੀ ਕਰਦੇ ਹਨ? ਉਹ ਕਈ-ਕਈ ਦਿਨ ਘਰ ਨਾ ਆਉਂਦੇ। ਰਾਤ ਨੂੰ ਬਾਹਰੋਂ ਕੁੰਡਾ ਲਾ ਕੇ ਚਲੇ ਜਾਂਦੇ। ਤੜਕੇ ਬਾਬੇ ਦੇ ਬੋਲਣ ਤੋਂ ਪਹਿਲਾਂ ਘਰ ਆ ਕੇ ਸੌਂ ਜਾਣਾ। ਮੈਂ ਪੁੱਛਣਾ ਤਾਂ ਕਹਿਣਾ, "ਬੱਸ ਐਵੇਂ ਸ਼ੁਗਲ ਮੇਲਾ ਕਰਨ ਜਾਈਦਾ। ਦੋਸਤ-ਮਿੱਤਰ ਇਕੱਠੇ ਹੋ ਜਾਂਦੇ ਹਨ। ਦੋ-ਚਾਰ ਪੈਗ ਲਾ ਲਈਦੇ ਆ।" ਉਨ੍ਹਾਂ ਕੋਲੋਂ ਦਾਰੂ ਦਾ ਮੁਸ਼ਕ ਨਹੀਂ ਸੀ ਆਉਂਦਾ ਹੁੰਦਾ। ਫਿਰ ਇਕ ਦਿਨ ਮੈਂ ਮਗਰ ਪੈ ਗਈ। ਨਿਆਣੇ ਛੋਟੇ-ਛੋਟੇ ਸਨ। ਜਦੋਂ ਤੁਰਨ ਲੱਗੇ, ਮੈਂ ਵੀ ਨਾਲ ਤੁਰ ਪਈ। ਬੈਠ ਗਏ ਤੇ ਮੈਨੂੰ ਸਮਝਾਉਣ ਲੱਗੇ। 3-4 ਦਿਨ ਸਮਝਾਉਂਦੇ ਰਹੇ। ਮੈਂ ਅੜੀ ਰਹੀ ਕਿ ਦੱਸੋ ਜ਼ਰੂਰ ਮੈਂ ਤੁਹਾਡੇ ਰਾਹ ਦਾ ਰੋੜਾ ਨਹੀਂ ਬਣਾਂਗੀ। ਤੁਸੀਂ ਸੱਚੀ-ਸੱਚੀ ਗੱਲ ਦੱਸ ਦੇਵੋ। ਫਿਰ ਗੱਲ ਗੁਪਤ ਰੱਖਣ ਦਾ ਵਾਅਦਾ ਲੈ ਕੇ ਮੈਨੂੰ ਦੱਸਿਆ ਕਿ ਉਹ ਨਵੀਂ ਨਕਸਲੀ ਪਾਰਟੀ ਵਿਚ ਰਲ ਗਏ ਹਨ। ਭੋਤਨਿਆਂ ਦੀ ਮੋਟਰ 'ਤੇ ਮੀਟਿੰਗ ਹੁੰਦੀ ਹੈ। ਉਹ ਉਥੇ ਜਾਂਦਾ ਹੈ।

? : ਉਦਾਸੀ ਦੀ ਨਜ਼ਰ ਵਿਚ ਨਕਸਲਵਾੜੀ ਦੀ ਲਹਿਰ ਕੀ ਸੀ?

ਨਸੀਬ ਕੌਰ : ਉਹ ਦੱਸਦੇ ਰਹਿੰਦੇ, "ਵੱਡੇ-ਵੱਡੇ ਸਰਦਾਰ ਗ਼ਰੀਬਾਂ ਦਾ ਖ਼ੂਨ ਚੂਸਦੇ ਹਨ। ਉਨ੍ਹਾਂ ਤੋਂ ਸਾਰਾ ਦਿਨ ਮਜ਼ਦੂਰੀ ਕਰਵਾਉਂਦੇ ਹਨ। ਮਿਹਨਤ ਦਿੰਦੇ ਨਹੀਂ। ਗ਼ਰੀਬਾਂ ਦੀਆਂ ਧੀਆਂ-ਭੈਣਾਂ 'ਤੇ ਮੈਲ਼ੀ ਨਜ਼ਰ ਰੱਖਦੇ ਹਨ। ਖੇਤਾਂ ਵਿਚ ਉਨ੍ਹਾਂ ਨਾਲ ਖੇਹ- ਖਰਾਬੀ ਕਰਦੇ ਹਨ। ਸ਼ਾਹੂਕਾਰ ਵੱਧ ਵਿਆਜ 'ਤੇ ਕਰਜ਼ਾ ਦਿੰਦੇ ਹਨ। ਥਾਣੇ ਕਚਹਿਰੀਆਂ ਦੇ ਅਫ਼ਸਰ ਵੀ ਗ਼ਰੀਬਾਂ ਨੂੰ ਦਬਾਉਣ ਦਾ ਕੰਮ ਕਰਦੇ ਹਨ। ਸਾਡੀ ਪਾਰਟੀ ਨੇ ਵੱਡੇ-ਵੱਡੇ ਸਰਦਾਰ (ਮਾਲਵੇ ਵਿਚ ਜਾਗੀਰਦਾਰਾਂ ਨੂੰ ਸਰਦਾਰ ਕਹਿੰਦੇ ਹਨ), ਸ਼ਾਹੂਕਾਰ, ਲੋਕਾਂ ਦਾ ਖ਼ੂਨ ਚੂਸਣ ਵਾਲੇ, ਵੱਡੇ-ਵੱਡੇ ਅਫ਼ਸਰ ਅਤੇ ਕਰੋੜਪਤੀ ਸੋਧਣੇ ਹਨ, ਜਿਨ੍ਹਾਂ ਕਰ ਕੇ ਗ਼ਰੀਬ ਹੋਰ ਗ਼ਰੀਬ ਹੁੰਦਾ ਜਾ ਰਿਹਾ ਹੈ। ਸਾਡੀ ਪਾਰਟੀ ਨੇ ਡਾਕੇ ਨਹੀਂ ਮਾਰਨੇ ਤੇ ਨਾ ਹੀ ਕੋਈ ਬੈਂਕ ਲੁੱਟਣੀ ਹੈ ਪਰ ਪਾਰਟੀ ਚਾਹੁੰਦੀ ਹੈ ਗ਼ਰੀਬ ਬੰਦਾ ਵੀ ਅਣਖ ਨਾਲ ਜੀਵੇ। ਗ਼ਰੀਬ ਸਾਰਾ ਦਿਨ ਜੱਟ ਦੇ ਖੇਤਾਂ ਵਿਚ ਕੰਮ ਕਰਦਾ ਹੈ ਪਰ ਭੁੱਖਾ ਮਰਦਾ ਹੈ। ਆਪ ਵੀ ਜ਼ਲੀਲ ਹੁੰਦਾ ਹੈ ਤੇ ਧੀਆਂ-ਭੈਣਾਂ ਨੂੰ ਵੀ ਜ਼ਲੀਲ ਹੁੰਦੀਆਂ ਦੇਖਦਾ ਹੈ। ਅਸੀਂ ਚਾਹੁੰਦੇ ਹਾਂ ਜੇ ਉਹ



ਮਿਹਨਤ-ਮੁਸ਼ੱਕਤ ਕਰਦਾ ਹੈ, ਤਾਂ ਉਹਦੀ ਮਿਹਨਤ ਦਾ ਮੁੱਲ ਮਿਲੇ। ਖਰਾ ਕਾਮਾ ਹੋਣ ਦਾ ਇੱਜ਼ਤ ਮਾਣ ਵੀ ਮਿਲੇ। ਸਾਨੂੰ ਛੋਟੀਆਂ ਜਾਤਾਂ ਵਾਲਿਆਂ ਨੂੰ ਕੋਈ ਇਨਸਾਨ ਨਹੀਂ ਸਮਝਦਾ। ਸਭ ਧਰਮਾਂ ਵਾਲੇ, ਸਭ ਉਪਰਲੀਆਂ ਜਾਤਾਂ ਵਾਲੇ ਨਫ਼ਰਤ ਕਰਦੇ ਹਨ। ਸਾਡੀ ਪਾਰਟੀ ਕਹਿੰਦੀ ਹੈ ਸਭ ਇਨਸਾਨ ਬਰਾਬਰ ਹਨ। ਉਨ੍ਹਾਂ ਨੂੰ ਰਹਿਣ-ਸਹਿਣ, ਖਾਣ ਪੀਣ, ਪੜ੍ਹਨ ਅਤੇ ਨੌਕਰੀਆਂ ਵਿਚ ਬਰਾਬਰ ਦੇ ਮੌਕੇ ਮਿਲਣੇ ਚਾਹੀਦੇ ਹਨ। ਸਾਡੀ ਪਾਰਟੀ ਇਹ ਦਾਅਵਾ ਕਰਦੀ ਹੈ ਕਿ ਛੋਟੀਆਂ ਬਰਾਦਰੀਆਂ ਨੂੰ ਰਾਜ ਭਾਗ ਵਿਚ, ਰੁਜ਼ਗਾਰ ਵਿਚ ਬਰਾਬਰ ਦੀ ਹਿੱਸੇਦਾਰੀ ਬਣਾਏਗੀ। ਸਾਡੀ ਪਾਰਟੀ ਨੇ ਫ਼ੈਸਲਾ ਕੀਤਾ ਹੈ ਕਿ ਉਹ ਵੱਡੇ ਜ਼ਿੰਮੀਦਾਰਾਂ, ਸਰਕਾਰਾਂ ਕੋਲੋਂ ਆਉਣ ਵਾਲੇ ਦਿਨਾਂ ਵਿਚ ਜ਼ਮੀਨਾਂ ਖੋਹ ਲੈਣਗੇ। ਬੇਜ਼ਮੀਨਿਆਂ ਅਤੇ ਛੋਟੀਆਂ ਬਰਾਦਰੀਆਂ ਵਿਚ ਵੰਡ ਦੇਣਗੇ। ਅਸਲ ਵਿਚ ਇਹ ਗ਼ਰੀਬ ਲੋਕਾਂ ਦੀ ਪਾਰਟੀ ਹੈ। ਜੇ ਸਾਰੇ ਗ਼ਰੀਬ ਲੋਕ ਪਾਰਟੀ ਨਾਲ ਤੁਰ ਪੈਣ ਤਾਂ ਤਕੜਿਆਂ ਨੂੰ ਢਾਹ ਲੈਣਗੇ। ਜੇ ਨਾ ਤੁਰੇ ਅਗਲਿਆਂ ਨੇ ਚੱਬ ਕੇ ਖਾ ਜਾਣੇ ਹਨ। ਪਾਰਟੀ ਨੇ ਸਭ ਲੁੱਟੇ-ਪੁੱਟਿਆਂ ਨੂੰ ਨਾਲ ਲੈ ਕੇ ਚਲਣਾ ਹੈ।"

? : ਲਹਿਰ ਵਿਚ ਔਰਤਾਂ ਦੇ ਯੋਗਦਾਨ ਬਾਰੇ ਕੀ ਬੋਲੇ?

ਨਸੀਬ ਕੌਰ : ਕਹਿਣ ਲੱਗੇ, "ਇਹ ਲਹਿਰ ਔਰਤਾਂ ਦੇ ਸਹਿਯੋਗ ਤੋਂ ਬਿਨਾਂ ਨਹੀਂ ਚਲ ਸਕਦੀ। ਔਰਤ ਤਾਂ ਲਹਿਰ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਔਰਤਾਂ ਨੇ ਘਰ ਆਏ ਬੰਦਿਆਂ ਦੀ ਚਾਹ-ਰੋਟੀ ਦੀ ਸੇਵਾ ਵੀ ਕਰਨੀ ਹੈ। ਖਾੜਕੂ ਜਥੇ ਦੇ ਮੈਂਬਰਾਂ ਨੂੰ ਅੰਦਰ-ਬਾਹਰ ਰੱਖਣ/ਕੱਢਣ ਵਿਚ ਵੀ ਮਦਦ ਕਰਨੀ ਹੁੰਦੀ ਹੈ। ਹਥਿਆਰ ਇਧਰ-ਉਧਰ ਲਿਜਾਉਣ ਵਿਚ ਵੀ ਮਦਦ ਕਰਨੀ ਹੈ। ਪਾਰਟੀ ਨੂੰ ਪੜ੍ਹੀਆਂ-ਲਿਖੀਆਂ ਔਰਤਾਂ ਦੀ ਵੀ ਲੋੜ ਹੈ। ਉਨ੍ਹਾਂ ਪਾਰਟੀ ਦੀਆਂ ਮੋਹਰਲੀਆਂ ਸਫ਼ਾਂ ਵਿਚ ਵੀ ਕੰਮ ਕਰਨਾ ਹੈ। ਮੈਨੂੰ ਕਹਿੰਦੇ, ਤੂੰ ਵੀ ਪਾਰਟੀ ਦੀ ਮਦਦ ਕਰ। ਜੇ ਤੂੰ ਬਾਹਰ ਜਾ ਕੇ ਕੰਮ ਨਹੀਂ ਕਰ ਸਕਦੀ ਤਾਂ ਘਰ ਜ਼ਰੂਰ ਸਹਿਯੋਗ ਦੇ। ਪਹਿਲੀ ਗੱਲ ਮੈਨੂੰ ਰੋਕ ਨਾ। ਮੈਨੂੰ ਕੰਮ ਕਰਨ ਦੇ। ਬੱਚਿਆਂ ਦੀ, ਘਰ ਦੀ ਦੇਖਭਾਲ ਕਰ। ਡੋਲੀਂ ਨਾ। ਜਬਰ ਵੀ ਬਹੁਤ ਹੋਏਗਾ। ਕਿਸੇ ਤੋਂ ਭੀਖ ਨਾ ਮੰਗੀ। ਮਾਤਾ ਗੁਜਰੀ ਵਾਂਗ ਅਡੋਲ ਰਹੀਂ। ਕੁਰਬਾਨੀ ਦਿੱਤਿਆਂ ਹੀ ਕੁਝ ਬਣਨੈਂ। ਕੁਰਬਾਨੀ ਲਈ ਤਿਆਰ ਰਹੀਂ। ਨਾਲੇ ਗ਼ਰੀਬ ਕੁਰਬਾਨੀ ਤੋਂ ਬਿਨਾਂ ਹੋਰ ਦੇ

ਵੀ ਕੀ ਸਕਦਾ ਹੈ? ਮੇਰੀਆਂ ਬੱਚੀਆਂ ਨੂੰ ਰਾਣੀ ਝਾਂਸੀ ਬਣਾਉਣਾ ਹੈ।

? : ਜੋ ਉਦਾਸੀ ਜੀ ਨਕਸਲਾਈਟਾਂ ਵਲੋਂ ਦਾਅਵਾ ਕਰਦੇ ਸਨ, ਉਹ ਉਨ੍ਹਾਂ ਕੀਤਾ?

ਨਸੀਬ ਕੌਰ : ਹਾਂ, ਕੀਤਾ। ਇਹ ਵੀ ਉਨ੍ਹਾਂ ਦੇ ਨਾਲ ਹੀ ਸਨ। ਮੈਂ ਤਾਂ ਆਪਣੇ ਘਰਵਾਲੇ ਦੀ ਹਮਾਇਤ ਕਰਨ ਲੱਗ ਪਈ। ਹਰ ਤਰ੍ਹਾਂ ਦਾ, ਉਨ੍ਹਾਂ ਦਾ ਤੇ ਸਾਥੀਆਂ ਦਾ ਖ਼ਿਆਲ ਰੱਖਦੀ, ਜਿਵੇਂ ਉਨ੍ਹਾਂ ਦੇ ਕੱਪੜੇ ਧੋਣੇ, ਖਾਣਾ ਖੁਆਉਣ ਤੇ ਉਨ੍ਹਾਂ ਦੇ ਆਇਆਂ ’ਤੇ ਪੁਲੀਸ ਦੀ ਬਿੜਕ ਰੱਖਣੀ। ਬਾਬਾ ਬੂਝਾ ਸਿੰਘ ਵਰਗੇ ਦਰਵੇਸ਼ ਦੇਸ਼ ਭਗਤ ਉਨ੍ਹਾਂ ਕੋਲ ਆਉਂਦੇ। ਹਾਕਮ ਸਮਾਓ, ਦਰਸ਼ਨ ਖਟਕੜ, ਬਲਦੇਵ ਸਿੰਘ ਸੰਘੋਲ..... ਕਿੰਨੇ ਹੀ ਆਗੂ ਸਨ ਜੋ ਉਨ੍ਹਾਂ ਨੂੰ ਮਿਲਦੇ। ਪਿਆਰਾ ਸਿੰਘ ਦੱਧਾਹੂਰ, ਮੁਹੰਮਦ ਸ਼ਰੀਫ਼ ਅਤੇ ਬੇਅੰਤ ਸਿੰਘ ਮੂਮ ਤਾਂ ਉਨ੍ਹਾਂ ਦੇ ਨਾਲ ਹੀ ਹੁੰਦੇ। ਮੈਂ ਤਾਂ ਉਦਾਸੀ ਨਾਲ ਸਹਿਮਤ ਹੋ ਗਈ ਸੀ। ਪਰ ਮੇਰੇ ਦਿਉਰ-ਜੇਠ, ਸੱਸ-ਸਹੁਰਾ ਵਿਰੋਧ ਕਰਨ ਲੱਗੇ। ਉਹ ਨਾਮਧਾਰੀਆਂ ਵੱਲ ਖਿੱਚਣ। ਉਹ ਕਹਿਣ ਰੱਬ ਦਾ ਨਾਂ ਲੈਣਾ ਚਾਹੀਦਾ ਹੈ। ਧਰਮ ਨਾਲੋਂ ਵੱਡਾ ਕੋਈ ਨਹੀਂ ਹੈ ਪਰ ਉਦਾਸੀ ਜੀ ਕਹਿਣ, “ਇਨਕਲਾਬ ਦੀ ਲੜਾਈ ਹੀ ਅਸਲ ਵਿਚ ਧਰਮ ਦਾ ਕੰਮ ਹੈ। ਬਾਕੀ ਧਰਮ-ਕਰਮ ਤਾਂ ਸਭ ਝੂਠ ਹਨ। ਦਿਖਾਵੇ ਹਨ।” ਉਹ ਕਹਿਣ, “ਸਰਕਾਰ ਨਾਲ ਪੰਗਾ ਨਹੀਂ ਲੈਣਾ ਚਾਹੀਦਾ।” ਪਰ ਨਕਸਲੀਆਂ ਦੀ ਤਾਂ ਸ਼ੁਰੂਆਤ ਹੀ ਸਰਕਾਰ ਦੇ ਵਿਰੋਧ ਨਾਲ ਹੋਈ। ਜਿਵੇਂ ਸਾਡੇ ਜ਼ਿਲ੍ਹੇ ਸੰਗਰੂਰ ਦੇ ਪਿੰਡ ਕਿਲਾ ਹਕੀਮਾਂ ਤੇ ਜ਼ਿਲ੍ਹਾ ਬਠਿੰਡਾ ਦੇ ਪਿੰਡ ਭੀਖੀ ਸਮਾਓ ਵਿਖੇ ਵੱਡੇ ਸਰਦਾਰਾਂ ਦੀਆਂ ਜ਼ਮੀਨਾਂ ਉਤੇ ਕਬਜ਼ੇ ਕਰ ਲਏ ਅਤੇ ਸਾਡੇ ਵਰਗੇ ਗ਼ਰੀਬ ਤੇ ਛੋਟੀਆਂ ਜਾਤਾਂ ਵਾਲਿਆਂ ਵਿਚ ਵੰਡ ਦਿੱਤੇ। ਸਰਕਾਰਾਂ ਤੋਂ ਇਹ ਸਹਾਰ ਨਹੀਂ ਹੋਇਆ ਕਿ ਉਨ੍ਹਾਂ ਦੇ ਕੰਮੀ-ਕਮੀਣ ਜ਼ਮੀਨ ਦੇ ਮਾਲਕ ਬਣ ਜਾਣ। ਸਰਕਾਰ ਉਨ੍ਹਾਂ ਦੀ ਸੀ। ਪੁਲੀਸ ਉਨ੍ਹਾਂ ਦੀ ਸੀ। ਮੁੜ ਜ਼ਮੀਨਾਂ ਖੋਹ ਲਈਆਂ। ਮੁੰਡਿਆਂ ਨੂੰ ਕੁੱਟ-ਕੁੱਟ ਕੇ ਪਾਗਲ ਕਰ ਦਿੱਤਾ। ਦਿਨ-ਦਿਹਾੜੇ ਗੋਲੀਆਂ ਮਾਰ ਕੇ ਮਾਰ ਦਿੱਤੇ। ਜਿਹੜੇ ਸ਼ਾਹੂਕਾਰ ਸਾਡੇ ਗ਼ਰੀਬਾਂ ਤੋਂ ਸੂਦ ਲੈਂਦੇ ਸਨ, ਉਹ ਮੁੰਡਿਆਂ ਨੇ ਸੋਧੇ। ਜਿਹੜੇ ਪੁਲੀਸ ਅਫ਼ਸਰ ਵੱਡਿਆਂ



ਦੀ ਰਾਖੀ ਕਰਦੇ ਸਨ। ਸਾਡੇ ਕਿਰਤੀ ਮਜ਼ਦੂਰਾਂ ਦੇ ਮੁੰਡੇ ਮਾਰਦੇ ਸਨ, ਤਸੀਹਾ ਕੇਂਦਰਾਂ ਵਿਚ ਉਨ੍ਹਾਂ ’ਤੇ ਜ਼ੁਲਮ ਢਾਹੁੰਦੇ ਸਨ, ਉਨ੍ਹਾਂ ਨੂੰ ਵੀ ਮਾਰਿਆ। ਬਾਕੀ ਜੇ ਉਹ ਕਾਮਯਾਬ ਹੋ ਜਾਂਦੇ, ਉਨ੍ਹਾਂ ਦੇ ਦਾਅਵੇ ਸੱਚ ਹੋਣੇ ਸਨ।

? : ਉਦਾਸੀ ਨੇ ਪੁਲੀਸ ਦਾ ਕਿੰਨਾ ਕੁ ਜਬਰ ਸਹਿਆ? ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਤੇ ਜੇਲ੍ਹ ਯਾਤਰਾ ਬਾਰੇ ਦੱਸੋ।

ਨਸੀਬ ਕੌਰ : ਉਹ ਸੰਗਰੂਰ, ਨਾਭਾ, ਪਟਿਆਲਾ ਜੇਲ੍ਹਾਂ ਵਿਚ ਰਹੇ। ਖਨੌਰੀ, ਸ਼ਹਿਣਾ ... ਪਤਾ ਨਹੀਂ ਕਿੰਨੇ ਥਾਣਿਆਂ ਵਿਚ ਤਸ਼ੱਦਦ ਸਹਿਆ। ਥਾਣਿਆਂ ਵਾਲੇ ਤਾਂ ਜਦੋਂ ਚਿੱਤ ਕਰਦਾ ਸੀ, ਉਦਾਸੀ ਜੀ ਨੂੰ ਲੈ ਜਾਂਦੇ ਸਨ। ਮੇਰੇ ਮੁੰਡੇ ਬੱਲੀ, ਮੇਰੇ ਭਰਾਵਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਸੀ। ਸੰਤ ਰਾਮ ’ਤੇ ਸਭ ਤੋਂ ਵੱਧ ਜ਼ੁਲਮ ਲੱਧਾ ਕੋਠੀ ਦੇ ਤਸ਼ੱਦਦ ਕੇਂਦਰ ਵਿਚ ਹੋਇਆ। ਮੇਰੀ ਸੱਸ ਲੱਡਾ ਕੋਠੀ ਗਈ ਸੀ। ਉਹਤੋਂ ਆਪਣਾ ਪੁੱਤ ਪਛਾਣ ਨਹੀਂ ਸੀ ਹੋਇਆ। ਕੁੱਟ-ਕੁੱਟ ਕੇ ਬੇਪਛਾਣ ਕੀਤਾ ਹੋਇਆ ਸੀ। ਉਦਾਸੀ ਆਪ ਦਸਦਾ ਹੁੰਦਾ ਸੀ, ਸਿਰ ਪਾਣੀ ਵਾਲੇ ਟੱਬ ਵਿਚ ਡੋਬ ਕੇ ਪਾਣੀ ਵਿਚ ਕਰੰਟ ਛੱਡ ਦੇਣਾ। ਕੇਸਾਂ ਨਾਲ ਬੰਨ੍ਹ ਕੇ ਪੁੱਠਾ ਲਟਕਾ ਦੇਣਾ। ਸਾਰੀ-ਸਾਰੀ ਰਾਤ ਸੌਣ ਨਾ ਦੇਣਾ। 1000 ਵਾਟ ਦਾ ਬਲੱਬ ਅੱਖਾਂ ਅੱਗੇ ਜਗਾਈ ਰੱਖਣਾ। ਜਾਗਾ ਕਟਾਉਂਦੇ ਸਨ। ਬੇਟਾ ਜੀ, ਬਥੇਰਾ ਜਬਰ ਢਾਹਿਆ, ਤੁਹਾਡੇ ਅੰਕਲ ’ਤੇ। ਦਸਦੀ ਆਂ ਤਾਂ ਅੰਦਰੋਂ ਲਾਟ ਨਿਕਲਦੀ ਆ। ਜਦੋਂ ਉਥੋਂ ਰਿਹਾਅ ਕਰਵਾਇਆ, ਡੇਢ ਮਹੀਨਾ ਮੰਜੇ ਤੋਂ ਉਠ ਕੇ ਨਹੀਂ ਦੇਖਿਆ। ਸਿਰ ਵਿਚ ਡੰਡੇ ਮਾਰ-ਮਾਰ ਕੇ ਪਾਗ਼ਲ ਕਰ ਦਿੱਤਾ ਸੀ। ਅੱਖਾਂ ਦੀ ਨਿਗ੍ਹਾ ਜਾਂਦੀ ਲੱਗੀ ਸੀ।

? : ਕੋਈ ਮਦਦ ਨੂੰ ਨਹੀਂ ਬਹੁੜਿਆ?

ਨਸੀਬ ਕੌਰ : ਬੇਟਾ ਜੀ, ਦਿਨ ਮਾੜੇ ਸਨ ਪਰ ਬੰਦੇ ਭਲੇ ਹੁੰਦੇ ਸਨ। ਇਨ੍ਹਾਂ ਦੇ ਕਾਮਰੇਡ ਦੋਸਤ ਆਉਂਦੇ। ਘਿਓ ਦੇ ਕੇ ਗਏ। ਮੀਟ ਲਿਆ ਕੇ ਦਿੰਦੇ। ਖਰੌੜੇ ਖੁਆਉਂਦੇ ਰਹੇ। ਜਦੋਂ ਇਹ ਲੱਡਾ ਕੋਠੀ ਤੋਂ ਆਏ, ਸਾਰੇ ਸਰੀਰ ’ਤੇ ਧੱਬੇ ਪਏ ਹੋਏ ਸਨ। ਹਿੱਲਿਆ ਨਹੀਂ ਸੀ ਜਾਂਦਾ। ਅੰਦਰ-ਬਾਹਰ ਲਿਜਾਣ ਲਈ ਦੋ ਬੰਦਿਆਂ ਦੀ ਲੋੜ ਪੈਂਦੀ ਸੀ। ਕੋਈ ਨਾ ਕੋਈ ਮਦਦ ’ਤੇ ਆਇਆ ਹੀ ਰਹਿੰਦਾ। ਜਦੋਂ ਹਵਾ ਚੱਲਦੀ ਸੀ ਤਾਂ ਉਨ੍ਹਾਂ ਦੇ ਬਹੁਤ ਦਰਦ ਹੁੰਦਾ ਸੀ। ਠੰਢ ਦੇ ਦਿਨਾਂ ਵਿਚ ਤਾਂ ਅਸਹਿ ਦਰਦ ਹੁੰਦਾ ਸੀ। ਮਾੜੇ ਜਿਹੇ ਤੁਰਨ-ਫਿਰਨ

ਜੋਗੇ ਹੋਏ ਤਾਂ ਘਰੋਂ ਪਾਸੇ ਹੋ ਗਏ। ਅਸੀਂ ਰੋਕਿਆ ਵੀ। ਪਰ ਉਹ ਮੰਨੇ ਨਹੀਂ। ਕਹਿੰਦੇ ਪੁਲੀਸ ਨੇ ਮੈਨੂੰ ਮਾਰ ਦੇਣਾ ਹੈ। ਮੈਨੂੰ ਲੱਗਿਆ– ਪਾਰਟੀ ਕੰਮਾਂ ਵਿਚ ਫਿਰ ਤੁਰ ਪਏ ਸਨ।

? : ਅਜਿਹੀ ਹਾਲਤ ਵਿਚ ਪਰਿਵਾਰ 'ਤੇ ਕੀ ਬੀਤੀ?

ਨਸੀਬ ਕੌਰ : ਉਹ ਘਰ ਤੋਂ ਦੋ ਸਾਲ ਭਗੌੜੇ ਰਹੇ। ਪਤਾ ਨਹੀਂ ਕਿਥੇ ਲੁਕ–ਛਿਪ ਕੇ ਰਹੇ। ਜਦੋਂ ਮੂੰਮਾਂ ਵਾਲੇ ਬੇਅੰਤ ਨੂੰ ਝੂਠੇ ਪੁਲੀਸ ਮੁਕਾਬਲੇ ਵਿਚ ਮਾਰਿਆ, ਅਸਲ ਵਿਚ ਉਦੋਂ ਉਦਾਸੀ ਨੂੰ ਮਾਰਨਾ ਚਾਹੁੰਦੇ ਸਨ। ਇਹ ਹੱਥ ਨਾ ਆਏ। ਉਹ ਵਿਚਾਰਾ ਅੜਿੱਕੇ ਆ ਗਿਆ। ਪਾਰ ਬੁਲਾ ਦਿੱਤਾ। ਇਹ ਤਾਂ ਰੂਪੋਸ਼ ਹੋ ਗਏ। ਪਤਾ ਨਹੀਂ ਪੰਜਾਬ ਤੋਂ ਬਾਹਰ ਚਲੇ ਗਏ ਹੋਣ। ਪਿੱਛੇ ਮੇਰਾ ਤੇ ਬੱਚਿਆਂ ਦਾ ਬੁਰਾ ਹਾਲ ਸੀ। ਇਹ ਅਪਣੇ ਵੱਡੇ ਭਾਈ ਗੁਰਦਾਸ ਕੋਲ ਗਏ। ਉਨ੍ਹਾਂ ਦਾ ਮਿੰਨਤ ਤਰਲਾ ਕੀਤਾ, "ਭਾਈ ਮੇਰਾ ਪਰਿਵਾਰ ਸਾਂਭ ਲਓ। ਮੈਂ ਪਾਸੇ ਹੋ ਜਾਨਾਂ।" ਉਹ ਨਹੀਂ ਮੰਨੇ। ਉਹ ਕੀ ਕਰਦੇ? ਪੁਲੀਸ ਦੀ ਦਹਿਸ਼ਤ ਬੜੀ ਸੀ। ਫਿਰ ਮੇਰੇ ਭਰਾਵਾਂ ਸੁਰਜੀਤ ਤੇ ਹਰਨੇਕ ਨਾਲ ਉਦਾਸੀ ਨੇ ਗੱਲ ਕੀਤੀ। ਭਰਾ ਬੋਲੇ, "ਭਾਈ ਸਾਡੀ ਤਾਂ ਭੈਣ ਆ, ਉਹਦੇ ਅਗਾਂਹ ਬੱਚੇ ਹਨ। ਅਸੀਂ ਇਨ੍ਹਾਂ ਨੂੰ ਕਿਥੇ ਧੱਕਾ ਦੇ ਦੇਈਏ? ਤੂੰ ਲੁਕ–ਛਿਪ ਕੇ ਅਪਣੀ ਜਾਨ ਬਚਾਅ ਲੈ। ਅਪਣੀ ਭੈਣ ਤੇ ਤੇਰੇ ਜੁਆਕਾਂ ਨੂੰ ਸਾਂਭ ਲਵਾਂਗੇ।' ਫਿਰ ਮੈਂ ਬੱਚਿਆਂ ਨੂੰ ਲੈ ਕੇ ਦੋ ਸਾਲ ਉਗੋਕੀ ਅਪਣੇ ਪੇਕੇ ਘਰ ਰਹੀ। ਬੇਟਾ, ਇਕੱਲੀ ਕਹਿਰੀ ਔਰਤ ਲਈ ਬੱਚੇ ਪਾਲਣੇ ਤੇ ਪੜ੍ਹਾਉਣੇ ਬਹੁਤ ਔਖੇ ਹਨ। ਇਹ ਤਾਂ ਜੇਕਰ ਮੇਰੇ ਮਾਪੇ ਨਾ ਹੁੰਦੇ ਜਾਂ ਕਾਮਰੇਡ ਨਾ ਮਦਦ ਕਰਦੇ, ਫਿਰ ਪਤਾ ਨਹੀਂ ਸਾਡੇ ਨਾਲ ਕੀ ਬੀਤਣੀ ਸੀ।

? : ਤੁਹਾਡੀ ਬੇਟੀ ਇਕਬਾਲ ਦਸਦੀ ਸੀ, ਤੁਸੀਂ ਉਗੋਕੀ ਬੜੇ ਮਾੜੇ ਦਿਨ ਕੱਟੇ। ਤੁਹਾਡੇ ਤੇ ਬੱਚਿਆਂ ਤੋਂ ਤੁਹਾਡੀਆਂ ਭਰਜਾਈਆਂ ਅੱਕ ਗਈਆਂ ਸਨ। ਲੜਾਈ ਹੋਈ ਸੀ। ਤੁਸੀਂ ਫ਼ੈਸਲਾ ਕੀਤਾ ਕਿ ਪਿੰਡ ਦੇ ਕੋਲ ਨਹਿਰ ਵਿਚ ਛਾਲ ਮਾਰ ਕੇ ਮਰ ਜਾਣਾ ਹੈ ਤੇ ਬੱਚਿਆਂ ਨੂੰ ਮਾਰ ਦੇਣਾ ਹੈ। ਇਕਬਾਲ ਨੇ ਦਸਿਆ ਕਿ ਜਦੋਂ ਸਾਡੀ ਮਾਂ ਸਾਨੂੰ ਨਹਿਰ ਵੱਲ ਲਿਜਾ ਰਹੀ ਸੀ ਤਾਂ ਅਚਾਨਕ ਕੋਈ ਕਾਮਰੇਡ ਆ ਗਿਆ ਸੀ। ਉਹਨੇ ਤੁਹਾਨੂੰ ਸਮਝਾਇਆ ਸੀ ਤੇ ਮੋੜ ਕੇ ਲਿਆਂਦਾ ਸੀ। ਏਹੋ ਜਿਹੀਆਂ ਹੋਰ ਘਟਨਾਵਾਂ ਦੱਸੋ, ਜਿਹੜੀਆਂ ਤੁਹਾਡੇ ਨਾਲ ਉਸ ਵਕਤ ਬੀਤੀਆਂ?



ਨਸੀਬ ਕੌਰ : ਇੱਦਾਂ ਦੀ ਕੋਈ ਘਟਨਾ ਨਹੀਂ ਵਾਪਰੀ। ਉਦੋਂ ਗ਼ਰੀਬੀ ਬਹੁਤ ਸੀ। ਦਿਨ ਕੱਟਣੇ ਤੇ ਕਟਾਉਣੇ ਬਹੁਤ ਔਖੇ ਸਨ। ਫਿਰ ਵੀ ਇੱਦਾਂ ਦੇ ਮਾੜੇ ਸਮੇਂ ਮੇਰੇ ਭਰਾ ਭਰਜਾਈਆਂ ਹੀ ਮੇਰੇ ਨਾਲ ਖੜ੍ਹੇ। ਉਨ੍ਹਾਂ ਇਕ ਵੀ ਦਿਨ ਸਾਡੇ ਨਾਲ ਮਾੜੀ ਨਹੀਂ ਕੀਤੀ। ਉਹਨ੍ਹਾਂ ਸਾਨੂੰ ਪੂਰੇ ਟੱਬਰ ਨੂੰ ਦੋ ਸਾਲ ਰੱਖਿਆ। ਉਹ ਵੀ ਉਦੋਂ ਜਦੋਂ ਪੁਲੀਸ ਦੇ ਭੈਅ ਤੋਂ ਸਭ ਮੁੱਕਰ ਗਏ ਸਨ। ਇਹ ਤਾਂ ਫਿਰ ਜਦੋਂ ਮਾਰ ਧਾੜ ਦਾ ਕੰਮ ਘਟਿਆ। ਪਾਰਟੀ ਵਾਲੇ ਜਨਤਕ ਜਥੇਬੰਦੀਆਂ ਬਣਾ ਕੇ ਕੰਮ ਕਰਨ ਲੱਗੇ, ਉਦੋਂ ਉਦਾਸੀ ਮੁੜ ਪਿੰਡ ਰਾਏਸਰ ਆ ਗਿਆ। ਸਾਨੂੰ ਵੀ ਲੈ ਗਿਆ। ਫਿਰ ਉਹ ਖੁਲ੍ਹੇਆਮ ਸਟੇਜਾਂ 'ਤੇ ਗਾਉਣ ਲੱਗਾ। ਫਿਰ ਕਈ ਵਾਰ ਕੁੱਟਾਂ ਪਈਆਂ। ਗ੍ਰਿਫ਼ਤਾਰੀਆਂ ਹੋਈਆਂ। ਅੰਮ੍ਰਿਤਸਰ ਵਾਲੇ ਡਾਕਟਰ ਦਲਜੀਤ ਸਿੰਘ ਕੋਲੋਂ ਅੱਖਾਂ ਦਾ ਇਲਾਜ ਕਰਵਾਇਆ। ਸਰੀਰ ਕਾਇਮ ਨਹੀਂ ਸੀ ਰਹਿੰਦਾ। ਪੁਲੀਸ ਦੀ ਕੁੱਟ ਨੇ ਛੱਤੀ ਤਾਂ ਰੋਗ ਲਾ ਦਿੱਤੇ ਸਨ। ਡੇਢ ਸਾਲ ਕਲਕੱਤੇ ਹਰਦੇਵ ਸਿੰਘ ਗਰੇਵਾਲ ਕੋਲ ਰਹੇ। ਉੱਥੇ ਅੱਖਾਂ ਤੇ ਸਰੀਰ ਦਾ ਇਲਾਜ ਕਰਵਾਉਂਦੇ ਰਹੇ। ਪਿਛੇ ਪੁਲੀਸ ਇਨ੍ਹਾਂ ਨੂੰ ਲੱਭਦੀ ਫਿਰਦੀ ਹੁੰਦੀ ਸੀ। ਜੁਆਕਾਂ ਨੂੰ, ਮੈਨੂੰ ਗਾਲ੍ਹਾਂ ਕੱਢ ਕੇ ਜਾਂਦੇ। ਅਸੀਂ ਤਾਂ ਚਾਹੁੰਦੇ ਸੀ ਇਹ ਪਾਸੇ ਰਹਿਣ। ਅਪਣਾ ਇਲਾਜ ਕਰਵਾਉਣ। ਉਦੋਂ ਪਤਾ ਥੋੜ੍ਹਾ ਸੀ, ਕਦੋਂ ਪੁਲੀਸ ਨੇ ਗੋਲੀ ਮਾਰ ਦੇਣੀ ਹੈ। ਇਹ ਡਰ ਤਾਂ 1980 ਤਕ ਲੱਗਿਆ ਰਿਹਾ।

? : ਆਮ ਤੌਰ 'ਤੇ ਲੇਖਕਾਂ ਦੀਆਂ ਪਤਨੀਆਂ ਸ਼ੱਕੀ ਬਹੁਤ ਹੁੰਦੀਆਂ ਹਨ। ਲੇਖਕਾਂ ਨੂੰ ਬਾਹਰ ਲੇਖਕ ਔਰਤਾਂ ਵੀ ਮਿਲਦੀਆਂ ਹਨ। ਕਾਮਰੇਡਾਂ ਦੀਆਂ ਭੈਣਾਂ–ਪਤਨੀਆਂ ਨਾਲ ਵੀ ਮਿਲਣਾ ਪੈਂਦਾ। ਤੁਹਾਡੀ ਨਜ਼ਰ ਵਿਚ ਉਦਾਸੀ ਦੇ ਪਰਾਈਆਂ ਔਰਤਾਂ ਨਾਲ ਕਿਹੋ ਜਿਹੇ ਸਬੰਧ ਸਨ?

ਨਸੀਬ ਕੌਰ : ਜਦੋਂ ਉਦਾਸੀ ਸਾਹਿਬ ਅਪਣੇ ਘਰ ਤੋਂ ਬਾਹਰ ਦੀਆਂ ਔਰਤਾਂ ਨਾਲ ਵਿਚਰਦੇ ਸਨ; ਹਰ ਕਿਸਮ ਦਾ ਕੰਟਰੋਲ ਰੱਖਦੇ ਸਨ। ਬਾਬਾ ਬੂਝਾ ਸਿੰਘ ਦੀ ਗੱਲ ਸੁਣਾਉਂਦੇ ਹੁੰਦੇ ਸਨ। ਉਨ੍ਹਾਂ ਨੇ ਸਭ ਕਾਮਰੇਡਾਂ ਨੂੰ ਹਦਾਇਤ ਕੀਤੀ ਹੁੰਦੀ ਸੀ, "ਜਿਨ੍ਹਾਂ ਘਰਾਂ ਵਿਚ ਜਾਂਦੇ ਹੋ, ਰਹਿੰਦੇ ਹੋ, ਉਨ੍ਹਾਂ ਘਰਾਂ ਦੀਆਂ ਧੀਆਂ–ਭੈਣਾਂ, ਸੁਆਣੀਆਂ ਨੂੰ ਅਪਣੀਆਂ ਧੀਆਂ–ਭੈਣਾਂ, ਮਾਵਾਂ ਸਮਝਣਾ।' ਉਦਾਸੀ ਜਿਨ੍ਹਾਂ ਘਰਾਂ ਵਿਚ ਜਾਂਦੇ ਸਨ, ਉਨ੍ਹਾਂ ਘਰਾਂ ਦੀਆਂ ਔਰਤਾਂ ਉਦਾਸੀ ਤੋਂ

ਹਿਚਕਚਾਹਟ ਮਹਿਸੂਸ ਨਾ ਕਰਦੀਆਂ। ਘਰ ਵਿਚ ਉਨ੍ਹਾਂ ਦਾ ਬੰਦਾ ਹੋਵੇ ਜਾਂ ਨਾ ਹੋਵੇ, ਇਹ ਉਨ੍ਹਾਂ ਕੋਲ ਚਲੇ ਜਾਂਦੇ। ਖਾ ਪੀ ਕੇ, ਬੈਠ ਕੇ ਆਉਂਦੇ। ਉਨ੍ਹਾਂ ਨਾਲ ਦੁੱਖ-ਸੁੱਖ ਸਾਂਝਾ ਕਰਕੇ ਆਉਂਦੇ। ਕਿਉਂਕਿ ਇਨ੍ਹਾਂ ਅਪਣੀ ਇਸ ਕਿਸਮ ਦੀ ਦਿੱਖ ਬਣਾਈ ਹੋਈ ਸੀ। ਬਹੁਤੇ ਘਰਾਂ ਵਿਚ ਤਾਂ ਇਹ ਬੰਦਿਆਂ ਨਾਲ ਬੈਠ ਕੇ ਸ਼ਰਾਬ ਪੀ ਆਉਂਦੇ। ਆਮ ਤੌਰ 'ਤੇ ਔਰਤਾਂ ਸ਼ਰਾਬੀਆਂ ਤੋਂ ਡਰਦੀਆਂ ਹੁੰਦੀਆਂ ਹਨ। ਪਰ ਉਦਾਸੀ ਤੋਂ ਔਰਤਾਂ ਨਾ ਡਰਦੀਆਂ। ਦਾਰੂ ਪੀ ਕੇ ਹੋਸ਼ ਵਿਚ ਰਹਿੰਦਾ ਸੀ। ਮਤਲਬ ਅਗਲੀ ਨੂੰ ਧੀ-ਭੈਣ ਸਮਝਦਾ ਸੀ।

? : ਆਮ ਤੌਰ 'ਤੇ ਲੇਖਕਾਂ ਦਾ ਟਾਈਮ ਪੜ੍ਹਨ-ਲਿਖਣ ਅਤੇ ਬਾਹਰ ਦੇ ਤੋਰੇ ਫੇਰੇ 'ਤੇ ਲੱਗ ਜਾਂਦਾ ਹੈ। ਉਹ ਘਰ ਪਰਿਵਾਰ ਨੂੰ ਟਾਈਮ ਨਹੀਂ ਦੇ ਪਾਉਂਦੇ। ਕਾਮਰੇਡ ਅਪਣਾ ਸਾਰਾ ਸਮਾਂ ਲੋਕਾਂ ਦੇ ਲੇਖੇ ਲਾ ਦਿੰਦੇ ਹਨ। ਉਨ੍ਹਾਂ ਦੀਆਂ ਪਤਨੀਆਂ ਤੇ ਬੱਚੇ ਰੁਲਦੇ-ਫਿਰਦੇ ਹਨ। ਉਦਾਸੀ ਜੀ ਘਰ ਪ੍ਰਤੀ ਕਿੰਨੇ ਕੁ ਜ਼ੁੰਮੇਵਾਰ ਸੀ? ਜਾਂ ਆਮ ਲੇਖਕਾਂ ਤੇ ਕਾਮਰੇਡਾਂ ਵਰਗੇ ਸਨ?

ਨਸੀਬ ਕੌਰ : ਉਹ ਪਰਿਵਾਰ ਪ੍ਰਤੀ ਵੀ ਸੁਹਿਰਦ ਬੰਦਾ ਸੀ। ਉਸ ਨੇ ਪੱਠੇ ਵੱਢਣ ਤੋਂ ਲੈ ਕੇ ਕਿਆਰੀਆਂ ਸਾਫ਼ ਕਰਨ ਤਕ ਸਭ ਕੰਮ ਆਪ ਕਰਨੇ। ਨੌਕਰੀ ਵੀ ਕਰਨੀ। ਘਰ ਦੇ ਕੰਮ ਵੀ ਕਰਨੇ। ਰਾਸ਼ਨ ਆਪ ਲੈ ਕੇ ਆਉਣਾ। ਰਸੋਈ ਦਾ ਸਮਾਨ ਮੁੱਕਣ ਤੋਂ ਪਹਿਲਾਂ ਹੀ ਕਰਿਆਨਾ ਲੈ ਆਉਣਾ। ਉਹ ਉਧਾਰ ਮੰਗਣ ਦੇ ਹੱਕ ਵਿਚ ਨਹੀਂ ਸੀ। ਉਹ ਘਰ ਦੀਆਂ ਔਰਤਾਂ ਨੂੰ ਜੱਟਾਂ ਦੇ ਖੇਤਾਂ ਵਿਚ ਭੇਜ ਕੇ ਰਾਜ਼ੀ ਨਹੀਂ ਸੀ। ਮੈਨੂੰ ਜਾਂ ਕੁੜੀਆਂ ਨੂੰ ਬਿਗਾਨੇ ਖੇਤਾਂ ਵਿਚ ਨਹੀਂ ਸੀ ਭੇਜਦਾ। ਮੈਨੂੰ ਕਹਿਣਾ, "ਤੂੰ ਬੱਚੇ ਪੜ੍ਹਨ ਲਈ ਭੇਜਿਆ ਕਰ। ਆਏ ਗਏ ਕਾਮਰੇਡਾਂ ਨੂੰ ਸਾਂਭਿਆ ਕਰ। ਹਰ ਕਾਮਰੇਡ ਦਾ ਖਿੜੇ ਮੱਥੇ ਸਵਾਗਤ ਕਰਿਆ ਕਰ। ਸਾਡੇ ਘਰੋਂ ਕੋਈ ਰੋਟੀ ਪਾਣੀ ਤੋਂ ਬਿਨਾਂ ਨਾ ਜਾਵੇ।" ਘਿਓ ਦੁੱਧ ਲੱਸੀ ਲਈ ਦੋ ਮੱਝਾਂ ਰੱਖੀਆਂ ਹੁੰਦੀਆਂ ਸਨ। ਉਨ੍ਹਾਂ ਦੇ ਚਾਰੇ ਲਈ ਬਰਸੀਮ ਜਾਂ ਚਰ੍ਹੀ ਮੁੱਲ ਲੈ ਲੈਂਦੇ। ਪਹਿਲਾਂ ਆਪ ਵੱਢਣ ਜਾਂਦਾ ਹੁੰਦਾ ਸੀ। ਫਿਰ ਬੱਲੀ (ਵੱਡਾ ਬੇਟਾ) ਤਕੜਾ ਹੋਇਆ, ਉਹ ਪੱਠੇ ਲਿਆਉਣ ਲੱਗ ਪਿਆ। ਉਦੋਂ ਪਰਿਵਾਰ ਵੱਡੇ ਹੁੰਦੇ ਸਨ। ਰਿਸ਼ਤੇਦਾਰ ਆਏ ਰਹਿੰਦੇ। ਕਾਮਰੇਡਾਂ ਦੇ ਹੜ੍ਹ ਆਏ ਰਹਿੰਦੇ। ਰੋਟੀਆਂ ਪਕਾਉਂਦੀ ਨੇ ਥੱਕ ਜਾਣਾ। ਉਦੋਂ



ਉਦਾਸੀ ਨੇ ਕੰਮ ਵਿਚ ਮੇਰੀ ਮਦਦ ਕਰਵਾਉਣੀ। ਨਾਲ ਰੋਟੀ ਵਰਤਾਅ ਦੇਣੀ। ਮੇਰਾ ਉਦਾਸੀ ਨੇ ਬੜਾ ਸਾਥ ਦਿੱਤਾ। ਉਹਨੇ ਮੈਨੂੰ ਸਮਝਾਇਆ ਕਿ ਜਿਉਣਾ ਕਿਵੇਂ ਐ ਅਣਖ ਨਾਲ। ਕਿਸੇ ਵੱਡੇ ਖੱਬੀ ਖ਼ਾਨ ਦੀ ਟੈਂਅ ਨਹੀਂ ਮੰਨਣੀ। ਮੈਂ ਤੇਰੇ ਨਾਲ ਖੜਾਂ।

? : ਉਦਾਸੀ ਜੀ ਦਾ ਦਿੱਲੀ ਦੇ ਲਾਲ ਕਿਲ੍ਹੇ ਤੋਂ ਗੀਤ ਬੋਲਣ ਜਾਣਾ, ਪ੍ਰੋ. ਮੋਹਨ ਸਿੰਘ ਦੇ ਮੇਲੇ 'ਤੇ ਸਿੱਕਿਆਂ ਨਾਲ ਤੋਲੇ ਜਾਣਾ ਅਤੇ ਗੁਰਦੁਆਰਿਆਂ ਵਿਚ ਗਾਉਣ ਜਾਣਾ ਆਦਿ ਬਾਰੇ ਬੜਾ ਵਾਵੇਲਾ ਖੜ੍ਹਾ ਹੋਇਆ। ਉਦਾਸੀ ਜੀ ਇਸ ਸਾਰੇ ਵਾਵੇਲੇ ਨੂੰ ਕਿਵੇਂ ਲੈਂਦੇ ਸਨ?

ਨਸੀਬ ਕੌਰ : ਪਹਿਲੀ ਗੱਲ ਹੁਣ ਜਿੰਨਾ ਰੌਲਾ ਪਾਇਆ ਜਾ ਰਿਹਾ, ਉਦੋਂ ਇੰਨਾ ਨਹੀਂ ਸੀ। ਹੁਣ ਤੇ ਇਹਨੂੰ ਜਾਣ ਕੇ ਮੁੱਦਾ ਬਣਾਇਆ ਜਾ ਰਿਹਾ ਹੈ। ਉਪਰੋਂ-ਉਪਰੋਂ ਤਾਂ ਦੇਖਣ ਨੂੰ ਲਗਦਾ ਬਈ ਉਦਾਸੀ ਨਾਲ ਹਮਦਰਦੀ ਕੀਤੀ ਜਾ ਰਹੀ ਹੈ ਪਰ ਮੈਨੂੰ ਲਗਦਾ ਇਹ ਕਾਮਰੇਡਾਂ ਦੇ ਖ਼ਿਲਾਫ਼ ਹੀ ਭੜਾਸ ਨਹੀਂ ਕੱਢੀ ਜਾ ਰਹੀ ਸਗੋਂ ਉਦਾਸੀ ਦੀ ਦਿੱਖ ਵਿਗਾੜਨ ਲਈ ਅਜਿਹਾ ਕੀਤਾ ਜਾ ਰਿਹਾ ਹੈ। ਇਕ ਪਾਸੇ ਸਿੱਕਿਆਂ ਨਾਲ ਤੋਲਣ ਵਾਲੀ ਘਟਨਾ ਬਿਆਨ ਕੇ ਕਾਮਰੇਡਾਂ ਨੂੰ ਭੰਡਿਆ ਜਾ ਰਿਹਾ ਹੈ। ਫਿਰ ਉਦਾਸੀ ਦਾ ਇਹ ਪੁਰਸਕਾਰ ਲੈਣ ਨੂੰ ਵੀ ਭੰਡਿਆ ਜਾ ਰਿਹਾ ਹੈ। ਜਦੋਂ ਉਦਾਸੀ ਜੀ ਦਿੱਲੀ ਦੇ ਲਾਲ ਕਿਲੇ 'ਤੇ ਗਏ, ਉਹ ਉਥੇ ਇਨਕਲਾਬੀ ਗੀਤ ਹੀ ਪੇਸ਼ ਕਰ ਕੇ ਆਏ। ਜਿਹੜਾ ਉਦਾਸੀ ਜੀ ਦਾ ਗਰੁੱਪ ਕਾਮਰੇਡ ਬੰਤ ਮਾਣੂਕੇ ਹੁਰੀਂ (ਐਸ.ਐਨ. ਗਰੁੱਪ) ਸੀ, ਉਨ੍ਹਾਂ ਉਦਾਸੀ ਜੀ ਨੂੰ ਸਮਝਾਇਆ ਕਿ ਸਾਡੀ ਸਰਕਾਰ ਨਾਲ ਲੜਾਈ ਚੱਲ ਰਹੀ ਹੈ, ਅਜਿਹੀਆਂ ਥਾਵਾਂ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ। ਪਰ ਹੋਰ ਸ਼ਰੀਕ ਗਰੁੱਪ ਵਿਰੋਧ ਕਰਨ ਲੱਗੇ। ਸਿੱਕਿਆਂ ਨਾਲ ਤੋਲਣ ਵੇਲੇ ਵੀ ਅਜਿਹਾ ਹੋਇਆ। ਦੋ ਗਰੁੱਪਾਂ ਨੇ ਲਿਖ ਕੇ ਵਿਰੋਧ ਕੀਤਾ ਸੀ। ਉਹ ਦੋਸ਼ ਲਾਉਂਦੇ ਸੀ ਕਿ ਉਦਾਸੀ ਕਾਂਗਰਸੀ ਹੋ ਗਿਆ ਹੈ। ਜਿਹੜੇ ਇਨ੍ਹਾਂ ਦੇ ਅਪਣੇ ਦੋਸਤ ਲੇਖਕ ਸਨ ਜਾਂ ਪਾਰਟੀ ਵਾਲੇ ਸਨ, ਉਨ੍ਹਾਂ ਚਿੱਠੀਆਂ ਪਾ ਕੇ ਇਤਰਾਜ਼ ਕੀਤਾ ਸੀ। ਉਦਾਸੀ ਕਹਿੰਦਾ ਸੀ, "ਮੈਂ ਅਪਣੀ ਵਿਚਾਰਧਾਰਾ ਤਾਂ ਨਹੀਂ ਬਦਲੀ। ਕੋਈ ਮੇਰੀਆਂ ਇਨਕਲਾਬੀ ਕਵਿਤਾਵਾਂ/ਗੀਤਾਂ ਦੀ ਪ੍ਰਸ਼ੰਸਾ ਕਰਨਾ ਚਾਹੁੰਦਾ ਹੈ ਜਾਂ ਮੈਨੂੰ ਪੁਰਸਕਾਰ ਦੇਣਾ ਚਾਹੁੰਦਾ ਹੈ; ਉਸ ਵਿਚ ਮੇਰਾ ਕੀ

ਕਸੂਰ? ਮੈਂ ਥੋੜ੍ਹਾ ਬਦਲਿਆਂ? ਉਹ ਬਦਲ ਰਹੇ ਹਨ। ਮੇਰੀਆਂ ਕਵਿਤਾਵਾਂ/ਗੀਤਾਂ ਨੂੰ ਮਾਨਤਾ ਦੇ ਰਹੇ ਹਨ।" ਦਰਅਸਲ ਇਹ ਤਾਂ ਗਰੁੱਪਾਂ ਦਾ ਆਪਸੀ ਭੇੜ ਸੀ। ਹੁਣ ਨਕਸਲੀ ਲਹਿਰ ਦੇ ਵਿਰੋਧੀ ਇਨ੍ਹਾਂ ਗੱਲਾਂ ਨੂੰ ਤੂਲ ਦੇ ਰਹੇ ਹਨ। ਬਾਕੀ ਉਦਾਸੀ ਨੇ ਅਪਣਾ ਪਰਿਵਾਰ ਨਹੀਂ ਸੀ ਪਾਲਣਾ? ਬੱਚੇ ਵੱਡੇ ਹੋ ਗਏ ਸਨ। ਉਨ੍ਹਾਂ ਦੀ ਪੜ੍ਹਾਈ ਦਾ ਖ਼ਰਚ, ਅਗਾਂਹ ਕੁੜੀਆਂ ਦੇ ਵਿਆਹਾਂ ਦੇ ਖ਼ਰਚ ਸਿਰ 'ਤੇ ਖੜ੍ਹੇ ਸਨ। ਉਹ ਗਾਉਣ ਜਾਂਦੇ ਸਨ। ਗੁਰਦੁਆਰਿਆਂ ਵਾਲੇ ਚਾਰ ਛਿੱਲੜ ਹੱਥ 'ਤੇ ਰੱਖ ਦਿੰਦੇ ਸਨ। ਅਪਣੀ ਮਿਹਨਤ ਲੈਣਾ ਕਿਹੜਾ ਗੁਨਾਹ ਹੋ ਗਿਆ? ਕੀ ਉਸ ਮਰਦ ਨੇ ਮਰਨ ਤਕ ਅਪਣੀ ਵਿਚਾਰਧਾਰਾ ਛੱਡੀ? ਬਿਲਕੁਲ ਨਹੀਂ। ਉਹ ਕਹਿੰਦਾ ਸੀ, "ਚਾਹੇ ਮੈਂ ਅਕਾਲੀਆਂ ਦੀ ਸਟੇਜ 'ਤੇ ਜਾਵਾਂ, ਚਾਹੇ ਕਿਸੇ ਸਰਕਾਰੀ ਸਟੇਜ 'ਤੇ, ਚਾਹੇ ਗੁਰਦੁਆਰਿਆਂ ਵਿਚ ਜਾਵਾਂ, ਹਮੇਸ਼ਾ ਅਪਣੀਆਂ ਨਕਸਲੀ ਲਹਿਰ ਦੀਆਂ ਕਵਿਤਾਵਾਂ ਪੜ੍ਹੀਆਂ। ਮੈਂ ਕਿਸੇ ਸਰਕਾਰੀ ਪਾਰਟੀ ਦਾ ਪ੍ਰਚਾਰ ਨਹੀਂ ਕਰਦਾ। ਕਿਸੇ ਧਰਮ ਦਾ ਪ੍ਰਚਾਰ ਨਹੀਂ ਕਰਦਾ। ਮੈਂ ਤਾਂ ਅਪਣੀ ਲਹਿਰ ਦੇ, ਅਪਣੇ ਕਿਰਤੀ ਲੋਕਾਂ ਦੇ ਦੁੱਖਾਂ ਦੇ ਗੀਤ ਗਾਉਂਦਾ ਹਾਂ।" ਉਨ੍ਹਾਂ ਦਾ ਇਕ ਵੀ ਗੀਤ ਜਾਂ ਕੋਈ ਭਾਸ਼ਣ ਦਿਖਾਓ, ਜਿਹੜਾ ਸਰਕਾਰੀ ਕਿਸਮ ਦਾ ਹੋਵੇ, ਲੋਕ ਵਿਰੋਧੀ ਹੋਵੇ ਜਾਂ ਧਾਰਮਕ ਕੱਟੜਤਾ ਤੇ ਅੰਧ ਵਿਸ਼ਵਾਸ ਵਾਲਾ। ਜੱਸੋਵਾਲ ਨਾਲ ਉਨ੍ਹਾਂ ਦੇ ਦੋਸਤਾਂ ਵਾਲੇ ਸਬੰਧ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਜੱਸੋਵਾਲ ਨੇ ਸਭ ਤੋਂ ਵੱਧ ਪਰਿਵਾਰ ਨੂੰ ਸਹਿਯੋਗ ਦਿੱਤਾ। ਪਰ ਜੱਸੋਵਾਲ ਨਾਲ ਰਲ ਕੇ ਉਦਾਸੀ ਕਾਂਗਰਸੀਆ ਥੋੜ੍ਹਾ ਹੋ ਗਿਆ?

? : ਇਹ ਧਰਮ ਯੁੱਧ ਮੋਰਚੇ ਜਾਂ ਖ਼ਾਲਿਸਤਾਨੀ ਲਹਿਰ ਨਾਲ ਕਿੰਨੇ ਕੁ ਜੁੜੇ? ਇਨ੍ਹਾਂ ਉਨ੍ਹਾਂ ਵਿਚ ਸ਼ਮੂਲੀਅਤ ਕੀਤੀ ਜਾਂ ਸਿਰਫ਼ ਹਮਦਰਦ ਹੀ ਸਨ?

ਨਸੀਬ ਕੌਰ : ਮੇਰੇ ਸਹੁਰਾ ਪਰਿਵਾਰ ਦਾ ਪੁਰਾਣਾ ਪਿਛੋਕੜ ਸਿੱਖੀ ਵਾਲਾ ਸੀ। ਫਿਰ ਇਹ ਨਾਮਧਾਰੀ ਹੋ ਗਏ। ਮੈਂ ਤਾਂ ਇਨ੍ਹਾਂ ਨੂੰ ਨਾਮਧਾਰੀ ਹੀ ਦੇਖਿਆ। ਸਾਰਾ ਪਰਿਵਾਰ ਅੱਜ ਵੀ ਨਾਮਧਾਰੀ ਸੰਪਰਦਾ ਨਾਲ ਜੁੜਿਆ ਹੋਇਆ ਹੈ। ਸਿਰਫ਼ ਉਦਾਸੀ ਨੇ ਇਹ ਸੰਪਰਦਾ ਛੱਡੀ। ਉਹ ਕਮਿਊਨਿਸਟ ਸੀ। ਨਕਸਲੀ ਲਹਿਰ ਵਿਚ ਸਰਗਰਮ ਰਹੇ। ਉਹ ਧਾਰਮਕ ਵਿਅਕਤੀ ਨਹੀਂ ਸਨ। ਹਰ ਵੇਲੇ ਸ਼ਰਾਬ ਪੀਣ ਤੇ



ਮੀਟ ਖਾਣ ਵਾਲੇ ਸਨ। ਜਦੋਂ ਪਟਿਆਲਾ ਜੇਲ੍ਹ ਵਿਚ ਸਨ। ਉਦੋਂ ਐਮਰਜੈਂਸੀ ਲੱਗੀ ਹੋਈ ਸੀ। ਨਕਸਲੀਏ, ਅਕਾਲੀ ਅਤੇ ਜਨਸੰਘੀ ਇਕੱਠੇ ਹੀ ਜੇਲ੍ਹ ਵਿਚ ਸਨ। ਅਕਾਲੀ ਤੇ ਜਨਸੰਘੀਏ ਕਹਿਣ, "ਨਕਸਲੀ ਭਰਾਓ ਆਪਾਂ ਇਕ ਹਾਂ। ਇੰਦਰਾ ਗਾਂਧੀ ਦੇ ਖ਼ਿਲਾਫ਼ ਮੋਰਚਾ ਬਣਾਉਣਾ ਹੈ।" ਉਦੋਂ ਅਕਾਲੀ ਲੀਡਰ ਉਦਾਸੀ ਜੀ ਦੇ ਨੇੜੇ ਹੋ ਗਏ। ਇਨ੍ਹਾਂ ਨੂੰ ਅਪਣੇ ਵੱਲ ਖਿੱਚਣ। ਪਰ ਇਨ੍ਹਾਂ ਨੂੰ ਅਸਲੀਅਤ ਦਾ ਪਤਾ ਹੀ ਸੀ। ਇਹ ਉਹੀ ਸਨ, ਜਿਨ੍ਹਾਂ ਉਦਾਸੀ ਦੇ ਸਾਥੀਆਂ ਨੂੰ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰਿਆ ਸੀ। 82 ਸਾਲ ਦੇ ਬਾਬਾ ਬੂਝਾ ਸਿੰਘ ਨੂੰ ਵੀ ਬਖ਼ਸ਼ਿਆ ਨਹੀਂ ਸੀ। ਲੰਮਾਂ ਸਮਾਂ ਜੇਲ੍ਹ ਵਿਚ ਇਕੱਠੇ ਰਹੇ ਹੋਣ ਕਰ ਕੇ ਇਕ-ਦੂਜੇ ਨਾਲ ਦੋਸਤਾਂ ਵਾਲੇ ਸਬੰਧ ਬਣ ਗਏ। ਪਿੱਛੋਂ ਜਾ ਕੇ ਵੱਡੇ-ਵੱਡੇ ਅਕਾਲੀ ਲੀਡਰ ਘਰ ਆਉਂਦੇ ਰਹੇ। ਉਦਾਸੀ ਨੂੰ ਅਪਣੇ ਕੋਲ ਸੱਦ ਲੈਂਦੇ ਸਨ। ਇਹ ਵਿਅਕਤੀਗਤ ਮਿੱਤਰਚਾਰੇ ਸਨ, ਪਰ ਉਨ੍ਹਾਂ ਕਦੇ ਸੋਚ ਨਹੀਂ ਬਦਲੀ। ਉਹ ਕਦੇ ਵੀ ਧਰਮ ਯੁੱਧ ਮੋਰਚੇ ਦੇ ਹੱਕ ਵਿਚ ਨਹੀਂ ਹੋਏ। ਜਿਹੜਾ ਉਸ ਵੇਲੇ ਪੰਜਾਬੀਆਂ 'ਤੇ ਜ਼ੁਲਮ ਹੁੰਦਾ ਸੀ। ਉਹ ਉਹਦੇ ਖ਼ਿਲਾਫ਼ ਜ਼ਰੂਰ ਸਨ। ਰਹੀ ਗੱਲ ਖ਼ਾਲਿਸਤਾਨੀ ਬਣਨ ਦੀ। ਉਹ ਤਾਂ ਨਾਮਧਾਰੀ ਸੰਪਰਦਾ ਵਿਚ ਨਹੀਂ ਫਿਟ ਹੋਏ, ਜਿਹੜਾ ਕਿ ਇਨ੍ਹਾਂ ਦਾ ਮੁੱਢ ਸੀ। ਇਹ ਖ਼ਾਲਿਸਤਾਨੀ ਕਿਵੇਂ ਬਣ ਜਾਂਦੇ? ਇਹ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਦੇ ਵਿਰੁੱਧ ਸਨ। ਚੌਰਾਸੀ ਦੇ ਦਿੱਲੀ ਦੰਗਿਆਂ ਦੇ ਵਿਰੁੱਧ ਸਨ। ਬੇਕਸੂਰਾਂ 'ਤੇ ਹੁੰਦੇ ਜਬਰ ਦੇ ਖ਼ਿਲਾਫ਼ ਸਨ। ਇਕੱਲਾ ਉਦਾਸੀ ਥੋੜ੍ਹਾ ਵਿਰੁੱਧ ਸੀ। ਉਦਾਸੀ ਦੀ ਪਾਰਟੀ ਇਨ੍ਹਾਂ ਗੱਲਾਂ ਦੇ ਵਿਰੁੱਧ ਸੀ। ਕਾਮਰੇਡ ਬੰਤ ਮਾਣੂਕੇ ਹੁਰੀਂ ਮੇਰੇ ਭਰਾ ਲਗਦੇ ਸਨ। ਉਹ ਜਾਂ ਹੋਰ ਕਾਮਰੇਡ ਵੀ ਘਰ ਆਉਂਦੇ ਤਾਂ ਅਕਸਰ ਪੰਜਾਬ ਦੇ ਹਲਾਤਾਂ ਬਾਰੇ ਗੱਲਾਂ ਹੁੰਦੀਆਂ। ਇਹ ਸਾਰੇ ਰਲ ਕੇ ਸਰਕਾਰ ਦੇ ਇਨ੍ਹਾਂ ਕੰਮਾਂ ਨੂੰ ਨਿੰਦਦੇ।

ਬੇਟਾ ਜੀ, ਮੇਰੇ ਪਤੀ ਜੀ ਤਾਂ ਇਨਕਲਾਬੀ ਸਨ। ਉਹ ਜਾਤ-ਪਾਤ ਵੀ ਖ਼ਤਮ ਕਰਨਾ ਚਾਹੁੰਦੇ ਸਨ। ਉਹ ਗ਼ਰੀਬਾਂ ਨੂੰ ਉਪਰ ਉਠਾਉਣਾ ਚਾਹੁੰਦੇ ਸਨ। ਗੁਰਬਾਣੀ, ਮਹਾਂਭਾਰਤ ਤੇ ਰਮਾਇਣ ਉਨ੍ਹਾਂ ਨੂੰ ਮੂੰਹ ਜ਼ੁਬਾਨੀ ਕੰਠ ਸੀ। ਉਹ ਹਰ ਰਾਤ ਅਪਣੇ ਜੁਆਕਾਂ ਨੂੰ ਮਹਾਂਭਾਰਤ ਸੁਣਾਉਂਦੇ। ਰਮਾਇਣ ਤਾਂ ਉਹ ਇੱਦਾਂ ਖੁਭ ਕੇ ਸੁਣਾਉਂਦੇ ਸਨ ਜਿਵੇਂ ਉਹ ਆਪ ਉਸ ਵਿਚ ਸ਼ਾਮਲ ਹੋ ਗਏ ਹੁੰਦੇ।

ਇਕ ਤੇ ਵਾਲਮੀਕ ਜੀ ਸਾਡੇ ਅਪਣੇ ਭਗਵਾਨ ਹਨ, ਉਨ੍ਹਾਂ ਨੇ ਰਮਾਇਣ ਲਿਖੀ ਸੀ। ਫਿਰ ਰਮਾਇਣ ਤਾਂ ਸਾਡੀ ਜ਼ਿੰਦਗੀ ਦਾ ਵੈਸੇ ਹੀ ਹਿੱਸਾ ਹੈ। ਉਨ੍ਹਾਂ ਕੋਲ ਬਹੁਤ ਸਾਰੇ ਇਨਕਲਾਬੀ ਮੈਗਜ਼ੀਨ ਆਉਂਦੇ ਸਨ। ਉਹ, ਉਹ ਵੀ ਬੱਚਿਆਂ ਨੂੰ ਪੜ੍ਹ ਕੇ ਸੁਣਾਉਂਦੇ ਸਨ। ਉਹ ਮਹਾਂਭਾਰਤ, ਰਮਾਇਣ, ਵੀਅਤਨਾਮ ਜੰਗ ਦੇ ਯੋਧੇ, ਡਾ. ਅੰਬੇਦਕਰ ਅਤੇ ਸਿੱਖ ਇਤਿਹਾਸ ਦੇ ਖਾੜਕੂ ਨਾਇਕਾਂ ਨੂੰ ਅਪਣੇ ਗੀਤਾਂ ਵਿਚ ਵਰਤ ਲੈਂਦੇ ਸਨ। ਬਾਕੀ ਭਾਈ ਉਨ੍ਹਾਂ ਦੀ ਕਲਮ ਵਿਚ ਦਮ ਸੀ, ਆਵਾਜ਼ ਵਿਚ ਜ਼ੋਰ ਸੀ। ਇਨ੍ਹਾਂ ਕਰ ਕੇ ਉਨ੍ਹਾਂ ਨੂੰ ਸੰਤ (ਸੰਤ ਹਰਚੰਦ ਸਿੰਘ ਲੌਂਗੋਵਾਲ) ਵੀ ਸੱਦ ਲੈਂਦੇ। ਸ਼੍ਰੋਮਣੀ ਕਮੇਟੀ ਵਾਲੇ ਵੀ ਪ੍ਰੋਗਰਾਮਾਂ 'ਤੇ ਬੁਲਾ ਲੈਂਦੇ। ਪਾਉਂਟਾ ਸਾਹਿਬ ਵਾਲੇ ਤੇ ਕਲਕੱਤੇ ਦੀ ਸਾਧ ਸੰਗਤ ਵੀ ਉਨ੍ਹਾਂ ਦੀ ਹਾਜ਼ਰੀ ਭਰਾਉਂਦੀ। ਉਹ ਜਿਹੜੀ ਵੀ ਜਗ੍ਹਾ ਜਾਂਦੇ, ਗੱਲ ਇਨਕਲਾਬ ਦੀ ਕਰ ਕੇ ਆਉਂਦੇ। ਉਹ ਕਹਿੰਦੇ, "ਮੈਂ ਲੋਕਾਂ ਦਾ ਕਵੀ ਹਾਂ।" ਉਨ੍ਹਾਂ ਦੇ ਅੰਦਰ ਲੋਕਾਂ ਦੀ ਪੀੜ ਸੀ। ਫ਼ੰਕਸ਼ਨ ਜਿਹੜਾ ਮਰਜ਼ੀ ਹੋਵੇ, ਉਹ ਗੱਲ ਅਪਣੀ ਕਰ ਕੇ ਆਉਂਦੇ। ਇਥੋਂ ਤਕ ਵਿਆਹਾਂ ਸ਼ਾਦੀਆਂ 'ਤੇ ਵੀ ਕਾਮਰੇਡਾਂ ਵਾਲੇ ਗੀਤ ਗਾ ਕੇ ਆਉਂਦੇ।

? : ਇਨਕਲਾਬੀਆਂ ਦੀਆਂ ਸਟੇਜਾਂ ਤੋਂ ਬਿਨਾਂ ਜਿਹੜੀਆਂ ਹੋਰ ਸਟੇਜਾਂ 'ਤੇ ਉਹ ਜਾਂਦੇ ਸਨ। ਉਥੇ ਪੈਸਿਆਂ ਖ਼ਾਤਰ ਜਾਂਦੇ ਸਨ?

ਨਸੀਬ ਕੌਰ : ਦੇਖੋ ਘਰਾਂ ਦੀਆਂ ਲੋੜਾਂ ਤਾਂ ਹੁੰਦੀਆਂ ਹੀ ਹਨ। ਨਾਲੇ ਸਾਡੇ ਗ਼ਰੀਬ ਘਰਾਂ ਦੇ ਖ਼ਰਚਿਆਂ ਦਾ ਮਸਲਾ ਹਮੇਸ਼ਾ ਖੜ੍ਹਾ ਹੀ ਰਹਿੰਦਾ ਹੈ। ਬਾਕੀ ਉਦਾਸੀ ਸਾਰਾ ਕੁਝ ਪੈਸੇ ਲਈ ਵੀ ਨਹੀਂ ਸੀ ਕਰਦਾ। ਜਿਥੇ-ਜਿਥੇ ਉਹਦੇ ਮਿੱਤਰ ਬੈਠੇ ਸਨ, ਉਹ ਬੁਲਾ ਲੈਂਦੇ। ਉਹ ਕਦੇ ਮਿੱਤਰਾਂ ਨੂੰ ਮੁੱਕਰਦਾ ਨਹੀਂ ਸੀ। ਬਾਕੀ ਜੇ ਉਦਾਸੀ ਨੇ ਧਨ ਕਮਾਉਣਾ ਹੁੰਦਾ ਜਾਂ ਜਾਇਦਾਦਾਂ ਬਣਾਉਣੀਆਂ ਹੁੰਦੀਆਂ ਤਾਂ ਉਹ ਸੋਨੇ ਦੀਆਂ ਕੰਧਾਂ ਖੜ੍ਹੀਆਂ ਕਰ ਲੈਂਦਾ। ਪਰ ਉਹਨੇ ਅਪਣੀ ਪਾਰਟੀ ਨੂੰ ਪਿੱਠ ਨਹੀਂ ਦਿਖਾਈ।

? : ਸ਼ਰਾਬ ਪੀਣੀ ਉਦਾਸੀ ਦੀ ਕਮਜ਼ੋਰੀ ਸੀ?

ਨਸੀਬ ਕੌਰ : ਦੇਖੋ ਜਦੋਂ ਵਿਆਹ ਹੋਇਆ, ਉਦੋਂ ਤਾਂ ਕਿਤੇ ਵਿਆਹ ਸ਼ਾਦੀ ਜਾਂ ਖ਼ੁਸ਼ੀ ਸਮੇਂ ਪੀ ਲੈਂਦੇ ਸਨ। ਪਿਛੋਂ ਜਾ ਕੇ ਵੀ ਕਿਤੇ ਮਿੱਤਰਾਂ ਨਾਲ ਪੈਗ ਲਾ ਲੈਂਦੇ ਸਨ। ਪਰ ਜਦੋਂ ਪੁਲੀਸ ਨੇ ਉਨ੍ਹਾਂ 'ਤੇ ਬਹੁਤ



ਜ਼ਿਆਦਾ ਜਬਰ ਕੀਤਾ। ਉਨ੍ਹਾਂ ਦੇ ਦਰਦਾਂ ਹੁੰਦੀਆਂ ਰਹਿੰਦੀਆਂ ਸਨ। ਨੀਂਦ ਨਹੀਂ ਸੀ ਆਉਂਦੀ ਹੁੰਦੀ। ਫਿਰ ਉਹ ਸ਼ਰਾਬ ਦਾ ਸਹਾਰਾ ਲੈਣ ਲੱਗ ਪਏ। ਹੌਲੀ-ਹੌਲੀ ਇਹ ਉਨ੍ਹਾਂ ਦੀ ਰੁਟੀਨ ਬਣ ਗਈ। ਬਾਅਦ ਵਿਚ ਤਾਂ ਜ਼ਿਆਦਾ ਹੀ ਪੀਣ ਲੱਗ ਪਏ ਸਨ। ਘਰ ਬਹੁਤ ਜ਼ਿਆਦਾ ਨਹੀਂ ਸੀ ਪੀਂਦੇ। ਇਹ ਤੇ ਬਾਹਰ ਕਵੀ ਦਰਬਾਰਾਂ ਤੋਂ ਪੀ ਆਉਂਦੇ। ਘਰ ਤਾਂ ਹਿਸਾਬ ਨਾਲ ਪੀਂਦੇ ਸਨ। ਸਿੱਧੀ ਗੱਲ ਦਾਰੂ ਉਨ੍ਹਾਂ ਦੀ ਖ਼ੁਰਾਕ ਦਾ ਹਿੱਸਾ ਸੀ।

? : ਉਦਾਸੀ ਜੀ ਪੱਗ ਕਿਹੜੇ-ਕਿਹੜੇ ਰੰਗ ਦੀ ਬੰਨ੍ਹਦੇ ਸਨ?

ਨਸੀਬ ਕੌਰ : (ਹੱਸ ਕੇ) .... ਲਗਦੈ ਬੇਟਾ ਜੀ, ਤੁਸੀਂ ਉਦਾਸੀ ਜੀ ਦੀ ਯਾਦ ਵਿਚ ਬਣਿਆ ਗੇਟ ਵੇਖ ਕੇ ਆਏ ਓ। ਉਹਦੇ ਇਕ ਥਮੜੇ 'ਤੇ ਪੀਲੇ ਰੰਗ ਦੀ ਪੱਗ ਵਾਲੀ ਫ਼ੋਟੋ ਲਾਈ ਹੋਈ ਹੈ ਤੇ ਦੂਜੇ ਪਾਸੇ ਨੀਲੇ ਰੰਗ ਵਾਲੀ ਫ਼ੋਟੋ ਹੈ। ਬੇਟਾ ਜੀ ਉਦਾਸੀ ਨੇ ਕਦੇ ਵੀ ਇਨ੍ਹਾਂ ਦੋਹਾਂ ਰੰਗਾਂ ਵਾਲੀਆਂ ਪੱਗਾਂ ਨਹੀਂ ਬੰਨ੍ਹੀਆਂ। ਉਹ ਸਰਦਈ, ਕਾਲੀ ਤੇ ਬਿਸਕੁਟੀ ਰੰਗਾਂ ਦੀਆਂ ਪੱਗਾਂ ਬੰਨ੍ਹਦੇ ਸਨ। ਜ਼ਿਆਦਾ ਕਾਲੇ ਰੰਗ ਦੀ ਹੀ ਬੰਨ੍ਹਦੇ ਸਨ। ਜਿੱਦਣ ਉਹ ਹਜ਼ੂਰ ਸਾਹਿਬ ਨੂੰ ਗਏ, ਉੱਦਣ ਉਨ੍ਹਾਂ ਕਾਲੀ ਫਿਫਟੀ ਬੰਨ੍ਹੀ ਤੇ ਪੱਗ ਬਿਸਕੁਟੀ।

? : ਉਦਾਸੀ ਜੀ ਦਾ ਸੁਭਾਅ ਕਿਸ ਕਿਸਮ ਦਾ ਸੀ? ਉਹ ਬਹੁਤ ਸਖ਼ਤ ਸਨ ਜਾਂ ਭਾਵੁਕ ਕਿਸਮ ਦੇ ਇਨਸਾਨ ਸਨ?

ਨਸੀਬ ਕੌਰ : ਮੈਂ ਤਿੰਨ ਉਦਾਹਰਨਾ ਦਿੰਦੀ ਹਾਂ। ਬੇਟਾ ਜੀ, ਤੁਸੀਂ ਉਸ ਵਿਚੋਂ ਉਦਾਸੀ ਜੀ ਦੇ ਸੁਭਾਅ ਦਾ ਅੰਦਾਜ਼ਾ ਲਾ ਲੈਣਾ। ਜੈਤੋਂ ਕੋਲ ਨਿਆਮੀ ਵਾਲਾ ਦਾ ਪਾਰਟੀ ਦਾ ਕਾਮਰੇਡ ਗੁਰਮੇਲ ਸਿੰਘ ਨਿਆਮੀ ਵਾਲਾ (ਬਰਾੜ) ਹੁੰਦਾ ਸੀ। ਜਦੋਂ ਉਦਾਸੀ ਜੀ ਜੇਲ੍ਹਾਂ ਵਿਚ ਰਹੇ ਜਾਂ ਰੂਪੋਸ਼ ਰਹੇ ਜਾਂ ਘਰ ਵਿਚ ਤੰਗੀ ਰਹੀ, ਤਦ ਕਾਮਰੇਡ ਗੁਰਮੇਲ ਹੀ ਘਰ ਦਾ ਖ਼ਿਆਲ ਰੱਖਦਾ ਸੀ। ਘਰ ਦਾਣੇ ਸੁੱਟ ਕੇ ਜਾਣੇ, ਰਾਸ਼ਨ ਲਿਆ ਕੇ ਦੇਣਾ, ਇਹ ਉਹ ਅਪਣੀ ਡਿਊਟੀ ਸਮਝਦਾ ਸੀ। ਪਰਿਵਾਰਕ ਝਗੜੇ ਕਾਰਨ ਉਹਦੀ ਵਿਚਾਰੇ ਦੀ ਮੌਤ ਹੋ ਗਈ। ਉਦਾਸੀ ਉਹਦੀ ਮੌਤ ਦਾ ਸੁਣ ਕੇ ਬਹੁਤ ਰੋਇਆ। ਰਾਤ ਨੂੰ ਉਠ ਕੇ ਬੈਠ ਜਾਇਆ ਕਰੇ। ਜਦੋਂ ਉਦਾਸੀ ਜੀ ਦੀ ਮੌਤ ਹੋਈ, ਉਹਤੋਂ ਇਕ ਮਹੀਨਾ ਦਸ ਦਿਨ ਪਹਿਲਾਂ (26 ਸਤੰਬਰ 1986) ਕਾਮਰੇਡ ਬਲਦੇਵ ਮਾਨ ਨੂੰ ਅਤਿਵਾਦੀਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਜਦੋਂ ਇਨ੍ਹਾਂ ਰੇਡੀਓ ਤੋਂ ਮਾਨ ਦੇ ਕਤਲ ਦੀ ਖ਼ਬਰ

ਸੁਣੀ, ਇਹ ਤਾਂ ਭਾਈ ਰੋਣ ਲੱਗ ਪਏ। ਕੋਠੇ ਚੜ੍ਹ ਜਾਇਆ ਕਰਨ। ਥੱਲੇ ਆ ਜਾਇਆ ਕਰਨ। ਮੰਜੇ 'ਤੇ ਪੈ ਗਏ। ਇਨ੍ਹਾਂ ਤੋਂ ਉਠ ਨਾ ਹੋਵੇ। ਬੁੜ੍ਹ-ਬੁੜ੍ਹ ਕਰੀ ਜਾਣ, "ਮੈਂ ਵੀ ਹੁਣ ਰਹਿ ਕੇ ਕੀ ਕਰਨਾ? ਜਦੋਂ ਮੇਰੇ ਪਾਰਟੀ ਕਾਮਰੇਡ ਨੂੰ ਹੀ ਮਾਰ ਦਿੱਤਾ ਦੁਸ਼ਟਾਂ ਨੇ। ਮੂਰਖੋ, ਮੇਰੇ ਚੰਗੇ ਮਿੱਤਰ ਦਾ ਕਤਲ ਕਰ ਦਿੱਤਾ। ਉਹ ਤਾਂ ਲੋਕਾਂ ਦਾ ਹੀਰਾ ਆਗੂ ਸੀ। ਕੀ ਖੱਟਿਆ, ਐਡੇ ਵੱਡੇ ਯੋਧੇ ਨੂੰ ਧੋਖੇ ਨਾਲ ਮਾਰ ਕੇ? ... ਕਾਮਰੇਡਣੀਏ, ਮੇਰਾ ਪੱਖ ਘੱਟ ਗਿਆ। ਮੇਰਾ ਅੰਗ ਮਾਰਿਆ ਗਿਆ।" ਉਹ ਕਈ ਦਿਨ ਅਪਸੈੱਟ ਰਹੇ। ਇਸੇ ਪ੍ਰੇਸ਼ਾਨੀ ਵਿਚ ਉਹ ਹਜ਼ੂਰ ਸਾਹਿਬ ਗਏ। ਜਿਥੋਂ ਮੁੜ ਕੇ ਨਹੀਂ ਆਏ। (ਅੱਖਾਂ ਭਰ ਕੇ) ਸਗੋਂ ਅਪਣੇ ਪਾਰਟੀ ਆਗੂ ਮਾਨ ਕੋਲ ਹੀ ਚਲੇ ਗਏ। (ਲੰਮੀ ਚੁੱਪ ਤੋਂ ਬਾਅਦ) ... ਜਦੋਂ ਦੋ ਸਾਲ ਪਹਿਲਾਂ (1984 ਵਿਚ) ਦਿੱਲੀ ਵਿਚ ਦੰਗੇ ਹੋਏ। ਬੇਕਸੂਰ ਸਿੱਖਾਂ ਨੂੰ ਸਾੜਿਆ ਗਿਆ। ਉਨ੍ਹਾਂ ਨੂੰ ਲੁੱਟਿਆ-ਕੁੱਟਿਆ ਗਿਆ, ਉਦੋਂ ਵੀ ਉਨ੍ਹਾਂ ਦੀ ਏਹੀ ਹਾਲਤ ਹੋਈ ਸੀ।

? : ਦਿੱਲੀ ਜਾਂ ਦੇਸ਼ ਦੇ ਹੋਰ ਭਾਗਾਂ ਵਿਚ ਸਿੱਖਾਂ ਦੇ ਕਤਲੇਆਮ ਵੇਲੇ ਇਨ੍ਹਾਂ ਦੀ ਕੀ ਹਾਲਤ ਹੋਈ ਸੀ?

ਨਸੀਬ ਕੌਰ : ਕਹਿਣ, "ਮੇਰੇ ਦੋਸਤ ਮਾਰੇ ਗਏ ਹਨ। ਸਾਡੇ ਸਿੱਖ ਮਾਰੇ ਗਏ ਹਨ।" ਇਹ ਬਹੁਤ ਅਪਸੈੱਟ ਹੋਏ। ਜਿੱਦਾਂ ਬੰਦਾ ਪਾਗਲ ਹੋ ਜਾਂਦਾ, ਉਦਾਂ ਕਰਨ। ਉਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਵੱਡੇ ਭਾਈ ਗੁਰਦਾਸ ਸਿੰਘ ਘਾਰੂ ਨਾਗਪੁਰ ਗਏ ਹੋਏ ਸਨ ਪਰ ਉਹ ਕਿਸੇ ਤਰ੍ਹਾਂ ਬਚ ਕੇ ਘਰ ਪੁੱਜ ਗਏ। ਇਹ ਕਹਿਣ, "ਮੇਰਾ ਭਾਈ ਬਚ ਕੇ ਆ ਗਿਆ। ਉਹ ਵੀ ਮਾਰਿਆ ਜਾਣਾ ਸੀ। ਜਿਹੜੇ ਹੋਰ ਮਾਰੇ ਗਏ ਆ, ਉਹ ਵੀ ਕਿਸੇ ਦੇ ਭਾਈ ਸਨ। ਸੈਂਟਰ ਨੇ ਪੰਜਾਬ ਨੂੰ ਉਜਾੜ ਕੇ ਦਮ ਲੈਣਾ। ਪੰਜਾਬ ਦੇ ਸੋਨੇ ਵਰਗੇ ਬੰਦੇ, ਅਪਣੇ ਬੰਦਿਆਂ ਤੋਂ ਮਰਵਾਈ ਜਾਂਦਾ ਆ। ਅਸਲ ਵਿਚ ਸੈਂਟਰ ਸਾਨੂੰ ਖ਼ਤਮ ਕਰਨਾ ਚਾਹੁੰਦਾ।" ਦਿੱਲੀ ਤੋਂ ਉਜੜ ਕੇ ਇਕ ਸਿੱਖ ਟੱਬਰ ਸਾਡੇ ਪਿੰਡ ਆ ਗਿਆ। ਇਨ੍ਹਾਂ ਨੇ ਉਸ ਸਿੱਖ ਪਰਿਵਾਰ ਨੂੰ ਸਾਂਭਿਆ। ਹੋਕਾ ਦੇ ਕੇ ਪਿੰਡ ਦੇ ਲੋਕ ਇਕੱਠੇ ਕੀਤੇ। ਉਨ੍ਹਾਂ ਨੂੰ ਕਿਹਾ ਕਿ ਇਨ੍ਹਾਂ ਦੀ ਮਦਦ ਕਰੋ। ਘਰ-ਘਰ ਜਾ ਕੇ ਸਮਾਨ ਇਕੱਠਾ ਕਰ ਕੇ ਉਨ੍ਹਾਂ ਨੂੰ ਦਿੱਤਾ। ਫਿਰ ਕਹਿਣ, "ਜੇ ਸਿੱਖ ਵਿਰੋਧੀ ਦੰਗਿਆਂ ਦਾ ਕੋਈ ਬੱਚਾ ਯਤੀਮ ਹੋ ਗਿਆ ਹੋਵੇ, ਉਹ



ਸਾਨੂੰ ਲਿਆ ਦਿਓ। ਪਾਲ ਲਵਾਂਗੇ।" ਇਹ ਤਿੰਨ ਤਾਂ ਬਹੁਤ ਵੱਡੀਆਂ ਘਟਨਾਵਾਂ ਸਨ ਉਨ੍ਹਾਂ ਲਈ। ਉਹ ਤਾਂ ਮਾੜੀ ਜਿਹੀ ਗੱਲ ਦਿਲ ਦਿਮਾਗ 'ਤੇ ਬਿਠਾ ਲੈਂਦੇ ਸਨ।

? : ਗੁਰਦੁਆਰਾ ਹਜ਼ੂਰ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ 'ਤੇ ਜਾਣ ਵੇਲੇ ਉਦਾਸੀ ਜੀ ਦੇ ਮਨ ਦੀ ਕੀ ਹਾਲਤ ਸੀ?

ਨਸੀਬ ਕੌਰ : ਉਨ੍ਹਾਂ ਨੂੰ ਅਕਤੂਬਰ 1986 ਵਿਚ ਗੁਰਦੁਆਰਾ ਹਜ਼ੂਰ ਸਾਹਿਬ ਤੋਂ ਚਿੱਠੀ ਆਈ ਸੀ ਕਿ ਉਹ ਸ਼ਹੀਦੀ ਪੁਰਬ 'ਤੇ ਅਪਣੇ ਗੀਤ ਪੇਸ਼ ਕਰਨ। ਉਨ੍ਹਾਂ ਦਿਨਾਂ ਵਿਚ ਉਹ ਉਲਝਣ ਵਿਚ ਸਨ। ਉਨ੍ਹਾਂ ਦਾ ਮਨ ਨਹੀਂ ਸੀ ਟਿਕਦਾ। ਉਹ ਮੌਤ ਦੀਆਂ ਗੱਲਾ ਕਰਦੇ ਰਹਿੰਦੇ ਸਨ। ਉਨ੍ਹਾਂ ਨੇ ਨਾ ਜਾਣ ਦਾ ਫ਼ੈਸਲਾ ਕੀਤਾ ਸੀ। ਫਿਰ ਪਤਾ ਨਹੀਂ, ਕੀ ਮਨ ਵਿਚ ਆਇਆ। ਉਨ੍ਹਾਂ ਨੂੰ ਪੁੱਜਣ ਦੀ ਸਹਿਮਤੀ ਵਾਲੀ ਚਿੱਠੀ ਲਿਖ ਦਿੱਤੀ। ਇਸ ਪਿਛੋਂ ਵੀ ਉਹ ਦੁਬਿਧਾ ਦੇ ਸ਼ਿਕਾਰ ਰਹੇ। ਅਸੀਂ ਬਥੇਰਾ ਕਿਹਾ, "ਭਾਈ ਨਾ ਜਾਹ। ਜੁਆਕਾ ਵੱਲ ਦੇਖ।" ਜਦੋਂ ਹਜ਼ੂਰ ਸਾਹਿਬ ਤੋਂ ਇਕ ਇਸ਼ਤਿਹਾਰ ਆ ਗਿਆ, ਜਿਸ ਵਿਚ ਇਨ੍ਹਾਂ ਦਾ ਨਾਂ ਸ਼ਾਮਲ ਸੀ, ਫਿਰ ਇਨ੍ਹਾਂ ਜਾਣ ਦਾ ਫ਼ੈਸਲਾ ਕਰ ਲਿਆ। ਇਕ ਨਵੰਬਰ ਨੂੰ ਘਰੋਂ ਜਾਣਾ ਸੀ। ਇਕਬਾਲ ਕੋਲੋਂ ਕੇਸ ਧੁਆਏ। ਉਹ ਨਿਖਰੇ ਨਾ। ਫਿਰ ਮੈਂ ਧੋਤੇ ਤਾਂ ਕਹਿਣ ਲੱਗੇ, "ਹੁਣ ਸਿਰ ਹੌਲਾ ਲਗਦੈ।... ਚੱਲ ਆਖ਼ਰੀ ਵਾਰ ਧੋ ਲਏ।" ਇਹ ਗੱਲ ਸੁਣ ਕੇ ਮੈਂ ਤੇ ਇਕਬਾਲ ਰੋਣ ਲੱਗ ਪਈਆਂ। ਮੈਂ ਕਿਹਾ, "ਤੁਸੀਂ ਮੌਤ ਦੀਆਂ ਗੱਲਾਂ ਕਿਉਂ ਕਰਦੇ ਹੋ?" ਪਹਿਲਾਂ ਤਾਂ ਬੋਲੇ ਨਾ ਫਿਰ ਕਹਿਣ ਲੱਗੇ, "ਮੈਂ ਸਫ਼ਰ 'ਤੇ ਚੱਲਿਆਂ ਕੀ ਪਤਾ ਰਾਹ ਵਿਚ...। ਅੱਜਕਲ੍ਹ ਬੰਦੇ ਦਾ ਕੁਝ ਪਤਾ ਲਗਦੈ।" ਪਹਿਲਾਂ ਜਦੋਂ ਉਹ ਜਾਂਦੇ ਸਨ, ਅਸੀਂ ਤਿਆਰ ਕਰਵਾਉਂਦੀਆਂ ਸਾਂ ਪਰ ਉਨ੍ਹਾਂ ਕਦੇ ਇਹੋ ਜਿਹੀ ਗੱਲ ਨਹੀਂ ਸੀ ਕੀਤੀ। ਚੰਗੀਆਂ ਗੱਲਾਂ ਕਰਦੇ ਹੁੰਦੇ ਸਨ- ਹੌਸਲੇ ਭਰੀਆਂ। ਇਨਕਲਾਬ ਦੀਆਂ, ਯੋਧਿਆਂ ਦੀਆਂ, ਪਾਰਟੀ ਦੀਆਂ...। ਜਾਣ ਵੇਲੇ ਬਹੁਤ ਦਸਦੇ ਵੀ ਨਹੀਂ ਸਨ। ਗੁਪਤ ਰਖਦੇ ਸਨ। ਕਨੇਡਾ ਨੂੰ ਜਾਣ ਵੇਲੇ ਲਾਲ ਕਿਲੇ ਦਾ ਦਸ ਕੇ ਦਿੱਲੀ ਗਏ ਸਨ। ਕਨੇਡਾ-ਇੰਗਲੈਂਡ ਦੀਆਂ ਚਿੱਠੀਆਂ ਤੋਂ ਪਤਾ ਲੱਗਾ ਕਿ ਸਾਹਿਬ ਹੁਰੀਂ ਤਾਂ ਵਿਦੇਸ਼ੀ ਟੂਰ 'ਤੇ ਹਨ। ਇਸ ਵਾਰ ਸਾਰੀਆਂ ਗੱਲਾਂ ਮੌਤ ਦੀਆਂ ਕਰਨ। ਮੈਨੂੰ ਕਹਿੰਦੇ, "ਮੇਰਾ ਚਿੱਤ ਕਰਦਾ, ਤੈਨੂੰ ਤੇ ਮੋਹਕਮ ਨੂੰ ਵੀ ਨਾਲ

ਹਜ਼ੂਰ ਸਾਹਿਬ ਲੈ ਜਾਵਾਂ।" ਉਹ ਜੱਕੋ-ਤੱਕੀ ਵਿਚ ਸਨ। ਮੇਰਾ ਦਿਲ ਘਟੀ ਜਾਂਦਾ। ਆਖ਼ਰ ਉਨ੍ਹਾਂ ਤਿਆਰੀ ਕਰ ਹੀ ਲਈ। ਇਕਬਾਲ ਨੂੰ ਕਹਿੰਦੇ, "ਕੁੜੀਏ ਤੂੰ ਰੋਟੀ ਨਾ ਲਾਹੀਂ। ਤੇਰੀ ਮਾਂ ਪਕਾਵੇ। ਕੋਲਿਆਂ ਉਤੇ ਫੁੱਲੀਆਂ ਰੋਟੀਆਂ ਲਾਹ ਕੇ ਦੇ।" ਮਾਹਾਂ ਦੀ ਰਿੱਝੀ ਦਾਲ ਦੇ ਸ਼ੌਕੀਨ ਸਨ। ਹੋਟਲ ਦੀ ਰੋਟੀ ਉਨ੍ਹਾਂ ਦੇ ਅੰਦਰ ਨਹੀਂ ਸੀ ਲੰਘਦੀ। ਇਕਬਾਲ ਨੇ ਕੱਪੜੇ, ਚੱਪਲਾਂ, ਬੁਰਸ਼ ਤੇ ਉਬਲੇ ਹੋਏ ਪਾਣੀ ਦੀ ਬੋਤਲ ਪੈਕ ਕਰ ਦਿੱਤੀ। ਮੂੰਗਫਲੀ ਭੁੰਨ ਕੇ ਪਾਈ। ਵਾਧੂ ਲੂਣ ਦਿੱਤਾ। ਅਸੀਂ ਸਾਰਿਆਂ ਨੇ ਮੀਟ ਖਾਧਾ। ਇਕਬਾਲ ਨੇ ਉਨ੍ਹਾਂ ਲਈ ਕੁਝ ਫੁਲਕੇ ਤੇ ਮੀਟ ਡੱਬੇ ਵਿਚ ਪੈਕ ਕਰ ਕੇ ਬੈਗ ਵਿਚ ਪਾ ਦਿੱਤਾ। ਅੱਗੇ ਵੀ ਹਰ ਸਾਲ ਜਾਂਦੇ ਸਨ। ਇਸੇ ਤਰ੍ਹਾਂ ਜਾਂਦੇ ਸਨ। ਗੁਰਦੁਆਰਾ ਸਾਹਿਬ ਵਿਚ ਜਾਂ ਰਾਹ ਵਿਚ ਉਨ੍ਹਾਂ ਨਾਲ ਕੀ ਵਾਪਰਿਆ, ਪਤਾ ਨਹੀਂ। ਸਭ ਸੁਣੀਆਂ-ਸੁਣਾਈਆਂ ਗੱਲਾਂ ਹਨ। 7 ਨਵੰਬਰ ਸ਼ਾਮ ਨੂੰ ਇਕ ਤਾਰ ਆਈ। ਜਿਸ ਵਿਚ ਲਿਖਿਆ ਹੋਇਆ ਸੀ, "ਸੰਤ ਰਾਮ ਉਦਾਸੀ ਮਾਨਵਾੜਾ (ਮਹਾਂਰਾਸ਼ਟਰ) ਦੇ ਰੇਲਵੇ ਸਟੇਸ਼ਨ 'ਤੇ ਚਲ ਵਸੇ ਹਨ।" ਡਾ. ਬਲਕਾਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਪ੍ਰੋਫ਼ੈਸਰ ਹਜ਼ੂਰ ਸਾਹਿਬ ਤੋਂ ਉਨ੍ਹਾਂ ਦੇ ਨਾਲ ਹੀ ਸੀ। ਉਹ ਲਾਸ਼ ਛੱਡ ਕੇ ਅਪਣੇ ਘਰ ਆ ਗਏ। ਉਨ੍ਹਾਂ ਸਾਨੂੰ ਨਹੀਂ ਦੱਸਿਆ। 8 ਨਵੰਬਰ ਨੂੰ ਲਿਖਾਰੀ ਸਭਾ ਬਰਨਾਲਾ ਦੀ ਮੀਟਿੰਗ ਵਿਚ ਦਸ ਕੇ ਵਾਪਸ ਚਲੇ ਗਏ। ਘੱਟੋ-ਘੱਟ ਸਾਨੂੰ ਸਾਰੀ ਵਿਥਿਆ ਤਾਂ ਸੁਣਾ ਜਾਂਦੇ। ਉਨ੍ਹਾਂ ਦੀ ਲਾਸ਼ ਨੂੰ 'ਲਾਵਾਰਸ' ਕਰਾਰ ਦੇ ਕੇ ਸਸਕਾਰ ਕਰ ਦਿੱਤਾ ਗਿਆ। ਮੇਰਾ ਭਰਾ ਤੇ ਜੇਠ (ਗੁਰਦਾਸ ਸਿੰਘ ਘਾਰੂ) ਹਜ਼ੂਰ ਸਾਹਿਬ ਤੇ ਮਾਨਵਾੜਾ ਗਏ ਸਨ। ਉਹ ਉਥੋਂ ਲਾਸ਼ ਦੀਆਂ ਫ਼ੋਟੋ ਅਤੇ ਬੈਗ ਵਾਲਾ ਸਾਮਾਨ ਲੈ ਕੇ ਆਏ।

? : ਐਡੇ ਵੱਡੇ ਸ਼ਾਇਰ ਦਾ 47 ਸਾਲ ਦੀ ਉਮਰ ਵਿਚ ਹੀ ਇਸ ਧਰਤੀ ਤੋਂ ਤੁਰ ਜਾਣਾ, ਹੌਲਨਾਕ ਘਟਨਾ ਹੈ। ਇਸ ਮੌਤ ਦੇ ਕੀ ਕਾਰਨ ਹੋ ਸਕਦੇ ਹਨ?

ਨਸੀਬ ਕੌਰ : ਮੈਂ ਕੀ ਕਹਿ ਸਕਦੀ ਹਾਂ? ਉਂਝ ਉਨ੍ਹਾਂ ਨੂੰ ਮੌਤ ਬਾਰੇ ਪਤਾ ਲੱਗ ਗਿਆ ਸੀ। ਉਹ ਮੌਤ ਦੀਆਂ ਗੱਲਾਂ ਕਰਦੇ ਸਨ। ਉਂਝ ਪੁਲੀਸ ਤਸ਼ੱਦਦ ਨੇ ਉਨ੍ਹਾਂ ਦੇ ਸਰੀਰ ਵਿਚ ਜਾਨ ਨਹੀਂ ਸੀ ਰਹਿਣ ਦਿੱਤੀ।



ਸਰੀਰ ਵਿਚੋਂ ਖੋਖਲਾ ਸੀ।

? : ਅੰਨ੍ਹੇਵਾਹ ਸ਼ਰਾਬ ਦਾ ਸੇਵਨ ਕਰਨਾ, ਕਬੀਲਦਾਰੀ ਦੀਆਂ ਸਮੱਸਿਆਵਾਂ ਤੇ ਤੁਹਾਡੇ ਵੱਡੇ ਬੇਟੇ ਬੱਲੀ (ਇਕਬਾਲ) ਕਾਰਨ ਤਾਂ ਉਹ ਅਪਸੈੱਟ ਨਹੀਂ ਹੋ ਗਏ ਸਨ? ਆਖ਼ਰ ਪੰਜਾਬ ਦੇ ਲੋਕਾਂ ਵਿਚ ਉਨ੍ਹਾਂ ਦਾ ਵੱਡਾ ਨਾਂ ਸੀ। ਬੱਲੀ ਜੋ ਸਮਾਲਸਰ ਵਿਚ ਕਰ ਰਿਹਾ ਸੀ ਉਹਦੇ ਕਾਰਨ....?

ਨਸੀਬ ਕੌਰ : ਨਹੀਂ! ਇੱਦਾਂ ਦੀ ਕੋਈ ਵੱਡੀ ਗੱਲ ਨਹੀਂ ਸੀ। ਮੇਰਾ ਬੇਟਾ ਬੱਲੀ ਮਾੜਾ ਮੁੰਡਾ ਨਹੀਂ ਸੀ। ਉਹ ਸਾਡੇ ਕਹਿਣੇ ਵਿਚ ਸੀ। ਪਹਿਲਾਂ ਮੇਰੇ ਭਰਾ ਨਾਲ ਕੰਮ ਕਰਦਾ ਸੀ। ਉਥੇ ਉਗੋਕੀ ਰਹਿੰਦਾ ਸੀ। ਫਿਰ ਉਹ ਸਮਾਲਸਰ ਰਹਿਣ ਲੱਗ ਪਿਆ ਸੀ। ਉਹਦੇ ਵਲੋਂ ਕਿਹੜੀ ਪ੍ਰੇਸ਼ਾਨੀ ਹੋਣੀ ਸੀ। ਮੇਰੇ ਮੁਤਾਬਕ ਉਦਾਸੀ ਨੂੰ ਬੱਲੀ ਦੀ ਕੋਈ ਮਾਨਸਿਕ ਪ੍ਰੇਸ਼ਾਨੀ ਨਹੀਂ ਸੀ। ਉਹਨੇ ਵਿਆਹ ਕਰਵਾਉਣ ਦੀ ਚਿੱਠੀ ਪਾ ਦਿੱਤੀ ਸੀ। ਇਸ ਗੱਲ ਨੇ ਜ਼ਰੂਰ ਉਦਾਸੀ ਦੇ ਮਨ 'ਤੇ ਬੋਝ ਪਾਇਆ। ਉਹ ਤਾਂ ਮਾੜੀ ਜਿਹੀ ਗੱਲ ਮਨ 'ਤੇ ਲਾ ਲੈਂਦਾ ਸੀ।

? : ਉਦਾਸੀ ਜੀ ਦੀ ਮੌਤ ਪਿਛੋਂ ਘਰ ਦੀ ਹਾਲਤ ਕੀ ਹੋ ਗਈ ਸੀ? ਫਿਰ ਕਿਵੇਂ ਸੈੱਟ ਹੋਏ?

ਨਸੀਬ ਕੌਰ : ਬੇਟਾ ਜੀ, ਬੰਦਿਆਂ ਤੋਂ ਬਿਨਾਂ ਘਰ ਨਹੀਂ ਚਲਦੇ ਪਰ ਮੈਂ ਚਲਾਇਆ। ਮੁਸੀਬਤਾਂ ਬੜੀਆਂ ਆਈਆਂ। ਸਭ ਕੱਟੀਆਂ। ਉਨ੍ਹਾਂ ਦੀ ਮੌਤ ਤੋਂ ਬਾਅਦ ਕੁੜੀਆਂ ਨੂੰ ਪੜ੍ਹਾਉਣ ਅਤੇ ਘਰ ਚਲਾਉਣ ਦਾ ਮੁੱਦਾ ਉਭਰਿਆ ਸੀ। ਪਾਰਟੀ ਵਾਲਿਆਂ ਨੇ ਇਕ ਕਮੇਟੀ ਬਣਾਈ ਸੀ। ਸਾਡੇ ਰਿਸ਼ਤੇਦਾਰ ਕਮੇਟੀ ਦਾ ਵਿਰੋਧ ਕਰਦੇ ਸਨ ਪਰ ਮੈਂ ਕਮੇਟੀ ਦੇ ਹੱਕ ਵਿਚ ਸੀ। ਉਨ੍ਹਾਂ ਨੇ ਮੈਨੂੰ ਉਦਾਸੀ ਵਾਲੀ ਪੈਨਸ਼ਨ ਲੁਆਈ। ਉਨ੍ਹਾਂ ਦੀ ਜਗ੍ਹਾ ਮੈਨੂੰ ਚਪੜਾਸੀ ਦੀ ਨੌਕਰੀ ਦੁਆਈ। ਬੱਲੀ ਮਾਸਟਰ ਲੱਗ ਗਿਆ ਸੀ। ਬੜੀਆਂ ਔਕੜਾਂ ਆਈਆਂ ਪਰ ਪਾਰਟੀ ਵਾਲਿਆਂ ਤੇ ਉਦਾਸੀ ਦੇ ਮਿੱਤਰਾਂ ਦੀ ਮਦਦ ਨਾਲ ਹੱਲ ਕਰ ਲਈਆਂ। ਬੇਟੇ ਇਕਬਾਲ ਦੀ ਮੌਤ ਨੇ ਕਾਫ਼ੀ ਨਿਰਾਸ਼ ਕੀਤਾ। ਚਲੋ ਮਾੜੇ ਦਿਨ ਵੀ ਲੰਘ ਗਏ। ਵੱਡੀ ਬੇਟੀ ਇਕਬਾਲ ਅਧਿਆਪਕ ਲੱਗ ਗਈ (ਅੱਜ ਕੱਲ੍ਹ ਮੁੱਖ ਅਧਿਆਪਕਾ ਵਜੋਂ ਸੇਵਾ ਨਿਭਾਅ ਰਹੀ ਹੈ)। ਪ੍ਰਿਤਪਾਲ ਤੇ ਕੀਰਤਨ ਫ਼ਾਰਮਾਸਿਸਟ ਤੇ ਨਰਸ ਲੱਗ ਗਈਆਂ ਸਨ। ਫਿਰ ਕੁੜੀਆਂ ਵਿਆਹ ਵੀ ਦਿੱਤੀਆਂ। ਅਪਣੇ

ਘਰ ਸੁੱਖੀ ਵਸਦੀਆਂ ਹਨ। ਛੋਟੀ ਕੀਰਤਨ ਨੂੰ ਪੜ੍ਹਾਉਣ ਤੇ ਨੌਕਰੀ ਲਗਾਉਣ ਵਿਚ ਜੱਸੋਵਾਲ ਸਾਹਿਬ ਦਾ ਵੱਡਾ ਹੱਥ ਹੈ। ਛੋਟਾ ਮੋਹਕਮ ਨੌਕਰੀ ਤੋਂ ਰਹਿ ਗਿਆ। ਉਹ ਅਜੇ ਤਕ ਭਟਕਿਆ ਫਿਰਦੈ। ਹੁਣ ਮੈਂ ਰਿਟਾਇਰ ਹੋ ਚੁੱਕੀ ਹਾਂ। ਬਿਮਾਰੀਆਂ ਨੇ ਵੱਡੇ ਹਮਲੇ ਵਿਢੇ ਹੋਏ ਹਨ। ਦਵਾਈ ਬਹੁਤ ਮਹਿੰਗੀ ਆਉਂਦੀ ਹੈ। ਹੁਣ ਪੈਸਿਆਂ ਦੀ ਥੁੜ੍ਹ ਮਹਿਸੂਸ ਹੁੰਦੀ ਹੈ। ਮੇਰੇ ਘਰ ਦੀ ਕੰਧ ਢਹਿ ਗਈ ਹੈ। ਉਹ ਬਣਾ ਨਹੀਂ ਹੋ ਰਹੀ। ਘਰ ਦਾ ਸਮਾਨ ਚੋਰੀ ਹੋ ਗਿਆ ਉਹ ਵੀ ਲੈਣਾ।

? : ਉਦਾਸੀ ਜੀ ਦੀ ਮੌਤ ਵੇਲੇ (6 ਨਵੰਬਰ 1986) ਉਹ ਕਿਹੜੀ ਪਾਰਟੀ ਵਿਚ ਸਨ? ਜਾਂ ਉਨ੍ਹਾਂ ਦਿਨਾਂ ਵਿਚ ਉਹ ਕਿਹੜੀ ਵਿਚਾਰਧਾਰਾ ਨੂੰ ਮੰਨਣ ਲੱਗ ਪਏ ਸਨ?

ਨਸੀਬ ਕੌਰ : ਉਹ ਨਾ ਅਕਾਲੀ ਬਣੇ, ਨਾ ਖ਼ਾਲਿਸਤਾਨੀ ਤੇ ਨਾ ਕਾਂਗਰਸੀ। ਉਨ੍ਹਾਂ ਨੂੰ ਇਕ ਸਾਜ਼ਸ਼ ਤਹਿਤ ਬਦਨਾਮ ਕੀਤਾ ਜਾ ਰਿਹਾ ਹੈ। ਗ਼ਰੀਬ ਘਰ ਜੰਮੇ ਹੋਣ ਕਾਰਨ ਉਨ੍ਹਾਂ ਨੂੰ ਵਰਤਿਆ ਜਾ ਰਿਹਾ ਹੈ। ਅੰਤ ਤਕ ਉਹ ਨਕਸਲੀ ਵਿਚਾਰਧਾਰਾ ਨਾਲ ਹੀ ਰਹੇ। 1986 ਵਿਚ ਜਦੋਂ ਉਨ੍ਹਾਂ ਦੀ ਮੌਤ ਹੁੰਦੀ ਹੈ, ਉਦੋਂ ਪਾਰਟੀ ਦੇ ਲੋਕ ਅੱਗੇ ਆਉਂਦੇ ਹਨ। ਘਰ ਦੀਆਂ ਜ਼ੁੰਮੇਵਾਰੀਆਂ ਸੰਭਾਲਦੇ ਹਨ। ਜੇ ਉਦਾਸੀ ਥਿੜਕਿਆ ਹੁੰਦਾ, ਕਾਮਰੇਡ ਕਦੇ ਵੀ ਉਹਨੂੰ ਮੂੰਹ ਨਾ ਲਾਉਂਦੇ। ਕਾਮਰੇਡਾਂ ਨੇ ਸਾਡੀ ਵੀ ਮਦਦ ਕੀਤੀ। ਉਨ੍ਹਾਂ ਦਾ ਜਨਮ ਦਿਨ ਤੇ ਬਰਸੀਆਂ ਵੀ ਮਨਾਈਆਂ। ਮੈਂ ਤੈਨੂੰ ਇਕ ਦਿਲਚਸਪ ਗੱਲ ਦਸਦੀ ਹਾਂ। ਉਨ੍ਹਾਂ ਦਿਨਾਂ ਵਿਚ ਪਾਰਟੀ ਵਿਚ ਫੁੱਟਾਂ ਪਈਆਂ। ਕਈ ਕਾਮਰੇਡ ਨਿਰਾਸ਼ ਹੋ ਕੇ ਦੂਜੀਆਂ ਪਾਰਟੀਆਂ ਵੱਲ ਚਲੇ ਗਏ ਜਿਵੇਂ ਕੋਈ ਅਕਾਲੀ ਦਲ ਵੱਲ ਤੁਰ ਗਿਆ, ਕੋਈ ਖ਼ਾਲਿਸਤਾਨੀਆਂ ਨਾਲ ਹਮਦਰਦੀ ਰੱਖਣ ਲੱਗ ਗਿਆ ਜਾਂ ਉਨ੍ਹਾਂ ਦਾ ਸਲਾਹਕਾਰ ਬਣ ਗਿਆ। ਸਾਡੇ ਘਰ ਮੀਟਿੰਗਾਂ ਹੁੰਦੀਆਂ। ਅਜਿਹੇ ਕਾਮਰੇਡਾਂ ਨੂੰ ਉਦਾਸੀ ਬਹੁਤ ਭੰਡਦਾ। ਉਨ੍ਹਾਂ ਬਾਰੇ ਬਹਿਸ ਹੁੰਦੀ। ਉਨ੍ਹਾਂ ਨੂੰ ਖ਼ੂਬ ਨਿੰਦਿਆ ਜਾਂਦਾ। ਉਦਾਸੀ ਆਪਣੇ ਸਾਥੀਆਂ ਨੂੰ ਇਕੋ ਗੱਲ ਕਹਿੰਦੇ, "ਇਕੱਠੇ ਰਵੋ। ਖਿਲਰੋ ਨਾ। ਅਪਣੀ ਲਹਿਰ ਨੂੰ ਤਕੜਾ ਕਰੋ। ਦਿੱਲੀ ਵਿਰੁੱਧ ਜਹਾਦ ਛੇੜੋ। ਨਹੀਂ ਤਾਂ ਤੁਹਾਨੂੰ ਸੈਂਟਰ ਨੇ ਨਿਗਲ ਜਾਣਾ।" ਉਹ ਪਾਰਟੀ ਵਿਚ ਪਈ ਫੁੱਟ ਤੋਂ ਜ਼ਰੂਰ ਨਿਰਾਸ਼ ਸਨ।



? : ਮੈਂ ਤੁਹਾਡੇ ਪਰਿਵਾਰ 'ਚੋਂ ਤੁਹਾਡੀ ਬੇਟੀ ਇਕਬਾਲ ਨੂੰ ਜਾਣਦਾਂ। ਉਹ ਉਦਾਸੀ ਵਾਲੀ ਸੋਚ 'ਤੇ ਖੜ੍ਹੀ ਹੈ। ਇਨਕਲਾਬੀਆਂ ਦੀਆਂ ਜਨਤਕ ਜਥੇਬੰਦੀਆਂ ਵਿਚ ਕੰਮ ਵੀ ਕਰਦੀ ਹੈ। ਤੁਸੀਂ ਜਾਂ ਤੁਹਾਡੇ ਪਰਿਵਾਰ ਦੇ ਬਾਕੀ ਮੈਂਬਰ ਅੱਜ ਕਿਥੇ ਖੜ੍ਹੇ ਹਨ?

ਨਸੀਬ ਕੌਰ : ਦੇਖੋ ਬੇਟਾ ਜੀ, ਬੱਚੇ ਅਪਣੇ ਕੰਮ ਲੱਗੇ ਹੋਏ ਨੇ। ਬੇਟੀਆਂ ਅਪਣੇ ਘਰੀਂ ਵਸਦੀਆਂ ਹਨ। ਬੇਟਾ ਮੋਹਕਮ ਪ੍ਰਾਈਵੇਟ ਨੌਕਰੀ ਕਰਦਾ। ਮੈਂ ਤਾਂ ਘਰੋਂ ਬਾਹਰ ਜਾਣ ਜੋਗੀ ਨਹੀਂ ਰਹੀ। ਅਸੀਂ ਉਦਾਸੀ ਦੀ ਵਿਚਾਰਧਾਰਾ ਤੋਂ ਅੱਡ ਥੋੜ੍ਹਾ ਆਂ? ਉਹ ਮਿਹਨਤੀ ਲੋਕਾਂ ਦਾ ਸ਼ਾਇਰ ਸੀ। ਅਸੀਂ ਅੱਜ ਵੀ ਮਿਹਨਤੀ ਲੋਕਾਂ ਨਾਲ ਖੜ੍ਹੇ ਹਾਂ। ਬਾਕੀ ਉਦਾਸੀ ਦੀ ਪਾਰਟੀ ਨੂੰ ਸਾਡੇ ਮਾਲਵੇ ਵਿਚ ਬਹੁਤ ਵੱਡਾ ਘਾਟਾ ਪਿਆ ਹੈ। ਉਹਦੇ ਸਾਥੀ ਵੀ ਇਸ ਜਹਾਨ ਤੋਂ ਤੁਰ ਗਏ।

***ਮੁਲਾਕਾਤੀ***
***ਅਜਮੇਰ ਸਿੱਧੂ***

•

# ਇਨਕਲਾਬੀ ਵਿਚਾਰਧਾਰਾ ਦੇ ਮੁਦਈ ਮੇਰੇ ਪਾਪਾ ਜੀ

**-ਇਕਬਾਲ ਕੌਰ ਉਦਾਸੀ**

ਜਿਸ ਸਮੇਂ ਪਾਪਾ ਜੀ ਛੋਟੀ ਉਮਰੇ ਹੀ ਗੀਤ, ਕਵਿਤਾ ਲਿਖਦੇ ਤੇ ਗਾਉਂਦੇ ਸੀ ਉਸ ਸਮੇਂ ਸ਼ਾਇਦ ਕਿਸੇ ਨੂੰ ਚਿੱਤ ਚੇਤਾ ਵੀ ਨਾ ਹੋਵੇ ਕਿ ਇਸ ਕਲਮ ਨੇ ਉਸ ਪੱਧਰ ਦੀ ਵਿਚਾਰਧਾਰਾ ਤਕ ਦਾ ਸਫ਼ਰ ਤਹਿ ਕਰ ਲੈਣਾ ਹੈ ਜਿਸ ਨੇ ਸਮਾਜ ਅਤੇ ਸਾਹਿਤਕ, ਕ੍ਰਾਂਤੀਕਾਰੀ, ਜੁਝਾਰੂ ਖੇਤਰ ਅੰਦਰ ਇਕ ਨਾ ਮਿਟਣਯੋਗ ਥਾਂ ਬਣਾ ਲੈਣੀ ਹੈ। ਪਰਿਵਾਰ ਦੇ ਮੁਖੀ ਮੇਰੇ ਦਾਦੇ ਦੀ ਮੌਤ ਤੋਂ ਬਾਅਦ, ਦਾਦੀ ਸਮੇਤ ਤਾਇਆ ਜੀ ਗੁਰਦਾਸ ਸਿੰਘ, ਪ੍ਰਕਾਸ਼ ਸਿੰਘ ਅਤੇ ਭੂਰਾ ਸਿੰਘ ਤੇ ਪਾਪਾ ਜੀ ਦੇ ਨਾਲ ਮੇਰੀਆਂ ਤਿੰਨ ਭੂਆਂ ਸੱਤਿਆ, ਹਰਬੰਸ ਤੇ ਸੁਖਦੇਵ ਤੇ ਚਾਚਾ ਗੁਰਦੇਵ ਸਿੰਘ ਕੋਇਲ (ਜਲੰਧਰ) ਬੜੀ ਸਖ਼ਤ ਮੁਸ਼ੱਕਤ ਤੋਂ ਬਾਅਦ ਪਰਿਵਾਰ ਨੂੰ ਕਬੀਲਦਾਰੀ ਦੇ ਜੰਜਾਲ ਵਿਚੋਂ ਬਾਖ਼ੂਬੀ ਕੱਢ ਲਿਆ। ਦਾਦੇ ਦੀ ਮੌਤ ਤੋਂ ਬਾਅਦ ਦਾਦੀ ਦੇ ਨਾਲ ਬਾਕੀ ਪਰਿਵਾਰਕ ਮੈਂਬਰਾਂ ਨੇ ਵੀ ਮਿਹਨਤ ਮਜ਼ਦੂਰੀ ਕਰਕੇ ਪਰਿਵਾਰ ਨੂੰ ਚਲਾਇਆ। ਦਾਦੀ ਨੇ ਆਪਣੇ ਬੱਚਿਆਂ ਨੂੰ ਮਾਣ-ਸਨਮਾਨ ਨਾਲ ਪਾਲ ਕੇ ਸਮਾਜ ਅੰਦਰ ਹੱਕ-ਸੱਚ ਦੀ ਕਿਰਤ ਕਰਨ ਦਾ ਗਿਆਨ ਦਿੱਤਾ।

ਨਕਸਲਬਾੜੀ ਲਹਿਰ ਦੇ ਸਮੇਂ ਦੌਰਾਨ ਦਾਦੀ ਨੂੰ ਪਾਪਾ ਜੀ ਨਾਲ ਇਹੀ ਗਿਲਾ ਰਹਿੰਦਾ ਕਿ ਉਸ ਤੋਂ ਰੱਬ ਦੀ ਰਜ਼ਾ ਦੇ ਖ਼ਿਲਾਫ਼ ਕੋਈ ਭੁੱਲ ਹੋ ਚੁੱਕੀ ਹੈ ਜਿਸ ਦਾ ਫ਼ਲ ਉਸ ਦੇ ਪੁੱਤਰ (ਪਾਪਾ ਜੀ) ਨੂੰ ਭੋਗਣਾ ਪਿਆ ਹੈ ਜਿਸ ਦੇ ਬਦਲ ਵਜੋਂ ਉਹ ਦਿਨ ਰਾਤ ਪੂਜਾ ਪਾਠ ਵਿਚ ਲੀਨ ਰਹਿੰਦੀ ਤੇ ਹਰ ਸਮੇਂ ਪਾਪਾ ਜੀ ਦੇ ਤੰਦਰੁਸਤੀ/ਚੜ੍ਹਦੀ ਕਲਾ ਦੀ ਸੁੱਖ ਮੰਗਦੀ। ਵੱਡੀ ਭੂਆ ਸੱਤਿਆ ਨਾਲ ਬਚਪਨ ਵਿਚ ਪਾਪਾ ਜੀ ਦਾ ਬਹੁਤ ਗੂੜ੍ਹਾ ਪਿਆਰ ਸੀ। ਭੂਆ ਨੇ ਦੱਸਿਆ ਕਿ ਇਕ ਵਾਰ ਉਨ੍ਹਾਂ (ਪਾਪਾ ਜੀ) ਨੇ ਬੇਬੇ ਨੂੰ ਚਿੱਠੀ ਲਿਖੀ ਜਿਸ ਦੇ ਸ਼ਬਦ ਬਹੁਤ ਸੋਹਣੇ ਸਨ ਜੋ ਭੂਆ ਦੇ ਅੰਤ ਤਕ ਯਾਦ ਸਨ, ਉਹ ਚਿੱਠੀ ਲਿਖਦੇ ਹਨ, "ਮੇਰੀ ਬਹੁਤ ਹੀ ਪਿਆਰੀ ਪਿਆਰੀ ਮਾਂ, ਤੇਰੇ ਪੈਰ ਛੂੰਹਦਾ ਹਾਂ... ਮੈਂ ਤੇਰਾ ਅਹਿਸਾਨ ਕਦੇ ਨਹੀਂ ਭੁੱਲਾਂਗਾ, ਜੇ ਤੂੰ ਕਿਵੇਂ ਨਾ ਕਿਵੇਂ ਕਰਕੇ ਮੇਰੀ ਫ਼ੀਸ ਜੋਗੇ ਪੈਸੇ ਭੇਜ ਦੇਵੇਂ, ਕੋਰਸ ਪੂਰਾ ਹੋਣ 'ਤੇ ਮੈਂ ਕੰਮ ਕਰਕੇ ਵਾਪਸ ਕਰ ਦਿਆਂਗਾ।" ਇਹ ਸੁੰਦਰ ਸ਼ਬਦ ਮੇਰੀ ਭੂਆ ਦੇ ਅੱਜ ਵੀ ਜ਼ੁਬਾਨ 'ਤੇ ਹਨ ਤੇ ਉਹ ਯਾਦ ਕਰਕੇ ਅੱਜ ਵੀ ਰੋਣ ਲੱਗਦੀ ਹੈ ਤੇ ਅੱਗੇ ਦੱਸਦੀ ਹੈ ਕਿ ਚਿੱਠੀ ਮਿਲਣ ਤੋਂ ਬਾਅਦ ਅਸੀਂ ਤਿੰਨੇ ਭੈਣਾਂ ਤੇ ਬੇਬੇ ਨੇ ਮਿਲ ਕੇ ਪਿੰਡ ਦੇ ਸਕੂਲ ਨੂੰ ਲਿੱਪਣ ਦਾ ਠੇਕਾ ਲਿਆ ਤੇ ਫ਼ੀਸ ਜੋਗੇ ਪੈਸੇ



ਦਿਨ ਰਾਤ ਮਿਹਨਤ ਕਰਕੇ ਇਕੱਠੇ ਕੀਤੇ, ਪਿੰਡ ਦੇ ਸਕੂਲ ਦਾ ਅਧਿਆਪਕ ਜਿਸ ਤੋਂ ਬੇਬੇ ਨੇ ਚਿੱਠੀ ਪੜ੍ਹਾਈ ਸੀ ਉਸ ਨੇ ਚਿੱਠੀ ਪੜ੍ਹ ਕੇ ਬੇਬੇ ਨੂੰ ਫ਼ੀਸ ਜੋਗੇ ਪੈਸਿਆਂ ਦਾ ਸਾਧਨ/ਢੰਗ ਦੱਸ ਦਿੱਤਾ ਸੀ। ਮੇਰਾ ਇਹ ਸਭ ਕੁਝ ਦੱਸਣ ਦਾ ਮਕਸਦ ਇਹੋ ਹੀ ਹੈ ਕਿ ਸਮੇਂ ਦੀ ਹਕੂਮਤ ਦੇ ਖ਼ਿਲਾਫ਼ ਲਿਖਦਿਆਂ ਜੇ ਉਨ੍ਹਾਂ ਦੀ ਕਲਮ ਕਿਤੇ ਝੁਕੀ ਨਹੀਂ, ਕੋਈ ਸਮਝੌਤਾ ਨਹੀਂ, ਸਥਾਪਤੀ ਲਈ ਕੋਈ ਜੁਗਾੜਬੰਦੀ ਨਹੀਂ, ਵੱਡੇ ਪੁਰਸਕਾਰ ਪ੍ਰਾਪਤ ਕਰਨ ਲਈ ਕੋਈ ਹੱਥਕੰਡਾ ਨਹੀਂ ਅਪਣਾਇਆ ਤੇ ਇਸ ਦੇ ਪਿੱਛੇ ਇਕੋ ਹੀ ਸਮਝ ਕੰਮ ਕਰਦੀ ਹੈ ਕਿ ਉਨ੍ਹਾਂ ਜੋ ਵੀ ਲਿਖਿਆ ਉਸ ਜਹਾਲਤ ਨੂੰ ਹੰਢਾਇਆ ਵੀ ਹੈ। ਉਨ੍ਹਾਂ ਦੀ ਕਵਿਤਾ ਦੀਆਂ ਦੋ ਲਾਈਨਾਂ ਅਕਸਰ ਹੀ ਜ਼ਿਹਨ ਵਿਚ ਘੁੰਮਦੀਆਂ ਹਨ:

*'ਮੇਰੇ ਕੋਲ ਤਾਂ ਫੇਰ ਵੀ ਗੀਤਾਂ ਦਾ ਸੇਕ ਹੈ,*
*ਆਓ ਇਲਾਜ ਸੋਚੀਏ ਲੋਕਾਂ ਦੀ ਠੰਡ ਦਾ।'*

*'ਚਾਨਣੀਆਂ ਰਾਤਾਂ ਦੀ ਚੁਗਲੀ, ਜਦ ਕੋਈ ਚੁਗਲ ਕਰੇ,*
*ਮੈਂ ਢੱਕੀਆਂ ਦੀ ਓਟ 'ਚ ਬਹਿ ਕੇ ਤੀਰ ਚਲਾਉਂਦਾ ਹਾਂ।*
*ਜਦ ਰੋਟੀ ਤੋਂ ਸੱਖਣੀ ਸੌਂਦੀ ਮਮਤਾ ਪਿਆਰੋ ਦੀ,*
*ਉਸਦੀ ਨੀਂਦਰ 'ਤੇ ਸੂਰਜ ਦਾ ਪਹਿਰਾ ਲਾਉਂਦਾ ਹਾਂ।'*

ਤਾਇਆ ਜੀ ਗੁਰਦਾਸ ਸਿੰਘ ਤੇ ਪ੍ਰਕਾਸ਼ ਸਿੰਘ ਸੀ.ਪੀ.ਆਈ. ਦੇ ਖੇਤ ਮਜ਼ਦੂਰ ਵਰਕਰ ਸਨ ਤੇ ਨਾਮਧਾਰੀ ਲਹਿਰ ਨਾਲ ਵੀ ਜੁੜੇ ਹੋਏ ਸਨ। ਇਸ ਕਰਕੇ ਪਰਿਵਾਰ ਵਿਚੋਂ ਹੀ ਉਨ੍ਹਾਂ ਨੂੰ ਜ਼ਿਆਦਾ ਜੁਝਾਰੂ ਵਿਰਸੇ ਬਾਰੇ ਜਾਣਕਾਰੀ ਮਿਲੀ, ਜੋ ਬਾਅਦ ਵਿਚ 70ਵਿਆਂ ਵਿਚ ਨਕਸਲਬਾੜੀ ਲਹਿਰ ਦਾ ਸਿਰਾ ਹੋ ਨਿਬੜੀ। ਭਰ ਜੁਆਨੀ ਵਿਚ ਕਵਿਤਾ ਦਾ ਜਜ਼ਬਾ ਇੰਨਾ ਸੀ ਕਿ ਉਹ ਹਰ ਗੱਲ ਕਵਿਤਾ ਵਿਚ ਤੁਰੰਤ ਕਹਿ ਦਿੰਦੇ। ਪਾਪਾ ਜੀ ਦੇ ਅਤਿ ਕਰੀਬੀ ਮਿੱਤਰ ਕਾਮਰੇਡ ਬੰਤ ਮਾਣੂੰਕੇ ਨੇ ਦੱਸਿਆ ਕਿ ਇਕ ਵਾਰ ਉਦਾਸੀ ਸਾਨੂੰ ਕਹਿੰਦਾ ਕਿ ਮੈਂ ਵੀਹ ਹਜ਼ਾਰ ਦੇ ਇਕੱਠ ਵਿਚ ਬਿਨਾਂ ਮਾਇਕ ਤੋਂ ਗਾ ਸਕਦਾ ਹਾਂ ਤੇ ਇਹ ਗੱਲ ਅਮਲ ਵਿਚ ਬਹੁਤ ਵਾਰ ਵਾਪਰੀ ਵੀ। ਉਨ੍ਹਾਂ ਦੀ ਕਵਿਤਾ ਨੌਜਵਾਨਾਂ ਨੂੰ ਕ੍ਰਾਂਤੀ ਦੇ ਰਾਹ ਤੋਰਨ ਤੇ ਹਕੂਮਤ ਦੀਆਂ ਨਜ਼ਰਾਂ ਵਿਚ ਬਲਦੀ 'ਤੇ ਤੇਲ ਦਾ ਕੰਮ ਕਰਦੀ ਸੀ। ਉਨ੍ਹਾਂ ਦੀ ਪਹਿਲੀ ਗ੍ਰਿਫ਼ਤਾਰੀ ਤਾਂ ਮੈਨੂੰ ਯਾਦ ਨਹੀਂ ਹੈ, ਪਰ ਪ੍ਰਕਾਸ਼ ਸਿੰਘ ਤਾਇਆ ਜੀ ਦੱਸਦੇ ਹਨ ਕਿ ਕਾਮਰੇਡ ਤੇਜਾ ਸਿੰਘ ਸੁਤੰਤਰ ਨੇ ਡੀ.ਐਸ.ਪੀ. ਸਿਕੰਦਰ ਸਿੰਘ ਨੂੰ ਕਿਹਾ ਕਿ ਇਹ ਬੰਦਾ (ਉਦਾਸੀ) ਮੇਰਾ ਹੈ, ਜੇ ਕੋਈ ਇਸ ਨੂੰ ਹਰਜ-ਮਰਜ ਹੋਗੀ ਤਾਂ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਰਹੀਂ। ਲੱਡਾ ਕੋਠੀ ਦੇ ਇੰਟੈਰੋਗੇਸ਼ਨ ਸੈਂਟਰ ਅੱਗੇ ਜਾ ਕੇ ਮੇਰੀ ਦਾਦੀ ਮਾਂ ਦੀ ਪੁਲਿਸ ਵਾਲਿਆਂ ਨੂੰ ਧਮਕੀ ਕਿ ਜੇ ਮੇਰਾ ਪੁੱਤਰ ਨਾ ਦਿਖਾਇਆ ਤਾਂ ਮੈਂ ਇੱਥੇ ਹੀ ਤੁਹਾਡੇ ਗੇਟ ਨਾਲ ਟੱਕਰਾਂ ਮਾਰ-

ਮਾਰ ਕੇ ਮਰ ਜਾਵਾਂਗੀ। ਨਤੀਜੇ ਵਜੋਂ ਇੰਟੈਰੋਗੇਸ਼ਨ ਸੈਂਟਰ ਤੋਂ ਲਿਆ ਕੇ ਉਨ੍ਹਾਂ ਨੂੰ ਬੇਬੇ ਤੇ ਤਾਇਆ ਜੀ ਨੂੰ ਮਿਲਣ ਦਿੱਤਾ ਗਿਆ। ਤਸ਼ੱਦਦ ਕਾਰਨ ਉਨ੍ਹਾਂ ਦੀ ਹਾਲਤ ਬਹੁਤ ਮਾੜੀ ਸੀ। ਉਨ੍ਹਾਂ ਨੂੰ ਪੁੱਠਾ ਟੰਗਿਆ ਗਿਆ। ਅੰਮ੍ਰਿਤਸਰ ਦੇ ਇੰਟੈਰੋਗੇਸ਼ਨ ਸੈਂਟਰ ਵਿਚ ਲਿਜਾ ਕੇ ਉਨ੍ਹਾਂ ’ਤੇ ਲਗਾਤਾਰ ਤਸ਼ੱਦਦ ਢਾਹਿਆ ਜਾਣ ਲੱਗਾ। ਇਸ ਸਾਰੇ ਵਰਤਾਰੇ ਦਾ ਪਰਿਵਾਰ ’ਤੇ ਅਸਰ ਪੈਣਾ ਕੁਦਰਤੀ ਸੀ। ਪਿੰਡ ਵਿਚ ਕੋਈ ਮੋਟਰਸਾਈਕਲ ਦੀ ਆਵਾਜ਼ ਆਉਂਦੀ ਤਾਂ ਯਕੀਨਨ ਪੁਲਿਸ ਹੀ ਹੁੰਦੀ ਸੀ। ਮੇਰੀ ਮਾਂ ਨੇ ਤਖ਼ਤਿਆਂ ਵਿਚਲੀਆਂ ਝੀਥਾਂ/ਵਿਰਲਾਂ ਨੂੰ ਮਿੱਟੀ, ਗੋਹਾ ਅਤੇ ਕੱਪੜੇ ਫਸਾ ਕੇ ਬੰਦ ਕੀਤਾ ਹੋਇਆ ਸੀ ਤਾਂ ਜੋ ਅੰਦਰ ਦਾ ਚਾਨਣ ਬਾਹਰ ਨਾ ਜਾ ਸਕੇ। ਸਾਨੂੰ ਪੜ੍ਹਦਿਆਂ ਨੂੰ ਲੈਂਪ ਬੁਝਾ ਕੇ ਸੌਂ ਜਾਣ ਲਈ ਕਹਿ ਦਿੰਦੀ, ਕਿਉਂਕਿ ਬਾਹਰ ਚਾਨਣ ਜਾਂਦਾ ਦੇਖ ਕੇ ਅਕਸਰ ਥਾਣੇਦਾਰ ਸਾਡਾ ਕੁੰਡਾ ਖੜਕਾ ਦਿੰਦਾ ਤੇ ਆ ਕੇ ਬੋਲਦਾ, “ਕਿੱਥੇ ਹੈ ਛੋਕਰੀ ਦਾ ਯਾਰ”। ਪੁਲਿਸ ਆ ਕੇ ਘਰ ਦੀਆਂ ਪੇਟੀਆਂ, ਪੜਛੱਤੀਆਂ ਤਕ ਫਰੋਲ ਸੁੱਟਦੀ, ਹੁਣ ਲਗਾਤਾਰ ਇਸ ਵਰਤਾਰੇ ਦੇ ਆਦੀ ਹੋ ਚੁੱਕੇ ਸੀ। ਪੁਲਿਸ ਦੇ ਆਉਣ ’ਤੇ ਡਰਦੇ ਨਹੀਂ ਸੀ ਸਗੋਂ ਮੂਹਰੋਂ ਜਵਾਬ ਸੁਣਾਉਂਦੇ ਸੀ, ਇਕ ਵਾਰ ਸਾਨੂੰ ਪਿੰਡ ਵਿਚੋਂ ਕਿਸੇ ਨੇ ਪੱਠੇ ਮੁੱਲ ਨਾ ਦਿੱਤੇ, ਕਿਉਂਕਿ ਉਨ੍ਹਾਂ ਨੂੰ ਪੁਲਿਸ ਤੰਗ ਕਰਦੀ ਸੀ, ਮੈਂ ਤੇ ਵੀਰ ਬੱਲੀ ਮੱਝਾਂ ਨੂੰ ਪਿੰਡ ਦੀ ਨਿਆਂਈ ਵਿਚ ਚਾਰਨ ਲਈ ਲੈ ਜਾਂਦੇ, ਨਾਲੇ ਕਿਤਾਬਾਂ ਕਾਪੀਆਂ ਨਾਲ ਲੈ ਕੇ ਸਕੂਲ ਦਾ ਕੰਮ ਕਰ ਲੈਂਦੇ। ਇਸੇ ਰਸਤੇ ਹੀ ਸ਼ਹਿਣੇ ਤੋਂ ਪੁਲਿਸ ਆਉਂਦੀ ਸੀ, ਪੁਲਿਸ ਨੂੰ ਸਾਡੇ ਬਾਰੇ ਪਤਾ ਲੱਗ ਗਿਆ। ਉਹ ਸਾਥੋਂ ਪੁੱਛਦੇ, “ਓਏ ਤੁਸੀਂ ਕੀਹਦੇ ਜੁਆਕ ਹੋ!” ਵੀਰ ਨੇ ਜੁਆਬ ਦਿੱਤਾ, “ਸੰਤ ਰਾਮ ਉਦਾਸੀ ਦੇ।” “ਥੋਡਾ ਭਾਪਾ ਘਰੇ ਕਦੋਂ ਆਉਂਦਾ ਏ, ਉਹਦੇ ਨਾਲ ਹੋਰ ਕਿਹੜੇ ਕਿਹੜੇ ਬੰਦੇ ਆਉਂਦੇ ਨੇ” ਸਾਨੂੰ ਸਿਖਾਇਆ ਗਿਆ ਜਵਾਬ “ਸਾਨੂੰ ਤਾਂ ਪਤਾ ਨਹੀਂ” ਅਸੀਂ ਤੁਰੰਤ ਬੋਲ ਦਿੱਤਾ। ਅੱਜ ਵੀ ਮੈਨੂੰ ਉਸ ਖਾਕੀ ਕੱਪੜੇ ਵਾਲੇ ਦਾ ਚਿਹਰਾ ਯਾਦ ਹੈ ਜਿਹਨੇ ਮੋੜਵੇ ਰੂਪ ਵਿਚ ਆਪਣੇ ਨਾਲ ਵਾਲੇ (ਸਾਥੀ) ਨੂੰ ਕਿਹਾ ਸੀ, “ਜੁਆਕ ਵੀ ਉਹਦੇ ਵਾਂਗ ਪੂਰੇ ਹਰਾਮੀ ਨੇ” ਉਲਟੇ ਸਿੱਧੇ ਬਹਾਨੇ ਬਣਾ ਕੇ ਪਾਪਾ ਜੀ ਨੂੰ ਕਿਸੇ ਨਾ ਕਿਸੇ ਝੂਠੇ ਕੇਸ ਵਿਚ ਉਲਝਾ ਲਿਆ ਜਾਂਦਾ। ਕਦੇ ਮੁਅੱਤਲੀ, ਕਦੇ ਬਾਰਡਰ ਏਰੀਏ ਵਿਚ ਬਦਲੀ ਕਰ ਦਿੱਤੀ ਜਾਂਦੀ। ਇਕ ਵਾਰ ਉਨ੍ਹਾਂ ਨੂੰ ਆਫ਼ਰ ਆਈ ਕਿ ਜੇ ਉਸ ਨੂੰ ਲਿਖਣ ਤੇ ਗਾਉਣ ਦਾ ਸ਼ੌਕ ਹੈ ਤਾਂ ਉਹ ਸਰਕਾਰ ਦੇ ਵਿਰੁੱਧ ਲਿਖਣਾ ਛੱਡ ਦੇਵੇ, ਬਦਲ ਵਿਚ ਉਸ ਨੂੰ ਇਕ ਗਾਉਣ ਵਾਲੀ ਦੇ ਨਾਲ-ਨਾਲ ਲੁਧਿਆਣੇ ਵਿਚ ਇਕ ਕੋਠੀ ਵੀ ਦੇ ਦਿੱਤੀ ਜਾਏਗੀ। ਪਰ ਹਕੂਮਤ ਸ਼ਾਇਦ ਇਹ ਨਹੀਂ ਸੀ ਜਾਣਦੀ ਕਿ ਉਦਾਸੀ ਕਿਸ ਮਿੱਟੀ ਤੇ ਕਿਸ ਮਾਂ ਦਾ ਜਨਮਿਆ ਹੈ। ਐਮਰਜੈਂਸੀ ਤੋਂ ਪਹਿਲਾਂ ਪਰਿਵਾਰ ਦੀ ਹਾਲਤ ਇੰਨੀ ਬਦਤਰ ਹੋ ਗਈ ਕਿ ਵਾਰ-ਵਾਰ ਕੇਸ ਪੈਣ ਨਾਲ ਉਨ੍ਹਾਂ ਦੀ ਕੋਈ ਜ਼ਮਾਨਤ ਕਰਵਾਉਣ ਲਈ ਤਿਆਰ ਨਹੀਂ ਸੀ ਹੋ ਰਿਹਾ। ਐਡਵੋਕੇਟ ਕਾ. ਕਿਰਨਜੀਤ ਸਿੰਘ ਸੇਖੋਂ (ਸੰਗਰੂਰ) ਦੇ ਪਿਤਾ ਕਾ. ਗੰਡਾ ਸਿੰਘ (ਐਮ.ਸੀ.ਪੀ.ਆਈ.)



ਨੇ ਜ਼ਮਾਨਤ ਲਈ ਮੇਰੀ ਮਾਂ ਨੂੰ ਸੰਗਰੂਰ ਦਾ ਕੋਈ ਰਾਹ ਪਤਾ ਨਾ ਹੋਣ ਕਾਰਨ ਪਿੰਡੋਂ ਤਾਏ ਸੁਦਾਗਰ ਸਿੰਘ ਤੇ ਬਹਾਦਰ ਸਿੰਘ (ਦੀ ਭੈਣ ਜੋ ਸੰਗਰੂਰ ਵਿਆਹੀ ਸੀ) ਤਾਈ ਹੋਰਾਂ ਨੂੰ ਨਾਲ ਲੈ ਕੇ ਸੰਗਰੂਰ ਕਾ. ਗੰਡਾ ਸਿੰਘ ਨੂੰ ਲੱਭ ਕੇ ਜ਼ਮਾਨਤ ਕਰਵਾਈ। ਇਕ ਹੋਰ ਕੇਸ ਵਿਚ ਸਾਡੇ ਪਿੰਡ ਦੇ ਬਾਣੀਏ ਤਾਇਆ ਬੁੱਧ ਰਾਮ ਨੇ ਉਨ੍ਹਾਂ ਦੀ ਜ਼ਮਾਨਤ ਕਰਵਾਈ, ਫਿਰ ਹੋਰ ਕੇਸ ’ਤੇ ਜਦੋਂ ਮੇਰੀ ਮਾਂ ਫੇਰ ਤਾਏ ਬੁੱਧ ਰਾਮ ਕੋਲ ਜ਼ਮਾਨਤ ਕਰਵਾਉਣ ਲਈ ਗਈ ਤਾਂ ਉਨ੍ਹਾਂ ਕਿਹਾ, “ਭਾਈ ਇਹ ਵਾਰ-ਵਾਰ ਪੁੱਠੇ ਕੰਮ ਕਰਦਾ ਹੈ, ਚੁੱਪ ਕਰਕੇ ਮਾਫ਼ੀ ਮੰਗ ਲਵੇ ਤੇ ਜੁਆਕ ਪਾਲੇ।” ਕੋਈ ਹੀਲਾ ਨਾ ਹੁੰਦਾ ਦੇਖ ਕੇ ਸਾਡੇ ਸ਼ਰੀਕੇ ’ਚੋਂ ਨੇੜਲੇ ਬਾਬਾ ਕਾਹਨ ਸਿੰਘ ਨੇ ਆਪਣੀਆਂ ਭੇਡਾਂ ਵੇਚ ਕੇ ਉਨ੍ਹਾਂ ਦੀ ਜ਼ਮਾਨਤ ਕਰਵਾਈ। ਪੇਸ਼ੀ ’ਤੇ ਗਈ ਮੇਰੀ ਮਾਂ ਅਤੇ ਬਾਬੇ ਕਾਹਨ ਨੂੰ ਭੇਡਾਂ ਵੇਚ ਕੇ ਜ਼ਮਾਨਤ ਕਰਵਾਉਣ ਵਾਲਾ ਫਾਰਮੂਲਾ ਪਾਪਾ ਜੀ ਨੇ ਸਮਝਾ ਦਿੱਤਾ ਸੀ। ਮੈਨੂੰ ਅੱਜ ਵੀ ਉਹ ਸ਼ਬਦ ਯਾਦ ਹਨ, “ਆਪਣੇ ਘਰ ਦੋ ਗਾਡਰਾਂ ਪਈਆਂ ਨੇ। ਇਕ ਮੱਝ ਵੇਚ ਦਿਉ, ਚਾਚਾ ਤੂੰ (ਕਾਹਨ ਸਿੰਘ) ਕੁਝ ਭੇਡਾਂ ਵੇਚ ਦੇ, ਬਾਹਰ ਆ ਕੇ ਮੈਂ ਸਾਰਾ ਹਿਸਾਬ ਕਰ ਦਊਂਗਾ। ਬੱਚਿਆਂ ਦੇ ਸਿਰ ’ਤੇ ਹੱਥ ਰੱਖਿਉ, ਡੋਲਣ ਨਹੀਂ ਦੇਣਾ, ਚਾਚੀ ਨੂੰ ਕਹਿਣਾ ਉਹ ਰਾਤ ਨੂੰ ਨਸੀਬ ਕੌਰ ਕੋਲ ਮੰਜਾ ਡਾਹ ਲਿਆ ਕਰੇ, ਹੌਸਲੇ ’ਚ ਰਹਿਣਾ, ਮੇਰੀ ਰਿਹਾਈ ਜਲਦੀ ਹੀ ਹੋ ਜਾਵੇਗੀ।” ਜੇਲ੍ਹ ਵਿਚ ਉਹ ਸਾਨੂੰ ਬਹੁਤ ਚਿੱਠੀਆਂ ਲਿਖਿਆ ਕਰਦੇ ਸੀ। ਇੰਨੀ ਪਿਆਰੀ ਤੇ ਸੁੰਦਰ ਸ਼ਬਦਾਵਲੀ ਹਮੇਸ਼ਾ ਹੀ ਮੇਰੇ ਦਿਮਾਗ ਵਿਚ ਘੁੰਮਦੀ ਰਹਿੰਦੀ ਸੀ। ਪਰ ਅਫ਼ਸੋਸ ਉਹ ਚਿੱਠੀਆਂ ਪੁਲਿਸ ਤੋਂ ਡਰਦਿਆਂ ਪਹਿਲਾਂ ਲੁਕੋ ਲੁਕੋ ਰੱਖਦੇ ਤੇ ਫਿਰ ਪਾੜ ਦਿੱਤੀਆਂ ਜਾਂਦੀਆਂ ਤਾਂ ਜੋ ਕੋਈ ਵੀ ਗੱਲ ਪੁਲਿਸ ਹੱਥ ਨਾ ਲੱਗ ਜਾਵੇ। ਸਾਨੂੰ ਨਹੀਂ ਸੀ ਪਤਾ ਕਿ ਚਿੱਠੀਆਂ ਕਿੰਨੇ ਅਹਿਮ ਦਸਤਾਵੇਜ਼ ਬਣ ਸਕਦੀਆਂ ਹਨ। ਮੇਰੀ ਮਾਂ ਦੀ ਸਮਝ ਸਾਧਾਰਣ ਪੱਧਰ ਦੀ ਹੋਣ ਕਾਰਨ ਉਹ ਚਿੱਠੀ ਪੜ੍ਹਾਉਣ ਤੋਂ ਬਾਅਦ ਗੁੱਛਾ-ਮੁੱਛਾ ਕਰਕੇ ਲੁਕੋ ਦਿੰਦੀ ਕਿ ਕਿਤੇ ਕਿਸੇ ਕਾਮਰੇਡ ਦਾ ਨਾਮ ਨਾ ਲੀਕ ਹੋ ਜਾਵੇ। ਵਿਦੇਸ਼ਾਂ ਵਿਚੋਂ ਅੰਕਲ ਸੁਰਿੰਦਰ ਧੰਜਲ, ਰਾਜ ਚੌਹਾਨ, ਹਰਿੰਦਰ ਮਾਹਲ ਹੋਰਾਂ ਦੀਆਂ ਚਿੱਠੀਆਂ ਆਉਂਦੀਆਂ ਤੇ ਪਾਪਾ ਜੀ ਵੀ ਉਨ੍ਹਾਂ ਨੂੰ ਬਹੁਤ ਲੰਮੀਆਂ-ਲੰਮੀਆਂ ਚਿੱਠੀਆਂ ਲਿਖਦੇ। ਕਲਕੱਤੇ ਤੋਂ ਹਰਦੇਵ ਗਰੇਵਾਲ ਦੀ ਚਿੱਠੀ ਆਈ, 1984 ਦੇ ਘਟਨਾਕ੍ਰਮ ਤੋਂ ਬਾਅਦ ਉਹ ਲਿਖਦੇ ਹਨ, “ਯਾਰ ਉਦਾਸੀ, ਤੈਨੂੰ ਕੀ ਕਹਾਂ, ਕਿਸੇ ਮਰੇ ਜਿਉਂਦੇ ਦੀ ਸੁੱਖ-ਸਾਂਦ ਤਾਂ ਪੁੱਛ ਲਿਆ ਕਰ, ਬਸ ਮਸਾਂ ਹੀ ਬਚੇ ਹਾਂ, ਬਸ ਤੇਰੇ ਵਰਗੇ ਸੰਤ ਅਤੇ ਰਾਮ ਨੇ ਬਚਾ ਲਿਆ। ਕਲਕੱਤੇ ਜਲਦੀ ਚੱਕਰ ਮਾਰ, ਤੇਰੀ ਭਤੀਜੀ ਤੇ ਭਾਬੀ ਬਹੁਤ ਯਾਦ ਕਰਦੀਆਂ ਨੇ, ਅਸੀਂ ਸਮਾਗਮ ਕਰਵਾਵਾਂਗੇ ਤੇ ਜ਼ਰੂਰ ਆਵੀਂ ਬਹਾਨਾ ਨਹੀਂ ਚੱਲੇਗਾ, ਬੱਚਿਆਂ ਨੂੰ ਪਿਆਰ ਦੇਈਂ ਤੇ ਭਾਬੀ ਜੀ ਨੂੰ ਸਤਿ ਸ੍ਰੀ ਅਕਾਲ ਕਹੀਂ।” ਇਹ ਸਾਰਾ ਕੁਝ ਹੂ-ਬ-ਹੂ ਅੱਜ ਵੀ ਮੈਨੂੰ ਯਾਦ ਹੈ। ਪਰਿਵਾਰਾਂ ਨਾਲ ਕਿੰਨੀ ਸਾਂਝ ਤੇ ਅਪਣੱਤ, ਘਰ ਆਏ ਆਪਣੇ ਸਾਥੀ ਕਾਮਰੇਡਾਂ ਨਾਲ ਕਵਿਤਾ ਦੇ ਨਾਲ-ਨਾਲ ਚੁਟਕਲੇ,

ਸਿਆਸੀ ਵਿਅੰਗ ਤੇ ਖੁੱਲ੍ਹ ਕੇ ਹਾਸਾ ਮਜ਼ਾਕ ਹੁੰਦਾ। ਮੇਰਾ ਨਾਨਕਾ ਪਿੰਡ ਫ਼ਰੀਦਕੋਟ ਜ਼ਿਲ੍ਹੇ ਵਿਚ ਹੋਣ ਕਾਰਨ ਉਹ ਇਸ ਜ਼ਿਲ੍ਹੇ ਦੇ ਸਾਰੇ ਕਾਮਰੇਡਾਂ ਨੂੰ ਅਕਸਰ ਹੀ 'ਸਾਲਾ' ਕਹਿ ਦਿੰਦੇ ਸੀ। ਆਪਣੇ ਅਜੀਜ ਮਿੱਤਰ ਅੰਕਲ ਗੁਰਚਰਨ ਢਿੱਲੋਂ (ਬੈਂਕ ਮੈਨੇਜਰ) ਤੇ ਪਿੰਡ ਨਿਆਮੀ ਵਾਲਾ ਪਰਿਵਾਰ ਨੂੰ ਉਹ ਸਾਥੋਂ ਚਾਚਾ ਹੀ ਕਹਾਉਂਦੇ ਸੀ। ਚਾਚਾ ਮੇਜਰ ਸਿੰਘ ਬਰਾੜ (ਨਿਆਮੀ ਵਾਲਾ) ਤੇ ਗੁਰਮੇਲ ਚਾਚਾ ਪਿੰਡ ਰਾਏਸਰ ਤੋਂ ਸਵੇਰੇ ਤੁਰਨ ਲੱਗੇ ਅਸੀਂ ਪੁੱਛਿਆ, "ਪਾਪਾ ਜੀ ਕਿੱਥੇ ਚੱਲੇ ਹੋ?" ਉਨ੍ਹਾਂ ਦਾ ਜਵਾਬ ਸੀ "ਥੋਡੀ ਗੁੱਡੀ ਭੂਆ ਵਾਸਤੇ ਮੁੰਡਾ ਦੇਖਣ" ਏਨੀ ਅਪਣੱਤ, ਸਾਂਝ ਤੇ ਨੇੜਤਾ ਮੈਨੂੰ ਅੱਜ ਬਹੁਤ ਹੀ ਘਟ ਇਨਕਲਾਬੀ ਕਾਰਕੁੰਨਾਂ ਵਿਚ ਮਹਿਸੂਸ ਹੁੰਦੀ ਹੈ। ਮੇਜਰ ਚਾਚੇ ਦੇ ਘਰ ਆਉਣ 'ਤੇ ਉਹ ਕਹਿੰਦੇ, "ਮੇਜਰਾ ਜਾ ਕੇ ਆਪਣੀ ਭਾਬੀ ਨਾਲ ਬਰਨਾਲੇ ਤੋਂ ਰਾਸ਼ਨ ਲੈ ਆਇਉ, ਨਾਲ ਵੱਡੀ ਕੁੜੀ ਨੂੰ ਵੀ ਲੈ ਜਾਣਾ, ਇਹਨੇ ਕਿਤਾਬਾਂ ਲੈਣੀਆਂ ਨੇ।" ਸੱਚਮੁਚ ਮੈਂ, ਮੇਰੀ ਮਾਂ ਤੇ ਮੇਜਰ ਚਾਚਾ ਸ਼ਾਮ ਨੂੰ ਬਰਨਾਲੇ ਤੋਂ ਸਾਮਾਨ ਲੈ ਕੇ ਘਰ ਵਾਪਸ ਮੁੜੇ। ਪਿੰਡ ਵਿਚਲੇ ਉਨ੍ਹਾਂ ਦੇ ਸਾਥੀ ਚਾਚਾ ਹਰਜੀਤ, ਗੁਰਜੀਤ, ਤਾਇਆ ਹਮੀਰ ਸਿੰਘ, ਕਰਨੈਲ ਕੈਲਾ, ਜਗਦੀਸ਼ ਸਰਪੰਚ (ਮਾਂਧਾ) ਅਤਿ ਨੇੜਲੇ ਸਨ। ਉਹ ਹਰਜੀਤ ਚਾਚੇ ਨੂੰ ਕਹਿੰਦੇ, "ਹਰਜੀਤ ਅੱਜ ਛੁੱਟੀ ਹੈ ਆਪਾਂ ਖੇਤ ਚੱਲਦੇ ਹਾਂ ਨਾਲੇ ਮੈਂ ਕਵਿਤਾ ਪੂਰੀ ਕਰ ਲਵਾਂਗਾ।" ਇਲਾਕੇ ਦਾ ਸ਼ਾਇਦ ਹੀ ਕੋਈ ਪਿੰਡ ਹੋਵੇ ਜਿਥੇ ਉਨ੍ਹਾਂ ਦੇ ਜਾਣ-ਪਹਿਚਾਣ ਨਾ ਹੋਵੇ। ਭੋਤਨਾ ਪਿੰਡ ਦੇ ਨਜ਼ਦੀਕੀ ਪਰਿਵਾਰ ਹਰਭਜਨ ਸਿੰਘ ਸਰਪੰਚ ਭੋਤਨਾ ਦਾ ਕਹਿਣਾ ਹੈ ਕਿ ਜਦੋਂ ਉਦਾਸੀ ਨੇ ਗੀਤ ਲਿਖਿਆ ਸੀ, *"ਗਲ ਲੱਗ ਕੇ ਸੀਰੀ ਦੇ ਜੱਟ ਰੋਵੇ, ਬੋਹਲਾਂ ਵਿਚੋਂ ਨੀਰ ਵੱਗਿਆ, ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ ਤੂੜੀ ਵਿਚੋਂ ਪੁੱਜ ਜੱਗਿਆ"* ਤਾਂ ਉਸ ਸਮੇਂ ਉਹ ਪਿੰਡ ਦੇ ਇਸ ਜਗਦੀਸ਼ ਸਰਪੰਚ (ਮਾਂਧਾ) ਸੀ.ਪੀ.ਐਮ. ਦੇ ਖੇਤ ਵਿਚ ਬੈਠੇ ਸਨ ਤੇ ਜੱਗਾ ਉਨ੍ਹਾਂ ਦੇ ਵੱਡੇ ਪੁੱਤਰ ਦਾ ਨਾਮ ਹੈ। ਭੋਤਨਾ ਤੇ ਰਾਏਸਰ ਦੇ ਖੇਤ ਸਾਂਝੇ ਸਨ ਜਿਸ ਕਾਰਨ ਅਕਸਰ ਹੀ ਖੇਤ ਵਿਚ ਇਕੱਠੇ ਹੋਣ ਦਾ ਮੌਕਾ ਉਨ੍ਹਾਂ ਨੂੰ ਮਿਲ ਜਾਂਦਾ। ਉਨ੍ਹਾਂ ਇਕ ਵਾਰ ਸਾਨੂੰ ਫ਼ੈਸਲਾ ਸੁਣਾ ਦਿੱਤਾ ਕਿ ਮੈਂ ਹੁਣ ਮੋਟਰ ਸਾਈਕਲ (ਰਾਜਦੂਤ) ਨਹੀਂ ਚਲਾਉਣਾ। ਸਿਰਫ਼ ਸਾਈਕਲ ਹੀ ਚਲਾਉਣਾ ਹੈ। ਇਸ ਫ਼ੈਸਲੇ ਦੇ ਪਿੱਛੇ ਉਨ੍ਹਾਂ ਸਾਨੂੰ ਤਰਕ ਦਿੱਤਾ ਕਿ ਮੋਟਰਸਾਈਕਲ 'ਤੇ ਜਾਂਦਿਆਂ ਮੈਂ ਕਵਿਤਾ ਨਹੀਂ ਲਿਖ ਸਕਦਾ। ਸਾਈਕਲ ਤੇ ਜਦੋਂ ਮੈਂ ਲੋਕਾਂ ਨੂੰ ਖੇਤਾਂ, ਰਸਤਿਆਂ ਵਿਚ ਮਿਹਨਤ ਕਰਦੇ ਵੇਖਦਾ ਹਾਂ ਤਾਂ ਮੈਨੂੰ ਜੋ ਵੀ ਮਹਿਸੂਸ ਹੁੰਦਾ ਹੈ ਉਹ ਹੀ ਲਿਖ ਦਿੰਦਾ ਹਾਂ। ਉਨ੍ਹਾਂ ਦੀ ਖੁੱਲ੍ਹੀ ਕਵਿਤਾ, "ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ, ਮੇਰੀ ਕਵਿਤਾ ਉਨ੍ਹਾਂ ਤੋਂ ਕਿੰਨੀ ਦੂਰ ਹੈ ਜਿਨ੍ਹਾਂ ਲਈ ਇਹ ਲਿਖੀ ਗਈ ਹੈ।" ਸਾਈਕਲ 'ਤੇ ਜਾਂਦਿਆਂ ਹੀ ਲਿਖੀ ਗਈ ਸੀ। ਕਵਿਤਾ ਲਿਖ ਕੇ ਉਹ ਭੋਤਨਿਆਂ ਵਾਲੇ ਪਰਿਵਾਰ ਹਰਭਜਨ ਸਿੰਘ, ਕੌਰ ਸਿੰਘ ਸੇਖੋਂ, ਮਾਸਟਰ ਜਸਵੰਤ ਭੋਤਨਾ, ਜਰਨੈਲ ਅੱਚਰਵਾਲ, ਬੰਤ ਮਾਣੂੰਕੇ, ਜਸਵਿੰਦਰ (ਗ਼ਜ਼ਲਗੋ) ਸਮੇਤ ਹੋਰਨਾਂ ਨੇੜਲੇ ਸਾਥੀਆਂ ਨੂੰ ਸੁਣਾਉਂਦੇ। ਵਰ ਕਿ ਸਰਾਪ ਨਾਂ ਦੀ



ਕਵਿਤਾ ਸਮੇਂ ਉਹ ਘਰ ਵਿਚ ਆਏ ਕਾ. ਹਾਕਮ ਸਮਾਉਂ ਅਤੇ ਬੰਤ ਮਾਣੂੰਕੇ ਦੀ ਹਾਜ਼ਰੀ ਵਿਚ ਕਵਿਤਾ ਪੜ੍ਹ ਪੜ੍ਹ ਖੁੱਲ੍ਹ ਕੇ ਹੱਸਦੇ ਤੇ ਸਿਆਸੀ ਵਿਅੰਗ ਆਪਸ ਵਿਚ ਕਰਦੇ ਰਹੇ। ਕਿਸਾਨ ਆਗੂ ਕਾ. ਹਰਦੇਵ ਸੰਧੂ ਹੋਰਾਂ ਨੂੰ ਉਹ ਆਪਣੇ ਪਰਿਵਾਰਕ ਮੈਂਬਰ ਸਮਝਦੇ। ਘਰ ਪਾਉਣ ਵੇਲੇ (ਮੌਜੂਦਾ ਘਰ) ਉਨ੍ਹਾਂ ਦੇ ਸਾਥੀਆਂ, ਕਾਮਰੇਡਾਂ ਨੇ ਪੂਰੀ ਮਦਦ ਕੀਤੀ, ਇੱਟਾਂ ਸੀਮਿੰਟ ਤੇ ਲੋਹੇ ਤੋਂ ਲੈ ਕੇ ਕਾਮਰੇਡ ਸੰਧੂ ਤਿੰਨ-ਤਿੰਨ ਟਰੈਕਟਰ ਲੈ ਕੇ ਘਰ ਵਿਚ ਭਰਤ ਵੀ ਪਾ ਕੇ ਗਏ। ਆਪਣੇ ਘਰ ਵਿਚ ਆਏ ਸਾਥੀਆਂ ਨੂੰ ਦੇਖ ਕੇ ਉਨ੍ਹਾਂ ਨੂੰ ਵਿਆਹ ਵਰਗਾ ਚਾਅ ਚੜ੍ਹ ਜਾਂਦਾ ਸੀ। ਕਾ. ਮਦਨ ਪਾਲ ਭਗਤਾ (ਡੀ.ਟੀ.ਐਫ.) ਦੀ ਪਤਨੀ ਚਰਨਜੀਤ ਆਂਟੀ ਦੇ ਨਾਲ ਘਰ ਆਈ ਤਾਂ ਉਹ ਮੇਰੀ ਮਾਂ ਨੂੰ ਕਹਿਣ ਲੱਗੇ, "ਕਾਮਰੇਡਣੀਏ, ਅੱਜ ਵਧੀਆ ਜਿਹੀ ਸਬਜ਼ੀ ਬਣਾਈਂ ਸ਼ਾਹਾਂ ਦੀ ਨੂੰਹ ਆਪਣੇ ਘਰ ਆਈ ਹੈ, ਚਰਨਜੀਤ ਤਾਂ ਮੇਰੀ ਆਪਣੀ ਧੀ ਹੈ।" ਸ਼ਾਇਦ ਇਹੀ ਵਿਚਾਰਧਾਰਕ ਸਾਂਝ ਤੇ ਅਪਣੱਤ ਹੀ ਸੀ, ਜਿਸ ਨੇ ਪਰਿਵਾਰ ਦੀਆਂ ਅਤਿ ਮੰਦੀਆਂ ਹਾਲਤਾਂ ਵਿਚ ਮਦਦ ਜਾਰੀ ਰੱਖੀ। ਪਾਰਟੀ ਵਲੋਂ ਫੰਡ/ਪੈਸਾ ਅਤੇ ਰਾਸ਼ਨ ਇਕੱਠਾ ਕਰਕੇ ਭੇਜ ਦਿੱਤਾ ਜਾਂਦਾ। ਪਿੰਡ ਅੱਚਰਵਾਲ ਦੇ ਪਰਿਵਾਰਾਂ ਸਮੇਤ ਹਰਬੰਤ ਫੇਰੂਰਾਂਈ ਹੋਰਾਂ ਦਾ ਵਿਸ਼ੇਸ਼ ਯੋਗਦਾਨ ਸੀ। ਉਨ੍ਹਾਂ ਦੇ ਸਾਥੀ ਕਾਮਰੇਡ ਪਰਿਵਾਰ ਦੀ ਮਦਦ ਦੇ ਨਾਲ-ਨਾਂਲ ਘਰ ਸੁੱਖ-ਸਾਂਦ ਲਈ ਆਉਂਦੇ ਜਾਂਦੇ ਰਹਿੰਦੇ।

ਪਾਪਾ ਜੀ ਦੇ ਜੁਆਨੀ ਵੇਲੇ ਦੇ ਅਤਿ ਨੇੜਲੇ ਮਿੱਤਰ ਚਾਚਾ ਸੁਰਜੀਤ ਦਿਹੜ (ਠੀਕਰੀਵਾਲ) ਦੱਸਦੇ ਹਨ ਕਿ ਇਕ ਵਾਰ ਮੇਰੇ ਕੋਲ ਜੇ.ਬੀ.ਟੀ. ਦੀ ਟਰੇਨਿੰਗ ਵਿਚ ਫੀਸ ਭਰਨ ਲਈ ਪੈਸਾ ਨਹੀਂ ਸੀ, ਉਦਾਸੀ ਵੀ ਉਦੋਂ ਨਵਾਂ-ਨਵਾਂ ਮਾਸਟਰ ਲੱਗਿਆ ਸੀ। ਮੈਂ ਆਪਣੀ ਸਮੱਸਿਆ ਉਦਾਸੀ ਨੂੰ ਦੱਸੀ ਤਾਂ ਉਹ ਕਹਿਣ ਲੱਗਾ, "ਸੁਰਜੀਤ, ਮੇਰੇ ਕੋਲ ਘੜੀ ਹੈ ਤੂੰ ਇਹ ਲੈ ਜਾ, ਇਸ ਨੂੰ ਗਹਿਣੇ ਧਰੀਂ ਜਾਂ ਵੇਚ ਦੇਵੀਂ, ਪੈਸੇ ਤਾਂ ਹੈ ਨਹੀਂ ਪਰ ਤੂੰ ਫ਼ੀਸ ਜ਼ਰੂਰ ਭਰ ਦੇਵੀਂ।" ਦਿਹੜ ਚਾਚਾ ਜੀ 58ਵੇਂ ਸਾਲ ਨੌਕਰੀ (ਅਧਿਆਪਕ) ਪੂਰੀ ਕਰਕੇ ਰਿਟਾਇਰ ਹੋ ਚੁੱਕੇ ਹਨ, ਉਹ ਅੱਜ ਵੀ ਇਸ ਘਟਨਾ ਨੂੰ ਯਾਦ ਕਰਕੇ ਰੋ ਪੈਂਦੇ ਹਨ ਕਿ ਉਦਾਸੀ ਨੇ ਆਪਣੀ ਗੁੱਟ ਤੋਂ ਘੜੀ ਉਤਾਰ ਕੇ ਮੈਨੂੰ ਫ਼ੀਸ ਭਰਨ ਲਈ ਦਿੱਤੀ ਸੀ। ਘਰ ਵਿਚ ਆਉਂਦੇ ਮੈਗਜ਼ੀਨਾਂ, ਰਸਾਲਿਆਂ ਦਾ ਕੋਈ ਅੰਤ ਨਹੀਂ ਸੀ। ਜਿੰਨੀ ਡਾਕ ਸਾਰੇ ਪਿੰਡ ਨੂੰ ਆਉਂਦੀ ਸੀ ਓਨੀ ਇਕੱਲੀ ਪਾਪਾ ਜੀ ਦੇ ਨਾਮ 'ਤੇ ਆਉਂਦੀ। ਸੋਵੀਅਤ ਰੂਸ, ਅਣੂ, ਜੈਕਾਰਾ, ਵਤਨੋਂ ਦੂਰ, ਸੁਰਖ ਰੇਖਾ, ਸੁਰਖ ਲੀਹ, ਸਮਤਾ ਤੇ ਹੋਰ ਪਤਾ ਨਹੀਂ ਅਣਗਿਣਤ ਸਾਹਿਤਕ ਮੈਗਜ਼ੀਨ ਆਉਂਦੇ। ਨਕਸਲੀ ਲਹਿਰ ਦੇ ਪੂਰੇ ਜਲੌਅ ਦੇ ਨਾਲ-ਨਾਲ ਪਾਪਾ ਜੀ ਦੇ ਨਾਮ ਦੀ ਚਰਚਾ ਹਰ ਖੇਤਰ ਵਿਚ ਸੀ। ਭਾਰਤ ਦੀ ਸੈਰ ਕਰਨ ਆਏ ਇਕ ਵਿਦੇਸ਼ੀ ਜੋੜੇ ਨੇ ਪੰਜਾਬ ਦੀ ਇਸ ਲਹਿਰ ਬਾਰੇ ਜਾਣਨਾ ਚਾਹਿਆ ਤਾਂ ਪਾਪਾ ਜੀ ਦਾ ਨਾਮ ਆ ਗਿਆ। ਉਨ੍ਹਾਂ ਪ੍ਰੋਫ਼ੈਸਰ ਪ੍ਰੀਤਮ ਰਾਹੀ (ਬਰਨਾਲਾ) ਦੀ ਦੁਕਾਨ 'ਤੇ ਸੁਨੇਹਾ ਲਾ ਕੇ ਉਨ੍ਹਾਂ ਨੂੰ (ਪਾਪਾ ਜੀ) ਮਿਲਣ ਦੀ ਇੱਛਾ ਕੀਤੀ। ਰਾਹੀ ਅੰਕਲ ਹੋਰਾਂ ਨੇ ਪਾਪਾ

ਜੀ ਨੂੰ ਸੁਨੇਹਾ ਦੇ ਕੇ ਬਰਨਾਲੇ ਬੁਲਾ ਲਿਆ। ਇਨਕਲਾਬੀ ਕਵੀ ਓਮ ਪ੍ਰਕਾਸ਼ ਕੁੱਸਾ ਵੀ ਉਨ੍ਹਾਂ ਦੇ ਨਾਲ ਸੀ, ਦੋਵੇਂ ਜਾ ਕੇ ਵਿਦੇਸ਼ੀ ਜੋੜੀ ਨੂੰ ਪਿੰਡ ਰਾਏਸਰ ਲੈ ਗਏ। ਉਨ੍ਹਾਂ ਗੀਤਾਂ ਦੀ ਰਿਕਾਡਿੰਗ ਕੀਤੀ। ਓਮ ਪ੍ਰਕਾਸ਼ ਕੁੱਸਾ ਦੋਵੇ ਧਿਰਾਂ ਦੀ ਆਪਸੀ ਗੱਲਬਾਤ ਨੂੰ ਅੰਗਰੇਜ਼ੀ ਵਿਚ ਸਮਝਾ ਰਹੇ ਸੀ। ਵਿਦੇਸ਼ੀ ਜੋੜੇ ਨੂੰ ਦੇਖਣ ਲਈ ਸਾਰਾ ਪਿੰਡ ਮੇਲੇ ਵਾਂਗ ਇਕੱਠਾ ਹੋ ਗਿਆ। ਉਹ ਵਾਰ-ਵਾਰ ਪਾਪਾ ਜੀ ਦੀਆਂ ਫ਼ੋਟੋਆਂ ਤੇ ਰਿਕਾਡਿੰਗ ਕਰ ਰਹੇ ਸਨ। ਲਹਿਰ ਨਾਲ ਜੁੜੀਆਂ ਗੱਲਾਂ, ਘਟਨਾਵਾਂ ਤੇ ਪੁਲਿਸ ਤਸ਼ੱਦਦ ਬਾਰੇ ਜਾਣਕਾਰੀ ਲੈ ਰਹੇ ਸੀ। ਬਾਅਦ ਵਿਚ ਪਤਾ ਲੱਗਾ ਕਿ ਇਹ ਵਿਦੇਸ਼ੀ ਜੋੜਾ ਇਕ ਜਮਹੂਰੀ ਸੰਗਠਨ ਦਾ ਆਗੂ ਹੈ ਤੇ ਪੰਜਾਬ ਅੰਦਰ ਚਲ ਰਹੀ ਨਕਸਲੀ ਲਹਿਰ ਬਾਰੇ ਜਾਣਕਾਰੀ ਇਕੱਠੀ ਕਰਨ ਆਇਆ ਸੀ। ਅਤਿਅੰਤ ਮਜ਼ਬੂਰੀਆਂ, ਤੁਰੀਆਂ, ਤੋਸੀਆਂ, ਪੁਲਿਸ/ਸਰਕਾਰੀ ਜਬਰ ਦੇ ਚਲਦਿਆਂ ਮੈਂ ਉਨ੍ਹਾਂ ਨੂੰ ਕਦੇ ਵੀ ਨਿਰਾਸ਼ ਨਹੀਂ ਸੀ ਦੇਖਿਆ। ਘਰ ਦਾ ਖ਼ਰਚ ਤੇ ਸਾਡੀਆਂ ਫ਼ੀਸਾਂ ਦੇ ਪ੍ਰਬੰਧ ਵੀ ਉਨ੍ਹਾਂ ਦੇ ਸਾਥੀ/ਕਾਮਰੇਡ ਕਰ ਦਿੰਦੇ ਸੀ। ਆਪਣੇ ਨੇੜਲੇ ਸਾਥੀਆਂ ਨਾਲ ਉਹ ਆਪਣੀਆਂ ਸਾਰੀਆਂ ਸਮੱਸਿਆਵਾਂ ਸਾਂਝੀਆਂ ਕਰ ਲੈਂਦੇ ਸੀ। ਪਾਰਟੀ ਅੰਦਰ ਚਲ ਰਹੀ ਟੁੱਟ-ਭੱਜ ਤੋਂ ਉਹ ਦੁਖੀ ਸਨ।

ਇਕ ਵਾਰ ਉਹ ਸ਼ਹੀਦ ਚਰਨ ਮਾਣੂੰਕੇ ਦੀ ਬਰਸੀ 'ਤੇ ਬੀਬੀ (ਚਰਨ ਚਾਣੂੰਕੇ ਦੀ ਮਾਤਾ) ਨੂੰ ਕਹਿ ਰਹੇ ਸੀ, "ਬੀਬੀ ਚਰਨੇ ਹੋਰਾਂ ਦੇ ਸ਼ਹੀਦ ਹੋਣ 'ਤੇ ਉੱਨਾ ਦੁੱਖ ਨਹੀਂ ਸੀ ਹੋਇਆ ਜਿੰਨਾ ਹੁਣ ਹੈ" ਤੇ ਬੀਬੀ ਬੇਡੋਲ ਹੋ ਕੇ ਅੱਗੋਂ ਜਵਾਬ ਦਿੰਦੀ ਹੈ, "ਉਦਾਸੀ ਤੂੰ ਐਵੇਂ ਨਾ ਢਿੱਲੀਆਂ ਗੱਲਾਂ ਕਰ। ਸਭ ਕੁਝ ਠੀਕ ਹੋ ਜੂ।" ਹਰ ਖ਼ੁਸ਼ੀ/ਵਿਆਹ ਸ਼ਾਦੀ ਦੇ ਸਮੇਂ ਅੰਦਰ ਉਨ੍ਹਾਂ ਦੇ ਸਾਥੀ ਸੁਣਨ ਲਈ ਉਤਾਵਲੇ ਰਹਿੰਦੇ। ਉਨ੍ਹਾਂ ਦੇ ਮਿੱਤਰ ਦੀ ਲਿਖੀ ਚਿੱਠੀ ਅੱਜ ਵੀ ਮੈਨੂੰ ਯਾਦ ਹੈ, "ਉਦਾਸੀ ਤੂੰ ਵਿਆਹ ਜ਼ਰੂਰ ਪਹੁੰਚਣਾ ਹੈ, ਭਾਵੇਂ ਮੁੰਡੇ ਵਾਲਿਆਂ ਨੇ ਸਦੀਕ (ਗਾਉਣ ਵਾਲਾ) ਲਾਉਣਾ ਹੈ ਪਰ ਅਸੀਂ ਤਾਂ ਉਦਾਸੀ ਹੀ ਸੁਣਨਾ ਹੈ।" ਅਤਰਜੀਤ ਕਹਾਣੀਕਾਰ (ਬਠਿੰਡਾ) ਦੀ ਭੈਣ ਦੇ ਵਿਆਹ 'ਤੇ ਉਹ ਸਰਦਲ ਰਸਾਲੇ ਦਾ ਅੰਕ ਦੇ ਕੇ ਲਾੜੇ-ਲਾੜੀ ਨੂੰ ਅਸ਼ੀਰਵਾਦ ਦੇ ਰਹੇ ਹਨ। ਇਸ ਮੌਕੇ ਦੀ ਫ਼ੋਟੋ ਸਾਡੇ ਤੋਂ ਇਕ ਪ੍ਰੈਸ ਵਾਲਾ ਲੈ ਗਿਆ ਜਿਸ ਨੇ ਫ਼ੋਟੋ ਹੀ ਗੁਆ ਦਿੱਤੀ। ਉਨ੍ਹਾਂ ਦੀਆਂ ਢੇਰ ਕਿਤਾਬਾਂ, ਮੈਗਜ਼ੀਨ, ਰਸਾਲੇ, ਫ਼ੋਟੋਆਂ ਤੇ ਨਿੱਜੀ ਡਾਇਰੀ ਵੀ ਜ਼ਿੰਮੇਵਾਰ ਸਾਥੀਆਂ ਤੋਂ ਵਾਪਸ ਨਹੀਂ ਮਿਲੀ। ਇਸ ਸਭ ਘਟਨਾਕ੍ਰਮ ਦੇ ਬਾਵਜੂਦ ਵੀ ਉਨ੍ਹਾਂ ਦੀ ਲਿਖਤ/ਵਿਚਾਰਧਾਰਾ ਨੂੰ ਏਨੀ ਪ੍ਰਮਾਣਿਕਤਾ ਅਤੇ ਪ੍ਰਸੰਗਤਾ ਹੈ ਕਿ ਅੱਜ ਵੀ ਕੋਈ ਅਜਿਹਾ ਸਮਾਗਮ ਅਗਾਂਹਵਧੂ ਸਮਾਗਮ ਨਹੀਂ ਹੁੰਦਾ ਜਿਥੇ ਉਨ੍ਹਾਂ ਦੇ ਗੀਤ/ਕਵਿਤਾ ਨਾ ਬੋਲੇ ਜਾਂਦੇ ਹੋਣ। ਲਹਿਰ ਵੇਲੇ ਉਨ੍ਹਾਂ ਦੇ ਨਾਲ ਰਹੀਆਂ ਸਰਗਰਮ ਕੁੜੀਆਂ ਨਾਲ ਮਿਲਣ ਦਾ ਮੌਕਾ ਮੈਨੂੰ ਅਕਸਰ ਹੀ ਮਿਲਦਾ ਰਹਿੰਦਾ ਸੀ। ਪਾਪਾ ਜੀ ਦੇ ਗੀਤਾਂ ਦੇ ਇਕ-ਇਕ ਬੋਲ ਅੱਜ ਵੀ ਉਨ੍ਹਾਂ ਦੀ ਜ਼ੁਬਾਨ 'ਤੇ ਹਨ।

ਜਨਵਰੀ 2010 ਵਿਚ ਜੈਪੁਰ (ਰਾਜਸਥਾਨ) ਵਿਚ ਹੋਏ 5ਵੇਂ ਵਰਲਡ ਲਿਟਰੇਚਰ



ਫੈਸਟੀਵਲ ਵਿਚ ਪੰਜਾਬੀ ਕਵਿਤਾ ਵਾਲਾ ਸੈਸ਼ਨ ਸੰਤ ਰਾਮ ਉਦਾਸੀ ਅਤੇ ਕਵੀ ਲਾਲ ਸਿੰਘ ਦਿਲ ਨੂੰ ਸਮਰਪਿਤ ਸੀ। ਕਹਾਣੀਕਾਰ ਅਜਮੇਰ ਸਿੱਧੂ, ਦੇਸ ਰਾਜ ਕਾਲੀ (ਜਲੰਧਰ) ਅਤੇ ਪ੍ਰਸਿੱਧ ਪੱਤਰਕਾਰਾ ਨਿਰੂਪਮਾ ਦੱਤ (ਚੰਡੀਗੜ੍ਹ) ਦੇ ਯਤਨਾਂ ਸਦਕਾ ਮੈਨੂੰ ਵੀ ਉਸ ਸਾਹਿਤਕ ਮੇਲੇ ਵਿਚ ਬੁਲਾਇਆ ਗਿਆ ਸੀ। ਅੰਗਰੇਜ਼ੀ ਤੇ ਹਿੰਦੀ ਵਿਚ ਗੱਲਾਂ ਕਰਨ ਵਾਲਾ ਹਰ ਸਰੋਤਾ ਉਦਾਸੀ ਦੇ ਗੀਤ ਤੇ ਕਵਿਤਾ ਸੁਣ ਕੇ ਸਿਰ ਮਾਰ ਰਿਹਾ ਸੀ।

ਨਿੱਜਪ੍ਰਸਤੀ ਨੂੰ ਕਾਇਮ ਰੱਖਣ ਲਈ, ਉਦਾਸੀ ਦੇ ਨਾਮ 'ਤੇ ਵਿਦੇਸ਼ਾਂ ਵਿਚੋਂ ਡਾਲਰ ਬਟੋਰਨ ਦੇ ਮਨਸ਼ੇ ਨਾਲ ਇਨਕਲਾਬੀ ਲਹਿਰ ਦੇ ਕਵੀਆਂ ਅਵਤਾਰ ਪਾਸ਼ ਤੇ ਉਦਾਸੀ ਵਿਚਾਲੇ ਬਖੇੜਾ ਖੜ੍ਹਾ ਕਰਨ ਦੀ ਇਕ ਨਾਕਾਮ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਕ ਗੱਲ ਸਾਫ਼ ਹੈ ਜਿੰਨੀ ਮਾਨਤਾ ਕਮਿਊਨਿਸਟ ਲਹਿਰ ਦੇ ਕਵੀਆਂ ਨੂੰ ਮਿਲੀ ਹੈ, ਉਹ ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਈ ਹੋਵੇ। ਆਮ ਜਨਤਾ ਤੋਂ ਉਦਾਸੀ ਦੇ ਗੀਤਾਂ ਦੇ ਬੋਲ ਸੁਣੇ ਜਾ ਸਕਦੇ ਹਨ। ਰੈਡੀਕਲ ਪੀਪਲਜ਼ ਫੋਰਮ ਦੇ ਆਗੂ ਕਾ. ਸੁਖਦਰਸ਼ਨ ਨੱਤ ਅਕਸਰ ਹੀ ਦਾਅਵਾ ਕਰਦੇ ਹਨ ਕਿ ਉਦਾਸੀ ਦੇ ਗੀਤ, ਲੋਕ ਗੀਤ ਬਣ ਚੁੱਕੇ ਹਨ ਕਿਉਂਕਿ ਅੱਜ ਤੀਜੀ ਪੀੜ੍ਹੀ ਦੇ ਅੰਦਰ ਵੀ ਉਨ੍ਹਾਂ ਦੇ ਗੀਤਾਂ ਤੋਂ ਵਿਚਾਰਧਾਰਾ ਦੀ ਉੱਨੀ ਹੀ ਪ੍ਰਸੰਗਕਿਤਾ ਹੈ ਜਿੰਨੀ ਅੱਜ ਤੋਂ 40 ਵਰ੍ਹੇ ਪਹਿਲਾਂ ਸੀ। ਉਨ੍ਹਾਂ ਦੀ ਕਵਿਤਾ ਹਰ ਜੁਝਾਰੂ ਵਰਗ ਦੀ ਰਹਿਨੁਮਾਈ ਕਰਦੀ ਹੈ।

ਮੈਂ ਸ਼ੁਰੂ ਵਿਚ ਹੀ ਇਹ ਗੱਲ ਸਪਸ਼ਟ ਕਰ ਦਿੱਤੀ ਸੀ ਕਿ ਪਾਪਾ ਜੀ ਨੇ ਜਿਉਂਦੇ ਜੀ ਕਦੇ ਵੀ ਕੋਈ ਮੌਕਾਪ੍ਰਸਤੀ, ਜੁਗਾੜਬੰਦੀ, ਸਮਝੌਤਾ, ਗ਼ਲਤ ਕਦਰਾਂ ਕੀਮਤਾਂ ਤਹਿਤ ਸਾਹਿਤਕ/ਸਰਕਾਰੀ ਲਿੱਪਾਪੋਚੀ ਨਹੀਂ ਕੀਤੀ। ਉਨ੍ਹਾਂ ਆਪਣੇ ਇਮਾਨ ਦੇ ਮੱਦੇਨਜ਼ਰ ਦੇਸ਼ਾਂ-ਵਿਦੇਸ਼ਾਂ ਤੋਂ ਡਾਲਰ ਇਕੱਠੇ ਕਰਨ ਨੂੰ ਲੱਤ ਮਾਰੀ ਹੈ। "ਮਰਨੇ ਤੋਂ ਹੀ ਪਹਿਲਾਂ ਮੈਂ ਮਰ ਜਾਵਾਂਗਾ, ਕਰ ਲਾਂ ਜੇ ਸਮਝੌਤਾ ਨਾਲ ਮਾਹੌਲ ਦੇ" "ਮੇਰੀ ਮੌਤ 'ਤੇ ਨਾ ਰੋਇਓ ਮੇਰੀ ਸੋਚ ਨੂੰ ਬਚਾਇਓ" ਇਹ ਕਵਿਤਾਵਾਂ ਇਸ ਗੱਲ ਦਾ ਸੁਨੇਹਾ ਦਿੰਦੀਆਂ ਹਨ ਕਿ ਉਨ੍ਹਾਂ ਦੀ ਸੋਚ ਨੂੰ ਬਚਾ ਕੇ ਰੱਖਣਾ ਤੇ ਅੱਗੇ ਲਿਜਾਣਾ ਸਮੇਂ ਦੀ ਮੁੱਖ ਮੰਗ ਹੈ।

•

# ਮੈਂ ਕਵਿਤਾ ਕਿਉਂ ਲਿਖਦਾ ਹਾਂ

*-ਸੰਤ ਰਾਮ ਉਦਾਸੀ*

ਵੱਖ-ਵੱਖ ਜਮਾਤਾਂ ਵਿਚ ਵੰਡੇ ਹੋਏ ਸਮਾਜ ਵਿਚ ਹਾਕਮ ਜਮਾਤਾਂ ਸਭਿਆਚਾਰ ਨੂੰ ਬਿਲਕੁਲ ਉਸੇ ਤਰ੍ਹਾਂ ਕੰਟਰੋਲ ਕਰਦੀਆਂ ਹਨ, ਜਿਵੇਂ ਕਿ ਉਪਜਾਊ ਸਾਧਨਾਂ ਨੂੰ। ਇਸ ਤਰ੍ਹਾਂ ਜਮਾਤੀ ਸਮਾਜ ਵਿਚ ਸਭਿਆਚਾਰ ਹਾਕਮ ਜਮਾਤਾਂ ਦੀ ਸੇਵਾ ਕਰਦਾ ਹੈ- ਸਰਮਾਏਦਾਰੀ ਸਮਾਜ ਵਿਚ ਸਰਮਾਏਦਾਰੀ ਦੇ ਦੂਸਰੇ ਪੈਦਾਵਾਰਾਂ ਦੀ ਤਰ੍ਹਾਂ ਸਭਿਆਚਾਰ ਵੀ ਇਕ ਜਿਨਸ ਬਣ ਜਾਂਦਾ ਹੈ, ਇਸ ਨੂੰ ਬਾਕੀ ਜਿਨਸਾਂ ਦੀ ਤਰ੍ਹਾਂ, ਮੰਡੀ ਵਿਚ ਵੇਚਿਆ ਜਾਂਦਾ ਹੈ। ਸਭਿਆਚਾਰ ਨੂੰ ਬੜੇ ਭੜਕੀਲੇ ਦਾਅਪੇਚ ਵਰਤ ਕੇ ਲੋਕਾਂ ਵਿਚ ਪੇਸ਼ ਕੀਤਾ ਜਾਂਦਾ ਹੈ ਅਤੇ ਇਸ ਨੂੰ ਝੂਠ-ਮੂਠ, ਲੋਕਾਂ ਦਾ 'ਹਰਮਨ ਪਿਆਰਾ ਸਭਿਆਚਾਰ' ਕਿਹਾ ਜਾਂਦਾ ਹੈ। ਝੂਠ-ਮੂਠ ਇਸ ਲਈ ਕਿ ਅਸਲੀ ਹਰਮਨ ਪਿਆਰਾ ਸਭਿਆਚਾਰ ਤਾਂ ਲੋਕਾਂ ਵਲੋਂ ਖ਼ੁਦ ਪੈਦਾ ਕੀਤਾ ਜਾਂਦਾ ਹੈ ਜੋ ਉਨ੍ਹਾਂ ਦੀਆਂ ਸੱਚੀਆਂ ਖੁਆਹਿਸ਼ਾਂ, ਦੁੱਖਾਂ ਦਰਦਾਂ ਨੂੰ ਜ਼ਾਹਰ ਕਰਦਾ ਹੈ ਪਰ ਦੂਜੇ ਪਾਸੇ ਸਰਮਾਏਦਾਰੀ ਦਾ ਵੇਸਵਾ ਸਭਿਆਚਾਰ, ਲੋਕਾਂ ਨੂੰ ਉਨ੍ਹਾਂ ਦੀ ਭੈੜੀ ਹਾਲਤ ਵਿਚ ਰੱਖਣ ਲਈ ਅਤੇ ਉਨ੍ਹਾਂ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਜੋ ਕਿ ਹਾਕਮ ਜਮਾਤਾਂ ਦੀ ਸੇਵਾ ਕਰਦੇ ਹੋਣ, ਬਿਲਕੁਲ ਇਕ ਵੇਸਵਾ ਦੀ ਤਰ੍ਹਾਂ ਹਰ ਚਾਲ ਵਰਤਦਾ ਹੈ।

ਇਹ ਸਪੱਸ਼ਟ ਹੈ ਕਿ ਇਕ ਸਭਿਆਚਾਰਕ ਕਾਮੇ ਦਾ, ਬੇਸ਼ੱਕ ਉਹ ਕਲਾਕਾਰ ਹੋਵੇ, ਸੰਗੀਤਕਾਰ ਹੋਵੇ ਜਾਂ ਲਿਖਾਰੀ, ਇਨਕਲਾਬ ਵਿਚ ਇਕ ਮਹੱਤਵਪੂਰਨ ਰੋਲ ਹੁੰਦਾ ਹੈ। ਕਲਾਕਾਰ ਦਾ ਇਹ ਫ਼ਰਜ਼ ਹੁੰਦਾ ਹੈ ਕਿ ਉਹ ਲੋਕਾਂ ਤਕ ਉਹ ਸਭਿਆਚਾਰ ਪੇਸ਼ ਕਰੇ ਜੋ ਕਿ ਸੱਚ-ਮੁਚ ਉਨ੍ਹਾਂ ਦਾ ਹੋਵੇ, ਜੋ ਕਿ ਉਨ੍ਹਾਂ ਦੀ ਚੇਤਨਤਾ ਨੂੰ ਅੱਗੇ ਵਧਾਵੇ, ਜੋ ਝੂਠੇ ਵਿਚਾਰਾਂ ਦਾ ਪਰਦਾਫਾਸ਼ ਕਰੇ ਅਤੇ ਸੱਚਿਆਂ ਦਾ ਪ੍ਰਚਾਰ ਕਰੇ ਅਤੇ ਜੋ ਲੋਕਾਂ ਨੂੰ ਉਨ੍ਹਾਂ ਦੀ ਸਹੀ ਹਾਲਤ ਤੋਂ ਜਾਣੂ ਕਰਵਾਏ। ਜੋ ਕਲਾਕਾਰ ਅਜਿਹਾ ਕਰਦਾ ਹੈ, ਉਹ ਸੱਚਾ ਕਲਾਕਾਰ ਹੈ ਤੇ ਇਨਕਲਾਬੀ ਹੈ।

ਰੂਸੀ ਲਿਖਾਰੀ ਮੈਕਸਮ ਗੋਰਕੀ ਅਤੇ ਚੀਨੀ ਲਿਖਾਰੀ ਸ਼ੁਨ ਅਜਿਹੇ ਕਲਾਕਾਰਾਂ ਵਿਚੋਂ ਹਨ। ਗੋਰਕੀ ਵਲੋਂ ਰੂਸੀ ਲੋਕਾਂ ਅਤੇ ਰੂਸੀ ਇਨਕਲਾਬ ਦੀ ਕੀਤੀ ਸੇਵਾ ਦਾ ਲੈਨਿਨ

** ਸੰਤ ਰਾਮ ਉਦਾਸੀ ਦੇ ਅਗਸਤ 1979 ਵਿਚ ਕੈਨੇਡਾ ਅਤੇ ਇੰਗਲੈਂਡ ਦੇ ਦੌਰੇ ਦੌਰਾਨ ਇਪਾਨਾ ਵਲੋਂ ਵੈਨਕੂਵਰ, ਕੈਨੇਡਾ ਵਿਚ ਛਪਵਾਈ ਗਈ ਪੁਸਤਕ 'ਲਹੂ ਤੋਂ ਲੋਹੇ ਤੱਕ' ਦੇ ਦੋ ਸ਼ਬਦ ਵਿਚੋਂ ਕੁਝ ਹਿੱਸਾ।*



ਅਕਸਰ ਜ਼ਿਕਰ ਕਰਦਾ ਹੁੰਦਾ ਸੀ। ਇਸੇ ਤਰ੍ਹਾਂ ਲੂ ਸ਼ੁਨ ਵਲੋਂ ਚੀਨੀ ਇਨਕਲਾਬ ਵਿਚ ਪਾਏ ਹਿੱਸੇ ਨੂੰ ਮਾਓ ਜ਼ੇ ਤੁੰਗ ਨੇ ਆਪਣੀਆਂ ਲਿਖਤਾਂ ਵਿਚ ਸਲਾਹਿਆ।

ਭਾਰਤ ਵਿਚ ਬਹੁਤ ਸਾਰੇ ਲਿਖਾਰੀਆਂ ਨੇ ਆਪਣੇ ਇਨਕਲਾਬੀ ਫ਼ਰਜ਼ ਨੂੰ ਪਛਾਣਿਆ ਤੇ ਆਪਣੀਆਂ ਲਿਖਤਾਂ ਵਿਚ ਭਾਰਤ ਦੇ ਮਿਹਨਤਕਸ਼ ਲੋਕਾਂ ਦੀਆਂ ਖੁਆਹਿਸ਼ਾਂ ਨੂੰ ਪੇਸ਼ ਕੀਤਾ। ਸਭਿਆਚਾਰ ਕਦੇ ਵੀ ਖ਼ਾਲੀ ਜਗ੍ਹਾ ਵਿਚ ਪੈਦਾ ਨਹੀਂ ਹੁੰਦਾ, ਬਲਕਿ ਠੋਸ ਸਮਾਜੀ ਅਤੇ ਸਿਆਸੀ ਹਾਲਤਾਂ ਵਿਚੋਂ ਜਨਮ ਲੈਂਦਾ ਹੈ। ਕਿਸੇ ਵੀ ਸਮਾਜ ਵਿਚ ਇਨਕਲਾਬੀ ਤਾਕਤਾਂ ਦੇ ਵਿਕਾਸ ਨਾਲ ਇਕ ਨਵੀਂ ਰੂਹ ਪੈਦਾ ਹੁੰਦੀ ਹੈ। ਇਸੇ ਕਰਕੇ ਨਕਸਲਬਾੜੀ ਤੋਂ ਬਾਅਦ ਸਾਰੇ ਭਾਰਤ ਵਿਚ ਫੈਲੇ ਇਨਕਲਾਬੀ ਭਾਂਬੜਾਂ ਨੇ ਇਕ ਇਨਕਲਾਬੀ ਸਭਿਆਚਾਰ ਨੂੰ ਜਨਮ ਦਿੱਤਾ। ਸਾਰੇ ਭਾਰਤ ਵਿਚ ਲਿਖਾਰੀ, ਕਵੀ, ਡਰਾਮਾ-ਨਵੀਸ ਅਤੇ ਗਾਇਕ ਲੋਕਾਂ ਦੀਆਂ ਦਿਲੀ ਖੁਆਇਸ਼ਾਂ ਦਰਸਾ ਕੇ ਤੇ ਆਪਣੀ ਕਲਾ ਲੋਕਾਂ ਤਕ ਪਹੁੰਚਾ ਕੇ ਇਨਕਲਾਬ ਦੀ ਸੇਵਾ ਕਰਨ ਲਈ ਅੱਗੇ ਆਏ।

ਜਿਸ ਕਰਕੇ ਲਿਖਾਰੀਆਂ ਨੂੰ ਇਕ ਵਾਰ ਫਿਰ ਜਬਰ ਦਾ ਸ਼ਿਕਾਰ ਬਨਣਾ ਪਿਆ। ਨਜ਼ਰਲ ਇਸਲਾਮ ਨੂੰ ਬਰਤਾਨਵੀ ਸਰਕਾਰ ਹੇਠ ਜੇਲ੍ਹ ਜਾਣਾ ਪਿਆ ਸੀ ਪਰ ਅਖੌਤੀ ਤੌਰ 'ਤੇ ਆਜ਼ਾਦ ਭਾਰਤ ਵਿਚ ਅੱਜ ਵੀ ਬਹੁਤ ਸਾਰੇ ਲਿਖਾਰੀਆਂ ਨੂੰ ਜੇਲ੍ਹ ਯਾਤਰਾ ਕਰਨੀ ਪਈ। ਆਂਧਰਾ ਪ੍ਰਦੇਸ਼ ਵਿਚ ਇਕ ਸਾਰੇ ਦੇ ਸਾਰੇ ਡਰਾਮਾ ਗਰੁੱਪ ਨੂੰ ਸ੍ਰੀ ਕਾਕੂਲਮ ਸਾਜਿਸ਼ ਕੇਸ ਵਿਚ 'ਸਾਜਿਸ਼' ਦੇ ਦੋਸ਼ ਹੇਠ ਕਈ ਸਾਲ ਮੁਕੱਦਮਾ ਚਲਾਏ ਜੇਲ੍ਹ ਵਿਚ ਰੱਖਿਆ ਗਿਆ। ਪੰਜਾਬ ਵਿਚ ਇਨਕਲਾਬੀ ਲਿਖਾਰੀ ਸੰਤ ਰਾਮ ਉਦਾਸੀ ਦੀ ਚਮਕਦੀ ਉਦਾਹਰਣ ਹੈ, ਜਿਸ ਨੇ ਬੜੀ ਦਲੇਰੀ ਨਾਲ ਮਿਹਨਤਕਸ਼ ਲੋਕਾਂ ਦੀ ਸੇਵਾ ਕੀਤੀ ਅਤੇ ਜਿਸਦੇ ਬਦਲੇ ਸਟੇਟ ਨੇ ਉਸ ਉੱਤੇ ਅਨੇਕਾਂ ਜਬਰ ਕੀਤੇ।

ਸੰਤ ਰਾਮ ਉਦਾਸੀ ਦਾ ਜਨਮ ਸਮਾਜ ਦੇ ਜਿਸ ਵਰਗ ਵਿਚ ਹੋਇਆ, ਉਹ ਸਮਾਜ ਦਾ ਸਭ ਤੋਂ ਵੱਧ ਲੁੱਟਿਆ ਜਾ ਰਿਹਾ ਹਿੱਸਾ ਹੈ। ਸੰਤ ਰਾਮ ਉਦਾਸੀ ਨੇ ਦੋਨੋਂ ਕਲਮ ਅਤੇ ਸਰੀਰਕ ਤੌਰ 'ਤੇ ਭਾਰਤੀ ਇਨਕਲਾਬ ਨੂੰ ਅੱਗੇ ਵਧਾਉਣ ਲਈ ਵਧ ਚੜ੍ਹ ਕੇ ਹਿੱਸਾ ਲਿਆ। ਕੁਝ ਲੋਕ ਸੰਤ ਰਾਮ ਉਦਾਸੀ ਨੂੰ ਇਕ ਲਿਖਾਰੀ ਤੱਕ ਹੀ ਸੀਮਤ ਕਰਨਾ ਚਾਹੁੰਦੇ ਹਨ। ਜੇ ਅਸੀਂ ਸੰਤ ਰਾਮ ਉਦਾਸੀ ਨੂੰ ਸਿਰਫ਼ ਇਕ ਲਿਖਾਰੀ ਦੇ ਰੂਪ ਵਿਚ ਹੀ ਦੇਖਦੇ ਰਹੀਏ ਤਾਂ ਇਹ ਇਕ ਬਹੁਤ ਵੱਡੀ ਭੁੱਲ ਹੋਵੇਗੀ। ਸੰਤ ਰਾਮ ਉਦਾਸੀ ਨੇ ਜਿੱਥੇ ਤਲਵਾਰ ਰੂਪੀ ਕਲਮ ਨਾਲ ਲੁਟੇਰੀਆਂ ਜਮਾਤਾਂ ਦਾ ਪਰਦਾਫਾਸ਼ ਕੀਤਾ, ਉੱਥੇ ਇਸ ਨੇ ਭਾਰਤੀ ਇਨਕਲਾਬ ਨੂੰ ਅੱਗੇ ਵਧਾਉਣ ਲਈ ਇਕ ਸਿਆਸੀ ਕਾਰਕੁਨ ਦੇ ਤੌਰ 'ਤੇ ਵੀ ਇਕ ਰੱਜਵਾਂ ਹਿੱਸਾ ਪਾਇਆ। ਉਦਾਸੀ ਨੂੰ ਵਾਰ-ਵਾਰ ਗ੍ਰਿਫ਼ਤਾਰ ਕਰਕੇ ਉਸ ਉਪਰ ਗ਼ੈਰ-ਮਨੁੱਖੀ ਤਸ਼ੱਦਦ ਕਰਨਾ ਇਹ ਸਿੱਧ ਕਰਦਾ ਹੈ ਕਿ ਹਾਕਮ ਜਮਾਤਾਂ ਸੰਤ ਰਾਮ ਉਦਾਸੀ ਦੀ ਕਵਿਤਾ ਤੋਂ ਕਾਫ਼ੀ ਭੈਭੀਤ ਹਨ। ਉਨ੍ਹਾਂ ਨੂੰ ਡਰ ਹੈ ਕਿ ਸੰਤ ਰਾਮ ਉਦਾਸੀ ਜਿੱਥੇ ਵੀ ਜਾਵੇਗਾ, ਭਾਰਤੀ ਲੋਕਾਂ ਨੂੰ ਉਨ੍ਹਾਂ ਦੀ ਹੋ ਰਹੀ ਲੁੱਟ-ਖਸੁੱਟ ਪ੍ਰਤੀ ਸੁਚੇਤ

ਕਰੇਗਾ। ਕੁਝ ਲੋਕਾਂ ਨੇ ਪੁੱਛਿਆ ਕਿ ਸੰਤ ਰਾਮ ਉਦਾਸੀ ਉਚੇਚੇ ਤੌਰ 'ਤੇ ਅਜਿਹੀ ਕਵਿਤਾ ਕਿਉਂ ਲਿਖਦਾ ਹੈ। ਇਸ ਬਾਰੇ ਸੰਤ ਰਾਮ ਉਦਾਸੀ ਨੇ ਆਪਣੇ ਹੀ ਸ਼ਬਦਾਂ ਵਿਚ ਲਿਖਿਆ:

"ਜਿਸ ਤਬਕੇ ਦੇ ਲੋਕਾਂ ਦੇ ਜੀਵਨ-ਪੱਧਰ ਵਿਚ ਮੈਂ ਜੰਮਿਆਂ, ਪਲਿਆ ਤੇ ਵੱਡਾ ਹੋਇਆ, ਉਹ ਮੇਰੇ ਲੋਕ ਤਕਰੀਬਨ 24 ਘੰਟੇ ਵਿਚੋਂ 16 ਘੰਟੇ ਕੰਮ ਕਰਦੇ ਹਨ ਪਰ ਫਿਰ ਵੀ ਜ਼ਿੰਦਗੀ ਦੀ ਚਿਣਗ ਤੋਂ ਹਜ਼ਾਰਾਂ ਕੋਹਾਂ ਦੂਰ ਹਨ। ਜੇਕਰ ਮੈਨੂੰ ਆਪਣੇ ਸਮਾਜ ਦੀ ਬਣਤਰ ਬਾਰੇ ਕੋਈ ਸਮਝ ਹੈ ਤੇ ਉਸ ਸਮਝ ਨੂੰ ਪ੍ਰਗਟਾਉਣ ਲਈ ਮੇਰੇ ਪਾਸ ਸ਼ਬਦ ਹਨ ਤਾਂ ਮੈਨੂੰ ਆਪਣੇ ਸਮਾਜ ਦਾ ਵਿਗਿਆਨਕ ਵਿਸ਼ਲੇਸ਼ਨ ਕਰਕੇ, ਆਪਣੇ ਸਮਾਜ ਵਿਚ ਨਪੀੜੇ ਜਾ ਰਹੇ ਲੋਕਾਂ ਨਾਲ ਸਬੰਧ ਜੋੜ ਕੇ ਉਨ੍ਹਾਂ ਬਾਰੇ ਲਿਖਣਾ ਚਾਹੀਦਾ ਹੈ।

ਹੁਣ ਸਵਾਲ ਇਹ ਹੈ ਕਿ ਮੈਂ ਕਵਿਤਾ ਕਿਉਂ ਲਿਖਦਾ ਹਾਂ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸਮਾਜ ਦੇ ਜਿਸ ਤਬਕੇ ਨਾਲ ਮੈਂ ਸਬੰਧਤ ਹਾਂ ਉਹ ਹਿੰਦੁਸਤਾਨ ਦਾ 80% ਦੱਬਿਆ ਕੁਚਲਿਆ ਤੇ ਲੁੱਟਿਆ ਜਾਂਦਾ ਵਰਗ ਹੈ। ਭਾਰਤ ਦੇ ਮੁੱਠੀ ਭਰ ਲੁਟੇਰਿਆਂ ਨੇ ਜਾਤ-ਪਾਤ, ਧਰਮ, ਇਲਾਕਾਪ੍ਰਸਤੀ, ਮੌਕਾਪ੍ਰਸਤੀ ਤੇ ਅੰਨ੍ਹੀ ਕੌਮਪ੍ਰਸਤੀ ਦਾ ਬੁਰਕਾ ਲੈ ਕੇ ਮੇਰੇ ਲੋਕਾਂ ਨੂੰ ਆਪਣੇ ਵਿਚ ਲਪੇਟਿਆ ਹੋਇਆ ਹੈ। ਇਹ ਜ਼ਰੂਰੀ ਨਹੀਂ ਕਿ ਮੇਰੇ ਬਹੁਤ ਲੋਕਾਂ ਨੂੰ ਇਹ ਪਤਾ ਹੋਵੇ ਕਿ ਉਹ ਕਿਸਦੀ ਲਪੇਟ ਵਿਚ ਹਨ। ਪਰ ਮੈਨੂੰ ਹਾਲਾਤ ਨੇ ਅਤੇ ਬੁੱਧੀ ਨੇ ਮੌਕਾ ਦਿੱਤਾ ਹੈ ਕਿ ਕੌਣ ਮੇਰੇ ਲੋਕਾਂ ਨੂੰ ਗ਼ੁਲਾਮ ਕਰਨ ਦੇ ਰੁਝਾਨ ਵਿਚ ਹੈ। ਉਪਰੋਕਤ ਬਹੁਪੱਖੀ ਲੁੱਟ ਦੀ ਮੈਨੂੰ ਇਕ ਦਿਨ ਵਿਚ ਹੀ ਸਮਝ ਨਹੀਂ ਆ ਗਈ ਸਗੋਂ ਲੁਟੇਰੇ ਵਰਗ ਦੇ ਉਪਰੋਕਤ ਅੱਡਿਆਂ ਨੇ ਮੈਨੂੰ ਵੀ ਆਪਣੀ ਲਪੇਟ ਵਿਚ ਲੈ ਕੇ ਆਪਣੇ ਹੋਰਾਂ ਲੋਕਾਂ ਵਰਗਾ ਬਣਾਉਣਾ ਚਾਹਿਆ। ਪਰ ਮੈਂ ਆਪਣੇ ਮਾਪਿਆਂ, ਰਿਸ਼ਤੇਦਾਰਾਂ, ਭੈਣਾਂ ਭਰਾਵਾਂ ਤੇ ਹੋਰ ਸੰਗੀ ਸਾਥੀਆਂ ਨੂੰ ਗ਼ੁਲਾਮੀ ਦੇ ਜੂਲੇ ਹੇਠ ਕੁਰਬਲ-ਕੁਰਬਲ ਕਰਦਿਆਂ ਦੇਖ ਕੇ ਜਰ ਨਾ ਸਕਿਆ। ਮੈਂ ਪਹਿਲਾਂ ਰੱਬ ਨੂੰ ਇਨ੍ਹਾਂ ਦੀ ਮੁਕਤੀ ਦਾ ਦਾਤਾ ਸਮਝ ਕੇ ਧਾਰਮਿਕ ਕਵਿਤਾਵਾਂ ਲਿਖੀਆਂ। ਫਿਰ ਭਾਰਤ ਦੀ ਅਖਾਉਤੀ ਸਮਾਜਵਾਦੀ ਸਰਕਾਰ ਵੱਲ ਝਾਕ ਰੱਖ ਕੇ ਕੌਮਪ੍ਰਸਤੀ ਤੇ ਦੇਸ਼ ਭਗਤੀ ਦੇ ਗੀਤ ਲਿਖੇ। ਪਰ ਜਿਉਂ-ਜਿਉਂ ਮੈਂ ਉਪਰੋਕਤ ਪ੍ਰਕਾਰ ਦੇ ਗੀਤ ਜਾਂ ਕਵਿਤਾ ਲਿਖਦਾ ਤਾਂ ਲੁਟੇਰਿਆਂ ਦੇ ਬੁਰਕੇ ਲੀਰੋ-ਲੀਰ ਹੋਣ ਦੀ ਥਾਂ ਹੋਰ ਵੀ ਸੁਭਰ ਹੋ ਜਾਂਦੇ। ਖ਼ੈਰ ਲੁਟੇਰਿਆਂ ਦੇ ਇਸ ਰੁਝਾਨ ਨੇ ਮੇਰੇ ਵਿਚ ਤਰਕ ਜਗਾਈ। ਮੈਂ ਵੇਖਿਆ ਕਿ ਲੁਟੇਰੀਆਂ ਸਫ਼ਾਂ ਮੇਰੇ ਲੋਕਾਂ ਨੂੰ ਆਪਣੇ ਵਿਚ ਲਪੇਟ ਕੇ ਵੀ ਸਾਡਾ ਕੁਝ ਵੀ ਸੁਆਰਦੀਆਂ ਨਹੀਂ ਸਗੋਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ, ਭਗਤ ਸਿੰਘ ਅਤੇ ਸਰਾਭੇ ਦੇ ਨਾਵਾਂ ਨੂੰ ਵਰਤ ਕੇ ਸਾਨੂੰ ਜਿਵੇਂ ਕਿਵੇਂ ਰੱਖਣਾ ਚਾਹੁੰਦੀਆਂ ਹਨ। ਫਿਰ ਮੈਂ ਧਾਰਮਿਕ ਕਿਤਾਬਾਂ ਗੁਰੂ ਗ੍ਰੰਥ ਸਾਹਿਬ ਤੋਂ ਲੈ ਕੇ ਅਕਾਲੀ ਮੋਰਚਿਆਂ ਦੇ ਇਤਿਹਾਸ ਤੋਂ ਅਗਵਾਈ ਲਈ। ਆਰਥਿਕ ਤੇ ਸਮਾਜਿਕ ਤੌਰ 'ਤੇ ਆਜ਼ਾਦ ਕੌਮਾਂ ਦੇ ਇਤਿਹਾਸ ਨੂੰ ਪੜ੍ਹਿਆ ਤੇ ਨਾਲ ਹੀ ਮਜ਼ਦੂਰਾਂ ਦੇ ਸਰਵੋਤਮ ਫ਼ਲਸਫ਼ੇ ਮਾਰਕਸਵਾਦ-ਲੈਨਿਨਵਾਦ ਦਾ ਸਿਖਿਆਰਥੀ ਬਣਿਆ। ਤਾਂ ਮੈਨੂੰ ਆਪਣੀ ਤੇ



ਆਪਣੇ ਪਰਿਵਾਰ, ਮਾਵਾਂ, ਭੈਣਾਂ ਅਥਵਾ ਰਿਸ਼ਤੇਦਾਰਾਂ ਨਾਲ ਹੋ ਰਹੀਆਂ ਵਧੀਕੀਆਂ ਦੁਨੀਆਂ ਭਰ ਦੇ ਲੁੱਟੇ ਜਾਂਦੇ ਵਰਗ ਨਾਲ ਲੈ ਗਈਆਂ। ਫਿਰ ਮੈਨੂੰ ਦੁਨੀਆਂ ਦਾ ਲੁਟੇਰਾ ਤੇ ਲੁੱਟਿਆ ਜਾਂਦਾ ਵਰਗ ਪ੍ਰਤੱਖ ਨਜ਼ਰ ਆਉਣ ਲੱਗ ਪਿਆ। ਹੁਣ ਤੁਸੀਂ ਆਪ ਹੀ ਦੱਸੋ ਕਿ ਮੈਂ ਕਵਿਤਾ ਕਿਉਂ ਲਿਖਦਾ ਹਾਂ ਤੇ ਕੀਹਦੇ ਲਈ ਲਿਖਦਾ ਹਾਂ।

ਮੈਨੂੰ ਸੋਨਾ ਗਾਚੀ (ਕਲਕੱਤਾ) ਜੀ.ਬੀ. ਰੋਡ (ਦਿੱਲੀ) ਦਿਆਂ ਬਜ਼ਾਰਾਂ ਵਿਚ ਗਾਹਕਾਂ ਨੂੰ ਉਡੀਕ ਰਹੀਆਂ ਕੁੜੀਆਂ ਮੇਰੀਆਂ ਭੈਣਾਂ ਤੇ ਮਾਵਾਂ ਲਗਦੀਆਂ ਹਨ। ਮੈਨੂੰ ਬਿਹਾਰ, ਮੱਧ ਪ੍ਰਦੇਸ਼, ਯੂ.ਪੀ., ਰਾਜਸਥਾਨ ਦੇ ਭਈਏ ਪੰਜਾਬ ਵਿਚ ਆਏ, ਵਲਾਇਤਾਂ ਵਿਚ ਗਏ ਮੇਰੇ ਸੰਗੀ ਸਾਥੀਆਂ ਤੇ ਪੰਜਾਬੀਆਂ ਵਰਗੇ ਲਗਦੇ ਹਨ। ਬਜ਼ਾਰਾਂ ਦਿਆਂ ਚੌਰਸਤਿਆਂ ਵਿਚ ਤੜਕਸਾਰ ਦਿਹਾੜੀ ਲੱਗਣ ਦੀ ਉਡੀਕ ਵਿਚ ਠਰੂ-ਠਰੂ ਕਰਦੇ ਮੇਰੇ ਲੋਕ ਮੇਰੇ ਆਪਣੇ ਭਰਾਵਾਂ, ਬਾਪ ਤੇ ਮਾਵਾਂ ਭੈਣਾਂ ਵਰਗੇ ਤਾਂ ਹਨ। ਗੱਲ ਕੀ? ਮੈਨੂੰ ਆਪਣਾ ਪਰਿਵਾਰ ਬਹੁਤ ਹੀ ਵੱਡਾ ਜਾਪਦਾ ਹੈ। ਇਸ ਦਾ ਘੇਰਾ ਧਰਤੀ ਦੇ ਸੱਤਾਂ ਦੀਪਾਂ ਤਕ ਖਿਲਰ ਗਿਆ ਹੈ।

ਮੇਰੇ ਲੋਕ ਰੋਟੀ ਦੀ ਭਾਲ ਵਿਚ ਰੁੱਝੇ ਹੋਏ ਹਨ। ਉਨ੍ਹਾਂ ਨੂੰ ਮਹਾਂਗਰੰਥ ਪੜ੍ਹਨ ਦੀ ਵਿਹਲ ਨਹੀਂ। ਮੈਂ ਲਾਲਚ ਕਰਦਾ ਹਾਂ ਕਿ ਲੋਕਾਂ ਨੂੰ ਕੁਝ ਗੁਣਗੁਨਾਉਣ ਜੋਗਾ ਯਾਦ ਰਹਿ ਜਾਏ ਤੇ ਜਦੋਂ ਵੀ ਉਹ ਚਾਹੁਣ, ਗੁਣਗੁਣਾਂ ਕੇ ਮਨ ਪਰਚਾ ਲੈਣ। ਬਸ ਇਹੀ ਮੇਰੀ ਕਵਿਤਾ ਦੀ ਅੰਤਮ ਇੱਛਾ ਹੈ ਤੇ ਮੇਰੀ ਇੱਛਾ ਹੈ ਕਿ ਮੇਰੇ ਲੋਕ ਮੇਰੀ ਕਵਿਤਾ ਨੂੰ ਗੁਣਗੁਣਾਉਂਦੇ ਹੋਏ ਆਪਣੀ ਸਦੀਆਂ ਬੱਧੀ ਗ਼ੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜ ਸਕਣ ਤੇ ਉਹ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਬੰਦੇ ਬਹਾਦਰ, ਬੱਬਰਾਂ ਤੇ ਨਕਸਲਬਾੜੀ ਦੇ ਸੂਰਮਿਆਂ ਦੀਆਂ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ ਆਪਣੀ ਸੋਚ ਨੂੰ ਮਾਰਕਸ ਐਂਗਲਜ਼, ਲੈਨਿਨ, ਸਟਾਲਿਨ, ਮਾਓ ਜ਼ੇ ਤੁੰਗ ਤੇ ਹੋਚੀ ਮਿਨ ਵਰਗੇ ਮੁਕਤੀ ਯੋਧਿਆਂ ਦੀ ਸਮਝ ਤੇ ਸੇਧ ਨਾਲ ਪ੍ਰਫੁੱਲਤ ਕਰਕੇ ਦੁਨੀਆਂ ਵਿਚ ਪ੍ਰੋਲਤਾਰੀਆਂ ਦੀ ਸਰਦਾਰੀ ਕਾਇਮ ਕਰਨ।"

•

# ਸੰਤ ਰਾਮ ਉਦਾਸੀ: ਜੀਵਨ, ਕਵਿਤਾ, ਵਿਚਾਰਧਾਰਾ ਅਤੇ ਅੱਜ ਦੇ ਯੁਗ ਵਿਚ ਪ੍ਰਸੰਗਿਕਤਾ

**-ਨਰਭਿੰਦਰ**

ਕਵਿਤਾ ਦਾ ਇਕ ਮਤਲਬ ਇਹ ਵੀ ਹੈ ਕਿ ਤੁਸੀਂ ਅੱਜ ਤੱਕ ਜਾਂ ਹੁਣ ਤਕ ਕਿੰਨਾ ਮਨੁੱਖ ਬਣ ਚੁੱਕੇ ਹੋ। ਦੂਜੇ ਸ਼ਬਦਾਂ 'ਚ ਕਹਿਣਾ ਹੋਵੇ ਤਾਂ ਕਵਿਤਾ ਦਾ ਅਸਲੀ ਮਤਲਬ ਹੈ ਆਦਮੀ ਹੋਣਾ। ਕਵਿਤਾ ਤੋਂ ਬਿਨਾਂ ਮਨੁੱਖੀ ਹੋਂਦ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਕਵਿਤਾ ਜ਼ਿੰਦਗੀ ਨਾਲ ਇਕਮਿਕ ਹੋਣ ਦੀ ਸ਼ਰਤ ਹੈ। ਕਵਿਤਾ ਮਨੁੱਖ ਦੇ ਅੰਦਰਲੇ ਅਤੇ ਬਾਹਰਲੇ ਸੰਘਰਸ਼ ਦੀ ਗਾਥਾ ਹੈ। ਕਵਿਤਾ ਰਾਹੀਂ ਮਨੁੱਖ ਮਨੁੱਖ ਬਣਨਾ ਹੀ ਨਹੀਂ ਲੋਚਦਾ, ਸਗੋਂ ਇਕ ਨਵੇਂ ਮਨੁੱਖ ਨੂੰ ਕਲਪਦਾ ਹੈ। ਨਵੇਂ ਸੰਸਾਰ ਦੀ ਲੋਚਾ ਪਾਲਦਾ ਹੈ। ਇਸ ਲੋਚਾ ਲਈ ਵਾਹਕ ਬਣਦੇ ਨੇ ਸ਼ਬਦ/ਲਫ਼ਜ਼। ਸ਼ਬਦ ਉਹੀ ਹੁੰਦੇ ਨੇ ਕਵੀ ਉਨ੍ਹਾਂ 'ਚ ਇਕ ਨਵੀਂ ਰੂਹ ਫੂਕਦਾ ਹੈ। ਉਨ੍ਹਾਂ ਨੂੰ ਤਾਕਤ ਬਖ਼ਸ਼ਦਾ ਹੈ। ਰਚਨਾ ਦੀ ਤਾਕਤ ਦਾ ਆਧਾਰ ਸ਼ਬਦ ਹਨ। ਸ਼ਬਦਾਂ ਨੂੰ ਤਰਾਸ਼ਣ ਤੇ ਤਾਕਤ ਬਖ਼ਸ਼ਣ ਪਿਛੇ ਕਵੀ ਹੈ। ਸ਼ਬਦਾਂ 'ਚ ਕਿੰਨੀ ਤਾਕਤ ਹੈ ਇਹ ਦੱਸਦੀ ਹੈ ਕਿ ਕੋਈ ਨਵੀਂ ਜ਼ਿੰਦਗੀ ਨਾਲ ਕਿੰਨਾ ਕੁ ਇਕ-ਮਿਕ ਹੋ ਚੁੱਕਾ ਹੈ। ਜ਼ਿੰਦਗੀ 'ਚ ਕਵੀ ਆਮ ਆਦਮੀ ਵਾਂਗੂੰ ਹੀ ਵਿਚਰਦਾ ਹੈ ਪਰ ਜ਼ਿੰਦਗੀ ਦੇ ਹਰ ਪਲ ਲਮਹੇ ਨੂੰ ਬਰੀਕੀ ਅਤੇ ਸ਼ਿੱਦਤ ਨਾਲ ਆਪਣੇ ਅੰਦਰ ਸਮੋ ਰਿਹਾ ਹੁੰਦਾ ਹੈ। ਇਹ ਦਾ ਭੇਤ ਉਹਦੀ ਰਚਨਾ/ਕਵਿਤਾ ਵਿਚ ਸਾਹਮਣੇ ਆਉਂਦਾ ਹੈ। ਉਹ ਆਪਣੇ ਅੰਦਰਲੀ ਤੜਪ ਨੂੰ/ਅੱਗ ਨੂੰ/ਨਫ਼ਰਤ ਨੂੰ ਸ਼ਬਦਾਂ 'ਚ ਪਰੁੱਚ ਕੇ ਪਰੋਸਦਾ ਹੈ ਅਤੇ ਜਦੋਂ ਕੋਈ ਕਵੀ ਲੋਕ ਸੰਘਰਸ਼ ਅਤੇ ਸੰਘਰਸ਼ਾਂ ਦੇ ਸਿਧਾਂਤ ਨਾਲ ਇਕ-ਮਿਕ ਹੋਇਆ ਹੋਵੇ; ਸੰਘਰਸ਼ ਅਤੇ ਇਕ ਨਵੀਂ ਸ੍ਰਿਸ਼ਟੀ ਉਹਦੀ ਰਚਨਾ ਦਾ ਸੰਕਲਪ ਹੋਵੇ ਤਾਂ ਕਵਿਤਾ ਸੰਘਰਸ਼ ਦਾ ਇਕ ਹਥਿਆਰ ਬਣ ਜਾਂਦੀ ਹੈ। ਸੋ ਜਿਉਂਦੇ ਰਹਿਣ ਦੀ ਲਾਲਸਾ ਨੇ ਮਨੁੱਖ ਨੂੰ ਸੰਘਰਸ਼ਸ਼ੀਲ ਅਤੇ ਸੋਹਣਾ ਬਣਾਇਆ ਹੈ। ਇਸੇ ਸੁਹਪਣ ਅਤੇ ਸੰਘਰਸ਼ ਨੇ ਕਵਿਤਾ ਦੀ ਸਿਰਜਣਾ ਕੀਤੀ ਹੈ। ਆਦਮੀ ਅਤੇ ਕਵਿਤਾ ਦਾ ਰਿਸ਼ਤਾ ਮਨੁੱਖ ਦੇ ਸਭਿਅਕ ਬਣਨ ਦੇ ਸਫ਼ਰ ਤੋਂ ਹੀ ਸ਼ੁਰੂ ਹੋਇਆ ਹੈ।

ਕਵੀ ਸਮਾਜ ਪ੍ਰਬੰਧ, ਵਿਵਸਥਾ ਦੁਆਰਾ ਸਿਰਜੇ ਹੋਏ ਮਨੁੱਖ ਦੇ ਪ੍ਰਤੱਖ ਅਤੇ ਅਪ੍ਰਤੱਖ ਪ੍ਰਤੀ ਕਿੰਨਾ ਗੰਭੀਰ ਹੈ, ਗਹਿਰਾ ਹੈ ਇਹ ਉਹਦੀ ਕਵਿਤਾ ਵਿਚਲੀ ਬੇਬਾਕਤਾ, ਰੋਹ ਅਤੇ ਤਾਪ ਤੋਂ ਵਾਚਿਆ ਜਾ ਸਕਦਾ ਹੈ। ਆਮ ਆਦਮੀ ਵਾਂਗੂੰ ਹੀ ਇਕ ਜਾਗਰੂਕ ਕਵੀ 'ਸਭ ਕੁਛ' ਬਰਦਾਸ਼ਤ ਨਹੀਂ ਕਰ ਸਕਦਾ। ਉਹ ਮਨੁੱਖ ਸਿਰਜਣ ਵਿਵਸਥਾ ਉਤੇ ਸ਼ਬਦਾਂ ਰਾਹੀਂ ਵਾਰ ਕਰਦਾ ਹੈ। ਵਿਵਸਥਾ (ਅ) ਮਨੁੱਖ ਸਿਰਜਣਾ ਲੋਚਦੀ ਹੈ ਪਰ ਕਵੀ



ਮਨੁੱਖ ਹੋਣਾ ਲੋਚਦਾ ਹੈ। ਕਵੀ ਉਹਦੇ ਵਲਗਣਾਂ ਨੂੰ ਤੋੜਦਾ ਹੈ, ਨੰਗਾ ਕਰਦਾ ਹੈ। ਕਵੀ ਜੋ ਚਾਹੁੰਦਾ ਹੈ ਕਲਪਦਾ ਹੈ, ਉਹ ਕਵਿਤਾ ਰਾਹੀਂ ਜਿਊਣ ਦੀ ਕੋਸ਼ਿਸ਼ ਕਰਦਾ ਹੈ। ਵਿਵਸਥਾ ਦੇ ਅੰਦਰ ਝਾਕਦਾ, ਵਿਵਸਥਾ ਵਲੋਂ ਸਿਰਜੇ ਜਾ ਰਹੇ ਮਨੁੱਖ ਨੂੰ ਖੰਡਿਤ ਕਰਨਾ ਅਤੇ ਇਕ ਨਵੇਂ ਮਨੁੱਖ, ਨਵੀਂ ਵਿਵਸਥਾ ਦੇ ਵਜੂਦ ਦੀ ਕਾਲਪਨਿਕ ਸਿਰਜਣਾ ਦਾ ਸੁਪਨਾ ਲੈਣਾ ਇਹ ਇਕ ਸ਼ਿਲਪ ਦਾ ਕੰਮ ਹੈ। ਇਕ ਸ਼ਿਲਪੀ/ਇਕ ਕਾਰੀਗਰ ਆਪਣੀ ਕਿਰਤ ਵਿਚ ਜਿੰਨਾ ਇਕਮਿਕ ਹੋਇਆ ਜਾਂ ਡੁੱਬਿਆ ਹੋਇਆ ਦਿਖਦਾ ਹੈ, ਉਸ ਤੋਂ ਵਧੇਰੇ ਉਹਨੂੰ ਅਦ੍ਰਿਸ਼ ਨੂੰ ਫੜਨ ਅਤੇ ਸਾਕਾਰ ਕਰਨ ਦੀ ਚੁਣੌਤੀ ਕਬੂਲਦਿਆਂ ਵੇਖਿਆ ਜਾ ਸਕਦਾ ਹੈ। ਕਵੀ ਸ਼ਿਲਪੀ ਵਾਂਗੂੰ ਜ਼ਿਦੰਗੀ ਦੀ ਹਕੀਕਤ ਦੀ ਜਿੰਨੀ ਗਹਿਰਾਈ 'ਚ ਜਾਂਦਾ ਹੋਇਆ ਚੁਣੌਤੀਆਂ ਸਵੀਕਾਰ ਕਰ ਰਿਹਾ ਹੁੰਦਾ ਹੈ, ਉਹਦੇ ਸ਼ਬਦਾਂ/ਲਫ਼ਜ਼ਾਂ ਜਾਂ ਕਹੋ ਉਹਦੀ ਭਾਸ਼ਾ ਉਨੀ ਹੀ ਤਾਕਤਵਰ ਬਣਦੀ ਚਲੀ ਜਾਂਦੀ ਹੈ। ਕਿਸੇ ਸਮਾਜਿਕ ਪ੍ਰਬੰਧ ਦੇ ਉਹਲੇ ਸਮਾਜ ਤੇ ਵਿਅਕਤੀ ਦਾ ਬੇਚੈਨੀ ਵਿਅਕਤੀ ਦੇ ਸੰਕਟ ਅੰਦਰ ਝਾਕਦਿਆਂ ਇਹਦੀਆਂ ਜਟਿਲਤਾਵਾਂ ਨੂੰ ਪਰਤ ਦਰ ਪਰਤ ਫਰੋਲਦਿਆਂ ਕਵੀ ਦੀ ਸੁਰ ਰੋਹਲੀ ਹੁੰਦੀ ਜਾਂਦੀ ਹੈ। ਪੰਜਾਬੀ ਕਵਿਤਾ ਦੇ ਪਿਛਲੇਰੇ ਸਾਢੇ ਚਾਰ ਸੌ ਪੰਜ ਸੌ ਸਾਲ ਦੇ ਇਤਿਹਾਸ 'ਚ ਨਿਗ੍ਹਾ ਮਾਰੀਏ ਤਾਂ ਇਹ ਸਥਿਤੀ ਵੇਖੀ ਜਾ ਸਕਦੀ ਹੈ। 'ਰਾਜੇ ਸ਼ੀਹ ਮੁਕੱਦਮ ਕੁੱਤੇ' ਜਾਂ 'ਇਕ ਤੂੰ ਕਸਾਈ ਮੇਰੇ ਪਿੰਡ ਦਿਆ ਰਾਜਿਆ ਉਏ' ਨਿਰੀ ਕਵਿਤਾ ਨਹੀਂ ਇਕ ਮਨੁੱਖੀ ਮੈਨੀਫੈਸਟੋ ਹੈ। ਇਹ ਸਿਰਫ਼ ਰੋਹਲੀ ਸੁਰ ਜੁਝਾਰਵਾਦ ਦੀ ਪ੍ਰਤੀਕ ਨਹੀਂ, ਇਕ ਨਵੀਂ ਵਿਵਸਥਾ ਦਾ ਐਲਾਨਨਾਮਾ ਵੀ ਹੈ- ਇਕ ਇਨਕਲਾਬੀ ਤਬਦੀਲੀ ਦੀ ਚਾਹਤ ਇਸ 'ਚੋਂ ਉਭਰਦੀ ਹੈ। ਇਥੇ ਭਾਸ਼ਾ 'ਚ ਇਕ ਨਵੀਂ ਰੂਹ ਫੂਕੀ ਮਿਲਦੀ ਹੈ। ਭਾਸ਼ਾ ਦੀ ਸਮਰੱਥਾ ਅਤੇ ਦਮ ਹੈ ਜਿਹੜਾ ਕਵੀ ਨੇ ਬਖ਼ਸ਼ਿਆ ਹੈ। 'ਕੁੱਤਾ' ਜਾਂ 'ਕਸਾਈ' ਇਕ ਚੇਤੰਨ ਨਫ਼ਰਤ ਦੀ ਸੀਮਾ ਦੀ ਸਿਖ਼ਰ ਹੈ ਅਤੇ ਵਿਵਸਥਾ ਤੋਂ ਨਾਬਰੀ ਦਾ ਹੋਕਾ। ਇਹ ਨਾਬਰੀ ਦਾ ਹੋਕਾ ਜਿਹੜਾ ਕਵੀ ਨਹੀਂ ਲੋਕਾਈ ਦੇ ਦਿਲ ਦੀ ਹੂਕ ਹੈ। ਇਹੀ ਕਾਰਨ ਹੈ ਕਿ ਇਹ ਆਸਾਨੀ ਨਾਲ ਲੋਕ ਬੋਲਾਂ, ਮਨਾਂ ਤੇ ਮਸਤਿਕ ਦਾ ਹਿੱਸਾ ਬਣ ਜਾਂਦੀ ਹੈ। ਇਥੇ ਸ਼ਬਦ ਸੁਰਾਂ 'ਚ ਮਿਲ ਕੇ ਵਿਵਸਥਾ ਨੂੰ ਵੰਗਾਰ ਰਹੇ ਹਨ, ਏਸ ਹਾਲਤ 'ਚ ਇਕ ਸ਼ਿਲਪੀ ਵਾਂਗੂੰ ਇਕ ਕਵੀ ਪਿਛੇ ਚਲਾ ਜਾਂਦਾ ਹੈ। ਭਾਵ ਉਹਦੀ ਹੋਂਦ ਸ਼ਬਦਾਂ 'ਚ ਭਾਸ਼ਾ 'ਚ ਰਚਮਿਚ ਜਾਂਦੀ ਹੈ। ਭਾਸ਼ਾ ਅੰਦਰ ਇਕ ਨਵੀਂ ਰੂਹ ਫੂਕੀ ਜਾ ਚੁੱਕੀ ਹੁੰਦੀ ਹੈ। ਹੁਣ ਹਥਿਆਰ ਭਾਸ਼ਾ ਹੈ। ਸ਼ਿਲਪੀ ਨੇ ਸਿਰਜਣਾ ਕਰਕੇ ਲੋਕਾਈ ਹੱਥ ਫੜਾ ਦਿੱਤਾ ਹੈ। ਜਦੋਂ ਇਕ ਵਾਰੀ ਲੋਕਾਈ ਦੀ ਪੀੜਾ ਨੂੰ ਸਿਰਜਦੇ ਲਫ਼ਜ਼ ਹਥਿਆਰ ਬਣ ਕੇ ਲੋਕਾਈ ਦੇ ਬੁੱਲ੍ਹਾਂ, ਮਨਾਂ ਤੇ ਮਸਤਿਕ 'ਚ ਚਲੇ ਜਾਣ ਤਾਂ ਉਹ ਬਾਰੂਦ ਬਣ ਜਾਂਦੇ ਹਨ। ਜਾਂ ਦੂਸਰੇ ਲਫ਼ਜ਼ਾਂ 'ਚ ਹਵਾ 'ਚ ਲਿਖੇ ਜਾਂਦੇ ਹਨ।

ਕਾਗ਼ਜ਼, ਕਲਮ ਤੋਂ ਸਫ਼ਰ ਕਰਕੇ ਹਵਾ 'ਚ ਲਿਖੇ ਜਾਣ ਤਕ ਸ਼ਬਦਾਂ ਦੇ ਸਫ਼ਰ ਦਾ ਵਾਹਕ ਚਿੰਤਕ ਹੈ, ਸਿਧਾਂਤ ਹੈ ਚੇਤੰਨਤਾ ਹੈ। ਉਦਾਸੀ ਲਈ ਕਵਿਤਾ ਸ਼ੌਕ ਨਹੀਂ, ਲੋੜ ਹੈ। ਉਦਾਸੀ ਦੀ ਕਵਿਤਾ ਦਸਦੀ ਹੈ ਕਿ ਤੁਸੀਂ ਕਿਥੇ ਹੋ? ਕਿਉਂ ਹੋ? ਇਸ ਪ੍ਰਬੰਧ

ਨੇ ਤੁਹਾਨੂੰ ਕੀ ਬਣਾ ਛੱਡਿਆ ਹੈ, ਤੁਸੀਂ ਇਸ ਵਿਵਸਥਾ ਦੇ ਕੋਹਲੂ ਨੂੰ ਸਿਰ ਸੁੱਟ ਕੇ ਵਗ ਰਹੇ ਬਲਦ ਵਾਂਗੂੰ ਗਿੜਦੇ ਰਹਿਣਾ ਹੈ ਜਾਂ ਸਿਰ ਚੁੱਕ ਕੇ ਬਿਜਲੀਆਂ ਨੂੰ ਅੱਖ ਮਾਰਨੀ ਹੈ। ਉਹਦੀ ਕਵਿਤਾ ਸੁਆਲ ਕਰਦੀ ਹੈ ਕਿ ਤੁਸੀਂ ਜਿਸ ਵਿਵਸਥਾ 'ਚ ਰਹਿ ਰਹੇ ਹੋ ਰਹਿਣ ਦੇ ਕਾਬਿਲ ਵੀ ਹੋ? ਆਮ ਆਦਮੀ ਨੂੰ ਇਨਸਾਫ਼ ਮਿਲਣ ਦੀ ਆਸ ਛੱਡੋ, ਆਮ ਆਦਮੀ ਨੂੰ ਵਿਵਸਥਾ ਸਮਝਦੀ ਹੀ ਕੀ ਹੈ? ਵਿਸ਼ੇਸ਼ ਕਰਕੇ ਉਦਾਸੀ ਉਨ੍ਹਾਂ ਵਿਹੜਿਆਂ ਦੀ ਮਾਨਵ ਪੀੜਾ ਦਾ ਅਹਿਸਾਸ ਕਰਾਉਂਦਾ ਹੈ ਜਿਹੜੇ ਸਮਾਜ ਦੇ ਹਾਸ਼ੀਏ ਤੋਂ ਬਾਹਰ ਹਨ। ਉਹ ਕਿਸੇ ਮੱਧਵਰਗੀ ਕਵੀ ਵਾਂਗੂੰ ਕੂਲੇ-ਕੂਲੇ ਪਿੱਲਿਆਂ ਵਰਗੇ ਮੁਲਾਇਮ ਲਫ਼ਜ਼ਾਂ ਦੀ ਵਰਤੋਂ ਨਹੀਂ ਕਰਦਾ ਸਗੋਂ ਵਿਹੜਿਆਂ ਦੀ ਜਿੰਨੀ ਕੁਰੱਖ਼ਤ ਜ਼ਿੰਦਗੀ ਹੈ ਉਹਦੇ ਸ਼ਬਦਾਂ, ਲਫ਼ਜ਼ਾਂ 'ਚ ਓਨਾ ਹੀ ਕੁਰੱਖ਼ਤ ਰੋਹ ਹੈ, ਵਿਦਰੋਹ ਹੈ।

ਜਿਨ੍ਹਾਂ ਵਿਹੜਿਆਂ 'ਚ ਉਦਾਸੀ ਸੂਰਜਾਂ ਦੇ ਮੱਘਣ ਦੀ ਲੋਚਾ ਰੱਖਦਾ ਹੈ, ਉਹ ਵਿਹੜਾ ਕੀ ਹੈ? ਭਾਰਤੀ ਜਮਾਤੀ ਅਤੇ ਸਮਾਜੀ ਤਾਣੇ-ਬਾਣੇ 'ਚ ਸਭ ਤੋਂ ਹੇਠਲੀ ਪੌੜੀ। ਵਿਹੜਾ ਭਾਰਤੀ ਸਮਾਜਿਕ ਆਰਥਿਕ ਬਣਤਰ ਦਾ ਉਹ ਕੇਂਦਰ ਹੈ ਜੋ ਵਿਵਸਥਾ ਵਲੋਂ ਨਕਾਰਿਆ ਹੈ, ਨਪੀੜਿਆ ਹੈ, ਹਰ ਪੱਖੋਂ ਲਿਤਾੜਿਆ ਹੈ। ਵਿਹੜੇ 'ਚ ਵਸਣ ਵਾਲੇ ਨਾ ਸਿਰਫ਼ ਜਾਇਦਾਦ ਵਿਹੂਣੇ ਚਲੇ ਆ ਰਹੇ ਹਨ ਸਗੋਂ ਵਿਵਸਥਾ ਵੱਲੋਂ ਅਣਗੋਲੇ ਵੀ ਚਲੇ ਆ ਰਹੇ ਹਨ। ਉਨ੍ਹਾਂ ਦੀ ਹੋਂਦ ਸਿਰਫ਼ ਕਿਰਤ ਵੇਚਣ ਤਕ ਸੀਮਤ ਹੈ। ਕਿਰਤ ਵੇਚਣ ਵਾਲਾ ਮੁਥਾਜ ਹੈ, ਮਜ਼ਬੂਰ ਹੈ, ਘੁੱਗੀ ਹੈ। ਭਾਰਤੀ ਸਮਾਜ ਦੀ ਸਭ ਤੋਂ ਛੋਟੀ ਭੂਗੋਲਿਕ ਇਕਾਈ ਪਿੰਡ ਹੈ ਅਤੇ ਪਿੰਡ ਦੀ ਭੂਗੋਲਿਕ ਪ੍ਰਸਥਿਤੀ ਵਿਚ ਵੀ ਵਿਹੜੇ ਦੀ ਹੋਂਦ ਇਕ ਖ਼ਾਸ ਦਿਸ਼ਾ 'ਚ ਨਿਰਧਾਰਤ ਕੀਤੀ ਜਾਂਦੀ ਸੀ। ਵਿਸ਼ੇਸ਼ ਕਰਕੇ ਥੋੜ੍ਹਾ ਜੇਹਾ ਪਿੰਡੋਂ ਹੱਟਵੀਂ ਵੀ। ਭਾਰਤੀ ਜਾਤ-ਪਾਤ ਅਵਸਥਾ 'ਚ ਛੂਆ-ਛਾਤ ਦੀ ਇਕ ਰੇਖਾ ਤੋਂ ਪਾਰ ਇਹ ਵਰਗ ਹਰ ਪੱਖੋਂ ਨਕਾਰਿਆ-ਅਣਗੌਲਿਆ ਅਤੇ ਲੁੱਟ ਦਾ ਸ਼ਿਕਾਰ ਰਿਹਾ ਹੈ। ਸਮਾਜ ਤੇ ਪਿੰਡਾਂ ਦੀ ਸੰਰਚਨਾ ਬਦਲਦੀ ਰਹੀ ਹੈ। ਬੇਸ਼ੱਕ ਛੂਆ-ਛਾਤ ਦਾ ਉਹ ਰੂਪ ਨਾ ਰਿਹਾ ਜਿਹੜਾ ਪੁਰਾਤਨ ਫਿਊਡਲ ਪ੍ਰਬੰਧ 'ਚ ਸੀ ਪਰ ਵਿਹੜੇ ਦੀ ਸਮਾਜਿਕ ਆਰਥਿਕ ਜ਼ਿੰਦਗੀ 'ਚ ਕੋਈ ਵਿਸ਼ੇਸ਼ ਪਰਿਵਰਤਨ ਨਹੀਂ ਆਏ। ਹਰ ਵਿਵਸਥਾ 'ਚ ਉਹ ਰਹੇ ਨਕਾਰੇ ਹੀ। ਆਜ਼ਾਦੀ ਦੇ 65 ਸਾਲ ਬਾਅਦ ਵੀ ਵਸ਼ਿੰਗਟਨ ਤੇ ਦਿੱਲੀ ਲਈ ਵਿਹੜੇ ਦੀ ਹੋਂਦ ਬਣਾਈ ਰੱਖਣਾ ਇਸ ਵਿਵਸਥਾ ਦੀ ਲਾਜ਼ਮੀ ਲੋੜ ਬਣੀ ਰਹੀ ਹੈ। ਵਿਹੜੇ ਦੀ ਹੋਂਦ ਹੈ ਤਾਂ ਸੱਤਾ ਦੀ ਹੋਂਦ ਹੈ। ਸੱਤਾ ਦੇ ਸਿਖ਼ਰ ਨੂੰ ਇਹੀ ਕਿਰਤ ਦੀ ਊਰਜਾ ਸਿੰਜਦੀ ਹੈ। ਉਦਾਸੀ ਇਨ੍ਹਾਂ ਵਿਹੜਿਆਂ 'ਚ ਇਕ ਨਵੀਂ ਰੌਸ਼ਨੀ ਨਵੀਂ ਲੋਅ ਨਵੇਂ ਸੂਰਜ ਦੀ ਲੋਚਾ ਰੱਖਦਾ ਹੈ। ਉਹਦੀ ਚਾਹਨਾ ਹੈ ਨਵਾਂ ਸੂਰਜ ਇਨ੍ਹਾਂ ਵਿਹੜਿਆਂ 'ਚ ਉਗੇ ਭਾਵ ਉਹ ਬਰਾਬਰੀ ਵਾਲਾ ਸਮਾਜ ਜਿਹੜਾ ਇਨ੍ਹਾਂ ਹਾਸ਼ੀਏ ਤੋਂ ਪਾਰ ਲੋਕਾਂ/ਮਜ਼ਦੂਰਾਂ ਲਈ ਨਵੀਂ ਜ਼ਿੰਦਗੀ ਦਾ ਵਾਹਕ ਬਣੇ। ਮਾਲਕੀ ਵਾਲੀਆਂ ਅਤੇ ਸਮਾਜਿਕ ਸਰਦਾਰੀ ਵਾਲੀਆਂ ਉੱਚ ਜਮਾਤਾਂ ਦੇ ਹਾਣ ਦਾ ਮਾਣ ਬਖਸ਼ੇ। ਉਤਪਾਦਨ ਦੇ ਸਾਧਨਾਂ ਤੋਂ ਵਿਹੂਣੇ ਇਨ੍ਹਾਂ ਲੋਕਾਂ ਨੂੰ ਪੈਦਾਵਾਰੀ ਸਾਧਨਾਂ ਦੀ ਬਰਾਬਰ ਦੀ ਮਾਲਕੀ ਭਾਵ ਸਾਡੀ ਮਾਲਕੀ ਦਾ



ਲਖਾਇਕ ਬਣੇ। ਉਹ ਦਿੱਲੀ ਦੀ ਸੱਤਾ ਤੇ ਵਿਵਸਥਾ ਵਿਚਕਾਰ ਜਿਹੜੀ ਵਿਹੜੇ ਦੀ ਵਿਰੋਧਤਾਈ ਹੈ ਉਹਨੂੰ ਲੁਕੋਂਦਾ ਨਹੀਂ, ਨਾ ਸਿਰਫ਼ ਜ਼ਾਹਰ ਹੀ ਕਰਦਾ ਹੈ ਸਗੋਂ ਤੇਜ਼ ਕਰਨ ਦਾ ਕੰਮ ਵੀ ਕਰਦਾ ਹੈ। ਇਹੀ ਕਾਰਨ ਹੈ ਕਿ ਉਸ ਦੀ ਕਵਿਤਾ ਘੁੱਗੀਆਂ ਦੇ ਬੱਚਿਆਂ ਹੱਥੋਂ ਖੋਹੀ ਜਾਂਦੀ ਰੋਟੀ ਨੂੰ ਬਰਦਾਸ਼ਤ ਨਹੀਂ ਕਰਦੀ ਸਗੋਂ ਰੋਟੀ ਖੋਹਣ ਵਾਲੇ ਕਾਵਾਂ ਨੂੰ ਵੰਗਾਰਦੀ ਹੈ। ਪੁੱਠੇ ਕਰਨ ਦਾ ਸੱਦਾ ਦਿੰਦੀ ਹੈ। ਵੀਹਵੀਂ ਸਦੀ ਦੇ ਉਨ੍ਹਾਂ ਰਾਵਣਾਂ ਦੇ ਸਿਰ ਵੱਢਣ ਦਾ ਐਲਾਨ ਕਰਦੀ ਹੈ। ਘੁੱਗੀ ਕੀ ਹੈ? ਘੁੱਗੀਆਂ ਦੇ ਬੱਚੇ ਕੌਣ ਹਨ? ਪੰਜਾਬੀ ਲੋਕ ਮਿੱਥਾਂ ਅਨੁਸਾਰ ਘੁੱਗੀ ਇਕ ਐਸਾ ਪੰਛੀ ਹੈ ਜਿਹੜਾ ਕਿਸੇ 'ਤੇ ਵਾਰ ਨਹੀਂ ਕਰਦਾ, ਨਾ ਹੀ ਕਾਂ ਵਾਂਗੂੰ ਚਲਾਕ ਹੈ ਤੇ ਨਾ ਹੀ ਚੋਗਾ ਕਿਸ ਤੋਂ ਖੋਹਦਾ ਹੈ। ਨਾ ਹੀ ਮੋਰ ਤੇ ਬਾਜ਼ ਵਾਂਗੂੰ ਤੇਜ਼ ਤਰਾਰ ਹੈ। ਘੁੱਗੀ ਇਕ ਨਿਮਰਤਾ, ਸਾਦਗੀ ਅਤੇ ਭਲਾਮਾਣਸੀ ਦਾ ਪ੍ਰਤੀਕ ਹੈ। ਸ਼ਾਂਤੀ ਤੇ ਸਾਦਗੀ ਦੀ ਪ੍ਰਤੀਕ ਘੁੱਗੀ ਨੂੰ ਹਰ ਸਮੇਂ ਜ਼ੋਰਾਵਰ ਪੰਛੀਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਵਿਹੜੇ ਦੇ ਬੱਚਿਆਂ ਨੂੰ ਵੀ ਵਿਵਸਥਾ ਸਦੀਆਂ ਤੋਂ ਕੋਂਹਦੀ ਆ ਰਹੀ ਹੈ। ਕਾਗੋਆਂ ਦੇ ਹੱਥ ਵਿਚਲੀ ਸਤਾ ਉਨ੍ਹਾਂ ਦੀ ਕਿਰਤ ਤੇ ਮਾਨਸਿਕਤਾ ਦਾ ਦੋਹਨ ਕਰਦੀ ਰਹੀ ਹੈ। ਉਨ੍ਹਾਂ ਦੇ ਹੱਥਾਂ ਤੋਂ ਕਮਾਈ ਰੋਟੀ ਖੋਹਣ ਵਾਲੀ ਵਿਵਸਥਾ ਨੂੰ ਇਕ ਚੇਤਨ ਵਿਅਕਤੀ ਤੇ ਕਵੀ ਬਰਦਾਸ਼ਤ ਕਿਵੇਂ ਕਰ ਸਕਦਾ ਸੀ। ਵਿਸ਼ੇਸ਼ ਕਰਕੇ ਉਦਾਸੀ ਨੇ ਇਹ ਕੁਝ ਹੱਡੀਂ ਹੰਢਾਇਆ ਤੇ ਨੇੜਿਉਂ ਵਾਚਿਆ ਸੀ।

ਸੰਤ ਰਾਮ ਉਦਾਸੀ ਇਕ ਅਜੇਹੇ ਹੀ ਮਿਹਨਤਕਸ਼ ਪਰਿਵਾਰ 'ਚ ਪੈਦਾ ਹੋਇਆ ਜਿਹੜਾ ਮਾਲਕੀ ਵਾਲੀਆਂ ਜਮਾਤਾਂ ਕੋਲ ਕਿਰਤ ਵੇਚ ਕੇ ਜ਼ਿੰਦਗੀ ਤੋਰਦਾ ਹੈ। ਖੇਤਾਂ 'ਚ ਸਖ਼ਤ ਕਿਰਤ ਕਰਨ ਤੋਂ ਲੈ ਕੇ ਅਧਿਆਪਕ ਬਣਨ ਤਕ ਦਾ ਸਫ਼ਰ ਅਤੇ ਆਪਣੇ ਪੁਰਖਿਆਂ ਵਿਸ਼ੇਸ਼ ਕਰਕੇ ਮਾਂ ਵਲੋਂ ਕਿਰਤ ਕਰਕੇ ਪਰਵਰਿਸ਼ ਕਰਨ ਦੇ ਸੰਘਰਸ਼ ਦੀ ਚੀਸ ਉਦਾਸੀ ਦੇ ਅੰਦਰ ਲਗਾਤਾਰ ਤੜਪਦੀ ਰਹੀ। ਉਦਾਸੀ ਨੂੰ ਉਦਾਸੀ ਬਣਾਉਣ ਵਿਚ ਕਿੰਨਿਆਂ ਪੜਾਵਾਂ ਦੀ ਭੂਮਿਕਾ ਰਹੀ, ਇਹ ਇਕ ਅਲੱਗ ਵਿਸ਼ਾ ਹੈ। ਉਹਦੀ ਕਵਿਤਾ ਵਿਚ ਸੰਗੀਤਕ ਸੁਰਾਂ ਤੇ ਰਿਦਮਾਂ ਉਹਨੂੰ ਇਕ ਡੇਰੇ ਦੇ ਸੰਗੀਤਕ ਗਿਆਨ 'ਚੋਂ ਵੀ ਮਿਲੇ। ਉਂਝ ਵੀ ਪਿੰਡ ਰਾਏਸਰ ਦੀ ਆਪਣੀ ਇਕ ਪਹਿਚਾਣ ਇਸ ਕਰਕੇ ਰਹੀ ਹੈ ਕਿ ਅੰਗਰੇਜ਼ਾਂ ਦੇ ਰਾਜ ਵੇਲੇ ਇਹ ਪਿੰਡ ਦੋ ਸੱਤਾ ਦੇ ਕੇਂਦਰਾਂ 'ਚ ਵੰਡਿਆ ਹੋਇਆ ਸੀ। ਅੱਧਾ ਪਟਿਆਲੇ ਦੇ ਰਾਜੇ ਦੇ ਰਾਜ ਹੇਠ ਸੀ ਅਤੇ ਅੱਧਾ ਅੰਗਰੇਜ਼ੀ ਰਾਜ ਹੇਠ। ਇਸ ਕਰਕੇ ਅੰਗਰੇਜ਼ਾਂ ਦੇ ਦੌਰ 'ਚ ਚੱਲੀਆਂ ਲਹਿਰਾਂ ਸਮੇਂ ਇਹ ਕੇਂਦਰ ਵੀ ਰਿਹਾ ਸੀ। ਸੱਤਾ ਤੋਂ ਨਾਬਰਤਾ ਉਹਨੂੰ ਆਪਣੇ ਇਸ ਪਿਛੋਕੜੀ ਵਿਰਾਸਤ 'ਚ ਮਿਲੀ ਤੇ ਫਿਰ ਕੂਕਿਆਂ ਦੇ ਘਰਾਂ 'ਚ ਕਿਰਤ ਕਰਦਿਆਂ ਬਗ਼ਾਵਤੀ ਲਹਿਰਾਂ ਦੀ ਪਿਉਂਦ ਵੀ ਚੜ੍ਹੀ। ਇਥੇ ਹੀ ਸ਼ਬਦਾਂ ਨੂੰ ਕਾਵਿਕ ਪੰਕਤੀਆਂ 'ਚ ਪਰੋਣਾ ਸਿੱਖਣ ਵਾਲੇ ਕਵੀ ਸੰਤ ਰਾਮ ਨੇ ਸ਼ਬਦਾਂ ਨੂੰ ਸੁਰਾਂ ਤੇ ਰਿਦਮਾਂ ਨਾਲ ਓਤਪੋਤ ਕਰਨ ਦਾ ਗਿਆਨ ਸਿੱਖਿਆ। ਨਾਲ ਦੀ ਨਾਲ ਉਹ ਕਿਰਤ ਤੇ ਵਿਦਿਆ ਹਾਸਲ ਕਰਨ ਦੇ ਸੰਘਰਸ਼ 'ਚੋਂ ਜਿਹੜੀ ਪੀੜਾ ਨੂੰ ਸਮੋਂਦਾ ਗਿਆ, ਉਹ ਉਹਦੇ ਸਿਰੜ ਤੇ ਸਿਦਕ ਦਿਲੀ ਦਾ ਵਾਹਕ ਬਣੀ। ਇਸੇ ਦੌਰਾਨ ਪੰਜਾਬੀ ਇਤਿਹਾਸ

ਤੇ ਸਿੱਖ ਲਹਿਰਾਂ ਤੇ ਫਲਸਫ਼ੇ ਨੂੰ ਗ੍ਰਹਿਣ ਕਰਦਾ, ਸਮਾਜੀ ਸਤਾ ਤੇ ਭਾਰੂ ਵਰਗ ਦੀਆਂ ਲੁੱਬੜ ਚਾਲਾਂ ਨੂੰ ਪਛਾਣਨ ਦੇ ਰਾਹ ਤੁਰਿਆ। ਸੱਤਾ 'ਤੇ ਭਾਰੂ ਵਰਗ ਪ੍ਰਤੀ ਨਫ਼ਰਤ ਤੇ ਰੋਹ ਨੂੰ ਚੇਤੰਨਤਾ ਤੇ ਚਿੰਤਨ ਤਕ ਪਹੁੰਚਾਉਣ ਵਿਚ ਉਸ ਦਾ ਮਾਰਗ ਦਰਸ਼ਨ ਇਸੇ ਦੌਰਾਨ ਹੀ ਹੋਇਆ। ਉਹ ਕਮਿਊਨਿਸਟ ਲਹਿਰ ਤੋਂ ਪ੍ਰਭਾਵਿਤ ਹੋਇਆ ਤੇ ਵਿਚਾਰਧਾਰਾ ਪ੍ਰਤੀ ਗੰਭੀਰ। ਉਹਦੇ ਦਸਵੀਂ ਪਾਸ ਕਰਨ ਤੋਂ ਜੇ.ਬੀ.ਟੀ. ਤਕ ਦਾ ਸਫ਼ਰ ਉਹਦੀ ਵਿਚਾਰਧਾਰਾ ਗੁੜ੍ਹਤੀ ਤੇ ਪਰਪੱਕਤਾ ਦਾ ਸਫ਼ਰ ਵੀ ਹੈ। ਜਦੋਂ ਉਹ ਮਾਰਕਸੀ ਫਲਸਫ਼ੇ ਵੱਲ ਖਿੱਚਿਆ ਜਾ ਰਿਹਾ ਸੀ ਅਤੇ ਉਸ ਨਾਲ ਆਤਮਸਾਤ ਕਰ ਰਿਹਾ ਸੀ ਤਾਂ ਉਸੇ ਦੌਰ 'ਚ ਭਾਰਤੀ ਸਮਾਜ, ਰਾਜਨੀਤੀ ਵਿਵਸਥਾ ਅਤੇ ਕਮਿਊਨਿਸਟ ਲਹਿਰ 'ਚ ਤਿੱਖੀਆਂ ਤਬਦੀਲੀਆਂ ਹੋ ਰਹੀਆਂ ਸਨ।

ਜਦੋਂ ਸੰਕਟ ਆਉਂਦਾ ਹੈ ਪਹਿਲਾਂ ਹਕੂਮਤ ਦੀਆਂ ਆਰਥਿਕ ਨੀਤੀਆਂ ਆਉਂਦੀਆਂ ਹਨ ਫਿਰ ਨੀਤੀਆਂ ਨੂੰ ਲਾਗੂ ਕਰਾਉਣ ਲਈ ਕਾਨੂੰਨੀ ਤਾਣਾ ਪੇਟਾ ਤਬਦੀਲ ਕੀਤਾ ਜਾਂਦਾ ਹੈ ਅਤੇ ਫਿਰ ਲੋਕਾਂ ਨੂੰ ਗੁੰਮਰਾਹ ਕਰਨ ਲਈ ਲੋਕ ਭੁਲਾਊ ਸ਼ਬਦਾਵਲੀ ਤੇ ਨਾਹਰੇ ਦਿੱਤੇ ਜਾਂਦੇ ਹਨ। 1960 ਤੋਂ ਲੈ ਕੇ 1970 ਦਾ ਦਹਾਕਾ ਇਸ ਦਾ ਲਖਾਇਕ ਹੈ। 1947 'ਚ ਮਿਲੀ ਆਜ਼ਾਦੀ ਤੇ ਨਹਿਰੂਵਾਦੀ ਆਰਥਿਕ ਲੀਹਾਂ ਉਤੇ ਉਸਾਰਿਆ ਨਿਜ਼ਾਮ ਮੁੱਢਲੇ ਡੇਢ ਦਹਾਕੇ 'ਚ ਹੀ ਖੜੋਤ ਦਾ ਸ਼ਿਕਾਰ ਹੋ ਗਿਆ। ਭਾਰਤੀ ਆਰਥਿਕਤਾ ਦੀ ਬੁਨਿਆਦ ਉਹਨੀ ਦਿਨੀਂ ਖੇਤੀ ਸੀ। ਜਿਹੜੀ ਸੰਕਟ ਗ੍ਰਸਤ ਹੋ ਗਈ। ਅਕਾਲ ਵਾਲੀ ਸਥਿਤੀ 'ਚ ਨਾ ਸਿਰਫ਼ ਅਨਾਜ ਬਾਹਰੋਂ ਮੰਗਾਉਣਾ ਪਿਆ ਸਗੋਂ ਨਾਲ ਹੀ ਨਵੀਆਂ ਆਰਥਿਕ ਨੀਤੀਆਂ ਵੀ ਥੋਪੀਆਂ ਗਈਆਂ। ਸਵੈ ਵਿਕਾਸ ਦੇ ਮਾਰਗ ਦਾ ਤਾਂ ਭੋਗ ਪੈ ਚੁੱਕਾ ਸੀ। ਆਰਥਿਕ ਖੜੋਤ 'ਚੋਂ ਨਿਕਲਣ ਲਈ ਵਿਦੇਸ਼ੀ ਕਰਜ਼ਿਆਂ ਦਾ ਸਹਾਰਾ ਲੈਣਾ ਪਿਆ। ਸਿੱਟੇ ਵਜੋਂ ਖੇਤੀ ਦੇ ਵਿਕਾਸ ਦਾ ਮਾਡਲ ਵੀ ਕਰਜ਼ਿਆਂ ਦੇ ਨਾਲ ਲਾਜ਼ਮੀ ਪਰੋਸਿਆ ਗਿਆ। ਵੱਡੀ ਪੱਧਰ 'ਤੇ ਆਏ ਵਿਦੇਸ਼ੀ ਕਰਜ਼ੇ ਖੇਤੀ ਅਤੇ ਸਨਅਤ 'ਚ ਥੋਪੀ ਨਵੀਂ ਤਕਨੀਕ ਤੇ ਮਾਡਲ ਨੇ ਵਿਸ਼ਵ ਪੂੰਜੀ ਦੀ ਆਧੁਨਿਕ ਗ੍ਰਿਫ਼ਤ 'ਚ ਫਾਹ ਲਿਆ। ਜਿਸ ਬਸਤੀਵਾਦ ਤੋਂ ਛੁਟਕਾਰਾ ਪਾਇਆ ਸੀ ਉਹ ਸਮਕਾਲੀ ਪੂੰਜੀ ਦੀ ਵਿਵਸਥਾ ਨੇ ਅਸਿੱਧੇ ਰੂਪ 'ਚ ਗੁੰਝਲਦਾਰ ਢੰਗ ਨਾਲ ਥੋਪ ਦਿੱਤੀ। ਜਦੋਂ ਇਕ ਵਾਰ ਪੂੰਜੀ ਦੀ ਗ੍ਰਿਫ਼ਤ 'ਚ ਕੋਈ ਵਿਵਸਥਾ ਆ ਜਾਵੇ, ਉਹਦੇ ਬਾਹਰ ਨਿਕਲਣ ਦੀ ਗੁੰਜਾਇਸ਼ ਨਹੀਂ ਰਹਿੰਦੀ। ਨਹਿਰੂ ਮਾਡਲ ਦੇ ਭੋਗ ਨਾਲ ਅੰਦਰਲਾ ਰਾਜਸੀ ਸੰਕਟ ਵੀ ਤੇਜ਼ ਹੋਇਆ। ਕਾਂਗਰਸ ਦੀ ਟੁੱਟ ਭੱਜ ਦੇ ਨਾਲ ਨਾਲ ਜਮਹੂਰੀਅਤ ਦੇ ਹੇਠਾਂ ਤਾਨਾਸ਼ਾਹ ਚਰਿੱਤਰ ਪਲਣ ਲੱਗਾ। ਲੋਕਾਂ ਦੀ ਆਰਥਿਕ ਬੇਚੈਨੀ ਕਰਵੱਟਾਂ ਲੈ ਰਹੀ ਸੀ ਪਰ ਇਸ ਨੂੰ ਮਾਰਗ ਦਿਸ਼ਾ ਦੇਣ ਵਾਲੀਆਂ ਧਿਰਾਂ ਖ਼ੁਦ ਸਿਧਾਂਤਕ ਸੰਕਟਾਂ ਦਾ ਸ਼ਿਕਾਰ ਸਨ। 1950 ਵਿਚ ਤੇਲੰਗਾਨਾ ਘੋਲ ਨੂੰ ਵਾਪਿਸ ਲੈਣ ਪਿਛੋਂ ਇਨ੍ਹਾਂ ਸੰਘਰਸ਼ਾਂ ਨੂੰ ਅਗਵਾਈ ਦੇਣ ਵਾਲੀ ਧਿਰ ਨੂੰ ਕਮਿਊਨਿਸਟ ਲਹਿਰ 'ਚੋਂ ਨਿਕਲਣ ਦਾ ਰਾਹ ਨਹੀਂ ਸੀ ਮਿਲ ਰਿਹਾ। ਬੇਸ਼ਕ 1964 'ਚ ਇਹਦੇ ਦੁਫਾੜ ਹੋਣ ਪਿਛੋਂ 1966-67 'ਚ ਪਹਿਲੀ ਵਾਰ ਕਈ



ਰਾਜਾਂ 'ਚ ਗ਼ੈਰ ਕਾਂਗਰਸੀ ਸਰਕਾਰਾਂ ਦੇ ਗਠਨ ਨਾਲ ਪੱਛਮੀ ਬੰਗਾਲ 'ਚ ਇਨਕਲਾਬੀ ਨਾਹਰੇ ਲਾਉਣ ਵਾਲੀ ਸੀ.ਪੀ.ਐਮ. ਦੀ ਅਗਵਾਈ ਹੇਠ ਬਣੇ ਸਾਂਝੇ ਮੋਰਚੇ ਦੀ ਸਰਕਾਰ ਹੋਂਦ 'ਚ ਆ ਗਈ ਸੀ। ਨਾਲ ਦੀ ਨਾਲ ਜ਼ਮੀਨੀ ਸੁਧਾਰਾਂ ਨੂੰ ਪ੍ਰਥਮ ਕਾਰਜ ਦੇ ਤੌਰ 'ਤੇ ਕੱਢਣ ਵਾਲੀ ਕਮਿਊਨਿਸਟ ਪਾਰਟੀ ਲਈ ਵੀ ਅੱਗੇ ਤੁਰਨ ਤੋਂ ਹਿਚਹਿਚਕਾਹਟ ਨੇ ਪਾਰਟੀ ਅੰਦਰ ਇਕ ਨਵੀਂ ਕਰਵੱਟ ਪੈਦਾ ਕੀਤੀ। ਜਗੀਰਦਾਰਾਂ ਤੇ ਮੁਜ਼ਾਹਰਿਆਂ ਦੇ ਟਕਰਾਅ 'ਚ ਕਿਹਦਾ ਪੱਖ ਲਿਆ ਜਾਵੇ, ਇਸ ਟਕਰਾਅ ਨੂੰ ਕਿਹੜੀ ਦਿਸ਼ਾ ਦਿੱਤੀ ਜਾਵੇ ਦੇ ਸੁਆਲ ਤੇ ਪਾਰਟੀ ਅੰਦਰ ਹੀ ਦੋ ਸੁਆਲ ਉਭਰੇ ਜਿਹੜੇ ਦੋ ਕੇਂਦਰਾਂ ਦੇ ਰੂਪ 'ਚ ਸਾਹਮਣੇ ਆਏ। ਜਦੋਂ ਤੁਸੀਂ ਸੱਤਾ ਤੋਂ ਬਾਹਰ ਹੋ ਤਾਂ ਜਮਾਤੀ ਸੰਘਰਸ਼ ਦਾ ਮਤਲਬ ਕੁਝ ਹੋਰ ਹੁੰਦਾ ਹੈ, ਜਮਾਤੀ ਜੰਗ ਤੇਜ਼ ਕਰਨਾ, ਪਰ ਜਦੋਂ ਤੁਸੀਂ ਸੱਤਾ 'ਚ ਆਉਂਦੇ ਹੋ ਤਾਂ ਤੁਸੀਂ ਜਮਾਤੀ ਸੰਘਰਸ਼ ਪ੍ਰਤੀ ਕਿਹੜਾ ਰਵੱਈਆ ਅਪਨਾਉਣਾ ਹੈ ਇਹ ਤੁਹਾਡੇ ਚਰਿੱਤਰ ਦਾ ਲਖਾਇਕ ਹੋ ਨਿਬੜਦਾ ਹੈ। ਸੱਤਾ ਜਮਾਤੀ ਸੰਘਰਸ਼ ਨੂੰ ਅੱਗੇ ਵਧਾਉਣ 'ਚ ਸਹਾਈ ਤਾਂ ਹੋ ਨਹੀਂ ਸਕਦੀ ਵਿਸ਼ੇਸ਼ ਕਰਕੇ ਬੁਰਜ਼ੂਆ ਜਮਹੂਰੀਅਤ 'ਚ ਸੱਤਾ ਦੀ ਆਪਣੀ ਇਕ ਮਰਿਆਦਾ ਹੈ, ਲਛਮਣ ਰੇਖਾ ਹੈ। ਚੋਣਾਂ 'ਚ ਹਿੱਸਾ ਲੈਣਾ ਜਾਂ ਨਾ ਲੈਣਾ ਇਕ ਅਲੱਗ ਦਾਅਪੇਚ ਹੈ। ਪਰ ਸੱਤਾ ਨੂੰ ਕਾਇਮ ਰੱਖਣਾ ਜਾਂ ਜਮਾਤੀ ਸੰਘਰਸ਼ ਨੂੰ ਅੱਗੇ ਵਧਾਉਣਾ ਇਹ ਕੇਂਦਰੀ ਤੇ ਬੁਨਿਆਦੀ ਸੁਆਲ ਹੈ। ਤੁਸੀਂ ਸੱਤਾ ਲੋਚਦੇ ਹੋ ਤਾਂ ਜਮਾਤੀ ਸੰਘਰਸ਼ ਤੋਂ ਪਾਸੇ ਹੋਵੋਗੇ ਤੁਸੀਂ ਜਮਾਤੀ ਸੰਘਰਸ਼ ਲੋਚਦੇ ਹੋ ਤਾਂ ਸੱਤਾ ਤੋਂ ਪਾਸੇ ਹੋਵੋਗੇ। ਸੋ ਬੰਗਾਲ ਦੇ ਕਿਸਾਨ ਸੰਘਰਸ਼ ਤੇ ਪਾਰਟੀ ਦਰਮਿਆਨ ਆਏ ਇਸ ਵਿਰੋਧ ਦਾ ਸਿੱਟਾ ਹੀ ਨਕਸਲਬਾੜੀ ਦੀ ਬਗ਼ਾਵਤ 'ਚ ਨਿਕਲਿਆ। ਜਮਾਤੀ ਸੰਘਰਸ਼ ਨੂੰ ਅੱਗੇ ਵਧਾਉਣ ਵਾਲੀ ਧਿਰ ਨੂੰ ਆਪਣਿਆਂ ਨੇ ਹੀ ਸੱਤਾ ਦੀ ਮਸ਼ੀਨਰੀ ਨਾਲ ਕੁਚਲਣ ਦਾ ਜੋ ਪੈਂਤੜਾ ਲਿਆ, ਇਸ ਨੇ ਦੇਸ਼ ਭਰ 'ਚ ਇਕ ਇਨਕਲਾਬੀ ਉਭਾਰ ਨੂੰ ਜਨਮ ਦਿੱਤਾ। ਬੰਗਾਲੀ ਕਿਸਾਨ ਸੰਘਰਸ਼ ਨੇ ਦੇਸ਼ ਦੇ ਕਮਿਊਨਿਸਟ ਹਲਕਿਆਂ 'ਚ ਇਕ ਲੀਕ ਖਿੱਚ ਦਿੱਤੀ। ਜਿਸ ਦਾ ਪ੍ਰਭਾਵ ਪੰਜਾਬ ਉਤੇ ਪੈਣਾ ਸੁਭਾਵਕ ਸੀ। ਰਵਾਇਤੀ ਲੀਡਰਸ਼ਿਪ ਦਾ ਅਗਵਾਈ ਦੇਣ ਤੇ ਅਸਮਰਥ ਹੋਣਾ ਇਨਕਲਾਬੀ ਵਿਸਫ਼ੋਟਾਂ ਦਾ ਕਾਰਨ ਹੁੰਦਾ ਹੈ। ਆਖ਼ਰ ਖੜੋਤ ਨੂੰ ਕਿਸੇ ਵਿਸਫ਼ੋਟ ਨਾਲ ਹੀ ਤਾਂ ਤੋੜਿਆ ਜਾ ਸਕਦਾ ਹੈ।

ਸੋ ਤਿੜਕੇ ਹੋਏ ਸੁਪਨਿਆਂ ਨੂੰ ਇਕ ਨਵੀਂ ਭੌਂ ਮਿਲੀ। ਫ਼ਰਿੱਜ 'ਚ ਲੱਗੇ ਇਨਕਲਾਬੀ ਲਫ਼ਜ਼ ਨੂੰ ਇਕ ਨਵੀਂ ਊਰਜਾ ਨੇ ਗਰਮਾਹਟ ਨਾਲ ਸੁਰਖ ਕੀਤਾ। ਇਨਕਲਾਬ ਲਫ਼ਜ਼ 'ਚ ਨਵਾਂ ਜੋਸ਼ ਵਰਿਆਂ ਤੇ ਹੁਲਾਸ ਪੈਦਾ ਹੋਇਆ। ਨੌਜਵਾਨ ਵਰਗ ਇਸ ਵੱਲ ਖਿੱਚਿਆ ਗਿਆ। ਇਸ ਸਭ 'ਚ ਵਿਸ਼ਵ ਦੀਆਂ ਇਨਕਲਾਬੀ ਲਹਿਰਾਂ 'ਚ ਲਈ ਜਾ ਰਹੀ ਕਰਵੱਟ, ਵੀਅਤਨਾਮ ਕੰਬੋਡੀਆਂ ਦੀਆਂ ਇਨਕਲਾਬੀ ਲਹਿਰਾਂ ਅਤੇ ਵਿਸ਼ੇਸ਼ ਕਰਕੇ ਚੀਨ ਦੇ ਸਭਿਆਚਾਰਕ ਇਨਕਲਾਬ ਦੀ ਉਥਲ ਪੁਥਲ ਦੀ ਵੀ ਭੂਮਿਕਾ ਸੀ। ਬਿਲਕੁਲ ਇਕ ਨਵੇਂ ਇਨਕਲਾਬੀ ਚਿੰਤਨ, ਵਿਚਾਰਧਾਰਾ ਤੇ ਮਾਰਗ ਨੇ ਇਕ ਨਵਾਂ ਮਾਹੌਲ ਸਿਰਜਿਆ। ਰਾਜਨੀਤਕ ਅਤੇ ਸਮਾਜਿਕ ਖੇਤਰ ਸਮੇਤ ਇਸ ਨੇ ਸਾਹਿਤਕ ਖੇਤਰ

ਵਿਚ ਵੀ ਆਈ ਖੜੋਤ ਨੂੰ ਤੋੜਿਆ। ਪੰਜਾਬੀ ਸਾਹਿਤ 'ਚ ਆਈ ਇਸ ਖੜੋਤ ਨੂੰ ਤੋੜਨ ਵਿਚ ਇਸ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਜਦੋਂ ਵੀ ਕੋਈ ਨਵਾਂ ਖ਼ਿਆਲ ਜਾਂ ਸੰਘਰਸ਼ ਕਰਵੱਟ ਲੈਂਦਾ ਹੈ ਤਾਂ ਸਭ ਤੋਂ ਪਹਿਲਾਂ ਸਾਹਿਤ ਅਤੇ ਕਲਾ ਦਾ ਖੇਤਰ ਹੀ ਹੈ ਜਿਸ 'ਚ ਇਹਦਾ ਆਗਾਜ਼ ਹੁੰਦਾ ਹੈ ਅਤੇ ਇਹੀ ਇਸ ਦਾ ਵਾਹਕ ਬਣਦਾ ਹੈ। ਪੰਜਾਬੀ ਕਵਿਤਾ ਦੇ ਇਸੇ ਦੌਰ ਨੇ ਸੰਤ ਰਾਮ ਉਦਾਸੀ ਨੂੰ ਸਾਹਮਣੇ ਲਿਆਂਦਾ। ਆਪਣੇ ਸਮਕਾਲੀ ਕਵੀਆਂ ਨਾਲੋਂ ਬਿਲਕੁਲ ਵੱਖਰੀ ਪਹਿਚਾਣ ਤੇ ਅੰਦਾਜ਼ ਵਾਲਾ ਕਵੀ।

ਸੋ ਹੱਥਾਂ 'ਚੋਂ ਖੋਹੀ ਜਾਣ ਵਾਲੀ ਰੋਟੀ ਦਾ ਦਰਦ ਸਭ ਤੋਂ ਵੱਧ ਉਹਨੂੰ ਹੀ ਹੁੰਦਾ ਹੈ ਜਿਹਦੇ ਹੱਥਾਂ 'ਚੋਂ ਇਹ ਖੋਹੀ ਜਾ ਚੁੱਕੀ ਹੁੰਦੀ ਹੈ। ਉਦਾਸੀ ਦੀ ਬਾਲ ਵਰੇਸ ਉਮਰ ਨੇ ਰੋਟੀ ਖੋਹੀ ਜਾਣ ਦੀ ਪੀੜ ਨੂੰ ਹੰਢਾਇਆ ਹੈ, ਭੋਗਿਆ ਹੈ। ਉਹਨੂੰ ਸੂਝ ਹੈ ਕਿ ਇਕ ਵਿਵਸਥਾ ਹੈ, ਪ੍ਰਬੰਧ ਹੈ ਜਿਹੜਾ ਇਨ੍ਹਾਂ ਕਿਰਤ ਕਰਨ ਵਾਲੇ ਹੱਥਾਂ 'ਚੋਂ ਰੋਟੀ ਖੋਹ ਕੇ ਲੈ ਜਾਂਦਾ ਹੈ। ਉਹ ਅੱਜ ਵੀ ਕਿਰਤ ਕਰ ਰਹੇ ਹਨ, ਕੱਲ੍ਹ ਵੀ ਕਰਦੇ ਸਨ ਤੇ ਅਗਲੇ ਭਲਕ ਵੀ ਕਿਰਤ ਹੀ ਕਰਨਗੇ। ਉਨ੍ਹਾਂ ਦੇ ਹੱਥਾਂ 'ਚੋਂ ਕਿਰਤ ਹਰ ਸਮੇਂ ਖੋਹੀ ਜਾਂਦੀ ਰਹੇਗੀ। ਪੂਰੀ ਵਿਵਸਥਾ ਹੀ ਕਿਰਤ ਦੇ ਆਸਰੇ ਚਲਦੀ ਤੇ ਪਲਦੀ ਹੈ। ਕਿਸੇ ਵਿਵਸਥਾ 'ਚੋਂ ਕਿਰਤ ਨੂੰ ਮਾਈਨਸ (ਮਨਫ਼ੀ) ਕਰ ਦੇਣ ਨਾਲ ਪਿਛੋਂ ਕੁਝ ਨਹੀਂ ਬਚਦਾ। ਆਰਥਿਕਤਾ ਦੀ ਪੂੰਜੀ ਤੇ ਕੇਂਦਰ ਧੁਰਾ ਹੈ, ਕਿਰਤ ਦਾ ਜਮ੍ਹਾਂ ਜੋੜ। ਤੇ ਜੇ ਕੋਈ ਪ੍ਰਬੰਧ ਕਿਰਤ ਕਰਨ ਵਾਲੇ ਹੱਥਾਂ 'ਚੋਂ ਰੋਟੀ ਖੋਹ ਰਿਹਾ ਹੈ ਤਾਂ ਉਸ ਪ੍ਰਬੰਧ ਨੂੰ ਨੋਚ ਦੇਣ ਤੋਂ ਸਿਵਾ ਹੋਰ ਕੋਈ ਚਾਰਾ ਵੀ ਕੀ ਬਚਦਾ ਹੈ। ਕਿਰਤ ਖੇਤਾਂ ਤੋਂ ਲੈ ਕੇ ਕਲ ਕਾਰ-ਖਾਨਿਆਂ ਤਕ ਪਸਰੀ ਹੋਈ ਹੈ। ਉਦਾਸੀ ਦੀ ਕਵਿਤਾ ਦਾ ਵੀ ਪਸਾਰ ਖੇਤਾਂ ਤੋਂ ਲੈ ਕੇ ਕਲ ਕਾਰਖਾਨਿਆਂ ਤਕ ਫੈਲਿਆ ਹੋਇਆ ਹੈ। ਉਹਦੀ ਕਵਿਤਾ ਹਰ 'ਮੁੜਕੇ ਦਾ ਵੱਤਰ ਸੰਭਾਲਣ' ਲਈ ਹਥਿਆਰ ਬੀਜਣ ਦਾ ਹੋਕਾ ਦਿੰਦੀ ਹੈ, ਸੰਦੇਸ਼ ਦਿੰਦੀ ਹੈ। ਚਮਾਸਿਆਂ ਦੀ ਮਾਰ ਤੋਂ ਪਹਿਲਾਂ ਵਤਰ ਸੰਭਾਲਣ ਦੀ ਲੋਚਾ ਜਿਸ ਕਵੀ ਨੂੰ ਹੋਵੇਗੀ ਉਹ ਕਵੀ ਸਮੁੱਚੀ ਮਾਨਵਤਾ ਦੇ ਦੁਖ ਦੀ ਪੀੜਾ ਨੂੰ ਕਿੰਨੀ ਗਹਿਰਾਈ ਨਾਲ ਮਾਪ ਸਕਣ ਦੀ ਸਮਰੱਥਾ ਰੱਖਦਾ ਹੋਵੇਗਾ।

*ਸੂਰਜ ਤੇ ਧਰਤੀ ਦੀ ਜੱਫ਼ੀ ਵਿਚ ਅੱਗ*
*ਜਿਨ੍ਹਾਂ ਸੁਣਿਆ ਭੁੱਖਿਆਂ ਦਾ ਹਾੜ ਨੀ।*
*ਪਸ਼ੂ ਤੇ ਕਿਰਤੀ ਦਾ ਇਕੋ ਇਤਿਹਾਸ*
*ਜਿਹਨੂੰ ਲਿਖਦਾ ਤਾਂ ਆਇਆ ਏ 'ਕਰਾੜ' ਨੀ।*
*ਜਿਹਦੇ ਕੋਲ ਵੇਚ ਕੇ ਮੈਂ ਭੈਣਾਂ ਤੇਰੀ ਜੋੜੀਏ ਨੀ*
*ਸਕਿਆ ਵਿਆਜ ਵੀ ਨਾ ਤਾਰ*
*ਨੀ ਜੋੜੀਏ ਬੀਜਣੇ ਨੇ ਅਸੀਂ ਹਥਿਆਰ*

'ਧਰਤੀ ਤੇ ਸੂਰਜ ਦੀ ਜੱਫ਼ੀ 'ਚ ਅੱਗ' ਕਿਹੜੀ ਅੱਗ? ਬਹੁਤ ਵਿਸਥਾਰੀ ਵਿਸ਼ਾ ਹੈ। ਸਾਡੇ ਲੋਕ ਮਨਾਂ 'ਚ ਸੂਰਜ ਤੇ ਧਰਤੀ ਬਾਰੇ ਅਨੇਕਾਂ ਕਥਾਵਾਂ, ਮੁਹਾਵਰੇ ਜਾਂ



ਲਕੋਕਤੀਆਂ ਪ੍ਰਸਿੱਧ ਹਨ। ਪਰ ਉਦਾਸੀ ਨੇ ਇਥੇ ਬਿਲਕੁਲ ਨਵੇਂ ਮਿਥ ਦੀ ਸਿਰਜਣਾ ਕੀਤੀ ਹੈ। ਸੂਰਜ ਨਿੱਘ ਦਾ ਪ੍ਰਤੀਕ ਵੀ ਹੈ, ਊਰਜਾ ਦਾ ਪ੍ਰਤੀਕ ਵੀ ਅਤੇ ਹਰ ਚੀਜ਼ ਨੂੰ ਜਜ਼ਬ ਕਰ ਲੈਣ ਦੀ ਸਮਰੱਥਾ ਵੀ। ਧਰਤੀ ਜਣਨੀ ਹੈ ਇਕ ਕਹਾਵਤ ਹੈ। ਧਰਤੀ ਜੇਡ ਨਾ ਦਾਤਾ ਕੋਈ। ਧਰਤੀ ਸਮੁੱਚੇ ਉਤਪਾਦਨ ਦਾ ਸਰੋਤ ਹੈ ਜਿਸ ਦੇ ਉਤਪਾਦਨ ਦੇ ਸਰੋਤਾਂ ਦੀ ਵਰਤੋਂ ਧਰਤੀ 'ਤੇ ਰਹਿੰਦਾ ਜੀਵ-ਜੰਤੂਆਂ ਸਮੇਤ ਮਨੁੱਖ ਬਰਾਬਰ ਕਰ ਰਹੇ ਹਨ ਤੇ ਸਨ। ਉਤਪਾਦਨ ਕਿਰਿਆ ਨੂੰ ਸਮਰੱਥਾ ਬਣਾਉਣ ਵਿਚ ਅਹਿਮ ਸੂਰਜ ਦੀ ਭੂਮਿਕਾ ਹੈ। ਊਰਜਾ ਤੋਂ ਬਿਨਾਂ ਧਰਤੀ ਉਤੇ ਜੀਵਨ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਧਰਤੀ ਦੀ ਉਤਪਾਦਨ ਪ੍ਰਕਿਰਿਆ ਦਾ ਸਿੱਟਾ ਖ਼ੁਦ ਮਨੁੱਖ ਵੀ ਹੈ। ਜੱਫ਼ੀ ਕੀ ਹੈ। ਇਕ ਮੇਲ ਹੈ ਦੋ ਵਸਤੂਆਂ ਦਾ ਆਪਸ ਵਿਚ ਘੁਲਣਾ ਮਿਲਣਾ। ਉਤਪਾਦਨ ਪ੍ਰਕਿਰਿਆ ਵਿਚ ਇਸ ਘੁਲਣ ਮਿਲਣ, ਰਚਨ ਮਿਚਣ ਦੀ ਪ੍ਰਕਿਰਿਆ ਬਹੁਤ ਬੁਨਿਆਦੀ ਹੈ ਤੇ ਜ਼ਰੂਰੀ ਵੀ। ਇਹੀ ਨਵੀਂ ਰਚਨਾ ਦੀ ਲਖਾਇਕ ਹੈ। ਅੱਗ ਦੀ ਹੋਂਦ ਬਿਨਾਂ ਨਵੀਂ ਰਚਨਾ ਅਸੰਭਵ ਹੈ। ਅੱਗ ਰਚਨਾ ਦਾ ਸਰੋਤ ਹੈ। ਮਨੁੱਖੀ ਸਮਾਜ ਵਿਚ ਧਰਤੀ, ਸੂਰਜ ਤੇ ਅੱਗ ਦਾ ਯੋਗਦਾਨ ਬੁਨਿਆਦੀ ਰਿਹਾ ਹੈ। ਮਨੁੱਖੀ ਇਤਿਹਾਸ ਦੀ ਰਚਨਾ ਕਿਰਤ ਨੇ ਕੀਤੀ ਹੈ ਪਰ ਕਿਰਤ ਦੇ ਕੇਂਦਰੀ ਕ੍ਰਿਤ ਹੁੰਦੀ ਜਾਣ ਨੇ ਮਨੁੱਖ ਨੂੰ, ਜਿਹਦਾ ਸਮੁੱਚੇ ਮਾਨਵੀ ਸਮਾਜਿਕ ਵਿਕਾਸ 'ਚ ਚੇਤੰਨ ਰੋਲ ਹੈ, ਪਸ਼ੂਆਂ ਦੀ ਪੱਧਰ ਤਕ ਧੱਕ ਦਿੱਤਾ ਹੈ। ਕਰਾੜ (ਕਰਿਆੜ) ਪੂੰਜੀ ਦੇ ਕੇਂਦਰੀਕ੍ਰਿਤ ਹੋਈ ਇਕਾਈ। ਇਕਾਈ ਭਾਵ ਪੂੰਜੀਪਤੀ ਨਿਜ਼ਾਮ ਦਾ ਪ੍ਰਤੀਕ। ਨਿਜ਼ਾਮ, ਜਿਹਦੀ ਸੱਤਾ ਦੀ ਵਾਂਗਡੋਰ ਉਸੇ ਦੇ ਹੱਥ ਹੁੰਦੀ ਹੈ ਜਿਹਦੇ ਹੱਥਾਂ 'ਚ ਪੂੰਜੀ ਦੇ ਕੇਂਦਰਿਤ ਹੋਣ ਦਾ ਸੋਮਾ ਹੈ, ਜਿਹਦੇ ਹੱਥ ਉਤਪਾਦਨ ਸਾਧਨਾਂ ਦਾ ਸੋਮਾ ਹੈ, ਜਿਹਦੇ ਹੱਥ ਸੱਤਾ ਹੈ, ਮਨੁੱਖੀ ਇਤਿਹਾਸ ਦਾ ਰਚੇਤਾ ਵੀ ਉਹੀ ਬਣੀ ਬੈਠਾ ਹੈ ਜਦੋਂ ਕਿ ਅਸਲ ਰਚੇਤਾ 'ਕਿਰਤ' ਬਾਹਰ ਧੱਕ ਦਿੱਤਾ ਗਿਆ ਹੈ। ਮਾਰਕਸ ਲਿਖਦੇ ਹਨ ਕਿ 'ਮਨੁੱਖੀ ਇਤਿਹਾਸ ਵਰਗ ਸੰਘਰਸ਼ ਦਾ ਇਤਿਹਾਸ ਰਿਹਾ ਹੈ। ਦਰਸ਼ਨ ਅਤੇ ਕਾਵਿ (ਕਵਿਤਾ) ਇਨ੍ਹਾਂ ਹੀ ਵਰਗਾਂ ਦੀ ਵਿਚਾਰਧਾਰਾਵਾਂ ਦੀ ਨੁਮਾਇੰਦਗੀ ਕਰਦੇ ਹਨ।" ਉਦਾਸੀ ਨੇ ਆਪਣੀ ਕਵਿਤਾ ਦੀਆਂ ਇਨ੍ਹਾਂ ਲਾਈਨਾਂ ਰਾਹੀਂ ਵਰਗ ਸੰਘਰਸ਼ ਦੇ ਵਿਗਿਆਨਕ ਨਜ਼ਰੀਏ ਨੂੰ ਜਿੰਨਾ ਬਾਖ਼ੂਬੀ ਕਾਵਿਕ ਚਿਤਰਨ ਦਿੱਤਾ ਹੈ, ਉਹ ਉਸ ਦੀ ਕਾਵਿ ਸਮਰੱਥਾ ਤੇ ਵਿਚਾਰਧਾਰਕ ਨਜ਼ਰੀਏ ਦਾ ਵਿਸਥਾਰ ਹੈ। ਉਸਦੀ ਦ੍ਰਿਸ਼ਟੀ ਮਾਰਕਸਵਾਦੀ ਤੇ ਵਿਗਿਆਨਕ ਹੈ। ਦਵੰਦਵਾਦੀ ਪਦਾਰਥਵਾਦ ਦੀ ਬੁਨਿਆਦ ਉਤੇ ਖੜ੍ਹੀ ਹੈ। ਇਹੀ ਕਾਰਨ ਹੈ ਕਿ ਉਹ ਇਤਿਹਾਸ ਮਿਥਿਹਾਸ ਜਾਂ ਮਨੁੱਖੀ ਸਮਾਜ ਦੀਆਂ ਇਨਕਲਾਬੀ ਲਹਿਰਾਂ ਤੋਂ ਊਰਜਾ ਵੀ ਲੈਂਦਾ ਹੈ ਪਰ ਨਾਲ ਦੀ ਨਾਲ ਸਪੱਸ਼ਟ ਇਕ ਵਰਗ ਵਹੀਣ ਸਮਾਜ ਦਾ ਸੰਕਲਪ ਵੀ ਸਾਹਮਣੇ ਰੱਖਦਾ ਹੈ। ਉਹਦੀ ਧਾਰਮਿਕ ਲਗਦੀ ਕਵਿਤਾ 'ਚੋਂ ਕਈ ਅਰਧ ਮਸਤਕ ਵਾਲੇ ਉਹਦੇ ਪ੍ਰਤੀ ਸ਼ੰਕੇ ਖੜੇ ਕਰਨ ਦੀਆਂ ਕੋਸ਼ਿਸ਼ਾਂ ਬੇਸ਼ੱਕ ਕਰਨ ਪਰ ਉਹਦੀ ਦ੍ਰਿਸ਼ਟੀ ਸਾਫ਼ ਹੈ:

*ਜਿਹੜੇ ਲੋਕਾਂ ਦੀ ਕਿਰਤ ਨੂੰ ਪੈਣ ਗਿਰਝਾਂ*
*ਮੇਰੇ ਲੋਕ ਉਹ ਮੇਰਾ ਖੁਆਬ ਹੈਗਾ*
*ਮੇਰੇ ਮੁਸਲਮਾਨਾਂ ਸਿੱਖਾਂ ਹਿੰਦੂਆਂ ਨੇ*
*ਕਰਨਾ ਸਰਬਹਾਰਾ ਇਨਕਲਾਬ ਹੈਗਾ।*

ਇਹ ਕਾਵਿਕ ਸੂਝ ਦੀ ਸਿਖ਼ਰ ਹੈ, ਆਖ਼ਰ ਸਮਾਜਿਕ ਬਣਤਰ ਵਿਚ ਧਾਰਮਿਕ ਪਹਿਚਾਨਾਂ ਤੇ ਵਖਰੇਵੇਂ ਵੀ ਪਏ ਹਨ ਪਰ ਸਾਡਾ ਟੀਚਾ ਤਾਂ ਸਰਬਹਾਰਾ ਇਨਕਲਾਬ ਹੈ।

ਰਚਨਾਕਾਰ/ਸਾਹਿਤਕਾਰ ਦਾ ਕੰਮ ਹੈ ਲੋਕਾਈ ਨੂੰ ਪ੍ਰਬੰਧ ਦੀਆਂ ਸਮਾਜਿਕ ਆਰਥਿਕ ਤੇ ਰਾਜਨੀਤਕ ਬਾਰੀਕੀਆਂ ਤੋਂ ਜਾਣੂੰ ਕਰਵਾਏ। ਉਦਾਸੀ ਦੇ ਕਾਵਿ ਦੀ ਇਹੋ ਅਮੀਰੀ ਹੈ ਕਿ ਉਹ ਕਿਰਤੀ ਨੂੰ ਉਹਦੀ ਹਕੀਕੀ ਯਥਾਰਥਕ ਜ਼ਿੰਦਗੀ ਦਾ ਅਹਿਸਾਸ ਕਰਾਉਂਦੀ ਹੈ ਅਤੇ ਉਸ ਪ੍ਰਤੀ ਨਫ਼ਰਤ ਜਗਾਉਂਦੀ ਹੈ, ਰੋਹ ਪੈਦਾ ਕਰਦੀ ਹੈ ਅਤੇ ਇਸ ਵਿਰੁੱਧ ਉੱਠਣ ਲਈ ਮਚਲ ਨੂੰ ਤੇਜ਼ ਕਰਦੀ ਹੈ।

ਲੋਕਾਈ 'ਚ ਰੋਹ ਨੂੰ ਪੈਦਾ ਕਰਨ ਵਾਲੀ ਬਗ਼ਾਵਤ ਲਈ ਤਿਆਰ ਕਰਨ ਵਾਲੀ ਰਚਨਾ ਤੇ ਰਚਨਾਕਾਰਾਂ ਨੂੰ ਹਕੂਮਤ ਭਲਾ ਕਿਵੇਂ ਬਰਦਾਸ਼ਤ ਕਰ ਸਕਦੀ ਸੀ। ਉਸ ਨੂੰ ਕਵਿਤਾ ਦੇ ਇਵਜ਼ 'ਚ ਪੁਲਿਸ ਇੰਟੈਰੋਗੇਸ਼ਨ ਸੈਂਟਰ (ਤਸੀਹਾ ਕੇਂਦਰ) ਦਾ ਵੀ ਸ਼ਿਕਾਰ ਹੋਣਾ ਪਿਆ। ਉਹਦੇ ਦਿਮਾਗ 'ਚੋਂ ਇਨਕਲਾਬ ਦਾ ਬੀਜ ਨਾਸ਼ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ। ਇਹ ਉਹੀ ਦੌਰ ਸੀ ਜਦੋਂ ਦੇਸ਼ ਭਰ 'ਚ ਹਜ਼ਾਰਾਂ ਅਤੇ ਪੰਜਾਬ 'ਚ ਸੈਂਕੜੇ ਨੌਜਵਾਨ ਹਕੂਮਤੀ ਜਬਰ ਦਾ ਸ਼ਿਕਾਰ ਹੋਏ। ਗੋਲੀਆਂ ਨਾਲ ਭੁੰਨੇ ਗਏ। ਫ਼ਰਜ਼ੀ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕਰ ਦਿੱਤੇ ਗਏ ਪਰ ਕਵਿਤਾ ਰੁਕੀ ਨਹੀਂ ਸਗੋਂ ਜਬਰ ਮੂਹਰੇ ਚਟਾਨ ਵਾਂਗੂੰ ਖੜ੍ਹੀ ਰਹੀ। ਹਜ਼ਾਰਾਂ ਲੋਕਾਂ ਦੇ ਮਨਾਂ 'ਚੋਂ ਹਕੂਮਤ ਦਾ ਖ਼ੌਫ਼ ਕਾਫ਼ੂਰ ਕਰ ਦੇਣ 'ਚ ਕਵਿਤਾ ਨੇ ਰੋਲ ਨਿਭਾਇਆ। ਹਕੂਮਤ ਹਥਿਆਰਾਂ ਦੀ ਦਹਿਸ਼ਤ ਨਾਲ ਲੋਕਾਂ ਨੂੰ ਦਬਾਉਣਾ ਤੇ ਰਾਜ ਕਰਨਾ ਲੋਚਦੀ ਸੀ। ਕਵਿਤਾ ਦੀਆਂ ਇਨਕਲਾਬੀ ਸੁਰਾਂ ਨੇ ਦਹਿਸ਼ਤ ਨੂੰ ਸ਼ਬਦਾਂ ਦੇ ਹਥਿਆਰਾਂ ਰਾਹੀਂ ਤੋੜਿਆ। ਉਨ੍ਹਾਂ ਜਬਰ ਨੂੰ ਟਿੱਚ ਜਾਣਿਆ ਤੇ ਹਾਕਮਾਂ ਨੂੰ ਵੰਗਾਰਿਆ:

*ਅਜੇ ਕੀ ਹੈ ਸਾਡਾ ਪੰਖੇਰੂਆਂ ਦਾ*
*ਅਸੀਂ ਦੱਸਾਂਗੇ ਜਦੋਂ ਵੀ ਟਹਿਲਾਂਗੇ।*
*ਅਸੀਂ ਗੱਭਰੂ ਤੂਤ ਦੀ ਛਿਟੀ ਵਰਗੇ*
*ਜਿੰਨਾ ਛਾਂਗੋਗੇ ਓਨਾ ਹੀ ਫੈਲਾਂਗੇ।*

*ਜਾਂ*

*ਸਾਨੂੰ ਪਤਾ ਹੈ ਸਾਹਾਂ ਦਾ ਅੰਤ ਸਾਡਾ*
*ਹੋਣਾ ਨਹਿਰ ਜਾਂ ਕਿਸੇ ਡਰੇਨ ਦਾ ਪੁਲ*
*ਮੇਰੀ ਅੰਮੀ ਨੇ ਕਿਹਾ ਮੁਕਾਬਲਾ ਏ*
*ਸੋ ਬੋਕ ਤੇ ਇਕ ਸਰੋਂ ਦਾ ਫੁੱਲ*

*ਜਾਂ*



*ਅਸੀਂ ਸੜਕਾਂ 'ਤੇ ਡਾਗਾਂ ਦੀ ਅੱਗ ਸੇਕੀ*
*ਐਪਰ ਹੱਕਾਂ ਨੂੰ ਠੰਡ ਲੁਆਈ ਤਾਂ ਨਹੀਂ*
*ਸਾਡਾ ਕਾਤਿਲ ਹੀ ਕੱਚਾ ਨਿਸ਼ਾਨਚੀ ਸੀ*
*ਅਸੀਂ ਗੋਲੀ ਤੋਂ ਕੰਡ ਭੁਆਈ ਤਾਂ ਨਹੀਂ*

ਉਹੀ ਦੌਰ ਜਦੋਂ ਪੰਜਾਬ ਦੀ ਜੁਆਨੀ ਨੇ ਸ਼ਹੀਦ ਭਗਤ ਸਿੰਘ ਦੇ ਆਦਰਸ਼ਾਂ ਉਦੇਸ਼ਾਂ ਤੇ ਮੰਤਵਾਂ ਨੂੰ ਸਮਝਣਾ ਸ਼ੁਰੂ ਕੀਤਾ ਅਤੇ ਉਹਦੇ ਸੁਪਨਿਆਂ ਦੇ ਰਾਜ ਸਿਰਜਣ ਦੀ ਕਰਵੱਟ ਲਈ ਜਾਣ ਲੱਗੀ ਸੀ। ਅਖੌਤੀ ਆਜ਼ਾਦੀ ਦੇ 25-30 ਸਾਲ ਪਿਛੋਂ ਪਹਿਲੀ ਵਾਰ 70ਵਿਆਂ 'ਚ ਨੌਜਵਾਨ ਵਰਗ ਸ਼ਹੀਦ ਭਗਤ ਸਿੰਘ ਦਾ ਮਾਡਲ ਲੈ ਕੇ ਚੱਲਿਆ ਸੀ। 'ਉਠੋ ਨੌਜਵਾਨ! ਸਾਨੂੰ ਸੁੱਤਿਆਂ ਯੁੱਗ ਬੀਤ ਚੁੱਕੇ ਹਨ।' ਦੀ ਗੂੰਜ ਉੱਠੀ ਸੀ। ਇਸ ਸੁੰਨ ਤੋਂ ਅੱਬੜਵਾਹੇ ਕੁੰਭਕਰਨੀ ਨੀਂਦ ਤੋਂ ਉਠੀ ਪੰਜਾਬ ਹਕੂਮਤ ਦੀ ਵੀ ਜਾਗ ਖੁੱਲ੍ਹੀ। ਹਕੂਮਤ ਨੇ ਸ਼ਹੀਦ ਭਗਤ ਸਿੰਘ ਦੀ ਮਾਤਾ ਨੂੰ ਕਾਰ ਦੇ ਕੇ ਸਨਮਾਨਿਤ ਕਰਨ ਦਾ ਫਰੇਬੀ ਕਦਮ ਚੁੱਕਿਆ ਤਾਂ ਉਦਾਸੀ ਦੀ ਕਵਿਤਾ ਬੋਲ ਉੱਠੀ:

*ਸਾਨੂੰ ਤੇਰੇ ਬੁਢਾਪੇ ਦੀ ਸਹੁੰ ਮਾਤਾ*
*ਮੋਮੋਠਗਣੀ ਹੈ ਇਕ ਤੈਨੂੰ ਛਲਣ ਲੱਗੀ*
*ਸੁਖਣਾ ਝੀਲ ਦੀ ਮਾਤਾ ਤਾਂ ਹੋ ਸਕਦੀ*
*ਪਰ ਤੂੰ ਸਤਲੁਜ ਦੀ ਮਾਤਾ ਨੀ ਬਣਨ ਲੱਗੀ*

*ਧਨੀ ਲੋਕ ਤਾਂ ਬੁੱਤਾਂ ਨੂੰ ਪੂਜਦੇ ਨੇ*
*ਪਰ ਸੋਚ ਕਰੇਗਾ ਕੌਣ ਆਬਾਦ ਉਹ ਦੀ*
*ਤੇਰਾ ਕੋੜਮਾ ਭੁਲੇ ਤਾਂ ਪਿਆ ਭੁੱਲੇ*
*ਪਰ ਉਹਦੇ ਲੋਕ ਨਾ ਭੁਲਣਗੇ ਯਾਦ ਉਹਦੀ*

ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਇਹੀ ਦੌਰ ਸੀ ਜਦੋਂ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਲੱਭਣ ਦਾ ਕੰਮ ਸ਼ੁਰੂ ਹੋਇਆ ਸੀ। ਇਸੇ ਸਾਲ ਹੀ ਉਹਦੀਆਂ ਚਿੱਠੀਆਂ ਤੇ ਲਿਖਤਾਂ ਦਾ ਪਹਿਲਾ ਤੇ ਛੋਟਾ ਸੰਗ੍ਰਹਿ ਛਪ ਕੇ ਸਾਹਮਣੇ ਆਇਆ। ਇਨ੍ਹਾਂ ਦਿਨਾਂ 'ਚ ਹੀ ਪ੍ਰਸਿੱਧ ਭਾਰਤੀ ਇਤਿਹਾਸਕਾਰ ਬਿਪਨ ਚੰਦਰ ਨੇ 'ਸ਼ਹੀਦ ਭਗਤ ਸਿੰਘ ਤੇ ਉਹਦੀ ਵਿਚਾਰਧਾਰਾ' ਉਤੇ ਇਕ ਲੰਬਾ ਅਤੇ ਮਹੱਤਵਪੂਰਨ ਲੇਖ ਲਿਖ ਕੇ ਇਨਕਲਾਬੀ ਲਹਿਰ ਦੀ ਵਿਚਾਰਧਾਰਕ ਵਿਰਾਸਤ ਨੂੰ ਸਾਹਮਣੇ ਲਿਆਂਦਾ ਸੀ। ਨਹਿਰੂ ਗਾਂਧੀ ਮਾਡਲ ਦੇ ਫੇਲ੍ਹ ਹੋਣ ਪਿਛੋਂ ਭਗਤ ਸਿੰਘ ਦੀ ਵਿਚਾਰਧਾਰਕ ਵਿਰਾਸਤ ਨੂੰ ਫਰੋਲਣ ਤੇ ਪੜ੍ਹਨ ਵਾਚਣ ਅਤੇ ਮਾਰਗ ਦਰਸ਼ਨ ਵਜੋਂ ਲੈਣ ਦੀ ਪਹਿਲੀ ਕਦਮੀ ਯੁਵਾ ਪੀੜ੍ਹੀ ਵਿਚ ਹੋਈ ਸੀ।

ਉਦਾਸੀ ਦੀ ਕਵਿਤਾ ਦੀ ਇਹ ਖ਼ੂਬੀ ਹੈ ਕਿ ਜਿਹੜੀਆਂ ਚੀਜ਼ਾਂ ਇਕ ਬਹੁਤ

ਲੰਬੇਰੇ ਤੇ ਗਹਿਰੇ ਅਧਿਐਨ ਤੇ ਵਿਆਖਿਆ ਦੀ ਮੰਗ ਕਰਦੀਆਂ ਹਨ ਉਹ ਸੰਖੇਪ 'ਚ ਸਰੋਤੇ ਤੇ ਪਾਠਕ ਨੂੰ ਸਮਝਾ ਦਿੰਦੀ ਹੈ। ਪਹਿਲੀ ਗੱਲ ਇਹ ਹੈ ਕਿ ਉਦਾਸੀ ਦੀ ਕਵਿਤਾ ਲਹਿਰ ਦੇ 70ਵਿਆਂ ਦੇ ਦਹਾਕੇ ਦੇ ਸਮਾਜਿਕ ਰਾਜਨੀਤਕ ਆਰਥਿਕ ਧਰਾਤਲ ਉਤੇ ਖੜ੍ਹ ਕੇ ਸਮਝੀ ਜਾਣੀ ਚਾਹੀਦੀ ਹੈ। ਉਹ ਸੰਖੇਪ ਕਾਵਿ ਭਾਗਾਂ 'ਚ ਪੂਰਾ ਸਮਾਜਿਕ ਰਾਜਨੀਤਕ ਅਰਥਸ਼ਾਸਤਰ ਐਨੇ ਸਰਲ ਢੰਗ ਨਾਲ ਪਰੋਸ ਦਿੰਦਾ ਹੈ ਕਿ ਵੱਡੀਆਂ-ਵੱਡੀਆਂ ਪੋਥੀਆਂ ਦੇ ਵਿਆਖਿਆਕਾਰ ਵੀ ਸ਼ਾਇਦ ਇੰਨੀ ਸਰਲਤਾ ਨਾਲ ਨਾ ਸਮਝਾ ਸਕਣ। ਇਕ ਮਿਸਾਲ ਹੈ:

*ਪੂੰਜੀਪਤੀ 'ਤੇ ਕੋਈ ਜੇ ਹੱਥ ਚੁੱਕੇ*
*ਗੁਠਾ ਆਪਣੀ ਪੰਡੀ ਉਤੇ ਸਮਝਦੀ ਇਹ*
*.ਫ਼ੌਜ ਪੁਲਿਸ ਕਾਨੂੰਨ ਤੇ ਧਰਮ ਤਾਈਂ*
*ਮੁੱਲ ਲਿਆ ਜੁ ਮੰਡੀ ਤੇ ਸਮਝਦੀ ਇਹ*

*ਪੂੰਜੀਪਤੀ ਸਟੇਟ ਦਾ ਕਾਨੂੰਨ ਜ਼ੁਲਮ*
*ਪੂੰਜੀਪਤੀ ਦੇ ਏ ਨਾਲੋਂ ਨਾਲ ਰਹਿੰਦਾ*
*ਘਾਟਾ ਦਿਖਦਾ ਨਹੀਂ ਕਾਮੇ ਦੀ ਜ਼ਿੰਦਗੀ ਦਾ*
*ਸਦਾ ਆਪਣੇ ਨਫ਼ੇ ਦਾ ਖ਼ਿਆਲ ਰਹਿੰਦਾ*
*ਵਿਚ ਦਫ਼ਤਰੀ ਸੋਨੇ ਦੇ ਪਟੇ ਵਾਲੇ*
*ਕਈ ਕੁੱਤੇ ਵੀ ਡਾਢੇ ਹੀ ਹਲਕ ਜਾਂਦੇ*
*ਲਿਸ਼ਕ ਮੁੜ੍ਹਕੇ ਦੀ ਵੇਖ ਕੇ ਢਾਰਿਆਂ ਦੀ*
*ਠੂਠੇ ਇਨ੍ਹਾਂ ਦੀ ਹਵਸ ਦੇ ਛਲਕ ਜਾਂਦੇ*
*ਭਾਰਤ ਵਿਚ ਜੇ ਹੱਕਾਂ ਦੀ ਗੱਲ ਬਦਲੇ*
*ਗੋਲੀ ਖਾਣ ਦਾ ਗਰਮ ਰਿਵਾਜ਼ ਹੈ ਇਹ*
*ਦਾਨਸ਼ਮੰਦ ਉਸ ਬੰਦੇ ਨੂੰ ਕਿਵੇਂ ਕਹੀਏ*
*ਜਿਹੜਾ ਆਖਦਾ ਲੋਕ ਰਾਜ ਹੈ ਇਹ*

ਭਾਰਤੀ ਪੂੰਜੀਵਾਦੀ ਜਮਹੂਰੀਅਤ ਦੇ ਢੋਂਗ ਨੂੰ ਸਰੋਤੇ ਨੂੰ ਸਾਦਾ ਲਫ਼ਜ਼ਾਂ 'ਚ ਸਮਝਾ ਸਕਣ ਦੀ ਸਮਰੱਥਾ ਉਦਾਸੀ ਦੇ ਹਿੱਸੇ ਆਈ। ਉਦਾਸੀ 'ਚ ਇਹ ਕਿਉਂ ਹੈ ਉਹਦਾ ਕਾਰਨ ਕਿ ਉਦਾਸੀ ਸਿਰਫ਼ ਕਵੀ ਨਹੀਂ ਹੈ। ਉਹਨੂੰ ਕਵੀ ਕਹਿਣਾ ਵੀ ਉਸ ਨੂੰ ਛੋਟਾ ਕਰਕੇ ਵੇਖਣਾ। ਉਹ ਇਨਕਲਾਬੀ ਕਾਫ਼ਲਿਆਂ ਦਾ ਸੰਗੀ ਹੈ। ਉਹ ਇਨ੍ਹਾਂ ਇਨਕਲਾਬੀ ਕਾਫ਼ਲਿਆਂ ਦੇ ਇਕ ਪ੍ਰਚਾਰਕ/ਹਾਕਰ ਦੇ ਤੌਰ 'ਤੇ ਕਵਿਤਾ ਦੀ ਵਿਧਾ ਨੂੰ ਵਰਤਦਾ ਹੈ। ਲੋਕਾਂ ਨੂੰ ਸਰੋਤਿਆਂ ਨੂੰ ਅਤੇ ਪਾਠਕਾਂ ਨੂੰ ਇਕ ਰਾਜਸੀ ਚੇਤਨਾ ਦੇਣ ਦੀ ਜ਼ੁੰਮੇਵਾਰੀ ਨਿਭਾਉਣ ਦਾ ਕੰਮ ਕਰਦਾ ਹੈ। ਇਹੀ ਕੰਮ ਗਦਰ ਲਹਿਰ ਦੀ ਕਵਿਤਾ ਨੇ ਕੀਤਾ ਸੀ। ਗ਼ਦਰ ਲਹਿਰ ਦੀ ਕਵਿਤਾ ਨੇ ਹਕੂਮਤ ਵਿਰੁੱਧ ਇਕ ਬੇਬਾਕ ਖੁੱਲ੍ਹੀ ਜੰਗ ਦਾ



ਐਲਾਨ ਕੀਤਾ। ਉਦਾਸੀ ਉਸੇ ਵਿਰਸੇ ਦਾ ਮਾਲਕ ਹੈ। ਉਦਾਸੀ ਬਾਵਾ ਬਲਵੰਤ ਦੀ ਪਰੰਪਰਾ ਦਾ ਮਾਰਗੀ ਹੈ। ਪੰਜਾਬੀ ਕਵਿਤਾ ਦੇ ਹਿੱਸੇ ਆਇਆ ਹੈ ਜਦੋਂ ਇਥੇ ਲੋਕ ਹਿਤੂ ਲਹਿਰਾਂ ਚਲੀਆਂ ਕਵਿਤਾ ਉਹਦੇ ਨਾਲ ਹਥਿਆਰ ਬਣ ਕੇ ਖੜ੍ਹੀ ਉਹਦੇ ਪ੍ਰਚਾਰ ਹਿੱਤ ਵੀ ਅਤੇ ਰਾਖੀ ਹਿੱਤ ਢਾਲ ਬਣ ਕੇ ਵੀ।

ਉਦਾਸੀ ਦੀ ਕਾਵਿ ਪਹਿਚਾਣ ਵਿਚ ਸਭ ਤੋਂ ਵਧ ਭਾਰੂ ਸੁਰ ਜਿਹੜੀ ਅਜੋਕੇ ਸਮੇਂ ਦੀ ਪ੍ਰਮੁੱਖ ਹੈ ਤੇ ਬੁਨਿਆਦੀ ਹੈ ਉਹੀ ਮਜ਼ਦੂਰ ਮੁਕਤੀ ਲਈ ਅਹੁਲ ਰਹੀ ਹੈ। ਮਾਲਵੇ ਦੀ ਇਕ ਮਸ਼ਹੂਰ ਤੇ ਹਰਮਨ ਪਿਆਰੀ ਕਾਵਿ ਵਿਧਾ ਹੈ- ਕਲੀ। ਉਦਾਸੀ ਇਸ ਵਿਚ ਇਕ ਕਾਵਿਕ ਐਲਾਨਨਾਮਾ ਪੇਸ਼ ਕਰਦਾ ਹੈ:

*ਤੂੰ ਮਜ਼ਦੂਰ ਤੇ ਤੇਰੀ ਵਿਥਿਆ ਵੀ ਮਜ਼ਦੂਰ ਹੈ*
*ਇਹ ਕੋਈ ਗੱਲ ਨਵੀਂ ਨਾ ਤੇਰੇ ਸੁਣਾਉਣ ਨੂੰ*

*ਜਿਹੜੀ ਧਰਤੀ ਨੂੰ ਤੂੰ ਮਾਂ ਵਰਗੀ ਨਿੱਤ ਕਹਿੰਦਾ ਸੀ*
*ਉਹਦਾ ਇਕ ਊੜਾ ਵੀ ਨਹੀਂ ਤੇਰੇ ਸਹੁੰ ਖਾਣ ਨੂੰ*

*ਸੁੱਖ ਦਾ ਸਾਹ ਨਾ ਮਿਲਿਆ ਵੋਟਾਂ ਵਾਲਿਆਂ ਡੱਬਿਆਂ 'ਚੋਂ*
*ਤੂੰ ਕਿਉਂ ਸਾਲਾਂ ਲਈ ਤੁਲਿਆ ਹੱਥ ਵਢਾਉਣ ਨੂੰ*

*ਕਦੋਂ ਕੁ ਸਿਰ 'ਚੋਂ ਨਿਕਲੂ ਰੇਤਾ ਫਿਡਿਆਂ ਛਿੱਤਰਾਂ ਦਾ*
*ਕਦੋਂ ਕੁ ਤਿਆਰ ਹੋਏਗਾ ਸੱਜਰੀ ਮਹਿਕ ਹੰਢਾਉਣ ਨੂੰ*

*ਜੋ ਕਿਰਤ ਸਾਹੀ 'ਚੋਂ ਚਮਕੇਗਾ ਉਹ ਸੱਚ ਤੇਰਾ ਰਾਜ ਹੋਊ*
*ਮੈਂ ਸਦਕੇ ਵਿਹਲੜ ਭੱਜ ਕੇ ਵੇਖੀ ਕਿੱਦਾਂ ਜਿੰਦਾ ਬਚਾਉਣ ਨੂੰ*

ਉਹ ਸੁਚੇਤ ਤੌਰ 'ਤੇ ਇਸ ਲਿਤਾੜੇ ਵਰਗ ਦੀ ਮੁਕਤੀ ਲਈ ਅਹੁਲਦਾ ਹੈ ਪਰ ਜਾਣਦਾ ਹੈ ਕਿ ਮਜ਼ਦੂਰ ਦੀ ਮੁਕਤੀ ਦੀ ਜੰਗ 'ਚ ਛੋਟੀ ਕਿਸਾਨੀ ਉਹਦੀ ਸੰਗੀ ਸਾਥੀ ਹੈ ਇਹੀ ਕਾਰਨ ਹੈ ਕਿ ਉਹ ਪਿੰਡ ਦੇ ਚੌਧਰੀਆਂ ਪ੍ਰਤੀ ਨਫ਼ਰਤ ਰੱਖਦਾ ਗ਼ਰੀਬ ਕਿਸਾਨੀ ਪ੍ਰਤੀ ਦੋਸਤਾਨਾ ਰਵੱਈਆ ਵੀ ਰੱਖਦਾ ਹੈ। ਉਹ ਗ਼ਰੀਬ ਕਿਸਾਨੀ ਜਿਹਦੀ ਦੁਰਦਸ਼ਾ ਮਜ਼ਦੂਰਾਂ ਵਰਗੀ ਹੀ ਹੈ ਤੇ ਹੋਈ ਜਾ ਰਹੀ ਹੈ। ਉਹਦੀ ਇਕ ਚਰਚਿਤ ਕਵਿਤਾ 'ਗਲ ਲੱਗ ਕੇ ਸੀਰੀ ਦੇ ਜੱਟ ਰੋਵੇ ਬੋਹਲਾਂ ਵਿਚੋਂ ਨੀਰ ਵਗਿਆ' 'ਚੋਂ ਇਸ ਤਰਾਸਦਿਕ ਸਥਿਤੀ ਤੇ ਅਟੁੱਟ ਸਾਂਝ ਨੂੰ ਵੇਖਿਆ ਜਾ ਸਕਦਾ ਹੈ।

ਉਦਾਸੀ ਪੂੰਜੀਵਾਦੀ ਜਮਹੂਰੀਅਤ ਦੀ ਰਗ-ਰਗ ਨੂੰ ਨਫ਼ਰਤ ਕਰਦਾ ਹੈ ਅਤੇ ਹਰ ਥਾਂ ਸੁਚੇਤ ਕਰਦਾ ਹੈ ਕਿ ਮਨੁੱਖ ਇਸ ਵਿਵਸਥਾ 'ਚ ਮਾਤਰ ਹਾਕਮਾਂ ਲਈ ਇਕ ਵੋਟ ਦੀ ਪਰਚੀ ਹੈ। ਜੇ ਉਹ ਜ਼ਿੰਦਗੀ ਦੀ ਸੱਜਰੀ ਮਹਿਕ ਹੰਢਾਉਣੀ ਲੋਚਦਾ ਹੈ ਤਾਂ ਉਹਨੂੰ ਲਾਮਬੰਦ ਹੋ ਕੇ ਵਿਹਲੜ ਪੂੰਜੀਪਤੀਆਂ ਦੇ ਰਾਜ ਨੂੰ ਢਹਿ ਢੇਰੀ ਕਰਨਾ ਪਵੇਗਾ।

*ਮੇਰੀ ਧਰਤੀ ਦੇ ਲਾਲਾਂ ਦੇ ਸੇਸ਼ਨਾਗੋ*
*ਰੱਜ ਕੇ ਲੀਡਰਾਂ ਨੂੰ ਨਾ ਨੋਟ-ਵੋਟ ਪਾਉ*
*ਮੇਰੀ ਯਾਰੀ ਦੀ ਲੱਜ ਹੈ ਤਾਂ ਰਹਿੰਦੀ*
*ਰੱਜ ਕੇ ਕਾਮਿਓ ਇਨ੍ਹਾਂ ਨੂੰ ਤੋਟ ਪਾਉ*

*ਰੋਜ਼ ਜਿੰਨਿਆਂ ਕਾਮਿਆਂ ਨੂੰ ਰੱਖ ਨੇੜੇ*
*ਪੂੰਜੀਵਾਦ ਦੀ ਡੈਣ ਡਕਾਰ ਜਾਂਦੀ*
*ਲਾਲ ਲੋਅ ਲਈ ਲੋਕ ਜੇ ਲੜਨ ਇੰਨੇ*
*ਜਿੱਤ ਹੋਵੇ ਯਕੀਨੀ ਨਾ ਹਾਰ ਆਉਂਦੀ*

ਉਦਾਸੀ ਦੀ ਕਵਿਤਾ 'ਚ ਜਿੰਨੀ ਸੰਘਰਸ਼ ਤੇ ਜਮਾਤੀ ਯੁੱਧ ਦੀ ਤਸਵੀਰ ਸਾਫ਼ ਹੈ ਉਸ ਪ੍ਰਤੀ ਕਿਸੇ ਭਰਮ ਭੁਲਖੇ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਉਹਦੇ ਕਾਵਿਕ ਹੋਕਰੇ 'ਚ ਨਾ ਕਿਤੇ ਲਚਕ ਹੈ, ਨਾ ਹੀ ਉਹਲਾ। ਉਹ ਵਿਵਸਥਾ ਵਿਰੁੱਧ ਲੜਾਈ 'ਚ ਬੇਬਾਕ ਭਾਸ਼ਾ ਵਰਤਦਾ ਹੈ ਅਤੇ ਜਮਾਤੀ ਪੈਂਤੜੇ ਤੋਂ ਸਿੱਧਾ ਹੋ ਕੇ ਟੱਕਰਦਾ ਹੈ। ਉਹ ਪਿੰਡ ਦਾ ਚੌਧਰੀ ਹੋਵੇ, ਚੰਡੀਗੜ੍ਹ ਬੈਠੀ ਹਕੂਮਤ ਹੋਵੇ ਜਾਂ ਦਿੱਲੀ ਦੀ ਹਕੂਮਤ ਜਾਂ ਫਿਰ ਵਿਸ਼ਵ ਪੂੰਜੀ ਦਾ ਤਾਣਾ-ਬਾਣਾ (ਸਾਮਰਾਜਵਾਦ) ਉਹਦੀ ਲੜਾਈ ਦੀ ਧਾਰ ਸਪੱਸ਼ਟ ਹੈ। ਉਹ ਤ੍ਰਾਸਦਿਕ ਹਾਲਤ ਉੱਤੇ ਹੰਝੂ ਵਹਾਉਣ ਵਾਲਿਆਂ 'ਚ ਨਹੀਂ। ਉਹਦੀ ਤ੍ਰਾਸਦਿਕ ਜ਼ਿੰਦਗੀ ਪ੍ਰਤੀ ਕੋਈ ਹਮਦਰਦੀ ਵੀ ਨਹੀਂ। ਸਗੋਂ ਉਹ ਤਾਂ ਨਰਕੀ ਜ਼ਿੰਦਗੀ ਹੰਢਾ ਰਹੇ ਲੋਕਾਂ ਦੇ ਮਨਾਂ 'ਚ ਪ੍ਰਬੰਧ ਪ੍ਰਤੀ ਇਕ ਨਫ਼ਰਤ ਜਗਾਉਂਦਾ ਹੈ। ਇਹੋ ਕਾਰਨ ਹੈ ਕਿ ਉਹਦੀ ਸੁਰ ਵਿਦਰੋਹੀ ਵੀ ਹੈ। ਪਰ ਵਧੇਰੇ ਕਰਕੇ ਇਨਕਲਾਬੀ ਪੰਜਾਬੀ ਕਵਿਤਾ 'ਚ ਇਹ ਸੁਰ ਕਾਫ਼ੀ ਅਰਸੇ ਪਿਛੋਂ ਵੇਖਣ ਨੂੰ ਮਿਲੀ ਹੈ। ਐਵੇਂ ਨਹੀਂ ਸੀ ਭਾਜੀ ਗੁਰਸ਼ਰਨ ਸਿੰਘ ਨੇ ਕਿਹਾ ਕਿ "ਉਦਾਸੀ ਦੀਆਂ ਕਈ ਕਾਵਿਕ ਪੰਕਤੀਆਂ ਫਲਸਫਾਨਾਂ ਟੂਕਾਂ ਬਣ ਜਾਣਗੀਆਂ ਤੇ ਸਦਾ ਜਿਉਂਦੀਆਂ ਰਹਿਣਗੀਆਂ।"

ਕਿਰਤੀ ਤੇ ਲੋਕ ਜ਼ਿੰਦਗੀ ਨੂੰ ਬਿਆਨ ਕਰਦੀ ਉਹਦੀ ਕਵਿਤਾ ਦੀ ਇਕ ਮਿਸਾਲ ਵੀ ਵੇਖੀ ਜਾ ਸਕਦੀ ਹੈ:

*ਜਿਹਦੇ ਨਰਮੇ ਕਪਾਹ ਦੇ ਵਿਚ ਮੇਰੀ*
*ਮਾਂ ਮਰ ਗਈ ਕਿਰਤਾਂ ਦੀ ਕੂਕ ਬਣ ਕੇ*
*ਜਿਹਦੇ ਟਿੱਬਿਆਂ ਅੰਦਰ ਹੈ ਬਾਪ ਮੇਰਾ*
*ਰੁਲਿਆ ਪਿਆ ਏ ਰੇਤੇ ਦੀ ਹੂਕ ਬਣ ਕੇ*

*ਜਾਂ*

*ਜਿਥੇ ਬੰਦਾ ਜੰਮਦਾ ਸੀਰੀ ਹੈ*
*ਟਕਿਆਂ ਦੀ ਮੀਰੀ ਪੀਰੀ ਹੈ*
*ਜਿਥੇ ਕਰਜ਼ੇ ਹੇਠ ਪੰਜੀਰੀ ਹੈ*



*ਬਾਪੂ ਦੇ ਕਰਜ਼ ਦਾ ਸੂਦ ਨੇ*
*ਪੁੱਤ ਜੰਮਦੇ ਜਿਹੜੇ*

ਇਸ ਤੋਂ ਵੀ ਅੱਗੇ:

*ਕਿੱਕਰਾਂ ਨੂੰ ਫੁੱਲ ਲੱਗੇ ਕੇਸਰੀ ਕਿਰਤਾਂ ਨੂੰ ਫਲ ਨਾ ਲੱਗਿਆ*
*ਸੱਸੀ ਦਾ ਅਸੀਂ ਸੇਕ ਸੀ ਭਾਵੇਂ ਹਰ ਹੋਰਾਂ ਨੂੰ ਨਾ ਲੱਗਿਆ*
*ਉਹ ਪੁੰਨਿਆਂ ਦਾ ਚੰਨ ਹੀ ਨਹੀਂ ਸੀ ਜੋ ਮੱਸਿਆ ਨੇ ਨਾ ਕੱਜਿਆ*
*ਆਪਾਂ ਲੋਕੀ ਖਾ ਗਏ ਟਪਲਾ ਕਰ ਗਈ ਘਪਲਾ*
*ਸਮੇਂ ਦੀ ਰਾਣੀ ਏਂ...*

ਉਦਾਸੀ ਨੇ ਲੋਕ ਮਿੱਥਾਂ ਨੂੰ, ਲੋਕ ਕਾਵਿਕ ਪੰਕਤੀਆਂ ਨੂੰ ਵੀ ਨਵੇਂ ਅਰਥ ਦਿੱਤੇ। ਇਕ ਲੋਕ ਗੀਤ ਤੇ ਲੋਕ ਮਿੱਥ ਹੈ 'ਜੋਗੀ ਉਤਰ ਪਹਾੜੋਂ ਆਏ ਚਰਖੇ ਦੀ ਘੂਕ ਸੁਣ ਕੇ'। ਪੰਜਾਬੀ ਲੋਕ ਮਨ 'ਚ ਇਹ ਪਾਈ ਜਾਂਦੀ ਮਿੱਥ ਹੈ ਕਿ ਜੋਗੀ ਹੋਣਾ ਉਹ ਅਵਸਥਾ ਹੈ ਜਿਥੇ ਆਦਮੀ ਨਿੱਜ ਨਾਲੋਂ ਟੁੱਟ ਕੇ ਸਮੂਹ ਦਾ ਹੋ ਜਾਂਦਾ ਹੈ। ਖ਼ੁਦ ਤੋਂ ਉਪਰ। ਉਹਨੇ ਲੋਕ ਮੁਕਤੀ ਲਈ ਅਜਿਹੇ ਜੋਗੀਆਂ ਦੀ ਕਲਪਨਾ ਕੀਤੀ ਹੈ ਜੋ ਜ਼ਹਿਰੀ ਨਾਗਾਂ ਦੀਆਂ ਜ਼ਹਿਰਾਂ ਚੂਸਣ ਦੇ ਸਮੱਰਥ ਹੋਣ ਅਤੇ ਜਿਹੜੇ ਟੂਣਿਆਂ 'ਚ ਹੋਰ ਨਹੀਂ ਮਾਵਾਂ ਤੋਂ ਪੁੱਤਰਾਂ ਦੀ ਖ਼ੈਰ ਮੰਗਣ। ਇਹ ਉਸੇ ਦੌਰ ਦੀ ਰਚਨਾ ਹੈ ਜਦੋਂ ਇਨਕਲਾਬੀ ਲਹਿਰ ਨੂੰ ਵਿਕਾਸ ਪਸਾਰੇ ਹਿਤ ਵੱਡੀ ਪੱਧਰ 'ਤੇ ਕੁਲਵਕਤੀ ਨੌਜਵਾਨਾਂ ਦੀ ਲੋੜ ਸੀ, ਜਿਹਦੇ ਬਾਰੇ ਉਦਾਸੀ ਕਹਿੰਦਾ ਹੈ ਕਿ ਉਹ ਜੋਗੀ ਜਿਹੜਾ ਲੋਕਾਂ ਦੀ ਰੱਤ ਚੂਸਣ ਵਾਲੇ ਨਾਗਾਂ ਨੂੰ ਸੱਥਾਂ 'ਚ ਧੂਹ ਕੇ ਲਿਆਉਣ।

ਉਦਾਸੀ ਦੀ ਕਵਿਤਾ ਪੰਜਾਬੀ ਮਾਨਸਿਕਤਾ ਵਿਚ ਪਈ ਪੁੱਤਰ ਦੀ ਲਾਲਸਾ ਪ੍ਰਤੀ ਚੇਤੰਨ ਰੂਪ 'ਚ ਇਸ ਗਲਤ ਮਿੱਥ 'ਤੇ ਵਾਰ ਕਰਦਾ ਕਹਿੰਦਾ ਹੈ ਕਿ ਧੀਆਂ ਦਾ ਰੁਤਬਾ ਪੁੱਤਾਂ ਨਾਲੋਂ ਕਿਸੇ ਪੱਖੋਂ ਘੱਟ ਨਹੀ। 'ਪੁੱਤ ਬਣ ਕੇ ਕਮਾਊ ਘਰ ਤੇਰੇ, ਚਿੱਤ ਨਾ ਡੁਲਾਈ ਬਾਬਲਾ' ਲੜਕੀਆਂ ਪ੍ਰਤੀ ਕੋਈ ਦੁਵੈਤ ਨਹੀਂ। ਉਹ ਦਾਜ ਦੀ ਬਿਮਾਰੀ ਨੂੰ ਵੀ ਪੂੰਜੀਵਾਦੀ ਤੇ ਮੌਜੂਦ ਲੋਟੂ ਨਿਜ਼ਾਮ ਦੀ ਦੇਣ ਮੰਨਦਾ ਇਸ ਵਿਰੁੱਧ ਲੜਾਈ ਦਾ ਹੋਕਰਾ ਦਿੰਦਾ ਹੈ।

ਉਦਾਸੀ ਦੀ ਕਵਿਤਾ ਦੇ ਨਾਲ-ਨਾਲ ਭਾਰਤੀ ਸਮਾਜੀ ਰਾਜਸੀ ਪਰਿਦ੍ਰਿਸ਼ ਉਤੇ ਜਿਹੜੀਆਂ ਤਬਦੀਲੀਆਂ ਹੋ ਰਹੀਆਂ ਹਨ ਉਨ੍ਹਾਂ ਤੋਂ ਵੀ ਉਹ ਬਾਖ਼ਬਰ ਹੈ। ਹਾਕਮਾਂ ਦੇ ਆਰਥਿਕ ਸੰਕਟ 'ਚੋਂ ਨਿਕਲੇ ਰਾਜਸੀ ਅਤੇ ਸਮਾਜੀ ਸੰਕਟ ਦੇ ਸਿੱਟੇ ਵਜੋਂ ਢਾਂਚੇ ਨੂੰ ਹੋਰ ਜਾਬਰ ਬਣਾਉਣ, ਨਵੇਂ ਜਮਹੂਰੀ ਹੱਕਾਂ ਨੂੰ ਕੁਚਲਣ ਵਾਲੇ ਕਾਨੂੰਨ ਵੀ ਇਸੇ ਦੌਰ ਦੀ ਉਪਜ ਹਨ। ਜਿਵੇਂ ਟਾਡਾ, ਮੀਸਾ ਜਾਂ ਡੀ.ਆਈ.ਆਰ ਆਦਿ। ਇਸੇ ਸਮੇਂ ਲੋਕਾਂ ਨੂੰ ਗੁੰਮਰਾਹ ਕਰੂ ਲਹਿਰਾਂ ਵੀ ਹਾਕਮ ਜਮਾਤਾਂ ਦੇ ਇਕ ਹਿੱਸੇ ਵਲੋਂ ਸਾਹਮਣੇ ਆਈਆਂ ਜਿਸ 'ਚ ਸੰਪੂਰਨ ਕਰਾਂਤੀ ਦੀ ਲਹਿਰ ਜੋ ਜੈ ਪ੍ਰਕਾਸ਼ ਨਰਾਇਣ ਵਲੋਂ ਚਲਾਈ ਗਈ ਸੀ।

ਐਮਰਜੈਂਸੀ ਇਸ ਦਾ ਸ਼ਿਖ਼ਰ ਸੀ ਜਿਥੇ ਵਿਵਸਥਾ ਸਹਿਜੇ ਸਹਿਜੇ ਨਵੇਂ ਦੌਰ 'ਚ ਦਾਖ਼ਲ ਹੋਈ ਅਤੇ ਵਿਵਸਥਾ ਲਈ ਲੋਕਾਂ ਦਰਮਿਆਨ ਜਾਤ-ਪਾਤ, ਧਰਮ ਦੇ ਅਧਾਰਤ ਵੰਡ ਵਖਰੇਵਿਆਂ ਤੇ ਨਫ਼ਰਤ ਦੇ ਹਥਿਆਰ ਬੀਜੇ ਅਤੇ ਇਹਨੂੰ ਇਕ ਤਜਰਬੇ ਦੇ ਤੌਰ 'ਤੇ ਵਰਤਿਆ। ਪੰਜਾਬੋਂ ਬਾਹਰ ਹਿੰਦੂ ਮੁਸਲਿਮ ਅਤੇ ਪੰਜਾਬ 'ਚ ਹਿੰਦੂ ਸਿੱਖ ਵਿਵਸਥਾ ਦੀਆਂ ਪਰਤਾਂ ਬਹੁਤ ਗੁੰਝਲਦਾਰ ਹਨ। ਜੋ ਬਾਹਰੋਂ ਦੇਖਣ ਨੂੰ ਲੱਗਦਾ ਹੈ ਉਹਦੇ ਅੰਦਰ ਹੋਰ ਕੁਝ ਹੁੰਦਾ ਹੈ। ਪੰਜਾਬ 'ਚ ਨਿਰੰਕਾਰੀ ਮਸਲੇ ਤੋਂ ਲੈ ਕੇ ਭਿੰਡਰਾਂਵਾਲੇ ਤੇ ਫਿਰ ਬਲਿਊ ਸਟਾਰ ਉਪਰੇਸ਼ਨ ਜਾਂ 1984 ਦੇ ਦਿੱਲੀ ਦੰਗੇ। ਇਹ ਉਹ ਤਰਾਸਦਿਕ ਦਿਨ ਸਨ ਜਿਨ੍ਹਾਂ ਨੇ ਹਰ ਚੇਤੰਨ ਸ਼ਖ਼ਸ਼ ਨੂੰ ਝੰਜੋੜਿਆ। ਪੰਜਾਬ 'ਚ ਚੱਲੀ ਇਸ ਫਿਰਕੂ ਹਨ੍ਹੇਰੀ ਵਿਰੁੱਧ ਉਦਾਸੀ ਦੀ ਕਲਮ ਨੇ ਫਿਰ ਹੂਕ ਮਾਰੀ।

*ਭੰਨ ਸੁੱਟੀਆਂ ਨਾਨਕ ਦੀਆਂ ਬਾਹਵਾਂ*
*ਪੁੱਟ ਸੁੱਟੀਆਂ ਸ਼ਿਵ ਦੀਆਂ ਜਟਾਵਾਂ*
*ਕਿਸ ਨੂੰ ਕਿਸ ਦਾ ਦਮਨ ਕਹਾਂਗਾ*
*ਮੈਂ ਹੁਣ ਕਿਸ ਨੂੰ ਵਤਨ ਕਹਾਂਗਾ।*

*ਕੌਣ ਸਿਆਣ ਕਰੇ ਮਾਂ ਪਿਊ ਦੀ*
*ਹਰ ਇਕ ਦੀ ਹੈ ਲਾਸ਼ ਇਕੋ ਜੇਹੀ*
*ਕਿਸ ਕਿਸ ਲਈ ਮੈਂ ਕਫ਼ਨ ਲਊਂਗਾ*
*ਮੈਂ ਹੁਣ ਕਿਸ ਨੂੰ ਵਤਨ ਕਹਾਂਗਾ।*

ਪੰਜਾਬ ਸਮੱਸਿਆ ਦੀ ਵਿਚਾਰਧਾਰਾ ਬਾਰੇ ਉਦਾਸੀ ਬਾਰੇ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ। ਉਹਦੀ ਤੜਪ 'ਚ ਸਮੁੱਚੀ ਮਾਨਵਤਾ ਹੈ ਤੇ ਜਮਾਤੀ ਦ੍ਰਿਸ਼ਟੀ ਵੀ ਸਾਫ਼ ਹੈ। ਉਹਦੀ ਇਕ ਹੋਰ ਕਵਿਤਾ ਹੈ 'ਮੈਂ ਪੰਜਾਬ ਬੋਲਦਾ ਹਾਂ'।

*ਮੈਂ ਪੰਜਾਬ ਬੋਲਦਾ ਹਾਂ*
*ਸੁੱਚੀਆਂ ਦਾਹੜੀਆਂ ਦੇ ਨਾਂ 'ਤੇ*
*ਪੀਡ੍ਹੀਆਂ ਗੁੱਤਾਂ ਦੇ ਨਾਂ 'ਤੇ*
*ਆਪਣੇ ਧੀਆਂ ਪੁੱਤਾਂ ਦੇ ਨਾਂ 'ਤੇ*
*ਮੈਂ ਹਾਂ ਪੰਜਾਬ ਬੋਲਦਾ...*
*ਮਾਂ ਦੇ ਦੋ ਵਗਦੀਆਂ*
*ਮੇਰੇ ਪੰਜ ਧਾਰਾ ਵਗੇ*
*ਏਨੇ ਦੁੱਧ ਦੇ ਹੁੰਦਿਆਂ*
*ਕਿਉਂ ਵਿਲਕਦੀ ਮਮਤਾ ਲੱਗੇ*
*ਕਾਂਜੀ ਦੇ ਬਦਲਾਂ ਦੇ ਨਾਂ 'ਤੇ*



*ਬਲਦੀਆਂ ਰੁੱਤਾਂ ਦੇ ਨਾਂ 'ਤੇ*
*ਮੈਂ ਹਾਂ ਪੰਜਾਬ ਬੋਲਦਾ...*

ਇਹ ਉਸਦੀਆਂ ਉਸੇ ਦੌਰ ਦੀਆਂ ਰਚਨਾਵਾਂ ਹਨ। ਜਿਹਦੇ ਬਾਰੇ ਕੁਝ-ਕੁਝ ਪੇਤਲੀ ਸਮਝ ਵਾਲੇ ਗ਼ੈਰ-ਜ਼ੁੰਮੇਵਾਰ ਅਨਸਰ ਉਹਦੇ ਨਕਸ਼ ਨੂੰ ਵਿਗਾੜਨ ਦੀ ਕੋਸ਼ਿਸ਼ ਕਰਦੇ ਹਨ। ਉਦਾਸੀ ਧਰਮ ਦੇ ਆਧਾਰਤ ਰਾਜ ਸਿਰਜਣ ਵਾਲਿਆਂ ਪ੍ਰਤੀ ਚੌਕਸ ਸੀ ਇਹਦੀ ਗਵਾਹੀ ਉਹਦੀ ਕਵਿਤਾ ਹੀ ਦਿੰਦੀ ਹੈ।

ਉਹਦੀ ਪੀੜਾਦਾਇਕ ਵੇਦਨਾ 'ਚ ਮਾਨਵਤਾਵਾਦ ਹੀ ਨਹੀਂ ਸਗੋਂ ਉਹ ਰਾਜ ਵਲੋਂ ਵਰਤੇ ਜਾਂਦੇ ਉਨ੍ਹਾਂ ਕਪਟੀ ਕਦਮਾਂ ਪ੍ਰਤੀ ਚੌਕਸ ਤੇ ਚੇਤੰਨ ਹੈ। ਜਿੱਥੇ ਧਰਮ ਤੇ ਫਿਰਕੂ ਆਧਾਰਤ ਵੰਡੀਆਂ ਪਾਉਣ ਤੇ ਲੜਾਉਣ ਦੀਆਂ ਚਾਲਾਂ ਪ੍ਰਤੀ ਉਹਦੀ ਸੁਚੇਤਤਾ ਵੇਖੀ ਜਾ ਸਕਦੀ ਹੈ ਉਥੇ ਉਹਦਾ ਜਮਾਤੀ ਦ੍ਰਿਸ਼ਟੀਕੋਣ ਵੀ ਸਾਫ਼ ਹੈ:

*ਪੂੰਜੀਪਤੀਆਂ ਦੀ ਮਰਜ਼ੀ ਹੈ ਤੂੰ ਲੜਦਾ ਹੈਂ, ਤੂੰ ਮਰਦਾ ਰਹੇਂ*
*ਧਰਮ ਕਾਨੂੰਨ ਤੇ ਜਾਤ ਦਾ ਝੰਡਾ ਤੂੰ ਚੁੱਕਦਾ ਰਹੇਂ, ਤੂੰ ਧਰਦਾ ਰਹੇਂ*
*ਫ਼ੌਜ ਪੁਲਿਸ ਦੇ ਸਾਏ ਹੇਠਾਂ ਰਹਿਣ ਉਸਦੇ ਮਹਿਲ ਮੁਨਾਰੇ*
*ਰਹੇ ਰੜਕਦੀ ਬਿਜਲੀ ਬੇਸ਼ੱਕ ਪਰ ਨਾ ਕੁਸਕਣ ਕੁਲੀਆਂ ਢਾਰੇ*
*ਸਾਂਝਾ ਕਰੋ ਲਹੂ ਤੇ ਮੁੜਕਾ ਤੇ ਲੋਹੇ 'ਤੇ ਪਹਿਰਾ ਲਾਉ*
*ਇਕ ਹੋ ਜਾਓ, ਇਕ ਹੋ ਜਾਓ।*

ਉਦਾਸੀ ਦੀ ਕਵਿਤਾ ਦੇ ਇਸ ਵਿਚਾਰਧਾਰਕ ਧਰਾਤਲ ਨੂੰ ਉਸਦੀਆਂ ਉਨ੍ਹਾਂ ਰਚਨਾਵਾਂ 'ਚੋਂ ਵੀ ਵੇਖਿਆ ਜਾ ਸਕਦਾ ਹੈ ਜੋ ਉਹਨੂੰ ਵੱਖ-ਵੱਖ ਸਮੇਂ ਧਾਰਮਿਕ ਸਟੇਜਾਂ ਤੋਂ ਆਏ ਸੱਦਿਆਂ ਦੌਰਾਨ ਰਚਣੀਆਂ ਪਈਆਂ ਜਾਂ ਪੇਸ਼ ਕਰਨੀਆਂ ਪਈਆਂ। ਇਹ ਵਿਸਥਾਰ ਅਸੀਂ ਐਥੇ ਨਹੀਂ ਦਿਆਂਗੇ। ਉਹਦੀ ਰਚਨਾ ਦੇ ਆਧਾਰਤ (ਜੇ ਪਹਿਲਾ ਦੌਰ ਜਦੋਂ ਉਹ ਅਜੇ ਸਿਖਾਂਦਰੂ ਅਵਸਥਾ ਸੀ, ਨੂੰ ਪਾਸੇ ਰੱਖ ਦੇਈਏ ਤਾਂ) ਉਹਦੀ ਪ੍ਰਤਿਬੱਧਤਾ ਉਤੇ ਕਿਸੇ ਕਿਸਮ ਦੇ ਸ਼ੱਕ ਦੀ ਗੁੰਜਾਇਸ਼ ਨਹੀਂ ਉਭਰਦੀ। ਉਦਾਸੀ ਖੇਤ ਮਜ਼ਦੂਰ ਪਰਿਵਾਰ 'ਚੋਂ ਸੀ ਪਰ ਉਹਦੀ ਰਚਨਾ 'ਚ ਦਲਿਤ ਦ੍ਰਿਸ਼ਟੀ ਨਹੀਂ ਉਹ ਮਜ਼ਦੂਰ ਵਰਗ ਦੀ ਮੁਕਤੀ ਲਈ ਅੱਜ ਦੇ ਯੁੱਗ ਦੇ ਵਿਗਿਆਨ ਅਤੇ ਵਿਗਿਆਨਕ ਵਿਚਾਰਧਾਰਾ ਨੂੰ ਆਧਾਰ ਬਣਾਉਂਦਾ ਹੈ। ਦਲਿਤ ਜਾਂ ਦਲਿਤ ਸਾਹਿਤ ਦੀ ਧਾਰਾ ਵਰਗੀਆਂ ਜੁਗਲਬੰਦੀਆਂ ਬਹੁਤ ਪਿਛੋਂ ਦੇ ਦੌਰ ਦੀ ਉਪਜ ਹਨ।

ਦਰਅਸਲ ਹੁੰਦਾ ਇਹ ਹੈ ਕਿ ਜਦੋਂ ਇਨਕਲਾਬੀ ਲਹਿਰਾਂ ਖੜੋਤ ਦਾ ਸ਼ਿਕਾਰ ਹੋ ਜਾਣ ਤਾਂ ਇਹਨੂੰ ਗੰਧਲਾ ਕਰਨ ਲਈ ਕਈ ਤਰ੍ਹਾਂ ਦੇ ਅਚਿੰਤਕ ਤੇ ਅਚਿੰਤਨ ਸਾਹਮਣੇ ਆਉਂਦੇ ਹਨ। ਕੁਝ ਇਸ ਦੇ ਅੰਦਰੋਂ ਨਿਕਲ ਕੇ ਭਟਕੇ ਤੇ ਕੁਰਾਹੇ ਪਏ ਅਤੇ

ਵਿਗੜੇ ਹੋਏ ਹੁੰਦੇ ਹਨ। ਕੁਝ ਨਵੀਆਂ ਹਾਲਤਾਂ 'ਚ ਬੁਰਜ ਖੇਮਿਆਂ 'ਚੋਂ ਪੈਦਾ ਹੁੰਦੇ ਹਨ। ਪਿਛਲੇਰੇ ਦੌਰ 'ਚ ਵੀ ਵਿਸ਼ੇਸ਼ ਕਰਕੇ ਰੂਸ ਦੇ ਟੁੱਟਣ ਅਤੇ ਚੀਨ ਦੇ ਥਿੜਕਣ ਤੋਂ ਪਿਛੋਂ ਜਦੋਂ ਸਮਾਜਵਾਦੀ ਕੈਂਪ ਦੀ ਹੋਂਦ ਨਹੀਂ ਰਹੀ ਤਾਂ ਬਹੁਤੇ (ਅ) ਵਿਚਾਰਧਾਰਕ ਰੁਝਾਨ ਭਾਵ ਗੈਰ ਵਿਚਾਰਧਾਰਕ ਗੁੰਝਲ ਫਲਸਫੇ ਅਤੇ ਸਾਹਿਤ ਆਲੋਚਨਾ ਵਿਚ ਵੀ ਆਏ ਹਨ ਜਿਹੜੇ ਦਲਿਤ ਦ੍ਰਿਸ਼ਟੀ ਜਾਂ ਸੌੜੀ ਕੌਮਵਾਦੀ ਬਿਰਤੀ ਆਦਿ ਵੀ ਸਨ ਤੇ ਹਨ। ਇਨ੍ਹਾਂ ਰੁਝਾਨਾਂ ਦਾ ਸਮਾਜ ਪ੍ਰਤੀ ਕੋਈ ਸਾਰਥਿਕ ਮੰਤਵ ਨਹੀਂ। ਸਗੋਂ ਇਨਕਲਾਬੀ ਲਹਿਰਾਂ ਅਤੇ ਸ਼ਖ਼ਸ਼ੀਅਤਾਂ ਨੂੰ ਧੁੰਦਲਾ ਤੇ ਖੰਡਿਤ ਕਰਨਾ ਹੈ ਤਾਂ ਕਿ ਲੋਕਾਂ ਦੇ ਇਨਕਲਾਬੀ ਵਿਰਸੇ ਨੂੰ ਹੀ ਗੁੰਮ ਕਰ ਦਿੱਤਾ ਜਾਵੇ ਅਤੇ ਖਾਰਿਜ ਕਰ ਦਿੱਤਾ ਜਾਵੇ। ਇਕ ਰੁਝਾਨ ਇਹ ਵੀ ਆ ਰਿਹਾ ਹੈ ਉਦਾਸੀ ਦੀ ਕਵਿਤਾ ਦੇ ਸੱਤਾ ਵਿਰੋਧੀ ਜਾਂ ਬਾਜ਼ ਪੱਖ ਨੂੰ ਸੌੜੇ ਮੰਤਵਾਂ ਹਿੱਤ ਵਰਤਿਆ ਜਾਣ ਦਾ ਉਪਰਾਲਾ ਹੋ ਰਿਹਾ ਹੈ ਪਰ ਉਦਾਸੀ ਦੀ ਕਵਿਤਾ ਦੀ ਜਮਾਤੀ ਦ੍ਰਿਸ਼ਟੀ ਨੂੰ ਖੁੰਡਾ ਕਰਨ ਜਾਂ ਅਲੋਪ ਕਰਨ ਦੀਆਂ ਕੋਸ਼ਿਸ਼ਾਂ ਇਨ੍ਹਾਂ ਸਭ ਵਲੋਂ ਚੇਤੰਨ ਰੂਪ ਵਿਚ ਹੋ ਰਹੀਆਂ ਹਨ। ਇਹ ਰੁਝਾਨ ਜਿਹੜੇ ਅਤੇ ਸੌੜੀ ਸੋਚ ਦੀ ਉਪਜ ਹਨ ਬਹੁਤ ਖ਼ਤਰਨਾਕ ਤੇ ਘਾਤਕ ਹਨ।

ਉਦਾਸੀ ਨੇ ਪੰਜਾਬੀ ਭਾਸ਼ਾ ਵਿਚ ਇਕ ਨਵੀਂ ਇਨਕਲਾਬੀ ਰੂਹ ਫੂਕੀ ਹੈ। ਗ਼ਦਰ ਲਹਿਰ ਦੀ ਕਵਿਤਾ ਪਿੱਛੋਂ ਹਕੂਮਤ ਪ੍ਰਤੀ ਤਿੱਖੀ ਨਫ਼ਰਤ ਤੇ ਜਮਾਤੀ ਦ੍ਰਿਸ਼ਟੀ ਤੋਂ ਉਦਾਸੀ ਦੀ ਕਵਿਤਾ ਹੀ ਸਾਹਮਣੇ ਆਉਂਦੀ ਹੈ। ਆਪਣੇ ਸਮਕਾਲੀਆਂ ਪਾਸ਼, ਲਾਲ ਸਿੰਘ ਦਿਲ, ਦਰਸ਼ਨ ਖਟਕੜ ਤੇ ਹਲਵਾਰਵੀ ਤੇ ਹੋਰਾਂ ਤੋਂ ਉਦਾਸੀ ਇਸ ਕਰਕੇ ਵੱਖਰਾ ਹੈ ਕਿ ਉਦਾਸੀ ਨੇ ਪੰਜਾਬੀ ਕਾਵਿ ਦੀ ਪਰੰਪਰਾਗਤ ਗੀਤਾਂ, ਕਲੀਆਂ ਤੇ ਵਾਰਾਂ ਨੂੰ ਅਪਣਾਇਆ ਹੈ ਜਿਹੜੀ ਆਮ ਲੋਕਾਈ ਨਾਲ ਛੇਤੀ ਇਕ-ਮਿਕ ਹੋ ਜਾਂਦੀ ਹੈ। ਉਦਾਸੀ ਦੀ ਕਵਿਤਾ 'ਚ ਇਹ ਗੁਣ ਹੈ ਕਿ ਉਹਦੇ ਗੀਤ ਬਿਨਾਂ ਕਿਸੇ ਸਾਜ ਤੋਂ ਖ਼ੁਦ ਸੁਰ ਤੇ ਰਿਦਮ ਪੈਦਾ ਕਰਦੇ ਹਨ ਅਤੇ ਉਹ ਵੀ ਇਕ ਜਮਾਤੀ ਦ੍ਰਿਸ਼ਟੀਕੋਣ ਤੋਂ। ਮੈਨੂੰ ਸਟਾਲਿਨ ਦੀ ਉਹ ਲਿਖਤ ਵਾਰ-ਵਾਰ ਯਾਦ ਆਉਂਦੀ ਹੈ ਜਦੋਂ ਉਹ ਭਾਸ਼ਾ ਦੇ ਸੁਆਲ 'ਤੇ ਬੋਲਦਿਆਂ ਕਹਿੰਦੇ ਹਨ ਕਿ, "ਭਾਸ਼ਾ ਦੀ ਵੀ ਇਕ ਆਪਣੀ ਵਰਗ ਦ੍ਰਿਸ਼ਟੀ ਹੁੰਦੀ ਹੈ।" ਉਦਾਸੀ ਦੀ ਕਾਵਿਕ ਭਾਸ਼ਾ ਦੀ ਅਤੇ ਉਹਦੇ ਸੁਰ ਦੀ ਵੀ ਇਕ ਨਿਵੇਕਲੀ ਵਰਗ ਦ੍ਰਿਸ਼ਟੀ ਹੈ। ਇੱਥੇ ਉਹਦੀ ਕਵਿਤਾ ਦੇ ਵਿਚਾਰਧਾਰਕ ਆਧਾਰ ਦੀ ਗੱਲ ਨਹੀਂ ਸਗੋਂ ਭਾਸ਼ਾ ਦੇ ਉਚਾਰ ਦੀ ਗੱਲ ਕਰ ਰਹੇ ਹਾਂ। ਉਦਾਸੀ ਦੀ ਕਵਿਤਾ ਪੜ੍ਹੋ ਜਾਂ ਫਿਰ ਉਹਦੇ ਉਚਾਰ ਨੂੰ ਸੁਣੋਂ ਤਾਂ ਤੁਹਾਨੂੰ ਸ਼ਬਦਾਂ ਦੀ ਜੜ੍ਹਤ ਉਹਦਾ ਮੁਹਾਵਰਾ ਉਹਦਾ ਰਿਦਮ ਹੀ ਦੱਸ ਦੇਵੇਗਾ ਕਿ ਭਾਸ਼ਾ ਦੀ ਵਰਗ ਦ੍ਰਿਸ਼ਟੀ ਕੀ ਹੈ। ਇਹ ਸ਼ਬਦਾਂ ਦੇ ਉਚਾਰ ਦੇ ਜੁੱਸੇ ਦਾ ਸੁਆਲ ਹੈ। ਆਜ਼ਾਦੀ ਪਿੱਛੋਂ ਅਤੇ ਅੱਜ ਵੀ ਲੇਖਕਾਂ ਅਤੇ ਵਿਸ਼ੇਸ਼ ਕਰਕੇ ਅਗਾਂਹਵਧੂ ਲੇਖਕਾਂ ਦੀ ਭਾਸ਼ਾ ਵਿਚ ਵੀ ਜਿਹੜਾ ਲਚਕੀਲਾਪਨ ਮਿਲਦਾ ਹੈ ਉਹਦੇ 'ਚ ਉਹ ਗਰਮਾਹਟ ਨਹੀਂ ਜਿਹੜੀ ਇਕ ਇਨਕਲਾਬੀ ਜਾਂ ਪ੍ਰੋਲੇਤੇਰੀਅਨ ਭਾਸ਼ਾ 'ਚ ਹੋਣੀ



ਚਾਹੀਦੀ ਹੈ। ਇਨਕਲਾਬੀ ਮੱਧ ਵਰਗ ਦੀ ਭਾਸ਼ਾ ਅਤੇ ਇਨਕਲਾਬੀ ਪ੍ਰੋਲਤੇਰੀਅਨ ਦੀ ਭਾਸ਼ਾ ਵਿਚਲਾ ਅੰਤਰ ਵੀ ਉਦਾਸੀ ਦੀ ਕਾਵਿ ਭਾਸ਼ਾ 'ਚੋਂ ਵੇਖਿਆ ਜਾ ਸਕਦਾ ਹੈ। ਭਾਸ਼ਾ ਦੇ ਉਚਾਰ 'ਚ ਸਭੇ ਸਾਂਝੀਵਾਲ ਸਦਾਇਣ ਦੀ ਭਾਸ਼ਾ ਨਹੀਂ ਚਲ ਸਕਦੀ। ਭਾਸ਼ਾ ਜੇ ਜਮਾਤੀ ਨਫ਼ਰਤ, ਪ੍ਰਬੰਧ, ਪ੍ਰਤੀ ਬੇਕਿਰਕਾਪਨ ਨਹੀਂ ਰੱਖਦੀ ਤਾਂ ਉਹ ਕਿਸ ਜਮਾਤ ਦੀ ਸੇਵਾ ਕਰ ਰਹੀ ਹੈ। ਉਦਾਸੀ ਦੀ ਭਾਸ਼ਾ ਸੁਆਦ ਮਾਨਣ ਵਾਲੀ ਨਹੀਂ। ਉਹ ਗਰਮ ਲੋਹੇ ਅਤੇ ਹਥੌੜੇ ਦਾ ਕੰਮ ਕਰਦੀ ਹੈ। 'ਧਰਤੀ ਦੇ ਸਾਰੇ ਚਿਥ ਕੱਢ ਕੇ ਤੇਰੀ ਝਾਂਜਰ ਦੀ ਛਣਕਾਰ ਵੇਖਾਂਗੇ' ਇਹ ਭਾਸ਼ਾਈ ਕਲਪਨਾ ਨਹੀਂ ਹਕੀਕੀ ਮਨੋਰਥ ਹੈ। ਦੱਖਣੀ ਅਫ਼ਰੀਕਨ ਲੇਖਕ ਵਿਗੂਗੀ ਕਹਿੰਦਾ ਹੈ ਕਿ 'ਸਾਮਰਾਜ ਅਜੋਕੇ ਯੁੱਗ 'ਚ ਜੋ ਕਰ ਰਿਹਾ ਹੈ ਉਹ ਤੁਹਾਡੀ ਭਾਸ਼ਾ ਵਿਚਲੀ ਗਰਮੀ ਨੂੰ ਨਫ਼ਰਤ ਤੇ ਗੁੱਸੇ ਨੂੰ ਬੇਬਾਕਤਾ ਨੂੰ ਖ਼ਤਮ ਕਰ ਰਿਹਾ ਹੈ। ਉਹ ਭਾਸ਼ਾ ਦੀ ਇਸ ਗਰਿਮਾ ਨੂੰ ਖ਼ਤਮ ਕਰਕੇ ਤੁਹਾਨੂੰ ਸਿਰਫ਼ ਰੋਸ ਪ੍ਰਗਟ ਕਰਨ ਤਕ ਨਿਪੁੰਸਕ ਕਰ ਦੇਣਾ ਚਾਹੁੰਦਾ ਹੈ, ਇਹ ਇਕ ਖ਼ਤਰਨਾਕ ਰੁਝਾਨ ਹੈ।"

ਚਿੰਤਾ ਦਾ ਵਿਸ਼ਾ ਤਾਂ ਇਹ ਹੈ ਕਿ ਅੱਜ ਦੀ ਵਿਸ਼ਵੀ ਪੂੰਜੀ ਦੇ ਦੌਰ ਨੇ ਸਾਡੀ ਭਾਸ਼ਾ ਅੰਦਰਲੀ ਤਪਸ਼ ਨੂੰ ਹੜੱਪ ਲਿਆ ਹੈ। ਉਦੋਂ ਜਦੋਂ ਕਰੋੜਾਂ ਕਰੋੜ ਲੋਕ ਹਾਸ਼ੀਏ ਤੋਂ ਪਾਰ ਹੋਏ ਜਾ ਰਹੇ ਹਨ, ਜਦੋਂ ਇਕ ਪਾਸੇ ਪੂੰਜੀ ਦੇ ਅੰਬਾਰ ਲੱਗ ਰਹੇ ਹਨ। ਦੂਸਰੇ ਪਾਸੇ ਕਿਰਤ ਕਰਨ ਵਾਲੇ ਕਿਰਤ ਵਿਹੂਣੇ ਹੋ ਰਹੇ ਹਨ। ਉਤਪਾਦਨੀ ਸਾਧਨਾਂ ਦੇ ਛੋਟੇ ਮਾਲਕ, ਮਾਲਕੀ ਵਿਹੂਣੇ ਹੋ ਰਹੇ ਹਨ।

ਪੂੰਜੀ ਦੀ ਮੰਡੀ ਨੇ ਵਿਵਸਥਾ ਦੇ ਢਾਂਚੇ ਦੇ ਸਾਰੇ ਅੰਗਾਂ ਨੂੰ ਹੀ ਮੰਡੀ ਦੀ ਜਿਣਸ 'ਚ ਤਬਦੀਲ ਕਰ ਦਿੱਤਾ ਹੈ। ਜੇ ਤੁਹਾਡੇ ਪਾਸ ਧਨ ਹੈ ਤਾਂ ਤੁਸੀਂ ਵਿਧਾਨ ਪਾਲਿਕਾ ਖ਼ਰੀਦ ਸਕਦੇ ਹੋ, ਨਿਆਂਪਾਲਿਕਾ ਖ਼ਰੀਦ ਸਕਦੇ ਹੋ, ਜਮਹੂਰੀ ਢਾਂਚੇ ਦੇ ਹਰ ਘਰ ਨੂੰ ਖ਼ਰੀਦ ਸਕਦੇ ਹੋ। ਲੋਕਤੰਤਰ 'ਚੋਂ ਲੋਕ ਸ਼ਬਦ ਉਡੰਤਰ ਹੋ ਚੁੱਕਾ ਹੈ ਅਤੇ ਤੰਤਰ ਨੂੰ ਹੋਰ ਵਿਸਥਾਰੀ ਅਰਥ ਦੇ ਦਿੱਤੇ ਗਏ ਹਨ। ਅਜਿਹੇ ਸਮੇਂ ਲੋਕਾਂ ਨੂੰ ਇਸ ਜ਼ਿੱਲਣ 'ਚੋਂ ਕੱਢਣ ਲਈ ਉਦਾਸੀ ਵਰਗੇ ਬੇਬਾਕ ਸੈਂਕੜੇ ਸਾਹਿਤਕਾਰਾਂ ਦੀ ਲੋੜ ਹੈ ਜਿਨ੍ਹਾਂ ਦਾ ਭਾਸ਼ਾਈ ਜੁੱਸਾ ਵੀ ਗ਼ਦਰ ਲਹਿਰ ਜਾਂ ਉਦਾਸੀ ਦੀ ਕਵਿਤਾ ਵਰਗਾ ਹੋਵੇ। ਉਦਾਸੀ ਦੀ ਕਵਿਤਾ ਤੇ ਉਹਦੀ ਕਾਵਿਕ ਭਾਸ਼ਾ ਤੇ ਕਾਵਿ ਮੁਹਾਵਰਾ ਪੰਜਾਬੀ ਸਾਹਿਤ ਵਿਸ਼ੇਸ਼ ਕਰਕੇ ਅਜਿਹੇ ਸਾਹਿਤ ਰਚੇਤਾਵਾਂ ਲਈ ਜਿਹੜੇ ਲੋਕ ਪੀੜਾਂ ਨੂੰ ਪਰੋੜ ਲਈ ਅਹੁਲ ਰਹੇ ਹਨ ਅਤੇ ਇਸ ਮੌਜੂਦਾ ਨਿਜ਼ਾਮ ਵਿਰੁੱਧ ਲੋਕਾਂ ਦੀ ਨਾਬਰੀ ਨੂੰ ਕੋਈ ਸਾਰਥਿਕ ਦਿਸ਼ਾ ਦੇਣ ਲਈ ਤਤਪਰ ਹਨ, ਸਦਾ ਪ੍ਰੇਰਣਾ ਦਿੰਦੇ ਰਹਿਣਗੇ। ਜਦੋਂ ਕਿਤੇ ਅਜਿਹੀ ਖੜੋਤ ਦੀ ਸਥਿਤੀ ਨੂੰ ਤੋੜਨ ਲਈ ਪ੍ਰੇਰਣਾ ਲੈਣੀ ਪਵੇਗੀ ਤਾਂ ਗ਼ਦਰ ਲਹਿਰ ਦੀ ਕਵਿਤਾ ਪਿਛੋਂ ਉਦਾਸੀ ਦੀ ਕਵਿਤਾ ਹਾਜ਼ਰ ਰਹੇਗੀ। ਵਿਵਸਥਾ ਨੂੰ ਵੰਗਾਰਦੀ ਹੋਈ ਪ੍ਰਬੰਧ ਵਿਰੁੱਧ ਬੇਕਿਰਕ ਲੜਾਈ ਲਈ ਪ੍ਰੇਰਦੀ ਹੋਈ।

•

# ਕ੍ਰਾਂਤੀਕਾਰੀ ਕਵਿਤਾ ਦਾ ਸਿਖ਼ਰ- ਸੰਤ ਰਾਮ ਉਦਾਸੀ

-ਪ੍ਰੋ. ਜੇ.ਬੀ. ਸੇਖੋਂ

ਪੰਜਾਬੀ ਸਾਹਿਤ ਦੀ ਇਥ ਸਰਬ ਸਾਂਝੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਹ ਸਾਹਿਤ ਕਦੇ ਵੀ 'ਦਰਬਾਰੀ ਸਾਹਿਤ' ਨਹੀਂ ਰਿਹਾ। ਸਥਾਪਤੀ ਦਾ ਵਿਰੋਧ ਇਸਦੀ ਕੇਂਦਰੀ ਵਿਚਾਰਧਾਰਕ ਸੁਰ ਰਹੀ ਹੈ। ਮੱਧਕਾਲ ਦੇ ਪੰਜਾਬੀ ਕਾਵਿ ਨੇ ਆਪਣੇ ਸਮੇਂ ਦੀ ਸਥਾਪਤ ਵਿਵਸਥਾ ਨੂੰ ਵੰਗਾਰਿਆ ਹੈ ਤੇ ਸਥਾਪਤੀ ਦੇ ਲੁਕਵੇਂ ਤੇ ਦਿਸਦੇ ਚਿਹਰੇ ਦੀਆਂ ਪਰਤਾਂ ਦਾ ਪਰਦਾ ਚਾਕ ਕੀਤਾ ਹੈ। ਮੱਧਕਾਲੀ ਪੰਜਾਬੀ ਕਾਵਿ ਦੀ ਸਮੁੱਚੀ ਪ੍ਰਗਤੀਸ਼ੀਲ ਟੈਕਸਟ ਨੇ ਸਥਾਪਤੀ ਵਲੋਂ ਆਪਣੀ ਪ੍ਰੱਪਕਤਾ ਤੇ ਲੋਕਾਂ ਦੇ ਦਮਨ ਲਈ ਘੜੀਆਂ ਮਿੱਥਾਂ ਨੂੰ ਤੋੜਿਆ ਹੈ। ਇਹ ਕਾਵਿ ਲੌਕਿਕ ਤੇ ਪਾਰਲੌਕਿਕ ਵਿਸ਼ਾ-ਵਰਗਾਂ ਵਿਚ ਵੰਡਣ ਦੇ ਬਾਵਜੂਦ ਮਨੁੱਖ ਦੀ ਆਜ਼ਾਦੀ ਤੇ ਮੁਕਤੀ ਦੇ ਮਸਲੇ ਨੂੰ ਸੰਬੋਧਤ ਰਿਹਾ ਹੈ। ਇਸ ਕਾਵਿ ਦੀ ਦੂਜੀ ਵਿਸ਼ੇਸ਼ਤਾ ਇਹ ਰਹੀ ਕਿ ਵਿਚਾਰਧਾਰਾ ਦੇ ਨਾਲ-ਨਾਲ ਕਾਵਿ ਦੀ ਵਿਧਾ, ਭਾਸ਼ਾ ਤੇ ਸੰਚਾਰ-ਸ਼ੈਲੀ ਪੱਖੋਂ ਵੀ ਹਰ ਪੱਧਰ ਦੇ 'ਕਲਾਸੀਕਲ' ਤੇ ਦਰਬਾਰੀ ਕਾਵਿ ਵਿਧਾਨ ਨੂੰ ਤੋੜਿਆ ਗਿਆ ਹੈ। ਲੋਕ ਭਾਸ਼ਾ, ਲੋਕ-ਸ਼ੈਲੀ, ਲੋਕ-ਰਾਗ ਤੇ ਲੋਕ-ਸੰਵੇਦਨਾ ਨਾਲ ਜੁੜ ਕੇ ਇਸ ਕਾਵਿ ਨੇ ਲੋਕ-ਹਿਰਦਿਆਂ ਦੇ ਤਪਦੇ ਤੰਦੂਰ ਨੂੰ ਸਕੂਨ ਤੇ ਸ਼ਾਂਤੀ ਪ੍ਰਦਾਨ ਕੀਤੀ ਹੈ।

ਆਧੁਨਿਕ ਪੰਜਾਬੀ ਕਾਵਿ ਦੀ ਮੂਲ ਸੁਰ ਵੀ ਪ੍ਰਤੀਰੋਧ ਵਾਲੀ ਰਹੀ ਹੈ। ਪੂੰਜੀਵਾਦੀ ਪ੍ਰਬੰਧ ਦੀਆਂ ਸਥਾਪਤ-ਬਣਤਰਾਂ ਨੂੰ ਝੰਜੋੜਨ ਵਾਲਾ ਇਹ ਕਾਵਿ ਮੱਧਕਾਲ ਦੇ ਜਗੀਰੂ ਸਮਾਜ ਵਿਚ ਉਪਜੇ ਸਾਹਿਤਕ ਪ੍ਰਤਿਮਾਨਾਂ ਤੋਂ ਭਿੰਨਤਾ ਵਾਲਾ ਵੀ ਹੈ। ਇਸ ਦੌਰ ਵਿਚ ਕਵਿਤਾ ਸੁਣਨ-ਸੁਣਾਉਣ ਦੀ ਥਾਂ ਪੜ੍ਹਨ-ਪੜ੍ਹਾਉਣ ਨਾਲ ਜੁੜਦੀ ਹੈ। ਛੰਦਾਬੰਦੀ ਤੇ ਗਾਇਣ-ਪ੍ਰਬੰਧ ਤੋਂ ਟੁੱਟ ਕੇ ਕਵਿਤਾ ਦਾ ਮੁਹਾਂਦਰਾ ਪੜ੍ਹਨ ਤੇ ਚਿੰਤਨ ਨਾਲ ਜੁੜਦਾ ਹੈ। ਮਨੁੱਖ ਇਸ ਕਾਵਿ ਦਾ ਕੇਂਦਰ ਬਣਦਾ ਹੈ ਤੇ ਪ੍ਰਗਤੀਸ਼ੀਲ ਮੁਹਾਵਰਾ ਪ੍ਰਗਤੀਵਾਦੀ ਸੁਰ ਅਖਤਿਆਰ ਕਰਦਾ ਹੈ। ਇਸ ਸਮੇਂ ਦੀ ਕਵਿਤਾ ਮੱਧ ਵਰਗੀ ਚੇਤਨਾ ਨੂੰ ਰੂਪਾਂਤਰਤ ਕਰਦੀ ਹੈ ਪਰ ਆਧੁਨਿਕ ਪੰਜਾਬੀ ਕਾਵਿ ਵਿਚ ਹੀ ਅਨੇਕਾਂ ਕਵੀ ਅਜਿਹੇ ਹਨ ਜਿਹੜੇ ਆਧੁਨਿਕ ਸੰਵੇਦਨਾ ਨੂੰ ਬੌਧਿਕ ਗੁੰਝਲਾਂ ਨਾਲੋਂ ਲੋਕ-ਮੁਹਾਵਰੇ ਵਾਲੀ ਸਹਿਜ ਤੇ ਸਰਲ ਕਾਵਿ ਸ਼ੈਲੀ ਵਿਚ ਪੇਸ਼ ਕਰਕੇ ਲੋਕ ਹਿਰਦਿਆਂ ਵਿਚ ਮਕਬੂਲ ਹੋਏ ਹਨ। ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ ਤੇ ਸੰਤ ਰਾਮ ਉਦਾਸੀ ਆਦਿ ਇਸੇ ਵੰਨਗੀ ਵਿਚ ਹਨ।

ਸੰਤ ਰਾਮ ਉਦਾਸੀ ਜੁਝਾਰਵਾਦੀ ਨਕਸਲਵਾੜੀ ਲਹਿਰ ਦਾ ਮਹੱਤਵਪੂਰਨ



ਕਵੀ ਹੋਇਆ ਹੈ। ਉਦਾਸੀ ਇਕ ਵਿਅਕਤੀ ਨਹੀਂ ਇਕ ਵਰਤਾਰਾ ਸੀ। ਸਹੀ ਅਰਥਾਂ ਵਿਚ ਉਹ ਕੰਮੀਆਂ ਦੇ ਵਿਹੜੇ ਦਾ ਮੱਘਦਾ ਸੂਰਜ ਸੀ। ਦੇਸ ਦੀ ਰਾਜਸੀ ਆਜ਼ਾਦੀ ਦੇ ਬਾਵਜੂਦ ਨਿਮਨ ਵਰਗ ਦੇ ਹਮੇਸ਼ਾ ਹਿੱਸੇ ਰਹਿਣ ਵਾਲੀ ਕਾਣੀ-ਖ਼ੁਸ਼ਹਾਲੀ, ਵਿਤਕਰੇ, ਹੀਣ-ਬੋਧ ਤੇ ਦਮਨ ਦਾ ਵਿਸ਼ੇਸ਼ ਕਾਵਿ ਪ੍ਰਤਿਭਾ ਨਾਲ ਪ੍ਰਗਟਾਵਾ ਕਰਨਾ, ਉਦਾਸੀ ਦੀ ਕਵਿਤਾ ਦੇ ਹਿੱਸੇ ਹੀ ਆਇਆ ਹੈ। ਦੁਨੀਆਂ ਦੇ ਇਨਕਲਾਬੀ ਸ਼ਾਇਰਾਂ ਦੇ ਕਿਹੜੇ-ਕਿਹੜੇ ਕਾਵਿ ਲੱਛਣ ਹੁੰਦੇ ਹਨ। ਇਸਦੇ ਜਵਾਬ ਉਦਾਸੀ ਦੇ ਕਾਵਿ-ਸੰਸਾਰ ਵਿਚ ਪਏ ਮਿਲਦੇ ਹਨ। ਉਦਾਸੀ ਦੀ ਕਵਿਤਾ ਨੇ ਸਮਾਜ ਯਥਾਰਥ ਨਾਲ ਸਿੱਧੀ ਟੱਕਰ ਲਈ ਹੈ। ਉਸਦਾ ਕਾਵਿ ਨਾਇਕ ਜਮਾਤੀ ਵਿਵਸਥਾ ਦੇ ਅਮੀਰ-ਗਰੀਬ ਵਰਗਾਂ ਨੂੰ ਹੀ ਨਹੀਂ ਸਮਝਦਾ ਬਲਕਿ ਸਥਾਪਤੀ ਦੇ ਸਮਾਜਕ, ਧਾਰਮਿਕ, ਸਭਿਆਚਾਰਕ, ਰਾਜਸੀ ਤੇ ਆਰਥਿਕ ਪ੍ਰਬੰਧ ਵਿਚ ਪਿਸਦੀ ਲੋਕਾਈ ਦਾ ਦਰਦ ਵੀ ਪਛਾਣਦਾ ਹੈ।

ਸੰਤ ਰਾਮ ਉਦਾਸੀ ਚਾਹੇ ਬਕਾਇਦਾ ਨਕਸਲੀ ਲਹਿਰ ਦਾ ਪ੍ਰਮੁੱਖ ਕਵੀ ਤੇ ਕਾਮਾ ਰਿਹਾ ਹੈ ਪਰ ਉਸਦੀ ਕਵਿਤਾ ਹਰ ਪੱਖੋਂ ਕਿਸੇ ਰਾਜਨੀਤਿਕ ਮੰਤਵ ਦੇ ਨਾਲ-ਨਾਲ ਲੋਕ-ਸੰਵੇਦਨਾ ਦੇ ਨੇੜੇ ਰਹੀ ਹੈ। ਬੇਜ਼ਮੀਨੇ ਖੇਤ ਮਜ਼ਦੂਰ ਦਾ ਪੁੱਤ ਹੋਣ ਕਰਕੇ ਉਸਨੇ ਪੂਰੀ ਜ਼ਿੰਦਗੀ ਮੱਧ ਵਰਗੀ ਨਾਅਰੇਬਾਜ਼ੀ ਤੇ ਨਿਮਨ ਵਰਗੀ ਹੀਣ ਭਾਵਨਾ ਨਾਲ ਕਦੇ ਸਾਂਝ ਨਹੀਂ ਪਾਈ। ਉਦਾਸੀ ਦੀ ਕਵਿਤਾ ਨਕਸਲੀ ਪੰਜਾਬੀ ਕਵਿਤਾ ਦਾ ਕੇਂਦਰੀ ਸੂਝ ਮਾਡਲ ਹੈ। ਉਸਨੇ ਨਿਰੀ ਕਵਿਤਾ ਹੀ ਨਹੀਂ ਸਿਰਜੀ ਸਗੋਂ ਜ਼ਿੰਦਗੀ ਦੇ ਤਪਦੇ ਸੰਘਰਸ਼ ਵਿਚ ਹਿੱਸਾ ਵੀ ਪਾਇਆ ਹੈ। ਆਰਥਿਕ ਤੰਗੀਆਂ, ਸਮਾਜਕ ਵਿਤਕਰੇ, ਪੁਲੀਸ ਦੇ ਤਸੀਹੇ ਤੇ ਹੋਰ ਚੁਣੌਤੀਆਂ ਵੀ ਉਸਦੀ ਕਾਵਿ-ਸੁਰ ਨੂੰ ਬਦਲ ਨਹੀਂ ਸਕੀਆਂ।

ਉਦਾਸੀ ਦੀ ਕਵਿਤਾ ਉਸ ਧਿਰ ਨਾਲ ਖੜ੍ਹਦੀ ਹੈ ਜਿਹੜੀ ਧਿਰ ਸਦੀਆਂ ਤੋਂ ਆਰਥਿਕ/ਸਮਾਜਕ ਭੇਦ-ਭਾਵ ਭੋਗਦੀ ਆਈ ਹੈ। ਇਸ ਧਿਰ ਨਾਲ ਹੁੰਦੀਆਂ ਵਧੀਕੀਆਂ ਲਈ ਭਾਰੂ ਧਿਰ ਦੇ ਸਾਰੇ ਹਰਬੇ-ਹੀਲੇ, ਪ੍ਰਪੰਚ ਤੇ ਵਿਵਸਥਾਵਾਂ ਨੂੰ ਉਸਦੀ ਕਵਿਤਾ ਦੇ ਨਸ਼ਤਰ ਨੇ ਚੀਰ ਕੇ ਰੱਖਿਆ ਹੈ। ਉਦਾਸੀ ਆਪਣੀ ਅਨੂਠੀ ਕਾਵਿ-ਸ਼ੈਲੀ, ਪ੍ਰਤਿਭਾ ਤੇ ਅਨੁਭਵ ਨਾਲ ਅਜਿਹਾ ਸ਼੍ਰੇਣਿਕ-ਬੋਧ ਪੇਸ਼ ਕਰਦਾ ਹੈ ਜਿਸ ਵਿਚ ਪਾਲ਼ੀਆਂ, ਸੀਰੀਆਂ, ਸਿਲਾ ਚੁਗਦੀਆਂ ਕੁੜੀਆਂ, ਰੋੜੀ ਕੁੱਟਦੇ ਮਜ਼ਦੂਰ, ਭਿਖਾਰੀ, ਬੇਜ਼ੁਬਾਨ ਪਸ਼ੂ, ਨਿਮਨ ਵਰਗ ਦੇ ਲੋਕ, ਸਿੱਖ ਇਤਿਹਾਸ ਦੇ ਜੁਝਾਰੂ ਨਾਇਕ, ਪ੍ਰਸੰਗ, ਅੰਤਰ ਰਾਸ਼ਟਰੀ ਪੱਧਰ ਦੇ ਸਮਾਜਵਾਦੀ ਕਾਮੇ ਆਦਿ ਸਭ ਇਕ ਲੜੀ ਵਿਚ ਪਰੋਏ ਜਾਪਦੇ ਹਨ। ਤੇ ਇੰਝ ਲਗਦਾ ਹੈ ਕਿ ਦੁਨੀਆਂ ਵਿਚ ਕਿਸੇ ਵੀ ਦੇਸ਼ ਦੀਆਂ ਵਰਗੀ-ਸਥਿਤੀਆਂ ਬੇਸ਼ੱਕ ਵੱਖ-ਵੱਖ ਹੋਣ ਪਰ ਸੰਘਰਸ਼ ਲਈ ਆਪਣਾ ਆਪਾ ਮਿਟਾਉਣ ਵਾਲੇ ਯੋਧਿਆਂ ਤੇ ਸਧਾਰਨ ਲੋਕਾਂ ਦਾ ਦਰਦ ਇਕ ਸਮਾਨ ਹੁੰਦਾ ਹੈ। ਉਹਨਾਂ ਦੇ ਸੁਪਨੇ ਤੇ ਸੰਘਰਸ਼ ਦਾ ਧਰਾਤਲ ਇਕੋ ਹੀ ਹੁੰਦਾ ਹੈ। ਇਸ ਧਰਾਤਲ ਦੀਆਂ ਵੱਖੋ-ਵੱਖਰੀਆਂ ਪ੍ਰਸਥਿਤੀਆਂ ਹਨ ਪਰ ਲਗਾਤਾਰ ਜਦੋ-ਜਹਿਦ ਦਾ ਜਜ਼ਬਾ ਭਰਦੇ ਰਹਿਣਾ ਸਭ ਤੋਂ ਅਹਿਮ ਹੈ-

*"ਖ਼ੂਨ ਨੂੰ ਲਲਕਾਰ ਦੀ ਬਸ ਲੋੜ ਹੈ*
*ਧੁਖਣ ਨੂੰ ਅੰਗਿਆਰ ਦੀ ਬਸ ਲੋੜ ਹੈ*
*ਹੱਕ ਲਈ ਮਰਦੇ ਨੂੰ ਕੱਫਣ ਵੀ ਨਾ ਦਿਓ*
*ਲੋਥ ਨੂੰ 'ਦਸਤਾਰ' ਦੀ ਬੱਸ ਲੋੜ ਹੈ।"*

ਉਦਾਸੀ ਦੀ ਕਵਿਤਾ ਨੇ ਨਕਸਲੀ ਚੜ੍ਹਤ ਦੇ ਦੌਰ ਵਿਚ ਆਪਣੀ ਲੋਕ ਪੱਖੀ ਸੁਰ ਤੇ ਲੋਕ-ਪੱਧਰ ਦੇ ਕਾਵਿ-ਆਵੇਸ਼ ਨਾਲ ਆਪਣੀ ਇਨਕਲਾਬੀ ਤੇ ਵਿਗਿਆਨਕ ਦ੍ਰਿਸ਼ਟੀ ਦਾ ਪ੍ਰਗਟਾਵਾ ਕੀਤਾ ਹੈ। ਉਸਦੇ ਗੀਤਾਂ ਵਿਚ ਜਿੱਥੇ ਵਿਚਾਰਧਾਰਾ ਦੀ ਠੋਸ ਤੇ ਸਪੱਸ਼ਟ ਪ੍ਰਤੀਬੱਧਤਾ ਹੈ ਉੱਥੇ ਹੀ ਆਪਣੇ ਸਭਿਆਚਾਰ ਵਿਰਸੇ/ਸਿੱਖ ਇਤਿਹਾਸ ਦੇ ਪ੍ਰਸੰਗਾਂ, ਪ੍ਰਤੀਕਾਂ ਨੂੰ ਪ੍ਰਯੋਗ ਕਰਨ, ਲੋਕ ਭਾਸ਼ਾ ਦੀ ਵਰਤੋਂ ਤੇ ਕਹਿਰਾਂ ਦੀ ਰਵਾਨਗੀ ਤੇ ਲਹਿਜੇ ਨਾਲ ਲੋਕ-ਮਨਾਂ ਤੱਕ ਇਸ ਪ੍ਰਤੀਬੱਧਤਾ ਨੂੰ ਪੁਜਾਣ ਦੀ ਪ੍ਰਤਿਭਾ ਵੀ ਹੈ। ਉਸਦੇ ਗੀਤ ਲੋਕ ਵੇਦਨਾ ਦੇ ਸ਼ੂਕਦੇ ਦਰਿਆ ਹਨ। ਕਿਸਾਨੀ ਤੇ ਮਜ਼ਦੂਰ ਜਮਾਤ ਦੀ ਜੁਝਾਰੂ ਸਾਂਝ ਨੂੰ ਇਨਕਲਾਬ ਵਿਚ ਵਟਾਉਣ ਲਈ ਉਦਾਸੀ ਦਾ ਨਿਮਨ ਗੀਤ-ਪ੍ਰਸੰਗ ਵਿਚਾਰਨਯੋਗ ਹੈ-

*"ਗਲ ਲਗ ਕੇ ਸੀਰੀ ਦੇ ਜੱਟ ਰੋਵੇ*
*ਬੋਹਲਾਂ ਵਿਚੋਂ ਨੀਰ ਵਗਿਆ*
*ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ*
*ਤੂੜੀ ਵਿਚੋਂ ਪੁੱਤ ਜੱਗਿਆ"*

*(ਸੈਨਤਾਂ-33)*

ਉਹ ਕੇਂਦਰੀ ਤੌਰ 'ਤੇ ਗੀਤਾਂ ਦਾ ਮਹਾਨ ਸਿਰਜਕ ਹੈ। ਸਿੱਖ ਇਤਿਹਾਸ ਦੇ ਪ੍ਰਸੰਗ, ਪਾਤਰ ਤੇ ਘਟਨਾਵਾਂ ਨੂੰ ਉਸਨੇ ਸਮਕਾਲ ਦੀ ਵਿਤਕਰੇ ਭਰੀ ਸਥਿਤੀ ਵਿਚ ਦਮਨ ਭੋਗਦੇ ਲੋਕਾਂ ਲਈ ਵਿਸ਼ੇਸ਼ ਕਾਵਿ-ਪ੍ਰੇਰਨਾ ਵਜੋਂ ਪ੍ਰਯੋਗ ਕੀਤਾ-

*"ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ*
*ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ*
*ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ*
*ਛਾਂਗ ਦਿਆਂਗੇ ਖੰਡੇ ਦੀ ਧਾਰ ਬਣਕੇ"*

*(ਸੈਨਤਾਂ-29)*



ਸੰਤ ਰਾਮ ਉਦਾਸੀ ਦੀ ਕਵਿਤਾ ਦਾ ਜੁਝਾਰਵਾਦ ਸਿੱਖ ਵਿਰਸੇ ਤੇ ਲੋਕ ਵਿਰਸੇ ਦੀ ਇਨਕਲਾਬੀ, ਮਿਹਨਤੀ ਤੇ ਸਿਰੜ ਭਰੀ ਪਰੰਪਰਾ ਵਿਚੋਂ ਊਰਜਾ ਗ੍ਰਹਿਣ ਕਰਦਾ ਹੈ। ਉਸਦੀ ਕਵਿਤਾ ਪੇਂਡੂ ਲੋਕ ਸੰਵੇਦਨਾ ਦੇ ਨੇੜੇ ਹੈ ਤੇ ਇਸਦਾ ਵੱਖਰਾ ਸੁਹਜ ਹੈ। ਅਜਿਹੇ ਕਾਵਿ-ਸੰਸਾਰ ਦੀ ਸਿਰਜਣਾ 'ਕਰਤਾਰੀ ਕਾਰਜ' ਹੁੰਦਾ ਹੈ ਜਿਸ ਵਿਚ ਨਾ ਸਿਰਫ਼ ਵਸਤੂ ਦੀ ਵਿਵਿਧਤਾ ਤੇ ਬਹੁਵੰਨਤਾ ਹੁੰਦੀ ਹੈ ਬਲਕਿ ਭਾਸ਼ਾ ਦਾ ਜਲੌਅ ਤੇ ਆਭਾ ਵੀ ਮਾਨਣ ਵਾਲੀ ਹੁੰਦੀ ਹੈ। ਕਿਰਤੀਆਂ, ਕਿਸਾਨਾਂ, ਔਰਤਾਂ, ਮਜ਼ਦੂਰਾਂ, ਦਲਿਤ ਤੇ ਦਮਿਤ ਜ਼ਿੰਦਗੀ ਭੋਗਦੇ ਲੋਕਾਂ ਦੇ ਦਰਦ ਨਾਲ ਵਰ ਮੇਚਦੀ ਉਦਾਸੀ ਦੀ ਕਵਿਤਾ ਜੀਵਨ-ਯਥਾਰਥ ਦੀਆਂ ਤੰਗੀਆਂ ਤੁਰਸ਼ੀਆਂ ਨੂੰ ਪਾਠਕਾਂ ਤੱਕ ਸਹਿਜ ਤੇ ਸੁਹਜ ਭਰੇ ਲਹਿਜੇ ਵਿਚ ਸੰਚਾਰਤ ਕਰਦੀ ਹੈ। ਉਦਾਸੀ ਲੋਕਾਂ ਦਾ ਸ਼ਾਇਰ ਸੀ ਤੇ ਪ੍ਰਗਤੀ ਦਾ ਪੁਜਾਰੀ ਸੀ। ਉਸਦੀ ਕਵਿਤਾ ਦੀ ਵਡਿਆਈ ਹੈ ਕਿ ਹਰ ਮਨੋਸਥਿਤੀ ਤੇ ਸਮਾਜਕ ਵੱਖਰਤਾ ਵਾਲੇ ਮਾਨਵ ਨੂੰ ਇਸ ਵਿਚੋਂ ਆਪਣੇ ਦਰਦ ਦੀ ਹੂਕ ਸੁਣਦੀ ਹੈ। ਉਸ ਕੋਲ ਸ਼ਾਬਦਿਕ ਵਿੰਗ-ਵਲੇਵੇਂ ਨਹੀਂ ਸਨ ਪਰ ਭਾਸ਼ਾ ਦੀ ਸਿੱਧ ਸਪਾਟ ਵਰਤੋਂ ਕਰਨ ਦਾ ਔਗੁਣ ਵੀ ਨਹੀਂ ਸੀ। ਲੋਕਾਈ ਦੇ ਦਰਦ ਤੇ ਦਮਨ ਨੂੰ ਭਾਸ਼ਾ ਦੀ ਖ਼ੂਬਸੂਰਤੀ ਨਾਲ ਪੇਸ਼ ਕਰਨਾ ਉਸਦਾ ਕਾਵਿ-ਹੁਨਰ ਸੀ। ਆਰਥਿਕ ਲੁੱਟ, ਸ਼੍ਰੇਣੀ-ਬੋਧ, ਔਰਤਾਂ ਦੀ ਬੇਪਤੀ, ਸਾਮਰਾਜੀ ਜ਼ੁਲਮ, ਧਰਮ ਦੀ ਪਖੰਡਤਾ, ਜਾਤਾਂ/ਜਮਾਤਾਂ ਦੀ ਕਤਾਰਬੰਦੀ ਦੇ ਵਿਰੁੱਧ ਉਸਦੀ ਕਵਿਤਾ ਇਕ ਵੰਗਾਰ ਤੇ ਲਲਕਾਰ ਵਾਂਗ ਹੈ।

*ਜੇਕਰ ਅੱਜ ਨਾ ਹੱਕਾਂ ਦੀ ਗੱਲ ਕੀਤੀ*
*ਸਾਡੇ ਬੱਚਿਆਂ ਦੇ ਵਿਹਨੈ ਚੋਹਲ ਜਲਦੇ*
*ਖੇਤਾਂ ਵਿਚ ਕਿਸਾਨਾਂ ਦੇ ਬੋਹਲ ਜਲਦੇ*
*ਮੇਰੇ ਗੀਤ ਜਲਦੇ, ਮੇਰੇ ਬੋਲ ਜਲਦੇ*

*(ਲਹੂ ਭਿੱਜੇ ਬੋਲ, ਪੰਨਾ-32)*

*"ਲਾਲ ਕਿਲੇ ਵਿਚ ਲਹੂ ਲੋਕਾਂ ਦਾ ਜੋ ਕੈਦ ਹੈ*
*ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੈਦ ਹੈ*
*ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ*
*ਤੇਰੇ ਮਹਿਲੀਂ ਵੜੇ ਕਿ ਵੜੇ।"*

*(ਸੈਨਤਾਂ ਪੰਨਾ-28)*

ਸੰਤ ਰਾਮ ਉਦਾਸੀ ਦੀ ਕਵਿਤਾ ਪ੍ਰਗਤੀਵਾਦੀ-ਜੁਝਾਰਵਾਦੀ ਸੰਘਰਸ਼ ਨੂੰ ਤੇਜ਼ ਕਰਨ ਲਈ ਧਰਮ ਤੇ ਇਤਿਹਾਸ ਦੇ ਪੱਤਰਿਆਂ ਦਾ ਜਮਾਤੀ ਦ੍ਰਿਸ਼ਟੀ ਤੋਂ ਮੁਲਾਂਕਣ

ਕਰਦੀ ਹੈ। ਪੰਜਾਬੀ ਸਾਹਿਤ ਚਿੰਤਨ ਵਿਚ ਧਰਮ ਤੇ ਸਮਾਜਵਾਦ ਦਾ ਸੰਵਾਦ ਦੀ ਥਾਂ ਵਿਰੋਧ ਰਿਹਾ ਹੈ। ਉਦਾਸੀ ਨੇ ਸਿੱਖ ਧਰਮ ਦੇ ਜੁਝਾਰੂ ਵਿਰਸੇ ਨੂੰ ਰਹੱਸਵਾਦੀ, ਫਿਰਕੂ ਜਾਂ ਧਾਰਮਿਕ ਦ੍ਰਿਸ਼ਟੀ ਦੀ ਥਾਂ ਜਮਾਤੀ ਘੋਲ ਦੇ ਨਜ਼ਰੀਏ ਤੋਂ ਸਮਝਿਆ ਹੈ। ਉਹ 'ਸਿੰਘ' ਸ਼ਬਦ ਦਾ ਅਰਥ ਵਿਸਤਾਰ ਕਰਕੇ ਸਿੱਧ ਕਰਦਾ ਹੈ ਕਿ ਦੱਬੀਆਂ-ਕੁਚਲੀਆਂ ਧਿਰਾਂ ਲਈ ਜਦੋ-ਜਹਿਦ ਕਰਦਾ ਹਰ ਵਿਅਕਤੀ 'ਸਿੰਘ' ਹੈ। ਉਹ ਚਾਹੇ ਕੰਬੋਡੀਆਂ ਵਿਚ ਹੋਵੇ, ਚੀਨ ਵਿਚ ਜਾਂ ਵੀਅਤਨਾਮ ਵਿਚ। ਇਸੇ ਪ੍ਰਸੰਗ ਵਿਚ ਉਹ 'ਕੁੱਲੀਆਂ' ਨੂੰ 'ਆਨੰਦਪੁਰ ਦੇ ਕਿਲੇ' ਬਣਨ ਦੇ ਸੁਪਨੇ ਦੇਖਦਾ ਹੈ ਤੇ ਚਮਕੌਰ ਦੀਆਂ ਗੜ੍ਹੀਆਂ ਅੱਗੇ ਝੁਕਦੇ ਮਹਿਲਾਂ-ਮੀਨਾਰਾਂ ਦੀ ਗੱਲ ਕਰਦਾ ਹੈ।

ਸਰਮਾਏਦਾਰੀ ਦੀ ਲੁੱਟ ਤੇ ਜਾਗੀਰਦਾਰੀ ਪ੍ਰਬੰਧ ਵਿਰੁੱਧ ਬਗ਼ਾਵਤ ਦਾ ਸੁਨੇਹਾ ਉਸਦੇ ਸਮੁੱਚੇ ਕਾਵਿ-ਸੰਸਾਰ ਵਿਚ ਪਿਆ ਮਿਲਦਾ ਹੈ। ਇਸ ਸੁਨੇਹੇ ਦੀ ਸਿਰਜਣਾ ਲਈ ਉਹ ਪੰਜਾਬੀ ਜਨ-ਜੀਵਨ ਦੇ ਪ੍ਰਤੀਕ, ਚਿੰਨ੍ਹ ਤੇ ਅਲੰਕਾਰ ਵਰਤਦਾ ਹੈ, ਠੇਠ ਭਾਸ਼ਾ ਦਾ ਮੁਹਾਵਰਾ ਕਾਇਮ ਰੱਖਦਾ ਹੈ ਤੇ ਪਾਠਕਾਂ ਦੇ ਜੀਵਨ-ਅਨੁਭਵ ਦੇ ਮੇਚ ਦੀ ਆਪਣੀ ਕਾਵਿ-ਅਨੁਭੂਤੀ ਨੂੰ ਕਲਾਤਮਿਕਤਾ ਦੀ ਸਿਖ਼ਰ ਵਿਚ ਪੇਸ਼ ਕਰਦਾ ਹੈ-

*"ਹਾੜੀਆਂ ਦੇ ਹਾਣੀਓ ਵੇ*
*ਸੌਣੀਆਂ ਦੇ ਰਾਖਿਓ ਵੇ*
*ਕਰ ਲਵੋ ਦਾਤੀਆਂ ਤਿਆਰ*
*ਚੁੱਕੋ ਵੇ ਹਥੌੜਿਆਂ ਨੂੰ*
*ਤੋੜੋ ਹਿੱਕ ਪੱਥਰਾਂ ਦੀ*
*ਅੱਜ ਸਾਨੂੰ ਲੋੜੀਂਦੇ ਅੰਗਾਰ"*

ਉਦਾਸੀ ਦਾ ਕਾਵਿ 'ਹਉਕੇ' ਜਾਂ ਰੁਦਨ ਦਾ ਕਾਵਿ ਨਹੀਂ ਹੈ। ਇਹ ਕਾਵਿ ਹੋਕੇ ਤੇ ਹੁੰਗਾਰੇ ਦਾ ਕਾਵਿ ਹੈ। ਉਸਦੀ ਪ੍ਰਤੀਬੱਧਤਾ ਸੰਘਰਸ਼ ਕਰਦੀਆਂ ਧਿਰਾਂ ਨਾਲ ਹੈ। ਇਹਨਾਂ ਧਿਰਾਂ ਦਾ ਆਪਣੀ ਪਛਾਣ ਤੇ ਸਥਾਪਤੀ ਲਈ ਲੜਨਾ, ਉਸਦੀ ਕਵਿਤਾ ਵਿਚੋਂ ਝਲਕਦਾ ਹੈ। ਉਦਾਸੀ ਨੇ ਲੋਕ-ਸੰਬੋਧਨੀ ਜੁਗਤ ਨਾਲ, ਨਪੀੜੀਆਂ ਧਿਰਾਂ ਨੂੰ ਸੰਘਰਸ਼ ਦਾ ਹੋਕਾ ਦਿੱਤਾ ਹੈ। ਆਸ, ਉਮੀਦ ਤੇ ਰੌਸ਼ਨ ਭਵਿੱਖ ਦੀ ਇੱਛਾ ਦੇ ਵਲਵਲੇ ਉਸਦੀ ਕਵਿਤਾ ਵਿਚ ਹਾਜ਼ਰ ਹਨ। ਉਸਦਾ ਕਾਵਿ-ਨਾਇਕ ਦਾਇਰਿਆਂ ਵਿਚ ਨਹੀਂ ਸਗੋਂ ਸਿੱਧੀਆਂ ਰੇਖਾਵਾਂ ਵਿਚ ਤੁਰਦਾ ਹੈ। ਖਿਆਲੀ ਮਹਿਲਾਂ ਨਾਲੋਂ ਸਮੇਂ ਦੇ ਸੱਚ ਨੂੰ ਸਮਝਣਾ ਉਸਨੂੰ ਆਪਣਾ ਧਰਮ ਜਾਪਦਾ ਹੈ-

*"ਅਜੇ ਨਾ ਆਈ ਮੰਜ਼ਿਲ ਤੇਰੀ, ਅਜੇ ਵਡੇਰਾ ਪਾੜਾ ਏ*
*ਹਿੰਮਤ ਕਰ ਅਲਬੇਲੇ ਰਾਹੀ, ਅਜੇ ਹਨੇਰਾ ਗਾੜ੍ਹਾ ਏ*



*ਅਜੇ ਹੈ ਪਰਬਤ ਓਡਾ ਕੈਡਾ, ਅਜੇ ਨਾ ਤੇਜ਼ ਕੁਹਾੜਾ ਏ*
*ਅਜੇ ਨਾ ਸ਼ੀਰੀ ਹੱਥ ਵਟਾਇਆ, ਅਜੇ ਹਨੇਰਾ ਗਾੜ੍ਹਾ ਏ।"*

ਸੰਤ ਰਾਮ ਉਦਾਸੀ ਲੋਕਾਂ ਦਾ ਕਵੀ ਰਿਹਾ ਹੈ ਤੇ ਰਹੇਗਾ। ਉਹ ਕ੍ਰਾਂਤੀਕਾਰੀ ਕਵਿਤਾ ਦੀ ਸਿਖ਼ਰ ਹੈ। ਪੰਜਾਬੀ ਵਿਚ 'ਅਖਾੜਾ ਗਾਇਕੀ' ਦੀ ਹਰਮਨ ਪਿਆਰਤਾ ਵਾਂਗ ਉਸਨੇ 'ਲੋਕਾਂ ਮੂਹਰੇ ਪਾਠ' ਦੀ ਸੰਬੋਧਨੀ ਜੁਗਤ ਨੂੰ ਪੂਰੀ ਤਰ੍ਹਾਂ ਹੰਢਾਇਆ। ਉਸਦੀ ਕਵਿਤਾ ਸਟੇਜੀ ਗੁਣਾਂ ਨਾਲ ਭਰਪੂਰ ਸੀ। ਸ਼ਬਦਾਂ ਦੇ ਭਾਂਬੜ ਇਸ ਅੰਦਰ ਬਲਦੇ ਰਹਿੰਦੇ ਸਨ। ਲੋਕ-ਸ਼ਬਦਾਵਾਲੀ, ਲੋਕ-ਛੰਦ ਤੇ ਮੁਹਾਵਰੇ ਨਾਲ ਉਸਨੇ ਲੋਕਾਂ ਦੇ ਦਰਦ ਤੇ ਸੰਵੇਦਨਾ ਨੂੰ ਜ਼ੁਬਾਨ ਦਿੱਤੀ ਹੈ। ਉਹ ਭੂਤਕਾਲ ਦੇ ਇਨਕਲਾਬੀ ਵਿਰਸੇ ਨੂੰ ਖੰਘਾਲਦਾ ਹੈ ਤੇ ਵਰਤਮਾਨ ਦੇ ਸੰਕਟਾਂ ਵਿਚ ਘਿਰੇ ਮਨੁੱਖ ਨੂੰ ਮੁਸ਼ਕਿਲਾਂ ਤੇ ਚੁਣੌਤੀਆਂ ਨਾਲ ਜੂਝਣ ਦੀ ਪ੍ਰੇਰਨਾ ਦਿੰਦਾ ਹੈ।

ਇੰਝ ਉਦਾਸੀ ਦੀ ਕਵਿਤਾ ਵਿਚ ਸਮਾਜਕ-ਪ੍ਰਬੰਧ, ਰਾਜਸੀ-ਵਿਵਸਥਾ ਤੇ ਸਭਿਆਚਾਰਕ ਸਿਸਟਮ ਦੀਆਂ ਲੋਕ-ਮਾਰੂ ਅਲਾਮਤਾਂ ਵਿਰੁੱਧ ਤਿੱਖੇ ਵਿਦਰੋਹ ਦੇ ਭਾਵ ਉਪਜਦੇ ਹਨ। ਉਹ ਲੋਕ-ਸ਼ਕਤੀਆਂ ਨੂੰ ਲੋਕ-ਹਿਤੈਸ਼ੀ ਮੰਚ 'ਤੇ ਇਕੱਠੀਆਂ ਕਰਨ ਦਾ ਕਾਵਿ-ਧਰਾਤਲ ਉਸਾਰਦਾ ਹੈ। ਉਹ ਮਜ਼ਬੂਰੀ, ਬੇਵਸੀ ਤੇ ਯਥਾਸਥਿਤੀ ਨਾਲੋਂ ਜਦੋ-ਜਹਿਦ, ਹਿੰਮਤ ਤੇ ਬਦਲਾਅ ਦੀ ਤਾਂਘ ਰੱਖਣ ਵਾਲਾ ਸ਼ਾਇਰ ਹੋਇਆ ਹੈ-

*"ਅਸੀਂ ਕੀ ਹੈ ਸਾਡਾ ਪੰਖੇਰੂਆਂ ਦਾ*
*ਅਸੀਂ ਦੱਸਾਂਗੇ ਜਦੋਂ ਵੀ ਟਹਿਲਰਾਂਗੇ*
*ਅਸੀਂ ਗੱਭਰੂ ਤੂਤ ਦੀ ਛਿਟੀ ਵਰਗੇ*
*ਜਿੰਨਾਂ ਛਾਂਗਣਗੇ ਉੱਨਾ ਹੀ ਫੈਲਰਾਂਗੇ।"*

ਉਦਾਸੀ ਦੀ ਕਵਿਤਾ ਜਿੱਥੇ ਲੋਕ-ਅਨੁਭਵ ਦੀ ਕਵਿਤਾ ਹੈ। ਉਥੇ ਹੀ ਉਸਦਾ ਵਿਚਾਰਧਾਰਕ ਕੈਨਵਸ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਸਰੋਕਾਰਾਂ ਨੂੰ ਛੂੰਹਦਾ ਹੈ। 'ਲੈਨਿਨ ਦੇ ਨਾਂ', 'ਵੀਅਤਕਾਂਗੀ ਕੁੜੀ ਦਾ ਪਿਆਰ', 'ਵੀਅਤਨਾਮ', 'ਦੁਨੀਆਂ ਭਰ ਦੇ ਕਾਮਿਓ', 'ਸਾਥੀ ਮਾਓ ਦੇ ਨਾਂ' ਆਦਿ ਕਵਿਤਾਵਾਂ ਇਸੇ ਪ੍ਰਸੰਗ ਨੂੰ ਪੇਸ਼ ਕਰਦੀਆਂ ਹਨ। ਉਹਨਾਂ ਦੇ ਕਾਵਿ-ਪਾਸਾਰਾਂ ਨੂੰ ਜਾਣਦਿਆਂ ਨਿਰੋਲ ਜਮਾਤੀ ਦਰਜੇਬੰਦੀਆਂ ਦਾ ਉਲੇਖ ਹੀ ਨਹੀਂ ਮਿਲਦਾ ਬਲਕਿ ਜਮਾਤਾਂ ਦੀ ਤਹਿ ਵਿਚ ਸੁਲਘਦੇ ਅਨੇਕਾਂ ਹੋਰ ਮਸਲੇ ਵੀ ਉਭਰਦੇ ਹਨ। ਪੰਜਾਬੀ ਸਮਾਜ/ਸਭਿਆਚਾਰ/ਧਰਮ ਦੀਆਂ ਮਿੱਥਾਂ ਨੂੰ ਉਦਾਸੀ ਨੇ ਆਪਣੀ ਅਨੂਠੀ ਕਾਵਿ-ਪ੍ਰਤਿਭਾ ਨਾਲ ਤੋੜਿਆ ਹੈ। ਔਰਤ ਦੀ ਤ੍ਰਾਸਦਿਕ ਸਥਿਤੀ ਦੇ ਪ੍ਰਵਚਨ ਦੀ ਉਸਾਰੀ ਕਰਦਿਆਂ ਉਸਨੇ ਪੂੰਜੀਵਾਦੀ ਪ੍ਰਬੰਧ ਵਿਚ ਨਾਰੀ ਦੀ ਸਥਿਤੀ ਤੇ ਪੰਜਾਬ ਦੇ ਜਗੀਰੂ ਸਭਿਆਚਾਰ ਵਿਚ ਔਰਤ-ਮਰਦ ਵਖਰੇਵੇਂ ਤੇ ਔਰਤ ਦੀ ਹਾਸ਼ੀਅਤ ਸਥਿਤੀ ਨੂੰ ਉਸਦੀ ਧਿਰ ਬਣ ਸੰਬੋਧਨ ਕੀਤਾ ਹੈ-

*ਪੁੱਤ ਬਣ ਕੇ ਕਮਾਊਂ ਘਰ ਤੇਰੇ*
*ਚਿੱਤ ਨਾ ਡੁਲਾਈ ਬਾਬਲਾ*
*ਮੇਰੇ ਬੰਦਿਆਂ ਤੋਂ ਵੱਧ ਵੇਖੀਂ ਜੇਰੇ*
*ਚਿੱਤ ਨਾ ਡੁਲਾਈ ਬਾਬਲਾ*
*ਲੋਕੀਂ ਕਹਿੰਦੇ ਪੁੱਤ ਬਿਨਾਂ ਜਗ 'ਚ ਮਿਲਾਪ ਨਹੀਂ*
*ਮੈਂ ਤਾਂ ਕਹਾਂ ਜਿਹਦੇ ਧੀ ਨਾ, ਉਹ ਤਾਂ ਸਹੀ ਬਾਪ ਨੀ*
*ਪੁੱਤ ਹੁੰਦੇ ਨੇ ਕੁਲੱਛਣੇ ਵਥੇਰੇ*
*ਚਿੱਤ ਨਾ ਡੁਲਾਈਂ ਬਾਬਲਾ*

*(ਸੰਤ ਰਾਮ ਉਦਾਸੀ*
*ਸੰਪੂਰਨ ਕਾਵਿ ਪੰਨਾ-77)*

ਇੰਝ ਉਦਾਸੀ ਦਾ ਜੁਝਾਰਵਾਦ ਨਿਰੋਲ ਰਾਜਸੀ ਪ੍ਰਬੰਧ ਦਾ ਵਿਰੋਧੀ ਕਾਵਿ-ਪ੍ਰਵਚਨ ਨਹੀਂ ਸੀ ਬਲਕਿ ਉਹ ਸਮਾਜਕ ਸਭਿਆਚਾਰਕ ਸੰਸਥਾਵਾਂ ਦੇ ਮਾਨਵ ਵਿਰੋਧੀ ਪ੍ਰਬੰਧਾਂ ਵਿਰੁੱਧ ਵੀ ਆਪਣੀ ਆਵਾਜ਼ ਉੱਚੀ ਕਰਦਾ ਹੈ। ਇਹ ਪ੍ਰਬੰਧ ਸੱਤਾ ਦੀਆਂ ਵਿਚਾਰਧਾਰਕ ਇਕਾਈਆਂ ਹੀ ਹੁੰਦੇ ਹਨ। ਜਿਹੜੀਆਂ ਮਨੁੱਖ ਨੂੰ ਮਨੁੱਖ ਵਜੋਂ ਸਮਝਣ ਦੀ ਥਾਂ ਉਸਨੂੰ ਜਾਤਾਂ/ਵਰਗਾਂ/ਲਿੰਗ/ਰਿਸ਼ਤਿਆਂ ਦੀ ਰਾਜਨੀਤੀ ਵਿਚ ਉਲਝਾ ਕੇ ਅਦਿੱਖ ਗੁਲਾਮੀ ਵੱਲ ਧੱਕਦੀਆਂ ਹਨ।

ਇੰਝ ਉਦਾਸੀ ਦੀ ਕਵਿਤਾ ਆਪਣੇ ਸਿਰਜਣਾਤਮਕ ਸਮਕਾਲ ਵਿਚ ਦੇਸ਼ ਦੀ ਆਜ਼ਾਦੀ ਪਿੱਛੋਂ ਟੁੱਟੇ ਸੁਪਨੇ ਦੀ ਗੱਲ ਕਰਦੀ ਹੈ ਜਿਹੜਾ ਸੁਪਨਾ ਸੰਪਰਦਾਇਕਤਾ, ਕੁਨਬਾਪ੍ਰਸਤੀ, ਭ੍ਰਿਸ਼ਟਾਚਾਰ, ਜਾਤੀ/ਜਮਾਤੀ ਕਤਾਰਾਂ, ਨਸਲੀ ਭੇਦ-ਭਾਵ ਆਦਿ ਦੀ ਭੇਟ ਚੜ੍ਹ ਜਾਂਦਾ ਹੈ ਪਰ ਸੁਪਨੇ ਦੀ ਤਿੜਕ ਪੇਸ਼ ਕਰਨ ਦੇ ਨਾਲ-ਨਾਲ ਉਹ ਜਮਾਤੀ ਸੰਘਰਸ਼ ਨੂੰ ਤੇਜ਼ ਰੱਖਣ ਤੇ ਵਿਵਸਥਾ 'ਤੇ ਕਾਬਜ਼ ਧਿਰਾਂ ਨੂੰ ਪਛਾੜਨ ਲਈ ਜਿਹੜੀ ਵਿਚਾਰਧਾਰਾ ਸੁਰ ਦਾ ਉਚਾਰ ਕਰਦਾ ਹੈ ਉਸਦੀ ਕਾਲਵਾਚੀ ਪ੍ਰਸੰਗਿਕਤਾ ਲਗਾਤਾਰ ਬਣੀ ਹੋਈ ਹੈ। ਅੱਜ ਵੀ ਉਦਾਸੀ ਦਾ ਕਾਵਿ-ਸੰਸਾਰ ਆਪਣੇ ਹਰ ਬੋਲ ਦਾ ਪਹਿਰੇਦਾਰ ਹੈ ਤੇ ਸਮਕਾਲ ਦੇ ਕਾਰਪੋਰੇਟ ਘਰਾਣਿਆਂ ਦੀ ਚੜ੍ਹਤ ਤੇ ਬਹੁਪਸਾਰੀ ਸੰਕਟਾਂ ਵਿਚ ਫਸੀ ਲੋਕਾਈ ਦੇ ਦਰਦ ਨੂੰ ਸਮਝਣ ਤੇ ਸੰਚਾਰਤ ਕਰਨ ਲਈ ਪੂਰਨ ਪ੍ਰਸੰਗਿਕ ਦਿਸਦਾ ਹੈ।

***ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ***
***ਮਾਹਿਲਪੁਰ (ਹੁਸ਼ਿਆਰਪੁਰ)***
***94175-86028***

•



## ਸੰਤ ਰਾਮ ਉਦਾਸੀ ਦੀ ਕਵਿਤਾ ਨੂੰ ਸਮਝਦਿਆਂ...

**ਪਰਮਜੀਤ ਸਿੰਘ ਕੱਟੂ**

ਸੱਤਾ ਦੀਆਂ ਪਰਤਾਂ ਨੂੰ ਕਈ ਲੋਕ ਸਮਝਦੇ ਹਨ ਤੇ ਸੱਤਾ ਦੀਆਂ ਪਰਤਾਂ ਨੂੰ ਸਮਝਣ ਵਾਲਿਆਂ ਵਿਚੋਂ ਕਈ ਸਾਹਿਤਕਾਰ ਬਣ ਜਾਂਦੇ ਹਨ, ਸਾਹਿਤਕਾਰਾਂ ਵਿਚੋਂ ਕੁਝ ਮਕਬੂਲ ਹੋ ਜਾਂਦੇ ਹਨ, ਜਿਹੜੇ ਮਕਬੂਲ ਹੋ ਜਾਂਦੇ ਹਨ, ਉਨ੍ਹਾਂ ਵਿਚੋਂ ਹਰ ਕੋਈ ਸੰਤ ਰਾਮ ਉਦਾਸੀ ਨਹੀਂ ਬਣ ਸਕਦਾ। ਸੰਤ ਰਾਮ ਉਦਾਸੀ ਹੀ ਅਜਿਹਾ ਕਵੀ ਸੀ ਜੋ ਬੜੀ ਸਰਲ ਭਾਸ਼ਾ ਵਿਚ ਬੜੀ ਵੱਡੀ ਗੱਲ ਕਹਿ ਸਕਦਾ ਸੀ। ਸਰਲ ਭਾਸ਼ਾ ਵਿਚ ਵੱਡੀ ਗੱਲ ਕਹਿਣ ਲਈ ਵਿਚਾਰਧਾਰਕ ਪ੍ਰਪੱਕਤਾ ਬਹੁਤ ਜ਼ਰੂਰੀ ਹੁੰਦੀ ਹੈ ਤੇ ਉਹ ਆਪਣੀ ਵਿਚਾਰਧਾਰਾ ਵਿਚ ਪ੍ਰਪੱਕ ਸੀ। ਉਸ ਦੀ ਕਵਿਤਾ ਸਿਰਫ਼ ਵਿਸ਼ੇਸ਼ ਵਿਚਾਰਧਾਰਾ ਨੂੰ ਆਧਾਰ ਬਣਾਉਣ ਤਕ ਸੀਮਤ ਨਹੀਂ ਰਹਿੰਦੀ ਬਲਕਿ ਵਿਚਾਰਧਾਰਾ ਨੂੰ ਆਤਮਸਾਤ ਕਰਕੇ ਆਪਣੇ ਸਭਿਆਚਾਰਕ ਮੁਹਾਵਰੇ ਵਿਚ ਕਵਿਤਾ ਰਚਣੀ ਪੰਜਾਬੀ ਵਿਚ ਜਿਨ੍ਹਾਂ ਕਵੀਆਂ ਦੇ ਹਿੱਸੇ ਆਈ ਹੈ, ਸੰਤ ਰਾਮ ਉਦਾਸੀ ਉਨ੍ਹਾਂ ਵਿਚੋਂ ਮੋਹਰੀ ਹੈ। ਸੰਤ ਰਾਮ ਉਦਾਸੀ ਉਨ੍ਹਾਂ ਕਵੀਆਂ ਵਿਚੋਂ ਵੀ ਮੋਹਰੀ ਹੈ, ਜਿਨ੍ਹਾਂ ਨੇ ਵਿਚਾਰਧਾਰਾ ਨੂੰ ਵਿਕਾਸ ਵੀ ਦਿੱਤਾ। ਜਦੋਂ ਚਿੰਤਕ ਚੁੱਪ ਸਨ, ਉਦਾਸੀ ਕਵਿਤਾ ਰਚ ਰਿਹਾ ਸੀ, ਸਿਰਫ਼ ਕਵਿਤਾ ਹੀ ਨਹੀਂ ਰਚ ਰਿਹਾ ਸੀ, ਉਹ ਇਨਕਲਾਬ ਦੇ ਗੀਤ ਗਾ ਰਿਹਾ ਸੀ...ਜਦੋਂ ਸਮਾਂ ਸੰਗੀਨਾ ਦੇ ਸਾਏ ਹੇਠ ਸਹਿਕ ਰਿਹਾ ਹੋਵੇ ਤਾਂ ਇਨਕਲਾਬ ਦੇ ਗੀਤ ਗਾਉਣਾ ਬਹੁਤ ਸੂਰਮਗਤੀ ਦਾ ਕੰਮ ਹੁੰਦਾ ਹੈ।

ਇਹ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਸੰਤ ਰਾਮ ਉਦਾਸੀ ਪੰਜਾਬੀ ਦਾ ਉਹ ਮਾਣ-ਮੱਤਾ ਕਵੀ ਹੈ, ਜਿਸ ਨੂੰ ਅਕਾਦਮਿਕ ਹਲਕਿਆਂ ਨੇ ਸਭ ਤੋਂ ਵੱਧ ਅਣਗੌਲਿਆਂ ਕੀਤਾ ਤੇ ਲੋਕਾਂ ਨੇ ਸਭ ਤੋਂ ਵੱਧ ਪ੍ਰਵਾਨ ਕੀਤਾ। ਅਕਾਦਮਿਕ ਹਲਕਿਆਂ ਨੇ ਉਸ ਨੂੰ ਹਾਸ਼ੀਏ 'ਤੇ ਧੱਕੀ ਰੱਖਿਆ ਪਰ ਉਹ ਹਾਸ਼ੀਏ ਦਾ ਐਸਾ ਹਾਸਲ ਹੈ, ਜਿਹੜਾ ਹਾਸ਼ੀਏ ਦੇ ਅੰਦਰ ਪਏ ਕਈ ਅੰਕਾਂ ਤੋਂ ਵੱਡਾ ਹੈ।

ਸੰਤ ਰਾਮ ਉਦਾਸੀ ਦੀ ਕਵਿਤਾ ਨੂੰ ਸਮਝਣ ਲਈ ਸੰਖੇਪ ਰੂਪ ਵਿਚ ਉਸਦੇ ਸਮਕਾਲੀ ਹਾਲਾਤਾਂ ਅਤੇ ਉਸਦੇ ਜੀਵਨ ਬਾਰੇ ਜਾਣ ਲੈਣਾ ਜ਼ਰੂਰੀ ਹੋਵੇਗਾ। ਰੂਸੀ ਕ੍ਰਾਂਤੀ ਤੋਂ ਹੀ ਕਮਿਊਨਿਸਟ ਵਿਚਾਰਧਾਰਾ ਦਾ ਕੇਂਦਰ ਸੋਵੀਅਤ ਯੂਨੀਅਨ ਰਿਹਾ। ਇਸੇ ਕਰਕੇ ਸੋਵੀਅਤ ਯੂਨੀਅਨ ਵਿਚ ਵਾਪਰੀ ਹਰ ਘਟਨਾ ਨੇ ਦੁਨੀਆਂ ਭਰ ਦੇ

ਕਮਿਊਨਿਸਟਾਂ ਨੂੰ ਪ੍ਰਭਾਵਿਤ ਕੀਤਾ। ਸੋਵੀਅਤ ਯੂਨੀਅਨ ਦੇ ਨੇਤਾ ਸਟਾਲਿਨ ਦੀ ਮੌਤ ਤੋਂ ਪਿਛੋਂ 1953[1] ਵਿਚ ਖਰੁਸ਼ਚੇਵ ਨੇ ਕਮਿਊਨਿਸਟ ਲਹਿਰ ਦਾ ਖਾਸਾ ਹੀ ਬਦਲ ਦਿੱਤਾ। ਉਸ ਨੇ ਅੰਤਰਰਾਸ਼ਟਰੀ ਪ੍ਰਸਥਿਤੀਆਂ ਦੇ ਬਦਲ ਜਾਣ ਦੀ ਗੱਲ ਕਰਦਿਆਂ ਸਮਾਜਵਾਦ ਲਈ ਹਥਿਆਰਬੰਦ ਕ੍ਰਾਂਤੀ ਦੀ ਥਾਂ ਸ਼ਾਂਤਮਈ ਤਰੀਕਿਆਂ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ। ਇਸ ਨਾਲ ਕੌਮਾਂਤਰੀ ਕਮਿਊਨਿਸਟ ਲਹਿਰ ਦੋ ਧੜਿਆਂ ਵਿਚ ਵੰਡੀ ਗਈ। ਇਕ ਧੜਾ ਸੋਵੀਅਤ ਕਮਿਊਨਿਸਟ ਪਾਰਟੀ ਦੇ ਸ਼ਾਂਤਮਈ ਤਰੀਕਿਆਂ ਦਾ ਹਾਮੀ ਸੀ, ਦੂਜਾ ਧੜਾ ਚੀਨ ਸਮੇਤ ਹੋਰਨਾਂ ਮੁਲਕਾਂ ਦੀਆਂ ਉਨ੍ਹਾਂ ਕਮਿਊਨਿਸਟ ਪਾਰਟੀਆਂ ਨਾਲ ਸਹਿਮਤ ਸੀ ਜਿਹੜੀਆਂ ਹਥਿਆਰਬੰਦ ਸੰਘਰਸ਼ ਨੂੰ ਮੁੱਖ ਮਹੱਤਤਾ ਦਿੰਦੀਆਂ ਸਨ। ਇਸ ਵਾਦ ਵਿਵਾਦ ਵਿਚੋਂ ਖਰੁਸ਼ਚੇਵ ਅਤੇ ਉਸ ਦੇ ਸਾਥੀਆਂ ਨੂੰ 'ਸੋਧਵਾਦੀ' ਆਖਿਆ ਗਿਆ। ਭਾਰਤੀ ਕਮਿਊਨਿਸਟ ਪਾਰਟੀ ਦੀਆਂ ਇਕੱਤਰਤਾਵਾਂ ਵਿਚ ਇਹ ਵਾਦ ਵਿਵਾਦ ਭਖਦਾ ਰਿਹਾ ਤੇ ਇਸ ਦਾ ਨਿਰਨਾਇਕ ਬਿੰਦੂ 1962 ਵਿਚ ਭਾਰਤ ਅਤੇ ਚੀਨ ਵਿਚਕਾਰ ਹੋਈ ਲੜਾਈ ਬਣ ਗਈ। ਭਾਰਤੀ ਕਮਿਊਨਿਸਟ ਪਾਰਟੀ ਲਈ ਇਹ ਸਮੱਸਿਆ ਪੈਦਾ ਹੋ ਗਈ ਕਿ ਉਹ ਚੀਨ ਨੂੰ ਹਮਲਾਵਰ ਆਖੇ ਜਾਂ ਨਾ। ਸੋਵੀਅਤ ਯੂਨੀਅਨ ਪੱਖੀ ਧੜੇ ਨੇ ਚੀਨ ਨੂੰ ਹਮਲਾਵਰ ਆਖ ਕੇ ਭਾਰਤ ਸਰਕਾਰ ਦੀ ਹਮਾਇਤ ਕੀਤੀ। ਦੂਜੇ ਪਾਸੇ ਕਮਿਊਨਿਸਟ ਪਾਰਟੀ ਦੇ ਇਕ ਧੜੇ ਨੇ ਇਹ ਕਿਹਾ ਕਿ ਇਸ ਲੜਾਈ ਲਈ ਭਾਰਤ ਤੇ ਚੀਨ ਦੋਵੇਂ ਜ਼ਿੰਮੇਵਾਰ ਹਨ। ਜਿਸ ਕਰਕੇ ਇਸ ਧੜੇ ਦੇ ਆਗੂਆਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ। 1964 ਵਿਚ ਜਦੋਂ ਇਨ੍ਹਾਂ ਨੂੰ ਜੇਲ੍ਹ ਵਿਚੋਂ ਰਿਹਾਅ ਕੀਤਾ ਗਿਆ ਤਾਂ ਇਨ੍ਹਾਂ ਨੇ ਨਵੀਂ ਪਾਰਟੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਬਣਾ ਲਈ।

ਉਸ ਵੇਲੇ ਪੱਛਮੀ ਬੰਗਾਲ[2] ਵਿਚ ਖੇਤ ਮਜ਼ਦੂਰਾਂ, ਕਬਾਇਲੀ ਲੋਕਾਂ ਅਤੇ ਛੋਟੇ ਕਿਸਾਨਾਂ ਦਾ ਸੰਘਰਸ਼ ਚੱਲ ਰਿਹਾ ਸੀ। ਇਸ ਸੰਘਰਸ਼ ਦਾ ਰੁਖ਼ ਹਥਿਆਰਬੰਦ ਢੰਗ ਨਾਲ ਵਿਆਪਕ ਤਬਦੀਲੀ ਅਤੇ ਬਰਾਬਰੀ ਵਾਲਾ ਸਮਾਜ ਸਿਰਜਣ ਦਾ ਸੀ। ਇਸ ਖੇਤਰ ਵਿਚ ਸੀ.ਪੀ.ਐਮ. ਦੀ ਦਾਰਜੀਲਿੰਗ ਜ਼ਿਲ੍ਹਾ ਕਮੇਟੀ ਵੱਲੋਂ 1965-1966 ਵਿਚ ਚਾਰੂ ਮਾਜੂਮਦਾਰ ਦੀ ਅਗਵਾਈ ਵਿਚ ਸੰਘਰਸ਼ ਕਰ ਰਹੇ ਲੋਕਾਂ ਦੀਆਂ ਮੰਗਾਂ ਅਤੇ ਹਥਿਆਰਬੰਦ ਸੰਘਰਸ਼ ਦਾ ਖਾਕਾ ਉਲੀਕਦੇ ਅੱਠ ਦਸਤਾਵੇਜ਼ ਵੰਡੇ। ਇਸ ਸਮੇਂ ਹੋਈਆਂ ਚੋਣਾਂ ਵਿਚ 2 ਫਰਵਰੀ 1967 ਨੂੰ ਸੀ.ਪੀ.ਐਮ. ਦੀ ਭਾਈਵਾਲੀ ਵਾਲੀ ਖੱਬੇ ਫਰੰਟ ਦੀ ਸਰਕਾਰ ਬਣ ਗਈ। ਆਮ ਲੋਕਾਂ, ਖਾਸ ਕਰ ਪਹਿਲਾਂ ਤੋਂ ਸੰਘਰਸ਼ ਕਰ ਰਹੇ ਲੋਕਾਂ, ਵਿਚ ਇਹ ਆਸ ਬੱਝੀ ਕਿ ਜਾਗੀਰਦਾਰਾਂ ਤੋਂ ਵਾਧੂ ਜ਼ਮੀਨਾਂ ਖੋਹ ਕੇ ਲੋੜਵੰਦਾਂ ਨੂੰ ਦਿੱਤੀਆਂ ਜਾਣਗੀਆਂ ਅਤੇ ਸ਼ਾਹੂਕਾਰਾਂ ਦੇ ਕਰਜ਼ੇ ਵਾਪਸ ਨਹੀਂ ਮੋੜੇ ਜਾਣਗੇ। ਇਸ ਸਥਿਤੀ ਵਿਚ ਚਾਰੂ ਮਾਜੂਮਦਾਰ ਅਤੇ ਉਸ ਦੇ ਸਾਥੀ ਹਥਿਆਰਬੰਦ ਸੰਘਰਸ਼ ਕਰਨਾ ਚਾਹੁੰਦੇ ਸਨ ਪਰ "ਸੀ.ਪੀ.ਐਮ. ਦੀ ਭਾਰੂ ਲੀਡਰਸ਼ਿਪ ਇਹ ਸਮਝਦੀ ਸੀ ਕਿ



ਹਥਿਆਰਬੰਦ ਸੰਘਰਸ਼ ਨੂੰ ਅਮਲੀ ਰੂਪ 'ਚ ਸ਼ੁਰੂ ਕਰਨ ਲਈ ਅਜੇ 'ਸਹੀ ਸਮਾਂ' ਨਹੀਂ ਹੈ। ਭਾਵੇਂ ਕਿ ਇਸ ਦੀ ਤਿਆਰੀ ਲਈ ਉਹ ਪ੍ਰਚਾਰ ਕਰਦੇ ਰਹੇ ਸਨ।"[3] ਚਾਰੂ ਮਾਜੂਮਦਾਰ ਅਤੇ ਉਸ ਦੇ ਸਾਥੀਆਂ ਨੇ ਜਾਗੀਰਦਾਰਾਂ ਤੇ ਸ਼ਾਹੂਕਾਰਾਂ ਵਿਰੁੱਧ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦਿੱਤਾ। ਇਸ ਨਾਲ ਸੀ.ਪੀ ਐਮ. ਵਿਚ ਫੁੱਟ ਪੈ ਗਈ। ਮਾਰਚ 1967 ਵਿਚ ਪਾਰਟੀ ਨੇ ਜਲਦੀ ਹੀ ਦਾਰਜੀਲਿੰਗ ਜ਼ਿਲ੍ਹਾ ਕਮੇਟੀ ਭੰਗ ਕਰਕੇ ਚਾਰੂ ਮਾਜੂਮਦਾਰ ਤੇ ਕਾਨੂੰ ਸਨਿਆਲ ਸਮੇਤ ਚਾਲੀ ਆਗੂਆਂ ਤੇ ਵਰਕਰਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਜਿਨ੍ਹਾਂ ਨੇ ਚਾਰੂ ਮਾਜੂਮਦਾਰ ਦੀ ਅਗਵਾਈ ਵਿਚ 'ਨਕਸਲਵਾੜੀ ਤੇ ਕ੍ਰਿਸ਼ਕ ਸੰਗਰਾਮ ਸਹਾਇਕ ਸੰਮਤੀ' (ਐਨ.ਕੇ.ਐਸ.ਐਸ.ਐਸ.) ਬਣਾ ਲਈ ਅਤੇ ਸੰਘਰਸ਼ ਸ਼ੁਰੂ ਕਰ ਦਿੱਤਾ। "ਐਨ.ਕੇ.ਐਸ.ਐਸ.ਐਸ ਦੀ ਕਾਇਮੀ ਤੇ ਦਾਰਜੀਲਿੰਗ 'ਚ ਸਪੱਸ਼ਟ ਦੁਫੇੜ ਉਭਰ ਆਉਣ ਤੋਂ ਪਿਛੋਂ ਹੋਰ ਵੀ ਕਈ ਨਵੇਂ ਗਰੁੱਪ ਉੱਭਰ ਆਏ ਜਿਹੜੇ ਮਾਓਵਾਦ ਤੋਂ ਪ੍ਰਭਾਵਿਤ ਸਨ ਤੇ ਹਥਿਆਰਬੰਦ ਸੰਘਰਸ਼ ਤੇ ਵਿਅਕਤੀਗਤ ਸਫਾਏ ਦੀ ਲਾਇਨ ਦੇ ਹਾਮੀ ਸਨ। ਇਨ੍ਹਾਂ 'ਚੋਂ ਕਈ ਤਾਂ ਸੀ.ਪੀ.ਐਮ. ਦੇ ਅੰਦਰੋਂ ਹੀ ਬਣੇ ਜਿਨ੍ਹਾਂ ਨੂੰ ਪਿਛੋਂ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਅਤੇ ਕਈ ਬਿਲਕੁਲ ਨਵੇਂ ਮੈਬਰਾਂ 'ਤੇ ਅਧਾਰਿਤ ਸਨ।"[4] ਇਨ੍ਹਾਂ ਹਥਿਆਰਬੰਦ ਗਰੁੱਪਾਂ ਨੇ ਸਰਕਾਰ ਲਈ ਮੁਸ਼ਕਿਲਾਂ ਪੈਦਾ ਕਰ ਦਿੱਤੀਆਂ। 1967 ਵਿਚ ਪੱਛਮੀ ਬੰਗਾਲ ਦੀ ਖੱਬੇ ਪੱਖੀ ਸਰਕਾਰ ਨੇ ਸੰਘਰਸ਼ ਕਰ ਰਹੇ ਆਗੂਆਂ ਨਾਲ ਕਈ ਵਾਰ ਗੱਲਬਾਤ ਕਰਕੇ ਕਿਸੇ ਸਮਝੌਤੇ ਉਪਰ ਪਹੁੰਚਣਾ ਚਾਹਿਆ ਪਰ ਸਰਕਾਰ ਅਤੇ ਇਨਕਲਾਬੀਆਂ ਵਿਚ ਗੱਲਬਾਤ ਹੀ ਨਾ ਹੋ ਸਕੀ ਜਿਸ ਕਰਕੇ ਨਕਸਲੀ ਗਰੁੱਪਾਂ ਅਤੇ ਸਰਕਾਰ ਵਿਚ ਤਣਾਅ ਵਧ ਗਿਆ। ਕਈ ਇਲਾਕਿਆਂ ਨੂੰ ਨਕਸਲੀਆਂ ਨੇ ਆਪਣੇ ਕਬਜ਼ੇ ਵਿਚ ਕਰ ਲਿਆ।

ਇਨ੍ਹਾਂ ਬਗਾਵਤੀ ਕਾਰਵਾਈਆਂ ਦਾ ਕੇਂਦਰ ਨਕਸਲਵਾੜੀ ਇਲਾਕਾ ਸੀ ਇਸ ਕਰਕੇ ਇਸ ਦਾ ਨਾਂ ਨਕਸਲਵਾੜੀ ਬਗਾਵਤ ਪੈ ਗਿਆ ਅਤੇ ਹੌਲੀ-ਹੌਲੀ ਇਸ ਦਾ ਪ੍ਰਭਾਵ ਪੱਛਮੀ ਬੰਗਾਲ ਤੋਂ ਬਾਹਰ ਬਿਹਾਰ, ਪੰਜਾਬ, ਮਹਾਰਾਸ਼ਟਰ, ਯੂ.ਪੀ., ਜੰਮੂ ਕਸ਼ਮੀਰ ਅਤੇ ਕੇਰਲਾ ਆਦਿ ਥਾਵਾਂ 'ਤੇ ਵੀ ਪਿਆ। ਪੰਜਾਬ ਭਰ ਵਿਚ 13 ਅਪ੍ਰੈਲ 1968 ਦੀ ਸਵੇਰ ਨੂੰ ਇਸ ਲਹਿਰ ਅਧੀਨ ਹੇਠ ਲਿਖੀ ਇਬਾਰਤ ਵਾਲਾ ਲਾਲ ਰੰਗ ਵਿਚ ਛਪਿਆ ਵੱਡੇ ਆਕਾਰ ਦਾ ਪਹਿਲਾ ਪੋਸਟਰ ਲਾਇਆ ਗਿਆ।

ਵੀਅਤਨਾਮ ਦਾ ਰਾਹ : ਨਕਸਲਬਾੜੀ ਦਾ ਰਾਹ
ਨਕਸਲਬਾੜੀ ਦਾ ਰਾਹ : ਸਾਡਾ ਰਾਹ
ਲੋਕਾਂ ਦੀ ਮੁਕਤੀ ਦਾ ਰਾਹ-ਚੋਣਾਂ ਨਹੀਂ,
ਇਨਕਲਾਬੀ ਤੇ ਖਾੜਕੂ ਜੱਦੋਜਹਿਦਾਂ ਹਨ
ਵੱਲੋਂ :
ਮਾਰਕਸਵਾਦੀ ਪਾਰਟੀ ਦੇ ਇਨਕਲਾਬੀਆਂ

ਦੀ ਤਾਲਮੇਲ ਕਮੇਟੀ ਦੀ ਤਿਆਰੀ ਕਮੇਟੀ, ਪੰਜਾਬ[5]

ਇਸਦੇ ਨਾਲ ਹੀ ਇਸ ਸਥਿਤੀ ਦਾ ਧੁਰਾ ਨਕਸਲਬਾੜੀ ਲਹਿਰ[6] ਦੇ ਨਾਅਰਿਆਂ ਵਿਚ ਦੇਖਿਆ ਜਾ ਸਕਦਾ ਹੈ ਜੋ ਨਾਅਰੇ ਹੇਠ ਲਿਖੇ ਹਨ:

1. ਪਿੰਡਾਂ ਵਿਚ ਕਿਸਾਨ ਕਮੇਟੀਆਂ ਦੀ ਸੱਤਾ ਕਾਇਮ ਕਰਨਾ
2. ਸਮੁੱਚੀ ਕਿਸਾਨੀ ਨੂੰ ਹਥਿਆਰਬੰਦ ਤੇ ਜਥੇਬੰਦ ਕਰਨਾ ਤੇ ਰਵਾਇਤੀ ਹਥਿਆਰਾਂ ਦੀ ਵਰਤੋਂ ਕਰਨਾ
3. ਜ਼ਮੀਨ ਦਾ ਪੁਨਰ ਬਟਵਾਰਾ ਕਰਨਾ
4. ਜਮਾਤੀ ਦੁਸ਼ਮਣਾਂ ਦਾ ਸਫ਼ਾਇਆ ਕਰਨਾ
5. ਗੁਰੀਲਾ ਦਸਤੇ ਤਿਆਰ ਕਰਨੇ ਅਤੇ ਲੋਕ ਮੁਕਤੀ ਫ਼ੌਜ ਕਾਇਮ ਕਰਨੀ

ਇਸ ਬਗ਼ਾਵਤ ਨੇ ਪੰਜਾਬ ਦੇ ਰਾਜਸੀ ਦ੍ਰਿਸ਼ ਨੂੰ ਵੀ ਪ੍ਰਭਾਵਿਤ ਕੀਤਾ। 1968 ਦੇ ਆਰੰਭ ਵਿਚ ਪੰਜਾਬ ਵਿਚ ਨਕਸਲਬਾੜੀ ਲਹਿਰ ਭੜਕ ਉੱਠੀ। ਰਾਜਸੀ ਖੇਤਰ ਦੀ ਥਾਂ ਇਸ ਲਹਿਰ ਨੇ ਸਾਹਿਤਕ, ਖਾਸਕਰ ਕਵਿਤਾ ਦੇ, ਖੇਤਰ ਵਿਚ ਵਡੇਰਾ ਪ੍ਰਭਾਵ ਪਾਇਆ।

ਸੰਤ ਰਾਮ ਉਦਾਸੀ ਦਾ ਸਮਾਂ ਅਜ਼ਾਦੀ ਦੇ ਸਮੇਂ ਦੇ ਆਰ-ਪਾਰ ਫੈਲਿਆ ਹੋਇਆ ਹੈ। ਸੰਤ ਰਾਮ ਉਦਾਸੀ ਦਾ ਜਨਮ 20 ਅਪ੍ਰੈਲ 1939 ਨੂੰ ਪਿੰਡ ਰਾਏਸਰ (ਹੁਣ ਬਰਨਾਲਾ ਜ਼ਿਲ੍ਹਾ) ਵਿਖੇ ਮਾਤਾ ਧਨ ਕੌਰ ਅਤੇ ਪਿਤਾ ਮਿਹਰ ਸਿੰਘ ਦੇ ਘਰ ਹੋਇਆ। ਉਸਦਾ ਪਰਿਵਾਰਕ ਪਿਛੋਕੜ ਦਲਿਤ ਭਾਈਚਾਰੇ ਨਾਲ਼ ਸੰਬੰਧਿਤ ਸੀ। ਪੜ੍ਹਾਈ ਦੌਰਾਨ ਸੰਤ ਰਾਮ ਉਦਾਸੀ ਨੂੰ ਸਖ਼ਤ ਮਿਹਨਤ ਕਰਨੀ ਪਈ ਅਤੇ ਆਪਣੀ ਮਿਹਨਤ ਕਰਕੇ ਉਹ ਸਕੂਲ ਅਧਿਆਪਕ ਲੱਗ ਗਿਆ। ਨਿਸ਼ਚੇ ਹੀ ਉਸਦਾ ਅਧਿਆਪਕ ਬਣਨਾ ਉਸਨੂੰ ਪੜ੍ਹਣ ਦੇ ਵਧੇਰੇ ਮੌਕੇ ਮਿਲਣ ਦਾ ਸਬੱਬ ਬਣਿਆ, ਜਿਸ ਨਾਲ਼ ਉਸ ਦੀ ਚੇਤਨਾ ਨੇ ਸਮਾਜ ਵਿਚ ਪਸਰੀ ਨਾ-ਬਰਾਬਰੀ ਦੀਆਂ ਗੁੰਝਲਾਂ ਨੂੰ ਪਛਾਣ ਲਿਆ। ਸੰਤ ਰਾਮ ਉਦਾਸੀ ਨੇ ਵੰਡ ਤੋਂ ਪਹਿਲਾਂ ਤੇ ਮਗਰੋਂ ਦਾ ਭਾਰਤ ਦੇਖਿਆ। ਅਜ਼ਾਦੀ ਦੇ ਸੁਪਨੇ ਤੋਂ ਲੈ ਕੇ ਇਸਦੇ ਹਕੀਕਤ ਬਣਨ ਤਕ ਅਤੇ ਫਿਰ ਇਸ ਸੁਪਨੇ ਦੇ ਖਿੰਡਣ ਦਾ ਉਹ ਗਵਾਹ ਰਿਹਾ। ਅਜ਼ਾਦੀ ਤੋਂ ਬਾਅਦ ਭਾਰਤੀ ਸੱਤਾ ਪੂੰਜੀਪਤੀਆਂ ਦੇ ਹੱਥ ਵਿਚ ਆਉਣ ਕਰਕੇ ਇਥੇ ਪੂੰਜੀਵਾਦੀ ਪ੍ਰਬੰਧ ਸਥਾਪਤ ਹੋ ਗਿਆ। ਜਿਥੇ ਕਿਤੇ ਮਾਰਕਸਵਾਦੀ ਪਾਰਟੀਆਂ ਦੀ ਸਰਕਾਰ ਵੀ ਬਣੀ ਉਥੇ ਵੀ ਸਮਾਜਵਾਦੀ ਢੰਗ ਦੀ ਕੋਈ ਵੀ ਗੱਲ ਨਾ ਵਾਪਰੀ। ਅਜਿਹੀ ਅਸੰਤੋਸ਼ ਵਾਲੀ ਸਥਿਤੀ ਵਿਚ ਨਕਸਲਬਾੜੀ ਲਹਿਰ ਰਾਹੀਂ ਚੀਨ ਦੇ ਇਨਕਲਾਬ ਦੀ ਤਰਜ਼ 'ਤੇ ਹਥਿਆਰਬੰਦ ਇਨਕਲਾਬ ਲਈ ਚੇਤੰਨ ਵਰਗ ਜੁੜਣਾ ਸ਼ੁਰੂ ਹੁੰਦਾ ਹੈ। "1969-70 ਦੇ ਦਹਾਕੇ ਵਿਚ ਜਦ ਨਕਸਲਬਾੜੀ ਲਹਿਰ ਆਪਣੇ ਸਿਖਰ 'ਤੇ ਸੀ ਤਾਂ ਉਦਾਸੀ ਨੇ ਉਸੇ ਨਜ਼ਰੀਏ ਰਾਹੀਂ ਹੀ ਜਮਾਤੀ ਬਣਤਰ ਨੂੰ ਆਪਣੀ ਕਲਾਤਮਕ ਪ੍ਰਤਿਭਾ ਰਾਹੀਂ ਅਭਿਵਿਅਕਤ ਕੀਤਾ।...ਸੱਤਰਵਿਆਂ ਵਿਚ



ਉਦਾਸੀ ਨੇ ਇਸ ਲਹਿਰ ਦਾ ਪ੍ਰਗਟਾਓ ਆਪਣੇ ਕਾਵਿ-ਪ੍ਰਵਚਨ ਰਾਹੀਂ ਹੀ ਨਹੀਂ ਕੀਤਾ, ਉਹ ਸਿਆਸੀ ਅਤੇ ਅਮਲੀ ਤੌਰ 'ਤੇ ਵੀ ਲਹਿਰ ਵਿਚ ਸਰਗਰਮ ਹੋ ਗਿਆ ਸੀ। ਉਸਦਾ ਯਾਰਾਨਾ ਹਥਿਆਰਬੰਦ ਤੱਤੇ ਨਕਸਲੀਆਂ ਨਾਲ਼ ਸੀ। ਬਾਬਾ ਬੂਝਾ ਸਿੰਘ ਨੂੰ ਉਹ ਰਾਤਾਂ ਨੂੰ ਸਾਈਕਲ ਪਿੱਛੇ ਬਿਠਾ ਕੇ, ਭੋਤਨੇ, ਰਾਇਸਰ, ਚੰਣਨਵਾਲ ਦੀਆਂ ਰੋਹੀਆਂ ਚ ਲਈ ਫਿਰਦਾ ਸੀ। ਸ਼ਹੀਦ ਬੇਅੰਤ ਸਿੰਘ ਮੂੰਮ, ਪਿਆਰਾ ਦੱਧਾਹੂਰ, ਗੁਰਦਿਆਲ ਸ਼ੇਰਪੁਰੀ ਹੋਰਾਂ ਨਾਲ਼ ਉਸਦੇ ਨੇੜਲੇ ਸੰਬੰਧ ਸਨ।"[7] ਇਸ ਲਹਿਰ ਨਾਲ਼ ਜੁੜਣ ਕਰਕੇ ਉਸਨੂੰ ਬਹੁਤ ਮੁੱਲ ਵੀ ਤਾਰਨਾ ਪਿਆ। "ਐਮਰਜੈਂਸੀ ਸਮੇਂ ਸੰਤ ਰਾਮ ਉਦਾਸੀ ਕਾਫੀ ਲੰਬਾ ਸਮਾਂ ਜੇਲ੍ਹ ਵਿਚ ਰਿਹਾ ਸੀ। ਹਕੂਮਤ ਨੇ ਸੰਤ ਰਾਮ ਉਦਾਸੀ ਨੂੰ ਵੀ ਆਪਣੇ ਅਕੀਦੇ ਅਤੇ ਸਿਧਾਂਤ ਤੋਂ ਥਿੜਕਾਉਣ ਲਈ ਹਰ ਹਰਬਾ ਵਰਤਿਆ ਸੀ। ਉਸ ਨੂੰ ਵਾਰ-ਵਾਰ ਨੌਕਰੀ ਤੋਂ ਮੁਅੱਤਲ ਕੀਤਾ ਜਾਂਦਾ ਸੀ ਤਾਂ ਕਿ ਉਸਦੀ ਪ੍ਰਤਿਭਾ ਅਤੇ ਲੋਕ ਦਰਦ ਦਾ ਮੱਚ ਮਾਰਿਆ ਜਾ ਸਕੇ ਪਰ ਉਦਾਸੀ ਨੇ ਆਪਣੇ ਅਨੁਭਵ ਰਾਹੀਂ ਕਮਾਈ ਹੋਈ ਚੇਤਨਾ ਦੇ ਸਹਾਰੇ ਇਨ੍ਹਾਂ ਹਾਲਤਾਂ ਦਾ ਵੀ ਟਾਕਰਾ ਕੀਤਾ। ਉਸਨੇ ਹਰ ਮੁਸੀਬਤ ਦਾ ਅੰਤ ਘੜੀ ਤੱਕ ਡਟ ਕੇ ਮੁਕਾਬਲਾ ਕੀਤਾ। ਇਕ ਪਾਸੇ, ਜਾਨੋਂ ਵੱਧ ਪਿਆਰੇ ਸਾਥੀ ਹਕੂਮਤ ਸ਼ਹੀਦ ਕਰ ਰਹੀ ਸੀ, ਦੂਜੇ ਪਾਸੇ ਉਸਨੂੰ ਸਰੀਰਕ ਤਸ਼ੱਦਦ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਤੀਜੇ ਪਾਸੇ ਉਸਦੇ ਪਰਿਵਾਰ ਨੂੰ ਭੁੱਖੇ ਮਾਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਸੀ, ਇਨ੍ਹਾਂ ਤਲਵਾਰਾਂ ਦੀਆਂ ਧਾਰਾਂ ਉੱਤੇ ਵੀ ਉਦਾਸੀ ਸਿਦਕ ਦਿਲ ਨਾਲ਼ ਨਿਭਿਆ ਸੀ।"[8]

ਇਸ ਤਸ਼ੱਦਦੀ ਮਾਹੌਲ ਵਿਚ ਸੰਤ ਰਾਮ ਉਦਾਸੀ ਦੀ ਜ਼ਿੰਦਗੀ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਹੁੰਦੀ ਰਹੀ। ਸੰਤ ਰਾਮ ਉਦਾਸੀ ਦੀ ਸਪੁੱਤਰੀ ਇਕਬਾਲ ਕੌਰ ਉਦਾਸੀ ਲਿਖਦੀ ਹੈ ਕਿ "ਇਹ ਗੱਲ 1969-70 ਦੀ ਹੈ। ਜਦੋਂ ਪਾਪਾ ਜੀ ਨੂੰ ਪੁਲਿਸ ਨੇ ਫੜ ਕੇ ਅੰਦਰ ਕੀਤਾ।... ਇਕ ਦਿਨ ਅਚਾਨਕ ਪੁਲਿਸ ਆਈ (ਇਹ ਗੱਲ ਤਕਰੀਬਨ 1972-73 ਦੀ ਹੈ, ਮੇਰੇ ਪੱਕਾ ਯਾਦ ਨਹੀਂ) ਪਾਪਾ ਜੀ ਨੂੰ ਚੁੱਕਿਆ, ਧੂਹਿਆ ਘਸੀਟਿਆ ਤੇ ਮਸ਼ਕਾਂ ਬੰਨ੍ਹ ਕੇ ਲੱਡੇ ਕੋਠੀ ਲੈ ਗਈ। ... ਕਈ ਦਿਨ ਲੱਡੇ ਦੀ ਕੋਠੀ ਰਹਿਣ ਪਿਛੋਂ ਜਦ ਪਾਪਾ ਜੀ ਨੂੰ ਛੱਡਿਆ ਗਿਆ ਤਾਂ ਉਹ ਤੁਰ ਨਹੀਂ ਸੀ ਸਕਦੇ, ਖੜ੍ਹ ਨਹੀਂ ਸੀ ਸਕਦੇ।"[9] ਇਸ ਤਰ੍ਹਾਂ ਸੰਤ ਰਾਮ ਉਦਾਸੀ ਤਸ਼ੱਦਦੀ ਸਟੇਟ ਉਪਕਰਨ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਹੁੰਦਾ ਰਿਹਾ। ਨਿਸ਼ਚੇ ਹੀ ਅਜਿਹੇ ਮਾਹੌਲ ਵਿਚ ਉਸਦੀ ਮਾਨਸਿਕ, ਸਰੀਰਕ ਅਤੇ ਪਰਿਵਾਰਕ ਸਥਿਤੀ 'ਤੇ ਮਾਰੂ ਅਸਰ ਪਿਆ ਹੋਵੇਗਾ। ਇਸ ਤਰ੍ਹਾਂ ਦੇ ਅਰਾਜਕਤਾ ਭਰੇ ਦੌਰ ਵਿਚ ਉਦਾਸੀ ਦੀ ਮੌਤ ਹੋ ਜਾਂਦੀ ਹੈ। ਉਸਦੀ ਪੁੱਤਰੀ ਲਿਖਦੀ ਹੈ ਕਿ "ਅਕਤੂਬਰ 1986 ਨੂੰ ਉਹ ਹਜ਼ੂਰ ਸਾਹਿਬ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ ਮਨਾਉਣ ਲਈ ਆਏ ਇਕ ਸੱਦੇ ਉਪਰ ਘਰੋਂ ਇਕ ਨਵੰਬਰ ਨੂੰ ਚਲੇ ਗਏ ਤੇ ਫੇਰ ਤਾਂ 7 ਨਵੰਬਰ ਨੂੰ ਘਰ ਇਕ ਤਾਰ ਆਈ ਖ਼ੁਦ

ਨਾ ਆਏ। ਤਾਰ ਵਿਚ ਲਿਖਿਆ ਸੀ "Sant ram udasi Found expired at Manmad Railway Station"[10]

ਸਪੱਸ਼ਟ ਹੈ ਕਿ ਸੰਤ ਰਾਮ ਉਦਾਸੀ ਦਲਿਤ ਪਿਛੋਕੜ ਵਾਲੇ ਪਰਿਵਾਰ ਵਿਚੋਂ ਮਿਹਨਤ ਕਰਕੇ ਅਧਿਆਪਕ ਦੀ ਨੌਕਰੀ 'ਤੇ ਲੱਗਿਆ, ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਮਾਰਕਸਵਾਦੀ ਵਿਚਾਰਧਾਰਾਈ ਆਧਾਰ ਵਾਲਾ ਕਾਵਿ ਰਚਿਆ, ਨਕਸਲਬਾੜੀ ਲਹਿਰ ਦੀਆਂ ਰਾਜਸੀ ਗਤੀਵਿਧੀਆਂ 'ਚ ਸ਼ਰੀਕ ਹੋਇਆ, ਪੁਲਿਸ ਤਸ਼ੱਦਦ ਦਾ ਸ਼ਿਕਾਰ ਹੁੰਦਾ ਹੋਇਆ, ਅਖੀਰ ਮੌਤ ਦੇ ਸੁਨੇਹੇ ਰਾਹੀਂ ਉਸਦਾ ਇਸ ਜਹਾਨ ਤੋਂ ਤੁਰ ਜਾਣ ਦਾ ਪਤਾ ਚਲਦਾ ਹੈ।

ਨਿਰਸੰਦੇਹ ਸੰਤ ਰਾਮ ਉਦਾਸੀ ਨਕਬਲਬਾੜੀ ਲਹਿਰ ਦੇ ਉਭਾਰ ਨਾਲ ਸਾਹਿਤਕ ਪਿੜ ਵਿਚ ਸਾਹਮਣੇ ਆਉਂਦਾ ਹੈ ਅਤੇ ਇਸ ਲਹਿਰ ਦੇ ਵੱਡੇ ਕਵੀਆਂ ਵਿਚ ਗਿਣਿਆਂ ਜਾਂਦਾ ਹੈ। ਨਕਬਲਬਾੜੀ ਲਹਿਰ ਮਾਰਕਸਵਾਦੀ-ਲੈਨਿਨਵਾਦੀ-ਮਾਓ ਵਿਚਾਰਧਾਰਾ ਅਧੀਨ ਸਮਾਜਵਾਦ ਲਈ ਹਥਿਆਰਬੰਦ ਸੰਘਰਸ਼ ਦਾ ਹਾਮੀ ਸੀ। ਸੰਤ ਰਾਮ ਉਦਾਸੀ ਨੇ ਇਸ ਲਹਿਰ ਦੀ ਵਿਚਾਰਧਾਰਾ ਨੂੰ ਆਪਣੀ ਸਥਾਨਕ ਮੁਹਾਵਰੇ ਵਿਚ ਪੇਸ਼ ਕੀਤਾ। ਜਿਥੇ ਪਾਸ਼ ਕਿਸਾਨੀ ਪਿਛੋਕੜ ਵਿਚੋਂ ਹੋਣ ਕਰਕੇ ਕਿਸਾਨੀ ਬਿੰਬਾਂ ਨੂੰ ਪਹਿਲੀ ਵਾਰ ਭਰਪੂਰ ਰੂਪ ਵਿਚ ਕਵਿਤਾ ਵਿਚ ਪੇਸ਼ ਕੀਤਾ ਉਥੇ ਉਦਾਸੀ ਨੇ ਦਲਿਤ ਪਿਛੋਕੜ ਹੋਣ ਕਰਕੇ ਦਲਿਤ ਜੀਵਨ ਦੇ ਬਿੰਬਾਂ ਤੇ ਅਨੁਭਵਾਂ ਨੂੰ ਆਪਣੀ ਕਵਿਤਾ ਵਿਚ ਪੇਸ਼ ਕੀਤਾ। ਦਲਿਤ ਜੀਵਨ ਅਨੁਭਵ ਦੀ ਪੇਸ਼ਕਾਰੀ ਉਦਾਸੀ ਦੀ ਕਵਿਤਾ ਦੀ ਵਿਲੱਖਣਤਾ ਹੈ ਪਰ ਸਪੱਸ਼ਟ ਤੌਰ 'ਤੇ ਉਸਦੀ ਕਵਿਤਾ ਦਾ ਵਿਚਾਰਧਾਰਕ ਆਧਾਰ ਮਾਰਕਸਵਾਦ ਹੀ ਰਹਿੰਦਾ ਹੈ। ਇਹ ਬਹਿਸ ਦਾ ਮੁੱਦਾ ਹੋ ਸਕਦਾ ਹੈ ਕਿ ਕੀ ਭਾਰਤ ਵਿਚ ਮਾਰਕਸਵਾਦੀ ਚਿੰਤਨ ਨੇ ਜਾਤ ਦੇ ਸਵਾਲ ਨੂੰ ਸਹੀ ਨੁਕਤੇ ਤੋਂ ਸਮਝਿਆ ਜਾਂ ਨਹੀਂ। ਜਿਵੇਂ ਕਵਿਤਾ ਵਿਚ ਰੱਬ ਦਾ ਬਿੰਬ ਆਉਣ ਨਾਲ ਅਜਿਹੀ ਹਰ ਕਵਿਤਾ ਅਧਿਆਤਮਿਕ ਨਹੀਂ ਹੁੰਦੀ, ਜਿਵੇਂ ਕਿਸੇ ਕਵਿਤਾ ਵਿਚ ਮਜ਼ਦੂਰ ਦਾ ਬਿੰਬ ਆਉਣ ਨਾਲ ਅਜਿਹੀ ਹਰ ਕਵਿਤਾ ਪ੍ਰਗਤੀਵਾਦੀ ਨਹੀਂ ਹੁੰਦੀ, ਉਵੇਂ ਹੀ ਕਿਸੇ ਕਵਿਤਾ ਵਿਚ ਕਿਸਾਨੀ ਬਿੰਬ ਜਾਂ ਅਨੁਭਵ ਆਉਣ ਨਾਲ ਅਜਿਹੀ ਹਰ ਕਵਿਤਾ ਕਿਸਾਨੀ ਸੰਕਟ ਦੀ ਕਵਿਤਾ ਨਹੀਂ ਹੁੰਦੀ ਤੇ ਉਵੇਂ ਹੀ ਕਿਸੇ ਕਵਿਤਾ ਵਿਚ ਦਲਿਤ ਬਿੰਬ ਤੇ ਅਨੁਭਵ ਪੇਸ਼ ਹੋਣ ਨਾਲ ਅਜਿਹੀ ਹਰ ਕਵਿਤਾ ਦਲਿਤ ਚਿੰਤਨ ਵਾਲੀ ਕਵਿਤਾ ਨਹੀਂ ਹੁੰਦੀ। ਪਾਸ਼ ਨੇ ਬਿਨਾਂ ਸ਼ੱਕ ਕਿਸਾਨੀ ਬਿੰਬ ਤੇ ਅਨੁਭਵ ਨੂੰ ਪੇਸ਼ ਕੀਤਾ ਪਰ ਉਸਦੀ ਵਿਚਾਰਧਾਰਾ ਮਾਰਕਸਵਾਦੀ ਰਹੀ ਤੇ ਉਦਾਸੀ ਨੇ ਦਲਿਤ ਬਿੰਬ ਤੇ ਅਨੁਭਵ ਪੇਸ਼ ਕੀਤਾ ਪਰ ਉਸਦੀ ਵੀ ਵਿਚਾਰਧਾਰਾ ਮਾਰਕਸਵਾਦੀ ਹੀ ਰਹੀ। ਇਨ੍ਹਾਂ ਕਵੀਆਂ ਨੇ ਪੰਜਾਬੀ ਕਵਿਤਾ ਵਿਚ ਪਹਿਲੀ ਵਾਰ ਜਿਹੜਾ ਕਿਸਾਨੀ ਬਿੰਬ ਤੇ ਪਿੰਡ ਦਾ ਬਿੰਬ ਚਿਤਰਿਆ ਹੈ ਇਹ ਕੋਈ ਸਹਿਜ-ਸੁਭਾਅ ਵਾਪਰੀ ਗੱਲ ਨਹੀਂ ਸੀ ਬਲਕਿ



ਇਸ ਪਿੱਛੇ ਪੂਰੀ ਤਰ੍ਹਾਂ ਇਨ੍ਹਾਂ ਦੀ ਵਿਚਾਰਧਾਰਾ ਕਾਰਜਸ਼ੀਲ ਸੀ ਕਿਉਂਕਿ ਨਕਸਲੀ ਲਹਿਰ ਮੁੱਖ ਤੌਰ 'ਤੇ ਜਾਗੀਰਦਾਰਾਂ ਦੇ ਵਿਰੁੱਧ ਸੀ ਅਤੇ ਕਿਸਾਨਾਂ ਤੇ ਪਿੰਡਾਂ 'ਤੇ ਕੇਂਦਰਿਤ ਸੀ। ਬਿਨਾਂ ਸ਼ੱਕ ਉਦਾਸੀ ਖੁਦ ਦਲਿਤ ਪਰਿਵਾਰ ਨਾਲ਼ ਸੰਬੰਧਿਤ ਸੀ ਤੇ ਉਸਦੀ ਕਵਿਤਾ ਵਿਚ ਦਲਿਤਾਂ ਦਾ ਅਕਸਰ ਜ਼ਿਕਰ ਆਉਂਦਾ ਹੈ। ਉਹ ਦਲਿਤ ਜੀਵਨ ਦੇ ਚਿੰਨ੍ਹਾਂ ਨੂੰ ਵੀ ਆਪਣੀ ਕਵਿਤਾ ਵਿਚ ਵਰਤਦਾ ਹੈ ਪਰ ਇਸ ਆਧਾਰ 'ਤੇ ਉਸਨੂੰ ਸਿਰਫ਼ ਦਲਿਤ ਕਵੀ ਕਹਿਣਾ ਉਚਿਤ ਨਹੀਂ। ਇਸ ਸਬੰਧੀ ਸੰਤ ਰਾਮ ਉਦਾਸੀ ਦੀ ਕਵਿਤਾ 'ਮਜ਼ਦੂਰ ਦੀ ਦੇਸ-ਸੇਵਾ', ਵੇਖੀ ਜਾ ਸਕਦੀ ਹੈ। ਇਸ ਕਵਿਤਾ ਵਿਚ ਉਹ ਦਲਿਤ ਤਾਂ ਕੀ ਕਿਸੇ ਤਰ੍ਹਾਂ ਦੇ ਕੌਮੀਅਤ ਦੇ ਸੰਕਲਪ ਵਿਚ ਵੀ ਵਿਸ਼ਵਾਸ ਨਹੀਂ ਰੱਖਦਾ, ਸਿਰਫ਼ ਵਰਗ ਸੰਘਰਸ਼ ਦੀ ਗੱਲ ਕਰਦਾ ਹੈ। ਇਸ ਸਬੰਧੀ ਹੋਰ ਕਵਿਤਾਵਾਂ 'ਦੁਨੀਆਂ ਭਰ ਦੇ ਕਾਮਿਓਂ', 'ਲਲਕਾਰ', 'ਉਠਣ ਦਾ ਵੇਲਾ', 'ਸੀਰੀ ਤੇ ਜੱਟ ਦੀ ਵਿਥਿਆ' ਆਦਿ ਵੇਖੀਆਂ ਜਾ ਸਕਦੀਆਂ ਹਨ। ਮਿਸਾਲ ਵਜੋਂ :

> ਪੂੰਜੀਪਤੀ ਦੀ ਮਰਜ਼ੀ ਕਿ, ਤੂੰ ਲੜਦਾ ਰਹੇਂ, ਤੂੰ ਮਰਦਾ ਰਹੇਂ।
> ਧਰਮ, ਕਾਨੂੰਨ, ਜਾਤ ਦਾ ਡੰਡਾ, ਤੂੰ ਚੁੱਕਦਾ ਰਹੇਂ, ਤੂੰ ਧਰਦਾ ਰਹੇਂ।
> ਫ਼ੌਜ ਪੁਲਿਸ ਦੇ ਸਾਏ ਹੇਠਾਂ, ਰਹਿਣ ਉਸਰਦੇ ਮਹਿਲ ਮੁਨਾਰੇ।
> ਰਹੇ ਕੜਕਦੀ ਬਿਜਲੀ ਬੇਸ਼ਕ, ਪਰ ਨਾ ਕੁਸਕਣ ਕੁੱਲੀਆਂ ਢਾਰੇ।
> ਸਾਂਝਾ ਕਰੋ ਲਹੂ ਤੇ ਮੁੜ੍ਹਕਾ, ਤੇ ਲੋਹੇ ਦਾ ਪਹਿਰਾ ਲਾਓ।
> ਇਕ ਹੋ ਜਾਓ! ਇਕ ਹੋ ਜਾਓ! (ਦੁਨੀਆਂ ਭਰ ਦੇ ਕਾਮਿਓਂ)

ਦੁਨੀਆਂ ਦੇ ਮਕਬੂਲ ਤੇ ਪ੍ਰਭਾਵਸ਼ਾਲੀ ਸਾਹਿਤ ਤੇ ਚਿੰਤਨ ਦੀ ਇਕ ਵਿਸ਼ੇਸ਼ਤਾ ਬਾਰੇ ਬਹੁਤ ਵਿਦਵਾਨ ਇਕਮਤ ਹਨ ਕਿ ਅਜਿਹਾ ਸਾਹਿਤ ਤੇ ਚਿੰਤਨ ਸਦਾ ਆਮ ਲੋਕਾਂ ਦੀ ਭਾਸ਼ਾ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਮਹਾਤਮਾ ਬੁੱਧ, ਬਾਬਾ ਫਰੀਦ, ਭਗਤ ਕਬੀਰ, ਬਾਬਾ ਰਵਿਦਾਸ, ਗੁਰੂ ਨਾਨਕ, ਬੁੱਲੇ ਸ਼ਾਹ, ਵਾਰਿਸ਼ ਸ਼ਾਹ ਆਦਿ ਸਾਰੇ ਚਿੰਤਕਾਂ ਤੇ ਸਹਿਤਕਾਰਾਂ ਨੇ ਆਮ ਲੋਕਾਂ ਦੀ ਭਾਸ਼ਾ ਵਿਚ ਆਪਣੀ ਗੱਲ ਕਹੀ। ਇਹ ਮਸਲਾ ਆਪਣੇ ਆਪ ਵਿਚ ਬੜਾ ਵਿਚਾਰਧਾਰਕ ਹੈ। ਸੱਤਾ ਭਾਸ਼ਾਈ ਘੁਸਪੈਠ ਰਾਹੀਂ ਹੀ ਆਮ ਲੋਕਾਂ ਨੂੰ ਕਾਬੂ ਕਰਨ ਦਾ ਯਤਨ ਕਰਦੀ ਹੈ। ਇਸ ਤਰ੍ਹਾਂ ਕਰਦਿਆਂ ਉਹ ਸਾਹਿਤ ਤੇ ਗਿਆਨ ਦੀ ਭਾਸ਼ਾ ਵਿਚ ਬੁਰੀ ਤਰ੍ਹਾਂ ਵਿਗਾੜ ਪਾਉਂਦੀ ਹੈ। ਇਸ ਸਬੰਧੀ ਨਵਾਂ ਚਿੰਤਨ ਬਿਲਕੁਲ ਸਪੱਸ਼ਟ ਰੂਪ ਵਿਚ ਕਹਿ ਰਿਹਾ ਹੈ ਕਿ ਭਾਸ਼ਾ ਹੁਣ ਯਥਾਰਥ ਨੂੰ ਪੇਸ਼ ਜਾਂ ਯਥਾਰਥ ਦਾ ਅਧਿਐਨ ਨਹੀਂ ਕਰਦੀ ਬਲਕਿ ਯਥਾਰਥ ਦੀ ਸਿਰਜਣਾ ਕਰਦੀ ਹੈ। ਭਾਸ਼ਾਈ ਵਿਗਾੜ ਤੇ ਘੁਸਪੈਠ ਨੂੰ ਨਾਕਾਮ ਕਰਨਾ ਤੇ ਆਪਣੀ ਭਾਸ਼ਾ ਰਾਹੀਂ ਆਪਣਾ ਯਥਾਰਥ ਪੇਸ਼ ਵੀ ਕਰਨਾ ਤੇ ਸਿਰਜਣਾ ਬਹੁਤ ਵੱਡਾ

ਵਿਚਾਰਧਾਰਕ ਕਾਰਜ ਹੁੰਦਾ ਹੈ। ਇਹ ਕਾਰਜ ਸੰਤ ਰਾਮ ਉਦਾਸੀ ਨੇ ਬਾਖ਼ੂਬੀ ਕੀਤਾ। ਇਸੇ ਲਈ ਉਸਦੀਆਂ ਕਵਿਤਾਵਾਂ ਵਿਚ ਜੱਟ ਤੇ ਸੀਰੀ ਸੰਵਾਦ ਕਰ ਰਹੇ ਹਨ, ਧੀਆਂ, ਪੁੱਤ ਬਣ ਰਹੀਆਂ ਹਨ, ਵਣਜਾਰਿਆਂ ਤੋਂ ਚੂੜੀਆਂ ਦੀ ਥਾਂ ਚਾਕੂਆਂ ਦੀ ਮੰਗ ਹੋ ਰਹੀ ਹੈ, ਕੰਮੀਆਂ ਦੇ ਵਿਹੜੇ ਨੂੰ ਪੇਸ਼ ਕੀਤਾ ਜਾ ਰਿਹਾ ਹੈ, ਪਿੰਡ, ਸਮਕਾਲੀ ਯਥਾਰਥ, ਇਤਿਹਾਸ, ਮਿਥਿਹਾਸ ਆਪਣੀਆਂ ਤਮਾਮ ਪਰਤਾਂ ਸਮੇਤ ਪਾਠਕ, ਸਰੋਤੇ ਸਾਹਮਣੇ ਆ ਖੜ੍ਹਦਾ ਹੈ।

ਸੱਤਾ ਤਬਦੀਲੀ ਦੇ ਦੋ ਪ੍ਰਮੁੱਖ ਰਾਹ ਹੋ ਸਕਦੇ ਹਨ- ਚੋਣਾਂ ਜਾਂ ਹਥਿਆਰਬੰਦ ਵਿਦਰੋਹ। ਸੰਤ ਰਾਮ ਉਦਾਸੀ ਨੇ ਆਪਣੇ ਜੀਵਨ ਵਿਚ ਚੋਣਾਂ ਰਾਹੀਂ ਤਬਦੀਲੀ ਦਾ ਮਾਰਗ ਨਾ-ਕਾਮਯਾਬ ਹੁੰਦਾ ਦੇਖ ਲਿਆ ਸੀ। ਇਸੇ ਲਈ 'ਮਲੰਗ ਲੱਖੇ ਦੇ ਨਾਂ' ਕਵਿਤਾ ਵਿਚ ਚੋਣਾਂ ਰਾਹੀਂ ਚੁਣੀਆਂ ਸਰਕਾਰਾਂ ਵੱਲੋਂ ਆਮ ਲੋਕਾਂ ਦੀ ਕੀਤੀ ਜਾਂਦੀ ਲੁੱਟ ਦਾ ਵਰਨਣ ਹੈ। 'ਮਜ਼ਦੂਰ ਦੀ ਕਲੀ' ਕਵਿਤਾ ਵਿਚ ਵੀ ਮਿਥਿਹਾਸ ਵਿਚ ਸੱਤਾ ਵੱਲੋਂ ਹੁੰਦੀ ਆਮ ਲੋਕਾਂ ਦੀ ਅਧੋਗਤੀ ਤੋਂ ਲੈ ਕੇ ਸਮਕਾਲ ਤਕ ਵੋਟ ਰਾਜਨੀਤੀ ਦਾ ਨਕਾਬ ਉਤਾਰਦਾ ਹੈ।

ਸੁਖ ਦਾ ਸਾਹ ਨਾ ਮਿਲ਼ਿਆ ਵੋਟਾਂ ਵਾਲਿਆਂ ਡੱਬਿਆਂ 'ਚੋਂ
ਤੂੰ ਕਿਉਂ ਪੰਜ ਸਾਲਾਂ ਲਈ ਤੁਲਿਆ ਹੱਥ ਵਢਵਾਉਣ ਨੂੰ

(ਮਜ਼ਦੂਰ ਦੀ ਕਲੀ)

ਚੋਣਾਂ ਦੇ ਢੰਗ ਦੇ ਅਸਫ਼ਲ ਰਹਿਣ ਕਾਰਨ ਸੰਤ ਰਾਮ ਉਦਾਸੀ ਹਥਿਆਰਬੰਦ ਕ੍ਰਾਂਤੀ ਰਾਹੀਂ ਤਬਦੀਲੀ ਦੇ ਮਾਰਗ ਦੀ ਹਿਮਾਇਤ ਕਰਦਾ ਹੈ। ਇਹ ਮਾਰਗ ਕਿਸੇ ਕਿਸਮ ਦੇ ਲਾਲਚ, ਲੁੱਟ ਦੀ ਥਾਂ ਬਰਾਬਰੀ ਦੇ ਸੰਕਲਪ ਵੱਲ ਜਾਂਦਾ ਸੀ। ਉਸਦੀ ਕਵਿਤਾ ਵਿਚਲਾ ਵਿਦਰੋਹ, ਹਿੰਸਾ ਜਾਂ ਸੰਘਰਸ਼ ਸਮਾਜਿਕ ਅਰਾਜਿਕਤਾ ਫੈਲਾਉਣ ਦੀ ਥਾਂ ਸਮਾਜਿਕ ਬਰਾਬਰੀ ਬਹਾਲ ਕਰਨ ਲਈ ਹੈ। ਜੰਗ ਜਾਂ ਯੁੱਧ ਦੇ ਸਰੂਪ ਨੂੰ ਸਮਝਣਾ, ਨਵੇਂ ਅਰਥ ਦੇਣਾ ਸਾਰੇ ਹੀ ਜੁਝਾਰਵਾਦੀ ਕਵੀਆਂ ਦੀ ਵਿਸ਼ੇਸ਼ ਪ੍ਰਾਪਤੀ ਹੈ ਪਰ ਸਥਾਪਤੀ ਲਈ ਸ਼ਾਂਤੀ ਮਹੱਤਤਾ ਰੱਖਦੀ ਹੈ ਕਿਉਂਕਿ ਸ਼ਾਂਤੀ ਹੋਵੇਗੀ ਤਾਂ ਸਥਾਪਤੀ ਦੁਆਰਾ ਕੀਤੀ ਜਾਂਦੀ ਲੁੱਟ ਦਾ ਵਿਰੋਧ ਨਹੀਂ ਹੋਵੇਗਾ। ਇਸ ਲਈ ਜੁਝਾਰਵਾਦੀ ਕਵੀ ਸਿਰਫ਼ ਯੁੱਧ ਨੂੰ ਹੀ ਨਵੇਂ ਸਿਰੇ ਤੋਂ ਪਰਿਭਾਸ਼ਿਤ ਨਹੀਂ ਕਰਦੇ ਬਲਕਿ ਸ਼ਾਂਤੀ ਨੂੰ ਵੀ ਨਵੇਂ ਅਰਥ ਦਿੰਦੇ ਹਨ। ਸਿੱਧੇ ਪੱਧਰ 'ਤੇ ਇਹ ਸਿਰਫ਼ ਰਾਜਸੀ ਵਿਦਰੋਹ ਜਾਪਦਾ ਹੈ ਪਰ ਗਿਆਨ-ਸ਼ਾਸਤਰੀ ਪਰਿਪੇਖ ਤੋਂ ਇਹ ਉਸ ਸਮੁੱਚੇ ਚਿੰਤਨ ਪ੍ਰਤੀ ਵੀ ਵਿਦਰੋਹ ਹੈ ਜੋ ਹਰ ਯੁੱਧ ਨੂੰ ਹਿੰਸਾ ਆਖਦਿਆਂ ਅਹਿੰਸਾ ਜਾਂ ਸ਼ਾਂਤੀ ਨੂੰ ਹੀ ਸਮਾਜ ਲਈ ਲਾਜ਼ਮੀ ਆਖਦਾ ਹੈ। 'ਯੁੱਧ' ਜਿਥੇ ਨਕਸਲੀ ਲਹਿਰ ਦਾ ਵਿਚਾਰਧਾਰਕ ਪੈਂਤੜਾ



ਹੈ ਉਥੇ 'ਸ਼ਾਂਤੀ' ਸੋਧਵਾਦੀਆਂ ਦਾ ਵਿਚਾਰਧਾਰਕ ਪੈਂਤੜਾ ਹੈ। ਜੁਝਾਰਵਾਦੀ ਕਵੀ ਇਸ ਸ਼ਾਂਤੀ ਦੇ ਸੰਕਲਪ ਦੀਆਂ ਧੱਜੀਆਂ ਉਡਾ ਦਿੰਦੇ ਹਨ।

ਸਥਾਪਤੀ ਕੋਲ ਦੋ ਤਰ੍ਹਾਂ ਦੇ ਉਪਕਰਨ ਹੁੰਦੇ ਹਨ, ਵਿਚਾਰਧਾਰਕ ਸਟੇਟ ਉਪਕਰਨ ਅਤੇ ਤਸ਼ੱਦਦਮਈ ਸਟੇਟ ਉਪਕਰਨ। ਇਨ੍ਹਾਂ ਵਿਚੋਂ ਵਿਚਾਰਧਾਰਕ ਸਟੇਟ ਉਪਕਰਨਾਂ ਦਾ ਘੇਰਾ ਵਿਸ਼ਾਲ ਹੈ ਅਤੇ ਇਨ੍ਹਾਂ ਦੀ ਮਾਰ ਅਪ੍ਰਤੱਖ ਹੈ। ਇਸ ਲਈ ਸੰਤ ਰਾਮ ਉਦਾਸੀ ਕਾਵਿ ਵਿਚ ਸੱਤਾ ਦੇ ਵਿਚਾਰਧਾਰਕ ਉਪਕਰਨਾਂ ਵਿਚ ਉਲਝ ਕੇ ਰਹਿ ਗਈ ਆਮ ਮਨੁੱਖ ਦੀ ਜ਼ਿੰਦਗੀ ਨੂੰ ਪੇਸ਼ ਕੀਤਾ ਹੈ। ਵਿਚਾਰਧਾਰਕ ਸਾਧਨ ਸੱਤਾ ਦੁਆਰਾ ਆਮ ਮਨੁੱਖ ਨੂੰ ਜ਼ਿਹਨੀ ਕੈਦ ਕਰਨ ਦਾ ਸਭ ਤੋਂ ਕਾਰਗਰ ਹਥਿਆਰ ਹੈ ਕਿਉਂਕਿ ਇਹ ਅਦਿੱਖ ਵਰਤਾਰਾ ਹੈ ਜੋ ਪ੍ਰਤੀ ਵਿਚਾਰਧਾਰਾ ਦੀ ਪ੍ਰਪੱਕਤਾ ਬਿਨਾਂ ਆਮ ਮਨੁੱਖ ਦੀ ਪਕੜ ਵਿਚ ਨਹੀਂ ਆਉਂਦਾ। ਇਸ ਸੰਦਰਭ ਵਿਚ ਸੰਤ ਰਾਮ ਉਦਾਸੀ ਦੀ ਕਵਿਤਾ 'ਮਜ਼ਦੂਰ ਦੀ ਦੇਸ਼-ਸੇਵਾ' ਵਿਸ਼ੇਸ਼ ਤੌਰ 'ਤੇ ਦੇਖੀ ਜਾ ਸਕਦੀ ਹੈ।

ਜਦ ਵੀ ਉਪਰਾਲਾ ਕਰਕੇ ਮੈਂ, ਜ਼ੰਜੀਰ ਤੋੜਨੀ ਚਾਹੀ ਏ
ਟੁੱਟੀ ਨੂੰ ਟਾਂਕੇ ਲਾ ਲਾ ਕੇ, ਤਕਦੀਰ ਜੋੜਨੀ ਚਾਹੀ ਏ

ਧਰਮਾਂ 'ਤੇ ਖ਼ਤਰਾ ਬਣ ਜਾਵੇ, ਕਾਨੂੰਨ 'ਤੇ ਖ਼ਤਰਾ ਬਣ ਜਾਵੇ
ਮਜ਼ਹਬਾਂ ਦੇ ਠੇਕੇਦਾਰਾਂ ਦੇ, ਜਨੂੰਨ 'ਤੇ ਖ਼ਤਰਾ ਬਣ ਜਾਵੇ

ਦੇ ਫ਼ਤਵਾ ਦੇਸ਼-ਧਰੋਹੀ ਦਾ, ਜੇਲ੍ਹਾਂ ਦੇ ਬੂਹੇ ਖੁੱਲ੍ਹ ਜਾਂਦੇ
ਅੰਨ੍ਹੇ ਹੋ ਵਿਚ ਤਸ਼ੱਦਦ ਦੇ, ਬੰਦੇ ਨੂੰ ਬੰਦੇ ਭੁੱਲ ਜਾਂਦੇ

(ਮਜ਼ਦੂਰ ਦੀ ਦੇਸ਼-ਸੇਵਾ)

ਉਪਰੋਕਤ ਕਵਿਤਾ ਵਿਚ ਸੰਤ ਰਾਮ ਉਦਾਸੀ ਨੇ ਵਿਚਾਰਧਾਰਕ ਸਟੇਟ ਉਪਕਰਨਾਂ ਦੇ ਨਾਲ-ਨਾਲ ਤਸ਼ੱਦਦਮਈ ਸਟੇਟ ਉਪਕਰਨਾਂ ਦਾ ਵੀ ਜ਼ਿਕਰ ਕੀਤਾ ਹੈ। 'ਦੇਸ਼-ਧਰੋਹ', 'ਜੇਲ੍ਹ', 'ਤਸ਼ੱਦਦ' ਆਦਿ ਉਹ ਚਿੰਨ੍ਹ ਹਨ ਜਿਹੜੇ ਜੁਝਾਰਵਾਦੀ ਕਾਵਿ-ਧਾਰਾ ਵਿਚ ਪੇਸ਼ ਹੋ ਕੇ ਸੱਤਾ ਦੇ ਦਮਨ ਨੂੰ ਚਿਹਨਤ ਕਰਦੇ ਹਨ।

ਸੰਤ ਰਾਮ ਉਦਾਸੀ ਦੇ ਸਮਕਾਲ ਵਿਚ ਦੁਨੀਆਂ ਭਰ ਵਿਚ ਉਥਲ-ਪੁਥਲ ਦਾ ਸਮਾਂ ਸੀ। ਇਕ ਤਰ੍ਹਾਂ ਨਾਲ ਦੁਨੀਆਂ ਸਮਾਜਵਾਦੀ ਅਤੇ ਪੂੰਜੀਵਾਦੀ/ਸਾਮਰਾਜਵਾਦੀ ਧਰੁੱਵਾਂ ਵਿਚ ਵੰਡੀ ਜਾ ਰਹੀ ਸੀ। ਇਸ ਲਈ ਉਹ ਸਾਮਰਾਜਵਾਦ ਦੇ ਬਦਲਦੇ ਸਰੂਪ ਨੂੰ ਸਮਝਦਾ ਹੈ। ਦੁਨੀਆਂ ਭਰ ਵਿਚਲੇ ਸੰਘਰਸ਼ਾਂ ਨਾਲ ਸੰਵਾਦ ਰਚਾਉਂਦਾ ਹੈ ਅਤੇ ਆਪਣੇ ਵਿਚਾਰਧਾਰਕ ਆਧਾਰ ਕਾਰਨ ਦੁਨੀਆਂ ਭਰ ਵਿਚ ਚੱਲ ਰਹੇ ਹਥਿਆਰਬੰਦ ਸੰਘਰਸ਼ਾਂ ਦੀ ਹਿਮਾਇਤ ਵੀ ਕਰਦਾ ਹੈ। ਸੰਤ ਰਾਮ ਉਦਾਸੀ ਦੀਆਂ ਬਹੁਤ ਸਾਰੀਆਂ

ਕਵਿਤਾਵਾਂ ਇਸ ਪ੍ਰਸੰਗ ਵਿੱਚ ਵਿਚਾਰੀਆਂ ਜਾ ਸਕਦੀਆਂ ਹਨ 'ਲੈਨਿਨ ਦੇ ਨਾਂ', 'ਵੀਅਤਕਾਂਗੀ ਕੁੜੀ ਦਾ ਪਿਆਰ', 'ਸੂਰਮੇ ਵੀਅਤਕਾਂਗੀ ਬੱਚੇ', 'ਵੀਅਤਨਾਮ', 'ਦੁਨੀਆਂ ਭਰ ਦੇ ਕਾਮਿਓ', 'ਸਾਥੀ ਮਾਓ ਦੇ ਨਾਂ' ਆਦਿ ਕਵਿਤਾਵਾਂ ਉਸਦੇ ਅੰਤਰਰਾਸ਼ਟਰੀ ਸਰੋਕਾਰਾਂ ਨੂੰ ਦਰਸਾਉਂਦੀਆਂ ਹਨ ਉਹ ਰੂਸ, ਚੀਨ, ਵੀਅਤਨਾਮ ਵਰਗੇ ਮੁਲਕਾਂ ਦੇ ਇਨਕਲਾਬ ਕਰ ਚੁੱਕੇ ਜਾਂ ਇਨਕਲਾਬ ਦੇ ਰਾਹ ਪਏ ਹੋਏ ਲੋਕਾਂ ਨਾਲ ਸਾਂਝ ਵਧਾਉਂਦਾ ਹੈ

ਸੰਤ ਰਾਮ ਉਦਾਸੀ ਸਮਕਾਲੀ ਹਾਲਤ/ਪ੍ਰਸਥਿਤੀਆਂ ਪ੍ਰਤੀ ਵਿਸ਼ਲੇਸ਼ਣਾਤਮਕ ਰਵੱਈਆ ਰੱਖਦਿਆਂ ਮਾਰਕਸਵਾਦੀ ਚੇਤਨਾ ਅਧੀਨ ਆਪਣੀ ਵਿਦਰੋਹੀ ਕਾਵਿਕ ਸੁਰ ਦਾ ਪ੍ਰਗਟਾਵਾ ਕਰਦੇ ਹੋਏ ਅਧੂਰੀ ਅਜ਼ਾਦੀ ਦੀ ਨਿਸ਼ਾਨਦੇਹੀ ਕਰਦਾ ਹੈ ਭਾਵ ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਜੋ ਪ੍ਰਬੰਧ ਉਸਰਨਾ ਚਾਹੀਦਾ ਸੀ ਉਹ ਨਹੀਂ ਉਸਰਿਆ ਸੱਤਾ ਭਾਰਤੀ ਸਰਮਾਏਦਾਰਾਂ ਕੋਲ ਆ ਗਈ ਤੇ ਪ੍ਰਬੰਧ ਪੂਰੀ ਤਰ੍ਹਾਂ ਪੂੰਜੀਵਾਦੀ ਢਾਂਚੇ 'ਤੇ ਆਧਾਰਿਤ ਉਸਰਨਾ ਸ਼ੁਰੂ ਹੋ ਗਿਆ। ਕਵੀ ਨੂੰ ਇਹ ਪੂੰਜੀਵਾਦੀ ਪ੍ਰਬੰਧ ਨਾ-ਮਨਜ਼ੂਰ ਹੈ। ਇਸ ਪ੍ਰਬੰਧ ਨੂੰ ਨਕਾਰਨ ਵਾਲੀਆਂ ਰਚਨਾਵਾਂ ਵਿਚ ਕਾਵਿਕ ਵਿਦਰੋਹ ਬਹੁਤ ਤੀਖਣ ਹੈ।

ਕਾਮਿਆਂ ਦੀ ਜਾਨ ਲੀਰੋ ਲੀਰ ਹੋਈ ਏ
ਤੇਰੇ ਜ਼ੁਲਮਾਂ ਦੀ,
ਤੇਰੇ ਜ਼ੁਲਮਾਂ ਦੀ ਜ਼ਾਲਮਾ, ਅਖ਼ੀਰ ਹੋਈ ਏ
ਸੁਣ ਲਵੋ ਕਾਗੋ, ਅਸੀਂ ਕਰ ਦੇਣਾ ਤੁਹਾਨੂੰ ਪੁੱਠੇ,
ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ
ਰੋਟੀ ਬੱਚਿਆਂ ਦੇ,
ਰੋਟੀ ਬੱਚਿਆਂ ਦੇ ਹੱਥਾਂ ਵਿਚੋਂ ਖੋਹਣ ਵਾਲਿਓ

ਇਹ ਵਿਦਰੋਹ ਸਮਕਾਲੀ ਪ੍ਰਸਥਿਤੀਆਂ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹਥਿਆਰਬੰਦ ਵਿਦਰੋਹ ਹੈ। ਇਸ ਵਿਦਰੋਹ ਦੀ ਕੇਂਦਰੀ ਚੂਲ ਵਰਗ ਸੰਘਰਸ਼ ਹੈ। ਜਦੋਂ ਕੋਈ ਵਿਦਰੋਹ ਸ਼ੁਰੂ ਹੁੰਦਾ ਹੈ ਤਾਂ ਸਿੱਧੇ ਤੌਰ 'ਤੇ ਦੋ ਧਿਰਾਂ/ਵਰਗਾਂ ਵਿਚਕਾਰ ਹੀ ਹੁੰਦਾ ਹੈ। ਇਕ ਧਿਰ ਉਤਾਪਦਨ ਦੇ ਵਸੀਲਿਆਂ 'ਤੇ ਕਾਬਜ਼ ਹੁੰਦੀ ਹੈ ਤੇ ਦੂਜੀ ਕਾਬਜ਼ ਹੋਣਾ ਚਾਹੁੰਦੀ ਹੈ ਪਰ ਸਥਾਪਤੀ ਆਪਣੀ ਨਿਰੰਤਰਤਾ ਚਾਹੁੰਦੀ ਹੈ ਅਤੇ ਦਮਨ ਦਾ ਰਾਹ ਅਪਣਾਉਂਦੀ ਹੈ। ਸਥਾਪਤੀ ਦੇ ਦਮਨ ਵਿਚੋਂ ਵਿਦਰੋਹ ਦੀ ਭਾਵਨਾ ਉਤਪੰਨ ਹੁੰਦੀ ਹੈ। ਸੰਘਰਸ਼, ਹਿੰਸਾ ਅਤੇ ਵਿਦਰੋਹ ਇਹ ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਹੋਣ ਕਾਰਨ ਸਮੁੱਚੀ ਜੁਝਾਰਵਾਦੀ-ਕਵਿਤਾ ਦੇ ਵਿਸ਼ੇਸ਼ ਤੱਤ ਵਜੋਂ ਹਾਜ਼ਰ ਹਨ। ਸੰਤ ਰਾਮ ਉਦਾਸੀ ਲਿਖਦਾ ਹੈ:



ਮੈਂ ਥੱਕ ਗਿਆ ਹਾਂ ਸੁਣ-ਸੁਣ ਕੇ, ਅੱਜ ਕਹਿਣ ਦੀ ਹਿੰਮਤ ਕਰਦਾ ਹਾਂ
ਲਹਿਰਾ ਝੰਡਾ ਸੰਗਰਾਮਾਂ ਦਾ, ਅੱਜ ਫੇਰ ਬਗ਼ਾਵਤ ਕਰਦਾ ਹਾਂ
ਫਿਰ ਕਿਉਂ ਨਾ ਅੱਜ ਮਜ਼ਦੂਰ ਕਹੇ, ਜੋ ਧਰਤੀ 'ਤੇ ਉਹ ਮੇਰਾ ਏ
ਜਿਸ ਨੂੰ ਤੂੰ ਆਪਣਾ ਦੇਸ ਕਹੇ, ਉਹ ਤੇਰਾ ਨਹੀਂ ਉਹ ਮੇਰਾ ਏ
(ਮਜ਼ਦੂਰ ਦੀ ਦੇਸ਼-ਸੇਵਾ)

ਇਸੇ ਤਰ੍ਹਾਂ ਸੰਤ ਰਾਮ ਉਦਾਸੀ ਦੀ ਕਵਿਤਾ 'ਇਕ ਤਾਅਨਾ' ਵੇਖੀ ਜਾ ਸਕਦੀ ਹੈ, ਉਹ ਆਪਣੀ ਕਵਿਤਾ 'ਅਜ਼ਾਦੀ', ਵਿਚ ਅਜ਼ਾਦੀ ਤੋਂ ਬਾਅਦ ਦੇਸ ਵਿਚ ਵਧ ਰਹੇ ਪੂੰਜੀਵਾਦੀ ਪ੍ਰਭਾਵ ਨੂੰ ਸਪੱਸ਼ਟ ਦੇਖਿਆ ਜਾ ਸਕਦਾ ਹੈ। 'ਲੋਕ ਰੰਗ' ਕਵਿਤਾ ਵਿਚ ਕਵੀ ਬਿਰਲੇ-ਟਾਟੇ ਦੇ ਚਿੰਨ੍ਹ ਰਾਹੀਂ ਦੇਸ ਨੂੰ ਪੂੰਜੀਪਤੀਆਂ ਵੱਲੋਂ ਖਰੀਦਣ ਦੀ ਗੱਲ ਕਰਦਾ ਹੈ।

ਸੰਤ ਰਾਮ ਉਦਾਸੀ ਦਾ ਕਾਵਿਕ-ਵਿਦਰੋਹ ਹਰ ਪੱਧਰ 'ਤੇ ਕਿਰਿਆਸ਼ੀਲ ਹੈ। ਉਹ ਉਨ੍ਹਾਂ ਰਾਜਸੀ-ਸੰਵਿਧਾਨਕ ਸੰਸਥਾਵਾਂ ਪ੍ਰਤੀ ਵੀ ਵਿਦਰੋਹ ਵਿਅਕਤ ਕਰਦਾ ਹੈ ਤੇ ਸਮਾਜਿਕ-ਸਭਿਆਚਾਰਕ ਸੰਸਥਾਵਾਂ ਪ੍ਰਤੀ ਵੀ ਵਿਦਰੋਹੀ ਭਾਵਨਾ ਰੱਖਦਾ ਹੈ ਜਿਹੜੀਆਂ ਸੱਤਾ ਦੇ ਵਿਚਾਰਧਾਰਕ ਸੰਦਾਂ ਦੇ ਰੂਪ ਵਿਚ ਮਨੁੱਖ ਦੀ ਚੇਤਨਾ ਨੂੰ ਖੁੰਢਾ/ਕੰਗਾਲ ਕਰਕੇ ਗੁਲਾਮ ਬਣਾਉਂਦੀਆਂ ਹਨ। ਵਿਦਰੋਹ ਸਿਰਫ਼ ਰਾਜਸੀ ਵਿਸ਼ਿਆਂ ਵਾਲੇ ਕਾਵਿ ਵਿਚ ਹੀ ਨਹੀਂ ਹੁੰਦਾ, ਬਲਕਿ ਸਥਾਪਤੀ ਦੁਆਰਾ ਆਪਣੀ ਸਲਾਮਤੀ ਲਈ ਬਣਾਈਆਂ ਜਾਂ ਪ੍ਰਪੱਕ ਕੀਤੀਆਂ ਸਮਾਜਿਕ-ਸਭਿਆਚਾਰਕ ਸੰਸਥਾਵਾਂ ਦੇ ਵਿਰੋਧ ਕਰਨ, ਉਨ੍ਹਾਂ ਦਾ ਅਸਲੀ ਚਰਿੱਤਰ ਸਾਹਮਣੇ ਲਿਆਉਣ ਵਿਚ ਵੀ ਹੁੰਦਾ ਹੈ। ਕਵੀ ਰਾਜਸੀ-ਸੰਵਿਧਾਨਿਕ ਸੰਸਥਾਵਾਂ ਦਾ ਵਿਰੋਧ ਕਰਦਿਆਂ ਅਜਿਹੇ ਪ੍ਰਬੰਧ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ, ਜਿਸ ਪ੍ਰਬੰਧ ਵਿਚ ਲੋਕਤੰਤਰ ਦੇ ਨਾਂ 'ਤੇ ਲੋਕਾਂ ਦੇ ਤੰਤਰ ਦੀ ਥਾਂ ਸਿਰਫ਼ ਲੋਕਾਂ ਉਤੇ ਤੰਤਰ (ਸ਼ਾਸ਼ਨ) ਕੀਤਾ ਜਾਂਦਾ ਹੈ

ਸਾਡੇ ਪਿੰਡਾਂ 'ਚੋਂ ਨਿਰਾਸ਼ਾ ਨਾ ਤੂੰ ਜਾਏਂਗਾ
ਚੂੜੀਆਂ ਦੇ ਨਾਲ਼ ਜਦੋਂ ਚਾਕੂ ਵੀ ਲਿਆਏਂਗਾ
ਅਸੀਂ ਪਾੜ੍ਹਨਾ ਕਨੂੰਨ ਦਾ ਵੇ ਖੋਖਾ
ਖੋਖਾ ਵੇ ਵੀਰਾ ਵਣਜਾਰਿਆ (ਚੂੜੀਆਂ ਦਾ ਹੋਕਾ)

ਸੰਤ ਰਾਮ ਉਦਾਸੀ ਸਮਾਜਵਾਦੀ ਜੰਗ ਨੂੰ, ਭਾਵ ਕੌਮੀ ਮੁਕਤੀ ਲਹਿਰ ਦੀ ਜੰਗ ਨੂੰ ਰੋਟੀ ਜਿੰਨੀ ਮੰਗ ਦੱਸਦਾ ਹੈ

ਤੂੰ ਕਾਮਿਆਂ ਦੀ ਜਿੱਤ ਦਾ ਨਿਸ਼ਾਨ ਹੈਂ, ਜੋ ਮੱਥੇ ਲਾਇਆ ਚਾਰੇ ਕੂਟਾਂ ਦੇ
ਜੰਗ ਵੇ! ਜੰਗ ਵੇ!! ਦੁਨੀਆਂ ਦੇ ਕਾਮਿਆਂ ਲਈ, ਤੂੰ ਰੋਟੀ ਜਿੰਨੀ ਮੰਗ ਵੇ
(ਸਮਾਜਵਾਦੀ ਜੰਗ)

ਸੰਤ ਰਾਮ ਉਦਾਸੀ ਦੀ ਉਪਰੋਕਤ ਕਵਿਤਾ ਨੂੰ ਨਕਸਲਵਾੜੀ ਲਹਿਰ ਦੇ ਹੋਰ ਕਵੀਆਂ ਜਿਵੇਂ ਪਾਸ਼ ਦੀ 'ਯੁੱਧ ਅਤੇ ਸ਼ਾਂਤੀ', 'ਤੀਸਰਾ ਮਹਾਂ ਯੁੱਧ' ਅਤੇ ਓਮ ਪ੍ਰਕਾਸ਼ ਸ਼ਰਮਾ ਦੀ 'ਜੰਗ ਅਜੇ ਮੁੱਕੀ ਨਹੀਂ' ਨਾਲ਼ ਜੋੜ ਕੇ ਪੜ੍ਹੀਏ ਤਾਂ ਇਸ ਲ਼ਹਿਰ ਦੇ ਕਵੀ ਸਾਮਰਾਜੀ ਭਰਾ ਮਾਰੂ ਜੰਗਾਂ ਦਾ ਵਿਰੋਧ ਅਮਨ ਦੇ ਪੈਂਤੜੇ ਤੋਂ ਕਰਦੇ ਸਨ ਪਰ ਸਾਮਰਾਜ ਖਿਲਾਫ਼ ਉੱਠ ਰਹੀਆਂ ਹਥਿਆਰਬੰਦ ਕੌਮੀ ਲ਼ਹਿਰਾਂ ਨੂੰ ਜੀ ਆਇਆਂ ਆਖਦੇ ਸਨ। ਜੰਗਾਂ ਦਰਮਿਆਨ ਅਜਿਹਾ ਸੂਖਮ ਨਿਖੇੜਾ ਰਾਜਸੀ ਦਸਤਾਵੇਜ਼ਾਂ ਵਿੱਚ ਕਰਨਾ ਤਾਂ ਸੰਭਵ ਹੁੰਦਾ ਹੈ ਪਰ ਕਵਿਤਾ ਵਰਗੀ ਵਿਧਾ ਵਿੱਚ ਇਸ ਨੂੰ ਲੋਕ ਪੱਧਰ 'ਤੇ ਸਮਝਾਉਣਾ ਬਹੁਤ ਮੁਸ਼ਕਿਲ ਹੁੰਦਾ ਹੈ। ਅਜਿਹੇ ਭਾਵ ਸੰਤ ਰਾਮ ਉਦਾਸੀ ਆਪਣੀ ਕਵਿਤਾ 'ਬੇਦਾਵਾ' ਵਿਚ ਵਿਅਕਤ ਕਰਦਾ ਹੈ:

ਜਿਨ੍ਹਾਂ ਨੇ 'ਐਮਰਜੈਂਸੀ' ਨੂੰ ਬੇਦਾਵਾ ਲਿਖਿਆ ਹੈ
ਉਹ ਅਸੀਂ ਹੀ ਤੇਰੇ ਗੁਸਤਾਖ ਪੁੱਤਰ ਹਾਂ

(ਬੇਦਾਵਾ)

ਨਾਲ਼ ਹੀ ਸਾਮਰਾਜਵਾਦ ਦੇ ਹੱਕ ਚ ਭੁਗਤੀਆਂ ਜੰਗਾਂ ਦੇ ਵਿਰੋਧ ਤੇ ਸਮਾਜਵਾਦ ਹੱਕੀ ਜੰਗਾਂ ਦਾ ਪੱਖ ਪੂਰਦਾ ਹੋਇਆ ਸੰਤ ਰਾਮ ਉਦਾਸੀ ਲਿਖਦਾ ਹੈ:

ਨੀਂ ਮੈਂ ਰੰਡੀਓਂ ਸੁਹਾਗਣ ਹੋਵਾਂ
ਜੇ ਬਸਰੇ ਦੀ ਲਾਮ ਟੁੱਟਜੇ
… … …
ਮੇਰੇ ਦਿਉਰਾਂ, ਭਾਈਆਂ ਲਈ ਵੈਰ ਤੂੰ ਸਹੇੜੇ ਵੇ
ਜਿੱਤ ਮੰਨੂੰ ਤੇਰੀ ਜੇ, ਜਮਾਤੀ ਯੁੱਧ ਛੇੜੇਂ ਵੇ
ਮੋਢਾ ਮੈਂ ਵੀ ਨਾਲ਼ ਜੋੜ ਕੇ ਖੜੋਵਾਂ, ਜੇ ਬਸਰੇ.....

(ਬਸਰੇ ਦੀ ਲਾਮ ਟੁੱਟਜੇ)

ਸੰਤ ਰਾਮ ਉਦਾਸੀ ਕਵਿਤਾਵਾਂ ਵਿਚ ਜਿਥੇ ਰਾਜਸੀ-ਸੰਵਿਧਾਨਕ ਸੰਸਥਾਵਾਂ ਪ੍ਰਤੀ ਵਿਦਰੋਹ ਹੈ ਤੇ ਹਥਿਆਰਬੰਦ ਇਨਕਲਾਬ ਦੀ ਤੀਬਰ ਤਾਂਘ ਹੈ, ਉਥੇ ਸਮਾਜਿਕ-ਸਭਿਆਚਾਰਕ ਸੰਸਥਾਵਾਂ ਪ੍ਰਤੀ ਵਿਦਰੋਹ ਇਨ੍ਹਾਂ ਕਵੀਆਂ ਦੀ ਸਭਿਅਚਾਰਕ ਕ੍ਰਾਂਤੀ ਦੀ ਤਾਂਘ ਨੂੰ ਦ੍ਰਿਸ਼ਟੀਮਾਨ ਕਰਦਾ ਹੈ। ਨਕਸਲਬਾੜੀ ਲਹਿਰ ਦੇ ਬਿਖਰਨ ਨਾਲ ਇਹ ਤਾਂਘ ਖ਼ਤਮ ਤਾਂ ਨਹੀਂ ਹੁੰਦੀ, ਸਭਿਆਚਾਰਕ ਕ੍ਰਾਂਤੀ ਦੀ ਤਾਂਘ ਵਿਚ ਤਬਦੀਲ ਹੋ ਜਾਂਦੀ ਹੈ ਸੰਤ ਰਾਮ ਉਦਾਸੀ ਦੀ ਕਵਿਤਾ ਵਿਚ ਇਹ ਰੰਗ ਹੇਠ ਲਿਖੀਆਂ ਕਵਿ-ਸਤਰਾਂ ਵਿਚ ਦੇਖ ਸਕਦੇ ਹਾਂ:



ਹੇ ਕਿਰਤ ਦੇ ਸੰਦਾਂ ਨਾਲ ਲਿਖੀ ਗਈ ਮਹਾਨ ਕਵਿਤਾ !
ਮੈਂ ਇਕ ਅਦਨਾ ਜਿਹਾ ਲਿਖਾਰੀ
ਸ਼ਬਦਾਂ ਦਾ ਜੰਜਾਲ ਲੈ ਕੇ ਤੇਰੇ ਦੁਆਰ ਆਇਆ ਹਾਂ,
ਤੂੰ ਇਹਨਾਂ ਨੂੰ ਆਪਣੀਆਂ ਮਿੱਠੀਆਂ ਸੁਰਾਂ ਦੀ ਛੁਹ ਦੇਹ
ਤਾਂ ਜੋ ਇਹਨਾਂ ਦਾ ਬਣ ਸਕੇ ਕੋਈ ਗੀਤ
ਤੇ ਉਹ ਗੀਤ ਬਣ ਸਕੇ
ਤੀਆਂ ਵਿਚ ਨੱਚਦੀਆਂ ਕੁੜੀਆਂ ਦੀ
ਸੱਭਿਆਚਾਰਕ ਇਨਕਲਾਬ ਦੀ ਹੇਕ

(ਬੰਦਨਾ)

ਸੰਤ ਰਾਮ ਉਦਾਸੀ ਇਸ ਸਥਿਤੀ ਨੂੰ ਜੇਲ੍ਹ ਦੇ ਸੰਦਰਭ ਵਿਚ ਚਿਤਰਦਾ ਹੈ। ਆਪਣੀ ਕਵਿਤਾ ਵਿਚ ਸੰਤ ਰਾਮ ਉਦਾਸੀ ਕੈਦ/ਅਜ਼ਾਦੀ ਦਾ ਵਿਰੋਧ ਜੁੱਟ ਸਿਰਜਦਾ ਹੋਇਆ ਪ੍ਰਬੰਧ/ਸਥਾਪਤੀ 'ਤੇ ਤਿੱਖਾ ਵਿਅੰਗ ਸਿਰਜਦਾ ਹੈ, ਜਿਹੜੀ ਸਥਾਪਤੀ ਇਕ ਪਾਸੇ ਹੱਕ/ਅਜ਼ਾਦੀ ਮੰਗਣ 'ਤੇ ਕੈਦ ਕਰ ਰਹੀ ਹੈ ਤੇ ਦੂਜੇ ਪਾਸੇ ਆਮ ਲੋਕਾਂ ਨੂੰ ਮੂਰਖ ਬਣਾਉਣ ਲਈ ਅਜ਼ਾਦੀ ਦਾ ਦਿਨ ਵੀ ਮਨਾ ਰਹੀ ਹੈ

ਜੇਕਰ ਮਨੁੱਖੀ ਸਭਿਅਤਾ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਨਿੱਜੀ ਜਾਇਦਾਦ ਪੈਦਾ ਹੋਣ ਤੋਂ ਬਾਅਦ ਔਰਤ ਦੀ ਸਥਿਤੀ ਲਗਾਤਾਰ ਨਿਘਾਰ ਵਾਲੀ ਰਹੀ ਹੈ। ਪੂੰਜੀਵਾਦੀ ਸਮਾਜ ਨੇ ਸਿਰਫ਼ ਪੂੰਜੀ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਸਾਰੇ ਮਨੁੱਖਾਂ ਨੂੰ ਮਸ਼ੀਨਾਂ ਬਣਾ ਦਿੱਤਾ ਹੈ ਤੇ ਔਰਤ ਦੀ ਸਥਿਤੀ ਹੋਰ ਗੁੰਝਲਦਾਰ ਤੇ ਬੇਹੱਦ ਤਰਸਯੋਗ ਹੈ ਬਹੁਤ ਸਾਰੀਆਂ ਕਵਿਤਾਵਾਂ ਵਿਚ ਵੀ ਔਰਤ-ਜੀਵਨ ਦੀਆਂ ਵੱਖ-ਵੱਖ ਪਰਤਾਂ ਨੂੰ ਫਰੋਲਿਆ ਗਿਆ ਹੈ। ਉਸਦੀਆਂ ਔਰਤ ਸਬੰਧੀ ਕਵਿਤਾਵਾਂ ਵਿਚ ਔਰਤ ਦੇ ਗੌਰਵ ਨੂੰ ਵੀ ਪੇਸ਼ ਕੀਤਾ ਗਿਆ ਹੈ। ਔਰਤ ਨੂੰ ਮਰਦ ਨਾਲੋਂ ਕਿਸੇ ਪੱਖੋਂ ਊਣੀ ਨਹੀਂ ਦਿਖਾਇਆ ਗਿਆ ਪਰ ਨਾਲ ਹੀ ਪੂੰਜੀਵਾਦੀ ਪ੍ਰਬੰਧ ਵਿਚ ਔਰਤ ਦੀ ਅਧੋਗਤੀ ਦਾ ਜ਼ਿਕਰ ਵੀ ਕਰਦਾ ਹੈ

ਪੁੱਤ ਬਣਕੇ ਕਮਾਊਂ ਘਰ ਤੇਰੇ
ਚਿੱਤ ਨਾ ਡੁਲਾਈਂ ਬਾਬਲਾ
ਮੇਰੇ ਬੰਦਿਆਂ ਤੋਂ ਵੱਧ ਵੇਖੀਂ ਜੇਰੇ
ਚਿੱਤ ਨਾ ਡੁਲਾਈ ਬਾਬਲਾ
ਲੋਕੀਂ ਕਹਿੰਦੇ ਪੁੱਤ ਬਿਨਾਂ ਜਗ 'ਚ ਮਿਲਾਪ ਨੀਂ
ਮੈਂ ਤਾਂ ਕਹਾਂ ਜਿਹਦੇ ਧੀ ਨਾ, ਉਹ ਤਾਂ ਸਹੀ ਬਾਪ ਨੀਂ
ਪੁੱਤ ਹੁੰਦੇ ਨੇ ਕੁਲੱਛਣੇ ਵਥੇਰੇ
ਚਿੱਤ ਨਾ ਡੁਲਾਈਂ ਬਾਬਲਾ

(ਚਿੱਤ ਨਾ ਡੁਲਾਈਂ ਬਾਬਲਾ)

ਇਸ ਸੰਦਰਭ ਵਿਚ ਉਦਾਸੀ ਦੀਆਂ ਹੋਰ ਕਵਿਤਾਵਾਂ ਵੀ ਦੇਖੀਆਂ ਜਾ ਸਕਦੀਆਂ ਹਨ ਜਿਵੇਂ 'ਕਾਲੀ ਕੁੜੀ ਦਾ ਗੀਤ' ਵਿਚ ਸੁੰਦਰਤਾ ਸਬੰਧੀ ਬੁਰਜੂਆ ਮਾਪ-ਦੰਡਾਂ ਨੂੰ ਕ੍ਰਾਂਤੀਕਾਰੀ ਢੰਗ ਨਾਲ ਨਕਾਰਿਆ ਹੈ ਜਿਹੜੇ ਮਾਪ-ਦੰਡ ਮੌਜੂਦਾ ਸਮੇਂ ਵਿਚ ਸਭਿਆਚਾਰਕ ਸਾਮਰਾਜਵਾਦ ਦੇ ਸਭ ਤੋਂ ਵੱਡੇ ਹਥਿਆਰ ਬਣੇ ਹੋਏ ਹਨ ਇਸ ਕਰਕੇ ਇਹ ਕਵਿਤਾ ਮੌਜੂਦਾ ਦੌਰ ਵਿਚ ਹੋਰ ਵੀ ਮਹੱਤਵਪੂਰਨ ਭੂਮਿਕਾ ਦੀ ਨਿਸ਼ਾਨਦੇਹੀ ਕਰਦੀ ਹੈ 'ਮਜ਼ਦੂਰ ਕੁੜੀ ਦੀ ਪਹਿਲੀ ਰਾਤ' ਕਵਿਤਾ ਵਿਚ ਵੀ ਕਵੀ ਨੇ ਪੂੰਜੀਵਾਦੀ ਦੌਰ ਵਿਚ ਔਰਤ ਨੂੰ ਵਸਤੂ ਸਮਝ ਕੇ ਹਵਸ ਪੂਰੀ ਕਰਨ ਦੀ ਬੁਰਜੂਆ ਨੈਤਿਕਤਾ ਦਾ ਨਕਾਬ ਉਤਾਰਿਆ ਹੈ। ਔਰਤਾਂ ਬਾਰੇ, ਖ਼ਾਸਕਰ, ਉਨ੍ਹਾਂ ਨਾਲ ਜੁੜੇ ਗੁਲਾਮੀ ਵਾਲੇ ਬਿੰਬਾਂ ਨੂੰ ਤੋੜਨ ਵਾਲੀਆਂ, ਉਨ੍ਹਾ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਇੱਛਾ ਆਦਿ ਵਿਸ਼ਿਆਂ ਵਾਲੀਆਂ ਕਵਿਤਾਵਾਂ ਲਿਖਣੀਆਂ ਪ੍ਰਚਲਿਤ ਸਮਾਜਿਕ-ਸਭਿਆਚਾਰਕ ਪ੍ਰਬੰਧ ਪ੍ਰਤੀ ਵਿਦਰੋਹ ਹੈ। ਜਿਥੇ ਔਰਤ ਦੀ ਸਥਿਤੀ ਦੁਜੈਲੇ ਦਰਜੇ ਵਾਲੀ ਹੈ ਉਥੇ ਇਹ ਪੂਰੇ ਪੂੰਜੀਵਾਦੀ ਪ੍ਰਬੰਧ ਪ੍ਰਤੀ ਵਿਦਰੋਹ ਵਿਚ ਔਰਤ ਦੀ ਵਿਦਰੋਹੀ ਭੂਮਿਕਾ ਦੀ ਵੀ ਨਿਸ਼ਾਨਦੇਹੀ ਹੈ।

ਨਕਸਲਬਾੜੀ ਲਹਿਰ ਨਾਲ ਸੰਬੰਧਿਤ ਹੋਣ ਕਰਕੇ ਸੰਤ ਰਾਮ ਉਦਾਸੀ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ। ਜੇਲ੍ਹ ਕੱਟਣ ਸਮੇਂ ਜੋ ਕਵਿਤਾਵਾਂ ਲਿਖੀਆਂ, ਉਹਨਾਂ ਕਵਿਤਾਵਾਂ ਦੇ ਹੇਠਾਂ ਵਿਸ਼ੇਸ਼ ਤੌਰ 'ਤੇ 'ਜੇਲ੍ਹ ਚੋਂ' ਲਿਖਿਆ ਹੋਇਆ ਹੈ। ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ 'ਬੰਦਨਾ', 'ਹਮਦਰਦ', 'ਵਿਹਲੜਾਂ ਦੀ ਈਰਖਾ', 'ਆਜ਼ਾਦੀ ਦਾ ਦਿਨ', 'ਜਦੋਂ ਵਰਖਾ ਹੁੰਦੀ ਹੈ', 'ਜਨਮ ਅਸ਼ਟਮੀ', 'ਸੁਰਖੀਆਂ', 'ਬੇਦਾਵਾ' ਆਦਿ ਪ੍ਰਮੁੱਖ ਹਨ। ਇਹਨਾਂ ਕਵਿਤਾਵਾਂ ਅੰਦਰ ਜੇਲ੍ਹ 'ਚ ਰਹਿੰਦਿਆਂ ਵੀ ਜੂਝ ਮਰਨ ਦਾ ਜਜ਼ਬਾ, ਸਟੇਟ ਨੂੰ ਟਿੱਚ ਸਮਝਣ ਦੀ ਹਿੰਮਤ ਅਤੇ ਜੀਵਨ/ਸਮਾਜ ਦੀ ਵਿਸ਼ੇਸ਼ ਪੇਸ਼ਕਾਰੀ ਹੈ। ਸੰਤ ਰਾਮ ਉਦਾਸੀ ਨਿਜ਼ਾਮ ਦੀ ਕੈਦ 'ਚ ਰਹਿੰਦਿਆਂ ਹੋਇਆਂ ਵੀ ਆਮ ਲੋਕਾਈ ਦੇ ਦਰਦ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਉਸਦੀ ਕਵਿਤਾ ਅੰਦਰ ਇਸ ਅਨੁਭਵ ਦੀਆਂ ਨਵੀਆਂ ਪਰਤਾਂ ਹਨ

ਸੱਤਾ ਪ੍ਰਤੀ ਵਿਦਰੋਹ ਵਿਦਰੋਹੀ ਲਈ ਜਾਨ ਖ਼ਤਰੇ 'ਚ ਪਾਉਣਾ ਹੁੰਦਾ ਹੈ। ਅਜਿਹਾ ਖ਼ਤਰਾ ਜੋ ਮਨਚਾਹੇ ਪ੍ਰਬੰਧ ਨੂੰ ਸਿਰਜਣ ਲਈ ਮੁੱਲ ਲੈਣਾ ਜ਼ਰੂਰੀ ਹੋ ਜਾਂਦਾ ਹੈ। ਮਨੁੱਖੀ ਸਭਿਅਤਾ ਦੇ ਅਰੰਭਲੇ ਸਮਿਆਂ ਤੋਂ ਲੈ ਕੇ ਹੁਣ ਤੱਕ ਇਸ ਦਾ ਸਭ ਤੋਂ ਵੱਡਾ ਮੁੱਲ ਜ਼ਿੰਦਗੀ ਦੇ ਕੇ ਤਾਰਨਾ ਪੈਂਦਾ ਹੈ। ਉਹ ਚਾਹੇ ਮਿਥਿਹਾਸਕ ਪਾਤਰ ਆਦਮ ਤੇ ਹਵਾ ਹੋਣ, ਵਿਚੋਂ ਸੁਕਰਾਤ ਹੋਵੇ, ਜੀਓਰਡਾਨੋ ਬਰੂਨੋ ਹੋਵੇ, ਗੁਰੂ ਅਰਜਨ ਦੇਵ, ਚਾਹੇ ਭਗਤ ਸਿੰਘ ਆਦਿ ਹੋਣ। ਉਦਾਸੀ ਇਸੇ ਸੱਚਾਈ ਨੂੰ ਬਿਆਨ ਕਰਦਿਆਂ ਲਿਖਦਾ ਹੈ:



ਮੇਰੀ ਲੋਥ ਤਾਂ ਸ਼ਾਇਦ ਤੁਹਾਨੂੰ ਨਹੀਂ ਲੱਭਣੀ
ਤੇ ਨਾ ਹੀ ਪਤਾ ਲੱਗੇਗਾ
ਮੇਰੇ ਮਰਨ ਦੀ ਤਾਰੀਖ਼ ਅਤੇ ਬਕੂਏ ਦਾ
ਨਹੀਂ ਤਾਂ ਮੈਂ ਤੁਹਾਨੂੰ
ਅੰਤਿਮ ਸੰਸਕਾਰ ਬਾਰੇ ਵੀ ਲਿਖਣਾ ਸੀ ਜ਼ਰੂਰ

(ਵਸੀਅਤ)

ਸੰਤ ਰਾਮ ਉਦਾਸੀ ਜਿਸ ਖੇਤਰ ਵਿਚ ਪੈਦਾ ਹੋਇਆ, ਉਹ ਮਾਲਵਾ ਅਜਿਹਾ ਖੇਤਰ ਸੀ ਜਿਥੇ ਸਾਹਿਤਕ ਤੌਰ 'ਤੇ ਮਲਵਈ ਗਿੱਧੇ ਦਾ ਰਿਵਾਜ਼ ਸੀ, ਕਵੀਸ਼ਰੀ ਦਾ ਰਿਵਾਜ਼ ਸੀ ਭਾਵ ਗਾਇਨ ਤੇ ਸੁਣਨ ਦੀ ਬੜੀ ਵੱਡੀ ਪਰੰਪਰਾ ਪ੍ਰਚੱਲਿਤ ਸੀ ਤੇ ਇਸੇ ਵਿਚੋਂ ਹੀ ਸੰਤ ਰਾਮ ਉਦਾਸੀ ਦੇ ਗੀਤ ਕਾਵਿ-ਰੂਪ ਦੀ ਵਰਤੋਂ ਨੂੰ ਸਮਝਿਆ ਜਾ ਸਕਦਾ ਹੈ। ਗੀਤ ਕਿਸੇ ਵੀ ਕਾਵਿ ਰੂਪ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ ਇਹ ਆਮ ਲੋਕਾਂ ਵਿਚ ਆਪਣੀ ਗੱਲ ਪਹੁੰਚਾਉਣ ਲਈ ਹੋਰ ਵੀ ਅਸਰਦਾਰ ਹੁੰਦਾ ਹੈ। ਅੱਜ ਜਦੋਂ ਸਾਹਿਤ ਦੇ ਅਕਾਦਮਿਕ ਪ੍ਰਵਾਨਿਤ ਹਲਕਿਆਂ ਵਿਚੋਂ ਗੀਤ ਇਕ ਤਰ੍ਹਾਂ ਨਾਲ ਬਾਗੀ ਹੋ ਗਿਆ ਹੈ ਜਾਂ ਛੇਕ ਦਿੱਤਾ ਗਿਆ ਹੈ, ਉਦੋਂ ਵੀ ਇਹ ਆਮ ਲੋਕਾਂ ਵਿਚ ਸਭ ਤੋਂ ਵਧੇਰੇ ਮਕਬੂਲ ਹੈ। ਭਾਵੇਂ ਇਸ ਦੀ ਮਕਬੂਲੀਅਤ ਦੇ ਪਿੱਛੇ ਮੰਡੀ ਦੁਆਰਾ ਗੀਤ ਨੂੰ ਉਧਾਲ ਲੈਣ ਦੀ ਪ੍ਰਕਿਰਿਆ ਵੀ ਹੈ। ਅੱਜ ਜਦੋਂ ਅਸੀਂ ਦੇਖਦੇ ਹਾਂ ਕਿ ਕਿਸੇ ਵੀ ਵਿਚਾਰਧਾਰਾ ਤੋਂ ਕੰਮੀਆਂ ਬਾਰੇ ਲਿਖੀ ਕੋਈ ਪੂਰੀ ਕਿਤਾਬ ਲੋਕਾਂ ਨੂੰ ਪ੍ਰਭਾਵਿਤ ਨਹੀਂ ਕਰ ਸਕੀ ਜੋ ਸੰਤ ਰਾਮ ਉਦਾਸੀ ਦਾ ਇਕੋ ਗੀਤ ਕਰ ਰਿਹਾ ਹੈ। ਇੰਟਰਨੈੱਟ ਉਪਰ ਇਸ ਗੀਤ ਨੂੰ ਲੱਖਾਂ ਲੋਕ ਸੁਣ ਰਹੇ ਹਨ। ਸੰਤ ਰਾਮ ਉਦਾਸੀ ਦੀ ਅਜਿਹੀ ਵਿਲੱਖਣਤਾ ਬਾਰੇ ਹੀ ਗੁਰਸ਼ਰਨ ਸਿੰਘ ਲਿਖਦੇ ਹਨ ਕਿ ਸੰਤ ਰਾਮ ਉਦਾਸੀ, ਪੰਜਾਬੀ ਦੀ ਇਨਕਲਾਬੀ ਸਰੋਦੀ ਕਵਿਤਾ ਦੀ ਸਿਖਰ ਦਾ ਨਾਂ ਹੈ।

ਸੰਤ ਰਾਮ ਉਦਾਸੀ ਦੀ ਕਵਿਤਾ ਦਾ ਇਕ ਵੱਡਾ ਪਹਿਲੂ ਆਪਣੇ ਵਿਰਸੇ ਖਾਸਕਰ ਸਿੱਖ ਇਤਿਹਾਸ ਦੇ ਨਾਇਕਾਂ ਨੂੰ ਕਵਿਤਾ ਰਾਹੀਂ ਨਵੇਂ ਸੰਦਰਭਾਂ ਵਿਚ ਪੇਸ਼ ਕਰਨਾ ਵੀ ਹੈ। ਜਦੋਂ ਸੱਤਾ ਦੇ ਵਿਚਾਰਧਾਰਕ ਸਾਧਨਾਂ ਦੀ ਗੱਲ ਹੁੰਦੀ ਹੈ ਤਾਂ ਇਨ੍ਹਾਂ ਵਿਚੋਂ ਸਭ ਤੋਂ ਵੱਧ ਜ਼ਿਕਰ ਧਰਮ ਦਾ ਆਉਂਦਾ ਹੈ। ਆਮ ਕਰਕੇ ਪ੍ਰਗਤੀਵਾਦੀ ਨਜ਼ਰੀਏ ਤੋਂ ਧਰਮ ਨੂੰ ਨਾਂਹਪੱਖੀ ਅਰਥਾਂ ਵਿਚ ਪਰਿਭਾਸ਼ਿਤ ਕੀਤਾ ਜਾਂਦਾ ਹੈ, ਕਿਹਾ ਜਾਂਦਾ ਹੈ ਕਿ ਧਰਮ ਹਮੇਸ਼ਾ ਸੱਤਾ ਦੇ ਹੱਕ ਵਿਚ ਭੁਗਤਦਾ ਰਿਹਾ ਹੈ। ਇਹ ਗੱਲ ਕਾਫੀ ਹੱਦ ਤਕ ਦਰੁਸਤ ਹੈ ਪਰ ਹਰ ਧਰਮ ਬਾਰੇ ਇਕੋ ਰਾਇ ਨਹੀਂ ਬਣਾਈ ਜਾ ਸਕਦੀ। ਇਥੇ ਇਹ ਵੀ ਸਪਸ਼ਟ ਕਰਨਾ ਬਣਦਾ ਹੈ ਕਿ ਮੱਧਕਾਲ ਵਿਚ ਸਾਰਾ ਚਿੰਤਨ, ਜੀਵਨ ਵਿਵਹਾਰ ਹੀ ਧਰਮ ਦੇ ਅਧੀਨ ਸੀ ਤੇ ਨਿਸ਼ਚੇ ਹੀ ਉਸ ਕਾਲ ਦੀ ਹਰ ਇਤਿਹਾਸਕ ਘਟਨਾ ਵੀ ਧਰਮ ਅਧੀਨ ਹੀ ਗਿਣੀ ਜਾਣ ਲੱਗੀ ਤੇ ਇਤਿਹਾਸ ਵੀ ਧਾਰਮਿਕ

ਸੰਸਥਾਵਾਂ ਵਿਚ ਸੰਗਠਿਤ ਹੋ ਗਿਆ। ਇਹ ਗੱਲ ਇਥੋਂ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖ ਧਰਮ ਤੇ ਸਿੱਖ ਇਤਿਹਾਸ ਕੀ ਇਕ ਹਨ ਜਾਂ ਵੱਖ-ਵੱਖ? ਇਨ੍ਹਾਂ ਵਿਚ ਵੱਖਰਤਾ ਕਰਨੀ ਬਣਦੀ ਹੈ। ਵੱਖਰਤਾ ਇਹ ਹੈ ਕਿ ਗੁਰੂ ਜੀ ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕਰਦੇ ਹਨ, ਜੇ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਲਈ ਕੁਰਬਾਨੀ ਦਿੰਦੇ ਹਨ, ਜੇ ਦਸਵੇਂ ਗੁਰੂ ਪਹਾੜੀ ਰਾਜਿਆਂ ਨਾਲ ਯੁੱਧ ਕਰਦੇ ਹਨ, ਜੇ ਬੰਦਾ ਸਿੰਘ ਬਹਾਦਰ ਮੁਗਲਾਂ ਦੇ ਜ਼ੁਲਮ ਨਾਲ ਟੱਕਰ ਲੈਂਦਾ ਹੈ, ਜੇ ਪੰਜਾਬ ਵਿਚ ਮਿਸਲਾਂ ਦਾ ਰਾਜ ਰਿਹਾ, ਜੇ ਰਣਜੀਤ ਸਿੰਘ ਦਾ ਰਾਜ ਰਿਹਾ, ਅੰਗਰੇਜ਼ਾਂ ਤੇ ਸਿੱਖਾਂ  ਯੁੱਧ ਹੋਏ ਤਾਂ ਇਹ ਧਾਰਮਿਕ ਘਟਨਾਵਾਂ ਹਨ ਜਾਂ ਇਤਿਹਾਸਕ? ਨਿਸ਼ਚੇ ਹੀ ਇਹ ਘਟਨਾਵਾਂ ਇਤਿਹਾਸਕ ਸਨ ਤੇ ਇਨ੍ਹਾਂ ਦਾ ਧਰਮ ਨਾਲ ਵੀ ਨਾਤਾ ਸੀ। ਪਦਾਰਥਵਾਦੀ ਦ੍ਰਿਸ਼ਟੀਕੋਣ ਤੋਂ ਧਰਮ ਦੇ ਵਿਚਾਰਵਾਦੀ ਖਾਸੇ ਨਾਲ ਮਤਭੇਦ ਹੋ ਸਕਦੇ ਹਨ ਪਰ ਇਸੇ ਧਰਮ ਦਾ ਇਨਕਲਾਬੀ ਸੁਭਾਅ ਕਿਸੇ ਵੀ ਇਨਕਲਾਬੀ ਧਿਰ ਲਈ ਪ੍ਰੇਰਨਾ ਸੋਤ ਬਣ ਸਕਦਾ ਹੈ ਤੇ ਬਹੁਤ ਸਾਰੇ ਜੁਝਾਰਵਾਦੀ ਕਵੀਆਂ ਨੇ ਇਸ ਨੂੰ ਆਪਣੇ ਕਾਵਿ ਵਿਚ ਬਾਖੂਬੀ ਪੇਸ਼ ਕੀਤਾ ਤੇ ਉਨ੍ਹਾਂ ਕਵੀਆਂ ਵਿਚੋਂ ਸੰਤ ਰਾਮ ਉਦਾਸੀ ਮੋਹਰੀ ਹੈ। ਉਹ ਧਰਮ ਦੇ ਇਤਿਹਾਸਕ ਇਨਕਲਾਬੀ ਸੁਭਾਅ ਅਤੇ ਨਾਇਕਾਂ ਨੂੰ ਪੇਸ਼ ਕਰਕੇ ਆਮ ਲੋਕਾਂ ਵਿਚ ਇਨਕਲਾਬ ਦਾ ਜਜ਼ਬਾ ਭਰਦਾ ਹੈ। ਮੈਂ ਉਨ੍ਹਾਂ ਵਿਦਵਾਨਾਂ ਦੀ ਇਸ ਧਾਰਨਾਂ ਨਾਲ ਸਹਿਮਤ ਹਾਂ ਜਿਹੜੇ ਕਹਿੰਦੇ ਹਨ ਕਿ ਭਾਰਤ ਵਿਚ ਧਰਮ ਨੂੰ ਨਿਰਾ-ਪੁਰਾ ਨਕਾਰ ਕੇ ਕੁਝ ਨਹੀਂ ਹੋ ਸਕਦਾ ਬਲਕਿ ਧਰਮ ਦੇ ਇਨਕਲਾਬੀ ਤੱਤ ਨੂੰ ਲੋਕ-ਚੇਤਨਾ ਦੇ ਵਿਕਾਸ ਲਈ ਵਰਤਣਾ ਚਾਹੀਦਾ ਹੈ ਕਿਉਂਕਿ ਰੂਸ ਆਦਿ ਮੁਲਕਾਂ ਵਿਚ ਧਰਮ ਦੀ ਬਿਲਕੁਲ ਵੱਖਰੀ ਸਥਿਤੀ ਹੈ ਉਥੇ ਸਥਾਨਕ ਧਰਮ ਹਾਲੇ ਮੁੱਢਲੀ ਜਾਦੂ-ਟੂਣੇ ਦੀ ਪੱਧਰ 'ਤੇ ਸੀ ਤੇ ਸੰਸਥਾਗਤ ਧਰਮ ਬਾਹਰੋਂ ਥੋਪਿਆ ਗਿਆ ਸੀ ਜਦੋਂ ਕਿ ਭਾਰਤ ਅਤੇ ਏਸ਼ੀਆਂ ਵਿਚ ਤਾਂ ਧਰਮ ਪੈਦਾ ਹੋਏ ਤੇ ਇਨ੍ਹਾਂ ਦਾ ਇਥੋਂ ਦੇ ਲੋਕਾਂ ਦੀ ਮਾਨਸਿਕਤਾ ਨਾਲ ਡੂੰਘਾ ਰਿਸ਼ਤਾ ਹੈ। ਇਸ ਗੱਲ ਨੂੰ ਪੰਜਾਬੀ ਵਿਚ ਸੰਤ ਰਾਮ ਉਦਾਸੀ ਦੀ ਕਵਿਤਾ ਵਿਚੋਂ ਸ਼ਿੱਦਤ ਨਾਲ ਦੇਖਿਆ ਜਾ ਸਕਦਾ ਹੈ। ਇਸੇ ਲਈ ਉਹ ਕਿਰਤ ਦੀ  ਗੱਲ ਕਰਦਿਆਂ ਗੁਰੂ ਨਾਨਕ ਦਾ ਜ਼ਿਕਰ ਵੀ ਕਰਦਾ ਹੈ, ਬਰਾਬਰੀ ਦੀ ਗੱਲ ਕਰਦਿਆਂ ਬੇਗਮਪੁਰੇ ਦੀ ਗੱਲ ਕਰਦਾ ਹੈ, ਜਬਰ-ਜ਼ੁਲਮ ਵਿਰੁੱਧ ਡਟਣ ਦੀ ਗੱਲ ਕਰਦਿਆਂ ਦਸਵੇਂ ਗੁਰੂ ਦਾ ਜ਼ਿਕਰ ਕਰਦਾ ਹੈ।

ਸੰਤ ਰਾਮ ਉਦਾਸੀ ਆਧੁਨਿਕ ਪੰਜਾਬੀ ਕਵਿਤਾ ਦਾ ਇਕੋ-ਇਕ ਕਵੀ ਹੈ ਜਿਸ ਨੂੰ 'ਲੋਕ ਕਵੀ' ਕਿਹਾ ਜਾਂਦਾ ਹੈ। ਲੋਕ ਕਵੀ ਉਹ ਹੁੰਦਾ ਹੈ ਜੋ ਲੋਕਾਂ ਦੀ ਗੱਲ ਲੋਕਾਂ ਦੇ ਮੁਹਾਵਰੇ 'ਚ ਕਰੇ ਤੇ ਲੋਕਾਂ ਵਿਚ ਮਕਬੂਲ ਹੋਵੇ। ਲੋਕਾਂ ਵਿਚ ਮਕਬੂਲ ਹੋਣਾ ਹੀ ਮਹੱਤਵਪੂਰਨ ਨਹੀਂ ਹੁੰਦਾ। ਲੋਕਾਂ ਦੀ ਚੇਤਨਾ ਨੂੰ ਟੁੰਬ ਕੇ ਉਨ੍ਹਾਂ ਦੀ ਚੇਤਨਾ ਦਾ ਵਿਕਾਸ ਕਰਨਾ ਬਹੁਤ ਮਹੱਤਵਪੂਰਨ ਹੁੰਦਾ ਹੈ। ਸੰਤ ਰਾਮ ਉਦਾਸੀ ਜੇ 'ਲੋਕ ਕਵੀ' ਬਣ ਸਕਿਆ ਤਾਂ ਇਹ ਉਸਦੀ ਕਵਿਤਾ ਦੀ ਲੋਕਾਂ ਨਾਲ ਜੁੜੇ ਹੋਣ ਦਾ ਸਬੂਤ ਹੈ।



ਇਸ ਦਾ ਸਬੂਤ ਉਸ ਦੇ ਲੋਕ-ਗੀਤਾਂ ਵਾਂਗ ਲੋਕਾਂ ਵਿਚ ਗਾਏ ਜਾਣ ਵਾਲੇ ਬਹੁਤ ਸਾਰੇ ਗੀਤ ਹਨ। ਇਸ ਤਰ੍ਹਾਂ ਲੋਕ ਮਾਨਸਿਕਤਾ ਦਾ ਅੰਗ ਬਣ ਸਕਣਾ ਬਹੁਤ ਔਖਾ ਹੁੰਦਾ ਹੈ ਕਿਉਂਕਿ ਸੱਤਾ ਲੋਕ ਮਨਾਂ ਨੂੰ ਆਪਣੇ ਕਬਜ਼ੇ ਵਿਚ ਕਰਨ ਲਈ ਹਰ ਹੀਲਾ ਵਰਤਦੀ ਰਹਿੰਦੀ ਹੈ ਤੇ ਨਾਬਰ ਇਨ੍ਹਾਂ ਹੀਲਿਆਂ ਨੂੰ ਤੋੜਦੇ ਰਹਿੰਦੇ ਨੇ। ਇਤਿਹਾਸ ਵਿਚ ਇਹ ਬਹੁਤ ਘੱਟ ਵਾਪਰਦਾ ਹੈ ਕਿ ਕੋਈ ਵਿਅਕਤੀ ਲੋਕ ਮਨਾਂ 'ਚ ਵਸ ਜਾਵੇ ਜਾਂ ਕਿਸੇ ਵਿਅਕਤੀ ਦੀ ਰਚਨਾ ਨੂੰ ਲੋਕ ਆਪਣੇ ਮਨਾਂ ਵਿਚ ਵਸਾ ਲੈਣ। ਸਾਡੇ ਇਤਿਹਾਸ ਵਿਚ ਵਿਅਕਤੀਆਂ ਵਿਚੋਂ ਸ਼ਹੀਦ ਭਗਤ ਸਿੰਘ ਹੈ ਜਿਹੜੇ ਜਿਉਂਦੇ ਜੀਅ ਹੀ ਲੋਕ-ਗੀਤਾਂ ਦੇ ਨਾਇਕ ਬਣ ਗਏ ਸਨ ਤੇ ਆਧੁਨਿਕ ਕਵੀਆਂ ਵਿਚੋਂ ਸੰਤ ਰਾਮ ਉਦਾਸੀ ਹੈ ਜਿਸ ਦੀ ਰਚਨਾ ਲੋਕ-ਗੀਤਾਂ ਵਾਂਗ ਪ੍ਰਵਾਨ ਚੜ੍ਹੀ ਹੈ। ਜਦੋਂ ਰਸੂਲ ਹਮਜ਼ਾਤੋਵ ਇਹ ਕਹਿੰਦਾ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ ਦੁਆ ਇਹ ਹੈ ਕਿ 'ਤੇਰੀ ਉਮਰ ਲੋਕ ਗੀਤ ਜਿੰਨੀ ਲੰਮੀ ਹੋਵੇ' ਤਾਂ ਨਿਸ਼ਚੇ ਹੀ ਸਾਹਿਤ ਜਾਂ ਕਵੀ ਦੀ ਸਭ ਤੋਂ ਵੱਡੀ ਪ੍ਰਾਪਤੀ ਵੀ ਇਹੀ ਹੈ ਕਿ ਉਹ ਲੋਕ ਉਸ ਨੂੰ 'ਲੋਕ ਕਵੀ' ਬਣਾ ਲੈਣ ਤੇ ਇਹ ਸਮਰੱਥਾ ਸੰਤ ਰਾਮ ਉਦਾਸੀ ਵਿਚ ਸੀ...

**ਹਵਾਲੇ ਤੇ ਟਿੱਪਣੀਆਂ**

1. ਵਿਸਥਾਰ ਲਈ ਵੇਖੋ ਡਾ. ਗੁਰਇਕਬਾਲ ਸਿੰਘ ਨਕਸਲੀ ਪੰਜਾਬੀ ਕਵਿਤਾ (ਆਲੋਚਨਾਤਮਕ ਅਧਿਐਨ) ਚੇਤਨਾ ਪ੍ਰਕਾਸ਼ਨ ਲੁਧਿਆਣਾ 1999 ਪੰਨਾ12.
2. ਵਿਸਥਾਰ ਲਈ ਵੇਖੋ ਬਲਬੀਰ ਪਰਵਾਨਾ ਪੰਜਾਬ ਦੀ ਨਕਸਲਬਾੜੀ ਲਹਿਰ, ਤਰਕਭਾਰਤੀ ਪ੍ਰਕਾਸ਼ਨ ਬਰਨਾਲਾ 2006 (ਦੂਜੀ ਵਾਰ) ਪੰਨਾ 7-8.
3. ਉਹੀ ਪੰਨਾ 8.
4. ਉਹੀ.
5. ਉਹੀ ਪੰਨਾ 16.
6. ਗੁਰਇਕਬਾਲ ਸਿੰਘ, ਉਹੀ, ਪੰਨਾ-20.
7. ਰਾਜਿੰਦਰ ਰਾਹੀ (ਸੰਪਾ.), "ਸੰਪਾਦਕੀ", ਸੰਤ ਰਾਮ ਉਦਾਸੀ (ਜੀਵਨ ਅਤੇ ਸਮੁੱਚੀ ਰਚਨਾ), ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮਈ 2000, ਪੰਨਾ-7
8. ਉਹੀ, ਇਕ ਜੀਵਨ ਇਕ ਜੱਦੋ ਜਹਿਦ , ਪੰਨਾ- 26
9. ਇਕਬਾਲ ਕੌਰ ਉਦਾਸੀ, "ਇਕ ਦ੍ਰਿੜ ਘੁਲਾਟੀਆ ਸੀ ਮੇਰਾ ਪਾਪਾ" ਸੰਤ ਰਾਮ ਉਦਾਸੀ (ਜੀਵਨ ਅਤੇ ਸਮੁੱਚੀ ਰਚਨਾ), ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮਈ 2000, ਪੰਨਾ-34-35
10. ਉਹੀ

•

## ਇਨਕਲਾਬੀ ਸ਼ਾਇਰੀ ਦਾ ਥੰਮ

**-ਡਾ. ਲਕਸ਼ਮੀ ਨਰਾਇਣ ਭੀਖੀ**

ਸੰਤ ਰਾਮ ਉਦਾਸੀ ਸੁਰੀਲਾ ਤੇ ਜੋਸ਼ੀਲਾ ਗਾਇਕ ਸੀ। ਉਸ ਨੇ ਸ਼ੋਸ਼ਿਤ ਲੋਕਾਂ ਲਈ ਇਨਕਲਾਬੀ ਗੀਤ ਲਿਖੇ ਅਤੇ ਲੋਕ ਸੱਥਾਂ, ਜਨਤਕ ਕਾਫ਼ਲਿਆਂ, ਇਨਕਲਾਬੀ ਕਾਨਫ਼ਰੰਸਾਂ, ਧਾਰਮਿਕ ਅਤੇ ਸਿਆਸੀ ਸਟੇਜਾਂ 'ਤੇ ਜਾ ਕੇ ਇਨਕਲਾਬੀ ਗੀਤ ਗਾਏ। ਭਾਵੇਂ ਸੰਤ ਰਾਮ ਉਦਾਸੀ ਨੇ ਵਿਚਕਾਰਲੇ ਤੇ ਆਖ਼ਰੀ ਸਮਿਆਂ 'ਚ ਵਧੇਰੇ ਕਰਕੇ ਇਨਕਲਾਬੀ ਗੀਤ ਹੀ ਗਾਏ ਸਨ। ਲੇਕਿਨ ਉਦਾਸੀ ਨੇ ਸਿਰਜਣਾ ਦੇ ਮੁੱਢਲੇ ਕਾਲ 'ਚ ਧਾਰਮਿਕ ਸ਼ਖ਼ਸ਼ੀਅਤਾਂ ਦੇ ਪ੍ਰਭਾਵ ਅਧੀਨ ਗੀਤ ਲਿਖੇ, ਜਿਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਦਾਸੀ ਨੇ ਮੁੱਢਲੇ ਸਮੇਂ 'ਚ ਧਾਰਮਿਕ ਪ੍ਰਭਾਵ ਨੂੰ ਕਬੂਲਿਆ। ਉਹ ਧਰਮ ਦੇ ਇਨਕਲਾਬੀ ਵਿਰਸੇ ਨੂੰ ਆਪਣੇ ਗੀਤਾਂ 'ਚ ਪੇਸ਼ ਕਰਦਾ ਹੈ, ਇਨ੍ਹਾਂ ਗੀਤਾਂ 'ਚ ਵੀ ਉਸ ਦੀ ਮਾਰਮਿਕ ਵਿਲੱਖਣਤਾ ਝਲਕਦੀ ਹੈ, ਕਿ ਉਹ ਨਾ ਤਾਂ ਧਰਮ ਪ੍ਰਤੀ ਕੱਟੜ ਹੈ, ਨਾ ਹੀ ਅਥਾਹ ਸ਼ਰਧਾਵਾਨ। ਉਹ ਲੋਕਾਂ ਨੂੰ ਧਰਮ ਦੀਆਂ ਇਨਕਲਾਬੀ ਕਾਰਗੁਜ਼ਾਰੀਆਂ ਪ੍ਰਤੀ ਚੇਤਨ ਕਰਦਾ ਹੈ, ਉਹ ਗੀਤਾਂ ਦੀ ਸਿਰਜਣਾ ਇਸ ਲਈ ਵੀ ਨਹੀਂ ਕਰਦਾ ਕਿ ਉਸ ਨੂੰ ਇਕੱਲੇ ਨੂੰ ਹੀ ਸ਼ਾਂਤੀ ਤੇ ਆਨੰਦ ਮਿਲੇ ਤੇ ਉਸ ਨੂੰ ਹੀ ਧਾਰਮਿਕ ਰਹਿਮਤਾਂ ਮਿਲਣ, ਰੱਬ ਦੀਆਂ ਉਸੇ 'ਤੇ ਹੀ ਬਖ਼ਸ਼ਿਸ਼ਾਂ ਹੋਣ। ਉਹ ਤਾਂ ਆਪਣੇ ਗੀਤ ਦੀ ਸਿਰਜਣਾ ਰਾਹੀਂ ਸਮੂਹ ਲੋਕਾਂ ਦਾ ਭਲਾ ਤੇ ਮੁਕਤੀ ਚਾਹੁੰਦਾ ਹੈ। ਧਾਰਮਿਕ ਪ੍ਰਭਾਵ ਕਬੂਲਦਿਆਂ ਹੋਇਆਂ ਉਹ ਧਾਰਮਿਕ ਤੇ ਇਨਕਲਾਬੀ ਖੇਤਰ ਦੀਆਂ ਮਹਾਨ ਸ਼ਖ਼ਸ਼ੀਅਤਾਂ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ। ਉਦਾਸੀ ਆਪਣੇ ਬਹੁਤੇ ਗੀਤਾਂ ਵਿਚ, ਸਤਿਗੁਰੂ ਪ੍ਰਤਾਪ ਸਿੰਘ, ਸਤਿਗੁਰੂ ਰਾਮ ਸਿੰਘ, ਗੁਰੂ ਅਰਜਨ ਦੇਵ, ਗੁਰੂ ਨਾਨਕ, ਭਾਈ ਦਿਆਲਾ, ਜ਼ੋਰਾਵਰ ਤੇ ਫਤਿਹ ਸਿੰਘ, ਮਾਤਾ ਗੁਜਰੀ, ਭਾਈ ਜੈਤਾ, ਭਾਈ ਘਨੱਈਆ, ਗੁਰੂ ਰਵੀਦਾਸ ਅਤੇ ਬੰਦਾ ਸਿੰਘ ਬਹਾਦਰ ਤੋਂ ਸਿਰਜਣਾਤਮਕ ਅਤੇ ਸੰਘਰਸ਼ਯੁਕਤ ਪ੍ਰੇਰਨਾ ਲੈਂਦਾ ਹੈ। ਆਪਣੀ ਧਾਰਮਿਕ ਪ੍ਰਭਾਵ ਵਾਲੀ ਰਚਨਾ ਵਿਚ ਵੀ, ਉਹ ਗੁਰੂ ਗੋਬਿੰਦ ਸਿੰਘ ਦੀ ਮਹਾਨ ਸ਼ਖ਼ਸ਼ੀਅਤ ਦਾ ਸਭ ਤੋਂ ਵਧੇਰੇ ਹੀ ਪ੍ਰਭਾਵ ਕਬੂਲਦਾ ਹੈ। ਸੰਤ ਰਾਮ ਉਦਾਸੀ ਨੇ 1959-1960 'ਚ ਨਾਮਧਾਰੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਗੀਤ ਲਿਖੇ, ਉਹ ਗੀਤ ਸਤਿਗੁਰੂ ਪ੍ਰਤਾਪ ਸਿੰਘ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਨੂੰ ਸਮਰਪਿਤ ਹਨ। ਜਿਵੇਂ ਕਿ ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਉਦਾਸੀ ਧਰਮ ਦੀ ਇਨਕਲਾਬੀ



ਵਿਰਾਸਤ ਦਾ ਕਦਰਦਾਨ ਤਾਂ ਹੈ ਪਰ ਅੰਨ੍ਹਾ ਸ਼ਰਧਾਵਾਨ ਨਹੀਂ ਹੈ। ਉਹ ਧਰਮ ਦੇ ਪੈਰੋਕਾਰਾਂ ਦੀਆਂ ਵਿਤਕਰੇਬਾਜ਼ੀਆਂ ਤੇ ਭੇਦ-ਭਾਵ ਨੂੰ ਉਜਾਗਰ ਕਰਦਾ ਹੈ। ਮਰਦਾਨੇ ਨੂੰ ਮਰਦਾਨਣ ਦਾ ਖ਼ਤ ਉਸ ਦੀ ਇਨਕਲਾਬੀ ਸੋਚ ਤੇ ਮੁਲਾਂਕਣੀ ਦ੍ਰਿਸ਼ਟੀ ਦਾ ਸਿੱਟਾ ਹੈ। ਉਦਾਸੀ ਵਿਤਕਰੇ ਵਾਲੇ ਧਾਰਮਿਕ ਅਮਲ ਨੂੰ ਆਮ ਜਨਤਾ ਅਤੇ ਧਾਰਮਿਕ ਸੰਗਤ ਅੱਗੇ ਲਿਆਉਂਦਾ ਹੈ, ਤਾਂ ਕਿ ਧਰਮ ਦੇ ਝੰਡਾ ਬਰਦਾਰਾਂ ਦਾ ਖਾਸਾ ਨੰਗਾ ਹੋ ਸਕੇ।

*ਇਹ ਹੈ ਵੱਡਿਆਂ ਦਾ ਯੁੱਗ, ਤੇਰੀ ਸਕਣੀ ਨਾ ਪੁੱਗ*
*ਨਾਉਂ ਲੈਣਾ ਨਹੀਂ ਸ਼ਤਾਬਦੀ 'ਚ ਤੇਰਾ ਵੇ* (ਪੰਨਾ-149)

*ਮਜ਼ਹਬੀ ਕਾਂਗ ਹੈ ਹੜ੍ਹਾਂ ਦੇ ਵਾਂਗ ਆਈ,*
*ਸੱਚੇ ਧਰਮ ਨੂੰ ਜੀਹਨੇ ਰੋੜ੍ਹ ਦਿੱਤਾ,*
*ਮੁਸਲਿਮ ਹਿੰਦੂ ਦੀ ਪਿਆਰ-ਗੱਲਵਕੜੀ ਨੂੰ*
*ਸਾਮਰਾਜ ਨੇ ਫੁੱਟ ਪਾ ਤੋੜ ਦਿੱਤਾ* (ਪੰਨਾ-150)

ਅਜੋਕੀ ਧਾਰਮਿਕ ਅਮਲਦਾਰੀ ਤੋਂ ਉਦਾਸੀ ਨਿਰਾਸ਼ ਨਹੀਂ ਹੁੰਦਾ ਨਾ ਹੀ ਇਨਕਲਾਬੀ ਵਿਰਾਸਤ ਨੂੰ ਛੱਡਦਾ ਹੈ, ਉਹ ਇਨਕਲਾਬੀ ਲੋਕਾਂ ਦੇ ਨਾਲ-ਨਾਲ ਧਾਰਮਿਕ ਲੋਕਾਂ ਨੂੰ ਨਾਲ ਜੋੜ ਕੇ ਇਕ ਹੱਕੀ ਮੋਰਚਾ ਉਸਾਰਨਾ ਚਾਹੁੰਦਾ ਹੈ, ਉਸ ਨੂੰ ਇਨਕਲਾਬੀ ਲੋਕਾਂ ਅਤੇ ਹਕੂਮਤ ਦੀ ਤਾਕਤ ਦਾ ਅਹਿਸਾਸ ਹੈ ਕਿ:

*ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ*
*ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ*
*ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ*
*ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ* (ਪੰਨਾ-172)

ਉਦਾਸੀ ਦੇ ਗੀਤਾਂ 'ਚ ਦੂਰ ਦ੍ਰਿਸ਼ਟੀ ਤੇ ਦਿੱਬ-ਦ੍ਰਿਸ਼ਟੀ ਨਜ਼ਰ ਆਉਂਦੀ ਹੈ। ਉਹ ਫ਼ਿਰਕੂਵਾਦ, ਤੰਗਨਜ਼ਰੀ, ਤੁਆਸਬੀ ਸੋਚ ਦਾ ਵਿਰੋਧ ਕਰਦਾ ਹੈ, ਉਸ ਦੇ ਗੀਤਾਂ 'ਚ ਸਰਬਸਾਂਝੀਵਾਲਤਾ ਦਾ ਸੰਕਲਪ, ਸਮਾਜਵਾਦ ਦਾ ਸੁਪਨਾ ਅਤੇ ਬੇਗਮਪੁਰਾ ਦਾ ਆਦਰਸ਼ ਨਜ਼ਰ ਆਉਂਦਾ ਹੈ, ਉਹ ਤਿੰਨੇ ਫ਼ਿਲਾਸਫ਼ੀਆਂ 'ਚ ਕੋਈ ਵੱਡਾ ਵਖਰੇਵਾਂ ਨਹੀਂ ਮੰਨਦਾ, ਤਿੰਨੋਂ ਫ਼ਿਲਾਸਫ਼ੀਆਂ ਆਮ ਲੋਕਾਂ ਦੀ ਮੁਕਤੀ ਲਈ ਹਨ, ਜੋ ਕਿਸੇ ਵੀ ਤਰੀਕੇ ਨਾਲ ਲੋਕਾਂ ਨੂੰ ਪਾੜਦੇ ਹਨ। ਉਦਾਸੀ ਜਨੂੰਨੀਆਂ ਦਾ ਵਿਰੋਧ ਕਰਦਾ ਹੈ ਅਤੇ ਮਜ਼ਬੀ ਜਨੂੰਨੀਆਂ ਨੂੰ ਵੰਗਾਰਦਾ ਹੈ। 'ਭਗਤ ਰਵੀਦਾਸ' ਨੂੰ ਸਮਰਪਿਤ ਗੀਤ 'ਚ ਅਜਿਹੀ ਪ੍ਰਤੱਖਤਾ ਦਾ ਪ੍ਰਮਾਣ ਮਿਲ ਜਾਂਦਾ ਹੈ:

*ਕਿਰਤੀ ਇਕ ਜਮਾਤ ਹੈ ਜਾਤ ਨਹੀਓਂ,*
*ਜਾਤੀ ਭੇਦ ਹੈ ਹੇਜ ਜਨੂੰਨੀਆਂ ਦਾ।*
*ਕੁੰਨਾਂ ਵਿਚ ਘੁਚੱਲ ਕੇ ਸਾਫ਼ ਕੀਤਾ,*
*ਕਾਲ੍ਹਾ ਚਿੱਤ ਤੂੰ ਮਜ਼੍ਹਬੀ ਕਾਨੂੰਨੀਆਂ ਦਾ।* *(ਪੰਨਾ-257)*

ਸੰਤ ਰਾਮ ਉਦਾਸੀ ਆਪਣੇ ਗੀਤਾਂ 'ਚ ਜਿੱਥੇ ਇਨਕਲਾਬੀ ਵਿਰਸੇ ਨੂੰ ਪੇਸ਼ ਕਰਦਾ ਹੈ ਉੱਥੇ ਮਹਾਨ ਇਨਕਲਾਬੀਆਂ ਅਤੇ ਸਮਾਜਵਾਦੀ ਸੋਚ ਦੇ ਸਿਧਾਂਤਕਾਰਾਂ ਅਤੇ ਪੈਰੋਕਾਰਾਂ ਨੂੰ ਰਚਨਾ ਵਿਚ ਦ੍ਰਿਸ਼ਟੀਗੋਚਰ ਕਰਦਾ ਹੈ। ਉਸ ਨੇ ਸ਼ਹੀਦ ਬਾਬਾ ਬੂਝਾ ਸਿੰਘ, ਲੈਨਿਨ, ਮਾਓ ਜ਼ੇ ਤੁੰਗ, ਊਧਮ ਸਿੰਘ, ਜਗਮੋਹਣ ਜੋਸ਼ੀ ਆਦਿ ਨੂੰ ਸਮਰਪਿਤ ਗੀਤ ਲਿਖੇ ਹਨ। ਉਦਾਸੀ ਆਪਣੇ ਗੀਤਾਂ 'ਚ ਸਮਾਜਵਾਦੀ ਵਿਵਸਥਾ ਅਤੇ ਪੂੰਜੀਵਾਦੀ ਵਿਵਸਥਾ ਦੇ ਵਖਰੇਵੇਂ ਸਪੱਸ਼ਟ ਤੌਰ 'ਤੇ ਪੇਸ਼ ਕਰਦਾ ਹੈ। ਇਸ ਤਰ੍ਹਾਂ ਸੰਤ ਰਾਮ ਉਦਾਸੀ ਸਮਾਜਵਾਦੀ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਸਹਿਜੇ ਹੀ ਕਰ ਜਾਂਦਾ ਹੈ ਤੇ ਲੈਨਿਨ ਨੂੰ ਸਮਰਪਿਤ ਗੀਤ 'ਚ ਉਹ ਸਾਮਰਾਜੀ ਨੀਤੀਆਂ ਦਾ ਵਿਰੋਧ ਵੀ ਕਰਦਾ ਹੈ:

*ਤੇਰੇ ਪਿੰਡ ਵਿਚ ਭੁੱਖੀ ਮਰਦੀ ਨਾ ਵੇਖੀ ਵੇ ਮੈਂ*
*ਕਿਸੇ ਬੱਚੜੂ ਦੀ ਅੰਨ੍ਹੀ ਮਾਂ!*
*ਮੇਰੇ ਪਿੰਡ ਵਿਚ ਕੋਈ ਕਾਮਿਆਂ ਦੇ ਪਿੰਡਿਆਂ ਤੋਂ*
*ਆਰਾਂ ਦਾ ਵੀ ਲਹੂ ਪੂੰਝੇ ਨਾ।* *(ਪੰਨਾ-114)*

ਲੋਕਾਂ ਦੀ ਗੱਲ ਨੂੰ ਲੋਕ ਭਾਸ਼ਾ 'ਚ ਕਹਿਣ ਲਈ ਉਦਾਸੀ ਨੇ ਸਿਰਫ਼ ਬੋਲੀਆਂ, ਕਲੀਆਂ, ਗੀਤ, ਗ਼ਜ਼ਲਾਂ, ਕਵਿਤਾਵਾਂ ਤੇ ਰੁਬਾਈਆਂ ਲਿਖੀਆਂ ਹੀ ਨਹੀਂ ਬਲਕਿ ਆਮ ਲੋਕਾਂ ਤੇ ਕਿਰਤੀਆਂ ਦੇ ਵਿਚ ਜਾ ਕੇ ਗਾਈਆਂ। ਉਸ ਨੇ ਕਾਮਾ ਸ਼੍ਰੇਣੀ ਦੇ ਦਰਦ ਨੂੰ ਸਿਰਫ਼ ਲਿਖਿਆ ਹੀ ਨਹੀਂ ਬਲਕਿ ਹੱਡੀਂ ਵੀ ਹੰਢਾਇਆ। ਉਦਾਸੀ ਨੇ ਕਾਮਾ ਸ਼੍ਰੇਣੀ ਦੇ ਉਨ੍ਹਾਂ ਦੁਖਿਆਰੇ ਪਾਤਰਾਂ ਨੂੰ ਪੇਸ਼ ਕੀਤਾ ਜਿਨ੍ਹਾਂ ਨੂੰ ਅਜੇ ਤੀਕ ਸਾਹਿਤ ਵਿਚ ਪੇਸ਼ ਨਹੀਂ ਸੀ ਕੀਤਾ ਗਿਆ। ਇਸ ਤਰ੍ਹਾਂ ਉਦਾਸੀ ਨੇ ਕਾਮਾ ਸ਼੍ਰੇਣੀ ਦੇ ਵੱਖ-ਵੱਖ ਪਾਤਰਾਂ ਨੂੰ ਬਰੀਕਵੀਨੀ ਨਾਲ ਪੇਸ਼ ਕੀਤਾ ਹੈ, ਉਸ ਸ਼੍ਰੇਣੀ ਕੋਲ ਅਜੇ ਤੀਕ ਨਾ ਤਾਂ ਸਰਬੱਤ ਦਾ ਭਲਾ ਚਾਹੁੰਣ ਵਾਲੇ ਪਹੁੰਚੇ ਹਨ, ਨਾ ਸਮਾਜਵਾਦੀ ਵਿਚਾਰਧਾਰਾ ਵਾਲੇ, ਨਾ ਹੀ ਬੇਗ਼ਮਪੁਰਾ ਦੀ ਸੋਚ ਵਾਲੇ। ਉਦਾਸੀ ਨੇ ਅਜਿਹੇ ਗੀਤਾਂ 'ਚ ਚਿੱਠੀਆਂ ਵੰਡਣ ਵਾਲੇ ਡਾਕੀਏ, ਖੂਹ ਹੱਕਣ ਵਾਲੇ, ਹਾਲੀਆਂ, ਪਾਲੀਆਂ, ਦੁਨੀਆਂ ਭਰ ਦੇ ਕਾਮਿਆਂ ਦੀ ਵੇਦਨਾ ਪੇਸ਼ ਕੀਤੀ ਹੈ। ਉਦਾਸੀ ਨੇ ਅਜਿਹੇ ਗੀਤ 'ਚ ਕਾਮਿਆਂ ਨੂੰ ਆਤਮ ਚਿੰਤਨ ਕਰਨ ਲਈ ਪ੍ਰੇਰਿਆ ਹੈ, ਆਪਣਾ ਮੂਲ ਪਛਾਣਨ ਲਈ ਕਿਹਾ ਹੈ। ਜਿਸ ਦੇ ਸਿੱਟੇ ਵਜੋਂ ਮਜ਼ਦੂਰ ਆਪਣੀ ਗੁਆਚੀ ਪਛਾਣ ਬਣਾਉਣ ਵੱਲ ਵਧਿਆ ਹੈ।



*ਮੇਰੀ ਕਿਰਤ ਨੂੰ ਲੁੱਟਣ ਵਾਲੜਿਓ, ਕਿਉਂ ਪੀਵੋ ਰੱਤ ਬਹਾਰਾਂ ਦੀ।*
*ਇਹ ਧਰਤੀ ਹੈ ਮਜ਼ਦੂਰਾਂ ਦੀ,*
*ਇਹ ਨਹੀਂ ਸਰਮਾਏਦਾਰਾਂ ਦੀ* *(ਪੰਨਾ-125)*

ਕੰਮੀਆਂ ਦੇ ਵਿਹੜੇ ਦੀ ਦਸ਼ਾ ਨੂੰ ਉਦਾਸੀ ਨੇ ਆਤਮ ਗਹਿਰਾਈਆਂ ਨਾਲ ਪ੍ਰਸਤੁਤ ਕੀਤਾ ਹੈ। ਇਹ ਉਸ ਦੇ ਗੀਤਾਂ ਦੀ ਪੁਖ਼ਤਗੀ ਹੀ ਹੈ ਕਿ ਉਸ ਦੇ ਗੀਤ ਆਮ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਹਨ। ਉਸ ਨੇ ਕਿਰਤੀਆਂ ਦੇ ਹੋ ਰਹੇ ਸ਼ੋਸ਼ਣ ਨੂੰ, ਉਨ੍ਹਾਂ ਦੇ ਦਮਿਤ ਆਵੇਗਾਂ ਨੂੰ ਇਤਿਹਾਸਕ ਅਤੇ ਸਮਾਜਿਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਉਸ ਦੇ ਗੀਤਾਂ ਦਾ ਚਿਤਰਣ ਸਰੋਤਿਆਂ ਨੂੰ ਹਲੂਣ ਦਿੰਦਾ ਹੈ। ਉਹ ਕਿਸਾਨੀ ਅਤੇ ਕੰਮੀਆਂ ਦੀ ਸਾਂਝ ਅਤੇ ਆਰਥਿਕ ਸਮਾਜਿਕ ਸਥਿਤੀ ਨੂੰ ਪੇਸ਼ ਕਰਦਾ ਹੈ:

*ਗਲ਼ ਲੱਗ ਕੇ ਸੀਰੀ ਦੇ ਜੱਟ ਰੋਵੇ*
*ਬੋਹਲਾਂ ਵਿਚੋਂ ਨੀਰ ਵਗਿਆ।*
*ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ*
*ਤੂੜੀ ਵਿਚੋਂ ਪੁੱਤ ਜੱਗਿਆ।* *(ਪੰਨਾ-174)*

*ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ*
*ਤੂੰ ਮੱਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ* *(ਪੰਨਾ-215)*

ਸੰਤ ਰਾਮ ਉਦਾਸੀ ਨੇ ਔਰਤ ਦੀ ਵੇਦਨਾ ਨੂੰ ਆਪਣੇ ਗੀਤਾਂ ਦਾ ਵਿਸ਼ਾ ਵਸਤੂ ਬਣਾਇਆ ਹੈ। ਔਰਤਾਂ, ਸਮਾਜ 'ਚ, ਖੇਤਾਂ 'ਚ, ਕਾਰਖ਼ਾਨਿਆਂ 'ਚ ਸਭ ਥਾਂ 'ਤੇ ਪੀੜਤ ਹਨ, ਉਸ ਦੇ ਅਰਮਾਨਾਂ ਨਾਲ ਥਾਂ-ਥਾਂ ਖਿਲਵਾੜ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਨੇ ਔਰਤ ਦੀ ਸਿਰਜਣਾਤਮਿਕ ਸ਼ਕਤੀ ਨੂੰ ਕਬੂਲਿਆ ਨਹੀਂ ਹੋਇਆ। ਪੂੰਜੀਵਾਦੀ ਰਿਸ਼ਤਿਆਂ ਦੀ ਆਮਦ ਨੇ ਔਰਤ ਨੂੰ ਵਸਤ ਅਤੇ ਖਪਤ ਬਣਾ ਕੇ ਰੱਖਿਆ ਹੋਇਆ ਹੈ। ਜਦੋਂ ਕਿ ਜਗੀਰਦਾਰੀ ਯੁੱਗ 'ਚ ਔਰਤ ਨੂੰ ਜੰਮਣ ਤੋਂ ਲੈ ਕੇ ਮਰਨ ਤੀਕ ਹੀ ਦਬਾ ਕੇ ਰੱਖਿਆ ਜਾਂਦਾ ਸੀ। ਸੰਤ ਰਾਮ ਉਦਾਸੀ ਦੇ ਗੀਤ, ਜਗੀਰੂ ਯੁੱਗ ਦੀਆਂ ਪਰੰਪਰਾਵਾਂ ਅਤੇ ਪੂੰਜੀਵਾਦੀ ਯੁੱਗ ਦੀਆਂ ਮਾਨਤਾਵਾਂ ਨੂੰ ਰੱਦ ਕਰਦੇ ਹੋਏ ਨਵੀਂ ਕਿਸਮ ਦੇ ਚੈਲੰਜ ਕਰਦੇ ਹਨ। ਉਸ ਦੇ ਗੀਤ ਸਮਾਜਿਕ ਪ੍ਰਬੰਧ ਨੂੰ ਲਲਕਾਰਨ ਤੇ ਵੰਗਾਰਨ ਵਾਲੇ ਹਨ, ਗੀਤਾਂ ਨੂੰ ਪੜ੍ਹ ਕੇ ਅਤੇ ਸੁਣ ਕੇ ਜੋਸ਼ ਪੈਦਾ ਹੁੰਦਾ ਹੈ, ਮਨ ਅੰਦਰੋਂ ਕਈ ਤਰ੍ਹਾਂ ਦੇ ਭਰਮ ਖ਼ਤਮ ਹੁੰਦੇ ਹਨ ਅਤੇ ਗ਼ੁਲਾਮ ਮਾਨਸਿਕਤਾ ਦੀਆਂ ਜੰਜ਼ੀਰਾਂ ਟੁੱਟਦੀਆਂ ਹਨ:

*ਛੇੜ ਕਗੇ ਭਰਿੰਡ ਰੰਗੀਆਂ,*
*ਕਿੱਥੇ ਜਾਏਗਾ ਬੂਬਨਿਆਂ ਸਾਧਾ* *(ਪੰਨਾ-102)*

*ਪੁੱਤ ਬਣ ਕੇ ਕਮਾਊਂ ਘਰ ਤੇਰੇ*
*ਚਿੱਤ ਨਾ ਭੁਲਾਈਂ ਬਾਬਲਾ*
*ਮੇਰੇ ਬੰਦਿਆਂ ਤੋਂ ਵੱਧ ਦੇਖੀ ਜੇਰੇ*
*ਚਿੱਤ ਨਾ ਭੁਲਾਈਂ ਬਾਬਲਾ* (ਪੰਨਾ-103)

*ਚਿੱਟੇ ਚੰਮ ਵਿਚ ਭਾਵੇਂ ਕਾਲਖ਼ਾਂ ਲਕੋਈ ਰੱਖੋ*
*ਹਰ ਕੋਈ ਉਹਨੂੰ ਹੈ ਪਿਆਰਦਾ।*
*ਕਿਉਂ ਜੋ ਸਰਮਾਏਦਾਰੀ ਦੌਰ ਵਿਚ ਜੋੜ ਗੂਹੜਾ*
*ਪੈਸਿਆਂ ਦਾ ਰੂਪ ਤੇ ਸ਼ਿੰਗਾਰਦਾ।* (ਪੰਨਾ-115)

ਭਾਰਤੀ ਸਮਾਜ ’ਚ ਭਾਵੇਂ ਔਰਤਾਂ ਦਲਿਤ ਤੇ ਦਮਿਤ ਤਾਂ ਹਨ, ਪਰ ਜਮਾਤੀ ਚੇਤਨਤਾ ਸਦਕਾ ਉਹ ਪਾਖੰਡਵਾਦ ਅਤੇ ਪ੍ਰਚੱਲਿਤ ਧਾਰਾਵਾਂ ਤੋਂ ਉਲਟ ਵੀ ਹਨ, ਉਹ ਜਮਾਤੀ ਸਮਾਜ ਦੇ ਹਰ ਵਰਤਾਰੇ ਨੂੰ ਜਾਣਦੀਆਂ ਪਛਾਣਦੀਆਂ ਹਨ। ਇਸ ਦੇ ਨਾਲ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦੀ ਵੀ ਪਛਾਣ ਹੈ। ਕਾਲੀ ਕੁੜੀ ਦਾ ਗੀਤ ਇਸ ਦੀ ਮਿਸਾਲ ਆਖੀ ਜਾ ਸਕਦੀ ਹੈ। ਕੈਦੀ ਦੀ ਪਤਨੀ ਦਾ ਗੀਤ, ਮਜ਼ਦੂਰ ਕੁੜੀ ਦੀ ਪਹਿਲੀ ਰਾਤ, ਅੰਮੜੀ ਨੂੰ ਤਰਲਾ, ਵੀਅਤਕਾਂਗੀ ਕੁੜੀ ਦਾ ਪਿਆਰ, ਮਰਦਾਨਣ ਦਾ ਖ਼ਤ, ਡੋਲੀ, ਮਾਂ ਵਰਗੀ ਭਰਜਾਈ, ਭਿਖਾਰਨ, ਬਸਰੇ ਦੀ ਲਾਮ ਟੁੱਟ ਜੇ ਅਤੇ ਚੂੜੀਆਂ ਦਾ ਹੋਕਾ, ਪੱਕਾ ਘਰ ਟੋਲੀਂ ਬਾਬਲਾ ਆਦਿ ਗੀਤ ਔਰਤ ਵਰਗ ਅੰਦਰ ਨਵੀਂ ਚੇਤਨਾ ਨੂੰ ਜਨਮ ਦੇਣ ਵਾਲੇ ਹਨ: ਇਨ੍ਹਾਂ ਗੀਤਾਂ ’ਚ ਔਰਤਾਂ ਨੂੰ ਦਾਰਸ਼ਨਿਕ ਚੇਤਨਾ ਵੀ ਮਿਲਦੀ ਹੈ:

*ਪਿੰਡਾ ਕਿਸੇ ਚੋਗੀ ਦਾ ਨੀ ਨਰਮੇ ਦੇ ਫੁੱਟ ਜਿਹਾ*
*ਖਿੜ ਕੇ ਵੀ ਰੌਂਦਿਆਂ ਰਵੇ* (ਪੰਨਾ-118)

*ਹੱਸ ਹੱਸ ਕੇ ਤੋਰ ਦੇ ਤੂੰ ਡੋਲੀ ਮੇਰੀ ਬਾਬਲਾ ਵੇ,*
*ਕਿਹੜੀ ਗੱਲੋਂ ਰਿਹਾ ਏ ਤੂੰ ਝੂਰ*
*ਧਰਤੀ ਤਿਹਾਈ ਜਿਉਂ ਪਸੀਨਾ ਮੰਗੇ ਕਾਮਿਆਂ ਦਾ,*
*ਮਾਂਗ ਮੇਰੀ ਮੰਗਦੀ ਸੰਧੂਰ* (ਪੰਨਾ-158)

*ਸਾਡੀ ਬੀਹੀ ਵਿਚ ਚੂੜੀਆਂ ਦਾ ਹੋਕਾ*
*ਦੇਵੀਂ ਨਾ ਵੀਰਾ ਵਣਜਾਰਿਆ*
*ਸਾਡੇ ਪਿੰਡਾਂ ’ਚ ਤਾਂ ਸਾਉਣ ’ਚ ਵੀ ਸੋਕਾ* (ਪੰਨਾ-170)

*ਨੀ ਮੈਂ ਰੰਡੀਓਂ ਸੁਹਾਗਣ ਹੋਵਾਂ*
*ਜੇ ਬਸਰੇ ਦੀ ਲਾਮ ਟੁੱਟ ਜੇ*



*ਤੇਲ ਕੌਲ਼ਿਆਂ ਤੇ ਜੋਬਨੇ ਦਾ ਚੋਵਾਂ*
*ਜੇ ਬਸਰੇ ਦੀ ਲਾਮ ਟੁੱਟ ਜੇ* (ਪੰਨਾ-225)

*ਪੱਕਾ ਘਰ ਟੋਲੀਂ ਬਾਬਲਾ, ਕਿਤੇ ਲਿਪਣੇ ਨਾ ਪੈਣ ਵੇ ਬਨੇਰੇ,*
*ਉਂ ਤਾਂ ਵੱਸ ਵੀ ਨਹੀਂ ਵੀ ਕੁਝ ਤੇਰੇ*
*ਪੱਕਾ ਘਰ ਟੋਲੀਂ ਬਾਬਲਾ* (ਪੰਨਾ-265)

ਉਦਾਸੀ ਦੇ ਗੀਤਾਂ ’ਚ ਦੇਸ਼ ਦੇ ਲੋਕਾਂ ਲਈ ਅਥਾਹ ਪਿਆਰ ਹੈ। ਦੇਸ਼ ਦੇ ਲੋਕਾਂ ਨੂੰ ਆਜ਼ਾਦ ਕਰਾਉਣ ਦਾ ਸੁਪਨਾ ਹੈ, 1947 ’ਚ ਆਈ ਅੱਧੀ ਅਧੂਰੀ ਆਜ਼ਾਦੀ ਖ਼ਿਲਾਫ਼ ਵਿਦਰੋਹ ਹੈ। ਉਦਾਸੀ ਦੇ ਗੀਤਾਂ ’ਚ ਭਾਰਤ ਦੇ ਲੋਕਾਂ ਲਈ ਆਜ਼ਾਦੀ ਦੀ ਸੱਚੀ ਸੁੱਚੀ ਤੜਪ ਦੇਖੀ ਜਾ ਸਕਦੀ ਹੈ। ਗੀਤਕਾਰ ਗ਼ੁਲਾਮੀ ਦੀਆਂ ਜੰਜ਼ੀਰਾਂ ਤੋੜਨਾ ਚਾਹੁੰਦਾ ਹੈ, ਉਸ ਨੂੰ ਭਾਰਤ ਦੀ ਅਮੀਰ ਵਿਰਾਸਤ ਦਾ ਪਤਾ ਹੋਣ ਕਰਕੇ ਵਰਤਮਾਨ ਲੋਟੂਆਂ ਦੀ ਮਨੋਦਸ਼ਾ ਦਾ ਵੀ ਪਤਾ ਹੈ ਕਿ ਭਾਰਤ ਸੋਨ ਚਿੜੀ ਸੀ ਤੇ ਇੱਥੇ ਦੁੱਧਾਂ ਦੇ ਦਰਿਆ ਵਗਦੇ ਸਨ। ਲੇਖਕ ਦਾ ਦੇਸ਼ ਪ੍ਰਤੀ ਅਤੇ ਲੋਕਾਂ ਪ੍ਰਤੀ ਜਜ਼ਬਾ ਨਿਮਨਲਿਖਤ ਗੀਤ ’ਚ ਦੇਖਿਆ ਜਾ ਸਕਦਾ ਹੈ। ਜਿੱਥੇ ਦੇਸ਼ ਦੇ ਹਾਕਮਾਂ ਨੇ ਦੇਸ਼ ਨੂੰ ਤਰੱਕੀ ਦੀ ਥਾਂ ਰਸਾਤਲ ਵੱਲ ਧੱਕ ਦਿੱਤਾ ਹੈ।

*ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ*
*ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ*
*ਅਸੀਂ ਤੋੜ ਦੇਣੀ, ਲਹੂ ਪੀਣੀ ਜੋਕ ਹਾਣੀਆ* (ਪੰਨਾ-111)

*ਹਰ ਥਾਂ ਖ਼ੂਨੋ ਖ਼ੂਨ ਹੈ ਧਰਤੀ*
*ਹਰ ਥਾਂ ਕਬਰਾਂ ਦੀ ਚੁੱਪ ਵਰਤੀ*
*ਅਮਨ ਕਿੱਥੇ ਮੈਂ ਦਫ਼ਨ ਕਰੂੰਗਾ*
*ਮੈਂ ਹੁਣ ਕਿਸ ਨੂੰ ਵਤਨ ਕਹੂਗਾ* (ਪੰਨਾ-220)

ਉਦਾਸੀ ਦੇ ਗੀਤਾਂ ’ਚ ਪ੍ਰਕਿਰਤਕ ਚਿਤਰਣ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸ ਦੇ ਗੀਤਾਂ ’ਚ ਫ਼ਸਲਾਂ ਦਾ ਵਾਰ-ਵਾਰ ਜ਼ਿਕਰ ਆਇਆ ਹੈ। ਪੰਛੀ ਲਈ ਨਵੀਆਂ ਉਡਾਰੀਆਂ ਮਾਰਨ ਦੀ ਨਸੀਹਤ ਵੀ ਹੈ, ਇਹ ਨਵੀਆਂ ਉਡਾਰੀਆਂ ਲੰਮੀਆਂ ਵੀ ਹਨ। ਅਜਿਹੇ ਗੀਤਾਂ ਰਾਹੀਂ ਸੰਤ ਰਾਮ ਉਦਾਸੀ ਇਹ ਸੱਦਾ ਦੇਣਾ ਚਾਹੁੰਦਾ ਹੈ ਕਿ ਜਮਾਤੀ ਯੁੱਧ ਲੰਮਾ ਵੀ ਹੈ ਤੇ ਲਮਕਵਾਂ ਵੀ ਹੈ। ਮਿੱਟੀ ਦਾ ਰੰਗ, ਨਵੇਂ ਅਹਿਦਨਾਮੇ ਭਾਵ ਕਿਰਨਾਂ ਦਾ ਜਨਮ, ਖ਼ੈਰ-ਸੁੱਖ, ਜਦੋਂ ਵਰਖਾ ਹੁੰਦੀ ਹੈ, ਵਿਦੇਸ਼ੀ ਹਵਾਵਾਂ ਦੇ ਨਾਂ ਅਤੇ ਹਰਿਮੰਦਰ ਦੀ ਨੀਂਹ ਆਦਿ ਕਵਿਤਾਵਾਂ ’ਚ ਸਮਾਜਿਕਤਾ, ਪ੍ਰਕਿਰਤੀ ਅਤੇ ਧਾਰਮਿਕਤਾ ਆਦਿ ਦੀ

ਲਿਸ਼ਕ ਮਿਲਦੀ ਹੈ। 'ਖ਼ੈਰ-ਸੁੱਖ' ਕਵਿਤਾ ਪੜ੍ਹਦਿਆਂ ਸੰਸਕ੍ਰਿਤ ਦੀ ਪ੍ਰਸਿੱਧ ਰਚਨਾ 'ਮੇਘਦੂਤ' ਦੀ ਯਾਦ ਆਉਂਦੀ ਹੈ:

*ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ*
*ਖ਼ੈਰ-ਸੁੱਖ ਦਾ ਸੁਨੇਹੜਾ ਲਿਆ।*
*ਉਸ ਮਾਂ ਦਾ ਬਣਿਆ ਨੀ,*
*'ਆਦਰਾਂ ਦੀ ਅੱਗ' ਜੀਹਦੀ ਗਈ ਕਸਤੂਰੀਆ ਖਿੰਡਾ?*

*(ਪੰਨਾ-241)*

ਸੰਤ ਰਾਮ ਉਦਾਸੀ ਦੇ ਗੀਤ ਬਗ਼ਾਵਤ ਦੇ ਗੀਤ ਹਨ, ਜੋ ਲਗਾਤਾਰ ਹਾਕਮਾਂ ਨੂੰ ਚੈਲੰਜ ਕਰਦੇ ਹਨ ਕਿ ਲੋਕ ਹੁਣ ਤੁਹਾਡੇ ਬੰਧਨ 'ਚ ਨਹੀਂ ਰਹਿਣਗੇ। ਹੁਣ ਤੀਕ ਮਨੁੱਖ ਤਿੰਨ ਤਰੀਕਿਆਂ ਨਾਲ ਬੰਦੀ ਅਤੇ ਕੈਦ ਹੁੰਦਾ ਆਇਆ ਹੈ ਕਿਉਂਕਿ ਕਿਰਤ ਕਰਨ ਵਾਲੇ ਮਨੁੱਖ ਦੀ ਸਮਾਜ ਵਿਚ ਹਾਸ਼ੀਆਗ੍ਰਸਤ ਸਥਿਤੀ ਹੈ, ਇਸ ਦੀ ਨਿਗੂਣੀ ਹੋਂਦ ਕਾਰਨ ਹੀ, ਕਾਬਜ਼ ਤੇ ਵੱਡਾ ਤਬਕਾ ਉਸ ਨੂੰ ਦਬਾਉਂਦਾ, ਸਤਾਉਂਦਾ ਤੇ ਲਤਾੜਦਾ ਰਹਿੰਦਾ ਹੈ। ਕਿਰਤੀ ਵਰਗ ਦੀ ਸਮਾਜਿਕ ਪੱਖੋਂ ਦਲਿਤਾਂ ਵਾਲੀ ਸਥਿਤੀ ਰਹੀ ਹੈ। ਦੂਜਾ ਉਹ ਚਾਹੁੰਦਿਆਂ ਹੋਇਆਂ ਵੀ ਕੁਝ ਬੋਲ ਨਹੀਂ ਸਕਦੇ, ਕੁਝ ਕਹਿ ਨਹੀਂ ਸਕਦੇ, ਉਹ ਮਾਨਸਿਕ ਤੌਰ 'ਤੇ ਆਪਣੀਆਂ ਭਾਵਨਾਵਾਂ, ਵੇਗ, ਜਜ਼ਬਾਤਾਂ ਨੂੰ ਦਬਾ ਕੇ ਰੱਖਦੇ ਹਨ। ਉਨ੍ਹਾਂ ਦੇ ਬਹੁਤ ਸਾਰੇ ਵੇਗ ਦਮਿਤ ਹੀ ਰਹਿ ਜਾਂਦੇ ਹਨ, ਤੀਜਾ ਜੇਕਰ ਉਹ ਕਿਸੇ ਸਥਿਤੀ 'ਚ ਆ ਕੇ ਬੋਲਦੇ ਹਨ ਤਾਂ ਉਨ੍ਹਾਂ ਨੂੰ ਜੰਜ਼ੀਰਾਂ 'ਚ ਜਕੜਿਆ ਜਾਂਦਾ ਹੈ, ਕੈਦੀ ਬਣਾਇਆ ਜਾਂਦਾ ਹੈ, ਹਵਾਲਾਤਾਂ 'ਚ ਰੱਖਿਆ ਜਾਂਦਾ ਹੈ। ਬੋਲਣ ਦੀ ਆਜ਼ਾਦੀ ਨੂੰ ਮਾਨਣ ਸਦਕਾ ਉਦਾਸੀ ਨੂੰ ਵੀ ਜੇਲ੍ਹਾਂ 'ਚ ਜਾਣਾ ਪਿਆ। ਲੇਕਿਨ ਉਸ ਨੇ ਆਪਣੀ ਆਵਾਜ਼ ਨੂੰ ਹੋਰ ਵੀ ਬੁਲੰਦ ਕੀਤਾ। 1.1.1975 ਤੋਂ ਲੈ ਕੇ 5.8.1976 ਤੀਕ ਉਹ ਪਟਿਆਲਾ, ਬਰਨਾਲਾ, ਅੰਮ੍ਰਿਤਸਰ, ਮੋਗਾ, ਸੰਗਰੂਰ ਦੀ ਜੇਲ੍ਹ ਅਤੇ ਹਵਾਲਾਤ 'ਚ ਰਹਿ ਕੇ ਵੀ ਇਨਕਲਾਬੀ ਗੀਤ ਲਿਖੇ ਹਨ। ਵੱਖ-ਵੱਖ ਜੇਲ੍ਹਾਂ ਅੰਦਰ ਵੀ ਉਦਾਸੀ ਨੇ, ਬੰਦਨਾ, ਬੇਦਾਵਾ, ਹਮਦਰਦ, ਵਿਹਲੜਾਂ ਤੇ ਈਰਖਾ, ਜਨਮ ਅਸ਼ਟਮੀ, ਸ਼ੁਗਲ, ਅਸੀਂ ਤਰਸ ਨਹੀਂ ਕਰਨਾ, ਐਮਰਜੈਂਸੀ ਹਵਾਲਾਤੀ, ਜਦੋਂ ਵਰਖਾ ਹੁੰਦੀ ਹੈ, ਮਹਿਮਾਨ ਵਰ੍ਹੇ ਦੇ ਨਾਂ, ਸਭ ਅੱਛਾ, ਜਿਹਲ ਵਿਚ ਦੁਸਹਿਰਾ, ਕਿਵੇਂ ਸ਼ੁਰੂ ਕਰਾਂ, ਸੁਰਖ਼ੀਆਂ, ਆਜ਼ਾਦੀ ਦਾ ਦਿਨ ਅਤੇ ਵਸੀਅਤ, ਕਵਿਤਾ ਤੇ ਗੀਤ ਜੇਲ੍ਹਾਂ ਅਤੇ ਹਵਾਲਾਤ 'ਚੋਂ ਲਿਖੇ ਹਨ। ਉਹ ਚੁੱਪ ਅਤੇ ਖ਼ਾਮੋਸ਼ ਰਹਿਣ ਵਾਲਾ ਗੀਤਕਾਰ ਤੇ ਗਾਇਕ ਨਹੀਂ ਹੈ। ਉਦਾਸੀ ਦੀ ਕਵਿਤਾ ਅੱਜ ਵੀ ਸਮਾਜਵਾਦ ਦੇ ਧਾਰਨੀ ਲੋਕਾਂ, ਬੇਗ਼ਮਪੁਰੇ ਦੇ ਮੁਰੀਦਾਂ ਅਤੇ ਸਰਬਸਾਂਝੀਵਾਲਤਾ ਦੇ ਪੈਰੋਕਾਰਾਂ ਨੂੰ ਲਲਕਾਰਦੀ ਹੈ, ਕਿਉਂਕਿ ਦਲਿਤਾਂ ਦੀ ਮੁਕਤੀ ਦਾ ਹੋਕਾ ਦੇ ਕੇ ਵੀ ਉਕਤ



ਪੈਰੋਕਾਰ ਦਲਿਤਾਂ ਤੀਕ ਨਹੀਂ ਪਹੁੰਚੇ। ਇਸ ਨਾਲ ਹੀ ਉਦਾਸੀ ਲੋਕ ਮੁਕਤੀ ਦੀ ਸਦਾ ਬਹਾਰ ਆਜ਼ਾਦੀ ਲਈ ਸੋਚ ਬਚਾਉਣ ਦਾ ਹੋਕਾ ਦਿੰਦਾ ਹੈ, ਸਮਾਜਵਾਦ ਦੇ ਧਾਰਨੀ ਲੋਕਾਂ ਨੂੰ ਵੰਗਾਰਦਾ ਹੈ। ਉਦਾਸੀ ਦੀ ਸੱਚੀ ਸੁੱਚੀ ਸੋਚ ਨੂੰ ਵਿਸ਼ਵ ਤਕ ਪਹੁੰਚਾਉਣ ਦੀ ਲੋੜ ਹੈ:

*ਮੇਰੀ ਮੌਤ 'ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।*
*ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ।*

ਉਦਾਸੀ ਸਬੰਧੀ ਇਹ ਆਖਿਆ ਜਾ ਸਕਦਾ ਹੈ, ਕਿ ਉਹ ਸਿੱਖ ਫ਼ਿਲਾਸਫ਼ੀ ਦੀ ਇਨਕਲਾਬੀ ਵਿਚਾਰਧਾਰਾ ਦਾ ਸਮਰਥਕ ਹੈ, ਉਹ ਵਿਦਰੋਹੀ ਤੇ ਇਨਕਲਾਬੀ ਲੇਖਕ ਤੇ ਗਾਇਕ ਹੈ। ਉਹ ਨਕਸਲਵਾਦੀ ਦੀ ਵਿਚਾਰਧਾਰਾ ਨਾਲ ਪ੍ਰਤੀਬੱਧ ਰਿਹਾ ਹੈ। ਉਦਾਸੀ ਨੇ ਸਭਿਆਚਾਰਕ ਫਰੰਟ ਨੂੰ ਇਨਕਲਾਬੀ ਗੀਤਾਂ ਰਾਹੀਂ ਮਜ਼ਬੂਤ ਕੀਤਾ ਹੈ। ਉਸ ਨੇ ਭਾਵੇਂ ਦਲਿਤਾਂ ਲਈ ਤਾਂ ਲਿਖਿਆ, ਪਰ ਜਾਤ ਅਧਾਰਿਤ ਨਹੀਂ, ਜਮਾਤੀ ਦ੍ਰਿਸ਼ਟੀਕੋਣ ਰਾਹੀਂ ਲਿਖਿਆ। ਇਨਕਲਾਬੀ ਲਹਿਰ ਮਜ਼ਬੂਤ ਨਾ ਹੋਣ ਕਰਕੇ, ਉਹ ਮਾਯੂਸ ਵੀ ਹੋਇਆ, ਪਰ ਉਸ ਨੇ ਇਨਕਲਾਬ ਦਾ ਸੁਪਨਾ ਨਹੀਂ ਵਿਸਾਰਿਆ। ਇਹੋ ਕਾਰਨ ਹੈ, ਕਿ ਉਸ ਦੇ ਗੀਤ ਜੀਵਨ ਵਿਚਲੀ ਜੱਦੋਜਹਿਦ ਨਾਲ ਸਬੰਧਿਤ ਹਨ। ਉਦਾਸੀ ਦਾ ਬਿੰਬ ਗੀਤਾਂ ਦੇ ਅਧਿਐਨ ਤੋਂ ਬਾਅਦ ਇਕ ਦ੍ਰਿੜ੍ਹ ਘੁਲਾਟੀਏ ਵਾਲਾ ਉਭਰਦਾ ਹੈ। ਉਹ ਅਕਹਿ ਤਸ਼ੱਦਦ ਦੇ ਬਾਵਜੂਦ ਡੋਲਿਆ ਨਹੀਂ। ਉਦਾਸੀ ਨੇ ਜਿੱਥੇ ਅਸ਼ਲੀਲ ਗਾਇਕੀ ਨੂੰ ਭਾਂਜ ਦਿੱਤੀ, ਉਥੇ ਸਾਜ਼ਾਂ ਅਤੇ ਸਾਜ਼ਿੰਦਿਆਂ ਤੋਂ ਬਿਨਾਂ ਹੀ ਗਾਇਕੀ ਨੂੰ ਨਵੀਂ ਦਿਸ਼ਾ ਦਿੱਤੀ। ਇਕ ਨਵਾਂ ਅੰਦਾਜ਼ ਅਤੇ ਸ਼ੈਲੀ ਦਾ ਮੁੱਢ ਬੰਨ੍ਹਿਆ। ਜਿਵੇਂ ਗੁਰਸ਼ਰਨ ਸਿੰਘ ਨੇ ਨਾਟਕਾਂ ਦੇ ਖੇਤਰ 'ਚ ਨਵੇਂ ਨਾਟਕਕਾਰ, ਨਾਟ ਮੰਡਲੀਆਂ ਨੂੰ ਜਨਮ ਦਿੱਤਾ, ਜਿਵੇਂ ਪਾਸ਼ ਨੇ ਪੰਜਾਬੀ ਕਵਿਤਾ 'ਚ ਇਕ ਨਵਾਂ ਟਰੈਂਡ ਸੈੱਟ ਕੀਤਾ, ਉਵੇਂ ਹੀ ਉਦਾਸੀ ਨੇ ਵੀ ਇਨਕਲਾਬੀ ਗਾਇਕੀ ਦੇ ਖੇਤਰ 'ਚ ਇਕ ਵਿਲੱਖਣ ਕਿਸਮ ਦਾ ਮੁੱਢ ਬੰਨ੍ਹਿਆ। ਜਿਸ ਸਦਕਾ ਇਨਕਲਾਬੀ ਖੇਤਰ 'ਚ ਨਵੇਂ ਗੀਤਕਾਰਾਂ ਅਤੇ ਇਨਕਲਾਬੀ ਗਾਇਕਾਂ ਦਾ ਕਾਫ਼ਲਾ ਅੱਗੇ ਤੁਰ ਰਿਹਾ ਹੈ। ਉਦਾਸੀ ਨੂੰ ਮਾਓ ਜ਼ੇ ਤੁੰਗ ਦੇ ਸਭਿਆਚਾਰਕ ਇਨਕਲਾਬ ਦਾ ਝੰਡਾ ਚੁੱਕਣ ਵਾਲਿਆਂ 'ਚੋਂ ਮੋਹਰੀ ਆਖਿਆ ਜਾ ਸਕਦਾ ਹੈ। ਜਦੋਂ ਵੀ ਉਦਾਸੀ ਦੇ ਗੀਤਾਂ ਦਾ ਭਰਵਾਂ ਮੁਲਾਂਕਣ ਹੋਇਆ, ਤਾਂ ਉਸ ਦਾ ਸਰੋਦੀ ਕਾਵਿ ਜਗਤ ਵਿਚ ਵੀ ਸਰਵੋਤਮ ਸਥਾਨ ਹੋਵੇਗਾ। ਉਦਾਸੀ ਦੀ ਸੁਰੀਲੀ ਤੇ ਜੋਸ਼ੀਲੀ ਆਵਾਜ਼ ਨੂੰ, ਉਸ ਦੇ ਭਾਵਪੂਰਤ ਅੰਦਾਜ਼ ਨੂੰ ਕਿਰਤੀ ਸ਼੍ਰੇਣੀਆਂ ਹਮੇਸ਼ਾ ਯਾਦ ਰੱਖਣਗੀਆਂ। ਸੰਤ ਰਾਮ ਉਦਾਸੀ ਪੰਜਾਬ ਦੀ ਇਨਕਲਾਬੀ ਗਾਇਕੀ ਤੇ ਗੀਤਕਾਰੀ ਦਾ ਥੰਮ ਹੈ।

•

## ਸੰਤ ਰਾਮ ਉਦਾਸੀ ਦੀ ਯਾਦ ਵਿਚ

*-ਪ੍ਰੋ. ਹਰਭਜਨ ਸਿੰਘ*

ਅਸੀਂ ਮਾਰਕਸ ਦੀ ਹਰ ਜਿਲਦ ਇੰਝ ਖੋਲ੍ਹੀ
ਜਿਵੇਂ ਚਾਨਣ ਵਾਸਤੇ
ਘਰਾਂ ਦੇ ਬੂਹੇ ਖੋਲ੍ਹਦੇ ਹਾਂ।

ਬਿਨਾਂ ਪੜ੍ਹਿਆਂ ਅਸੀਂ ਦੱਸ ਸਕਦੇ ਸੀ
ਕਿ ਕਿਹਦੇ ਨਾਲ ਤੁਰਨਾ ਹੈ
ਤੇ ਕਿਹੜੀ ਧਿਰ ਵਲੋਂ ਲੜਨਾ ਹੈ।

ਸਾਡਾ ਵਿਰੋਧ-ਵਿਕਾਸ
'ਹੀਗਲ' ਦੀ ਚਲਾਕੀ 'ਚੋਂ ਨਹੀਂ ਜਨਮਿਆਂ
ਇਹ ਲੜਾਈ ਦੇ ਸ਼ੋਰ 'ਚੋਂ
ਸਾਡੀ ਕਵਿਤਾ ਵਿਚ ਆ ਖੁੱਭਿਆ ਹੈ।
ਜਦੋਂ ਸਾਡੀਆਂ ਬੰਦੂਕਾਂ ਨੇ
ਅਫ਼ਸਰਾਂ ਨੂੰ ਭਜਾ ਛੱਡਿਆ ਸੀ
ਜਿਵੇਂ ਕਦੇ ਅਸੀਂ ਉਨ੍ਹਾਂ ਦੀਆਂ ਬੰਦੂਕਾਂ
ਮੋਹਰੇ ਭੱਜਦੇ ਸੀ।

-ਮਾਇਆਕੋਵਸਕੀ

ਮਰਹੂਮ ਕਵੀ ਸੰਤ ਰਾਮ ਉਦਾਸੀ ਲੋਕ-ਪੱਖੀ ਗੀਤਕਾਰ ਸੀ। ਉਸਦੇ ਗੀਤ ਲੁੱਟਿਆਂ ਪੁੱਟਿਆਂ ਦੇ ਦਿਲ ਦੀ ਹੇਕ ਸਨ ਤੇ ਉਹ ਖੁਦ ਵੀ ਲੁੱਟਿਆਂ-ਪੁੱਟਿਆਂ ਵਿਚੋਂ ਸੀ। ਉਸਦੀ ਸਮੁੱਚੀ ਸ਼ਾਇਰੀ ਨੇ ਖ਼ਾਸ ਕਰਕੇ ਗੀਤਾਂ ਨੇ ਲੋਕ- ਜਨਵਾਦੀ ਸਭਿਆਚਾਰ ਤੇ ਕਦਰਾਂ-ਕੀਮਤਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿਚ ਇਕ ਅਹਿਮ ਭੂਮਿਕਾ ਅਦਾ ਕੀਤੀ, ਜਿਹੜੀ ਆਪਣੇ ਆਪ ਵਿਚ ਵਿਲੱਖਣ ਵੀ ਹੈ ਤੇ ਕਈ ਮਾਮਲਿਆਂ ਵਿਚ ਸਰਬਉੱਤਮ ਵੀ। ਇਸੇ ਕਰਕੇ ਸੰਤ ਰਾਮ ਉਦਾਸੀ ਪੰਜਾਬ ਦੇ ਲੋਕਾਂ ਦੇ ਦਿਲਾਂ ਵਿਚ ਆਦਰ-ਸਤਿਕਾਰ ਦਾ ਉਹ ਰੁਤਬਾ ਰੱਖਦਾ ਹੈ ਜਿਹੜਾ ਉਸ ਨੂੰ ਵੀ ਅਮਰ ਬਣਾਉਂਦਾ ਹੈ ਤੇ ਉਸਦੇ ਗੀਤਾਂ ਨੂੰ ਵੀ। ਉਸਦੇ ਗੀਤਾਂ ਦੇ ਬੋਲ ਤੇ ਉਸਦੀ ਦਰਦ-ਵਿੰਨ੍ਹੀ ਲੰਬੀ ਉੱਚੀ ਸੁਰੀਲੀ ਹੇਕ ਲੋਕਾਂ ਦੇ ਦਿਲਾਂ ਦੀਆਂ ਧੁਰ ਅੰਦਰਲੀਆਂ ਪਰਤਾਂ ਤੱਕ ਵਸੇ ਹੋਏ



ਹਨ। ਇਸ ਦਾ ਮੂਲ ਕਾਰਨ, ਉਸਦੀ ਸ਼ਾਇਰੀ ਅੰਦਰਲਾ ਉਹ ਇਨਕਲਾਬੀ ਪੱਖ ਹੈ ਜਿਹੜਾ ਹੱਕ-ਸੱਚ ਲਈ ਲੜਨ ਦਾ ਉੱਚੀ-ਉੱਚੀ ਹੋਕਾ ਦਿੰਦਾ ਹੈ। ਸੰਤ ਰਾਮ ਉਦਾਸੀ ਸਥਾਪਤ ਕਦਰਾਂ-ਕੀਮਤਾਂ ਦੇ ਉਨ੍ਹਾਂ ਪਹਿਲੂਆਂ ਨੂੰ ਨਕਾਰਦਾ ਹੈ ਜਿਹੜੇ ਲੋਕ-ਵਿਰੋਧੀ ਹਨ। ਜਿਨ੍ਹਾਂ ਦਾ ਖਾਸਾ ਸਾਮੰਤੀ, ਪੂੰਜੀਵਾਦੀ ਤੇ ਸਾਮਰਾਜੀ ਹੈ। ਉਸਦੀ ਕਵਿਤਾ ਦਾ ਨਿਸ਼ਾਨਾ ਇਹੀ ਦੁਸ਼ਮਣ ਤਾਕਤਾਂ ਹਨ ਅਤੇ ਉਹ ਆਪਣੀ ਦੁਸ਼ਮਣੀ ਨੂੰ ਛੁਪਾਉਂਦਾ ਨਹੀਂ ਹੈ, ਨਾ ਉਹ ਆਪਣੀ ਦੋਸਤੀ ਨੂੰ ਛੁਪਾਉਂਦਾ ਹੈ। ਆਪਣੇ ਦੋਸਤਾਂ ਅੰਦਰ ਦੋਸਤੀ ਨੂੰ ਹੋਰ ਪੱਕਿਆਂ ਕਰਨ ਲਈ ਹੀ ਉਹ ਇਹ ਹੇਕ ਕੱਢਦਾ ਹੈ :-

ਜੱਟ ਲੱਗ ਕੇ ਸੀਰੀ ਦੇ ਗਲ ਰੋਵੇ
ਬੋਹਲਾਂ ਵਿਚੋਂ ਨੀਰ ਵੱਗਿਆ।

ਉਹ ਆਪਣੀ ਦੁਸ਼ਮਣੀ ਦਾ ਐਲਾਨ ਹੋਰ ਵੀ ਉੱਚੀ ਸੁਰ ਵਿਚ ਇੰਜ ਕਰਦਾ ਹੈ:-

ਜੋ ਤੇਰੀ ਦਸਤਾਰ ਨੂੰ ਪੈਂਦੇ ਤੋੜ ਦੇਈਂ ਉਹ ਗੁੱਟ ਵੇ
ਤੂੰ ਖੰਡੇ ਦੀ ਧਾਰ ਦੇ ਵਿਚੋਂ ਲਿਸ਼ਕ ਵਾਂਗਰਾਂ ਫੁੱਟ ਵੇ।

ਇੰਨੀ ਹੀ ਉੱਚੀ ਆਵਾਜ਼ ਵਿਚ ਉਹ ਇਹ ਵੀ ਕਹਿੰਦਾ ਹੈ :-

- ਜਾਂ ਤਾਂ ਅਸੀਂ ਹੀ ਰਹਾਂਗੇ ਦੇਸ਼ ਅੰਦਰ
  ਜਾਂ ਫਿਰ ਰਹੇਗੀ ਇੱਥੇ ਸਰਮਾਏਦਾਰੀ।

- ਲਾਲ ਕਿਲੇ ਵਿਚ ਲਹੂ ਲੋਕਾਂ ਦਾ ਜੋ ਕੈਦ ਹੈ
  ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੀਦ ਹੈ

- ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦੁਰਾਂ ਦੇ
  ਤੇਰੇ ਮਹਿਲੀਂ ਵੜੇ ਕਿ ਵੜੇ।

ਸੰਤ ਰਾਮ ਉਦਾਸੀ ਵਰਗ-ਚੇਤਨਾਂ ਦਾ ਕਵੀ ਸੀ। ਉਹ ਵਰਗ ਸੰਘਰਸ਼ ਦੀ ਜਿੱਤ ਪ੍ਰਤੀ ਆਸਵੰਦ ਹੀ ਨਹੀਂ, ਇਸ ਨੂੰ ਇਕ ਹਕੀਕਤ ਵੀ ਮੰਨਦਾ ਸੀ। ਉਸ ਨੇ ਲੁੱਟੇ ਪੁੱਟੇ ਜਾਂਦੇ ਹਰ ਵਰਗ ਦੇ ਹੱਕ ਵਿਚ ਆਪਣੀ ਆਵਾਜ਼ ਉੱਚੀ ਕਰਨ ਦੀ ਕੋਸ਼ਿਸ਼ ਕੀਤੀ।

ਮਜ਼ਦੂਰ, ਕਿਸਾਨ, ਦਲਿਤ, ਔਰਤਾਂ, ਬੱਚੇ... ਸਾਡੇ ਸਮਾਜ ਦੇ ਉਹ ਵਰਗ ਹਨ ਜਾਂ ਸਮਾਜ ਦੇ ਉਹ ਹਿੱਸੇ ਹਨ ਜਿਹੜੇ ਸਭ ਤੋਂ ਵੱਧ ਲੁੱਟੇ ਪੁੱਟੇ ਜਾਂਦੇ ਹਨ। ਇਨ੍ਹਾਂ

ਬਾਰੇ ਉਦਾਸੀ ਦੀ ਕਵਿਤਾ ਤੇ ਗੀਤ ਇਕ ਹੋਕਾ ਦਿੰਦੇ ਹੋਏ, ਇਕ ਸੰਦੇਸ਼ ਦਿੰਦੇ ਹੋਏ, ਉਹਨਾਂ ਨੂੰ ਜ਼ੁਲਮ ਵਿਰੁੱਧ ਲਾਮਬੰਦ ਹੋ ਕੇ ਲੜਨ ਲਈ ਪ੍ਰੇਰਦੇ ਹਨ।

ਸੰਤ ਰਾਮ ਉਦਾਸੀ ਦੁਨੀਆਂ ਭਰ ਦੇ ਮਿਹਨਤਕਸ਼ਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦਾ ਹੈ। ਉਸ ਦੇ ਲਈ ਮਨੁੱਖਤਾ ਦੀ ਖਾਤਿਰ, ਜ਼ਿੰਦਗੀ ਦੀ ਬੇਹਤਰੀ ਲਈ ਚਲਣ ਵਾਲੀ ਹਰ ਜੰਗ ਜਾਇਜ਼ ਹੈ ਤੇ ਉਸਦਾ ਸਮਰਥਨ ਕਰਦਾ ਹੈ ਪਰ ਲੁਟੇਰੇ ਵਰਗਾਂ ਦੀ ਲੁੱਟ-ਖਸੁੱਟ ਨੂੰ ਜਾਰੀ ਰੱਖਣ ਲਈ ਕੀਤੀ ਜਾ ਰਹੀ ਹਰ ਕੋਸ਼ਿਸ਼, ਹਰ ਚਾਲ, ਹਰ ਸਾਜਿਸ਼, ਹਰ ਹਥਕੰਡੇ ਦਾ ਉਹ ਵਿਰੋਧ ਕਰਦਾ ਹੈ। ਲੁੱਟ-ਖਸੁੱਟ ਅਧਾਰਿਤ ਵਿਵਸਥਾ ਨੂੰ ਉਹ ਮੁੱਢੋਂ ਬਦਲਣਾ ਚਾਹੁੰਦਾ ਹੈ ਤੇ ਉਸ ਬਦਲ ਦੇ ਉਹ ਸੁਫਨੇ ਬੁਣਦਾ ਹੈ, ਸੁਫ਼ਨੇ ਘੜਦਾ ਹੈ।

- ਮਰ ਜਾਣ ਉਹ ਚੰਦਰੀਆਂ ਮਾਵਾਂ, ਜੀਹਨੇ ਸਾਮਰਾਜ ਜੰਮਿਆਂ।
  ਹਾਲ ਨੀ ! ਹੱਕ ਸੱਚ ਇਨਸਾਫ਼ ਦਾ ਪਾਇਆ ਕਾਲ ਨੀ।

- ਗੱਲ ਰੋਟੀਆਂ ਦੀ ਜਦੋਂ ਵੀ ਚਲਾਈਏ, ਖਾਣ ਨੂੰ ਬਰੂਦ ਮਿਲਦਾ।
  ਵੀਰਨੇ ! ਤਾਹੀਓਂ ਅੱਜ ਸਾਮਰਾਜ ਦੇ ਪੈਂਦੇ ਕੀਰਨੇ।

- ਸਾਡੇ ਭਾਅ ਦੀ ਹਰ ਵੇਲੇ ਲੱਗੀ ਰਹਿੰਦੀ ਲਾਮ ਹੈ,
  ਐਵੇਂ ਸਰਹੱਦਾਂ ਦਾ ਤਾਂ ਨਾਂ ਹੀ ਬਦਨਾਮ ਹੈ।
  ਸਮੇਂ ਦਾ ਕਸਾਈ ਪੁੱਠੀ ਛੁਰੀ ਨਾਲ ਕੋਹੇ,
  ਨਾਲੇ ਫੇਰ ਵੀ ਨਾ ਪਾਉਣ ਦੇਵੇ ਡੰਡ ਵੇ।
  ਜਿੰਦ ਸੋਹਣੀ ਤੇ ਸੁਲੱਖਣੀ।

- ਜੇ ਰੋਟੀ ਦੀ ਅੱਗ ਚਾਹੀਦੀ ਤਾਂ ਫਿਰ ਸਾਂਭ ਬਰੂਦ ਨਾਂ ਰੱਖੀ।
  ਜੇ ਕੁਝ ਮੁੜ੍ਹਕੇ ਦਾ ਮੋਹ ਹੈਗਾ ਤਾਂ ਫਿਰ ਨੱਪ ਖਰੂਦ ਨਾ ਰੱਖੀ।
  ਤੂੰ ਐਟਮ ਦੀ ਧੂੜ ਵਿਚਾਲੇ ਸੁੱਟ ਚਾਨਣ ਦੀ ਮੁੱਠ ਵੇ।

ਹੱਕ ਸੱਚ ਦੀ ਜੰਗ ਵਿਚ ਸ਼ਹੀਦ ਹੋ ਗਏ ਸੰਗਰਾਮੀ ਸਾਥੀਆਂ ਪ੍ਰਤੀ ਉਸਦਾ ਦਿਲ ਸੁਹਿਰਦਤਾ ਤੇ ਸ਼ਰਧਾ ਨਾਲ ਭਰਿਆ ਪਿਆ ਹੈ। ਉਹ ਉਨ੍ਹਾਂ ਨੂੰ ਆਪਣੇ ਕਈ ਗੀਤਾਂ ਵਿਚ ਯਾਦ ਕਰਦਾ ਹੈ ਤੇ ਉਨ੍ਹਾਂ ਦੇ ਅਧੂਰੇ ਸੁਫ਼ਨੇ ਪੂਰੇ ਕਰਨ ਲਈ ਮਿਹਨਤਕਸ਼ ਲੋਕਾਂ ਨੂੰ ਉਭਾਰਦਾ ਹੈ। ਉਹ ਕਾਤਿਲਾਂ ਨੂੰ ਵੰਗਾਰਦਾ ਵੀ ਹੈ :-

ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ
ਕਿ ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ
ਬਦਲੇ ਲਏ ਤੋਂ ਵੀ ਜਿਹੜੀ ਟੁੱਟਣੀ ਨਾ,
ਏਡੀ ਲੰਬੀ ਏ ਸਾਡੀ ਕਤਾਰ ਬਾਪੂ।



ਉਹ ਬਹੁਤ ਹੀ ਦਰਦ ਭਰੀ ਆਵਾਜ਼ ਵਿਚ ਕਹਿੰਦਾ ਹੈ :-

ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ
ਖ਼ੈਰ ਸੁੱਖ ਦਾ ਸੁਨੇਹੜਾ ਲਿਆ।

ਉਦਾਸੀ ਦੀ ਕਵਿਤਾ ਕੁਆਰੀਆਂ ਕੁੜੀਆਂ ਦੀਆਂ ਸੱਧਰਾਂ ਬਾਰੇ ਵੀ ਸੁਚੇਤ ਹੈ। ਗਰੀਬ ਮਾਪਿਆਂ ਦੀਆਂ ਸਮੱਸਿਆਵਾਂ, ਜਵਾਨ ਕੁੜੀਆਂ ਦੇ ਵਿਆਹ ਦੀ ਸਮੱਸਿਆ ਦੇ ਕਾਰਨਾਂ ਤੋਂ ਉਤਪੰਨ ਉਨ੍ਹਾਂ ਦੇ ਫ਼ਿਕਰ ਤੇ ਧੀਆਂ ਦੇ ਅਰਮਾਨਾਂ ਨੂੰ ਉਸ ਨੇ ਧੁਰ ਅੰਦਰ ਵੜ ਕੇ ਦੇਖਿਆ ਹੈ।

ਹੱਸ ਹੱਸ ਤੋਰ ਦੇ ਤੂੰ ਡੋਲੀ ਮੇਰੇ ਬਾਬਲਾ ਵੇ
ਕਿਹੜੀ ਗੱਲੋਂ ਤੂੰ ਰਿਹਾਂ ਹੈਂ ਝੂਰ...

ਔਰਤਾਂ ਦੇ ਜਿਣਸੀ ਸ਼ੋਸ਼ਣ ਵਿਰੁੱਧ ਉਦਾਸੀ ਉੱਚੀ ਆਵਾਜ਼ ਬੁਲੰਦ ਕਰਦਾ ਹੈ। ਉਹ ਮਾਰਮਿਕ ਸੀਨਾਂ ਨੂੰ ਉਭਾਰਦਾ ਹੈ ਤੇ ਲੋਕਾਂ ਵਿਚ ਆਕ੍ਰੋਸ਼ ਪੈਦਾ ਕਰਦਾ ਹੈ।

ਰਾਠਾਂ ਦੀ ਹਵੇਲੀ ਵਿਚੋਂ ਖੁੱਸਿਆ ਸਰੀਰ ਲੈਕੇ
ਮੁੜੀ ਮੇਰੇ ਵੀਰ ਦੀ ਬਹੂ...।

ਸੰਤ ਰਾਮ ਉਦਾਸੀ ਅੰਧ ਵਿਸ਼ਵਾਸਾਂ ਵਿਰੁੱਧ ਵੀ ਇਕ ਜਹਾਦ ਛੇੜਦਾ ਹੈ। ਉਹ ਵਾਰ ਵਾਰ ਕਈ ਗੀਤਾਂ ਤੇ ਕਵਿਤਾਵਾਂ ਵਿਚ ਅੰਧ ਵਿਸ਼ਵਾਸੀ ਦਾ ਭੰਡਾ ਫੋੜਦਾ ਹੋਇਆ ਲੋਕਾਂ ਨੂੰ ਠੱਗਾਂ ਤੋਂ ਸਾਵਧਾਨ ਕਰਦਾ ਹੈ। ਇਸ ਬਾਰੇ ਉਹ ਆਪਣਾ ਨਜ਼ਰੀਆ ਵੀ ਪੇਸ਼ ਕਰਦਾ ਹੈ।

ਮੈਂ ਦੇਵੀ, ਦੇਵਤੇ ਤੇ ਮੜ੍ਹੀਆਂ ਨਾ ਪੂਜਾਂ।
ਵਤਨ ਦੇ ਪਿਆਰੇ ਸ਼ਹੀਦਾਂ ਨੂੰ ਪੂਜਾਂ।
ਜਿਨ੍ਹਾਂ ਦੇ ਆਸਰੇ ਇਹ ਦੁਨੀਆਂ ਖਲੋਤੀ।
ਮੈਂ ਕਿਰਤੀ ਕਿਸਾਨਾਂ ਗਰੀਬਾਂ ਨੂੰ ਪੂਜਾਂ।

ਮਜ਼ਦੂਰ ਵਰਗ ਦੇ ਸ਼ੋਸ਼ਣ ਨਾਲ ਤਾਂ ਉਸਦਾ ਦਿਲ ਵਲੂੰਧਰਿਆ ਪਿਆ ਸੀ:-

ਕਾਰਖਾਨਿਆਂ ਦੀਆਂ ਕਾਲੀਆਂ ਚਿਮਨੀਆਂ 'ਚੋਂ
ਸਾਡੇ ਵਲਵਲੇ ਨਿਕਲਦੇ ਧੂੰ ਬਣ ਕੇ

ਉਹ ਉਸ ਸਮੇਂ ਚਲ ਰਹੇ ਇਨਕਲਾਬੀ ਸੰਘਰਸ਼ ਦਾ ਇਕ ਸਿਪਾਹੇ-ਸਲਾਰ ਵੀ ਸੀ। ਇਸੇ ਕਰਕੇ ਉਸ ਨੂੰ ਹਾਕਮ-ਵਰਗਾਂ ਦੇ ਜਬਰ ਤੇ ਜ਼ਰਬ ਦਾ ਵੀ ਸ਼ਿਕਾਰ ਹੋਣਾ ਪਿਆ। ਉਸ ਨੇ ਤਸ਼ੱਦਦ ਝੱਲਿਆ ਪਰ ਲੋਕ-ਮੁਕਤੀ ਦੀ ਤਾਂਘ ਨਹੀਂ ਛੱਡੀ। ਇਸ ਲਈ ਉਹ ਵਾਰ-ਵਾਰ ਲੋਕ-ਮੁਕਤੀ ਦੇ ਰਸਤੇ ਬਾਰੇ ਗੀਤ ਲਿਖਦਾ ਰਿਹਾ, ਗਾਉਂਦਾ ਰਿਹਾ।

ਅਸੀਂ ਆਪਣੀਆਂ ਹੀ ਢਿੱਡਾਂ ਦੀ ਮੰਗ ਲੈ ਕੇ
ਨਿੱਤਰ ਆਏ ਹਾਂ ਏਕੇ ਦੀ ਲਾਮ ਉੱਤੇ।
ਜੇ ਰੋਟੀ ਦੀ ਅੱਗ ਚਾਹੀਦੀ ਤਾਂ ਫਿਰ ਸਾਂਭ ਬਾਰੂਦ ਨਾ ਰੱਖੀਂ
ਜੇ ਕੁਝ ਮੁੜ੍ਹਕੇ ਦਾ ਮੋਹ ਹੈਗਾ ਤਾਂ ਫਿਰ ਨੱਪ ਖਰੂਦ ਨਾ ਰੱਖੀਂ।
ਚੁੱਕੋ ਵੇ ਹਥੌੜਿਆਂ ਨੂੰ ਤੋੜੋ ਹਿੱਕ ਪੱਥਰਾਂ ਦੀ
ਅੱਜ ਸਾਨੂੰ ਲੋੜੀਂਦੇ ਹਥਿਆਰ...

ਉਸਦੇ ਅਨੇਕ ਗੀਤ ਸਿੱਧੇ ਵਰਗ ਸੰਘਰਸ਼ ਲਈ ਲਲਕਾਰਦੇ ਹਨ ਤੇ ਸੱਤਾ ਵਿਰੁੱਧ ਇਕ ਲੰਬੇ ਯੁੱਧ ਦਾ ਐਲਾਨ ਕਰਦੇ ਹਨ। ਸੰਤ ਰਾਮ ਉਦਾਸੀ ਅੱਜ ਸਾਡੇ ਵਿਚ ਨਹੀਂ ਰਿਹਾ। ਪਰ ਉਸਦੇ ਗੀਤ ਸਾਡੇ ਦਿਲਾਂ ਵਿਚ ਗੂੰਜਦੇ ਰਹਿਣਗੇ।

ਸੰਤ ਰਾਮ ਉਦਾਸੀ ਇਨਕਲਾਬੀ ਸੀ ਤੇ ਉਸਦੀ ਸ਼ਾਇਰੀ ਦਾ ਇਨਕਲਾਬੀ ਪੱਖ ਹੀ ਪ੍ਰਮੁੱਖ ਪੱਖ ਸੀ। ਇਸੇ ਕਰਕੇ ਉਹ ਅਮਰ ਹੈ। ਆਓ ਉਸਦੀ ਇਸ ਅੰਤਿਮ ਇੱਛਾ ਨੂੰ ਪੂਰਾ ਕਰਨ ਲਈ ਆਪਣਾ-ਆਪ ਅਰਪਿਤ ਕਰ ਦਈਏ :-

ਮੁੜ ਕੇ ਹਥਿਆਰ ਉਛਾਲੋ ਕਿ ਮੈਂ ਵੇਖ ਸਕਾਂ
ਲੰਬੇ ਪੈਂਡੇ ਤੁਰਦਿਆਂ ਮੁੜ ਕੇ ਨਾ ਕੋਈ ਹੋਸ਼ ਰਹੇ।

•



## ਉਦਾਸੀ ਤੇ ਉਸ ਦੀ ਕਵਿਤਾ

ਲੋਕਾਂ ਦੇ ਮਹਿਬੂਬ ਕਵੀ ਸੰਤ ਰਾਮ ਉਦਾਸੀ ਨੂੰ ਸਰੀਰਕ ਰੂਪ 'ਚ ਵਿਛੜਿਆਂ ਲਗਪਗ 27 ਸਾਲ ਦਾ ਸਮਾਂ ਹੋ ਚੁੱਕਾ ਹੈ। 'ਸੰਤ ਰਾਮ ਉਦਾਸੀ-ਜੀਵਨ ਤੇ ਸਮੁੱਚੀ ਰਚਨਾ' ਪੁਸਤਕ ਛਪਣ ਤੋਂ ਬਾਅਦ ਉਦਾਸੀ ਅਤੇ ਉਸ ਦੀ ਕਵਿਤਾ ਦੀ ਸਾਹਿਤਕ ਖੇਤਰ ਅੰਦਰ ਪਿਛਲੇ ਕੁਝ ਵਰ੍ਹਿਆਂ ਤੋਂ ਚਰਚਾ ਅਤੇ ਵਾਦ-ਵਿਵਾਦ ਛਿੜਿਆ ਹੋਇਆ ਹੈ। ਮੌਤ ਤੋਂ ਕੁਝ ਵਰ੍ਹੇ ਪਹਿਲਾਂ ਉਦਾਸੀ ਦੀ ਮਾਨਸਿਕ ਹਾਲਤ ਇਸ ਕਦਰ ਖ਼ਰਾਬ ਹੋ ਚੁੱਕੀ ਸੀ ਕਿ ਡਾ. ਬਲਕਾਰ ਸਿੰਘ ਦੇ ਲੇਖ 'ਤੁਮ ਸੋ ਗਏ ਦਾਸਤਾਂ ਕਹਿਤੇ ਕਹਿਤੇ' ਨੂੰ ਪੜ੍ਹਦਿਆਂ ਰੋਣਾ ਆਉਂਦਾ ਹੈ ਕਿ ਕਿਵੇਂ ਇਕ ਸੰਵੇਦਨਸ਼ੀਲ ਸ਼ਾਇਰ ਤੇ ਇਨਸਾਨ ਮੌਤ ਦੇ ਗਲੇ ਜਾ ਲਗਦਾ ਹੈ।

ਸਮੇਂ ਦੀ ਗ਼ਰਦਸ਼ ਅੰਦਰ ਨਕਸਲਬਾੜੀ ਲਹਿਰ ਨੂੰ ਲੱਗੀ ਸੈਟ ਬੈਕ ਕਾਰਨ 'ਉਦਾਸੀ' ਜਾਂ ਉਸ ਵਰਗੇ ਹੋਰ ਸੰਵੇਦਨਸ਼ੀਲ ਸ਼ਾਇਰ ਜੋ ਚੇਤਨ ਤੌਰ 'ਤੇ ਇਸ ਲਹਿਰ ਨੂੰ ਸਮਰਪਿਤ ਸਨ, ਲਹਿਰ ਨੂੰ ਪਏ ਘਾਟੇ ਨਾਲ ਮਾਨਸਿਕ ਤੌਰ 'ਤੇ ਹਲੂਣੇ ਗਏ। ਮਨੁੱਖੀ ਸੁਭਾਅ ਦਾ ਇਹ ਖ਼ਾਸਾ ਹੈ ਕਿ ਅਸੀਂ ਹਮੇਸ਼ਾ ਹੀ ਉਦਾਸੀ ਜਿਹੇ ਮਨੁੱਖ ਨੂੰ ਪੂਰਾ ਸੂਰਾ ਵੇਖਣਾ ਚਾਹੁੰਦੇ ਹਾਂ। ਜ਼ਰਾ ਜਿੰਨਾ ਵੀ ਊਣਾ ਹੋਇਆ ਤਾਂ ਹਾਲ ਪਾਰਿਆ ਹੋਣ ਲੱਗਦੀ ਹੈ। ਲੇਕਿਨ ਅਸੀਂ ਇਹ ਕਦੇ ਵੀ ਜਾਨਣ ਦੀ ਜ਼ਹਿਮਤ ਨਹੀਂ ਕਰਦੇ ਕਿ ਸੰਵੇਦਨਸ਼ੀਲ ਮਨੁੱਖ 'ਚ ਊਣਤਾਈ ਆਈ ਕਿਵੇਂ ਅਤੇ ਉਸ ਦੇ ਕੀ ਕਾਰਨ ਸਨ। ਉਦਾਸੀ ਦਾ ਵਜੂਦ ਅਤੇ ਮਨ ਘਰੇਲੂ ਅਤੇ ਦੁਨਿਆਵੀਂ ਦੁਸ਼ਵਾਰੀਆਂ ਨੇ ਝੰਬ ਸੁੱਟਿਆ ਸੀ ਤੇ ਮੁੜ ਕੇ ਫਿਰ ਬਹਾਰ ਨਾ ਆਈ, ਅੰਤ ਸੁੱਕ ਕੇ ਡੰਡੀਓਂ ਟੁੱਟ ਗਿਆ।

ਲੋਕ ਕਵੀ 'ਉਦਾਸੀ' ਨੂੰ ਉਸ ਦੀ ਮੌਤ ਤੋਂ ਬਾਅਦ ਅਕਾਦਮਿਕ ਹਲਕਿਆਂ ਵਿਚ ਅਣਗੌਲਿਆ ਕੀਤਾ ਗਿਆ ਅਤੇ ਬਿਜਾਏ ਇਸ ਦੇ ਕਿ ਉਸ ਦੀ ਰਚਨਾ ਦਾ ਸਾਹਿਤਕ ਖੇਤਰ ਅੰਦਰ ਮੁਲਾਂਕਣ ਕੀਤਾ ਜਾਂਦਾ। ਇਥੋਂ ਤੱਕ ਉਦਾਸੀ ਦੀ ਜ਼ਿੰਦਗੀ ਦੇ ਅਖ਼ੀਰਲੇ ਦਹਾਕੇ ਨਾਲ ਜੁੜੀਆਂ ਘਟਨਾਵਾਂ (ਲਾਲ ਕਿਲੇ ਤੋਂ ਬੋਲਣਾ ਅਤੇ ਸਿੱਕਿਆਂ ਨਾਲ ਤੋਲੇ ਜਾਣਾ) ਕਾਰਨ ਉਸ ਦੀ ਮੌਤ ਬਾਅਦ ਸਾਹਿਤਕ ਖੇਤਰ ਅਤੇ ਇਥੋਂ ਤੱਕ ਕਿ ਇੱਕਾ-ਦੁੱਕਾ ਇਨਕਲਾਬੀ ਖੱਬੀਆਂ ਜਥੇਬੰਦੀਆਂ ਨੇ ਸਾਜਿਸ਼ੀ ਚੁੱਪ ਧਾਰਨ ਕਰ ਲਈ। ਇਸ ਤੋਂ ਸਾਡੇ ਸਾਹਿਤਕ ਅਤੇ ਸਿਆਸੀ ਚੌਧਰੀਆਂ ਦੀ ਵਿਚਾਰਧਾਰਾ ਦੇ ਤੁਅੱਸਬ ਅਤੇ ਆਲੋਚਨਾ ਦੇ ਪੱਧਰ ਦੇ ਮਿਆਰ ਦਾ ਪਤਾ ਚਲਦਾ ਹੈ। ਇਹ ਤਾਂ ਸਤਿਕਾਰਯੋਗ

ਭਾਅਜੀ ਗੁਰਸ਼ਰਨ ਸਿੰਘ ਜੀ ਨੇ ਆਪਣੇ ਯਤਨਾਂ ਸਦਕਾ ਸ੍ਰੀ ਰਾਜਿੰਦਰ ਰਾਹੀ ਤੋਂ 'ਸੰਤ ਰਾਮ ਉਦਾਸੀ-ਜੀਵਨ ਅਤੇ ਸਮੁੱਚੀ ਰਚਨਾ' ਦੀ ਸੰਪਾਦਨਾ ਕਰਵਾ ਕੇ ਇਸ ਚੁੱਪ ਨੂੰ ਤੋੜਿਆ ਹੀ ਨਹੀਂ, ਬਲਕਿ ਇਸ ਨੂੰ ਸਾਹਿਤਕ ਖੇਤਰ ਅਤੇ ਲੋਕ ਚਰਚਾ ਦਾ ਹਿੱਸਾ ਬਣਾਇਆ।

ਉਦਾਸੀ ਦਾ ਜੀਵਨ ਕਿਹੋ ਜਿਹਾ ਸੀ ਅਤੇ ਉਸ ਨੂੰ ਜਿਉਂਦੇ ਜੀ ਕਿਹੜੀਆਂ ਬੇਹੁਰਮਤੀਆਂ ਅਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ, ਇਹ ਸਾਨੂੰ ਉਸ ਦੇ ਜੀਵਨ ਕਾਲ ਨੂੰ ਘੋਖਿਆਂ ਹੀ ਪਤਾ ਲੱਗ ਸਕਦਾ ਹੈ। ਜੋ ਰਚਨਾ ਜਾਂ ਕਵਿਤਾ ਦੇ ਰਚਨਹਾਰੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹੋਣ ਉਨ੍ਹਾਂ ਦਾ ਆਖ਼ਰੀ ਸੱਚ ਉਨ੍ਹਾਂ ਦੀ ਰਚਨਾ ਹੀ ਹੁੰਦੀ ਹੈ ਅਤੇ ਉਹ ਜਿਸ ਤਰ੍ਹਾਂ ਦੇ ਵੀ ਹੋਣ ਆਪਣੀ ਰਚਨਾ ਦੇ ਰੂਪ ਵਿਚ ਜਿਉਂਦੇ ਹੁੰਦੇ ਹਨ। 'ਉਦਾਸੀ' ਦੇ ਦੁਸ਼ਵਾਰੀਆਂ ਭਰੇ ਜੀਵਨ ਦੇ ਅਖ਼ੀਰਲੇ ਵਰ੍ਹਿਆਂ ਦੇ ਘਰੇਲੂ, ਸਮਾਜਿਕ ਹਲਾਤਾਂ ਅਤੇ ਉਸ ਦੀਆਂ ਸਮਕਾਲੀ ਪ੍ਰਸਥਿਤੀਆਂ ਦਾ ਵਿਸ਼ਲੇਸ਼ਣ ਕੀਤੇ ਤੋਂ ਬਗ਼ੈਰ ਉਸਦੀ ਬੇਵਕਤੀ ਮੌਤ ਦੇ ਕਾਰਨਾਂ ਦੀ ਥਾਹ ਨਹੀਂ ਪਾਈ ਜਾ ਸਕਦੀ। ਹਾਲਾਂਕਿ ਉਸ ਵਿਚ ਅਥਾਹ ਰਚਨਾਤਮਿਕ ਸੰਭਾਵਨਾਵਾਂ ਮੌਜੂਦ ਸਨ। ਵਿਸ਼ੇਸ਼ ਕਰਕੇ ਉਦਾਸੀ ਵਰਗੇ ਸੰਵੇਦਨਸ਼ੀਲ ਕਵੀ ਦੀ ਜਿਹੜਾ ਕਵਿਤਾ ਨੂੰ ਜ਼ਿੰਦਗੀ ਦਾ ਅਮਲ ਬਣਾ ਕੇ ਕਿਰਤੀ ਲੋਕਾਂ ਤੋਂ ਜਾਨ ਨਿਸ਼ਾਵਰ ਕਰ ਗਿਆ ਹੋਵੇ। ਸਮੁੱਚੇ ਕਿਰਤੀ ਲੋਕਾਂ ਨੂੰ ਉਦਾਸੀ ਵਰਗੇ ਸੰਵੇਦਨਸ਼ੀਲ ਕਵੀ ਦੀ ਅੱਜ ਕਿਸੇ ਵੀ ਪਹਿਲੇ ਸਮੇਂ ਤੋਂ ਵੱਧ ਜ਼ਰੂਰਤ ਹੈ, ਜੋ ਸਮਾਜਿਕ ਮਨੁੱਖ ਅਸਲੀਅਤ ਦੇ ਅਕਸ ਨੂੰ ਕਵਿਤਾ ਦੇ ਰੂਪ 'ਚ ਲੋਕ ਚੇਤਨਾ ਦਾ ਹਿੱਸਾ ਬਣਾ ਸਕੇ।

ਇਹ ਕੋਈ ਲੁਕੀ ਛੁਪੀ ਗੱਲ ਨਹੀਂ ਕਿ ਹਕੂਮਤਾਂ ਤੋਂ ਨਾਬਰ ਅਤੇ ਲੋਕ ਹਿੱਤਾਂ ਦੇ ਹੱਕਾਂ 'ਚ ਖਲੋਣ ਵਾਲਿਆਂ ਦਾ ਕੀ ਹਸ਼ਰ ਹੁੰਦਾ ਹੈ। ਉਦਾਸੀ ਦਾ ਜਦੋ-ਜਹਿਦ ਵਾਲਾ ਜੀਵਨ ਅਤੇ ਉਸ ਦੀ ਕਵਿਤਾ ਉਸ ਦੇ ਸਮਕਾਲੀ ਅਤੇ ਅੱਜ ਦੇ ਕਵੀਆਂ ਅਤੇ ਲੇਖਕਾਂ ਨੂੰ ਚਿੰਨ੍ਹਾਤਮਿਕ ਰੂਪ 'ਚ ਵੰਗਾਰ ਹੈ ਕਿ ਉਹ ਸਮਾਜ ਦੇ ਕਿਸ ਵਰਗ ਦੀ ਨੁਮਾਇੰਦਗੀ ਆਪਣੀ ਰਚਨਾ ਅਤੇ ਅਮਲੀ ਜੀਵਨ 'ਚ ਨਿਭਾਉਂਦੇ ਹਨ। ਉਦਾਸੀ ਦੀ ਲੋਕ ਵੇਦਨਾ ਨੂੰ ਵਿਅਕਤ ਕਰਨ ਵਾਲੀ ਕਵਿਤਾ ਉਸ ਨੂੰ ਉਨ੍ਹਾਂ ਸੰਸਾਰ ਸਾਹਿਤ ਦੇ ਲੇਖਕਾਂ 'ਚ ਸ਼ਾਮਿਲ ਕਰਦੀ ਹੈ ਜਿਨ੍ਹਾਂ ਨੇ ਆਪਣੀਆਂ ਲਿਖਤਾਂ ਦੇ ਜ਼ਰੀਏ ਅਤੇ ਅਮਲੀ ਰੂਪ 'ਚ ਮਿਹਨਤਕਸ਼ਾਂ ਲਈ ਸਮਾਜਿਕ ਤਬਦੀਲੀ ਲਿਆਉਣ ਲਈ ਸੰਘਰਸ਼ ਕੀਤਾ। ਉਦਾਸੀ ਨੇ ਘੋਰ ਸਮਾਜਿਕ ਦੁਸ਼ਵਾਰੀਆਂ ਅਤੇ ਛੂਤ-ਛਾਤ ਦੇ ਕੌੜੇ ਅਨੁਭਵ ਨੂੰ ਇਤਿਹਾਸਕ ਵਿਰਸੇ ਅਤੇ ਮਾਰਕਸੀ ਸਿਧਾਂਤ ਦੀ ਪੁੱਠ ਦੇ ਕੇ ਕਵਿਤਾ ਦੀ ਰਚਨਾ ਕੀਤੀ। ਉਦਾਸੀ ਦੀ ਕਵਿਤਾ ਦੀ ਹੀ ਇਹ ਵਡਿਆਈ ਹੈ ਕਿ ਸਮਾਜ ਦੇ ਕੰਮੀਆਂ ਕਿਰਤੀਆਂ ਦੀ ਉਹ ਆਵਾਜ਼ ਬਣੀ ਹੈ ਜਿਸ ਨੂੰ ਪਹਿਲਾਂ ਕਦੇ ਜ਼ੁਬਾਨ ਨਹੀਂ ਮਿਲੀ ਸੀ। ਜਿਹੜੀ ਉਦਾਸੀ ਦੀ ਕਵਿਤਾ ਦੇ ਰੂਪ 'ਚ ਇਸ ਤਰ੍ਹਾਂ ਪ੍ਰਗਟ ਹੋਈ।



*ਮੱਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ,*
*ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ।*

ਸਾਨੂੰ ਨਹੀਂ ਲੱਗਦਾ ਕਿ ਉਦਾਸੀ ਦੀ ਇਨਕਲਾਬੀ ਕਵਿਤਾ ਜਾਂ ਮਜ਼ਦੂਰ ਤੇ ਲੋਕ ਪੱਖੀ ਕਵਿਤਾ ਨੂੰ ਸਿਫ਼ਾਰਸ਼ੀ ਫ਼ਿਕਰਿਆਂ ਦੇ ਬੋਝ ਦੀ ਜ਼ਰੂਰਤ ਹੈ। ਜੇਕਰ ਕਵਿਤਾ ਕਲਪਨਾ ਦੇ ਅਕਾਸ਼ 'ਚ ਉਡਾਰੀਆਂ ਮਾਰਨ ਅਤੇ ਮਾਨਸਿਕ ਅਯਾਸ਼ੀ ਲਈ ਲਿਖੀ ਗਈ ਹੈ ਤਾਂ ਇਸ ਦਾ ਲੋਕਾਂ ਨਾਲ ਦੂਰ ਦਾ ਵੀ ਕੋਈ ਵਾਸਤਾ ਨਹੀਂ ਹੁੰਦਾ। ਲੋਕ ਗੀਤ ਇਸ ਕਰਕੇ ਲੋਕ ਗੀਤ ਹਨ ਕਿਉਂਕਿ ਉਹ ਲੋਕਾਂ ਦੇ ਸਭਿਆਚਾਰ ਦੀ ਭੋਏਂ 'ਚੋਂ ਉੱਗਦੇ ਹਨ। ਉਨ੍ਹਾਂ 'ਚ ਲੋਕਾਂ ਦੇ ਰੋਜ਼ਾਨਾ ਜੀਵਨ ਸ਼ੈਲੀ ਦਾ ਮੁਹਾਵਰਾ ਹੁੰਦਾ ਹੈ। ਸਦੀਆਂ ਪਹਿਲਾਂ ਗੁਰੂ ਰਵਿਦਾਸ, ਗੁਰੂ ਨਾਨਕ ਅਤੇ ਸੰਤ ਕਬੀਰ ਜਾਂ ਉਨ੍ਹਾਂ ਦੇ ਕਾਰਬਾਂ (ਕਤਾਰ) ਦੇ ਹੋਰ ਲੋਕ ਨਾਇਕ (ਗੁਰੂ ਸਾਹਿਬਾਨ) ਸਾਥੀਆਂ ਨੇ ਲੋਕ ਪੱਖੀ ਅਤੇ ਹਕੂਮਤ ਤੋਂ ਨਾਬਰੀ ਵਾਲੀ ਕਵਿਤਾ ਦੀ ਰਚਨਾ ਕੀਤੀ ਅਤੇ ਉਸ ਦੀ ਕੀਮਤ ਵੀ ਤੱਤੀ ਤਵੀਆਂ ਤੇ ਹੋਰ ਅਨੇਕਾਂ ਅਣਮਨੁੱਖੀ ਸਰੀਰਕ ਮਾਨਸਿਕ ਤਸੀਹੇ ਸਹਿ ਕੇ ਅਦਾ ਕੀਤੀ।

ਇਸ ਨਾਬਰੀ ਵਾਲੀ ਧਾਰਮਿਕ ਤੇ ਸਮਾਜਿਕ ਗੁਰਬਾਣੀ ਦੇ ਰਚੇਤਿਆਂ ਨੇ ਇਸ ਕਵਿਤਾ ਨੂੰ ਅਮਲ 'ਚ ਵੀ ਨਿਭਾਇਆ ਅਤੇ ਇਹੀ ਅਮਲ ਮੁੜਦੇ ਪੈਰੀਂ ਸਿਧਾਂਤ ਦਾ ਰੂਪ ਹੋ ਗਿਆ। ਜੇਕਰ ਕਵਿਤਾ ਦਾ ਪੱਧਰ ਲੋਕਾਂ ਦੀ ਮਾਨਸਿਕਤਾ ਦੇ ਅਨੁਕੂਲ ਹੈ ਅਤੇ ਲੋਕ ਬੋਲੀ ਵਿਚ ਹੈ ਤਾਂ ਇਹ ਕਵਿਤਾ ਲੋਕ ਚੇਤਿਆਂ 'ਚ ਗੂੰਜਦੀ ਹੈ। ਦੂਜਾ ਇਹ ਮਹਿਸੂਸ ਹੁੰਦਾ ਹੈ ਰਾਗ ਕਵਿਤਾ ਦਾ ਅਟੁੱਟ ਹਿੱਸਾ ਹੈ ਕਿਉਂਕਿ ਰਾਗ ਮਾਨਸਿਕ ਵੇਦਨਾ ਨੂੰ ਵਿਅਕਤ ਕਰਨ ਦਾ ਸਾਧਨ ਹੈ। ਕਿਉਂਕਿ ਕਵਿਤਾ ਸਾਹਿਤ ਦੀ ਸੁੰਦਰ ਅਤੇ ਮਨੋਰੰਜਕ ਵਿਧਾ ਹੈ ਤੇ ਇਸ ਵਿਧਾ ਨੂੰ ਮਾਨਸਿਕ ਵੇਦਨਾ ਨਾਲ ਜੋੜਨ ਦਾ ਰਾਗ ਸਾਧਨ ਹੈ। ਏਸੇ ਕਰਕੇ ਗੁਰਬਾਣੀ ਦਾ ਸਿੱਧਾ ਰਿਸ਼ਤਾ ਲੋਕ ਮਾਨਸਿਕਤਾ ਨਾਲ ਇਸ ਕਰਕੇ ਵੀ ਜੁੜਦਾ ਹੈ ਕਿਉਂਕਿ ਉਸ ਵਿਚ ਰਾਗ ਹੈ। ਸਧਾਰਣ ਅਤੇ ਅਨਪੜ੍ਹ ਲੋਕਾਂ ਦੀ ਜ਼ੁਬਾਨ ਤੇ ਗੁਰਬਾਣੀ ਦਾ ਮੁਹਾਵਰਾ ਹੈ।

ਇਸੇ ਤਰ੍ਹਾਂ ਉਦਾਸੀ ਦੀ ਕਵਿਤਾ 'ਚ ਉਹ ਸਾਰੇ ਰੰਗ ਹਨ ਜਿਹੜੇ ਲੋਕ ਕਵੀ ਦੀ ਕਵਿਤਾ 'ਚ ਹੋਣੇ ਚਾਹੀਦੇ ਹਨ। ਜਿਹੜੀ ਕਵਿਤਾ ਰਾਗਬੱਧ ਹੋ ਸਕਦੀ ਹੈ ਜਾਂ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ, ਜਿਸ ਕਵਿਤਾ ਦਾ ਰਾਗ ਹਿੱਸਾ ਹੈ, ਉਹ ਅਮਰ ਕਵਿਤਾ ਹੈ। ਕਵਿਤਾ ਵਿਚ ਪੇਸ਼ ਕੀਤਾ ਸਿਧਾਂਤ ਜੇਕਰ ਸਮਾਜਿਕ ਮਨੁੱਖੀ ਅਸਲੀਅਤ ਨੂੰ ਨਹੀਂ ਉਘਾੜਦਾ (ਅਕਸਦਾ) ਤਾਂ ਇਹ ਸ਼ਾਹਕਾਰ ਕਵਿਤਾ ਨਹੀਂ ਹੋ ਸਕਦੀ। ਦਿਮਾਗ਼ੀ ਖ਼ਿਆਲਾਂ ਦਾ ਪਲਾਉ ਪਕਾਉਣ ਨਾਲ ਜਾਂ ਇਸ ਨੂੰ ਸ਼ਬਦਾਂ ਦਾ ਲਿਬਾਸ ਪਹਿਨਾ ਦੇਣ ਨਾਲ ਸਾਹਿਤ ਨਹੀਂ ਬਣਦਾ। ਉਦਾਸੀ ਦੀ ਕਵਿਤਾ ਅੰਦਰ ਸਮਕਾਲੀ ਮਨੁੱਖੀ ਸਖ਼ਸ਼ੀਅਤ ਅਤੇ ਸਮਾਜਿਕ ਮਨੁੱਖੀ ਕਰਮ ਆਪਣੇ ਵਾਸਤਵਿਕ ਹਲਾਤਾਂ ਦੇ ਪ੍ਰਸੰਗ 'ਚ ਪੇਸ਼ ਹੁੰਦੇ ਹਨ।

ਜੇਕਰ ਕੋਈ ਇਹ ਸਮਝਦਾ ਹੈ ਕਿ ਉਦਾਸੀ ਦੀ ਕਵਿਤਾ ਨਕਸਲਬਾੜੀ ਲਹਿਰ

ਦੇ ਉਭਾਰ ਕਾਰਨ ਲਹਿਰ ਦੇ ਵਕਤੀ ਦੌਰ 'ਚ ਇਹ ਸਿਰਫ਼ ਲਹਿਰ ਨੂੰ ਜੁਝਾਰੂ ਹੁਲਾਰ ਦੇਣ ਲਈ ਹੀ ਲਿਖੀ ਗਈ ਸੀ ਤਾਂ ਇਹ ਤਰਕਹੀਣ ਅਨੁਭਵ ਹੋਵੇਗਾ। ਇਹ ਕਵਿਤਾ ਉਦੋਂ ਵੀ ਤੇ ਅੱਜ ਵੀ ਪੀੜਤ ਲੁਕਾਈ ਦੇ ਪੱਖ ਵਿਚ ਖੜ੍ਹੀ ਹੈ। ਸਮਾਜਿਕ ਚੇਤਨਾ ਦਾ ਰੂਪ ਸਥਿਰ ਨਹੀਂ ਹੁੰਦਾ ਅਤੇ ਕਵਿਤਾ ਦਾ ਸੱਚ ਖ਼ਿਆਲ ਵਿਚ ਹੁੰਦਾ ਹੈ ਜੇਕਰ ਉਹ ਸਮਾਜ ਦੀ ਸਚਾਈ ਨੂੰ ਪੇਸ਼ ਕਰਦਾ ਹੈ। ਵੇਖਣਾ ਇਹ ਹੈ ਕਿ ਖ਼ਿਆਲ ਕਵਿਤਾ ਦੇ ਜ਼ਰੀਏ ਸਮਾਜਿਕ ਮਨੁੱਖੀ ਅਸਲੀਅਤ ਨੂੰ ਪ੍ਰਗਟ ਜਾਂ ਵਿਅਕਤ ਕਰਦਾ ਹੈ। ਵਰਤਮਾਨ ਅੰਦਰ ਅਤੇ ਆਉਣ ਵਾਲੀਆਂ ਪੀੜ੍ਹੀਆਂ ਕਵਿਤਾ ਜਾਂ ਰਚਨਾ ਅੰਦਰ ਪ੍ਰਗਟ ਹੋਏ ਤਰਕ ਨੂੰ ਲਾਂਭੇ ਰੱਖ ਕੇ ਉਸ ਕਵਿਤਾ ਜਾਂ ਰਚਨਾ ਦੇ ਵਿਚ ਪ੍ਰਗਟ ਹੋਏ ਸਮਾਜਿਕ ਮਨੁੱਖੀ ਅਸਲੀਅਤ ਦੇ ਕਰਮ ਦੇ ਤਰਕ ਰਾਹੀਂ ਵਿਆਖਿਆ ਕਰਕੇ ਉਸ ਦਾ ਮੁਲਾਂਕਣ ਕਰ ਸਕਦੀਆਂ ਹਨ ਜਾਂ ਕਰ ਲੈਂਦੀਆਂ ਹਨ। ਪਰ ਸਾਡੇ ਬਹੁਤ ਸਾਰੇ ਕਵੀ ਅਤੇ ਲੇਖਕ ਆਪਣੀ ਰਚਨਾ ਵਿਚ ਭਾਰੇ ਅਤੇ ਲੋਕ ਬੋਲੀ ਦੀ ਰਹਿਤਲ ਤੋਂ ਓਪਰੇ ਸ਼ਬਦਾਂ ਦਾ ਪ੍ਰਯੋਗ ਕਰਕੇ ਲੋਕਾਂ ਅਤੇ ਪਾਠਕਾਂ 'ਤੇ ਆਪਣੀ ਪੰਡਤਾਈ ਦਾ ਪ੍ਰਭਾਵ ਪਾਉਣ ਹਿੱਤ ਲਿਖਦੇ ਹਨ। ਜੇਕਰ ਲੇਖਕ ਦੀ ਕਵਿਤਾ ਜਾਂ ਰਚਨਾ ਦੀ ਪਹੁੰਚ ਸਿਰਫ਼ ਸਮਾਜ ਦੇ ਖ਼ਾਸ ਉੱਚ ਵਰਗ ਤਕ ਹੀ ਸੀਮਤ ਹੈ ਜਾਂ ਉਨ੍ਹਾਂ ਦੇ ਹਿੱਤ ਨੂੰ ਹੀ ਮੁੱਖ ਰੱਖ ਕੇ ਲਿਖੀ ਗਈ ਹੈ ਤਾਂ ਉਹ ਸਮਾਜ ਦੀ ਸਧਾਰਣ ਬਹੁਗਿਣਤੀ ਦੀ ਤਰਜ਼ਮਾਨੀ ਨਹੀਂ ਕਰ ਸਕਦੀ। ਹਾਂ ਲਾਇਬ੍ਰੇਰੀਆਂ ਦਾ ਸ਼ਿੰਗਾਰ ਜ਼ਰੂਰ ਹੋ ਸਕਦੀ ਹੈ ਅਤੇ ਸਰਕਾਰੇ ਦਰਬਾਰੇ ਮਾਣ-ਸਨਮਾਨ ਦਿਵਾ ਸਕਦੀ ਹੈ। ਏਸੇ ਕਰਕੇ 'ਗੁਰਬਾਣੀ' ਦੀ ਵਿਆਖਿਆ ਉਚ ਸਿਖਿਅਕ ਅਦਾਰਿਆਂ ਦੇ ਮਹੰਤਾਂ ਅਤੇ ਸਿੱਖ ਪੁਜਾਰੀ ਉਪਰਲੇ ਵਰਗ ਸਮਾਜ ਦੇ ਲੋਟੂ ਵਰਗ ਅਤੇ ਫਿਰਕਾਪ੍ਰਸਤੀ ਦੇ ਹਿੱਤ 'ਚ ਕਰਦੇ ਹਨ ਤਾਂ ਕਿ ਉਹ ਲੋਕਾਂ ਦੀ ਆਰਥਿਕ, ਸਮਾਜਿਕ ਅਤੇ ਧਾਰਮਿਕ ਲੁੱਟ ਕਰਕੇ ਆਪਣੇ ਹਿੱਤਾਂ ਨੂੰ ਸੁਰੱਖਿਅਤ ਕਰ ਸਕਣ।

ਸ੍ਰ. ਗੁਰਸ਼ਰਨ ਸਿੰਘ ਜੀ ਨੇ 'ਸੰਤ ਰਾਮ ਉਦਾਸੀ: ਜੀਵਨ ਤੇ ਰਚਨਾ' ਦੀ ਜਿਲਦ 'ਤੇ ਲੋਕ ਕਵੀ ਸੰਤ ਰਾਮ ਉਦਾਸੀ ਦੇ ਅਕਸ ਨੂੰ ਬਹੁਤ ਹੀ ਢੁੱਕਵੇਂ ਸ਼ਬਦਾਂ 'ਚ ਚਿਤਰਿਆ ਹੈ। ਉਨ੍ਹਾਂ ਦੇ ਨਜ਼ਰੀਏ ਅਨੁਸਾਰ 'ਉਦਾਸੀ ਪੰਜਾਬੀ ਦੀ ਇਨਕਲਾਬੀ ਸਰੋਦੀ ਕਵਿਤਾ ਦੀ ਸਿਖ਼ਰ ਦਾ ਨਾਂ ਹੈ। ਉਦਾਸੀ ਹੀ ਅਜਿਹਾ ਕਵੀ ਹੈ ਜਿਸ ਨੇ ਗੁਰੂ ਨਾਨਕ ਤੋਂ ਬਾਅਦ ਜਿਸ ਨੇ ਉਸ ਦੀ ਰਵਾਇਤ 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਨੂੰ ਕਾਇਮ ਰੱਖਦਿਆਂ ਸਮੇਂ ਦੇ ਹਾਕਮਾਂ ਨੂੰ ਹੱਕ ਸੱਚ ਦੀ ਆਵਾਜ਼ ਨਾਲ ਸਪੱਸ਼ਟ ਸ਼ਬਦਾਂ ਵਿਚ ਲਲਕਾਰਿਆ।' ਇਸ ਨੂੰ ਪੜ੍ਹ ਕੇ ਹੋ ਸਕਦਾ ਕੋਈ ਤੰਗ ਨਜ਼ਰੀਏ ਅਤੇ ਤੁੱਅਸਬ (ਕੱਟੜਤਾ) ਦੇ ਕਾਰਨ ਸ਼ਾਇਦ ਇਹ ਸੋਚੇਗਾ ਕਿ 'ਉਦਾਸੀ' ਦੀ ਗੁਰੂ ਨਾਨਕ ਸਾਹਿਬ ਨਾਲ ਤੁਲਨਾ ਕੀਤੀ ਹੈ। ਅਸਲ ਵਿਚ ਉਪਰੋਕਤ ਸਤਰਾਂ ਦੀ ਵਿਆਖਿਆ ਇਹ ਹੈ ਕਿ 'ਉਦਾਸੀ' ਸਿਰਫ਼ ਇਨਕਲਾਬੀ ਕਵੀ ਹੀ ਨਹੀਂ ਸੀ ਸਗੋਂ ਪ੍ਰਤੀਬੱਧਤਾ ਨਾਲ ਜੁੜਿਆ ਹੋਇਆ ਬਾਬੇ ਨਾਨਕ ਵਾਂਗ ਲੋਕ ਲਹਿਰ ਦਾ ਸਿਪਾਹੀ ਵੀ ਸੀ। ਇਸ ਕਰਕੇ ਹੀ ਕਵਿਤਾ ਉਸ ਦੀ ਜ਼ਿੰਦਗੀ



ਦੇ ਅਮਲ ਦਾ ਅਤੇ ਸਮਾਜਿਕ ਮਨੁੱਖੀ ਅਸਲੀਅਤ ਦਾ ਅਕਸ ਹੈ। ਕਵਿਤਾ ਉਸ ਦੇ ਲਹੂ ਦੇ ਵੇਗ 'ਚੋਂ ਅੰਤਰ ਮਨ ਦੇ ਰਾਹੀਂ ਫੁੱਟਦੀ ਸੀ ਜਿਵੇਂ ਕੋਈ ਪਹਾੜੀ ਝਰਨਾ ਫੁੱਟਦਾ ਹੋਵੇ। ਜਦੋਂ ਉਹ ਕਵਿਤਾ ਨੂੰ ਗਾਉਂਦਾ ਸੀ ਤਾਂ ਕਵਿਤਾ ਉਸ ਦਾ ਹੀ ਰੂਪ ਹੋ ਜਾਂਦੀ ਸੀ। ਇਸ ਅਭੇਦ ਦਾ ਗੁੱਝਾ ਭੇਦ ਹੀ ਉਦਾਸੀ ਦੀ ਮਹਾਨਤਾ ਨੂੰ ਪ੍ਰਗਟ ਕਰਦਾ ਹੈ।

– *ਲੋਕ ਵੇਦਨਾ ਦੀ ਕਵਿਤਾ ਲੋਕਾਂ ਦੇ ਮੂੰਹ ਚੜ੍ਹ ਬੋਲਦੀ ਹੈ*
*ਉਨ੍ਹਾਂ ਦੇ ਦੁਖਾਂ ਦਰਦਾਂ ਨੂੰ ਸ਼ਬਦਾਂ ਛੰਦਾਂ 'ਚ ਤੋਲਦੀ ਹੈ।*

– *ਲੋਕ ਦੋਖੀਆਂ ਵਾਸਤੇ ਸਦਾ ਇਹ ਵੰਗਾਰ ਹੁੰਦੀ ਹੈ*
*ਇਹ ਲੋਕਾਂ ਦੇ ਮਨਾਂ ਦਾ ਆਸਰਾ ਤੇ ਸ਼ਿੰਗਾਰ ਹੁੰਦੀ ਹੈ।*

– *ਅਸੀਂ ਜੜ੍ਹ ਨਾ ਜ਼ੁਲਮ ਦੀ ਛੱਡਣੀ ਤੇ ਸਾਡੀ ਭਾਵੇਂ ਜੜ੍ਹ ਨਾ ਰਹੇ।*
*ਲੋਕ ਵੇ। ਅੱਗ ਵਿਚ ਜ਼ਿੰਦੜੀ ਨੂੰ ਦੇਣਾ ਝੋਕ ਵੇ।*
*ਮਰ ਜਾਣ ਉਹ ਚੰਦਰੀਆਂ ਮਾਵਾਂ, ਜੀਹਨੇ ਸਾਮਰਾਜ ਜੰਮਿਆ।*
*ਹਾਲ ਨੀ। ਹੱਕ ਸੱਚ ਇਨਸਾਫ਼ ਦਾ ਪਾਇਆ ਕਾਲ ਨੀ।*

***23 ਮਾਰਚ, 2014***

***ਪ੍ਰਕਾਸ਼ਕ***
***ਸੁਖਵਿੰਦਰ ਕੰਦੋਲਾ (ਪ੍ਰਧਾਨ)***
***ਸੰਤ ਰਾਮ ਉਦਾਸੀ ਯਾਦਗਾਰੀ ਕੌਮਾਂਤਰੀ ਟਰੱਸਟ***

•••